
ਸਚਦਾ ਨੰਦ ਸਰੂਪ ਧੰਨ ਧੰਨ ਹਜ਼ੂਰ
ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ

ਹਰੀ ਕਿਰਨਾਂ

ਸ. ਗੁਰਬਖ਼ਸ਼ ਸਿੰਘ ਰਹਿਪਾ



ਨੂਰੀ ਕਿਰਨਾਂ

ਨੂਰੀ ਕਿਰਨਾਂ

ਸ. ਗੁਰਬਖਸ਼ ਸਿੰਘ

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ। ਬਿਨਾ ਇਜ਼ਾਜਤ ਇਸ ਪੁਸਤਕ
ਦੀ ਛਪਾਈ ਕਰਨ ਵਾਲੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸੰਸਕਰਣ : 2018
ਸੰਪਰਕ : 01823-279124
ਪ੍ਰਕਾਸ਼ਕ : ਤਖ਼ਤ ਹਜ਼ੂਰ ਸ੍ਰੀ ਨਾਭ ਕੰਵਲ
ਰਾਜਾ ਸਾਹਿਬ ਜੀ (ਰਹਿਪਾ)

ਕੰਪਿਊਟਰ ਟਾਈਪਸੈਟਿੰਗ : ਵੈਕ ਕੰਪਿਊਟਰਜ਼, ਜਲੰਧਰ
ਫ਼ੋਨ : 98140-87063, 0181-2239181

ਛਾਪਕ : ਪੰਜ ਆਬ ਪ੍ਰਿੰਟਰਜ਼, ਜਲੰਧਰ

ਟਾਈਟਲ ਡਿਜਾਇਨ : ਵੈਕ ਕੰਪਿਊਟਰਜ਼, ਜਲੰਧਰ

ਫੋਟੋਗ੍ਰਾਫ਼ੀ : ਲੱਲ ਸਟੂਡੀਓ, ਸੋਨਾ ਜੀ ਸਟੂਡੀਓ

ਭੇਟਾ : ਰੁਪਏ 200/-

ਤੱਤਕਰਾ

- ਦੋਹਰਾ 11
- ਭੂਮਿਕਾ -ਸ. ਗੁਰਬਖਸ਼ ਸਿੰਘ 13
- ਇਸ਼ਟ ਦੇ ਧਨੀ – ਸ. ਗੁਰਬਖ਼ਸ ਸਿੰਘ ਜੀ -ਪਰਮਜੀਤ ਕੌਰ 15
- ਜੀਵਨ ਲੀਲ੍ਹਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ 19
- ਸਾਖੀ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਦੇ ਜਨਮ ਦੀ ਚੱਲੀ 20
- ਸਾਖੀ ਰਸੂਲਪੁਰ ਭੂਆ ਅੱਤਰੀ ਕੋਲ ਜਾਣ ਦੀ ਚੱਲੀ 24
- ਸਾਖੀ ਮੰਨਣਹਾਨੇ ਦੇ ਲੋਕਾਂ ਨਾਲ ਹੋਈ 27
- ਸਾਖੀ ਮੰਨਣਹਾਨੇ ਤੋਂ ਬੱਲੋਵਾਲ ਜਾਣ ਦੀ 28
- ਸਾਖੀ ਰਹਿਪੇ ਤੋਂ ਰੱਤੇ ਟਿੱਬੇ ਜਾਣ ਦੀ ਚੱਲੀ 31
- ਸਾਖੀ ਲੋਦੀਪੁਰ ਜਾਣ ਦੀ ਚੱਲੀ 32
- ਸਾਖੀ ਝਿਗੜੀਂ ਜਾਣ ਦੀ ਚੱਲੀ : ਬਾਬਾ ਜਵਾਹਰ ਸਿੰਘ ਦਾ ਮਿਲਾਪ 33
- ਜਮਾਤ ਦਾ ਹੋਰ ਪਿੰਡਾਂ ਵਿਚ ਜਾਣਾ 37
- ਅੱਗੇ ਸਾਖੀ ਈਸ਼ਰ ਸਿੰਘ ਦੇ ਵਾੜੇ ਵਿਚ ਜਾਣ ਦੀ ਚੱਲੀ 43
- ਬੈਂਤ 45
- ਅੱਗੇ ਸਾਖੀ ਲਾਲਾ ਹਮੀਰ ਚੰਦ ਜੀ ਦੀ ਚੱਲੀ 46
- ਸਾਖੀ ਬਾਬਾ ਜਵਾਹਰ ਸਿੰਘ ਜੀ ਦੀ 51
- ਸਾਖੀ ਕਰਮ ਸਿੰਘ ਬੱਬਰ ਦੇ ਖੂਹ ਦੇ ਪਾਣੀ ਦੀ 56
- ਸਾਖੀ ਸੁਰਮੁਖ ਸਿੰਘ ਨਾਲ ਹੋਈ 58
- ਅੱਗੇ ਸਾਖੀ ਝਿਗੜਾਂ ਤੋਂ ਰਹਿਪੇ ਆਉਣ ਦੀ 62
- ਅੱਗੇ ਸਾਖੀ ਹਾਕਮ ਸ਼ਾਹ ਨਾਲ ਗੋਸ਼ਟ ਦੀ ਹੋਈ 65
- ਸਾਖੀ ਸੰਤਾਂ ਨਾਲ ਹੋਈ 68
- ਸਾਖੀ ਬਾਬਾ ਜਵਾਹਰ ਸਿੰਘ ਜੀ ਨਾਲ ਪੁਨਰ-ਮਿਲਾਪ 72
- ਸਾਖੀ ਸਰਦਾਰ ਹਰਨਾਮ ਸਿੰਘ ਨਾਲ ਹੋਈ 75
- ਸਾਖੀ ਬਾਬਾ ਜਵਾਹਰ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਦੀ ਚੱਲੀ : ਗੁਰਮੁਖ ਮਾਇਆ ਵਿਚ ਉਦਾਸੀ 77

- ਬਾਣੀ 84
- ਸਾਖੀ ਭਗਤ ਮਾਨੇ ਨਾਲ ਹੋਈ 86
- ਬੈਂਤ 88
- ਸਾਖੀ ਸੰਤ ਭੂਰੀ ਵਾਲਿਆਂ ਨਾਲ ਹੋਈ 89
- ਸਾਖੀ ਵਤਨ ਸਿੰਘ ਪੁੱਤਰ ਬਖਸ਼ਿਸ਼ ਕਰਨ ਦੀ ਚੱਲੀ 92
- ਸਾਖੀ ਹਾਕਮ ਸ਼ਾਹਨੂੰ ਅੰਤਿਮ ਸਮੇਂ ਦਰਸ਼ਨ ਦੇਣ ਦੀ ਚੱਲੀ 95
- ਸਾਖੀ ਰਹਿਪੇ ਦੇ ਲੋਕਾਂ ਨਾਲ ਹੋਈ 97
- ਸਾਖੀ ਈਸ਼ਰ ਝੀਰ ਨਾਲ ਹੋਈ 100
- ਸਾਖੀ ਮਾਤਾ ਸਾਹਿਬ ਦੇਵੀ ਜੀ ਨੂੰ ਦਰਸ਼ਨ ਦੇਣ ਦੀ ਚੱਲੀ 101
- ਸਾਖੀ ਸਰਕੁਲਾ ਵਾਲੇ ਖੂਹ ਨੂੰ ਆਬਾਦ ਕਰਨ ਦੀ ਚੱਲੀ 103
- ਸਾਖੀ ਰਹਿਪੇ ਤਖਤ ਦੀ ਚੱਲੀ 104
- ਸਾਖੀ ਬਾਬਾ ਹਰੀ ਸਿੰਘ ਦਵਾਰਾ ਬਾਗ ਲਾਉਣ ਦੀ ਚੱਲੀ 107
- ਸਾਖੀ ਗੁਰਦੁਆਰਾ ਦੁੱਖ ਨਿਵਾਰਨ ਪਿੰਡ ਝਿਗੜਾਂ ਦੇ ਰਚਣ ਦੀ ਚੱਲੀ 110
- ਬੈਂਤ 111
- ਸਾਖੀ ਮਾਈ ਨੰਦੀ ਨਾਲ ਹੋਈ 119
- ਸਾਖੀ ਰਲੂ ਨੂੰ ਕੈਦ ਵਿਚੋਂ ਛੁਡਾਉਣ ਦੀ ਚੱਲੀ 120
- ਅੱਗੇ ਸਾਖੀ ਗੁਰਦੁਆਰਾ ਗੋਸਲਾ ਦੇ ਮੰਜੀ ਸਾਹਿਬ ਦੀ ਚੱਲੀ 124
- ਅੱਗੇ ਸਾਖੀ ਗੋਸਲਾਂ ਤੋਂ ਰਹਿਪੇ ਜਾਣ ਦੀ ਚੱਲੀ 127
- ਸਾਖੀ ਪਟਿਆਲੇ ਸਾਹਿਬ ਦਾਸ ਜੀ ਦੇ ਮਿਲਾਪ ਦੀ ਚੱਲੀ 129
- ਅੱਗੇ ਸਾਖੀ ਸੰਤ ਵੀਰਮ ਦਾਸ ਵੜੈਸੀ ਵਾਲੇ ਨਾਲ ਹੋਈ 133
- ਅੱਗੇ ਸਾਖੀ ਬਾਰ ਦੇਸ਼ ਦੀ ਚੱਲੀ 135
- ਅੱਗੇ ਸਾਖੀ ਝਿਗੜੀਂ ਜਾਣ ਦੀ ਚੱਲੀ 138
- ਅੱਗੇ ਸਾਖੀ ਸਾਹਿਬ ਦਿਆਲ ਦੇ ਉਦਾਰ ਦੀ ਚੱਲੀ 140
- ਅੱਗੇ ਸਾਖੀ ਹੋਰ ਚੱਲੀ 145
- ਅੱਗੇ ਸਾਖੀ ਸੁੱਜੋਂ ਦੀ ਚੱਲੀ 147
- ਸਾਖੀ ਵਰਿਆਮ ਸਿੰਘ ਨੂੰ ਜਮਾਂ ਤੋਂ ਛੁਡਾਉਣ ਦੀ ਚੱਲੀ 151
- ਅੱਗੇ ਸਾਖੀ ਲੜਾਈ ਦੀ ਚੱਲੀ 153

- ਬੈਂਤ 158
- ਸਾਖੀ ਹਰੀ ਸਿੰਘ ਨੂੰ ਮਾਇਆ ਦੀ ਬਖਸ਼ਿਸ਼ 163
- ਸਾਖੀ ਧੁੰਨਾ ਮੱਲ ਸੇਠ ਨਾਲ ਹੋਈ 165
- ਸਾਖੀ ਸਾਂਈਂ ਪਿੰਡ ਝਿਗੜਾ ਵਾਲੇ ਨਾਲ ਹੋਈ 168
- ਅੱਗੇ ਸਾਖੀ ਬਿਸ਼ਨ ਸਿੰਘ ਦੇ ਪਰਿਵਾਰ ਦੀ ਚੱਲੀ 172
- ਅੱਗੇ ਸਾਖੀ ਮਸਤ ਪਟਿਆਲੇ ਵਾਲੇ ਸਾਹਿਬ ਦਾਸ ਜੀ ਦੇ ਜੋਤੀ-ਜੋਤ ਸਮਾਉਣ ਦੀ ਚੱਲੀ 175
- ਅੱਗੇ ਸਾਖੀ ਮਜਾਰੇ ਲੰਗਰ ਦਾ ਨਕਸ਼ਾ ਬਣਾਉਣ ਦੀ ਚੱਲੀ 177
- ਅੱਗੇ ਸਾਖੀ ਸੌਣਮਲ ਦੇ ਪ੍ਰਥਾਇ ਚੱਲੀ 180
- ਅੱਗੇ ਸਾਖੀ ਜਗਤ ਸਿੰਘ ਦੇ ਪ੍ਰਥਾਇ ਚੱਲੀ 182
- ਅੱਗੇ ਸਾਖੀ ਸਮਾਧਾਂ ਵਿਚ ਖੂਹੀ ਲਗਵਾਉਣੇ ਦੀ ਚੱਲੀ 185
- ਅੱਗੇ ਸਾਖੀ ਹੀਰਾ ਸਿੰਘ ਨੂੰ ਕੈਨੇਡਾ ਵਿਚ ਦਰਸ਼ਨ ਦੇਣ ਦੀ 186
- ਅੱਗੇ ਸਾਖੀ ਮੂਸਾਪੁਰੀਏ ਮੁੰਦਰ ਸਿੰਘ ਨਾਲ ਹੋਈ 188
- ਅੱਗੇ ਸਾਖੀ ਮਾਲੀ ਰਾਮ ਖਟਕੜਾਂ ਵਾਲੇ ਨਾਲ ਹੋਈ 191
- ਅੱਗੇ ਸਾਖੀ ਮਾਨ ਸਿੰਘ ਮੰਡੇਰਾਂ ਵਾਲੇ ਨਾਲ ਹੋਈ 193
- ਅੱਗੇ ਸਾਖੀ ਕਰਮ ਸਿੰਘ ਰਾਏ ਪੁਰ ਡੱਬੇ ਵਾਲੇ ਨਾਲ ਹੋਈ 195
- ਅੱਗੇ ਸਾਖੀ ਪਾਖਰ ਸਿੰਘ ਝਿਗੜਾਂ ਵਾਲੇ ਨਾਲ ਹੋਈ 198
- ਅੱਗੇ ਸਾਖੀ ਸੁੰਦਰ ਸਿੰਘ ਪਿੰਡ ਮਜਾਰੇ ਵਾਲੇ ਨਾਲ ਹੋਈ 199
- ਅੱਗੇ ਸਾਖੀ ਇੰਦਰ ਕੁੱਬੇ ਨੂੰ ਪੁੱਤਰ ਬਖ਼ਸ਼ਣ ਦੀ ਹੋਈ 203
- ਅੱਗੇ ਸਾਖੀ ਪਿੰਡ ਗੁਣਾਚੌਰ ਦੇ ਮਾਮਦੀਨ ਰਾਜਪੂਤ ਦੀ ਚੱਲੀ 206
- ਅੱਗੇ ਸਾਖੀ ਮਹਿੰਗੇ ਨਾਲ ਹੋਈ 208
- ਅੱਗੇ ਸਾਖੀ ਮੌਲਾ ਬਖ਼ਸ਼ ਸੁਆਮੀ ਦੇ ਪ੍ਰਥਾਇ ਦੀ ਚੱਲੀ 209
- ਅੱਗੇ ਸਾਖੀ ਰਸੂਲਪੁਰ ਦੀ ਸੰਗਤ ਦਾ ਕੋਹੜ ਦੂਰ ਕਰਨ ਦੀ ਚੱਲੀ 215
- ਅੱਗੇ ਸਾਖੀ ਅਮਰ ਚੰਦ ਬਠੱਲਾ ਵਾਲੇ ਨਾਲ ਹੋਈ 216
- ਅੱਗੇ ਸਾਖੀ ਭਰੋ ਮਜਾਰੇ ਦੇ ਜੱਟ ਮੱਲੂ ਨਾਲ ਹੋਈ 219
- ਦੂਜੀ ਸਾਖੀ ਮੱਲੂ ਨਾਲ ਤੇ ਬਖ਼ਸ਼ੀ ਭਲਵਾਨ ਨਾਲ ਹੋਈ 220
- ਅੱਗੇ ਸਾਖੀ ਨਾਗਰਿਆਂ ਦੇ ਲੋਕਾਂ ਨਾਲ ਹੋਈ 221
- ਸਾਖੀ ਜਾਗਰ ਸਿੰਘ ਨਾਗਰਿਆਂ ਵਾਲੇ ਨਾਲ ਹੋਈ 223

- ਸਾਖੀ ਨਾਗਰਿਆਂ ਦੇ ਲੋਕਾਂ ਨਾਲ ਹੋਈ 224
- ਸਾਖੀ ਪੰਡਤ ਬਸੰਤ ਸਿੰਘ ਭਧਾਣਿਆਂ ਵਾਲੇ ਨਾਲ ਹੋਈ 225
- ਸਾਖੀ ਪਰੀਤੇ ਮਜਾਰੇ ਵਾਲੇ ਨਾਲ ਹੋਈ 227
- ਸਾਖੀ ਕੂਕਰ ਨਿਸਤਾਰਾ 228
- ਅੱਗੇ ਸਾਖੀ ਚਰਨ ਸਿੰਘ ਝਿਗੜਾਂ ਵਾਲੇ ਨਾਲ ਹੋਈ 231
- ਅੱਗੇ ਸਾਖੀ ਗੰਗਾ ਦੇ ਸੰਤਾਂ ਨਾਲ ਹੋਈ 234
- ਅੱਗੇ ਸਾਖੀ ਕਰਮ ਕੌਰ ਦੇ ਪੁੱਤਰ ਨੂੰ ਰਾਜ਼ੀ ਕਰਨ ਦੀ ਚੱਲੀ 235
- ਅੱਗੇ ਸਾਖੀ ਹੋਰ ਚੱਲੀ 237
- ਅੱਗੇ ਸਾਖੀ ਮਜਾਰੇ ਦੇ ਇੰਦਰ ਦੀ ਚੱਲੀ 238
- ਸਾਖੀ ਮਜਾਰੇ ਵਾਲੇ ਕਰਤਾਰੇ ਜੱਟ ਨਾਲ ਹੋਈ 241
- ਅੱਗੇ ਸਾਖੀ ਨਨਕਾਣੇ ਦੇ ਇਕ ਜੱਟ ਨਾਲ ਹੋਈ 242
- ਸਾਖੀ ਬਨਾਰਸੀ ਫਲਪੋਤੇ ਵਾਲੇ ਨਾਲ ਹੋਈ 243
- ਅੱਗੇ ਸਾਖੀ ਸਰਦਾਰਾ ਸਿੰਘ ਰਸੂਲਪੁਰੀਏ ਨੂੰ ਬਰਮਾ ਵਿਚ ਦਰਸ਼ਨ ਦੇਣ ਦੀ ਚੱਲੀ 244
- ਦੂਜੀ ਸਾਖੀ ਸਰਦਾਰਾ ਸਿੰਘ ਨਾਲ ਹੋਈ 246
- ਅੱਗੇ ਸਾਖੀ ਸੀਬੋ ਰਹਿਪੇ ਵਾਲੀ ਨੂੰ ਪੁੱਤਰਾਂ ਦੀ ਬਖ਼ਸ਼ਿਸ਼ ਦੀ ਚੱਲੀ 248
- ਅੱਗੇ ਸਾਖੀ ਧੰਨੋ ਦਦਿਆਲ ਦੀ ਮਾਈ ਨਾਲ ਹੋਈ 250
- ਅੱਗੇ ਸਾਖੀ ਲੱਛਮੀ ਨੂੰ ਪੁੱਤਰ ਦੀ ਬਖ਼ਸ਼ਿਸ਼ ਦੀ ਚੱਲੀ 251
- ਅੱਗੇ ਸਾਖੀ ਕਰਮੀ ਅਤੇ ਰੱਖੀ ਨੂੰ ਪੁੱਤਰਾਂ ਦੀ ਬਖਸ਼ਿਸ਼ ਦੀ ਚੱਲੀ 253
- ਸਾਖੀ ਕਰਮੀ ਅਤੇ ਦੌਲੇ ਦੀ ਚੱਲੀ 254
- ਦੂਜੀ ਸਾਖੀ ਕਰਮੀ ਅਤੇ ਦੌਲੇ ਨਾਲ ਹੋਈ 256
- ਤੀਜੀ ਸਾਖੀ ਕਰਮੀ ਨਾਲ ਹੋਈ 257
- ਚੌਥੀ ਸਾਖੀ ਕਰਮੀ ਨਾਲ ਹੋਈ 258
- ਸਾਖੀ ਬੜੀ ਮਾਤਾ ਦਰਸ਼ਨ ਨੂੰ ਆਈ 263
- ਸਾਖੀ ਹੋਰ ਚੱਲੀ 264
- ਸਾਖੀ ਨਰੰਜਨ ਸਿੰਘ ਨਾਲ ਹੋਈ 265
- ਦੂਜੀ ਸਾਖੀ ਨਰੰਜਨ ਸਿੰਘ ਨਾਲ ਹੋਈ 267
- ਸਾਖੀ ਕਾਲੇ ਨਾਗ ਨਾਲ ਹੋਈ 271

- ਸਾਖੀ ਪਿੰਡ ਮੇਹਦਪੁਰ ਦੇ ਸ਼ੇਰ ਸਿੰਘ ਨਾਲ ਹੋਈ 272
- ਸਾਖੀ ਫਜੇ ਤੇਲੀ ਤੇ ਬਤਨ ਸਿੰਘ ਨਾਲ ਹੋਈ 274
- ਸਾਖੀ ਉਮਰੂ ਨਾਲ ਹੋਈ 276
- ਸਾਖੀ ਪਿੰਡ ਹੇੜੀਆਂ ਦੇ ਗੱਜੂ ਨਾਲ ਹੋਈ 277
- ਅੱਗੇ ਸਾਖੀ ਹੋਰ ਚੱਲੀ 278
- ਸਾਖੀ ਕਾਲਾ ਨੂੰ ਵਿਰਾਟ ਰੂਪ ਦਿਖਾਉਣ ਦੀ ਚੱਲੀ 279
- ਸਾਖੀ ਪਾਲ ਸਿੰਘ ਮਜਾਰੇ ਵਾਲੇ ਨਾਲ ਹੋਈ 281
- ਅੱਗੇ ਸਾਖੀ ਬੰਤੀ ਨਾਮ ਧਾਰਨ ਦੀ ਲੜਕੀ ਨੂੰ ਰਾਜ਼ੀ ਕਰਨ ਦੀ ਚੱਲੀ 282
- ਦੂਜੀ ਸਾਖੀ ਬੰਤੀ ਨਾਲ ਹੋਈ 284
- ਸਾਖੀ ਭਗਵਾਨ ਸਿੰਘ ਪਿੰਡ ਮਜਾਰੇ ਵਾਲੇ ਨਾਲ ਹੋਈ 286
- ਦੂਜੀ ਸਾਖੀ ਭਗਵਾਨ ਸਿੰਘ ਦੇ ਪਰਿਵਾਰ ਦੀ ਚੱਲੀ 289
- ਅੱਗੇ ਸਾਖੀ ਈਸ਼ਰ ਸਿੰਘ ਪੁਜਾਰੀ ਹਕੀਮਪੁਰ ਗੁਰਦੁਆਰਾ ਨਾਨਕਸਰ ਵਾਲੇ ਨਾਲ ਹੋਈ 291
- ਸਾਖੀ ਮਹੰਤ ਪੂਰਨ ਦਾਸ ਜੀ ਨਾਲ ਹੋਈ 293
- ਸਾਖੀ ਪਿੰਡ ਮਜਾਰੇ ਦੀ ਲੋਕਾਂ ਨਾਲ ਹੋਈ 299
- ਅੱਗੇ ਸਾਖੀ ਦਿਆਲੂ ਨੂੰ ਗੁਰੂ ਨਾਨਕ ਰੂਪ ਵਿਚ ਦਰਸ਼ਨ ਦੇਣ ਦੀ ਚੱਲੀ 300
- ਸਾਖੀ ਇਕ ਭਗਤ ਨਾਲ ਹੋਈ 301
- ਅੱਗੇ ਸਾਖੀ ਬਾਬੂ ਦੇ ਉਧਾਰ ਦੀ ਚੱਲੀ 303
- ਅੱਗੇ ਸਾਖੀ ਰਤਨ ਸਿੰਘ ਪਿੰਡ ਮਸਾਣੀ ਵਾਲੇ ਨਾਲ ਹੋਈ 304
- ਅੱਗੇ ਸਾਖੀ ਗੁਰਦੁਆਰਾ ਝਿਗੜਾਂ ਦੇ ਮੁਕੱਦਮੇ ਦੇ ਪ੍ਰਥਾਇ ਚੱਲੀ 307
- ਅੱਗੇ ਸਾਖੀ ਪਿੰਡ ਰਹਿਪੇ ਵਾਲੇ ਰਾਗੀ ਨਿਰਮਲ ਸਿੰਘ ਨਾਲ ਹੋਈ 309
- ਅੱਗੇ ਸਾਖੀ ਇਕ ਥਾਣੇਦਾਰ ਨਾਲ ਹੋਈ 312
- ਅੱਗੇ ਸਾਖੀ ਹਜਾਰਾ ਸਿੰਘ ਰਸੂਲਪੁਰੀਏ ਦੀ ਚੱਲੀ 313
- ਅੱਗੇ ਸਾਖੀ ਹੋਰ ਚੱਲੀ 315
- ਅੱਗੇ ਸਾਖੀ ਦੀਵਾਨ ਸਿੰਘ ਗੋਬਿੰਦਪੁਰੀਏ ਨੂੰ ਪੁਰੀਆਂ ਦੇ ਦਰਸ਼ਨ ਕਰਵਾਉਣ ਦੀ ਚੱਲੀ 316
- ਅੱਗੇ ਸਾਖੀ ਗਣੇਸ਼ੇ ਨੂੰ ਪੁੱਤਰ ਦੀ ਬਖਸ਼ਿਸ਼ ਕਰਨ ਦੀ ਚੱਲੀ 318
- ਸਾਖੀ ਗੁਲਜ਼ਾਰ ਸਿੰਘ ਪਿੰਡ ਮਜਾਰੇ ਵਾਲੇ ਨਾਲ ਹੋਈ 320
- ਸਾਖੀ ਮੰਗੂ ਦੇ ਪਰਿਵਾਰ ਦੀ ਚੱਲੀ 322

- ਅੱਗੇ ਸਾਖੀ ਪਿਆਰਾ ਸਿੰਘ ਗੁਣਾਚੌਰੀਏ ਨਾਲ ਹੋਈ 325
- ਅੱਗੇ ਸਾਖੀ ਸੰਤ ਕਰਤਾਰ ਦਾਸ ਜੀ ਦੀ ਚੱਲੀ 327
- ਅੱਗੇ ਸਾਖੀ ਸੰਤ ਅਵਧੂਤਾਂ ਨਾਲ ਮਿਲਾਪ ਦੀ ਹੋਈ 330
- ਅੱਗੇ ਸਾਖੀ ਗੁਰਦਾਸ ਮਸਤ ਦੀ ਚੱਲੀ 336
- ਅੱਗੇ ਸਾਖੀ ਦਿਲਬਾਗ ਸਿੰਘ ਮਜਾਰੇ ਵਾਲੇ ਦੀ ਚੱਲੀ 339
- ਅੱਗੇ ਸਾਖੀ ਸਰਮੁਖ ਸਿੰਘ ਦੇ ਪਰਿਵਾਰ ਦੀ ਚੱਲੀ 342
- ਅੱਗੇ ਸਾਖੀ ਠਾਕਰ ਸਿੰਘ ਦੀ ਚੱਲੀ 349
- ਅੱਗੇ ਸਾਖੀ ਦਾਸ ਨਾਲ ਹੋਈ 355
- ਦੂਜੀ ਸਾਖੀ ਦਾਸ ਨਾਲ ਹੋਈ 360
- ਤੀਜੀ ਸ਼ਾਖੀ ਹੋਰ ਦਾਸ ਨਾਲ ਹੋਈ 362
- ਅੱਗੇ ਸਾਖੀ ਹੋਰ ਚੱਲੀ 365
- ਪੰਜਵੀਂ ਸਾਖੀ ਦਾਸ ਨਾਲ ਹੋਈ 369
- ਅੱਗੇ ਛੇਵੀਂ ਸਾਖੀ ਚੱਲੀ 372
- ਸਾਖੀ ਰਾਹੋਂ ਦੇ ਇਕ ਸੱਯਾਦ ਦੇ ਮੁੰਡੇ ਜੁਗਿੰਦਰਫਲੀ ਨਾਲ ਹੋਈ 375
- ਅੱਗੇ ਸਾਖੀ ਉਜਾਗਰ ਸਿੰਘ ਨਾਲ ਹੋਈ 378
- ਅੱਗੇ ਸਾਖੀ ਕਿਸ਼ਨੇ ਮਜਾਰੇ ਵਾਲੇ ਨਾਲ ਹੋਈ 379
- ਸਾਖੀ ਜੁਲਾਹਮਜਾਰੇ ਦੇ ਸਰਵਣ ਦੀ ਚੱਲੀ 381
- ਸਾਖੀ ਕਰਮ ਸਿੰਘ ਰਸੂਲਪੁਰੀਏ ਦੀ ਚੱਲੀ 382
- ਸਾਖੀ ਭੁੱਲਾ ਸਿੰਘ ਪਿੰਡ ਕਰਨਾਣੇ ਵਾਲੇ ਦੀ ਚੱਲੀ 383
- ਅੱਗੇ ਸਾਖੀ ਹੋਰ ਚੱਲੀ 385
- ਸਾਖੀ ਇਕ ਫੋਟੋਗ੍ਰਾਫ਼ਰ ਤੇ ਜੈਲੇ ਖਾਂ ਰਾਜਪੂਤ ਨਾਲ ਹੋਈ 389
- ਅੱਗੇ ਸਾਖੀ ਸ਼ਾਂਦੀ ਖਾਂ ਦੇ ਪਰਿਵਾਰ ਦੀ ਪਰਥਾਇ ਚੱਲੀ 388
- ਸਾਖੀ ਕਿਸ਼ਨੇ ਨਾਲ ਹੋਈ 391
- ਸਾਖੀ ਮੂਲੇ ਨਾਲ ਹੋਈ 394
- ਅੱਗੇ ਸਾਖੀ ਭੁੰਗਲ ਨਾਲ ਹੋਈ 395
- ਅੱਗੇ ਸਾਖੀ ਕਰਨੈਲ ਸਿੰਘ ਖਾਨਖਾਨਾ ਵਾਲੇ ਨਾਲ ਹੋਈ 396
- ਸਾਖੀ ਮੰਨਣਹਾਨੇ ਜਾਣ ਦੀ ਚੱਲੀ 398

- ਸਾਖੀ ਮੰਨਣਹਾਨੇ ਉਜਾਗਰ ਸਿੰਘ ਦੀ ਮਾਈ ਨਾਲ ਹੋਈ 401
- ਅੱਗੇ ਸਾਖੀ ਉਮਰ ਚੰਦ ਮੰਨਣਹਾਨੇ ਵਾਲੇ ਨਾਲ ਹੋਈ 402
- ਅੱਗੇ ਸਾਖੀ ਪ੍ਰੀਤਮ ਦਾਸ ਦੇ ਪ੍ਰਥਾਇ ਚੱਲੀ 404
- ਅੱਗੇ ਸਾਖੀ ਭਗਵਾਨ ਸਿੰਘ ਘੁਟਾਰੋਂ ਵਾਲੇ ਨਾਲ ਹੋਈ 407
- ਅੱਗੇ ਸਾਖੀ ਨੰਤੇ ਨਾਲ ਹੋਈ 409
- ਸਾਖੀ ਠਾਕਰ ਸਿੰਘ ਖਟਕੜ ਕਲਾਂ ਵਾਲੇ ਨਾਲ ਹੋਈ 411
- ਸਾਖੀ ਕੇਸਰੀ ਗੁਣਾਚੌਰ ਵਾਲੀ ਨਾਲ ਹੋਈ 417
- ਸਾਖੀ ਦੁਰਗਾ ਦਾਸ ਪਿੰਡ ਗੁਣਾਚੌਰ ਵਾਲੇ ਨਾਲ ਹੋਈ 419
- ਸਾਖੀ ਰਤਨੇ ਦਾ ਕੋਹੜ ਦੂਰ ਕਰਨ ਦੀ ਚੱਲੀ 420
- ਸਾਖੀ ਪੰਡਿਤ ਦੀਨਾ ਨਾਥ ਨਾਲ ਹੋਈ 421
- ਅੱਗੇ ਸਾਖੀ ਇੰਦਰ ਨਾਲ ਹੋਈ 424
- ਸਾਖੀ ਸੰਤ ਘੁੰਗਰੂ ਦਾਸ ਦੇ ਪ੍ਰਥਾਇ ਚੱਲੀ 426
- ਸਾਖੀ ਬੀਬੀ ਕਰਮੀ ਨਾਲ ਹੋਈ 428
- ਸਾਖੀ ਜੋਤੀ-ਜੋਤ ਸਮਾਉਣ ਦੀ ਚੱਲੀ 430
- ਨੂਰੀ ਕਿਰਨਾਂ ਦਾ ਸਾਰ 435
- ਪ੍ਰਾਰਭਧ ਕਰਮ ਭੋਗੇ ਬਿਨਾਂ ਖ਼ਤਮ ਨਹੀਂ ਹੁੰਦਾ 440
- ਆਤਮ ਵਿਚਾਰ ਗਿਆਨ ਸਾਗਰ 443
- ਬਿਨ ਵੈਰਾਗ ਨਾ ਛੂਟਸ ਮਾਇਆ 451
- ਮੱਧਮ ਵੈਰਾਗ 454

ਦੋਹਰਾ

- ਓਅੰਕਾਰ ਉਰਧਾਰ ਕੇ ਬਰਨਨ ਕਰਾਂ ਬਲਾਸ
  ਸਤਿਗੁਰੁ ਕੇ ਪ੍ਰਸਾਦਿ ਸੇ ਅਨਭਵ ਹੋ ਪ੍ਰਕਾਸ॥
- ਹੋ ਅਕਰੇ ਅਬਨਾਸ਼ੀ ਪਰੀ ਪੂਰਨ ਪ੍ਰਮਾਤਮਾ ਬੀਵ੍ਹ
  ਰੂਪ ਦੀਆ ਲੋਆ ਖੰਡਾ ਬ੍ਰਹਮੰਡਾ ਦੇ ਮਾਲਿਕ
  ਦੀਜੋ ਬੁਧ ਵਿਵੇਕ ਤਾਹੀ ਹੱਥ ਕਲਮ ਉਠਾਨੀ
  ਹੋਏ ਸੰਪੂਰਨ ਕਾਜ ਮਿਹਰ ਹੋਏ ਤੋਹਿਆਨੀ
  ਅਨੁਭਵ ਹੋਏ ਪਰਕਾਸ ਤਾਹਿ ਹੱਥ ਕਲਮ ਉਠਾਨੀ
  ਨੂਰੀ ਕਿਰਨਾ ਨਾਭ ਕੰਵਲ ਵਿਚ ਰਸ ਭਰਦਾਨੀ

ਪਹਿਲਾਂ ਬੰਦਨਾ ਨਿਰੰਕਾਰ ਤਾਈਂ,
ਕੀਤਾ ਸੁਨ ਥੀਂ ਬਹਿ ਪ੍ਰਕਾਸ ਹੈ ਜੀ।
ਬ੍ਰਹਮਾ, ਵਿਸਨੂੰ, ਮਹੇਸ਼ ਗਨੇਸ਼ ਸਾਜੇ,
ਦੇਵੀ ਦੇਵਤਾ ਬੇ-ਸ਼ੁਮਾਰ ਹੈ ਜੀ।
ਕਰਾਂ ਬੰਦਨਾ ਨਾਭ ਕੰਵਲ਼ ਤਾਂਈਂ,
ਕੀਤਾ ਭਵਜਲੋਂ ਪਾਰ ਸੰਸਾਰ ਹੈ ਜੀ।
ਕਰਾਂ ਬੰਦਨਾ ਜਵਾਹਰ ਮਿਰਗਿੰਦ ਤਾਈਂ,
ਕੀਤੀ ਬੰਦਗੀ ਅਜਬ ਕਮਾਲ ਹੈ ਜੀ।
ਕਰਾਂ ਬੰਦਨਾ ਲਾਲਾ ਪੀਰ ਤਾਈਂ,
ਪਰਦਾ ਦੂਈ ਦਾ ਕੀਤਾ ਦੂਰ ਹੈ ਜੀ।

ਭੂਮਿਕਾ

"ਸਾਧ ਰੂਪ ਆਪਣਾ ਤਨ ਧਾਰਿਆ"

ਜੀਵਨ ਲੀਲ੍ਹਾ ਨਾਭ ਕੰਵਲ ਰਾਜਾ ਸਾਹਿਬ ਜੀ ਨੂਰੀ ਕਿਰਨਾਂ ਦੀ ਰਚਨਾ ਅਕਾਲ ਪੁਰਖ ਵਾਹਿਗੁਰੂ ਦੀ ਸ਼ਕਤੀ ਦੇ ਜੀਵਾਂ ਦੇ ਉਦਾਰ ਵਾਸਤੇ ਗੁਰੂ ਪੀਰਾਂ, ਅਵਤਾਰਾਂ, ਰਿਸ਼ੀਆਂ-ਮੁਨੀਆਂ, ਪੈਗੰਬਰਾਂ ਦੇ ਰੂਪ ਵਿਚ ਜੋਤ ਰੂਪ ਹੋ ਕੇ ਸ਼ਕਤੀ ਦੇ ਗੁਣ ਦਸੇ ਹਨ, ਦਿਖਾਏ ਹਨ, ਜੀਵਾਂ ਦੇ ਉਦਾਰ ਦੇ ਢੰਗ ਦੱਸੇ ਹਨ, ਸ਼ਬਦ ਦੇ ਇਸ਼ਾਰੇ ਨਾਲ ਸ਼ਕਤੀ ਦੇ ਗੁਣ ਦੱਸੇ ਹਨ, ਖ਼ੁਦਾ ਦੀ ਹੋਂਦ ਨੂੰ ਪ੍ਰਗਟ ਕੀਤਾ ਹੈ। ਇਸ ਭਰਥ ਖੰਡ ਵਿਚ ਬਹੁਤ ਰਿਸ਼ੀ-ਮੁਨੀ, ਪੀਰ-ਫ਼ਕੀਰ, ਔਲੀਏ ਅਵਤਾਰ ਹੋਏ ਹਨ ਸਭ ਨੇ ਧਰਮ ਨੂੰ ਵੱਖਰੋ-ਵੱਖਰਾ ਰੂਪ ਦਿੱਤਾ ਹੈ। ਹਰ ਢੰਗ ਨਾਲ ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ ਦਾ ਰਸਤਾ ਦੱਸਿਆ ਹੈ। ਨੂਰੀ ਕਿਰਨਾਂ ਜੀਵਨ ਲੀਲ੍ਹਾ ਨਾਭ ਕੰਵਲ ਰਾਜਾ ਸਾਹਿਬ ਜੀ ਵਿਚੋਂ ਪਾਠਕਾਂ ਨੂੰ ਆਤਮਿਕ ਸ਼ਕਤੀ ਮਿਲੇਗੀ, ਪੂਰਨ ਪ੍ਰਸੰਨਤਾ ਮਿਲੇਗੀ, ਭਗਤੀ ਰੰਗ, ਪ੍ਰੇਮ ਰਸ ਮਿਲੇਗਾ। ਪੂਰਨ ਸਹਿਯੋਗਤਾ ਮਿਲੇਗੀ, ਮਹਾਂਪੁਰਸ਼ ਗੁਰੂ ਪੀਰਾਂ ਜੀਵਨ ਤੋਂ ਪ੍ਰੇਮੀ ਜਗਿਆਸੂ ਸੱਜਣਾਂ ਨੂੰ ਸਬਕ ਮਿਲਦਾ ਹੈ, ਕੁਰਬਾਨੀ ਦਾ ਮਿਸ਼ਨ ਮਿਲਦਾ ਹੈ। ਨਾਮ ਦੇ ਰਸੀਏ ਪਰੇਮੀ ਸੱਜਣ ਭਗਤੀ ਦਾ ਰਸ ਮਾਣ ਸਕਦੇ ਹਨ। ਬਹੁਤ ਮੁੱਦਤਾਂ ਦੀ ਦਿਲ ਵਿਚ ਖ਼ੁਹਾਇਸ਼ ਸੀ ਐਸੇ

ਮਹਾਂਬਲੀ ਦੇ ਜੀਵਨ ਦੀ ਲੜੀ ਲਿਖੀ ਜਾਵੇ। ਬੇਅੰਤ ਜੀਵਾਂ ਦਾ ਉਧਾਰ ਇਕ ਨੈਣਾਂ ਦੇ ਇਸ਼ਾਰੇ ਨਾਲ ਕੀਤਾ। ਭੂਤ, ਪਰੇਤ, ਪੱਥਰਾਂ, ਬ੍ਰਿਖਾਂ, ਮਾਨਸਾਂ ਨੂੰ ਤਾਰਿਆ, ਸ਼ਬਦ ਦੇ ਇਸ਼ਾਰੇ ਨਾਲ ਉਦਾਰ ਕੀਤਾ। ਇਨਸਾਨ ਦੀ ਬੁੱਧੀ ਅਤੇ ਕਲਮ ਉਹਨਾਂ ਦੇ ਕੀਤੇ ਪਰਉਪਕਾਰ ਲਿਖ ਨਹੀਂ ਸਕਦੀ। ਮੈਂ ਤੁੱਛ ਬੁੱਧੀ ਵਾਲਾ ਨਚੀਜ਼ ਕੀ ਲਿਖ ਸਕਦਾ ਹਾਂ। ਸਤਿਗੁਰਾਂ ਦੀ ਕ੍ਰਿਪਾ ਨਾਲ ਜੋ ਅਨੁਭਵਤਾ ਬਖਸ਼ਿਸ਼ ਹੋਈ, ਨਾਲ ਪਾਸਕ ਗੁਣ ਲਿਖ ਰਿਹਾ ਹਾਂ। ਪਾਠਕ ਪੜ੍ਹਕੇ ਖਿਮਾ ਕਰਨ। ਦਾਸ ਕੋਈ ਵਿਦਵਾਨ ਨਹੀਂ ਹੈ। ਮੈਂ ਅਨਜਾਣ, ਨਾਚੀਜ਼ ਅਲਪ ਮਤ ਵਾਲਾ ਜੋ ਸਿੱਖਾਂ ਸੇਵਕਾਂ ਨਾਲ ਵਰਤ ਚੁਕੀਆਂ ਕਹਾਣੀਆਂ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਵੈਸੇ ਵੀ ਪੁਰਖੀ ਜੱਦੀ ਤੌਰ ਤੇ ਪਿਤਾ ਜੀ ਸਤਿਸੰਗੀ ਹੋਣ ਕਰਕੇ ਮਨ ਦਾ ਝੁਕਾਉ ਇਸ ਖੋਜ ਵਿਚ ਗੁਰੂ ਦੀ ਕ੍ਰਿਪਾ ਨਾਲ ਲੱਗਾ ਹੋਇਆ ਹੈ। ਇਕ ਵੱਡੇ ਸਮੁੰਦਰ ਦੇ ਰੂਪ ਵਿਚੋਂ ਇਕ ਬੂੰਦ ਦੀ ਸਮਝ ਵੀ ਨਾ ਰਖਦਾ ਹੋਇਆ ਜੀਵਨ ਲੀਲ੍ਹਾ ਨੂਰੀ ਕਿਰਨਾਂ ਦਾ ਲਾਭ ਕੰਵਲ ਰਾਜਾ ਸਾਹਿਬ ਜੀ ਸਤਿਗੁਰੂ ਦੀ ਕ੍ਰਿਪਾ ਨਾਲ ਲਿਖ ਰਿਹਾ ਹਾਂ। ਪਾਠਕ ਸੱਜਣ ਭਾਸ਼ਾ ਲਗਾਂ ਕੰਨਾ ਅੱਖਰ ਸ਼ੁਧ ਕਰ ਲੈਣ। ਹਮ ਅਗਿਆਨ ਅਲਪ ਮਤ ਥੋਰੀ ਅਪਨਾ ਬਿਰਦ ਪਛਾਨੁ।

ਲੇਖਕ

-ਸ. ਗੁਰਬਖਸ਼ ਸਿੰਘ

ਪਿੰਡ ਰਹਿਪਾ (ਨਵਾਂਸ਼ਹਿਰ)

ਇਸ਼ਟ ਦੇ ਧਨੀ - ਸ. ਗੁਰਬਖ਼ਸ਼ ਸਿੰਘ ਜੀ

ਸ. ਸਰਮੁੱਖ ਸਿੰਘ ਦੇ ਪੋਤਰੇ, ਸਵਰਗੀ ਸ. ਠਾਕਰ ਸਿੰਘ ਅਤੇ ਮਾਤਾ ਸੰਤੀ ਦੇ ਸਪੁੱਤਰ ਸ. ਗੁਰਬਖ਼ਸ਼ ਸਿੰਘ ਨੂੰ ਰਾਜਾ ਸਾਹਿਬ ਪ੍ਰਤੀ ਪਿਆਰ ਵਿਰਸੇ ਵਿਚ ਮਿਲਿਆ ਉਨ੍ਹਾਂ ਦਾ ਜੀਵਨ ਰਾਜਾ ਸਾਹਿਬ ਪ੍ਰਤੀ ਸਪਰਪਣ, ਪ੍ਰੇਮ ਅਤੇ ਸ਼ਰਧਾ ਨਾਲ ਭਰਪੂਰ ਸ਼ੀ। ਉਨ੍ਹਾਂ ਦੀ ਇਹ ਅਨੂਠੀ ਰਚਨਾ (ਨੂਰੀ ਕਿਰਨਾਂ) ਉਨ੍ਹਾਂ ਦੀਆਂ, ਇਨ੍ਹਾਂ ਭਾਵਨਾਵਾਂ ਦੀ ਹੀ ਤਰਜਮਾਨੀ ਕਰਦੀ ਹੈ।

ਰਾਜਾ ਸਾਹਿਬ ਜੀ ਦੇ ਘਰ ਨਾਲ ਸੰਬੰਧਿਤ ਹੋਣ ਕਰਕੇ ਮੈਂ ਉਨ੍ਹਾਂ ਦਾ ਹਮੇਸ਼ਾ ਉਹ ਰੂਪ ਦੇਖਦੀ ਸਾਂ, ਜਿਹੜਾ ਉਨ੍ਹਾਂ ਨੂੰ ਸਧਾਰਨ ਰੂਪ ਵਿਚ ਵਿਚਰਦਿਆਂ ਨੂੰ ਦੇਖਣ ਵਾਲੇ ਲੋਕ ਸ਼ਾਇਦ ਨਹੀਂ ਸਨ ਦੇਖ ਸਕਦੇ। ਰਾਜਾ ਸਾਹਿਬ ਜੀ ਦੇ ਸ਼ਰਧਾਲੂ ਦੇ ਰੂਪ ਵਿਚ ਮੈਂ ਉਨ੍ਹਾਂ ਨੂੰ ਕਦੇ ਵਿਚ-ਵਿਚਾਲੇ ਨਹੀਂ ਦੇਖਿਆ, ਜਦੋਂ ਵੀ ਦੇਖਿਆ ਸਿਖ਼ਰ ਤੇ ਹੀ ਦੇਖਿਆ।

ਜਦੋਂ ਉਨ੍ਹਾਂ ਨੂੰ ਮੈਂ ਆਪਣੇ ਪਿਤਾ ਸ. ਚੈਨ ਸਿੰਘ ਜਾਂ ਉਨ੍ਹਾਂ ਦੇ ਭੂਆ ਜੀ ਬੀਬੀ ਕਰਮੀ ਨਾਲ ਰਾਜਾ ਸਾਹਿਬ ਜੀ ਦੀਆਂ ਗੱਲਾਂ ਕਰਦਿਆਂ ਦੇਖਦੀ ਤਾਂ ਮੈਂ ਉਨ੍ਹਾਂ ਦੇ ਪਾਤਸ਼ਾਹ ਪ੍ਰਤੀ ਪ੍ਰੇਮ ਦੀ ਸਿਖ਼ਰ ਦੇਖਦੀ ਜਿਹੜਾ ਮੇਰੇ ਪਰਿਵਾਰ ਦੇ ਨਾਲ ਨਾਲ ਉਨ੍ਹਾਂ ਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਕਰਕੇ ਵਹਿ ਰਿਹਾ ਹੁੰਦਾ। ਗੁਰਦੁਆਰਾ ਸ੍ਰੀ ਤਖ਼ਤ ਸਾਹਿਬ ਦੀ ਇਮਾਰਤ ਉਸਾਰੀ ਦਾ ਕੋਈ ਕਾਰਜ ਹੋਵੇ ਜਾਂ ਪਾਤਸ਼ਾਹ ਦੀ ਬਰਸੀ ਨਾਲ ਸੰਬੰਧਿਤ ਕੋਈ ਪ੍ਰੋਗਰਾਮ ਹੋਵੇ ਉਹ ਜੀਅ-ਜਾਨ, ਤਨਦੇਹੀ ਨਾਲ ਲੱਗੇ ਹੁੰਦੇ ਇਹ ਉਨ੍ਹਾਂ ਦੀ ਸੇਵਾ-ਭਾਵ ਦਾ ਸਿਖ਼ਰ ਹੁੰਦਾ। ਜੀਵਨ ਵਿਚ ਗ੍ਰਹਿਸਥ ਅਤੇ ਦੁਨੀਆਂਦਾਰੀ ਤੋਂ ਨਿਰਲੇਪਤਾ, ਨੂਰੀ ਕਿਰਨਾਂ ਲਿਖਣ ਲਈ ਭਰਪੂਰ ਮਿਹਨਤ ਅਤੇ ਲਗਨ ਨਾਲ ਨਿਠ ਕੇ ਲਗੇ ਰਹਿਣਾ ਉਨ੍ਹਾਂ ਦੇ ਸਮਰਪਣ ਭਾਵ ਦੀ ਹੱਦ ਸੀ। ਇਕ ਵਾਰ ਬੀਬੀ ਕਰਮੀ (ਜਿਹੜੇ ਉਨ੍ਹਾਂ ਨੂੰ ਸਦਾ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਸਨ) ਉਨ੍ਹਾਂ ਦਵਾਰਾ ਲਿਖੀ ਸਿਰਫ਼ ਇਕ ਸਤਰ ਕਰਕੇ ਉਨ੍ਹਾਂ ਨੂੰ ਬਹੁਤ ਗੁੱਸੇ ਹੋਏ। ਉਹ ਬਹੁਤ ਕਰੋਧ ਵਿਚ ਹੱਥ ਖੁੰਡੀ ਫੜ ਕੇ ਉਨ੍ਹਾਂ ਨੂੰ ਝਿੜਕ ਰਹੇ ਸਨ ਅਤੇ ਸ. ਗੁਰਬਖ਼ਸ਼ ਸਿੰਘ ਹਰ ਸੰਭਵ ਹੀਲਾ ਕਰਕੇ, ਤਰਲੇ-ਮਿੰਨਤਾਂ ਕਰਕੇ, ਖਿਮਾਂ ਜਾਚਨਾ ਲਈ ਅਰਜੋਈਆਂ ਕਰ ਰਹੇ ਸਨ, ਜਿਵੇਂ ਇਕ ਬੱਚਾ ਆਪਣੇ ਮਾਂ ਅੱਗੇ ਮੁਆਫ਼ੀ


ਲਈ ਤਰਲੇ ਕੱਢਦਾ ਹੈ ਇਹ ਉਨ੍ਹਾਂ ਦੀ ਨਿਮਰਤਾ ਅਤੇ ਸਹਿਣਸ਼ੀਲਤਾ ਦਾ ਸਿਖ਼ਰ ਸੀ ਜਿਹੜਾ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ।

ਉਨ੍ਹਾ ਲਈ ਉਨ੍ਹਾ ਦਾ ਸਾਰਾ ਕੁਝ ਰਾਜਾ ਸਾਹਿਬ ਜੀ ਸਨ ਅਤੇ ਉਨ੍ਹਾਂ ਦਾ ਹਰ ਤੀਰਥ ਮਜਾਰਾ ਸੀ। ਦੀਵਾਲੀ ਮੌਕੇ ਜਦੋਂ ਲੋਕਾਂ ਦੂਰ ਦੂਰ ਆਪਣੇ ਇਸ਼ਟ ਅੱਗੇ ਚਿਰਾਗ ਬਾਲਣ ਜਾਂਦੇ ਉਹ ਮਜਾਰੇ ਆ ਜਾਂਦੇ। ਹੋਲਾ-ਮਹੱਲਾ ਹੋਵੇ, ਮਾਘੀ ਹੋਵੇ, ਵਿਸਾਖੀ ਹੋਵੇ ਜਾ ਕੋਈ ਵੀ ਤਿਉਹਾਰ ਹੋਵੇ ਉਹ ਸਵਖਤੇ ਹੀ ਮਜਾਰੇ ਹੁੰਦੇ। ਉਹ ਜਦੋਂ ਵੀ ਘਰ ਆਉਂਦੇ ਇਕ ਵਿਸ਼ੇਸ਼ ਅਦਬ ਉਨ੍ਹਾਂ ਦੇ ਨਾਲ ਹੁੰਦਾ। ਘਰ ਦੇ ਸਾਰੇ ਜੀਅ ਉਨ੍ਹਾਂ ਉੱਠ ਕੇ ਮਿਲਦੇ ਉਹ ਸਾਡੇ ਹੱਥ ਚੁੰਮਦੇ, ਸਿਰ ਪਲੋਸਦੇ ਅਤੇ ਕਹਿੰਦੇ, "ਤੁਸੀਂ ਮੇਰੇ ਰਾਜੇ ਦੇ ਘਰ ਦੀਆਂ ਚੰਗੀਆਂ ਧੀਆਂ ਹੋ, ਸਦਾ ਨੇਕ ਕਰਮ ਕਰਨੇ।

'ਨੂਰੀ ਕਿਰਨਾਂ' ਉਨ੍ਹਾਂ ਦੀ ਸਖ਼ਤ ਮੁਸ਼ੱਕਤ, ਕਰੜੀ ਘਾਲਣਾਂ ਅਤੇ ਡੂੰਘੀ ਲਗਨ ਦਾ ਸਿੱਟਾ ਹੈ। ਰਾਜਾ ਸਾਹਿਬ ਜੀ ਦੇ ਸਾਰੇ ਸੇਵਕਾਂ ਵਿਚੋਂ ਪਾਤਸ਼ਾਹ ਨਾਲ ਸੰਬੰਧਿਤ ਜਾਣਕਾਰੀ ਅਤੇ ਸਾਖੀਆਂ ਨੂੰ ਕਲਮਬੰਦ ਕਰ ਲੈਣ ਦਾ ਵਿਚਾਰ ਕੇਵਲ ਉਨ੍ਹਾਂ ਦੇ ਹੀ ਹਿੱਸੇ ਆਇਆ। ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਉਨ੍ਹਾਂ ਦਿਨ ਇਕ ਕੀਤਾ। ਜੇਕਰ ਉਹ ਇਸ ਸਧਾਰਨ ਦਿਸਦੇ ਕਾਰਜ ਨੂੰ ਨਾ ਕਰਕੇ ਜਾਂਦੇ ਤਾਂ ਅੱਜ ਸਾਡੇ ਕੋਲ ਰਾਜਾ ਸਾਹਿਬ ਨਾਲ ਸੰਬੰਧਿਤ ਜਾਣਕਾਰੀ ਦੰਦ ਕਥਾਵਾਂ ਦੇ ਰੂਪ ਵਿਚ ਹੁੰਦੀ ਜਿਸ ਵਿਚ ਪਤਾ ਨਹੀਂ ਕਿੰਨੀਆਂ ਕੁ ਮਨਘੜਤ ਕਹਾਣੀਆਂ ਸ਼ਾਮਿਲ ਹੋ ਗਈਆਂ ਹੁੰਦੀਆਂ। ਉਨ੍ਹਾਂ ਦੇ ਇਸ ਕਾਰਜ ਲਈ ਅਸੀਂ ਸਾਰੇ ਉਨ੍ਹਾਂ ਦੇ ਸਦਾ ਹੀ ਦੇਣਦਾਰ ਹਾਂ। 'ਨੂਰੀ ਕਿਰਨਾਂ' ਲਿਖਣ ਨਾਲ ਉਹ ਇਕ ਸਧਾਰਨ ਮਨੁੱਖ ਤੋਂ ਇਕ ਖੋਜੀ ਇਤਿਹਾਸਕਾਰ ਬਣੇ ਜਿਨ੍ਹਾਂ ਦੀ ਲਿਖਤ ਰਾਜਾ ਸਾਹਿਬ ਦੀ ਸੰਗਤ ਲਈ ਚਾਨਣ ਮੁਨਾਰਾ ਹੈ। ਇਕ ਦਿਨ ਆਵੇਗਾ ਜਦੋਂ 'ਨੂਰੀ ਕਿਰਨਾਂ' ਰਾਜਾ ਸਾਹਿਬ ਜੀ ਦੇ ਇਤਿਹਾਸ ਦਾ ਮੀਲ ਪੱਥਰ ਬਣਨਗੀਆਂ।

ਅੰਤ ਵਿਚ ਮੈਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਕਰਦੀ ਹਾਂ ਕਿ ਇਸ ਜੀਵਨ ਸਾਖੀ ਨੂੰ ਬਹੁਤ ਪ੍ਰੇਮ ਅਤੇ ਸ਼ਰਧਾ ਨਾਲ ਸੰਭਾਲ ਕੇ ਪੜ੍ਹਨ ਅਤੇ ਰੱਖਣ। ਇਸ ਦੀ ਪੁਨਰ ਛਪਾਈ ਅਤੇ ਸੋਧ ਵਿਚ ਜੇਕਰ ਕੋਈ ਭੁੱਲ ਹੋਈ ਹੋਵੇ ਤਾਂ ਗੁਰੂ ਅਤੇ ਸੰਗਤ ਦੋਵੇਂ ਹੀ ਮੁਆਫ਼ ਕਰ ਦੇਣ ਦੇ ਸਮਰੱਥ ਹਨ। ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਅਤੇ ਸਮੂਹ ਸੰਗਤ ਦੇ ਕੋਟਿਨ-ਕੋਟਿ ਧੰਨਵਾਦ ਸਹਿਤ

ਸੰਗਤਾਂ ਦੀ ਦਾਸਰੀ ਪਰਮਜੀਤ ਕੌਰ



ਹਜ਼ੂਰ ਮਹਾਰਾਜ ਮਸਤ ਗੁਰੂ ਸਾਹਿਬ ਦਾਸ ਜੀ ਪਟਿਆਲੇ ਵਾਲੇ



ਮਕਬਰਾ ਸਾਈਂ ਝੰਡੀ ਪੀਰ (ਕਡਿਆਣਾ)



ਭਗਵਾਨ ਦਾਸ ਗੁਰੂ ਮੰਨੀਏ ਕਾਮਲ ਵਲੀ ਫਕੀਰ, ਰਸਤੇ ਰਸਤੇ ਜਾਂਵਦਾ ਦੇਵੇ ਛੋਡ ਸਰੀਰ

ਯਾਦਗਾਰ ਧੰਨ ਧੰਨ ਬਾਬਾ ਜਵਾਹਰ ਸਿੰਘ ਜੀ ਪਿੰਡ ਗੋਬਿੰਦਪੁਰ



ਬਿਚ ਹਜ਼ੂਰੀ ਮਰਤਬੇ ਰਹਿੰਦੇ ਸੁਹਬਾ ਸਾਮ।
ਸਤਿਗੁਰ ਕੇ ਗੁਰ ਅੱਲੀਆ ਹੰਬੀਰ ਚੰਦ ਜੀ ਨਾਮ॥

ਸਮਾਧ
ਹਜ਼ੂਰ ਲਾਲਾ ਬਲੀ ਜੀ ਸਰਕਾਰ
(ਝਿੰਗੜਾਂ)




ਜਨਮ ਅਸਥਾਨ ਹਜ਼ੂਰ
ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ
ਇਨਸੈੱਟ ਨਾਨਕੇ ਘਰ ਹਜ਼ੂਰ
ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ
ਪਿੰਡ ਬੱਲੋਵਾਲ



ਸਮਾਧ ਮਸਤ ਗੁਰੂ ਬਾਬਾ ਸਾਹਿਬ ਦਾਸ ਜੀ, ਮੰਗਵਾਲ (ਸੰਗਰੂਰ)



ਪਵਿੱਤਰ ਬੈਰਾਗਣ ਲਾਲਾ ਬਲੀ ਜੀ (ਝਿੰਗੜਾਂ)



ਰਸੋਖਾਨਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ, ਮਜਾਰਾ ਨੰ ਆਬਾਦ



ਤਖ਼ਤ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ, (ਰਹਿਪਾ)



ਤਪ-ਅਸਥਾਨ ਗੁਰਦੁਆਰਾ ਸ੍ਰੀ ਸਰੋਵਰ ਸਾਹਿਬ (ਗੁਣਾਚੌਰ)
ਜਿਸ ਦੀ ਸੇਵਾ ਮਹਾਰਾਜਾ ਜੀ ਨੇ ਆਪਣੀ ਹਾਜ਼ਰੀ ਵਿਚ ਕਰਵਾਈ ਅਤੇ ਬਚਨ
ਕੀਤਾ ਕਿ ਇਸ ਜਗ੍ਹਾ ਤੇ ਇਸ਼ਨਾਨ ਕਰਨ ਨਾਲ ਹਰ ਤਰ੍ਹਾਂ ਦੇ ਦੁੱਖ ਦੂਰ ਹੋਣਗੇ।



ਪਵਿੱਤਰ ਅਸਥਾਨ ਰੌਲੀ ਵਾਲੀ ਖੂਹੀ, ਹੇੜੀਆਂ



ਗੁਰਦੁਆਰਾ
ਦੁੱਖ ਨਿਵਾਰਨ ਸਾਹਿਬ
ਪਿੰਡ ਝਿੰਗੜਾਂ
ਇਨਸੈੱਟ ਮਸਤਗੜ੍ਹ ਸਾਹਿਬ



ਗੁਰਦੁਆਰਾ ਮੰਜੀ ਸਾਹਿਬ
ਪਿੰਡ ਗੋਸਲਾਂ



ਗੁਰਦੁਆਰਾ ਬੰਗਲਾ ਸਾਹਿਬ ਪਿੰਡ ਸੁੱਜੋਂ




ਯਾਦਗਾਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ, ਜੱਦੀ ਪਿੰਡ ਮੰਨਣਹਾਨਾ



ਮਜ਼ਾਰ

ਬਾਬਾ ਮੀਆਂ ਸਾਹਿਬ ਜੀ ਸਰਕਾਰ

(ਕਰਨਾਣਾ)



ਤਕੀਆ

ਬਾਬਾ ਬੁਲਣ ਸ਼ਾਹ ਜੀ

(ਰਹਿਪਾ)



ਵਰਿਆਮ ਸਿੰਘ, ਪੰਜਾਬ ਸਿੰਘ ਜੀ ਦਾ ਖ਼ੂਹ (ਮਜਾਰਾ ਨੌ ਆਬਾਦ) ਇਸ ਜਗ੍ਹਾ ਇੰਦਰ ਨੂੰ ਪੁੱਤਰ (ਤਰਸੇਮ ਸਿੰਘ) ਦੀ ਬਖ਼ਸ਼ਿਸ਼ ਕੀਤੀ। ਇਸ ਜਗ੍ਹਾ ਬਾਰਾਂ ਤੇਰਾਂ ਸਾਲ ਰਹਿ ਕੇ ਦੁਨਿਆਵੀ ਜੀਵਾਂ ਦਾ ਉਦਾਰ ਕੀਤਾ। ਨਾਲ ਹੀ ਬੇਰੀ ਦਾ ਦਰਖ਼ਤ ਨਜ਼ਰ ਆ ਰਿਹਾ ਹੈ, ਜਿੱਥੇ ਇੰਦਰ ਨੂੰ ਸੱਪ ਚੁੱਕਣ ਲਈ ਕਿਹਾ ਸੀ।



ਸੱਚ ਖੰਡ ਧਾਮ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ, ਮਜਾਰਾ ਨੌ ਆਬਾਦ
(ਮਿਸਤਰੀ ਕਰਤਾਰ ਸਿੰਘ ਦਾ ਘਰ)



ਵਰਿਆਮ ਸਿੰਘ, ਪੰਜਾਬ ਸਿੰਘ ਜੀ ਦਾ ਖ਼ੂਹ (ਮਜਾਰਾ ਨੌ ਆਬਾਦ) ਇਸ ਜਗ੍ਹਾ ਇੰਦਰ ਨੂੰ ਪੁੱਤਰ (ਤਰਸੇਮ ਸਿੰਘ) ਦੀ ਬਖ਼ਸ਼ਿਸ਼ ਕੀਤੀ। ਇਸ ਜਗ੍ਹਾ ਬਾਰਾਂ ਤੇਰਾਂ ਸਾਲ ਰਹਿ ਕੇ ਦੁਨਿਆਵੀ ਜੀਵਾਂ ਦਾ ਉਦਾਰ ਕੀਤਾ। ਨਾਲ ਹੀ ਬੇਰੀ ਦਾ ਦਰਖ਼ਤ ਨਜ਼ਰ ਆ ਰਿਹਾ ਹੈ, ਜਿੱਥੇ ਇੰਦਰ ਨੂੰ ਸੱਪ ਚੁੱਕਣ ਲਈ ਕਿਹਾ ਸੀ।



ਸੱਚ ਖੰਡ ਧਾਮ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ, ਮਜਾਰਾ ਨੌ ਆਬਾਦ
(ਮਿਸਤਰੀ ਕਰਤਾਰ ਸਿੰਘ ਦਾ ਘਰ)



ਅਸਥਾਨ ਬਾਬਾ ਸਾਹਿਬ ਦਿਆਲ ਜੀ (ਦਮਦਮਾ ਸਾਹਿਬ ਝਿੰਗੜਾਂ) ਬਾਬਾ ਜੀ ਇਸ ਜਗ੍ਹਾ 'ਤੇ ਮਹਾਰਾਜ ਜੀ ਦੇ ਦਰਸ਼ਨ ਕਰਨ ਉਪਰੰਤ ਬੈਠਿਆ ਕਰਦੇ ਸਨ। ਮਹਾਰਾਜ ਰਾਜਾ ਸਾਹਿਬ ਜੀ ਦਾ ਕੁੱਲਾ ਜੋ ਨਾਲ ਹੀ ਸੀ 'ਪਹਿਲਾ ਅਸਥਾਨ' ਵਿਚ ਬੈਠਿਆ ਕਰਦੇ ਸਨ। ਜੋ ਨਾਲ ਹੀ ਨਜ਼ਰ ਆ ਰਿਹਾ ਹੈ। ਬਾਬਾ ਜੀ ਬਾਰੇ ਸਾਬਕਾ ਸਰੰਪਚ ਅਤੇ ਪਤਵੰਤੇ ਸੱਜਣਾਂ ਮੁਤਾਬਕ ਕਿਹਾ ਜਾਂਦਾ ਹੈ ਕਿ ਬਾਬਾ ਜੀ ਆਪਣਾ ਸਿਰ ਮਹਾਰਾਜ ਜੀ ਦੇ ਚਰਨਾ ਤੋਂ ਉਨਾ ਚਿਰ ਨਹੀਂ ਚੁੱਕਦੇ ਸਨ ਜਦੋਂ ਤੱਕ ਮਹਾਰਾਜਾ ਜੀ ਉੱਠਣ ਲਈ ਕਹਿ ਨਾ ਦੇਣ। ਨਾਲ ਹੀ ਇਹ ਵੀ ਨਿਤਨੇਮ ਸੀ ਕਿ ਆਪਣੀ ਪੱਗ ਦੇ ਲੜ ਨਾਲ ਮਹਾਰਾਜ ਜੀ ਦਾ ਜੋੜਾ ਸਾਫ਼ ਕਰਿਆ ਕਰਦੇ ਸਨ।



ਪਵਿੱਤਰ ਅਸਥਾਨ ਫੱਤੂਆਣਾ ਸਾਹਿਬ, ਇਨਸੈੱਟ ਉਸਾਰੀ ਅਧੀਨ
ਬਿਰਧ ਅਤੇ ਯਤੀਮ ਆਸ਼ਰਮ, ਸ੍ਰੀ ਨਾਭ ਕੰਵਲ ਰਾਜਾ ਸਾਹਿਬ



ਮਹੰਤ ਪੂਰਨ ਦਾਸ ਜੀ



ਸਮਾਧ
ਮਹੰਤ ਪੂਰਨ ਦਾਸ ਜੀ



ਮਹਾਰਾਜ ਅਵਧੂਤ ਸਾਹਿਬ ਜੀ
ਰਸੂਲਪੁਰ (ਜਗਰਾਵਾਂ)





ਸਮਾਧ
ਮਹਾਰਾਜਾ ਪ੍ਰੀਤਮ ਦਾਸ ਜੀ
ਝਿੰਗੜਾਂ



ਪਵਿੱਤਰ ਅਸਥਾਨ, ਮਹਾਰਾਜ ਜੀ ਦਾ ਆਪਣਾ ਘਰ (ਮਜਾਰਾ ਰਾਜਾ ਸਾਹਿਬ)
(ਨਾਲ ਹੀ ਬੈਠਕ ਵੀ ਨਜ਼ਰ ਆ ਰਹੀ ਹੈ ਜਿਸ ਵਿਚ ਮਹਾਰਾਜ ਜੀ ਬਿਰਾਜਮਾਨ ਹੁੰਦੇ ਸਨ)
(ਮੌਜੂਦਾ ਸ. ਚੈਨ ਸਿੰਘ, ਕਰਤਾਰ ਸਿੰਘ, ਨੱਥਾ ਸਿੰਘ, ਮਾਈ ਜੱਸੀ ਦਾ ਘਰ)



ਪਵਿੱਤਰ ਅਸਥਾਨ
ਬਾਬਾ ਸਾਹਿਬ ਦਿਆਲ ਜੀ
(ਮਜਾਰਾ ਰਾਜਾ ਸਾਹਿਬ ਜੀ) ਇਸ
ਅਸਥਾਨ 'ਤੇ ਬਾਬਾ ਜੀ ਭਜਨ-ਬੰਦਗੀ
ਦੇ ਨਾਲ ਆਪਣੇ ਹੱਥੀਂ ਮਹਾਰਾਜ ਜੀ ਲਈ
ਸੁੱਚੇ ਤਿੱਲੇ ਦਾ ਜੋੜਾ ਤਿਆਰ ਕਰਦੇ ਸਨ।



ਲੇਖਕ : ਸ. ਗੁਰਬਖਸ਼ ਸਿੰਘ (ਰਹਿਪਾ)

ਦੂਰੀ ਕਿਰਨਾਂ

ਜੀਵਨ ਲੀਲ੍ਹਾ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ

ਮਹਾਰਾਜ ਰਾਜਾ ਸਾਹਿਬ ਜੀ ਦੇ ਪੜਦਾਦਾ ਜੀ ਬਾਬਾ ਨੌਧਾ ਜੀ ਸਨ। ਨੌਧੇ ਦੇ ਦੋ ਪੁੱਤਰ ਸਨ। ਵੱਡੇ ਦਾ ਨਾਂ ਬਾਬਾ ਭੋਲਾ ਅਤੇ ਛੋਟੇ ਦਾ ਨਾਮ ਸਿਬੋ ਸੀ। ਭੋਲੇ ਦਾ ਪੁੱਤਰ ਬਾਬਾ ਮੰਗਲ ਦਾਸ ਜੀ ਅਤੇ ਸਿਬੋ ਦਾ ਪੁੱਤਰ ਰਲਾ ਸੀ। ਰਲੇ ਦਾ ਪੁੱਤਰ ਉਮਰ ਚੰਦ ਅਤੇ ਮੰਗਲ ਦਾਸ ਦੇ ਘਰ ਕੰਵਲ ਦਾ ਰੂਪ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਹੋਇਆ। ਬਾਬਾ ਨੌਧਾ, ਪਿੰਡ ਮੰਨਣਹਾਨੇ ਵਿਚ ਨੰਬਰਦਾਰ ਸੀ। ਇਕ ਸੌ ਪੱਚੀ ਘੁਮਾਂ ਜ਼ਮੀਨ ਦਾ ਮਾਲਿਕ ਸੀ। ਕਾਫ਼ੀ ਪਿੰਡਾਂ ਵਿਚ ਨੌਧੇ ਦੀ ਚੌਧਰ ਦਾ ਸਿੱਕਾ ਚੱਲਦਾ ਸੀ। ਮੰਗਲ ਦਾਸ ਪਿੰਡ ਬੱਲੋਆਲ, ਤਹਿਸੀਲ ਬੰਗਾ ਜ਼ਿਲ੍ਹਾ ਨਵਾਂਸ਼ਹਿਰ ਵਿਚ ਨੰਬਰਦਾਰ ਖ਼ਜਾਨੇ ਦੀ ਪੁੱਤਰੀ ਮਾਤਾ ਸਾਹਿਬ ਦੇਈ ਨਾਲ ਵਿਆਹੇ ਗਏ। ਵਿਆਹ ਤੋਂ ਪਿੱਛੋਂ ਕਈ ਸਾਲ ਤੱਕ ਮਾਤਾ ਗੰਗਾ ਜੀ ਦੀ ਤਰਾਂ ਘਰ ਪੁੱਤ ਨਾ ਹੋਇਆ। ਪੁੱਤਰਾਂ ਬਿਨਾਂ ਘਰਾਂ ਦੇ ਭਾਗ ਅਧੂਰੇ ਹੀ ਰਹਿੰਦੇ ਹਨ, ਜਿਵੇਂ ਖ਼ੂਹ ਬਿਨਾਂ ਜੂਹ ਥਰਾਨੀ, ਚੰਦ ਬਿਨਾਂ ਰੈਣ ਸੁੰਨੀ, ਫੁੱਲ ਬਿਨਾਂ ਤਰਵਰ ਸੁੰਨਾ, ਨੀਰ ਬਿਨਾਂ ਸਰੋਵਰ ਸੁੰਨਾ, ਖੁਸ਼ਬੋ ਬਿਨਾਂ ਫੁੱਲ ਸੁੰਨਾ, ਐਸੇ ਹੀ ਪੁੱਤਰ ਬਿਨਾਂ ਘਰ, ਮੰਦਰ, ਦੌਲਤਾਂ, ਹਵੇਲੀਆਂ ਸੁੰਨੀਆਂ ਹੁੰਦੀਆਂ ਹਨ। ਜਿਵੇਂ ਰਾਜਾ ਦਸ਼ਰਥ (ਰਾਮ ਚੰਦਰ ਜੀ ਦੇ ਪਿਤਾ) ਨੇ ਪੁੱਤਰ ਪ੍ਰਾਪਤੀ ਵਾਸਤੇ ਯੱਗ, ਹਵਨ ਕੀਤੇ ਸਨ, ਪਤਰੇਸ਼ਟੀ ਯੱਗ ਕੀਤਾ, ਪ੍ਰਭੂ ਦੀ ਭਗਤੀ ਕੀਤੀ, ਐਸੇ ਹੀ ਬਾਬਾ ਮੰਗਲ ਦਾਸ ਜੀ, ਮਾਤਾ ਸਾਹਿਬ ਦੇਈ ਜੀ ਵੀ ਲੱਗੇ ਸਾਧੂ ਸੰਤਾਂ ਦੀ ਸੇਵਾ ਕਰਨ ਅਤੇ ਯੱਗ ਹਵਨ ਕਰਨ, ਪ੍ਰਭੂ ਦੀ ਭਗਤੀ ਕਰਨ ਲੱਗੇ। ਪੁੱਤਰ ਪ੍ਰਾਪਤੀ ਵਾਸਤੇ ਭਗਤੀ ਕਰਦੇ-ਕਰਦੇ ਉਹ ਉੱਚ ਕੋਟੀ ਦੇ ਸਾਧੂ ਬਣ ਗਏ। ਭਜਨ ਦੀ ਹੀ ਮੂਰਤੀ ਬਣ ਗਏ। ਗੁਰੂ ਤੇਗ ਬਹਾਦਰ ਜੀ ਵਾਂਗਰਾਂ ਅੱਖਾਂ ਦੇ ਕੋਣੇ ਵੀ ਵੈਰਾਗ ਦੇ ਪਾਣੀ ਨਾਲ ਖ਼ਰਾਬ ਹੋ ਗਏ ਸਨ। ਕੁੱਝ ਨਜ਼ਰ ਵੀ ਕਮਜ਼ੋਰ ਹੋ ਗਈ ਅਤੇ ਅਕਾਸ਼ਬਾਣੀ ਹੋਈ- ਬੰਦਗੀ ਮਨਜ਼ੂਰ ਹੋਈ, ਖ਼ੁਦ ਭਗਵਾਨ ਜੀ, ਆਪ ਦੇ ਘਰ ਪ੍ਰਗਟ ਹੋਣਗੇ ਅਤੇ ਇੱਕੀ ਕੁਲਾਂ ਦਾ

ਉੱਦਾਰ ਕਰਨਗੇ। ਤੁਹਾਡਾ ਸੰਸਾਰ ਨੂੰ ਸਿੱਧੇ ਰਾਹ ਲਾਵੇਗਾ, ਧਰਮ ਨੂੰ ਸੁਰਜੀਤ ਕਰੇਗਾ, ਤੇਰਾ ਨਾਮ ਵੀ ਰੌਸ਼ਨ ਕਰੇਗਾ। ਪੱਥਰਾਂ, ਬ੍ਰਿਖਾਂ, ਪਰਬਤਾਂ ਨਰ, ਨਾਰਾਂ, ਗੰਧਰਬਾਂ, ਬਨ ਮਾਨਸਾਂ ਸਭ ਨੂੰ ਨਿਵਾਜੇਗਾ। ਪੱਚੀ ਸਾਲ ਬ੍ਰਹਮ ਚਰਜ ਦੀ ਪਾਲਣਾ ਕਰਕੇ ਵਰਿਆਮ ਪੁੱਤਰ ਦਾ ਸੰਕਲਪ ਕੀਤਾ। ਮਨ ਉਸ ਭਾਗਾਂ ਭਰੇ ਦਿਨ ਦੇ ਸ਼ੁਛਨੇ ਲੈਣ ਲੱਗਾ ਮਨ ਖੁਸ਼ੀ ਨਾਲ ਝਲ੍ਹਕਾਂ ਮਾਰਨ ਲੱਗਾ। ਰੋਮ-ਰੋਮ ਗਦ ਗਦ ਹੋਣ ਲੱਗਾ। ਉਹ ਸੋਹਣੇ ਸੋਹਣੇ ਸੁਪਨੇ ਦੇਖ ਰਹੇ ਸਨ। ਮਨ ਦਾ ਝੁਕਾਓ ਹੋਰ ਵੀ ਦਿਨੋ-ਦਿਨ ਪ੍ਰਭੂ ਭਗਤੀ ਵੱਲ੍ਹ ਨੂੰ ਵਧਦਾ ਜਾ ਰਿਹਾ ਸੀ। ਜਿਸ ਖੰਡ ਵਿਚ ਰੱਬ ਦਾ ਨੂਰ ਪ੍ਰਗਟ ਹੋਣਾ ਹੋਵੇ ਉਸ ਖੰਡ ਦੇ ਬਣ ਪਰਬਤ, ਪਸ਼ੂ ਨਰ-ਨਾਰੀ ਸਭ ਮਸਤੀ ਵਿਚ ਝੂਮ ਉਠਦੇ ਹਨ, ਜਿਸ ਮਾਤਾ-ਪਿਤਾ ਦੀ ਗੋਦ ਨੂੰ ਭਾਗ ਲਗਣੇ ਹੋਣ, ਉਸ ਦੀ ਕੀ ਗੱਲ ਆਖਣੀ ਹੈ? ਮਾਤਾ ਜੀ ਦੇ ਰੋਮ ਰੋਮ ਵਿਚ ਪ੍ਰੇਮ ਦੀਆਂ ਝਰਨਾਹਟਾਂ ਪੈਣ ਲੱਗੀਆਂ। ਹਰ ਰੋਜ਼ ਦੇਵਤਿਆਂ ਦੇ ਸੋਹਣੇ-ਸੋਹਣੇ ਸੁਪਨੇ ਆ ਰਹੇ ਸਨ। ਮਨ ਵਿਚ ਬਹੁਤ ਸਰੂਰ ਰਹਿਣ ਲੱਗਾ, ਮਨ ਭਗਤੀ ਵਿਚ ਲੀਨ ਰਹਿਣ ਲੱਗਾ। ਮਨ ਸਤਿ ਸੰਤੋਖ ਦਾ ਪੁੰਜ ਬਣਦਾ ਜਾ ਰਿਹਾ ਸੀ।

(ਸਾਖੀ ਪਹਿਲੀ)

ਸਾਖੀ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਦੇ ਜਨਮ ਦੀ ਚੱਲੀ

ਪਿੰਡ ਮੰਨਣਹਾਨਾਂ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿਤਾ ਮੰਗਲ ਦਾਸ, ਮਾਤਾ ਸਾਹਿਬ ਦੇਵੀ ਜੀ ਦੀ ਪਵਿੱਤਰ ਕੁੱਖ ਤੋਂ ਸੰਃ ਈਸਵੀ ਅਠਾਰਾਂ ਸੌ ਬਾਠ (੧੮੬੨) ਸੱਤ ਫੱਗਣ ਦਿਨ ਐਤਵਾਰ ਰੋਹਣੀ ਨਛੱਤਰ, ਸਿੰਘ ਰਾਸ਼ੀ, ਸ਼ਿਵ ਜੋਗ ਫੱਗਣ ਸੁਦੀ (੧੧) ਗਿਆਰਾਂ ਢਲੀ ਰਾਤ, ਤਿੰਨ ਵੱਜ ਕੇ ਪੱਚੀ ਮਿੰਟ, ਸਤਾਰਾਂ ਸਕਿੰਟ ਤੇ ਜਨਮ ਬੱਲੋਆਲ ਨਾਨਕੇ ਪਿੰਡ ਵਿਚ ਹੋਇਆ।

ਆਪਿ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਉ।

ਜਨਮ ਸਮੇਂ ਦੇਵ ਲੋਕ ਵਿਚੋਂ ਦੇਵਤਿਆਂ ਨੇ ਫੁੱਲਾਂ ਦੀ ਵਰਖਾ ਕੀਤੀ।

ਮਾਤ ਲੋਕ ਵੱਲ੍ਹ ਲੱਖ-ਲੱਖ ਸਿਜਦੇ ਕੀਤੇ, ਮੰਗਲਾਚਾਰ ਕੀਤਾ। ਗੰਧਰਵਾਂ ਨੇ ਰਾਸ ਮੰਡਲਾ ਕੀਤਾ। ਖੁਸ਼ੀਆਂ ਦੇ ਗੀਤ ਗਾਏ। ਨੀਲੇ-ਨੀਲੇ ਆਕਾਸ਼ ਵਲੋਂ ਸਿਤਾਰਿਆਂ ਨੇ ਝਲ੍ਹਕਾਂ ਮਾਰੀਆਂ, ਲੱਖ-ਲੱਖ ਵਾਰ ਸਲਾਮਾਂ ਕੀਤੀਆਂ। ਸੁੱਕੇ ਬਾਗਾਂ ਨੇ ਲਾਗਰਾਂ ਛੱਡੀਆਂ, ਸੁੱਕੇ ਦਰਿਆਵਾਂ ਦੇ ਵਹਿਣ ਵਹਿ ਤੁਰੇ। ਪੌਣ ਪਾਣੀ ਬਾਗਾਂ ਵਿਚੋਂ ਫੁੱਲਾਂ ਦੇ ਸਿਹਰੇ ਗੁੰਦ ਕੇ ਸੋਹਣੇ ਪ੍ਰੀਤਮ ਜੀ ਦੇ ਭੇਟ ਕੀਤੇ। ਸੱਚੇ ਪ੍ਰੀਤਮ ਜੀ ਤੋਂ ਖੁਸ਼ੀਆਂ ਹਾਸਿਲ ਕੀਤੀਆਂ। ਛੇਆਂ ਰੁੱਤਾਂ ਦੀ ਸਭ ਤੋਂ ਵੱਡੀ ਰੁੱਤ ਬਸੰਤ ਰੁੱਤ ਕੇਸਰੀ ਬਸੰਤੀ ਸੂਟ ਪਾ ਕੇ ਹਾਰ ਸ਼ਿੰਗਾਰ ਲਾਈ, ਜੀਵਨ ਵਿਚ ਮਸਤ ਹੋਈ, ਖੇਤਾਂ ਬੰਨੇ, ਪਰਬਤਾਂ ਨੂੰ ਹੁਸ਼ਨ ਦਾ ਰੰਗ ਚਾੜ੍ਹਦੀ ਹੋਈ, ਸੋਹਣੇ ਮਾਹੀ ਦੇ ਗੀਤ ਗਾਉਂਦੀ ਹੋਈ, ਸੋਹਣੇ-ਸੋਹਣੇ ਪੀਲੇ ਫੁੱਲਾਂ ਦੇ ਹਾਰ ਗੁੰਦ ਕੇ ਪਿੰਡ ਬੱਲੋਵਾਲ ਪ੍ਰਗਟ ਹੋਏ ਨੂਰ ਦੇ ਗਲ ਪਾਉਂਦੀ ਹੋਈ, ਖੁਸ਼ੀ ਨਾਲ ਮਸਤਾਨੀ ਹੋਈ ਫਿਰਦੀ ਸੀ। ਮੋਰ ਬਾਗਾਂ ਵਿਚ ਪੈਲਾਂ ਪਾ ਰਹੇ ਸਨ। ਸਭ ਨਰ ਨਾਰੀ ਦੇ ਮਨ ਵਿਚ ਖੁਸ਼ੀਆਂ ਦੇ ਜਜ਼ਬਾਤ ਝਲ੍ਹਕਾਂ ਮਾਰਦੇ ਸਨ। ਸਭ ਪਾਸੇ ਸੀਤਲਤਾ ਫੈਲੀ ਹੋਈ ਸੀ

ਘਟਾ ਆਈ ਪਰ ਬੰਨ ਹੋਇ ਰਹੀ ਧੰਨ-ਧੰਨ ਸਾਰੇ ਮਨ ਤਨ ਪ੍ਰਸੰਨਤਾ ਲਿਆਂਵਦੀ॥
ਮਿਠੀ ਮਿਠੀ ਵਗੇ ਪੌਣ ਬਗੁਲੇ ਅਕਾਸ ਭੌਣ ਸੌਣ ਦੀ ਸਿਫਤ ਕੋਈ ਨਹੀਂ ਜਾਂਵਦੀ॥
ਪੈਣ ਲਗੀ ਆ ਫੁਹਾਰ ਬੂੰਦ ਨਨੀ ਦਿਲਦਾਰ ਹੋਏ ਹਮ ਹਮਵਾਰ ਨਾਰ ਨਾਰ ਕੁਸਲਾਂਵਦੀ॥
ਬੈਹਣ ਬਿਸਥਾਰ ਉਤੇ ਆਏ ਭਗਵਾਨ ਦਾਸ ਨੇਹੁਵਾਲੀ ਨਦੀ ਨਹੀਂ ਪਲਕ ਠਰਾਂਵਦੀ॥

ਸਭ ਦੇ ਮਨ ਪ੍ਰਭੂ ਦੀ ਭਗਤੀ ਵਿਚ ਜੁੜ ਗਏ ਸਨ। ਉਮਰੀ ਦਾਈ ਦਾ ਦਿਲ ਅਤੇ ਰੋਮ-ਰੋਮ ਦਰਸ਼ਨ ਕਰ ਕੇ ਨਿਹਾਲ ਹੋ ਗਿਆ। ਇਸ ਤਰਾਂ ਦਾ ਬਾਲਕ ਤਾਂ ਅਸੀਂ ਕਦੀ ਨਹੀਂ ਸੀ ਵੇਖਿਆ। ਇਹ ਤਾਂ ਕੋਈ ਖੁਦਾ ਦਾ ਹੀ ਨੂਰ ਪੈਦਾ ਹੋਇਆ ਹੈ। ਇਸਦੇ ਚਿਹਰੇ ਦਾ ਜਲਾਲ ਅਤੇ ਝਲਕ ਅਨੋਖੀ ਹੀ ਪੈਂਦੀ ਹੈ। ਸੁੰਦਰ ਵੀ ਬਹੁਤ ਹੈ। ਮਸਤਕ ਉੱਚਾ, ਨੱਕ ਖੰਡੇ ਦੀ ਧਾਰ ਵਰਗਾ, ਭੁਜਾਂ ਲੰਮੀਆਂ, ਗੋਲ-ਗੋਲ ਉਂਗਲਾਂ ਲੰਮੀਆਂ, ਨੈਣ ਨਸ਼ੀਲੇ, ਰੋਮ ਸੁਨਹਿਰੀ ਕੁੰਡਲਦਾਰ, ਚਰਨ ਕੋਮਲ ਗੁਲਾਬ ਦੇ ਫੁੱਲਾਂ ਵਰਗੇ, ਜਾਣੋ ਸਰੂਪ ਦਾ ਹੀ

ਪੁਤਲਾ ਹੈ। ਇਸ ਦੀ ਛੋਹ ਨਾਲ ਹੀ ਮੇਰਾ ਸੀਨਾ ਸਾਫ਼ ਹੋ ਗਿਆ ਹੈ। ਸਰੀਰ ਫੁੱਲਾਂ ਵਰਗਾ ਹਲਕਾ ਲੱਗਦਾ ਹੈ। ਕੋਈ ਅਨੋਖਾ ਹੀ ਸਰੂਰ ਆ ਰਿਹਾ ਹੈ। ਅੱਖਾਂ ਮਿਲਦੀਆਂ ਜਾ ਰਹੀਆਂ ਹਨ। ਦਿਲ ਕਰਦਾ ਹੈ, ਤੱਕੀ ਜਾਵਾਂ। ਅੱਖਾਂ ਸਬਰ ਨਹੀਂ ਕਰਦੀਆਂ। "ਲੂ ਲੂ ਦੇ ਮੁੱਢ ਲੱਖ-ਲੱਖ ਚਸ਼ਮਾ ਮੈਂ ਇਕ ਖੋਲ੍ਹਾਂ ਇਕ ਕੱਜਾਂ ਹੂ" ਵਾਲਾ ਹਾਲ ਉਮਰੀ ਦਾਈ ਦਾ ਹੋ ਰਿਹਾ ਸੀ। ਨੰਬਰਦਾਰ ਖ਼ਜਾਨੇ ਨੂੰ ਦੋਹਤਰੇ ਦੀਆਂ ਵਧਾਈਆਂ ਮਿਲਣ ਲੱਗੀਆਂ। ਨਾਨਾ ਖੁਸ਼ੀ ਵਿਚ ਖੀਵਾ ਹੋਈ ਫਿਰਦਾ, ਖੁੱਲ੍ਹੇ ਦਿਲ ਨਾਲ ਗਰੀਬਾਂ ਨੂੰ ਲੱਗਾ ਦਾਨ ਕਰਨ। ਪੈਸੇ ਵਾਲੇ ਨੂੰ ਪੈਸਾ ਦੇਵੇ। ਮਿਸ਼ਰੀ ਦੀ ਬੋਰੀ ਖੋਲ੍ਹ ਕੇ ਰੱਖ ਲਈ। ਖ਼ਜਾਨੇ ਦਾ ਛੋਟਾ ਭਾਈ ਹੀਰਾ, ਫ਼ਕੀਰੀਆ, ਮਰਾਸੀ, ਚੌਕੀਦਾਰ ਲੱਗੇ ਢੋਲ ਵਜਾਉਣ ਤੇ ਖੁਸ਼ੀਆਂ ਕਰਨ। ਜਦੋਂ ਮਹਾਰਾਜ ਜੀ ਤੇਰਾਂ ਦਿਨਾਂ ਦੇ ਹੋਏ ਤਾਂ ਮੰਨਣਹਾਨੇ ਸੁਨੇਹਾ, ਮਿਸ਼ਰੀ ਭੇਜੀ। ਫਕੀਰੀਆ ਲੈ ਕੇ ਗਿਆ। ਬਾਬੇ ਭੋਲੇ ਨੇ ਸੁਣ ਕੇ ਬਹੁਤ ਖੁਸ਼ੀ ਮਨਾਈ। ਬਹੁਤ ਦਾਨ ਗਰੀਬ ਲੋਕਾਂ ਨੂੰ ਕੀਤਾ। ੩੦ ਘੁਮਾਂ ਜ਼ਮੀਨ ਪਿੰਡ ਕੰਗਰੋੜ ਦੀ ਦਾਨ ਵਜੋਂ ਛੱਡ ਦਿੱਤੀ। ਵੱਡੀ ਸਰਕਾਰ ਦੀਆਂ ਵਧਾਈਆਂ ਦੀ ਰਾਜੇ ਮਹਾਰਾਜਿਆਂ ਵਾਲੀ ਖੁਸ਼ੀ ਮਨਾਈ ਗਈ। ਪਿਤਾ ਮੰਗਲ ਦਾਸ ਜੀ ਉਨ੍ਹਾਂ ਦਿਨਾਂ ਵਿਚ ਪਿੰਡ ਖੈੜ ਹੀ ਰਹਿੰਦੇ ਸਨ। ਨਾਨਕੇ ਵੀ ਖੈੜ ਹੀ ਸਨ। ਮੰਗਲ ਦਾਸ ਸਾਧੂ ਬਣ ਗਏ ਸਨ। ਜਦੋਂ ਮਹਾਰਾਜ ਜੀ ਦੇ ਜਨਮ ਦਾ ਸੁਨੇਹਾ ਮਿਲਿਆ ਤਾਂ ਬਹੁਤ ਖੁਸ਼ੀ ਮਨਾਈ। ਇਸੇ ਖੁਸ਼ੀ ਵਿਚ ਖੈੜ ਦੇ ਪੂਰਬ ਵੱਲ੍ਹ ਠੁਆਣੇ ਦੇ ਰਾਹ 'ਤੇ ਇਕ ਖੂਹੀ ਪੁੰਨ ਅਰਥੀ ਲੁਆਈ। ਚਾਰ ਪੰਜ ਕਨਾਲ ਜਗ੍ਹਾ ਵੀ ਛੱਡੀ, ਜਿਹੜੀ ਖੂਹੀ ਅੱਜ ਵੀ ਬਾਬਾ ਮੰਗਲ ਦਾਸ ਜੀ ਦੇ ਨਾਂ ਤੇ ਬੁਲਾਈ ਜਾਂਦੀ ਹੈ। ਇਕ ਚਾਰ ਖਣ ਦਾ ਕਮਰਾ ਵੀ ਹੈ। ਪੰਜ ਸੱਤ ਬੂਟੇ ਅੰਬਾਂ ਦੇ ਵੀ ਵਿਚ ਲੱਗੇ ਹੋਏ ਹਨ। ਲੋਕੀ ਮੰਨਦੇ ਤੇ ਪੂਜਦੇ ਹਨ। ਮੰਗਲ ਦਾਸ ਜੀ ਖੂਹੀ ਲੁਆ ਕੇ ਪਿੰਡ ਬੱਲੋਆਲ ਸਹੁਰੇ ਘਰ ਆਏ। ਆ ਕੇ ਬਾਲਕ ਦੇ ਰੂਪ ਵਿਚ ਸੋਹਣੇ ਪੁੱਤਰ ਦਾ ਮੁਖੜਾ ਡਿੱਠਾ। ਚਿਰਾਂ ਦੀ ਮਨੋਂ ਕਾਮਨਾ ਪ੍ਰਭੂ ਨੇ ਪੂਰੀ ਕੀਤੀ। ਮਨ ਖੁਸ਼ੀ ਵਿਚ ਫੁਲਿਆ ਨਹੀਂ ਸੀ ਸਮਾਉਂਦਾ। ਦਿਲ ਜਾਨ ਰੋਮ-ਰੋਮ ਖੁਸ਼ੀ ਨਾਲ ਝੂਮ ਉਠਿਆ। ਸਭ ਲਾਗੀ ਲੋਕ ਲੱਗੇ ਵਧਾਈਆਂ ਦੇਵਣ। ਫ਼ਕੀਰੀਏ ਚੌਕੀਦਾਰ ਪੁੱਛਿਆ, "ਬਾਲਕ ਦਾ ਕੀ ਨਾਂ ਰੱਖਿਆ ਹੈ? ਕੀ ਕਿਤਾਬ ਤੇ ਚੜ੍ਹਾਈਏ?" ਸਾਰੇ ਘਰ ਵਾਲਿਆਂ ਨੇ

ਸਲਾਹ ਕਰਕੇ ਪਿੰਡ ਤਾਹਰਪੁਰ ਸਰਹਾਲ ਤੋਂ ਪੰਡਿਤ ਸ਼੍ਰੀ ਵੇਦ ਪ੍ਰਕਾਸ਼ ਬੁਲਾਇਆ। ਪੰਡਿਤ ਜੀ ਨੇ ਜਨਮ ਦਾ ਸਮਾਂ ਪੁੱਛ ਕੇ ਜਨਮ ਕੁੰਡਲੀ ਬਣਾਈ। ਗ੍ਰਹਿਆਂ ਦਾ ਮੇਲ ਕੀਤਾ। ਪਤਰੀ ਵਾਚਣ ਤੋਂ ਦੇਖਿਆ ਕਿ ਬਹੁਤ ਚੰਗੇ ਘਰ ਵਿਚ ਗ੍ਰਹਿ ਮੇਲ ਖਾਂਦੇ ਹਨ। ਜਨਮ ਕੁੰਡਲੀ ਬਣਾ ਕੇ ਪੰਡਿਤ ਜੀ ਕਹਿਣ ਲੱਗੇ। ਇਹ ਤਾਂ ਕੋਈ ਰੱਬ ਦਾ ਹੀ ਰੂਪ ਬੰਦੇ ਦੀ ਸੂਰਤ ਵਿਚ ਪ੍ਰਗਟ ਹੋਇਆ ਹੈ। ਇਸ ਦੇ ਪਿੱਛੇ ਬਹੁਤ ਲੋਕਾਈ ਲੱਗੀ ਫਿਰੇਗੀ। ਇਸ ਪਿੱਛੇ ਸੰਸਾਰ ਉਧਰੇਗਾ ਜਿਸ ਦਾ ਜਸ ਸਾਰੀ ਦੁਨੀਆਂ ਵਿਚ ਹੋਵੇਗਾ। ਇਹ ਤਾਂ ਗੁਰੂ ਪੀਰ ਅਵਤਾਰ ਹੋਵੇਗਾ। ਰਾਜਿਆਂ ਦਾ ਰਾਜਾ ਹੋਵੇਗਾ। ਮੇਰਾ ਜੋਤਿਸ਼ ਤਾਂ ਇਹ ਹੀ ਦਸਦਾ ਹੈ ਵਿਸ਼ਨੂੰ ਭਗਵਾਨ ਹੀ ਜਨਮ ਧਾਰੀ ਹੋ ਕੇ ਆਏ ਹਨ। ਨਾਮ ਭੀ ਭਗਵਾਨ ਦਾਸ ਹੀ ਰੱਖਣਾ ਬਣਦਾ ਹੈ।

ਰੰਗ ਗੋਰਾ, ਨਜ਼ਰ ਤਿੱਖੀ, ਉਂਗਲਾਂ ਮੋਹਰੇ ਤੋਂ ਪਤਲੀਆਂ, ਗੁੱਟ, ਮੋਢੇ, ਗੋਡੇ, ਗਿੱਟੇ, ਛਾਤੀ ਸਭ ਅੰਗ ਗੋਲ ਹੱਡੀਆਂ ਤੋਂ ਰਹਿਤ। ਇਸ ਦੇ ਸਰੀਰ ਦੇ ਚਿੰਨ੍ਹ ਜੋ ਹਰ ਸਭ ਅਵਤਾਰਾਂ ਵਾਲੇ ਹੀ ਹਨ। ਰੋਮ ਸੋਨੇ ਵਰਗੇ ਸੁਨਹਿਰੀ। ਸੱਜੇ ਚਰਨ ਵਿਚ ਪਦਮ, ਹੱਥ ਵਿਚ ਸੰਖ ਚੱਕਰ ਗਦਾ, ਪਦਮ ਦੇ ਚਿੰਨ੍ਹ ਹਨ। ਇਸ ਸੋਹਣੇ ਜਿਹੇ ਬਾਲਕ ਦੇ ਦਰਸ਼ਨ ਕਰਕੇ ਮਨ ਸੀਤਲ ਹੋ ਗਿਆ ਹੈ। ਇਸ ਦੇ ਰੰਗ ਢੰਗ ਸਭ ਵੱਖਰੇ ਹੀ ਹਨ। ਭਗਵਾਨ ਦਾ ਰੂਪ ਸਮਝ ਕੇ ਨਾਮ ਭਗਵਾਨ ਦਾਸ ਹੀ ਰੱਖ ਦਿੱਤਾ। ਮੰਗਲ ਦਾਸ ਜੀ ਹੁੱਕਾ ਸਿਗਰਟ ਤੋਂ ਬਹੁਤ ਨਫ਼ਰਤ ਕਰਦੇ ਸਨ। ਕੁੱਝ ਦਿਨ ਹੀ ਬੱਲੋਆਲ ਠਹਿਰ ਕੇ ਚਾਰ ਦਿਨਾਂ ਬਾਅਦ ਪਿੰਡ ਖ਼ੈੜ ਹੀ ਚਲੇ ਗਏ। ਮੰਗਲ ਦਾਸ ਘਰ ਦਾ ਕੰਮ ਕਾਰ ਸਭ ਛੱਡ ਬੈਠੇ ਸਨ। ਸੰਸਾਰ ਦੇ ਰਿਸ਼ਤੇ ਮੇਲੇ ਤੇ ਝੂਠੇ ਸਮਝ ਕੇ ਸਾਧ ਬਿਰਤੀ ਧਾਰਨ ਕਰ ਲਈ। ਜ਼ਿਆਦਾਤਰ ਖੈੜ ਰਹਿੰਦੇ। ਕਦੀ ਮੁਕੰਦਪੁਰ ਪੂਰਨ ਦਾਸ ਜੀ ਕੋਲ ਧਰਮਸ਼ਾਲਾ ਵਿਚ ਰਹਿੰਦੇ। ਇਕ ਕੁਟੀਆ ਪਿੰਡ ਲੋਦੀਪੁਰ ਬਣਵਾ ਕੇ ਕਦੀ-ਕਦੀ ਰਹਿੰਦੇ। ਮੋਰੋਮਜਾਰੇ ਵੀ ਕੁੱਝ ਸਮਾਂ ਰਹਿੰਦੇ ਰਹੇ। ਲੋਦੀਪੁਰ ਵਾਲੀ ਕੁਟੀਆ ਤਾਂ ਸੰਨ ੪੭ (ਸੰਤਾਲੀ) ਦੀਆਂ ਝੜੀਆਂ ਵਿਚ ਢੱਠੀ ਹੈ। ਮਾਤਾ ਸਾਹਿਬ ਦੇਵੀ ਪੇਕੇ ਘਰ ਪਿੰਡ ਬੱਲੋਵਾਲ ਪਿਤਾ ਖ਼ਜਾਨੇ ਦੇ ਕੋਲ ਰਹੀ। ਖ਼ਜਾਨੇ ਦੇ ਵੀ ਇਕ ਹੀ ਧੀ ਸੀ, ਹੋਰ ਕੋਈ ਪੁੱਤਰ ਨਹੀਂ ਸੀ। ਹੀਰੇ ਦੇ ਵੀ ਸੱਤ ਲੜਕੀਆਂ ਹੀ ਸਨ, ਪੁੱਤਰ ਕੋਈ ਨਹੀਂ ਸੀ।

ਮਾਤਾ ਸਾਹਿਬ ਦੇਵਾ ਪਿਤਾ ਜੀ ਦੀ ਸੇਵਾ ਕਰਦੀ ਸੀ। ਦੋ ਸਾਲ ਮਾਤਾ ਜੀ ਮਹਾਰਾਜਾ ਜੀ ਨੂੰ ਲੈ ਕੇ ਪੇਕੇ ਘਰ ਬੱਲੋਵਾਲ ਹੀ ਰਹੀ। ਪਿੱਛੋਂ ਮੰਨਣਹਾਨੇ ਚਲੇ ਗਏ। ਕਦੀ ਕਦੀ ਖ਼ੈੜ ਵੀ ਚਲੇ ਜਾਂਦੇ ਸਨ। ਮੰਗਲ ਦਾਸ ਜੀ ਵੀ ਖ਼ੈੜ ਹੀ ਰਹਿੰਦੇ ਸਨ। ਕਈ ਲੋਕੀਂ ਮਹਾਰਾਜ ਜੀ ਦਾ ਜਨਮ ਵੀ ਪਿੰਡ ਖ਼ੈੜ ਹੀ ਦੱਸ਼ਦੇ ਸਨ। ਪੂਰੀ ਖੋਜ ਕਰਨ ਤੋਂ ਪਤਾ ਲੱਗਾ, ਜਨਮ ਨਾਨਕੇ ਘਰ ਪਿੰਡ ਬੱਲੋਵਾਲ ਹੀ ਹੋਇਆ ਹੈ। ਮੰਨਣਹਾਨੇ ਕਈ ਸਿਆਣੀਆਂ ਬਜ਼ੁਰਗ ਮਾਈਆਂ ਤੋਂ ਪਤਾ ਕੀਤਾ, ਮਹਾਰਾਜ ਜੀ ਦੇ ਮਾਸੀ ਦੇ ਪੁੱਤਰ ਪਿੰਡ ਤਾਹਰਪੁਰ ਵਾਲੇ ਬਿਸ਼ਨ ਸਿੰਘ ਨੇ ਵੀ ਬੱਲੋਵਾਲ ਦਾ ਹੀ ਦੱਸਿਆ। ਬੱਲੋਵਾਲ ਵੀ ਦੋ ਮਾਈਆਂ ਹਨ ਜਿਨ੍ਹਾਂ ਦੀ ਆਯੂ ਸੌ ਸਾਲ ਤੋਂ ਵੀ ਜ਼ਿਆਦਾ ਹੈ, ਉਨ੍ਹਾਂ ਨੇ ਵੀ ਜਨਮ ਬੱਲੋਵਾਲ ਦਾ ਹੀ ਦੱਸਿਆ ਹੈ। ਬੋਲ ਭਾਈ ਜੀ ਵਾਹਿਗੁਰੂ॥

(ਸਾਖੀ ਦੂਸਰੀ)

ਸਾਖੀ ਰਸੂਲਪੁਰ ਭੂਆ ਅੱਤਰੀ ਕੋਲ ਜਾਣ ਦੀ ਚੱਲੀ

ਜਦੋਂ ਮਹਾਰਾਜ ਜੀ ਦੀ ਉਮਰ ਪੰਜ ਸਾਲ ਦੀ ਹੋਈ ਤਾਂ ਇਨ੍ਹਾਂ ਦੀ ਭੂਆ ਮਾਈ ਅਤਰੀ ਪਿੰਡ ਰਸੂਲਪੁਰ ਮਹਾਰਾਜ ਜੀ ਨੂੰ ਆਪਣੇ ਕੋਲ ਲੈ ਗਈ। ਮਾਤਾ ਅਤਰੀ ਦੇ ਕੋਈ ਧੀ ਪੁੱਤਰ ਨਹੀਂ ਸੀ। ਇਸ ਕਰਕੇ ਜ਼ਿਆਦਾ ਖ਼ਿਆਲ ਕਰਦੀ ਸੀ, ਦੂਜੇ ਪਾਸੇ ਮੰਗਲ ਦਾਸ ਜੀ ਉਨ੍ਹਾਂ ਦਿਨਾਂ ਵਿਚ ਲੋਦੀਪੁਰ ਰਹਿੰਦੇ ਸਨ। ਰਸੂਲਪੁਰ ਦੇ ਨਾਲ ਹੀ ਪਿੰਡ ਮੂਸਾਪੁਰ ਪ੍ਰਾਇਮਰੀ ਸਕੂਲ ਸੀ। ਜਦੋਂ ਮਹਾਰਾਜ ਪੰਜ ਸਾਲ ਦੇ ਹੋਏ ਤਾਂ ਪੜ੍ਹਨ ਲਈ ਲਾ ਦਿੱਤੇ। ਕਰਿਆਮ ਦਾ ਮੌਲਵੀ ਮਾਸਟਰ ਸ਼ਾਹਦੀਨ ਪੜ੍ਹਾਉਂਦਾ ਸੀ। ਉਸ ਅੱਗੇ ਪੜ੍ਹਨ ਲਾ ਦਿੱਤਾ। ਬੁੱਧੀ ਬੜੀ ਤੀਖ਼ਣ ਸੀ। ਮੌਲਵੀ ਸ਼ਾਹਦੀਨ ਹੈਰਾਨ ਸੀ। ਇਸ ਤਰਾਂ ਦਾ ਬਾਲਕ ਅੱਗੇ ਕਦੀ ਨਹੀਂ ਸੀ ਵੇਖਿਆ। ਇਕ ਵਾਰ ਹੀ ਸਬਕ ਦੱਸਣ ਨਾਲ ਯਾਦ ਕਰ ਲੈਂਦਾ ਜਿਵੇਂ ਪਹਿਲਾਂ ਹੀ ਚੌਦਾਂ ਵਿਦਿਆ ਪੜ੍ਹ ਕੇ ਆਇਆ ਹੋਵੇ। ਥੋੜ੍ਹੇ ਹੀ ਸਮੇਂ ਵਿਚ ਸਾਰੇ ਇਲਮ ਪੜ੍ਹ ਲਏ- ਫ਼ਾਰਸੀ, ਇੰਗਲਿਸ਼, ਉਰਦੂ, ਪੰਜਾਬੀ, ਹਿੰਦੀ, ਨਾਗਰੀ, ਅਰਬੀ। ਆਪਣੇ ਰਚੇ ਗ੍ਰੰਥ ਭਗਵਾਨ ਬਲਾਸ ਦੀ ਰਚਨਾ ਤਾਂ ਪੰਜਾਬੀ

ਵਿਚ ਕੀਤੀ ਹੈ, ਬੋਲਦੇ ਸਾਰੀਆਂ ਜ਼ੁਬਾਨਾਂ ਸਨ। ਉਰਦੂ ਬਹੁਤ ਬੋਲਦੇ ਸਨ। ਤੇਰਾਂ ਸਾਲ ਦੀ ਉਮਰ ਤਕ ਆਪ ਜੀ ਨੇ ਪੜ੍ਹਾਈ ਸੰਪੂਰਨ ਕੀਤੀ। ਆਪ ਜੀ ਦੇ ਜਮਾਤੀ ਰਸੂਲਪੁਰ ਦੇ ਨੰਬਰਦਾਰ ਕਿਸ਼ਨ ਚੰਦ ਜੀ ਸਨ। ਇਕ ਵਾਰ ਕਹਿੰਦੇ ਛੁੱਟੀਆਂ ਦੇ ਦਿਨ ਸਨ, ਬਰਸਾਤ ਦਾ ਮੌਸਮ ਸੀ। ਪਿੰਡ ਵਿਚ ਇਨ੍ਹਾਂ ਦਿਨਾਂ ਵਿਚ ਰਾਸਧਾਰੀਏ ਆ ਗਏ। ਮਹਾਰਾਜ ਜੀ ਨੂੰ ਨਾਲ ਲਿਜਾਣ ਲਈ ਬਹੁਤ ਆਖਣ ਲੱਗੇ ਕਿਉਂ ਕਿ ਸੁੰਦਰ ਬਹੁਤ ਸਨ ਇਸ ਕਰਕੇ ਪਿੱਛਾ ਨਾ ਛੱਡਣ। ਇਕ ਦਿਨ ਨਾਲ ਤੋਰ ਹੀ ਲਏ। ਨਵਾਂਸ਼ਹਿਰ ਚਲੇ ਗਏ। ਨਵਾਂਸ਼ਹਿਰ ਤੋਂ ਜਾ ਕੇ ਕਿਸ਼ਨ ਚੰਦ ਨੰਬਰਦਾਰ ਉਨ੍ਹਾਂ ਨੂੰ ਵਾਪਿਸ ਲੈ ਆਏ। ਵਾਪਿਸ ਆ ਕੇ ਰਾਜਾ ਸਾਹਿਬ ਪਿੰਡ ਖ਼ੈੜ ਹੀ ਚਲੇ ਗਏ। ਕਦੀ ਪਿੰਡ ਮੰਨਣਹਾਨੇ ਵੀ ਚਲੇ ਜਾਇਆ ਕਰਦੇ ਸਨ। ਜ਼ਿਆਦਾ ਖ਼ੈੜ ਹੀ ਰਹਿਣ ਲੱਗੇ। ਇਕ ਸਾਲ ਕਈ ਬੱਚਿਆਂ ਨੂੰ, ਸਿਆਣੇ ਲੋਕਾਂ ਨੂੰ ਵੀ ਪੜ੍ਹਾਉਂਦੇ ਰਹੇ। ਆਪ ਪੜ੍ਹਾਉਣ ਲੱਗ ਜਾਣਾ ਕੁਰਸੀ ਲੈ ਕੇ ਇਕ ਹੱਥ ਵਿਚ ਲੰਮੀ ਸਾਰੀ ਸੋਟੀ ਲੈ ਕੇ ਬੈਠ ਜਾਣਾ। ਬਿਸ਼ਨ ਸਿੰਘ ਨੂੰ ਮਹਾਰਾਜ ਜੀ ਨੇ ਊੜਾ ਐੜਾ ਅਤੇ ਪੰਜਾਬੀ ਲਿਖਣੀ ਪੜਨੀਂ ਸਿਖਾਈ ਸੀ। ਬਿਸ਼ਨ ਸਿੰਘ ਦੀ ਮਾਈ ਮਹਾਰਾਜ ਨਾਲ ਬਹੁਤ ਪ੍ਰੇਮ ਕਰਦੀ ਸੀ। ਇਨ੍ਹਾਂ ਦੇ ਘਰ ਹੀ ਜ਼ਿਆਦਾ ਰਿਹਾ ਕਰਦੇ ਸਨ। ਬਿਸ਼ਨ ਸਿੰਘ ਨੇ ਹੀ ਮਹਾਰਾਜ ਜੀ ਦੇ ਜਨਮ ਦਾ ਸਮਾਂ ਪੂਰਾ ਪੂਰਾ ਦੱਸਿਆ ਸੀ। ਬਿਸ਼ਨ ਸਿੰਘ ਵੀ ਮਹਾਰਾਜ ਜੀ ਦਾ ਹਾਣੀ ਸੀ। ਬਿਸ਼ਨ ਸਿੰਘ ਦੀ ਮਾਈ ਨੇ ਸਾਰੀ ਗੱਲ ਬਿਸ਼ਨ ਸਿੰਘ ਨੂੰ ਦੱਸੀ ਸੀ। ਜਿਸ ਵੇਲੇ ਦਾਸ ਬਿਸ਼ਨ ਸਿੰਘ ਨੂੰ ਮਿਲਿਆ ਸੀ, ਉਸ ਸਮੇਂ ਬਿਸ਼ਨ ਸਿੰਘ ਦੀ ਉਮਰ ਪਚਾਸੀ ਸਾਲ ਦੀ ਸੀ। ਇਸ ਸਮੇਂ ਵੀ ਬਿਸ਼ਨ ਜਿਊਂਦਾ ਤੇ ਰਾਜ਼ੀ ਖੁਸ਼ੀ ਹੈ। ਮਹਾਰਾਜ ਜੀ 'ਤੇ ਬਹੁਤ ਸ਼ਰਧਾ ਰੱਖਦਾ ਹੈ। ਉਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਦੀ ਚਾਲੀ, ਫਿਰਨਾ-ਭੁਰਨਾ ਸਾਧੂਆਂ ਵਾਲਾ ਸੀ। ਲਿਬਾਸ ਕੋਈ ਪੱਕਾ ਨਹੀਂ ਸੀ ਧਾਰਨ ਕੀਤਾ। ਕੁੱਝ ਨਾਨਕ ਸ਼ਾਹੀ ਮਤ ਉਦਾਸੀ ਸੰਪਰਦਾ ਬਾਬਾ ਮੰਗਲ ਦਾਸ ਜੀ ਸੀ। ਇਸ ਕਰਕੇ ਆਪ ਵੀ ਇਸੇ ਭੇਸ ਨਾਲ ਸੰਬੰਧ ਰੱਖਦੇ ਸਨ। ਬਸਤਰ ਜੈਸਾ ਵੀ ਦਿਲ ਕਰੇ ਪਹਿਨਦੇ ਸਨ। ਲੋਕੀ ਬਾਵਾ ਭਗਵਾਨ ਜੀ ਆਖ ਕੇ ਬੁਲਾਉਂਦੇ ਸਨ, ਲਗਦੇ ਵੀ ਬਾਵਾ ਜੀ ਹੀ ਸਨ। ਰੰਗ ਗੋਰਾ, ਸੁਨਹਿਰੀ ਬਾਵਰੀਆਂ, ਚਾਲ ਉਤਾਵਲੀ, ਸਰੀਰ ਪਤਲਾ। ਆਪ ਜੀ ਦੀ

ਮਿੱਠੀ ਬੋਲੀ ਸੰਸਾਰ 'ਤੇ ਜਾਦੂ ਦਾ ਅਸਰ ਕਰ ਰਹੀ ਸੀ। ਇਕ ਦਿਨ ਇਕ ਛੋਟੀ ਜਿਹੀ ਘੋੜੀ ਪਤਾ ਨਹੀਂ ਕਿਧਰੋਂ ਲੈ ਆਏ, ਗਲ ਵਿਚ ਲਾਲ ਮਣਕਿਆਂ ਦੀ ਮਾਲਾ ਪਾਈ ਹੋਈ, ਭਗਵੇਂ ਰੰਗ ਦਾ ਚੋਲਾ ਗਲ ਵਿਚ ਪਾਇਆ ਹੋਇਆ ਸੀ। ਬਿਸ਼ਨ ਸਿੰਘ ਦੀ ਮਾਈ ਦੇਖ ਕੇ ਆਖਣ ਲੱਗੀ, "ਇਹ ਕੀ ਵਜਾ ਬਣਾਈ ਹੋਈ ਹੈ?" ਗਲ ਵਿਚੋਂ ਮਾਲਾ ਤੋੜ ਦਿੱਤੀ। ਆਪ ਜੀ ਇਕ ਸਾਲ ਇਸੇ ਹੀ ਇਲਾਕੇ ਵਿਚ ਰਹੇ। ਇਕ ਦਿਨ ਪਿੰਡ ਦਾਤੇ ਦੀ ਜੂਹ ਵਿਚ ਜਾ ਬੈਠੇ, ਚਾਰ ਦਿਨ ਰੇਤ ਦੇ ਢੇਰ 'ਤੇ ਬੈਠੇ ਰਹੇ, ਨਾ ਕੁੱਝ ਖਾਧਾ ਤੇ ਨਾ ਕੁੱਝ ਪੀਤਾ। ਚਾਰ ਦਿਨ ਬੈਠਿਆਂ ਨੂੰ ਹੋਏ, ਪਸ਼ੂ ਚਾਰਨ ਵਾਲੇ ਮੁੰਡੇ ਦੇਖਦੇ ਹਨ, ਇਸ ਸਾਧ ਨੂੰ ਪਤਾ ਨਹੀਂ ਭੁੱਖ ਤ੍ਰੇਹ ਲਗਦੀ ਹੀ ਨਹੀਂ? ਧੁੱਪ ਵਿਚ ਵੀ ਟਿੱਬਿਆਂ ਵਿਚ ਬੈਠੇ ਰਹਿੰਦੇ ਹਨ। ਦਾਤੇ ਦਾ ਮੁੰਡਾ ਉਮਰ ਚੰਦ ਬਾਕੀ ਵਾਗੀਆਂ ਨੂੰ ਕਹਿਣ ਲੱਗਾ, "ਚਲੋ! ਅੱਜ ਰਾਜਾ ਸਾਹਿਬ ਜੀ ਕੋਲੋਂ ਪੁੱਛੀਏ ਕਿ ਤੁਸੀਂ ਕੁੱਝ ਖਾਂਦੇ ਪੀਂਦੇ ਕਿਉਂ ਨਹੀਂ? ਨਿਰਅਹਾਰ ਈ ਬੈਠੇ ਰਹਿੰਦੇ ਹੋ।" ਮਹਾਰਾਜ ਜੀ ਕਹਿੰਦੇ, "ਸਾਨੂੰ ਭੋਜਨ ਜਦੋਂ ਜੀਅ ਚਾਹੇ ਅਰਸ਼ਾਂ ਤੋਂ ਆ ਜਾਂਦਾ ਹੈ।" ਉਮਰ ਚੰਦ ਕਹਿਣ ਲੱਗਾ, "ਜੀ! ਅੱਜ ਸਾਨੂੰ ਵੀ ਛਕਾਵੋ, ਸਾਡਾ ਕੜਾਹ ਛਕਣ ਨੂੰ ਦਿਲ ਕਰਦਾ ਹੈ।" ਮਹਾਰਾਜ ਜੀ ਉੱਠੇ ਇਕ ਖੇਤ ਵਿਚ ਛਪੜੀ ਦੇ ਕੰਢੇ ਜਾ ਖੜ੍ਹੇ ਹੋਏ। ਉਹ ਛਪੜੀ ਗਾਰੇ ਨਾਲ ਭਰੀ ਹੋਈ ਸੀ, ਉਸ ਗਾਰੇ ਨਾਲ ਭਰੀ ਹੋਈ ਛਪੜੀ ਵੱਲ੍ਹ ਨਿਗਾਹ ਕੀਤੀ ਤਾਂ ਉਹ ਗਾਰਾ ਕੜਾਹ ਪ੍ਰਸ਼ਾਦ ਦਾ ਰੂਪ ਧਾਰਨ ਕਰ ਗਿਆ। ਸਾਰੇ ਵਾਗੀਆਂ ਨੇ ਰੱਜ ਰੱਜ ਛਕਿਆ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਪਿੰਡ ਤਲਵੰਡੀ ਬਾਲਕਾਂ ਨੂੰ ਮਿੱਟੀ ਦੇ ਲੱਡੂ ਬਣਾ ਕੇ ਛਕਾਇਆ। ਇਨ੍ਹਾਂ ਹੀ ਦਿਨਾ ਵਿਚ ਮੰਨਣਹਾਨੇ ਦੇ ਲੋਕਾਂ ਨੂੰ ਬਹੁਤ ਸਾਰੇ ਕਰਾਮਾਤੀ ਚਮਤਕਾਰ ਦਿਖਾਏ। ਇਕ ਦਿਨ ਇਕ ਬਜ਼ੁਰਗ ਪਸ਼ੂ ਚਾਰਦਾ ਖੁਸ਼ਹਾਲ ਪੁਰ, ਪੁਰਾਣੇ ਬਾਗ ਵਿਚ ਕੀ ਦੇਖਦਾ ਹੈ ਕਿ ਇਕ ਸ਼ੇਰ ਖੜ੍ਹਾ ਹੈ। ਸਿੰਘ ਨੂੰ ਦੇਖ ਕੇ ਡਰ ਗਿਆ, ਡਰ ਕੇ ਇਕ ਦਰੱਖ਼ਤ ਉੱਤੇ ਚੜ੍ਹਨ ਲੱਗਾ। ਮਹਾਰਾਜ ਜੀ ਨੇ ਅਸਲੀ ਰੂਪ ਵਿਚ ਹੋ ਕੇ ਅਵਾਜ਼ ਦਿੱਤੀ, "ਡਰੀ ਦਾ ਨਹੀਂ।" ਜਦੋਂ ਬਜ਼ੁਰਗ ਆਦਮੀ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਰਾਜਾ ਸਾਹਿਬ ਜੀ ਖੜ੍ਹੇ ਸਨ। *ਬੋਲੋ ਭਾਈ ਵਾਹਿਗੁਰੂ।*

ਸਾਖੀ ਮੰਨਣਹਾਨੇ ਦੇ ਲੋਕਾਂ ਨਾਲ ਹੋਈ

ਇਕ ਦਿਨ ਮਹਾਰਾਜ ਜੀ ਪਿੰਡ ਖ਼ੈੜ .ਦੇ ਪੂਰਬ ਵੱਲ੍ਹ ਦੇ ਪਾਸੇ ਇਕ ਛੱਪੜ ਦੇ ਕੰਢੇ ਤੇ ਕਈ ਦਿਨ ਨਿਰੰਕਾਰ ਨਾਲ ਬਿਰਤੀ ਜੋੜੀ ਸਮਾਧੀ ਲਾ ਕੇ ਬੈਠੇ ਰਹੇ। ਉਸ ਵੇਲੇ ਆਪ ਜੀ ਦੇ ਮੁੱਖ 'ਤੇ ਬਹੁਤ ਜਲਾਲ ਸੀ, ਰੂਹਾਨੀ ਨੂਰ ਡਲ੍ਹਕਾਂ ਮਾਰਦਾ ਸੂਰਜ ਨੂੰ ਮਾਤ ਪਾ ਰਿਹਾ ਸੀ। ਪਿੰਡ ਮੰਨਣਹਾਨੇ ਦੇ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਆਪ ਜੀ ਦੇ ਕੋਲ ਆਏ, ਬੇਨਤੀ ਕੀਤੀ, "ਭੋਲਾ ਜੀ ਸੁਰਗਵਾਸ ਹੋ ਗਏ ਹਨ, ਆਪ ਚਲ ਕੇ ਹੱਥੀਂ ਸਸਕਾਰ ਕਰੋ। ਮੰਗਲ ਦਾਸ ਜੀ ਤਾਂ ਸਾਧੂ ਰੂਪ ਵਿਚ ਰਹਿੰਦੇ ਹਨ, ਭੁਸੀਂ ਨੰਬਰਦਾਰੀ ਸੰਭਾਲੋ।" ਬਹੁਤ ਕੋਸ਼ਿਸ਼ ਕੀਤੀ ਪਰ ਆਪ ਜੀ ਨੇ ਕੋਈ ਉੱਤਰ ਨਾ ਦਿੱਤਾ। ਇਕ ਬਜ਼ੁਰਗ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ। ਉਸ ਦੇ ਕਹਿਣ ਤੇ ਆਪ ਜੀ ਬੋਲੇ, "ਬਾਬਾ ਜੀ! ਬਾਬੇ ਭੋਲੇ ਦਾ ਸਸਕਾਰ ਕਰੋ, ਅਸੀਂ ਕੀ ਕਰਨੀਆਂ ਹਨ ਨੰਬਰਦਾਰੀਆਂ? ਸਾਡਾ ਰਿਸ਼ਤਾ ਕਰਤਾਰ ਨਾਲ ਹੈ। ਸੰਸਾਰ ਦੇ ਸਾਰੇ ਰਿਸ਼ਤੇ ਝੂਠੇ ਹਨ।"

- *ਨਾਹਿ ਫਕੀਰ ਕਾ ਦੇਸ ਰਿਹਾ ਅਰੁ ਨਾਹਿ ਫਕੀਰ ਕੀ ਹੈ ਰਹੀ ਬਸਤੀ॥ ੬੧॥*
- *ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥*
- *ਕੂੜੁ ਰਾਜਾ ਕੂੜੁ ਪਰਜਾ ਕੂੜ ਸਭ ਸੰਸਾਰ॥*

ਬਾਬੇ ਭੋਲੇ ਦੇ ਛੋਟੇ ਭਰਾ ਸਿਬੋ ਅਤੇ ਲੋਕਾਂ ਨੂੰ ਮਹਾਰਾਜ ਜੀ ਨੇ ਇਹ ਉਪਦੇਸ਼ ਦੇ ਕੇ ਤੋਰ ਦਿੱਤਾ। ਸਿਬੋ ਕੁੱਝ ਸਾਲ ਸਰਬਰਾਹੀ ਕਰਦਾ ਰਿਹਾ, ਸਿਬੋ ਦੇ ਪਿਛੋਂ ਉਹਦਾ ਪੁੱਤਰ ਰਲਾ ਨੰਬਰਦਾਰੀ ਕਰਦਾ ਰਿਹਾ। ਰਲਾ ਬਹੁਤ ਵਾਰੀ ਆਪ ਜੀ ਦੇ ਚਰਨਾਂ ਵਿਚ ਬੇਨਤੀਆਂ ਕਰਦਾ ਰਿਹਾ, "ਸੱਚੇ ਪਾਤਸ਼ਾਹੋ! ਜਾਂ ਨੰਬਰਦਾਰੀ ਛੱਡਣ ਦੇ ਬਿਆਨ ਕਰ ਦੇਵੋ ਜਾਂ ਚਲ ਕੇ ਆਪ ਨੰਬਰਦਾਰੀ ਸੰਭਾਲੋ।" ਮਹਾਰਾਜ ਇਨ੍ਹਾਂ ਗੱਲਾਂ ਵੱਲ੍ਹ ਧਿਆਨ ਹੀ ਨਹੀਂ ਸਨ ਦਿੰਦੇ। ਇਕ ਵਾਰੀ ਬਾਬੇ ਮੰਗੂ ਦੇ ਕਹਿਣ ਤੇ ਬਿਆਨ ਕਰਨ ਵਾਸਤੇ ਤਿਆਰ ਹੋ ਪਏ, ਉੱਠ ਕੇ ਫਿਰ ਬੈਠ ਗਏ। ਗਏ ਨਹੀਂ। ਰਲੇ ਦੇ ਮਰਨ ਤੋਂ ਪਿੱਛੋਂ ਰਲੇ ਦਾ ਪੁੱਤਰ ਉਮਰ

ਚੰਦ ਜਿਹੜਾ ਹੁਣ ਵੀ ਨੰਬਰਦਾਰ ਹੈ, ਉਸ ਦੀ ਸ਼ਾਦੀ ਦੇ ਦਿਨ ਸਨ, ਹੋਰ ਬੰਦਿਆਂ ਨੂੰ ਨਾਲ ਲੈ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਜੀ! ਮੇਰਾ ਵਿਆਹ ਹੈ, ਆਪ ਵੀ ਚਲੋ," ਮਜਾਰੇ ਵਾਲੇ ਨੱਥਾ ਸਿੰਘ ਕੋਲੋਂ ਵੀ ਅਖਵਾਇਆ, ਮਹਾਰਾਜ ਕਹਿੰਦੇ, "ਨੱਥੂ! ਅੱਜ ਅਸੀਂ ਵਿਆਹ ਜਾਵਾਂਗੇ, ਕੱਲ੍ਹ ਨੂੰ ਸਾਨੂੰ ਮਕਾਣੇ ਵੀ ਜਾਣਾ ਪਵੇਗਾ, ਅੱਗੇ ਵਾਸਤੇ ਸਾਨੂੰ ਘਰ ਦੇ ਕਿਸੇ ਵੀ ਕੰਮ ਵਾਸਤੇ ਨਹੀਂ ਆਖਣਾ।" ਐਸੇ ਹੀ ਸੰਗਤਾਂ ਨੂੰ ਉਪਦੇਸ਼ ਦਿੰਦੇ ਧਰਮ ਦੀ ਕਿਰਤ ਕਰਨੀ, ਵੰਡ ਕੇ ਛਕਣਾ, ਆਏ ਸਾਧੂ ਨੂੰ ਛਕਾ ਕੇ ਪਿਛੋਂ ਆਪ ਛਕਣਾ, ਚੋਰੀ, ਯਾਰੀ, ਬਦੀ, ਵਿਰੋਧ, ਝੂਠ ਬੋਲਣਾ, ਨਿੰਦਿਆ ਕਰਨੀ ਬੁਰਾ ਦੱਸਿਆ। ਸੱਚ, ਧਰਮਸ਼ੀਲ, ਸੰਜਮ, ਸੰਤੋਖ ਧਾਰਨ ਕਰਨੇ ਦਾ ਅਤੇ ਨਾਮ ਜਪਣੇ ਦਾ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਦੋ ਸਾਲ ਰਹਿ ਕੇ ਬਹੁਤ ਸਾਰੇ ਕੌਤਕ ਇਨ੍ਹਾਂ ਪਿੰਡਾਂ ਵਿਚ ਦਿਖਾਏ। ਆਪ ਜੀ ਦੀ ਬਹੁਤ ਕੀਰਤੀ ਵਧ ਗਈ, ਲੋਕੀ ਆਪ 'ਤੇ ਰੱਬ ਵਰਗੀ ਸ਼ਰਧਾ ਰੱਖਣ ਲੱਗ ਪਏ। *ਬੋਲੋ ਭਾਈ ਵਾਹਿਗੁਰੂ।*

ਸਾਖੀ ਮੰਨਣਹਾਨੇ ਤੋਂ ਬੱਲੋਵਾਲ ਜਾਣ ਦੀ

ਨਾਭ ਕੰਵਲ ਰਾਜਾ ਸਾਹਿਬ ਜੀ ਦੋ ਸਾਲ ਇਸ ਇਲਾਕੇ ਵਿਚ ਰਹਿ ਕੇ ਇਕ ਦਿਨ ਪਿੰਡ ਬੱਲੋਵਾਲ ਨਾਨੇ ਖ਼ਜਾਨੇ ਦਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਪਿੰਡੋਂ ਪੱਛਮ ਵੱਲ੍ਹ ਦੇ ਪਾਸੇ ਇਕ ਪਿੱਪਲ ਦੇ ਥੜ੍ਹੇ 'ਤੇ ਆ ਬੈਠੇ। ਪਿੰਡ ਦੇ ਲੋਕਾਂ ਨੂੰ ਪਤਾ ਲੱਗਾ, ਬਾਬਾ ਭਗਵਾਨ ਦਾਸ, ਖ਼ਜਾਨੇ ਦਾ ਦੋਹਤਾ, ਸਾਧੂ ਰੂਪ ਹੋ ਕੇ ਆਇਆ ਹੈ। ਚੌਦਾਂ ਸਾਲ ਦਾ ਸਾਧੂ, ਇੰਨਾ ਸੱਜਦਾ ਜਾਣੋ ਰੂਪ ਦਾ ਹੀ ਚੰਦ ਚੜ੍ਹਿਆ ਹੋਇਆ ਹੈ। ਮੁੱਖੜੇ ਦੀ ਜੋਤ ਚਾਨਣੀ ਵਾਂਗ ਚਮਕ ਮਾਰਦੀ ਸੀ।

'ਚੰਦ ਦਾ ਭੀ ਚੰਦ ਓਹ ਸਚ ਕਾ ਅਨੰਦ ਹੈ,
ਪਸੰਦ ਦਿਲਬੰਦ ਜੁ ਬੁਲੰਦ ਅਸੀਂ ਜਾਣਿਆਂ'

ਪਿੰਡ ਵਿਚ ਖੁਸ਼ੀ ਦਾ ਛਣਕਾਟਾ ਛਾ ਗਿਆ, ਜਿਵੇਂ ਮਥਰਾ ਵਿਚ

ਕ੍ਰਿਸ਼ਨ ਭਗਵਾਨ ਜੀ ਦੇ ਜਾਣ 'ਤੇ ਹੋਇਆ ਸੀ। ਗੋਬਿਦ ਰਾਏ ਦੇ ਪਟਨੇ ਵਿਚ ਪ੍ਰਗਟ ਹੋਣ 'ਤੇ ਖੁਸ਼ੀ ਹੋਈ ਸੀ। ਛਿੱਪ ਦੀ ਤਰਾਂ ਮਾਈ, ਭਾਈ, ਬਾਲ, ਬੁੱਢੇ ਸੋਹਣੇ ਪ੍ਰੀਤਮ ਜੀ ਵੱਲ੍ਹ ਭੱਜੇ ਆਉਣ ਜਿਵੇਂ ਕਾਨ੍ਹ ਦੀ ਬੰਸਰੀ ਧੁਨ ਸੁਣ ਕੇ ਗੋਕਲ ਦੇ ਨਰ ਨਾਰੀ ਵਣ ਵੱਲ੍ਹ ਭੱਜ ਪੈਂਦੇ। ਭੌਰੇ ਫੁੱਲਾਂ ਦੀ ਬੇੜੀ 'ਤੇ ਲਿਪਟ ਜਾਂਦੇ ਹਨ। ਚਕੋਰ ਚੰਦ ਦੀਆਂ ਰਿਸ਼ਮਾਂ ਤੇ ਖਿੱਚਿਆ ਜਾਂਦਾ ਹੈ, ਇਸੇ ਤਰ੍ਹਾਂ ਬਾਬਾ ਜੀ ਦੀ ਸੁਨਹਿਰੀ ਬਾਵਰੀਆਂ ਦੇ ਕ੍ਰਿਸ਼ਮੇ ਪ੍ਰੇਮੀਆਂ ਨੂੰ ਖਿੱਚ ਰਹੇ ਸਨ। ਮਾਮੇ ਮਾਮੀਆਂ ਖੁਸ਼ੀ ਵਿਚ ਨੱਚਦੀਆਂ ਫਿਰ ਰਹੀਆਂ ਸਨ। ਜਾਮੇ ਵਿਚ ਨਹੀਂ ਸਨ ਸਮਾਉਂਦੀਆਂ। ਮਹਾਰਾਜ ਜੀ ਸਭ ਨੂੰ ਦੂਰੋਂ ਨਮਸਕਾਰ ਕਰਨ ਲਈ ਹੁਕਮ ਕਰਦੇ। ਖ਼ਜਾਨੇ ਦਾ ਛੋਟਾ ਭਾਈ ਹੀਰਾ ਆਪ ਜੀ ਦੇ ਚਰਨਾਂ ਵਿਚ ਆ ਕੇ ਬੇਨਤੀ ਕਰਨ ਲੱਗਾ, "ਸੱਚੇ ਪਾਤਸ਼ਾਹ! ਨੰਬਰਦਾਰ ਬਹੁਤ ਯਾਦ ਕਰ ਰਿਹਾ ਹੈ, ਘਰ ਚਲੋ, ਨੰਬਰਦਾਰ ਮੰਜੀ ਤੋਂ ਉੱਠ ਨਹੀਂ ਸਕਦਾ, ਕਈਆਂ ਦਿਨਾਂ ਦਾ ਆਪ ਨੂੰ ਯਾਦ ਕਰ ਰਿਹਾ ਹੈ।" ਮਹਾਰਾਜ ਜੀ ਕਹਿਣ ਲੱਗੇ, "ਨਾਨਾ ਜੀ ਨੂੰ ਮਿਲਣ ਵਾਸਤੇ ਈ ਤਾਂ ਆਏ ਹਾਂ।" ਪ੍ਰਸ਼ਾਦਿ ਦੀ ਪਰਾਤ ਭਰੀ ਹੋਈ ਸੀ, ਹੀਰੇ ਨੂੰ ਹੁਕਮ ਕੀਤਾ, ਸੰਗਤ ਵਿਚ ਵਰਤਾਅ ਦੇਵੋ। ਪਤਾਸਿਆਂ ਦਾ ਪ੍ਰਸ਼ਾਦ ਵਰਤਾਅ ਦਿੱਤਾ ਗਿਆ। ਦੁੱਧ ਮਲਾਈ ਤੇ ਸਰਦਾਈ ਦੀ ਗੜਵੀ, ਹੀਰੇ ਨੇ ਬੇਨਤੀ ਕੀਤੀ, "ਜੀ ਆਪ ਵੀ ਕੁੱਝ ਛਕੋ।" ਹੀਰੇ ਦੇ ਘਰ ਵਾਲੀ ਸਰਦਾਈ ਦੀ ਗੜਵੀ ਲਿਆਈ ਹੋਈ ਸੀ, ਆਪ ਜੀ ਨੇ ਸਰਦਾਈ ਛਕੀ ਤੇ ਦੁੱਧ ਫਕੀਰੀਏ ਚੌਕੀਦਾਰ ਨੂੰ ਪਿਲਾ ਦਿੱਤਾ। ਸੰਗਤ ਨੂੰ ਛੁੱਟੀ ਦੇ ਕੇ ਆਪ ਜੀ ਨੇ ਉੱਠਕੇ ਘਰ ਮੰਜੀ 'ਤੇ ਪਏ ਨਾਨੇ ਖ਼ਜਾਨੇ ਨੂੰ ਜਾ ਦਰਸ਼ਨ ਦਿੱਤੇ। ਖ਼ਜਾਨੇ ਦਾ ਆਖ਼ਿਰੀ ਸਮਾਂ ਸੀ। ਨਾਨਾ ਜੀ ਲੰਮੇ ਪਿਆਂ ਹੀ ਹੱਥ ਬੰਨ੍ਹ ਕੇ ਸਲਾਮ ਕੀਤਾ, ਧਿਆਨ ਚਰਨਾਂ ਵੱਲ੍ਹ ਲਾਇਆ। ਮਹਾਰਾਜ ਜੀ ਨੇ ਹੱਥ ਫੜੇ, ਪਵਿੱਤਰ ਹੱਥਾਂ ਨਾਲ ਹੱਥਾਂ ਦਾ ਸਪਰਸ਼ ਹੋਇਆ। ਪਤਾ ਨਹੀਂ ਕੀ ਪ੍ਰੇਮ ਦਾ ਟੀਕਾ ਲਗਾਇਆ? ਸਾਵਣ ਦੇ ਬੱਦਲਾਂ ਵਾਂਗੂੰ ਅੱਖੀਆਂ ਨੇ ਅੱਥਰੂਆਂ ਦੀ ਝੜੀ ਲਗਾ ਦਿੱਤੀ। ਸੀਨਾ ਬੈਰਾਗ ਨਾਲ ਸਾੜ ਹੋ ਗਿਆ। ਮਨ ਸ਼ੁੱਧ, ਸਾਰੇ ਸੰਕਲਪ ਖ਼ਤਮ ਹੋ ਗਏ। ਸਾਹਮਣੇ ਖੜ੍ਹੇ ਝਲ੍ਹਕਾਂ ਮਾਰਦੇ ਰੂਹਾਨੀ ਨੂਰ ਦੇ ਦਰਸ਼ਨ ਕਰ ਕੇ ਕਰਤਾਰ ਨਾਲ ਲਿਵ ਜਾ ਜੁੜੀ। ਮਨ ਸ਼ਾਂਤ

ਸੀ, ਇਕ ਵਾਰੀ ਅੱਖਾਂ ਪੱਟ ਕੇ ਸਾਹਮਣੇ ਬੈਠੇ ਹੁਸਨ ਦੀ ਖਾਣ ਵੱਲ੍ਹ ਡਿੱਠਾ। ਹੁਣ ਕੋਈ ਮਨ ਵਿਚ ਵਾਸਨਾ ਨਾ ਰਹੀ, ਲੇਖੇ ਸਭ ਮੁੱਕ ਗਏ, ਹੁਣ ਗਰਭ ਜੂਨੀ ਦਾ ਸਿਰ ਲੇਖਾ ਨਹੀਂ ਰਿਹਾ,

"ਗੁਰ ਨਾਨਕ ਜਿਨਾਂ ਸੁਣਿਆ ਪੇਖਿਆ ਸੇ ਫਿਰ ਗਰਭਾਸਿ ਨਾ ਪਰਿਆਰੇ॥

ਸਿਰ ਤੇ ਹੱਥ ਧਰਿਆ ਤੇ ਖ਼ਜਾਨਾ ਅੱਖਾਂ ਮੀਟਦਾ ਮੀਟਦਾ ਮੀਟ ਗਿਆ। ਨਾਨਾ ਜੀ ਦਾ ਉਦਾਰ ਕਰ ਕੇ ਆਪ ਪਿੰਡ ਦੇ ਲਹਿੰਦੇ ਪਾਸੇ ਇਕ ਰੇਤੇ ਦੇ ਥੜ੍ਹੇ ਤੇ ਜਾ ਬੈਠੇ। ਖ਼ਜਾਨੇ ਦਾ ਸਸਕਾਰ ਕੀਤਾ ਗਿਆ। ਲੋਕੀ ਕਣਕਾਂ ਦੀਆਂ ਬਿਜਾਈਆਂ ਕਰ ਰਹੇ ਸਨ। ਬੈਠਿਆਂ ਬੈਠਿਆਂ ਦਿਨ ਛੁਪਣ ਤੇ ਜਾ ਰਿਹਾ ਸੀ। ਰਾਤ ਕਾਲਾ ਸੂਟ ਪਾ ਕੇ ਸ਼ੁਕਦੀ ਹੋਈ ਆਪਣੀ ਸਫ਼ ਵਿਛਾ ਕੇ ਬੈਠ ਗਈ। ਚੰਦਰਮਾ ਸਮੇਰ ਦੀ ਚੋਟੀ ਨੂੰ ਛੂੰਹਦਾ ਹੋਇਆ ਟਹਿ ਟਹਿ ਕਰਦਾ ਅਰਸ਼ਾਂ ਤੋਂ ਫਰਸ਼ਾਂ 'ਤੇ ਰੋਸ਼ਨੀ ਦਾ ਛਿੱਟਾ ਦਿੰਦਾ ਫ਼ਸਲਾਂ ਨੂੰ ਅੰਮ੍ਰਿਤ ਦਾਨ ਕਰ ਰਿਹਾ ਸੀ। ਪਾਣੀ ਦੇ ਡੱਲ ਵਾਂਗ ਪ੍ਰਿਥਵੀ ਤੇ ਰਿਸ਼ਮਾਂ ਦਾ ਫ਼ਰਸ਼ ਛਾਇਆ ਹੋਇਆ ਸੀ। ਅਕਾਸ਼ ਨਿਰਮਲ ਸੀ, ਤਰੇਲ ਦੇ ਮੋਤੀ ਬਣ ਬਣ ਕੇ ਫ਼ਸਲਾਂ ਦੇ ਗਲ ਦਾ ਹਾਰ ਬਣ ਰਹੇ ਸਨ। ਕਪਾਹਾ ਤੇ ਸਣਾਂ ਦੇ ਫੁੱਲ ਖਿੜੇ ਹੋਏ ਸਨ, ਇਹੋ ਜਿਹੀ ਸ਼ੋਭਾ ਭਰੀ ਰਾਤ ਵਿਚ ਇਕ ਪਤਲੇ ਜਿਹੇ ਸਰੀਰ ਦਾ ਤਪੱਸਵੀ ਸਮਾਧੀ ਲਾਈ ਕਰਤਾਰ ਨਾਲ ਲਿਵ ਲੀਨ ਹੋ ਕੇ ਬੈਠਾ ਰਿਹਾ। ਰਾਤ ਬੀਤ ਗਈ, ਆਪਣੀ ਡਿਊਟੀ ਦੇ ਕੇ ਲਹਿੰਦੀ ਵੱਲ੍ਹ ਨੂੰ ਰਵਾਨਾ ਹੋ ਗਈ।

ਸਵੇਰ ਸਾਰ ਉੱਠ ਕੇ ਇਸ਼ਨਾਨ ਕੀਤਾ। ਹੀਰਾ ਤੇ ਮਿਸਤਰੀ ਨੇ ਦਹੀ ਭੰਨ ਕੇ ਘਰੜ ਬਣਾ ਕੇ ਮਹਾਰਾਜ ਨੂੰ ਛਕਾਇਆ। ਹੀਰੇ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਕੁੱਝ ਦਿਨ ਇਥੇ ਹੀ ਠਹਿਰੋ।" ਆਪ ਜੀ ਨੇ ਆਖਿਆ ਸਾਨੂੰ ਕਰਤਾਰ ਵਲੋਂ ਬਹੁਤ ਡਿਊਟੀਆਂ ਲੱਗੀਆਂ ਹੋਈਆਂ ਹਨ। ਸਾਡੇ ਸਿਰ ਸੰਸਾਰ ਦਾ ਉਦਾਰ ਕਰਨਾ, ਸਿੱਧੇ ਰਾਹ ਲਾਉਣਾ, ਭਲੇ ਦੇ ਕੰਮ ਕਰਾਉਣੇ, ਇਹੀ ਕਰਤਾਰ ਵਲੋਂ ਡਿਊਟੀ ਹੈ। ਇਹ ਕੁੱਝ ਆਖ ਕੇ ਆਪ ਜੀ ਪਿੰਡ ਰਹਿਪੇ ਬਾਬੇ ਬੁਲਣਸ਼ਾਹ ਜੀ ਦੀ ਜਗ੍ਹਾ ਤੇ ਜਾ ਬੈਠੇ। *ਬੋਲੋ ਭਾਈ ਵਾਹਿਗੁਰੂ।*

ਸਾਖੀ ਰਹਿਪੇ ਤੋਂ ਰੇਤ ਟਿੱਬੇ ਜਾਣ ਦੀ ਚੱਲੀ

ਬੱਲੋਵਾਲ ਤੋਂ ਉੱਠ ਕੇ ਮਹਾਰਾਜ ਜੀ ਰਹਿਪੇ ਬੂਲਣਸ਼ਾਹ ਦੀ ਜਗ੍ਹਾ ਵਿਚ ਜਾ ਬੈਠੇ। ਰਹਿਪੇ ਦੇ ਲੋਕ ਕੁੱਝ ਨਹੀਂ ਜਾਣਦੇ ਕਿ ਇਹ ਸਾਧੂ ਛੋਟੀ ਉਮਰ ਦਾ ਕਿਸ ਦੇਸ਼, ਕਿਸ ਪਿੰਡ ਦਾ ਹੈ? ਸਾਰਾ ਦਿਨ ਲੋਕ ਲੰਘਦੇ-ਵੜਦੇ ਦੇਖਦੇ ਰਹੇ। ਇਸ ਨੂੰ ਛੋਟੀ ਉਮਰੇ ਧਰੂਹ ਵਾਂਗ ਵੈਰਾਗ ਲੱਗਾ ਹੈ। ਸਾਰਾ ਦਿਨ ਉਹ ਸਮਾਧੀ ਲਾ ਕੇ ਬੈਠੇ ਰਹੇ। ਨਾ ਕੁੱਝ ਖਾਧਾ ਤੇ ਨਾ ਕੁੱਝ ਪੀਤਾ। ਪਿੰਡ ਵਿਚ ਗੱਲਾਂ ਹੋਣ ਲੱਗੀਆਂ। ਬਾਬੇ ਬੂਲਣਸ਼ਾਹ ਦੀ ਜਗ੍ਹਾ ਵਿਚ ਇਕ ਸਾਧੂ ਬੈਠੇ ਹਨ, ਕਿਸੇ ਨੇ ਬਾਬੇ ਸਰਮੁਖ ਸਿੰਘ ਨੂੰ ਜਾ ਦੱਸਿਆ। ਸਰਮੁਖ ਸਿੰਘ ਪਹਿਲਾਂ ਤੋਂ ਹੀ ਸੰਤ ਸੇਵੀ ਸਨ। ਸਰਮੁਖ ਸਿੰਘ ਦੇ ਪਿਤਾ ਬਿਸ਼ਨ ਸਿੰਘ ਜੀ ਬਹੁਤ ਦਾਨੀ ਭਗਤ ਸਨ। ਆਏ ਗਏ ਸਾਧੂ ਸੰਤ ਦੀ ਸੇਵਾ ਕਰਨੀ ਛੇ ਮਹੀਨੇ ਤੋਂ ਬਾਅਦ ਜਗ ਕਰਨਾ। ਇਸ ਕਰਕੇ ਸਰਮੁਖ ਸਿੰਘ ਜੀ ਨੂੰ ਸਤਿਸੰਗ ਦਾ ਰੰਗ ਚੜ੍ਹਿਆ ਹੋਇਆ ਸੀ। ਸਰਮੁਖ ਸਿੰਘ ਜੀ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ, "ਕੀ ਛਕੋਗੇ?" ਕਹਿੰਦੇ, "ਸਰਮੁਖ! ਜੋ ਕੁੱਝ ਤੇਰੀ ਮਰਜੀ ਹੋਵੇ। ਸਾਨੂੰ ਤੇਰੀ ਸਭ ਗੱਲ ਮੰਨਣੀ ਪਵੇਗੀ।" ਸਰਮੁਖ ਸਿੰਘ ਮਹਾਰਾਜ ਨੂੰ ਆਪਣੇ ਨਾਲ ਆਪਣੇ ਬਾੜੇ ਵਿਚ ਲੈ ਗਿਆ। ਪ੍ਰਸ਼ਾਦਾ ਛਕਿਆ, ਰਾਤ ਸਰਮੁਖ ਸਿੰਘ ਜੀ ਦੇ ਕੋਲ ਹੀ ਰਹੇ। ਹਰੀ ਸਿੰਘ, ਮੀਹਾਂ ਸਿੰਘ, ਛੱਜੂ ਝੀਉਰ, ਬੀਰ ਸਿੰਘ ਰਾਮਦਾਸੀਆ ਸਾਰੀ ਰਾਤ ਸਫ਼ ਤੇ ਬੈਠੇ ਰਹੇ। ਸਵੇਰੇ ਉੱਠ ਕੇ ਇਸ਼ਨਾਨ ਕੀਤਾ। ਅੱਗੋਂ ਪਿੰਡ ਮੋਰੋਂਮਜਾਰੇ ਚਲੇ ਗਏ। ਉਨ੍ਹਾਂ ਦਿਨਾਂ ਵਿਚ ਮੰਗਲ ਦਾਸ ਜੀ ਮਜਾਰੇ ਧਰਮਸ਼ਾਲਾ ਵਿਚ ਰਹਿੰਦੇ ਸਨ। ਦੋ ਮਹੀਨੇ ਆਪ ਜੀ ਇਸੇ ਪਿੰਡ ਹੀ ਰਹੇ। ਕਦੀ ਕਦੀ ਦਰਿਆ ਵੱਲ੍ਹ ਚਲੇ ਜਾਣਾ, ਇਕ ਦਿਨ ਰੱਤੇ ਟਿੱਬੇ ਚਲੇ ਗਏ। ਰੱਤਾ ਟਿੱਬਾ ਪਿੰਡ ਲਸਾੜੇ ਤੋਂ ਚੜ੍ਹਦੀ ਵੱਲ੍ਹ ਦੋ ਮੀਲ ਤੇ ਦਰਿਆ ਸਤਲਜ ਦੇ ਕੰਢੇ 'ਤੇ ਇਕ ਕੁਟੀਆ ਹੈ ਜਿਸ ਵਿਚ ਦੋ ਸਾਧੂ ਰਹਿੰਦੇ ਸਨ। ਇਕ ਨਰਾਇਣ ਦਾਸ ਚੰਗੀ ਪਹੁੰਚ ਵਾਲਾ ਕਰਾਮਾਤੀ ਫ਼ਕੀਰ ਰਹਿੰਦਾ ਸੀ। ਇਸ ਨੇ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਸ਼ਨ ਕੀਤੇ। ਸੀਨਾ ਪ੍ਰੇਮ ਦੀ ਰੰਗਣ ਵਿਚ ਰੰਗਿਆ ਗਿਆ। ਖੜ੍ਹਿਆਂ ਹੋ ਕੇ ਬੇਨਤੀ ਕੀਤੀ, "ਹੇ ਮਹਾਂਪੁਰਸ਼ੋ! ਇਥੇ ਸਾਡੇ ਕੋਲ ਹੀ ਰਿਹਾ ਕਰੋ।" ਮਹਾਰਾਜ

ਮੌਜ ਦਿਲ ਕਿਸੇ ਦੀ ਬੰਦਿਸ਼ ਵਿਚ ਨਾ ਰਹਿਣ ਵਾਲੇ ਮਹਾਬਲੀ ਸ਼ੇਰ ਰੂਪ ਅੱਗੇ ਨਿਕਲ ਗਏ। ਨਾਰਾਇਣ ਦਾਸ ਇਨੀ ਬਰਕਤ ਵਾਲਾ ਸੀ। ਕਹਿੰਦੇ ਸਨ ਇਕ ਦਿਨ ਦਰਿਆ ਸਤਲੁਜ ਦਾ ਪਾਣੀ ਬਹੁਤ ਚੜ੍ਹਿਆ। ਇਸ ਕੁਟੀਆ ਅੱਗੇ ਇਕ ਪਿੱਪਲ ਦਾ ਬ੍ਰਿਛ ਸੀ ਪਿੱਪਲ ਦੀਆਂ ਜੜ੍ਹਾਂ ਪਾਣੀ ਨੇ ਖੋਦ ਦਿੱਤੀਆਂ। ਪਿੱਪਲ ਇਕ ਪਾਸੇ ਨੂੰ ਡਿੱਗਣ ਲੱਗਾ ਕੁੱਝ ਮੁਧਾ ਹੋਇਆ ਹੀ ਸੀ ਨਰਾਇਣ ਦਾਸ ਨੇ ਹੱਥ ਖੜ੍ਹੇ ਕਰਕੇ ਮੂੰਹੋਂ ਆਖਿਆ, "ਸਾਡੇ ਬੈਠਿਆਂ ਦੀ ਤੇ ਸ਼ਰਮ ਕਰ।" ਬਸ ਇੰਨਾ ਬਚਨ ਕਹਿਣ ਦੇ ਨਾਲ ਦਰਿਆ ਪਿਛਾਂਹ ਹਟ ਕੇ ਵਗਣ ਲੱਗਾ, ਪਿੱਪਲ ਉੱਥੇ ਹੀ ਖੜੋ ਗਿਆ। ਹਾਲੇ ਤੀਕਰ ਉਹ ਟੇਢਾ ਹੀ ਖੜੋਤਾ ਹੈ। ਕੁੱਝ ਦੇਰ ਇਸ ਇਲਾਕੇ ਵਿਚ ਰਹਿ ਕੇ ਮੰਗਲ ਦਾਸ ਜੀ ਰਾਜਾ ਸਾਹਿਬ ਜੀ ਨੂੰ ਨਾਲ ਲੈ ਕੇ ਪਿੰਡ ਲੋਦੀਪੁਰ ਚਲੇ ਗਏ। *ਬੋਲੋ ਭਾਈ ਵਾਹਿਗੁਰੂ ਜੀ।*

ਸਾਖੀ ਲੋਦੀਪੁਰ ਜਾਣ ਦੀ ਚੱਲੀ

ਪਿਤਾ ਮੰਗਲ ਦਾਸ ਜੀ ਨੂੰ ਨਾਲ ਲੈ ਕੇ ਲੋਦੀਪੁਰ ਕੁਟੀਆ ਵਿਚ ਚਲੇ ਗਏ। ਕੁੱਝ ਦੇਰ ਇਥੇ ਰਹਿੰਦਿਆਂ ਨੂੰ ਹੋਈ, ਮਾਘ ਦੇ ਦਿਨ ਸਨ। ਪਿੰਡ ਮਹਿਰਮਪੁਰ ਗਰਚੇ ਸੰਤ ਗੰਗਾ ਦਾਸ ਜੀ ਦਾ ਡੇਰਾ ਸੀ। ਇਸ ਡੇਰੇ ਵਿਚ ਮਾਘ ਮਹੀਨੇ ਦੀ ਪੁੰਨਿਆਂ ਨੂੰ ਸਾਧਾਰਣ ਪਾਠ ਦਾ ਭੋਗ ਪਾਇਆ ਜਾਂਦਾ ਸੀ। ਇਸ ਸੰਤ ਸਮਾਗਮ ਵਿਚ ਇਲਾਕੇ ਦੇ ਸਾਧੂ ਬੁਲਾਏ ਜਾਂਦੇ ਸਨ। ਮੰਗਲ ਦਾਸ ਜੀ ਦੇ ਨਾਲ ਮਹਾਰਾਜ ਜੀ ਵੀ ਇਸ ਡੇਰੇ ਵਿਚ ਆਏ। ਇਸ ਛੋਟੇ ਜਿਹੇ ਸਾਧੂ ਨੂੰ ਬੜੀ ਨੀਝ ਨਾਲ ਤੱਕ ਰਹੇ ਸਨ। ਇਨ੍ਹਾਂ ਦਾ ਫਿਰਨਾ ਤੁਰਨਾ, ਬੋਲਣਾ, ਚਲਣਾ, ਪੜ੍ਹਨਾ ਦੁਨੀਆਂ ਨੂੰ ਹੈਰਾਨ ਕਰ ਰਿਹਾ ਸੀ। ਐਸੀਆਂ ਝਲਕਾਂ ਸੋਹਣੇ ਪ੍ਰੀਤਮ ਜੀ ਦੀਆਂ ਨਸ਼ੇ ਦੇ ਜਾਮ ਭਰ-ਭਰ ਪਿਆਉਂਦੀਆਂ ਸਨ। ਧਰਮ, ਅਰਥ, ਕਾਮ, ਮੋਹ ਚਾਰੇ ਪਦਾਰਥਾਂ ਦੀਆਂ ਝੋਲੀਆਂ ਭਰ ਰਹੀਆਂ ਸਨ। ਇਨ੍ਹਾਂ ਦੀ ਮਿੱਠੀ-ਮਿੱਠੀ ਰਸ ਭਿੰਨੀ ਰਸੀਲੀ ਸੁਰ ਨੇ ਸਰੋਤਿਆਂ ਦੇ ਰੋਮ-ਰੋਮ ਨੂੰ ਵਿੰਨ੍ਹ ਦਿੱਤਾ ਜਿਵੇਂ ਦੋਧੇ ਦੀ ਇਸਤਰੀ ਗੁਰੂ ਨਾਨਕ ਜੀ ਦੀ ਸਰੋਦ ਸੁਣ ਕੇ ਮਸਤ ਹੋ ਗਈ ਸੀ। ਐਸੇ ਹੀ ਸੰਗਤ ਰਾਜਾ ਸਾਹਿਬ ਜੀ

ਦੀ ਬਾਣੀ ਸੁਣ ਕੇ ਮਸਤ ਹੋ ਗਈ ਸੀ। ਹੁਣ ਸਰੋਤੇ ਹੋਰ ਕੁੱਝ ਸੁਣਨਾ ਨਹੀਂ ਚਾਹੁੰਦੇ ਸਨ। ਮਹਾਰਾਜ ਜੀ ਦੇ ਦਰਸ਼ਨਾਂ ਦੇ ਅਭਿਲਾਸ਼ੀ ਬਣ ਗਏ। ਜਦੋਂ ਗੰਗਾ ਦਾਸ ਜੀ ਦੇ ਡੇਰੇ ਚਰਨ ਪਾਏ ਤਾਂ ਡੇਰੇ ਨੂੰ ਚਾਰ ਚੰਨ ਲੱਗ ਗਏ। ਰੌਣਕਾਂ ਦਾ ਸਿਤਾਰਾ ਚੜ੍ਹਦੇ ਸੂਰਜ ਵਾਂਗ ਚਮਕ ਉੱਠਿਆ। ਸਭ ਪਾਸਿਆਂ ਤੋਂ ਬੇਅੰਤ ਪਦਾਰਥ ਆਉਣ ਲੱਗੇ। ਗੰਗਾ ਦਾਸ ਜੀ ਨੇ ਮੰਗਲ ਦਾਸ ਜੀ ਦੇ ਚਰਨ ਫੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਬਾਬਾ ਭਗਵਾਨ ਦਾਸ ਜੀ ਨੂੰ ਸਾਡੇ ਡੇਰੇ ਵਿਚ ਹੀ ਰਹਿਣ ਦਿਉ। ਸੰਗਤ ਬਹੁਤ ਚਾਹੁੰਦੀ ਹੈ।" ਗੰਗਾ ਦਾਸ ਜੀ ਦੀ ਬੇਨਤੀ ਮੰਨ ਕੇ ਮੰਗਲ ਦਾਸ ਜੀ ਨੇ ਮਹਾਰਾਜ ਜੀ ਨੂੰ ਮਹਿਰਮਪੁਰ ਹੀ ਰਹਿਣ ਦਾ ਹੁਕਮ ਕੀਤਾ। ਗੰਗਾ ਦਾਸ ਜੀ ਨੇ ਆਪਣੇ ਚੇਲਿਆਂ ਨੂੰ ਆਖਿਆ, "ਬਾਵਾ ਜੀ ਦਾ ਸਤਿਕਾਰ ਕਰਿਆ ਕਰੋ, ਇਨ੍ਹਾਂ ਦੇ ਚਰਨਾਂ ਵਿਚ ਮਾਇਆ ਬਹੁਤ ਆਵੇਗੀ, ਇਹ ਬਹੁਤ ਬਲੀ ਹਨ, ਸੰਖ, ਚੱਕਰ, ਗਦਾ, ਪਦਮ ਦੇ ਚਿੰਨ੍ਹ ਹਨ। ਇਹ ਅਵਤਾਰਾਂ ਦੇ ਚਿੰਨ੍ਹ ਹਨ।" ਮੰਗਲ ਦਾਸ ਜੀ ਲੌਦੀਪੁਰ ਕੁਟੀਆ ਵਿਚ ਚਲੇ ਗਏ।

ਬੋਲੋ ਭਾਈ ਵਾਹਿਗੁਰੂ।

ਸਾਖੀ ਝਿਗੜੀਂ ਜਾਣ ਦੀ ਚੱਲੀ : ਭਾਈ ਜਵਾਹਰ ਸਿੰਘ ਦਾ ਮਿਲਾਪ

ਭਾਈ ਬੂਟਾ ਸਿੰਘ ਪਿੰਡ ਝਿਗੜਾਂ ਤੋਂ ਗੰਗਾ ਦਾਸ ਜੀ ਦੇ ਗੁਰ ਭਾਈ ਸਨ। ਬੂਟਾ ਸਿੰਘ ਦਾ ਪੁੱਤਰ ਵਰਿਆਮ ਸਿੰਘ, ਸੰਤ ਗੰਗਾ ਦਾਸ ਜੀ ਦਾ ਚੰਗਾ ਪ੍ਰੇਮੀ ਸੀ। ਬੂਟਾ ਸਿੰਘ ਨੇ ਮਹਿਰਮਪੁਰ ਡੇਰੇ ਜਾ ਕੇ ਬੇਨਤੀ ਕੀਤੀ। ਸਾਡੇ ਪਿੰਡ ਝਿਗੜੀਂ ਜਮਾਤ ਸਮੇਤ ਦਰਸ਼ਨ ਦਿਓ। ਪੰਝੀ ਫਗਣ ਦਿਨ ਦੇ ਚੜ੍ਹਾਅ ਨਾਲ ਸਾਰੀ ਜਮਾਤ ਨੂੰ ਝਿਗੜਾਂ ਵੱਲ੍ਹ ਰਵਾਨਾ ਹੋਣ ਦੀ ਆਗਿਆ ਦਿੱਤੀ, ਪੂਰਾ ਜਲੌਅ ਸੀ। ਦੋ ਊਠ, ਨਾਲ ਛੇ ਘੋੜੇ ਸਨ। ਇਕ ਗੱਡਾ ਵੀ ਸੀ। ਜਮਾਤ ਦੇ ਤੁਰਨ ਲੱਗਿਆਂ ਰਣ ਸਿੰਘੇ ਨੂੰ ਫੂਕ ਲਾਈ ਸੰਖਾਂ ਦੀ ਘੁਣ ਘਾਰ ਨੇ ਅਕਾਸ਼ ਗੁੰਜਵਾਂ ਦਿੱਤਾ। ਘੋੜਿਆਂ ਦਾ ਹਿਣਕ ਹਿਣਕਾਹਟ ਦੂਰ-ਦੂਰ ਤੱਕ ਸੁਣਾਈ ਦਿੰਦੀ ਸੀ। ਚਲਦੀ-ਚਲਦੀ ਜਮਾਤ ਪਿੰਡ ਝਿਗੜੀਂ ਦਿਨ

ਦੇ ਚਾਰ ਵਜੇ ਪਹੁੰਚ ਗਈ। ਪਿੰਡ ਦੇ ਚੜ੍ਹਦੇ ਵੱਲ੍ਹ ਡੇਰੇ ਦਾ ਇੰਤਜ਼ਾਮ ਕੀਤਾ ਹੋਇਆ ਸੀ। ਪਿੰਡ ਦੀ ਸੰਗਤ ਮਾਈ ਭਾਈ ਜਿਸ-ਜਿਸ ਤਰਾਂ ਕਿਸੇ ਜੰਞ ਦਾ ਸਵਾਗਤ ਕਰਨ ਵਾਸਤੇ ਜਾਈਦਾ ਇਸੇ ਤਰਾਂ ਸਿਆਣੇ ਆਦਮੀਆਂ ਨੇ ਅੱਗੇ ਵਧ ਕੇ ਸਵਾਗਤ ਕੀਤਾ। ਘੋੜਿਆਂ ਦੀਆਂ ਵਾਗਾਂ ਫੜੀਆਂ। ਸੰਤ ਮੰਡਲੀ ਨੂੰ ਉਤਾਰਾ ਦਿੱਤਾ। ਪਾਣੀ ਗਰਮ ਕਰਕੇ ਸੰਤਾਂ ਦੇ ਚਰਨ ਧੋਤੇ। ਆਸਣ ਲਗਾ ਦਿੱਤੇ। ਬਾਕੀ ਸੇਵਾਦਾਰਾਂ ਨੇ ਪਸ਼ੂਆਂ ਦੀ ਸੇਵਾ ਵੀ ਖੂਬ ਕੀਤੀ। ਰਾਤ ਦਾ ਭੰਡਾਰਾ ਬੂਟਾ ਸਿੰਘ ਨੇ ਕੀਤਾ। ਫਿਰ ਹੋਰ ਸੰਗਤ ਨੇ ਭੰਡਾਰੇ ਵਰਜੇ। ਦੂਜੇ ਦਿਨ ਸਾਧਾਰਣ ਪਾਠ ਵੀ ਆਰੰਭ ਕਰ ਦਿੱਤਾ। ਕਥਾ ਦਾ ਪ੍ਰੋਗਰਾਮ ਵੀ ਸ਼ੁਰੂ ਕੀਤਾ।

ਇਸ ਜਮਾਤ ਦੇ ਵਿਚ ਇਕ ਸਾਧੂ ਹੈ, ਜਿਸ ਦੀ ਉਮਰ ਕੋਈ ਲਗਭਗ ਪੰਦਰਾਂ ਸਾਲ ਦੀ ਹੈ। ਲੱਕ ਦੀ ਤੜਾਗੀ ਨੂੰ ਪਿੱਤਲ ਦੀ ਸੰਗਲੀ ਵੀ ਪਾਈ ਹੋਈ ਹੈ। ਗੋਰਾ ਰੰਗ, ਨਸ਼ੀਲੇ ਨੈਣ, ਨੱਕ ਖੰਡੇ ਦੀ ਧਾਰ, ਮਸਤਕ ਉੱਚਾ, ਰੂਪ ਡੁਲ੍ਹ-ਡੁਲ੍ਹ ਪੈਂਦਾ ਦੇਖਣ ਵਾਲਿਆਂ ਦੀਆਂ ਅੱਖਾਂ ਅਤੇ ਰੋਮ-ਰੋਮ ਵਿਚ ਪ੍ਰੇਮ ਦੀਆਂ ਝਰਨਾਹਟਾਂ ਪੈਣ ਲੱਗ ਪੈਂਦੀਆਂ ਸਨ।

- *ਸੁੰਦਰ ਸਰੂਪ ਦਾ ਅਨੂਪ ਸੋਹਣਾ ਦੇਖ ਮੁਖੜੇ ਦੀ ਜੋਤ ਚੰਦ ਸੂਰਜ ਸ਼ਰਮਾਂਵਦੇ।*
- *ਗੁਰੂ ਦੇ ਪੰਜ ਸਿੱਧੇ ਖਿਚਦੇ ਸਕੰਜੇ, ਲਾਲਤਾਜ ਸੀਸ ਮੱਥੇ ਜੋਤ ਦਿਸੇ ਭਗਵਾਨ ਜੀ।*

ਬਾਕੀ ਹੋਰ ਸਾਧੂਆਂ ਦੀ ਜਮਾਤ ਨਾਲੋਂ ਇਸ ਛੋਟੇ ਜਿਹੇ ਬਾਲਕ ਸਾਧੂ ਦੀ ਚਾਲ ਵੱਖਰੀ ਹੀ ਹੈ। ਭੁਜਾ ਲੰਮੀਆਂ, ਚਰਨ ਕੋਮਲ, ਮਸਤਕ ਉਸ ਚੌਦਵੀਂ ਦੇ ਚੰਦ ਵਾਂਗ ਅੰਮ੍ਰਿਤ ਦੀਆਂ ਭਰੀਆਂ ਰਿਸ਼ਮਾਂ ਦੁਨੀਆਂ ਨੂੰ ਸੀਤਲਤਾ ਬਖਸ਼ ਰਹੀਆਂ ਹਨ। ਸੀਸ 'ਤੇ ਸੁਨਹਿਰੀ ਰੰਗ ਦਾ ਸੋਹਣਾ ਜੜਾ ਛਤਰ ਵਾਂਗ ਹੀ ਸਜਦਾ ਹੈ। ਨਸ਼ੀਲੇ ਨੈਣ ਜਿਸ ਵੱਲ੍ਹ ਇਕ ਵਾਰੀ ਰਹਿਮਤ ਭਰੀਆਂ ਨਜ਼ਰਾਂ ਨਾਲ ਤਕ ਲੈਂਦੇ ਹਨ, ਬਿਨ ਪੀਤਿਆਂ ਮਤਵਾਲੇ ਹੋ ਜਾਂਦੇ ਹਨ। ਹਾਲਾਂਕਿ ਲੋਕੀ ਆਪ ਜੀ ਨੂੰ ਇਸ ਤਰਾਂ ਸਮਝਣ ਲੱਗੇ ਜਿਸ ਤਰਾਂ ਕਿ ਝਿਗੜਾਂ ਪਿੰਡ ਦਾ ਕੋਈ ਮਾਲਿਕ ਵਾਲੀ ਹੀ ਆ ਗਿਆ ਹੋਵੇ। ਸਭ ਦੇ ਦਿਲ

ਅੰਦਰੋਂ ਇਹੀ ਅਵਾਜ਼ਾਂ ਆਉਣ ਲੱਗੀਆਂ ਕਿ ਇਹ ਤਾਂ ਕੋਈ ਸਾਡਾ ਪਿਛਲਾ ਮੇਲੀ ਹੀ ਆ ਗਿਆ ਹੈ। ਸਭਨਾਂ ਦਾ ਦਿਲ ਆਪ ਜੀ ਦੇ ਅੱਗੇ ਝੁਕ ਗਿਆ। ਜੋਰੋ-ਜੋਰੀ ਆਪ ਜੀ ਨਾਲ ਸਾਂਝ ਪੈਂਦੀ ਜਾ ਰਹੀ ਸੀ। ਸਭ ਦੇ ਅੰਦਰ ਪੂਰਬ ਸੰਚਿਤ ਕਰਮਾਂ ਦੀਆਂ ਸੱਧਰਾਂ ਜਾਗ ਪਈਆਂ। ਉਧਰ ਭਾਈ ਜਵਾਹਰ ਸਿੰਘ ਜੀ ਵੀ ਇਸ ਸੁਨਹਿਰੀ ਸਮੇਂ ਦੀ ਉਡੀਕ ਕਰ ਰਹੇ ਸਨ ਕਿ ਕਦੋਂ ਮੇਰੇ ਖ਼ਜ਼ਾਨਿਆਂ ਦਾ ਮਾਲਿਕ ਆਵੇ ਤਾਂ ਭੰਡਾਰੇ ਦੇ ਮਾਲਿਕ ਨੂੰ ਭੰਡਾਰਾ ਸੌਂਪ ਕੇ ਮੈਂ ਸੁਰਖ਼ਰੂ ਹੋਵਾਂ। ਜਦੋਂ ਜਮਾਤ ਦੂਜੇ ਦਿਨ ਡੇਰੇ ਤੋਂ ਬਾਹਰ ਲੰਗਰ ਛਕਣ ਨਿਕਲੀ। ਮੋਹਰੇ ਗੰਗਾ ਦਾਸ ਜੀ ਦੇ ਨਾਲ-ਨਾਲ ਸੱਜੇ ਪਾਸੇ ਮਹੰਤ ਤੇ ਇਕ ਛੋਟਾ ਜਿਹਾ ਸਾਧੂ ਪਿੱਤਲ ਦਾ ਤੜਾਗਾ ਲਾਈ ਨਾਮ ਦੇ ਨਸ਼ੇ ਨਾਲ ਮਸਤ ਜਿਹੀ ਚਾਲ ਨਾਲ ਤੁਰਿਆ ਜਾਂਦਾ, ਦੁਨੀਆਂ ਨੂੰ ਜਾਦੂ ਵਾਂਗ ਜ਼ੇਰ ਕਰੀ ਜਾਂਦਾ। ਭਾਈ ਜੀ ਨੇ ਜਦੋਂ ਤੱਕਿਆ ਤਾਂ ਲਾਲ ਨਜ਼ਰੀ ਪਿਆ।

ਪਾਰਸ ਦੇ ਉਪਰ ਨਾਂ ਮੋਹਰ ਅਮੋਲਕ ਹੈ ਸੰਨ ਦਾ ਨਸਾਂਨ ਕੋਈ ਉਪਰ ਨਾਂ ਲਾਲ ਦੇ॥
ਜਾਣ ਨਹੀਂ ਸਕਦਾ ਗੁਵਾਰ ਲੋਕ ਗੁਣ ਤਾਂਈ ਪਾਰੂਖ ਪਛਾਂਣ ਲੈਣ ਮੋਹਰਮ ਜੋ ਹਾਲ ਦੇ॥

ਭੋਗ ਪੈਣ ਦੇ ਬਾਅਦ ਜਦੋਂ ਜਮਾਤ ਡੇਰੇ ਵੱਲ੍ਹ ਚੱਲੀ ਤਾਂ ਤਿੱਖੀ ਤੇ ਸੋਹਣੀ ਨੁਹਾਰ ਵਾਲੇ ਛੋਟੇ ਜਿਹੇ ਸਾਧੂ ਨੂੰ ਭਾਈ ਜਵਾਹਰ ਸਿੰਘ ਜੀ ਨੇ ਜਾ ਫੜਿਆ। ਆਪਣੇ ਆਸਣ 'ਤੇ ਲੈ ਗਏ। ਜੱਫੀ ਵਿਚ ਲੈ ਕੇ ਗੱਦੀ 'ਤੇ ਜਾ ਬਿਠਾਇਆ। ਆਖਿਆ ਇਹ ਸਭ ਮਲਕੀਅਤਾਂ ਤੇਰੀਆਂ ਹੀ ਹਨ। ਇਸ ਦੀ ਸੰਭਾਲ ਕਰੋ। ਪਤਾ ਨਹੀਂ ਉਸ ਗਲ-ਵਕੜੀ ਨਾਲ ਕੀ ਜਾਦੂ ਮਾਰਿਆ, ਰੋਮ-ਰੋਮ ਅੰਦਰ ਪਿਆਰ ਦਾ ਜਾਗ ਲੱਗ ਗਿਆ। ਦਿਲ ਹੁਣ ਵਿਛੋੜਾ ਨਹੀਂ ਝੱਲਦਾ, ਤਨ ਮਨ ਰੋਮ-ਰੋਮ ਪ੍ਰੇਮ ਦੇ ਰੰਗਣ ਵਿਚ ਰੰਗਿਆ ਗਿਆ।

ਇਕ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ।

ਇਕ ਮਿੰਟ ਦਾ ਵਿਛੋੜਾ ਯੁੱਗਾਂ ਦੇ ਸਮਾਨ ਬੀਤਣ ਲੱਗਾ। ਜਵਾਹਰ ਸਿੰਘ ਜੀ ਨੇ ਇਕ ਦੋ ਬਚਨ ਆਖੇ, "ਬਾਵਾ ਜੀ! ਤੁਸੀਂ ਇਨ੍ਹਾਂ ਗਿੱਦੜ

ਰੰਗਿਆਂ ਨਾਲ ਕੀ ਕਰਨਾ ਹੈ? ਤੁਸੀਂ ਇਨ੍ਹਾਂ ਦਾ ਸੰਗ ਛੱਡ ਕੇ ਸਾਡੇ ਪਾਸ ਰਹੋ।" ਜਦੋਂ ਪਤਾ ਲੱਗਾ ਸੰਤ ਗੰਗਾ ਦਾਸ ਜੀ ਨੂੰ ਕਿ ਬਾਵਾ ਜੀ ਨੂੰ ਤਾਂ ਭਾਈ ਜਵਾਹਰ ਸਿੰਘ ਜੀ ਲੈ ਗਏ ਹਨ, ਝਟ ਪਟ ਉੱਠ ਕੇ ਭਾਈ ਜੀ ਦੇ ਪਾਸ ਗਏ। ਭਾਈ ਜੀ ਨੇ ਆਉਂਦੇ ਹੀ ਸਾਧ ਦੇ ਪੈਰ ਚੁੱਕ ਦਿੱਤੇ। ਆਖਣ ਲੱਗੇ, "ਮਹੰਤ ਜੀ! ਇਹ ਸ਼ੇਰ ਤੇਰੇ ਕਿੱਥੇ ਕਾਬੂ ਆ ਗਿਆ? ਇਹ ਤਾਂ ਬਲੀ ਹੈ, ਬੜੇ ਭਾਰੇ ਬੇਲਿਆਂ ਦਾ ਮਾਲਿਕ ਹੈ, ਇਸ ਨੂੰ ਤਾਂ ਦੇਵਤੇ ਸਲਾਮਾਂ ਕਰਨਗੇ, ਇਹ ਤੇਰੇ ਰੱਖਣ ਦਾ ਨਹੀਂ ਹੈ। ਦੇਖੀਂ ਇਸ ਨੂੰ ਛੋਟਾ ਜਿਹਾ ਬਾਲਕ ਨਾ ਸਮਝਣਾ, ਇਸ ਕੋਲੋਂ ਭਾਂਡੇ ਨਹੀਂ ਮੰਜਵਾਉਣੇ। ਇਸ ਕੋਲੋਂ ਆਪਣੀ ਸੇਵਾ ਨਾ ਕਰਵਾਈਂ। ਨਹੀਂ ਮਾਰਿਆ ਜਾਵੇਗਾ, ਸ਼ੇਰ ਬਕਰੀਆਂ ਦੇ ਇੱਜੜਾਂ ਵਿਚ ਨਹੀਂ ਰਹਿੰਦੇ, ਇਕੱਲੇ ਹੀ ਬਣਾਂ ਦੇ ਮਾਲਿਕ ਹੁੰਦੇ ਹਨ, ਇਹ ਤਾਂ ਸਾਡੇ ਦੁਆਬੇ ਦੀ ਧਰਤੀ ਨੂੰ ਭਾਗ ਲਾਵੇਗਾ। ਪੰਜਾਬ ਦੇ ਕੋਨੇ-ਕੋਨੇ ਦਾ ਉਧਾਰ ਕਰਨਾ ਹੈ। ਵਲੈਤਾਂ ਵਿਚ ਵੀ ਇਸ ਦਾ ਨਾਂ ਉੱਘਾ ਹੋਵੇਗਾ। ਦਰਿਆਵਾਂ ਦਾ ਪਾਣੀ ਪੰਜਾਬ ਦੇਸ਼ ਦੇ ਹਰੇ ਭਰੇ ਬਾਗਾਂ ਦੀਆਂ ਰੌਣਕਾਂ, ਪਸ਼ੂ ਪੰਛੀ, ਨਰ-ਨਾਰੀ ਸੋਹਣੇ ਪ੍ਰੀਤਮ, ਮਹਾਂਬਲੀ, ਅਵਤਾਰੀ, ਰਾਜਿਓ ਕੇ ਰਾਜੇ ਦੇ ਦਰਸ਼ਨ ਦੇ ਪਿਆਸੇ ਹਨ।" ਜਵਾਹਰ ਸਿੰਘ ਜੀ ਬਚਨ ਸੁਣ ਕੇ ਮਹੰਤ ਬੜਾ ਉਦਾਸ ਹੋ ਗਿਆ। ਆਖਣ ਲੱਗਾ "ਭਾਈ ਜੀ! ਮੇਰੀ ਜਮਾਤ ਦਾ ਰੰਗ ਇਸ ਦੇ ਨਾਲ ਹੀ ਹੈ। ਮੇਰੇ ਰਿਜ਼ਕ ਨਾ ਖੋਹਵੋ। ਬਾਹਰ ਪਿੰਡਾਂ ਵਿਚ ਸਾਡੀ ਮਾਨਤਾ ਇਨ੍ਹਾਂ ਦੇ ਹੀ ਆਸਰੇ ਹੈ।" ਮਹੰਤ ਦੇ ਜ਼ਿਆਦਾ ਆਖਣ ਤੇ ਭਾਈ ਜੀ ਨੇ ਬਾਵਾ ਜੀ ਨੂੰ ਨਾਲ ਜਾਣ ਦੀ ਆਗਿਆ ਦੇ ਦਿੱਤੀ। ਮਹੰਤ ਗੰਗਾ ਦਾਸ ਜੀ ਖੁਸ਼ ਹੋ ਗਏ। ਕੁੱਝ ਦਿਨ ਝਿਗੜੀਂ ਰਹਿ ਕੇ ਸਧਾਰਨ ਪਾਠ ਦਾ ਭੋਗ ਪਵਾ ਕੇ ਝਿਗੜਾਂ ਤੋਂ ਝੱਟਪਟ ਅੱਗੇ ਦੀ ਤਿਆਰੀ ਕਰ ਲਈ। ਗੰਗਾ ਦਾਸ ਮਹੰਤ ਦਾ ਦਿਲ ਬਹੁਤ ਧੜਕ-ਧੜਕ ਕਰਦਾ ਸੀ। ਕਿਤੇ ਫਿਰ ਨਾ ਬਾਬਾ ਜੀ ਭਾਈ ਜਵਾਹਰ ਸਿੰਘ ਪਾਸ ਚਲੇ ਜਾਣ। ਭੋਗ ਪਾਇਆ ਜਗ ਹਵਨ ਕੀਤਾ, ਸਾਰਾ ਦਿਨ ਲੰਗਰ ਵਰਤਦਾ ਰਿਹਾ, ਗਰੀਬ ਲੋਕ ਅਸੀਸਾਂ ਦਿੰਦੇ ਜਾਂਦੇ। ਉੱਧਰ ਜਮਾਤ ਨੂੰ ਤਿਆਰੀ ਕਰਨ ਦਾ ਹੁਕਮ ਕੀਤਾ। ਸਾਧੂ ਗੋਗੜਾਂ ਤੇ ਹੱਥ ਫੇਰਦੇ ਹੋਏ ਬੋਰੀ ਬਿਸਤਰੇ ਬੰਨ੍ਹ ਕੇ ਤਿਆਰ ਹੋ ਰਹੇ ਸਨ। ਪਿੰਡ ਵਾਸੀ

ਸੰਗਤ ਨੇ ਇਕੱਠੀ ਹੋ ਕੇ ਜਮਾਤ ਨੂੰ ਸਲਾਮ ਦਿੱਤੀ, ਜਮਾਤ ਨੇ ਸੰਗਤ ਤੋਂ ਛੁੱਟੀ ਮੰਗੀ। ਨਰਸਿੰਘੇ ਨੂੰ ਫੂਕ ਲਾਈ। ਮਹੰਤ ਨੇ ਘੋੜੇ ਨੂੰ ਸਿੱਧਾ ਪੱਛੋਂ ਵੱਲ੍ਹ ਕਰਕੇ ਅੱਡੀ ਲਾ ਦਿੱਤੀ। ਸੰਗਤ ਨੂੰ ਅਸ਼ੀਰਵਾਦ ਦੇ ਕੇ ਰਵਾਨਾ ਹੋ ਗਏ।

ਬੋਲੋ ਭਾਈ ਵਾਹਿਗੁਰੂ।

ਜਮਾਤ ਦਾ ਹੋਰ ਪਿੰਡਾਂ ਵਿੱਚ ਜਾਣਾ

ਝਿਗੜਾਂ ਤੋਂ ਉੱਠ ਕੇ ਜਮਾਤ (ਸੰਤ ਮੰਡਲੀ) ਮੁਕੰਦਪੁਰ, ਜਗਤਪੁਰ ਵਿਚ ਦੀ ਹੁੰਦੀ ਹੋਈ ਸਰਹਾਲ ਕਾਜ਼ੀਆਂ ਲੰਘ ਮਜਾਰੇ ਡੇਰੇ ਵਿਚ ਪਹੁੰਚ ਗਏ। ਭਰੋ ਮਜਾਰੇ ਵੀ ਸੰਤ ਗੰਗਾ ਦਾਸ ਜੀ ਦਾ ਇਕ ਡੇਰਾ ਸੀ। ਉੱਥੇ ਕੁੱਝ ਦਿਨ ਠਹਿਰ ਕੇ ਅੱਗੇ ਬੜੇ ਰੁੜਕੇ ਚਲੇ ਗਏ। ਜਦੋਂ ਇਕ ਮਹੀਨਾ ਹੋਇਆ ਇਸ ਦੀ ਇਲਾਕੇ ਵਿਚ ਰਹਿੰਦਿਆਂ ਇਕ ਦਿਨ ਪਤਲੇ ਕੱਦ ਦਾ ਤਪੱਸਵੀ ਜਿਸ ਦਾ ਹੁਸਨ ਦਾ ਭਰਿਆ ਮੁਖੜਾ ਡਲ੍ਹਕਾਂ ਮਾਰਦਾ ਸੰਸਾਰ ਦਾ ਉਦਾਰ ਕਰ ਰਿਹਾ ਹੈ। ਇਕ ਮਹੀਨੇ ਤੋਂ ਕੁੱਝ ਦਿਨ ਜ਼ਿਆਦਾ ਹੋਏ ਸਨ ਪਰ ਅਜੇ ਤਕ ਵੀ ਭਾਈ ਜਵਾਹਰ ਸਿੰਘ ਦੀ ਜੱਫੀ ਦਾ ਨਿੱਘਾ ਸਵਾਗਤ, ਨਿੱਘੇ ਪਿਆਰ ਭਿੰਨੇ ਝੌਂਕੇ ਮਿਲਦੇ ਸਨ। ਕਦੀ-ਕਦੀ ਐਸੀਆਂ ਖਿੱਚਾਂ ਪੈਂਦੀਆਂ ਸਨ ਦਿਲ ਕਰਦਾ ਸੀ ਉੱਡਕੇ ਉਸੇ ਸੰਤ ਦੇ ਦਰਸ਼ਨ ਜਾ ਕਰਾਂ। ਜਦੋਂ ਚਾਲੀ ਦਿਨ ਹੋ ਗਏ। ਭਾਈ ਜੀ ਕੋਲੋਂ ਮਹਾਰਾਜ ਜੀ ਨੂੰ ਗਿਆਂ। ਇਕ ਦਿਨ ਭਾਈ ਜਵਾਹਰ ਸਿੰਘ ਜੀ ਢਾਬੀ ਲਾਲਾ ਜੀ ਦੇ ਦਰਬਾਰ ਮੋਹਰੇ ਸਮਾਧੀ ਲਾਈ ਬੈਠੇ ਸਨ, ਉਸ ਦੇਸ਼ ਦੇ ਨਜ਼ਾਰੇ ਵੇਖ ਰਹੇ ਸਨ। ਅਨੋਖੀਆਂ ਝਲਕਾਂ ਪੈਂਦੀਆਂ ਸਨ।

ਬੇਗਮ ਪੁਰਾ ਸਹਰ ਕੋ ਨਾਉ॥

ਉਸ ਗ਼ੈਬੀ ਮਹੱਲ ਦੇ ਅੰਦਰ ਪ੍ਰਕਾਸ਼ ਰੂਪ ਜੋਤ ਬਿਰਾਜਮਾਨ ਸੀ। ਜਿਸ ਜੋਤ ਦਾ ਪ੍ਰਕਾਸ ਸਾਰੀ ਸ੍ਰਿਸ਼ਟੀ ਦੇ ਰੋਮ-ਰੋਮ ਵਿਚ ਪ੍ਰਕਾਸ਼ ਦੇ ਰਿਹਾ, ਸਭ ਜੀਵਾਂ ਨੂੰ ਜੀਵਨ ਦਾ ਦਾਨ ਦੇ ਰਿਹਾ ਹੈ। ਸਦਾ ਸਲਾਮਤ ਰਹਿਣ ਵਾਲੇ ਦੇਸ਼ ਦੇ ਮਾਲਿਕ ਦੀ ਸਿਫ਼ਤ ਇਨਸਾਨ ਦੀ ਸਮਝ ਤੋਂ ਪਰ੍ਹੇ ਹੈ। ਕੋਟਾਂ ਸੂਰਜਾਂ, ਕੋਟਾਂ ਬਿਜਲੀਆਂ ਦੀ ਚਮਕ ਨਾਲੋਂ ਵੀ ਪ੍ਰਕਾਸ਼ ਜ਼ਿਆਦਾ, ਜਿਸ ਦੀ ਝਲਕ ਇਨਸਾਨ

ਦੇ ਨੇਤਰ ਨਹੀਂ ਸਹਾਰ ਸਕਦੇ ਇੰਨੇ ਤੇਜ਼ ਵਾਲੀਆ ਰਿਸ਼ਮਾਂ ਜਿਸ ਨੂੰ ਛੋਹ ਜਾਂਦੀਆਂ ਹਨ, ਉਹ ਦੁਨੀਆਂ ਨੂੰ ਭੁੱਲ ਜਾਂਦੇ ਹਨ

- *"ਪਿਆ ਲਸ਼ਕਾਰਾ ਦਿਲ ਲੈ ਗਿਆ ਹਮਾਰਾ*
  ਹੁਣ ਦਾਸ ਭਗਵਾਨ ਗੀਤ ਉਸਦੇ ਹੀ ਗਾਵਾਂ ਮੈਂ॥
- *ਦਿਲ ਤੇ ਈਮਾਂਨ ਕਰਾਂ ਜਾਂਨ ਕੁਰਬਾਂਨ*
  ਓਹੋ ਹੁਸਨ ਦੀ ਖਾਨ ਜੋ ਪ੍ਰਾਨ ਹੂੰ ਸੇ ਪਿਆਰੀ ਹੈ॥ ੨੫੪॥

ਉਸ ਜੋਤ ਨਾਲ ਜੁੜੇ ਬੈਠਿਆਂ ਭਾਈ ਜਵਾਹਰ ਸਿੰਘ ਜੀ ਨੂੰ ਅਕਾਸ਼ ਬਾਣੀ ਹੋਈ, "ਮੇਰੇ ਪਿਆਰੇ ਭਗਤ! ਤੇਰੇ ਪਾਸ ਜਿਸ ਨੂੰ ਮੈਂ ਬਹੁਤ ਭੰਡਾਰੇ ਦੇ ਕੇ ਸੰਸਾਰ ਦਾ ਉਦਾਰ ਕਰਨ ਦਾ ਹੁਕਮ ਦੇ ਕੇ ਭੇਜਿਆ ਸੀ। ਉਸ ਭੰਡਾਰੇ ਦੀ ਸੰਭਾਲ ਕਰਨ ਵਾਲਾ ਆ ਰਿਹਾ ਹੈ।" ਜਦੋਂ ਭਾਈ ਜਵਾਹਰ ਸਿੰਘ ਨੂੰ ਉਸ ਸੱਚੀ ਦਰਗਾਹ ਵਲੋਂ ਹੁਕਮ ਹੋਇਆ, ਸੱਚ ਦੇ ਅਨੰਦ ਵਲੋਂ ਇਕ ਫੁਰਮਾਨ ਹੋਇਆ। ਬਾਬਾ ਜੀ ਨੇ ਝਟ ਆਪਣੇ ਖ਼ਜ਼ਾਨਿਆਂ ਦੇ ਮਾਲਿਕ ਨੂੰ ਲੱਭ ਲਿਆ।

ਤਾਰ ਇਲਮ ਦੀ ਨਾ ਉੱਥੇ ਪਹੁੰਚ ਸਕਦੀ ਜਿੱਥੇ ਪ੍ਰੇਮ ਸਨੇਹੜਾ ਜਾ ਦਿੰਦਾ।
ਪ੍ਰੇਮ ਨਹਿਰ ਲਿਆਉਂਦਾ ਪੱਥਰਾਂ 'ਚੋਂ ਬਾਗ ਸ਼ੀਰੀਂ ਦੇ ਨੂੰ ਪਾਣੀ ਲਾ ਦਿੰਦਾ।
ਵਾਇਰਲੈਸ ਪ੍ਰੇਮ ਦੀ ਬੁਰੀ ਹੁੰਦੀ ਉੱਡਦੇ ਪੰਛੀਆਂ ਨੂੰ ਫਾਹੀ ਪਾ ਦਿੰਦਾ।
ਪੈਂਦੀ ਲੋੜ ਨਾਹੀਂ ਉੱਥੇ ਪੈਸਿਆਂ ਦੀ ਜਿੱਥੇ ਪ੍ਰੇਮ ਆ ਕੇ ਡੇਰਾ ਲਾ ਦਿੰਦਾ।
ਵਿਸ਼ਨੂੰ ਬੱਝਿਆ ਪ੍ਰੇਮ ਦੇ ਜਾਲ ਅੰਦਰ ਨਾਮ ਦੇਵ ਦੀ ਛੰਨ ਬੰਨ੍ਹਾ ਦਿੰਦਾ।
ਕ੍ਰਿਸ਼ਨ ਬੱਝਿਆ ਪ੍ਰੇਮ ਦੇ ਜਾਲ ਅੰਦਰ, ਪੈਰ ਆਪ ਸੁਦਾਮੇ ਦੇ ਧੋ ਦਿੰਦਾ।
ਨਹੀਂ ਦੇਖਦਾ ਰੰਗ ਤੇ ਰੂਪ ਸੋਹਣਾ, ਬੇਰ ਭੀਲਣੀ ਦੇ ਰਾਮ ਖਾ ਲੈਂਦਾ।
ਨਹੀਂ ਜਾਣਦਾ ਮਾਲ੍ਹ ਪੂੜਿਆਂ ਨੂੰ ਰੋਟੀ ਕੌਧਰੇ ਦੀ ਨਾਨਕ ਖਾ ਲੈਂਦਾ।
ਉੱਚ ਨੀਚ ਵਾਲੀ ਵਾਧ ਘਾਟ ਨਾਹੀਂ ਉੱਚੇ ਅੰਬਰਾਂ ਦੇ ਗੱਲ ਮੁਕਾ ਦਿੰਦਾ।
'ਨਹੀਂ ਜਾਣਦਾ ਰਾਜੇ ਰਾਣਿਆਂ ਨੂੰ ਅਲੂਣਾ ਸਾਗ ਬਿਦਰ ਦਾ ਖਾ ਲੈਂਦਾ।

ਭਾਈ ਜਵਾਹਰ ਸਿੰਘ ਜੀ ਦੇ ਪਰੇਮ ਨੇ ਰਾਜਾ ਸਾਹਿਬ ਜੀ ਨੂੰ ਆਪਣੇ ਹੀ ਰੰਗ ਵਿਚ ਰੰਗ ਲਿਆ। ਪ੍ਰੇਮ ਨੇ ਐਸੀ ਖਿਚ ਪਾਈ ਕਿ ਰਾਜਾ ਸਾਹਿਬ ਜੀ ਨੂੰ ਆਪਣੀ ਕੋਈ ਸੁੱਧ-ਬੁੱਧ ਨਾ ਰਹੀ ਜਿਵੇਂ ਕਬੀਰ ਜੀ ਫਰਮਾਉਂਦੇ ਹਨ,

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰ ਪਰਿਆ ਪਰਾ ਕਰੇਜੇ ਛੇਕੁ॥

ਆਸਣ ਵਿਛਿਆ ਹੀ ਛੱਡ ਕੇ ਇਵੇਂ ਭੱਜੇ ਜਿਵੇਂ ਭੌਰਾ ਫੁੱਲਾਂ ਤੇ, ਪਰਵਾਨਾ ਸ਼ਮ੍ਹਾ 'ਤੇ, ਆਸ਼ਿਕ ਮਾਸ਼ੂਕ ਵੱਲ੍ਹ ਭੱਜ ਜਾਂਦਾ ਹੋਵੇ। ਜਿਹੜਾ ਪਿਆਰ ਦਾ ਧੂਣਾ ਧੁਖਦੇ ਨੂੰ ਇਕ ਮਹੀਨੇ ਤੋਂ ਕੁੱਝ ਦਿਨ ਜ਼ਿਆਦਾ ਹੋ ਗਏ ਸਨ, ਜਿਸ ਦੀ ਜੱਫੀ ਦਾ ਨਿੱਘ ਅੱਜ ਵੀ ਉਨ੍ਹਾਂ ਨੂੰ ਮਹਿਸੂਸ ਹੁੰਦਾ ਸੀ। ਅੱਜ ਉਹ ਦੁਖਦੀ ਧੂਣੀਂ ਨੂੰ ਕਿਸੇ ਦੂਰ ਬੈਠੇ ਹੀ ਭਾਂਬੜ ਬਾਲ ਦਿੱਤੇ। ਬੇਚੈਨੀ ਕਰ ਦਿੱਤੀ। ਨਾ ਨੀਂਦ ਰਹੀ, ਨਾ ਕਿਸੇ ਦੇ ਨਾਲ ਗੱਲ ਕਰਨ ਨੂੰ ਦਿਲ ਕਰਦਾ, ਖਾਣਾ-ਪੀਣਾਂ, ਸੌਣਾ ਭੁੱਲ ਗਿਆ। ਲੰਮੇ ਲੰਮੇ ਸਾਹ ਆ ਰਹੇ ਸਨ। ਤਾਰਿਆਂ ਦੀ ਛਾਵੇਂ ਨਾਮ ਦੇ ਨਸ਼ੇ ਵਿਚ ਝੂੰਮਦੇ ਜਿਵੇਂ ਮਾਰੂਥਲਾਂ ਨੂੰ ਚੀਰਦੀ ਹੋਈ ਸੱਸੀ, ਬੇਲੇ ਵੱਲ੍ਹ ਹੀਰ ਭੱਜੀ ਜਾਂਦੀ, ਫਰਿਆਦ ਨਹਿਰ ਕੱਢਣ ਪਹਾੜ ਵੱਲ੍ਹ ਬਹੁਤ ਤੇਜ਼ ਰਫ਼ਤਾਰ ਨਾਲ ਮਹਾਰਾਜ ਜੀ ਕਿਸੇ ਮਹਾਂਪੁਰਸ਼ ਦੇ ਖਿੱਚੇ ਹੋਏ ਚਲੇ ਜਾ ਰਹੇ ਹਨ। ਪਿੰਡ ਝਿਗੜੀਂ ਬੈਠੇ ਭਾਈ ਜੀ ਨੂੰ ਜਾ ਸਲਾਮ ਕੀਤਾ। ਸਵੈਯਾ ਉਚਾਰਨ ਕੀਤਾ ਸਤਿਗੁਰਾਂ ਦੀ ਸਿਫ਼ਤ ਵਿਚ

ਹੌਂ ਪ੍ਰਨਾਮ ਕਰੂੰ ਗੁਰ ਕੌ ਗੁਰ ਬਾਝ ਨ ਮਾਨਤ ਔਰਨ ਕੌ॥
ਗੁਰ ਦਾਤਾ ਭਇਓ ਜਗ ਅੰਤਰ ਹੈ ਗੁਰ ਦਾਨ ਦੀਓ ਮਨ ਸੌਰਿਨ ਕੌ॥
ਛਬ ਦੇਵਤ ਹੈਂ ਸਭ ਹੀ ਸੁਰ ਕੌ, ਉਰ ਚਾਹਤ ਹੈ ਗੁਰ ਜੌਰਨ ਕੌ॥
ਦਾਸ ਭਗਵਾਨ ਜਹਿ ਪਾਂਵ ਧਰੇ ਗੁਰ ਸੀਸ ਨਮਾ ਤਹ ਠੌਰਨ ਕੌ॥

ਆਪ ਜੀ ਨੇ ਇਨ੍ਹਾਂ ਸ਼ਬਦਾਂ ਦੁਆਰਾ ਉਸਤਤ ਕੀਤੀ। ਭਾਈ ਜਵਾਹਰ ਸਿੰਘ ਜੀ ਬਹੁਤ ਪ੍ਰਸੰਨ ਹੋਏ। ਆਖਣ ਲੱਗੇ, "ਆਉ! ਮੇਰੇ ਲਾਲ! ਵਰਾਂ ਦੇ ਦਾਤੇ! ਮੁਕਤਾ ਭੁਗਤਾ ਦੇ ਮਾਲਿਕ ਆਉ। ਉਸ ਇਲਾਹੀ ਦਰਬਾਰ ਦਾ ਹੁਕਮ

ਹੋਇਆ ਸੁਣੋ। ਉਸ ਗ਼ੈਬੀ ਮਹੰਤ ਤੋਂ ਜੋ ਅਕਾਸ਼ ਬਾਣੀ ਹੋਈ ਸਭ ਕਹਿ ਸੁਣਾਈ। ਜਦੋਂ ਸੋਹਣੇ ਪ੍ਰੀਤਮ ਜੀ ਵਾਲਾ ਸੁਨੇਹਾ ਮਿਲਿਆ ਆਪ ਜੀ ਨੇ ਬੜੀ ਬੁਲੰਦ ਅਵਾਜ਼ ਨਾਲ ਇਹ ਉਚਾਰਨ ਕੀਤਾ।

ਪ੍ਰੀਤਮ ਪਿਆਰੇ ਦੇ ਇਸਾਰੇ ਜੋ ਨਿਆਰੇ ਨਿਆਰੇ,
ਜਦੋਂ ਦੇ ਨਿਹਾਰੇ ਹੋਇ ਰਹੇ ਬਲਹਾਰੇ ਹਾਂ॥
ਕੈਸੀ ਦਿਆਂ ਮੈਂ ਨਸਾਨੀ ਨਾਂਹੀ ਬਿਚ ਦੋ ਜਹਾਨੀ,
ਐਸੀ ਸੂਰਤ ਲਾਸਾਨੀ ਦੇਖ ਹੋਏ ਬਨਜਾਰੇ ਹਾਂ॥
ਖੇਲ ਹੈ ਖਿਆਲੀ ਚਾਲ ਓਸ ਦੀ ਨਰਾਲੀ,
ਅਸੀਂ ਜਦੋਂ ਦੀ ਹੈ ਭਾਲੀ ਲੈਂਦੇ ਤਦੋਂ ਦੇ ਨਜ਼ਾਰੇ ਹਾਂ॥
ਰਿਹਾ ਨਹੀਂ ਗੰਮ ਪਿਆ ਦੰਮ ਬਿਚ ਦੰਮ
ਆਇ ਦਾਸ ਭਗਵਾਨ ਹੋਇ ਰਹੇ ਮਤਵਾਰੇ ਹਾਂ॥ ਭ.ਬਿ. 258॥

ਪੀਰ ਕੋ ਅਦਾਬ ਉੱਠ ਕਰੀਏ ਸਤਾਬ
ਜਿਨ ਇਸਕ ਦੇ ਬਾਬ ਦਾ ਹਿਸਾਬ ਸਿਖਲਾਇਆ ਹੈ॥
ਪੀਰ ਨੇ ਪਲਾਇ ਪਿਆਲਾ ਕੀਆ ਮਤਵਾਲਾ
ਹਮੇ ਹੁਆ ਹੈ ਉਜਾਲਾ ਆਲਾ ਐਸਾ ਬਤਲਾਇਆ ਹੈ॥
ਪਈ ਲਸਕ ਅਜੈਬ ਗੈਬ ਗੈਬਲ ਹੋ ਰਹੇ
ਗੈਬ ਦਰਜਾ ਆਵੈਬ ਐਸਾ ਪੀਰ ਦਿਖਲਾਇਆ ਹੈ॥
ਪੀਰ ਕਾਮਲ ਕੋ ਰਿਦੇ ਧਾਰ ਬੰਦਨਾ ਹੈ ਬਾਰਿ ਬਾਰਿ
ਦਾਸ ਭਗਵਾਨ ਪੀਰ ਸਾਦਕੀ ਸਮਾਇਆ ਹੈ॥ ੨੦੮॥

ਆਇਆ ਗੁਰ ਕੀ ਹੌਂ ਸਾਂਮ ਦੰਡੌਤ ਪਰਨਾਮ
ਐਸੇ ਨਾਮ ਨਾਮੀ ਨਿਜ ਰੂਪ ਗੁਰ ਹੂੰ ਸੇ ਪਾਇਆ ਹੈ।
ਦਾਨੁ ਦੀਆ ਹੈ ਅਤੋਲ ਜੇਹਦਾ ਮੋਲ ਹੈ
ਅਮੋਲ ਮੋਲ ਬੋਲ ਸੇ ਅਬੋਲ ਬੋਲ ਗੁਰ ਨੇ ਲਖਾਇਆ ਹੈ॥

ਗੁਰ ਪਰਤਾਪ ਗਏ ਸਭ ਬਿਰਲਾਪ ਪਾਪ ਪਾਇ ਕੇ
ਅਜਾਪ ਜਾਪ ਜਾਪ ਕੋ ਜਗਾਇਆ ਹੈ॥
ਗੁਰ ਕਾਮਲ ਕੋ ਰਿਦੇ ਧਾਰ ਬੰਦਨਾ ਹੈ ਬਾਰ ਬਾਰ
ਦਾਸ ਭਗਵਾਨ ਗੁਰ ਸਾਦਕੀ ਸਮਾਇਆ ਹੈ॥

(ਬਾਣੀ ਰਾਜਾ ਸਾਹਿਬ ਜੀ ਦੀ ਭਗਵਾਨ ਬਿਲਾਸ ॥੨੦੭॥)

ਦਸ ਕਬਿੱਤ ਨਿਰੰਕਾਰ ਗੁਰੂ ਦੀ ਉਸਤਤ ਵਿਚ ਉਚਾਰਨ ਕੀਤੇ ਜਦੋਂ ਗੁਰ ਕਾਮਿਲ ਦਾ ਮਿਲਾਪ ਹੋਇਆ। ਸਾਰੇ ਕਾਰਜ ਸੁਧਰ ਗਏ। ਤੀਨੋ ਤਾਪ ਆਪੀਆਂ-ਵਿਆਧੀਆਂ ਰੋਗ ਸੋਗ ਕਾਮ ਕਰੋਧ ਲੋਭ ਮੋਹ ਹੰਕਾਰ ਸਭ ਨਸ਼ਟ ਹੋ ਗਏ। ਕੋਟਾਂ ਸੂਰਜਾਂ ਦੇ ਸਮਾਨ ਅੰਦਰ ਰੋਸ਼ਨੀ ਹੋ ਗਈ। ਗੁਰੂ ਨੇ ਅੰਦਰ ਹੀ ਹਾਟ ਪਟਣ ਬਜ਼ਾਰ ਦਿਖਾ ਦਿੱਤੇ।

ਨਿਰਮਲ ਜੋਤ ਜਗੀ ਘਟ ਭੀਤਰ ਦਾਸ ਭਗਵਾਨ ਹੈ ਦ੍ਰਸਨ ਪਾਏ॥

ਮਹਾਰਾਜ ਜੀ ਨੇ ਭਾਈ ਜਵਾਹਰ ਸਿੰਘ ਨੂੰ ਗੁਰੂ ਰੂਪ ਮਨ ਕੇ ਨਮਸ਼ਕਾਰ ਕੀਤੀ। ਉਸਤਤ ਵਿਚ ਬਹੁਤ ਬਾਣੀ ਉਚਾਰਨ ਕੀਤੀ।

ਉਪਮਾਂ ਅਪਾਰ ਕੈਸੇ ਕਰਾਂ ਮੈਂ ਉਚਾਰ ਮਹਮਾਂ ਗੁਰ ਕੀ ਅਪਾਰ ਪ੍ਰਮਾਤਮਾ ਸੇ ਪਰੇ ਹੈ।

ਭਾਈ ਜੀ ਨੇ ਕੰਠ ਦੇ ਨਾਲ ਲਾ ਕੇ ਥਾਪੀ ਦਿੱਤੀ। ਢਾਬ ਕੰਢੇ ਬੈਠ ਜਾਣ ਦਾ ਹੁਕਮ ਕੀਤਾ। ਛੇ ਮਹੀਨੇ ਮਹਾਰਾਜ ਜੀ ਲਾਲਾ ਜੀ ਦੇ ਸਮਾਧੀ ਢਾਬ ਕੰਢੇ ਬੈਠੇ ਰਹੇ ਬੜੀ ਘੋਰ ਤਪੱਸਿਆ ਕੀਤੀ। ਗਰਮੀ ਦੇ ਦਿਨ ਨਿਕਲ ਗਏ। ਹਾੜ੍ਹ ਬੀਤ ਜਾਣ ਤੋਂ ਬਾਅਦ ਸਾਵਣ ਵਿਚ ਬਾਰਸ਼ਾਂ ਸ਼ੁਰੂ ਹੋ ਗਈਆਂ। ਬਨਸਪਤੀ ਹੁਸਨ ਦੇ ਬਸਤਰ ਪਹਿਨੀ ਫਿਰਦੀ ਹੈ, ਫ਼ਸਲਾਂ ਸਾਂ ਸਾਂ ਕਰਦੀਆਂ ਹਨ, ਬਾਰਿਸ਼ ਪੈ ਕੇ ਬੰਦ ਹੋ ਚੁੱਕੀ ਹੈ। ਸਭ ਪਾਸੀਂ ਖੁਸ਼ੀਆਂ ਹੀ ਖੁਸ਼ੀਆਂ ਨੱਚ ਰਹੀਆਂ ਹਨ। ਮੋਰ ਪਪੀਹੇ ਬੋਲਦੇ ਹਨ, ਡੱਡੀਆਂ ਸ਼ਬਦ ਗਾ ਰਹੀਆਂ ਹਨ। ਸੂਰਜ ਡੁੱਬਣ ਲੱਗਾ ਲਿਸ਼ਕਾਰੇ ਮਾਰਦਾ ਹੈ, ਪਹਾੜ ਵੱਲ੍ਹ ਸੱਤ ਰੰਗੀ ਪੀਂਘ ਪਈ ਹੋਈ ਹੈ, ਜਾਨਵਰ ਟਿਕਾਉ ਵਿਚ ਬੈਠੇ ਹਨ, ਸਭ ਪਾਸੀਂ ਚੁੱਪ ਪਸਰੀ ਹੋਈ ਹੈ।

ਲੋਕ ਘੂਕ ਨੀਂਦੇ ਸੌਂ ਰਹੇ ਹਨ। ਰਾਤ ਨਿਰਮਲ, ਅਕਾਸ਼ ਤਾਰਿਆਂ ਨਾਲ ਝਲ੍ਹਕਾਂ ਮਾਰਦਾ ਸਜਦਾ ਹੈ। ਇਹੋ ਜਿਹੀ ਸੋਭਾ ਭਰੀ ਰਾਤ ਵਿਚ ਦਰਿਆ ਠਾਠਾਂ ਮਾਰਦੇ ਹਨ। ਔਹ ਪਤਲੇ ਜਿਹੇ ਸਰੀਰ ਦਾ ਤਪੱਸਵੀ ਪਿੰਡ ਹੇੜੀਆਂ ਵੱਲ੍ਹ ਇਕ ਉੱਚੇ ਟਿੱਬੇ ਤੇ ਚੜ੍ਹਕੇ ਬੈਠਾ ਹੈ।

ਭੰਨੀ ਰੈਨੜੀਐ ਚਾਮਕਨਿ ਤਾਰੇ। ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥

ਸਾਵਣ ਦੀਆਂ ਝੜੀਆਂ ਦੇ ਮੀਂਹ ਸਭ ਉੱਪਰ ਹੀ ਪੈਂਦੇ ਰਹੇ, ਸਤਿਗੁਰਾਂ ਦੇ ਹੁਕਮ ਤੋਂ ਬਿਨਾਂ ਉੱਠੇ ਨਹੀਂ। ਉਸ ਦਿਨ ਭਾਈ ਜੀ ਨੂੰ ਦਿਨ ਦੇ ਚੜ੍ਹਾਅ ਇਲਹਾਮ ਹੋਇਆ। ਅਮਾਨਤ ਵਾਲੇ ਦੀ ਅਮਾਨਤ ਦੇ ਦੇਣੀ ਸੀ। ਇਸ ਅਮਾਨਤ ਵਿਚ ਬਹੁਤ ਕੀਮਤੀ ਕੀਮਤੀ ਚੀਜ਼ਾਂ ਹਨ। ਅਮੋਲਕ ਵਸਤਾਂ ਦੇ ਭੰਡਾਰੇ ਹਨ। ਪੰਡ ਖੋਲ੍ਹੀ ਤਾਂ "ਨਾਨਕ ਨਦਰੀ ਨਦਰਿ ਨਿਹਾਲੁ।" ਤਿੰਨਾਂ ਲੋਕਾਂ ਦਾ ਰਾਜ, ਸਪਤ ਦੀਪ, ਨੌਂ ਖੰਡਾਂ ਦਾ ਰਾਜ, ਮੁਕਤਾ, ਭੁਗਤਾ, ਧਰਮ, ਅਰਥ, ਕਾਮ, ਮੋਖ, ਰਿਧੀਆਂ ਸਿਧੀਆਂ, ਹੀਰੇ, ਮੋਤੀ, ਲਾਲ ਜਵਾਹਰ, ਪੰਨਿਆਂ ਦੇ ਤੇ ਰਾਮ ਨਾਮ ਦੇ ਭਰੇ ਭੰਡਾਰ ਸਨ। ਦੁਨੀਆਂ ਨੂੰ ਨਾਮ ਜਪਣਾ, ਸਿੱਧੇ ਰਾਹ ਪਾਉਣਾ। ਪਸ਼ੂ-ਪੰਛੀਆਂ, ਸਭ ਨਰ-ਨਾਰੀਆਂ ਦਾ ਉਦਾਰ ਕਰਨਾ, ਧਰਮ ਨੂੰ ਸੁਰਜੀਤ ਕਰਨਾ। ਇਸ ਪੂੰਜੀ ਦੀ ਪੰਡ ਖੋਲ੍ਹਕੇ ਕੇਸਰੀ ਰੰਗ ਦੇ ਅੱਖਰਾਂ ਵਾਲੀ ਦਰਗਾਹੀ ਚਿੱਠੀ ਖੋਲ੍ਹ ਕੇ ਰੱਖ ਦਿੱਤੀ। ਇਸ ਅਮੋਲਕ ਅਤੇ ਅਤੁੱਲ ਭਰੇ ਕੋਠੇ ਦੀਆਂ ਚਾਬੀਆਂ ਭਾਈ ਜਵਾਹਰ ਸਿੰਘ ਜੀ ਨੇ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਦੇ ਹੱਥ ਦੇ ਕੇ ਆਖਿਆ, "ਬਸ ਮੈਂ ਸੁਰਖਰੂ ਹੋ ਗਿਆ ਹਾਂ। ਅਮਾਨਤ ਵਾਲੇ ਨੇ ਅਮਾਨਤ ਸਾਂਭ ਲਈ ਹੈ" "ਤਖ਼ਤ ਉਪਰ ਸੋ ਬਹੈ ਜੋ ਤਖਤੇ ਲਾਇਕ ਹੋਈ।" ਉਸ ਰੱਬੀ ਹੁਕਮ ਨੂੰ ਆਪ ਜੀ ਨੇ ਵੱਡੀ ਰਾਜਧਾਨੀ ਦੇ ਆਰਡਰ ਹੋਈ ਬਖਸ਼ਿਸ਼ ਨੂੰ ਖੁਲ੍ਹੇ ਅਤੇ ਫਰਾਖ ਦਿਲ ਨਾਲ ਝੋਲੀ ਪਾ ਲਿਆ। ਜੀਵਾਂ ਦਾ ਉੱਦਾਰ ਕਰਨਾ, ਨਾਮ ਜਪਾਉਣਾ, ਦਾਨ ਕਰਨਾ, ਧਰਮ ਕਰਨਾ, ਇਸ਼ਨਾਨ ਕਰਨਾ, ਧਰਮ ਵਧਾਉਣਾ, ਭੁੱਲੀ ਹੋਈ ਰਯਤ ਨੂੰ ਰੱਬ ਦਾ ਰਾਹ ਦੱਸਣਾ, ਭਲੇ ਕਰਮ ਕਰਨੇ, ਧਰਮ ਦੀ ਕਿਰਤ ਕਰਨੀ, ਵੰਡ ਕੇ ਛੱਕਣਾ, ਦਸਵੰਧ ਕੱਢਣਾ, ਆਏ ਅਤਿਥੀ ਦੀ ਸੇਵਾ ਕਰਨੀ, ਦੇਸ਼ ਸੇਵਾ ਕਰਨੀ, ਬੁਰੇ ਕੰਮਾਂ ਤੋਂ ਰੋਕਣਾ,

ਜ਼ੁਲਮੀ ਬਦੀ ਵਿਰੋਧੀ ਭੈੜੇ ਕਰਮਾਂ ਤੋਂ ਜੀਵਾਂ ਨੂੰ ਬਚਾਉਣਾ, ਇਹ ਆਪ ਜੀ ਦਾ ਉਪਦੇਸ਼ ਸੀ। ਇਸੇ ਹੀ ਢਾਬ ਦੇ ਕੰਢੇ ਬੈਠ ਕੇ ਆਪ ਜੀ ਨੇ ਜੀਵਾਂ ਦੇ ਉੱਦਾਰ ਵਾਸਤੇ ਕਲਿਆਣ ਰੂਪੀ ਬਾਣੀ ਭਗਵਾਨ ਬਲਾਸ ਗਰੰਥ ਦੀ ਰਚਨਾ ਕੀਤੀ। ਜਿਸ ਵਿਚ ਬਹੁਤ ਗੂੜ੍ਹੇ ਗਿਆਨ ਦੀ ਰੌਸ਼ਨੀ ਪਾਈ। ਰੌਚਿਕ, ਭਿਆਨਕ, ਯਥਾਰਥਿਕ, ਬਚਨ ਉਚਾਰੇ। ਆਪ ਜੀ ਲਿਖਦੇ ਹਨ:-

ਭਿਗੜਾਂ ਦੀ ਜੂਹ ਬਿਚ ਢਾਬ ਦੇ ਕਨਾਰੇ ਪਰ ਸੁਖਨ ਇਹ ਸਾਰ ਹੈਂ ਨਦਾਂਨ ਕਹੇ ਮੌਜ ਦਿਲ॥
ਦੁਐਤ ਕੋ ਉਠਾਇ ਕੇ ਅਦੁਤੀ ਕੇ ਮਕਾਂਨ ਪਰ ਜਾਤ ਪਾਤ ਭੇਖ ਨਾਂ ਬਣਾਵਟ ਹੈ ਤਿਲ॥
ਸਰਬ ਸੁਆਂਗ ਵਿਖੇ ਖੇਲਦਾ ਨਰੇਸ ਹੋਇ ਭਰਮ ਉਠਾਇ ਨਿਰਪੱਖ ਦਰਵੇਸ ਮਿਲ॥
ਅਮਲ ਕਮਾਏਂ ਜੇਹੜੇ ਕਹੇ ਭਗਵਾਂਨ ਦਾਸ ਆਵੇ ਨਾਂ ਨਦਾਨ ਨੇੜੇ ਆਫ਼ਤ ਅਜਿਲ॥ ੩੨॥

ਮਹਾਰਾਜ ਜੀ ਕਹਿੰਦੇ ਨੇ ਜਦੋਂ ਪੂਰੇ ਗੁਰੂ ਦੀ ਸ਼ਰਨ ਲਈ ਸਾਰੇ ਭਰਮਾਂ ਦਾ ਨਾਸ਼ ਹੋ ਗਿਆ। ਦੁਐਤ ਦਾ ਪਰਦਾ ਦੂਰ ਹੋ ਗਿਆ। ਅਦੁਤੀ ਦੇ ਮਕਾਨ ਤੇ ਜਾ ਪਹੁੰਚੇ, ਜਿੱਥੇ ਕੋਈ ਭੇਖ, ਜਾਤ-ਪਾਤ ਦਾ ਵੇਰਵਾ ਨਹੀਂ ਹੈ। ਉੱਥੇ ਕੋਈ ਬਨਾਵਟ ਦੀ ਵਸਤੂ ਨਹੀਂ ਹੈ। ਗੁਰੂ ਦਾ ਦਰਸ਼ਨ ਹੋਣ ਨਾਲ ਐਸੇ ਅਮਲ ਕਮਾਏ, ਜਿਹਨਾਂ ਨਾਲ ਮੌਤ ਦਾ ਵੀ ਡਰ ਨਾ ਰਿਹਾ। ਮਹਾਰਾਜ ਜੀ ਢਾਬ ਦੇ ਕੰਢੇ ਲਾਲਾ ਜੀ ਦੇ ਦਰਬਾਰ ਵਿਚ ਜਦੋਂ ਕਦੇ ਮੌਜ ਆਵੇ ਬਾਹਰ ਫਿਰ ਤੁਰ ਕੇ ਸਵੱਈਏ ਕਬਿੱਤ ਰਹਿਕਲੇ ਸੀਹਰਫੀਆਂ ਦੇ ਰੂਪ ਵਿਚ ਬਾਣੀ ਉਚਾਰਦੇ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਈਸ਼ਰ ਸਿੰਘ ਦੇ ਵਾੜੇ ਵਿਚ ਜਾਣ ਦੀ ਚੱਲੀ

ਢਾਬ ਕੰਢੇ ਰਹਿੰਦਿਆਂ ਪਾਤਸ਼ਾਹ ਜੀ ਨੂੰ ਜਦੋਂ ਛੇ ਸੱਤ ਮਹੀਨੇ ਹੋਏ ਤਾਂ ਭਾਈ ਜੀ ਨੇ ਈਸ਼ਰ ਸਿੰਘ ਦੀ ਹਵੇਲੀ ਇਕ ਕੋਠੜੀ ਅਲੱਗ ਜਿਹੀ ਸੀ, ਉਸ ਵਿਚ ਮਹਾਰਾਜ ਜੀ ਦਾ ਆਸਣ ਲਾ ਦਿੱਤਾ। ਬਾਬੇ ਮਾਨੇ ਦੀ, ਭਾਈ ਸੁਬਾ ਸਿੰਘ ਦੀ ਡਿਊਟੀ ਸੇਵਾ ਦੀ ਲਾ ਦਿੱਤੀ। ਸਰਦਾਈ ਦਾ ਸਾਰਾ ਸਾਮਾਨ ਖੰਡ

ਬਦਾਮ ਪਲੰਘ ਦੇ ਹੇਠ ਰੱਖ ਦਿੱਤੇ। ਮਹਾਰਾਜ ਜੀ ਦੇ ਨਾਂ ਦੀਆਂ ਖ਼ਬਰਾਂ ਦੂਰ-ਦੂਰ ਹੋ ਗਈਆਂ। ਲੋਕੀਂ ਗੱਲਾਂ ਕਰਦੇ ਹਨ, ਪਿੰਡ ਝਿਗੜੀਂ ਇਕ ਸਾਧੂ ਹੈ ਜਿਸਦਾ ਨੂਰ ਸਾਰੀ ਦੁਨੀਆਂ ਨਾਲੋਂ ਵੱਖਰਾ ਹੀ ਨਜ਼ਰ ਆਉਂਦਾ ਹੈ। ਪਿੰਡ ਮਜਾਰੇ ਤੋਂ ਪਹਿਲਾਂ ਹੀ ਮੰਗੂ ਜੀ ਲਾਲਾ ਜੀ ਦੀ ਸੇਵਾ ਕਰਦੇ ਸੀ। ਹੋਰ ਭੀ ਬੰਦੇ ਮਹਾਰਾਜ ਜੀ ਦੇ ਪ੍ਰੇਮੀ ਬਣ ਗਏ। ਪਿੰਡ ਮੂਸਾਪੁਰ ਦੇ ਵੀ ਕਾਫ਼ੀ ਲੋਕ ਜਦੋਂ ਮਹਾਰਾਜ ਜੀ ਪੜ੍ਹਦੇ ਸਨ ਉਸ ਸਮੇਂ ਦੇ ਜਾਣੂੰ ਸਨ ਸੁੰਦਰ ਸਿੰਘ, ਨਰੈਣ ਸਿੰਘ, ਬਸੰਤ ਸਿੰਘ, ਗਣੇਸ਼ਾ ਘੁਮਾਰ, ਪਿੰਡ ਰਸੂਲਪੁਰ ਦਾ ਕਰਮ ਸਿੰਘ, ਕਾਲੂ ਮਰਾਸੀ, ਪਿੰਡ ਭਰੋ ਮਜਾਰੇ ਤੋਂ ਸੁੰਦਰ ਸਿੰਘ ਅਤੇ ਬਾਬੂ, ਪਿੰਡ ਖਾਨਖਾਨਾ ਤੋਂ ਗੁਰਦਿੱਤਾ ਸਿੰਘ, ਪਿੰਡ ਗੋਸਲਾਂ ਤੋਂ ਮੰਗਲ ਰਾਮ ਲੋਹਾਰ, ਮੁਣਸ਼ਾ ਸਿੰਘ, ਪਿੰਡ ਰੈਹਪੇ ਤੋਂ ਸਰਮੁਖ ਸਿੰਘ, ਹਰੀ ਸਿੰਘ, ਮੀਹਾਂ ਸਿੰਘ, ਛੱਜੂ ਝੀਰ, ਬੀਰ ਸਿੰਘ, ਪਿੰਡ ਝਿਗੜਾਂ ਤੋਂ ਹਰਨਾਮ ਸਿੰਘ, ਮਾਨਾ, ਸੂਬਾ ਈਸ਼ਰ ਸਿੰਘ, ਇੰਦਰ ਸਿੰਘ, ਮੋਤੀ ਸਿੰਘ ਇਨ੍ਹਾਂ ਪਿੰਡਾਂ ਵਿਚ ਮੁਖੀ ਸੇਵਕ ਸਨ। ਸਾਰੇ ਪਹਿਲਾਂ-ਪਹਿਲਾਂ ਝਿਗੜੀਂ ਜਾਣ ਲੱਗੇ। ਮੂਲਾ, ਜੁਆਲਾ, ਮਜਾਰੇ ਤੋਂ। ਮਹਾਰਾਜ ਜੀ ਉਨ੍ਹਾਂ ਦਿਨਾਂ ਵਿਚ ਚਿੱਟੇ ਲੱਠੇ ਦੀ ਗਿਲਤੀ ਮਾਰਕੇ ਰੱਖਦੇ ਸਨ, ਪੈਰੀਂ ਜੋੜਾ ਵੀ ਪਹਿਨਦੇ ਸੀ। ਸਾਹਿਬ ਦਿਆਲ ਮਜਾਰੇ ਦਾ ਬਹੁਤ ਸੋਹਣਾ ਜੋੜਾ ਤਿਆਰ ਕਰਦਾ ਸੀ, ਸੁੱਚੇ ਤਿੱਲੇ ਦੀ ਕੱਢਦਾ ਸੀ। ਇਕ ਗੈਂਡੇ ਦੀ ਸੋਟੀ ਵੀ ਮਹਾਰਾਜ ਜੀ ਰੱਖਣ ਲੱਗ ਪਏ। ਰਾਜੇ ਮਹਾਰਾਜਿਆਂ ਵਾਂਗ ਆਪ ਜੀ ਨੇ ਰੋਹਬ ਨਾਲ ਗੱਲ ਕਰਨੀ, ਤੁਰਨਾ ਫਿਰਨਾ ਸ਼ਹਿਨਸ਼ਾਹਾਂ ਵਾਲਾ ਆਪ ਜੀ ਚਲਦੇ ਸਨ। ਪਿੰਡ ਦੇ ਲੋਕੀਂ ਸਾਹਮਣੇ ਹੱਥ ਜੋੜ ਰਾਹ ਛੱਡ ਕੇ ਖੜ੍ਹ ਜਾਂਦੇ ਸਨ। ਭਾਈ ਜੀ ਪਿੰਡ ਦੇ ਲੋਕਾਂ ਨੂੰ ਕਹਿੰਦੇ ਸਨ, ਇਸ ਮਹਾਂਪੁਰਸ਼ ਦੀ ਸੇਵਾ ਕਰੋ। ਮਾਣ ਭਉ ਰਖਿਆ ਕਰੋ ਇਹ ਬਲੀ ਹੈ ਇਸ ਦੇ ਪਿੱਛੇ ਸੰਸਾਰ ਲੱਗਾ ਫਿਰਦਾ ਹੈ, ਮਾਇਆ ਇਸ ਦੀ ਦਾਸੀ ਹੈ, ਮਗਰ ਲੱਗੀ ਫਿਰੇਗੀ। ਜਿੱਥੇ ਵੀ ਇਨ੍ਹਾਂ ਦੇ ਚਰਨ ਪੈਂਦੇ ਹਨ, ਧਰਤੀ ਨੂੰ ਭਾਗ ਲੱਗ ਜਾਂਦੇ ਹਨ। ਸਾਡੇ ਪਿੰਡ ਨੂੰ ਦੇਸ਼ਾਂ ਵਿਚ ਉੱਘਾ ਕਰੇਗਾ, ਇਸਦਾ ਦਰਸ਼ਨ ਗੰਗਾ ਪਰਾਗ ਦੇ ਸਮਾਨ ਹੈ। ਪਸ਼ੂ-ਪੰਛੀ, ਪੱਥਰ ਮਾਨਸਾਂ, ਰੁੱਖਾਂ, ਬਿਰਖਾਂ, ਬਣਾਂ ਪਰਬਤਾਂ ਜਖਾਂ, ਕਿਨਰਾਂ, ਗੰਧਰਬਾਂ ਦਾ ਉਦਾਰ ਕਰਨਾ ਹੈ। ਕਰਤਾਰ ਦਾ ਹੀ ਰੂਪ ਬੰਦੇ ਦੀ ਸੂਰਤ ਵਿਚ ਆਇਆ ਹੈ।

ਬੈਂਤ :-

ਸਾਹਿਬ ਦਿਆਲ ਵਰਗੇ ਕਈ ਵੈਰਾਗੀਆਂ ਦੇ,
ਬੇੜੇ ਭਵਜਲੋਂ ਪਾਰ ਸੀ ਲਾਈ ਜਾਂਦੇ।
ਦਾਤਾਂ ਪੁੱਤਰਾਂ ਦੀਆਂ ਬਖਸ਼ਕੇ ਔਂਤਰਿਆਂ ਨੂੰ,
ਕੋਈ ਉਜੜੇ ਘਰ ਵਸਾਈ ਜਾਂਦੇ।
ਜਿਹੜਾ ਸ਼ਰਨ ਆਉਂਦਾ ਉਹਨੂੰ ਕੰਠ ਲਾਵਣ,
ਦੁਖ, ਰੋਗ, ਵਿਯੋਗ ਮਿਟਾਈ ਜਾਂਦੇ।
ਹਜਾਰਾ ਸਿੰਘ ਵਰਗੇ ਕਈ ਅੰਧਿਆਂ ਦੇ,
ਮੁੜ ਫਿਰ ਚਿਰਾਗ ਜਗਾਈ ਜਾਂਦੇ।
ਦਰਸ਼ਨ ਦਾਸ ਵਰਗੇ ਕਈਆਂ ਸਾਧੂਆਂ ਨੂੰ,
ਮਸਤੀ ਨਾਮ ਦੀ ਪਕੜ ਚੜ੍ਹਾਈ ਜਾਂਦੇ।
ਢਾਬੀਂ ਬੈਠਕੇ ਗਿਆਨ ਦਾ ਬਾਲ ਦੀਵਾ,
ਰੋਸ਼ਨ ਸਾਰੇ ਸੰਸਾਰ ਕਰਾਈ ਜਾਂਦੇ।
ਕਈ ਸੁੱਕਿਆਂ ਖੂਹਾਂ ਨੂੰ ਹਰੇ ਕੀਤਾ,
ਮੁੜ ਭਾਗ ਅਨੋਖੜੇ ਲਾਈ ਜਾਂਦੇ।
ਪੈ ਗਈ ਧੁੰਮ ਸੀ ਸਾਰੇ ਜਹਾਨ ਅੰਦਰ,
ਕੋਈ ਅਨੋਖਾ ਹੀ ਰੰਗ ਚੜ੍ਹਾਈ ਜਾਂਦੇ।
ਮੂੰਹੋਂ ਮੰਗੀਆਂ ਮੁਰਾਦਾਂ ਪਾਂਵਦੇ ਨੇ,
ਭਰਕੇ ਝੋਲੀਆਂ ਘਰਾਂ ਨੂੰ ਜਾਈ ਜਾਂਦੇ।
ਆ ਕੇ ਗੀਤਾਂ ਦੇ ਕਲਾਕਾਰ ਸੋਹਣੇ
ਸੋਹਣੇ ਪ੍ਰੀਤਮ ਨੂੰ ਗੀਤ ਸੁਣਾਈ ਜਾਂਦੇ।
ਦੂਰੋਂ-ਦੂਰੋਂ ਹੈ ਸੰਗਤਾਂ ਆਉਂਦੀਆਂ ਨੇ,
ਦਰਸ਼ਨ ਸੋਹਣੇ ਪ੍ਰੀਤਮ ਦਾ ਪਾਈ ਜਾਂਦੇ।
ਲੋਕੀਂ ਸੁੱਖ ਸੁਖਣ ਝੱਟ ਹੋਏ ਪੂਰੀ,
ਆ ਕੇ ਕੜਾਹ ਪ੍ਰਸ਼ਾਦ ਚੜ੍ਹਾਈ ਜਾਂਦੇ।

ਦੁੱਧ ਦਹੀਂ ਮੱਖਣਾ ਦੇ ਲਿਜਾ ਪੇੜੇ,
ਸੋਹਣੇ ਮਾਹੀ ਦੇ ਸੀਸ ਲਗਾਈ ਜਾਂਦੇ।
ਜਿਹੜਾ ਸ਼ਰਨ ਆਵੇ ਪੈ ਠੰਡ ਜਾਵੇ,
ਜੰਮਣ ਮਰਨ ਦੇ ਦੁੱਖ ਮਿਟਾਈ ਜਾਂਦੇ।

ਅੱਗੇ ਸਾਖੀ ਲਾਲਾ ਹਮੀਰ ਚੰਦ ਜੀ ਦੀ ਚੱਲੀ

ਲਾਲਾ ਹਮੀਰ ਚੰਦ ਦੇ ਜਨਮ ਦੀ ਕਹਾਣੀ ਦਾ ਇਸ ਤਰਾਂ ਪਤਾ ਲੱਗਾ ਹੈ। ਇਨ੍ਹਾਂ ਦਾ ਪਿੰਡ ਫਤਿਆਬਾਦ ਜ਼ਿਲ੍ਹਾ ਅੰਮ੍ਰਿਤਸਰ ਸੀ, ਇਹ ਜਾਤ ਦੇ ਖੱਤਰੀ ਸਨ। ਇਹ ਆਪਣੀ ਛੋਟੀ ਅਵਸਥਾ ਵਿਚ ਆਪਣੇ ਸਕੂਲ ਵਿਖੇ ਪੜ੍ਹਾਈ ਕਰਦੇ ਸਨ। ਇਨ੍ਹਾਂ ਨੇ ਦਸਵੀਂ ਦਾ ਇਮਤਿਹਾਨ ਦੇਣਾ ਸੀ, ਪਰਚੇ ਹੋਣ ਤੋਂ ਪਹਿਲਾਂ ਸਾਰੇ ਵਿਦਿਆਰਥੀ ਮੁੰਡੇ ਫਤਿਆਬਾਦ ਵਿਚ ਇਕੱਠੇ ਹੋ ਕੇ ਇਕ ਫ਼ਕੀਰ ਕੋਲ ਗਏ। ਉਹ ਫ਼ਕੀਰ ਚੰਗੀ ਪਹੁੰਚ ਵਾਲਾ ਸੀ। ਤ੍ਰਿਕਾਲ ਦਰਸ਼ੀ, ਈਸ਼ਰ ਕੋਟੀ ਸੀ। ਉਸ ਮਸਤ ਦੀ ਸ਼ਰਨੀ ਜਾ ਕੇ ਸਾਰਿਆਂ ਮੁੰਡਿਆਂ ਨੇ ਬੇਨਤੀ ਕੀਤੀ। "ਦੱਸੋ ਬਾਬਾ ਜੀ, ਅਸੀਂ ਪਾਸ ਹੋ ਜਾਵਾਂਗੇ?" ਉਸ ਦਿਨ ਜੋਤੀ ਨਿਗਾਹ ਵਾਲੇ ਫ਼ਕੀਰ ਨੇ ਸਾਰੇ ਵਿਦਿਆਰਥੀ ਮੁੰਡਿਆਂ ਵੱਲ੍ਹ ਤੱਕਿਆ, ਤੇ ਆਖਿਆ ਹਮੀਰਾ ਪਾਸ ਹੋ ਜਾਵੇਗਾ। ਇਮਤਿਹਾਨ ਹੋ ਗਏ। ਰਿਜ਼ਲਟ ਨਿਕਲਿਆ ਤਾਂ ਹਮੀਰ ਚੰਦ ਫੇਲ੍ਹ। ਹਮੀਰ ਚੰਦ ਜੀ ਫੇਲ੍ਹ ਹੋਣ ਤੇ ਮਸਤਾਂ ਕੋਲ ਫਿਰ ਆ ਕੇ ਬੇਨਤੀ ਕੀਤੀ, "ਸੰਤ ਜੀ! ਤੁਸੀਂ ਤਾਂ ਮੈਨੂੰ ਪਾਸ ਆਖਿਆ ਸੀ ਮੈਂ ਤਾਂ ਬੁਰੀ ਤਰਾਂ ਫੇਲ੍ਹ ਹੋਇਆ।" ਫਿਰ ਸਾਧੂ ਬੋਲੇ, "ਨਹੀਂ ਤੂੰ ਪਾਸ ਹੈਂ।" ਹਮੀਰ ਚੰਦ ਨੇ ਫਿਰ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ! ਪੂਰੀ ਗੱਲ ਦਸੋ ਕਿੱਥੇ ਪਾਸ ਕਰ ਰਹੇ ਹੋ?" ਮਸਤ ਜੀ ਕਹਿੰਦੇ, "ਹਮੀਰਿਆ! ਤੇਰੀ ਨਾਮ ਰੂਪੀ ਪੜ੍ਹਾਈ ਬਹੁਤ ਹੋ ਚੁੱਕੀ ਹੈ, ਜੇ ਮਿਹਨਤ ਕਰੇਂਗਾ ਤਾਂ ਪਾਸ ਹੋ ਜਾਵੇਂਗਾ।" ਹਮੀਰ ਚੰਦ ਜੀ ਕਹਿੰਦੇ ਹਨ, "ਦੱਸੋ, ਮੈਂ ਮਿਹਨਤ ਕਿਵੇਂ ਕਰਾਂ?" ਮਸਤ ਨੇ ਦੱਸਿਆ ਕਿ, "ਤੇਰੀ ਮਿਸਲ ਸਾਈਂ ਝੰਡੀ ਵਾਲੇ ਕੋਲ ਹੈ। ਉਸ ਦੀ ਕਬਰ ਸਤਲੁਜ ਦਰਿਆ ਦੇ ਕੰਢੇ 'ਤੇ ਹੈ, ਉੱਥੇ ਚਲ ਕੇ ਮਿੰਨਤ ਕਰ! ਤੇਰੀ ਚੀਜ ਮਿਲ ਜਾਵੇਗੀ।" ਉਨ੍ਹਾਂ

ਮਸਤ ਜੀ ਨੇ ਸਾਈਂ ਝੰਡੀ ਵਾਲੇ ਕੋਲ ਹਮੀਰ ਚੰਦ ਨੂੰ ਤੋਰ ਦਿੱਤਾ। ਹਮੀਰ ਚੰਦ ਜੀ ਨੂੰ ਬਸਤਾ ਮੂਧਾ ਮਾਰ ਕੇ ਮਾਂ-ਬਾਪ, ਅੰਗ-ਸਾਕ, ਭੈਣ-ਭਾਈ ਤੇ ਸਭ ਰਿਸ਼ਤੇਦਾਰ ਛੱਡ ਕੇ ਮਾਝੇ ਨੂੰ ਛੱਡ ਕੇ ਦੁਆਬੇ ਵੱਲ੍ਹ ਨੂੰ ਰਵਾਨਗੀ ਲਈ। ਫਿਲੌਰ ਆਣ ਕੇ ਸਤਲੁਜ ਦਰਿਆ ਕਿੱਧਰ ਵਗਦਾ ਹੈ, ਪਤਾ ਕਰਕੇ ਦਰਿਆ ਦਾ ਕੰਢਾ ਆ ਫੜਿਆ। ਸਿੱਧਾ ਚੜ੍ਹਦੀ ਵੱਲ੍ਹ ਨੂੰ ਚੱਲ ਪਿਆ ਕੁੱਝ ਪਤਾ ਨਹੀਂ ਲੱਗਦਾ, ਉਰਾਰ ਪਾਰ ਮੰਡ ਹੀ ਮੰਡ ਨਜ਼ਰੀ ਆ ਰਿਹਾ ਹੈ। ਦਿਲ ਬੜੇ ਡਿੱਕੇ ਡੋਲੇ ਖਾਂਦਾ ਹੈ। ਯਕੀਨ ਨਹੀਂ ਧਰਦਾ। ਝਾੜ ਝੀਂਡਿਆਂ ਨੂੰ ਚੀਰਦਾ ਹੋਇਆ ਪਿੰਡ ਕੰਡਿਆਣੇ ਯਾਰ ਦੀ ਝੁੱਗੀ ਕੋਲ ਪਹੁੰਚ ਹੀ ਗਿਆ, ਜਾ ਕੇ ਕੀ ਵੇਖਦਾ ਹੈ ਇਕ ਦਰਿਆ ਦੇ ਪੱਛੋਂ ਵੱਲ੍ਹ ਦੇ ਪਾਸੇ ਕਬਰ ਹੈ। ਚਾਰ ਫੁੱਟ ਉੱਚੀ ਚਾਰ ਚੁਫੇਰੇ ਚਾਰ ਦੀਵਾਰੀ ਬਣੀ ਹੋਈ ਹੈ। ਮੰਡ ਕਾਹੀ ਨਾਲ ਭਰਿਆ ਸ਼ਾਂ-ਸ਼ਾਂ ਕਰਦਾ ਹੈ, ਸੂਰ ਘੁਰ-ਘੁਰ ਕਰਦੇ ਫਿਰਦੇ ਹਨ। ਬੜੀ ਸੁੰਨ-ਮਸਾਨ ਹੈ। ਚੜ੍ਹਦੀ ਵੱਲ੍ਹ ਇਕ ਛੋਟਾ ਜਿਹਾ ਨਗਰ ਹੈ ਦਿਲ ਘਬਰਾ ਰਿਹਾ, ਕੁੱਝ ਸਮਝ ਨਹੀਂ ਲੱਗਦੀ, ਕੁੱਝ ਨਜ਼ਰੀਂ ਨਹੀਂ ਆਉਂਦਾ। ਹਾਂ, ਦਿਲ ਡੋਲਦਾ ਹੈ, ਧੀਰਜ ਨਹੀਂ ਫੜਦਾ। ਮੈਂ ਇਥੇ ਕਿਸ ਨੂੰ ਅਵਾਜ਼ ਦੇਵਾਂ ਤੇ ਕਿਸ ਨੂੰ ਬੁਲਾਵਾਂ? ਕਿਸ ਦੀ ਮਿੰਨਤ ਕਰਾਂ ਕੋਈ ਸੁਣਦਾ ਹੋਵੇਗਾ? ਦਰਿਆ ਹੁਕਮ ਵਿਚ ਚੱਲਦਾ ਵੇਖ ਕੇ ਕੁੱਝ ਯਕੀਨ ਮਨ ਵਿਚ ਆ ਵੀ ਰਿਹਾ ਹੈ ਜੋ ਪਿੰਡ ਤੇ ਕਬਰ ਨੂੰ ਸਿਜਦਾ ਕਰਕੇ ਪਿਛੇ ਹਟਕੇ ਚੱਲਦਾ ਸੀ। ਇਹ ਨਜ਼ਾਰਾ ਤੱਕ ਕੇ ਸਾਂਈਂ ਦੀ ਕਬਰ ਅੱਗੇ ਪੱਲਾ ਅੱਡ ਕੇ ਬੈਠ ਹੀ ਗਿਆ। ਸਾਰੀ ਰਾਤ ਤਾੜੀ ਲਾਈ ਬੈਠਿਆਂ ਗੁਜ਼ਾਰ ਦਿੱਤੀ। ਇਸ ਪਿੰਡ ਦੇ ਵਾਸੀ ਸਾਰੇ ਗੁੱਜਰ ਹੀ ਸਨ। ਜਿਸ ਵਿਚ ਦੋ ਘਰ ਲੁਹਾਰਾਂ ਦੇ ਸੀ, ਦੂਜੇ ਸਵੇਰੇ ਫਕੀਰ ਸਾਂਈਂ ਝੰਡੀ ਵਾਲੇ ਨੂੰ ਸਲਾਮ ਕਰਨ ਆਇਆ। ਬੈਠੇ ਹਮੀਰ ਚੰਦ ਨੂੰ ਦੇਖਿਆ ਸੇਵਾ ਵਾਸਤੇ ਬੇਨਤੀ ਕੀਤੀ। ਹਮੀਰ ਚੰਦ ਨੇ ਆਖਿਆ ਕਿ "ਪਰਸ਼ਾਦਾ ਗੁਰਮੁਖਾ ਅਸੀਂ ਛਕਣਾ ਹੈ।" ਕੁੱਝ ਚਿਰ ਹਮੀਰ ਚੰਦ ਜੀ ਪਰਸ਼ਾਦਾ ਤਰਖਾਣਾਂ ਦੇ ਘਰੋਂ ਛਕਦੇ ਰਹੇ। ਰਾਤ ਦਿਨ ਕਬਰ ਮੋਹਰੇ ਬੈਠ ਕੇ ਭਗਤੀ ਕਰਨ ਲੱਗੇ। ਫਿਰ ਮਨ ਅੰਦਰ ਵਿਚਾਰ ਆਈ ਕਿ ਪਰਸ਼ਾਦਾ ਮਿਹਨਤ ਕਰਕੇ ਹੀ ਛਕਣਾ ਚਾਹੀਦਾ ਹੈ, ਖੱਤਰੀਆਂ ਦੇ ਘਰ ਦਾ ਸਰੀਰ ਸੀ, ਟੋਕਰੀ ਚੁੱਕਣੀ ਵੀ ਮੁਸ਼ਕਿਲ ਸੀ। ਲਾਗੇ ਦੇ ਪਿੰਡਾਂ ਵਿਚ ਕਾਫ਼ੀ ਇਨ੍ਹਾਂ ਦੀ ਤਪੱਸਿਆ ਦੀ ਖ਼ਬਰ ਫੈਲ ਗਈ। ਲੋਕੀਂ

ਕਾਫ਼ੀ ਸ਼ਰਧਾ ਰੱਖਣ ਲੱਗੇ। ਵਾਕਫ਼ੀਅਤ ਦੀ ਵਜ੍ਹਾ ਨਾਲ ਮੋਰੇ ਵਾਲੇ ਸਰਦਾਰਾਂ ਦੇ ਨਾਲ ਵੀ ਆਉਣਾ ਜਾਣਾ ਬਣ ਗਿਆ। ਇਨ੍ਹਾਂ ਸਰਦਾਰਾਂ ਦੇ ਮੁਨਸ਼ੀਆਣੇ ਦਾ ਕੰਮ ਕਰਨ ਲੱਗ ਪਏ। ਇਨ੍ਹਾਂ ਸਰਦਾਰਾਂ ਦੇ ਉਸ ਵੇਲੇ ਕਚਹਿਰੀ ਲੱਗਦੀ ਹੁੰਦੀ ਸੀ। ਚਾਰ ਪੰਜ ਸਾਲ ਇਸੇ ਤਰਾਂ ਇਨ੍ਹਾਂ ਦੇ ਕੰਮ ਕਰਦੇ ਰਹੇ, ਦਿਨ ਨੂੰ ਇਨ੍ਹਾਂ ਦਾ ਕੰਮ ਕਰਨਾ ਤੇ ਰਾਤ ਨੂੰ ਦਰਿਆ ਵਿਚ ਖੜ੍ਹਨਾ। ਫਕੀਰੀਏ ਤਰਖਾਣ ਨੇ ਇਕ ਵੈਰਾਗਣ ਬਣਾ ਦਿੱਤੀ ਜਿਸ ਦੇ ਆਸਰੇ ਤੇ ਸਾਰੀ ਰਾਤ ਖੜ੍ਹੇ ਹੀ ਗੁਜ਼ਾਰ ਦਿੰਦੇ ਸਨ। ਇਸ ਵੇਲੇ ਉਹ ਵੈਰਾਗਣ ਝਿਗੜੀਂ ਮਿਸਤਰੀ ਚਰਨ ਸਿੰਘ ਦੇ ਘਰ ਪਈ ਹੈ, ਦੋ ਵਲਾਂ ਵਾਲੀ ਲੱਕੜ ਹੈ, ਛੇ ਸਾਲ ਲੰਘ ਗਏ ਹਾਲੇ ਕੁੱਝ ਪਤਾ ਨਹੀਂ ਕਦੋਂ ਕਿਨਾਰਾ ਆਵੇਗਾ? ਇਕ ਦਿਨ ਲੁਧਿਆਣੇ ਤੋਂ ਕਾਗਜ਼ ਲੈ ਕੇ ਆਏ, ਜਦੋਂ ਪੱਤਣ ਤੇ ਆਏ ਤਾਂ ਮਲਾਹ ਬੇੜੀ ਬੰਨ੍ਹ ਕੇ ਚਲੇ ਗਏ। ਸੂਰਜ ਡੁੱਬਣ ਵਾਲਾ ਸੀ ਦੋਨਾਂ ਦਰਿਆਵਾਂ ਦੇ ਵਿਚਕਾਰ ਖੜ੍ਹਾ ਇਧਰ ਉਧਰ ਦੇਖ ਰਿਹਾ ਹੈ ਕਿ ਹੁਣ ਕੀ ਕਰਾਂ ਤੇ ਕਿਸ ਤਰਾਂ ਪਾਰ ਹੋਵਾਂ? ਖੜ੍ਹੇ-ਖੜ੍ਹੇ ਨੂੰ ਸੋਹਣੀ ਦੇ ਇਮਤਿਹਾਨ ਦਾ ਝਲਕਾ ਪਿਆ, ਦਿਲ ਕਰਦਾ ਸਿੱਧਾ ਯਾਰ ਦੀ ਝੁੱਗੀ ਨੂੰ ਜਾਵਾਂ, ਐਸੀਆਂ ਹੀ ਦਲੀਲਾਂ ਕਰਦਾ ਸੀ। ਇਕ ਪਾਸਿਉਂ ਪੈਛੜ ਆਈ ਨੀਲਾ ਤਹਮਤ ਲਾਇਆ ਹੋਇਆ ਹੈ ਪਾਣੀ ਉਤੋਂ ਦੀ ਦਵਾ ਦਵ ਤੁਰਿਆ ਜਾਂਦਾ ਹੈ। ਕੋਈ ਅਨੋਖੀ ਹੀ ਝਲਕ ਦੇ ਗਿਆ ਐਸਾ ਜਮਾਲ ਸੀ ਹਿਰਦਾ ਵਿਸ਼ਾਲ ਕਰ ਗਿਆ, ਰੋਮ ਰੋਮ ਵਿਚ ਝਰਨਾਹਟਾਂ ਪੈਣ ਲੱਗੀਆਂ। ਬੱਸ ਆਖ਼ਿਰੀ ਝਲਕ ਸੀ, ਦੁਨੀਆਂ ਦੇ ਸਭ ਰਿਸ਼ਤੇ ਤੋੜ ਗਈ। ਸੋਚਿਆ ਜਿਹਨੂੰ ਲੱਭਦੇ ਨੂੰ ੮ ਸਾਲ ਹੋ ਗਏ ਨੇ ਉਹ ਸੋਹਣਾ ਪੀਰ ਅੱਜ ਕੋਲ ਦੀ ਲੰਘ ਚਲਿਆ। ਹੁਣ ਕੀ ਦੇਖਦਾ ਹੈ ਜੇ ਹੋਊ ਤਾਂ ਆਪੇ ਰੱਖ ਲਊ ਮਰਨੋਂ ਨਹੀਂ ਡਰਨਾ:-

ਅਗ ਵਾਂਗ ਤਪੇ ਰੇਤ ਸਸੀ ਨੂੰ ਨਾ ਸੋਚ ਹੋਰ ਕਰਕੇ ਝੁਰਾਣਾਂ ਹੈ ਬਲੋਚ ਵਾਲਾ ਮਰਦੀ॥
ਕੇਹੀ ਹੈ ਪਰੀਤਿ ਸੋਹਣੀ ਕਚਾ ਘੜਾ ਦੇਖਕੇ ਭੀ ਠਿਲਦੀ ਹੈ ਨਦੀ ਵਿਚ ਮਰਨੋਂ ਨਾ ਡਰਦੀ॥

ਦਰਿਆ ਵਿਚ ਠਿਲ੍ਹ ਹੀ ਪਿਆ। ਪੀਰ ਨੇ ਇਕ ਵਾਰ ਆਖਿਆ, "ਡੁੱਬ ਜਾਵੇਂਗਾ ਹਮੀਰਾ" "ਕੁੱਝ ਹੋਵੇ ਮੁੜਾਂਗਾ ਨਹੀਂ।" ਸੱਚਾ ਆਸ਼ਿਕ ਦਰਿਆ ਨੂੰ

ਪਾਰ ਕਰ ਗਿਆ, ਭਰੋਸਾ ਹੋ ਗਿਆ। ਮੋਰੋਂ ਕਦ੍ਹੇ ਜਾਣਾ, ਕਦੋ ਨਾ ਜਾਣਾ। ਇਕ ਦਿਨ ਸਰਦਾਰ ਆਖਣ ਲੱਗਾ, "ਹਮੀਰ ਚੰਦ ਜੀ! ਇਕੋ ਕੰਮ ਹੋਣਾ ਹੈ, ਜਾਂ ਦਰਿਆ 'ਚ ਖੜ੍ਹਾ ਹੋਵੇਂਗਾ ਤੇ ਜਾਂ ਸਾਡਾ ਕੰਮ ਹੋਵੇਗਾ।" ਆਪ ਜੀ ਨੇ ਆਖਿਆ ਮੈਂ ਤਾਂ ਦਰਿਆ ਦੀ ਹੀ ਭੇਟਾ ਹੋਣ ਵਾਸਤੇ ਆਇਆ ਹਾਂ, ਦੋ ਸਾਲ ਬਹੁਤ ਘੋਰ ਤਪੱਸਿਆ ਕੀਤੀ। ਬਾਰਾਂ ਸਾਲ ਹੋ ਗਏ ਭਗਤੀ ਕਰਦਿਆਂ ਨੂੰ, ਅਜੇ ਸੋ ਰੱਬ ਨਾ ਬਹੁੜਿਓ ਦੇਖ ਬੰਦੇ ਦੇ ਭਾਗ। ਸਰੀਰ ਸੁੱਕ ਕੇ ਤਵੀਤ ਹੋ ਗਿਆ। ਇਕ ਦਿਨ ਦਿਲ ਡਰ ਗਿਆ, "ਮੈਂ ਹਿੰਦੂ, ਮੇਰਾ ਪੀਰ ਮੁਸਲਮਾਨ ਹੈ, ਨਹੀਂ ਤੇ ਮੁਸਲਮਾਨ ਹੀ ਹੋ ਜਾਵਾਂ? ਸ਼ਾਇਦ ਜੇ ਖ਼ੈਰ ਪੈ ਜਾਵੇ। ਮੈਨੂੰ ਨੱਚਦੇ ਨੂੰ ਸ਼ਰਮ ਨਾ ਆਵੇ ਨੱਚਕੇ ਮਨਾਵਾਂ ਪੀਰ ਨੂੰ।" ਇਹ ਗਲ ਦਿਲ ਅੰਦਰ ਆਈ। ਕੁੱਝ ਚਿਰ ਬਾਅਦ ਇਕ ਫ਼ਕੀਰ ਸਾਹਮਣੇ ਆ ਖੜ੍ਹਾ ਹੋਇਆ, ਅਵਾਜ਼ ਦਿੱਤੀ, "ਹਮੀਰਿਆ, ਹੁਣ ਡੋਲ ਨਾ, ਹੁਣ ਤੇ ਫਲ ਪੱਕ ਹੀ ਗਿਆ ਹੈ, ਪਰਸੋਂ ਬਾਰਾਂ ਵਜੇ ਰਾਤ ਦੇ ਤੇਰੀ ਚੀਜ ਮਿਲ ਜਾਵੇਗੀ ਤੈਨੂੰ।"' ਦਿਲ ਧੜਕ ਰਿਹਾ ਹੈ ਖ਼ੈਰ ਕਦੋਂ ਪਵੇਗੀ, ਜਗਿਆਸੂ ਵੈਰਾਗੀ ਹੋ ਕੇ ਖੜ੍ਹਾ ਅਰਜਾਂ ਕਰ ਰਿਹਾ ਹੈ। ਨੇਤਰ ਬੰਦ ਹੈ ਅੱਗ ਵਰਗੇ ਗਰਮ-ਗਰਮ ਅੱਥਰੂ ਕੇਰ ਰਿਹਾ ਹੈ। ਕਿਸੇ ਪਾਸਿਉਂ ਗ਼ੈਬੀ ਅਵਾਜ਼ ਆਈ। ਮਿਹਰ! ਮਿਹਰ!! ਬਹੁਤ ਰੌਸ਼ਨੀ ਹੋਈ, ਕੋਟਾਂ ਸੂਰਜਾਂ ਦੇ ਸਮਾਨ ਗ਼ੈਬੀ ਰੌਸ਼ਨੀ ਵਿਚੋਂ ਅਵਾਜ਼ ਆਈ, "ਹਮੀਰਿਆ! ਮਾਰ ਦਰਿਆ ਵਿਚ ਛਾਲ।" ਜਦੋਂ ਦਰਿਆ ਵੱਲ੍ਹ ਤੱਕਿਆ ਤਾਂ ਸੱਪ ਹੀ ਸੱਪ ਨਜ਼ਰੀਂ ਆਏ। ਹਮੀਰ ਚੰਦ ਨੇ ਛਾਲ ਮਾਰ ਹੀ ਦਿੱਤੀ। ਜਦੋਂ ਛਾਲ ਮਾਰੀ ਤਾਂ 'ਨਾਨਕ ਨਦਰੀ ਨਦਰਿ ਨਿਹਾਲ' ਹੋ ਗਿਆ। ਹਮੀਰ ਚੰਦ ਦੇ ਕਵਾੜ ਖੁੱਲ੍ਹ ਗਏ। ਈਸ਼ਰ ਕੋਟੀ ਹੋਣ ਤੋਂ ਬਾਅਦ ਆਪ ਜੀ ਦਾ ਨਾਂ ਲਾਲਾ ਵਲੀ ਮਸ਼ਹੂਰ ਹੋਇਆ। ਹੁਣ ਆਪ ਜੀ ਬੜੇ ਮਾਲਦਾਰ ਬਣ ਗਏ। ਉਸ ਖ਼ਜਾਨੇ ਦੀ ਪ੍ਰਾਪਤੀ ਹੋ ਗਈ ਜਿਸਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ। ਨਾਮ ਰੂਪੀ ਖ਼ਜਾਨੇ ਦੀ ਪ੍ਰਾਪਤੀ ਹੋ ਗਈ, ਇਹ ਅਣਤੋਲ ਖ਼ਜਾਨਾ ਹੈ ਸਰੀਰ ਦੇ ਚਿੰਨ੍ਹ ਬਦਲ ਗਏ। ਸਰੀਰ ਸੁਖਮ ਹੋ ਗਿਆ। ਘੋਰ ਤਪੱਸਿਆ ਨੇ ਦੁਨੀਆ ਨੂੰ ਦੰਗ ਕਰ ਦਿੱਤਾ, ਹੁਣ ਦੁਕਾਨ ਮਾਲਾ ਮਾਲ ਹੈ, ਗਾਹਕਾਂ ਦੀ ਭੀੜ ਬਣੀ ਰਹਿੰਦੀ ਹੈ, ਕਾਫ਼ੀ ਰੌਣਕਾਂ ਵੱਧ ਗਈਆਂ। ਇਕ ਦਿਨ ਭੰਗੜ ਚਾਰਦੇ ਚਾਰਦੇ ਮੁੰਡੇ ਲਾਲਾ ਜੀ ਕੋਲ ਚਲੇ ਗਏ। ਲਾਲਾ ਜੀ

ਆਖਣ ਲੱਗੇ, "ਲਿਆਓ ਬਈ, ਕਿਸੇ ਮੱਝ ਦਾ ਦੁੱਧ ਚੋਅ ਕੇ ਲਿਆਉ।" ਗੁੱਜਰਾਂ ਦੇ ਮੁੰਡਿਆਂ ਨੇ ਲਵੇਰੀਆਂ ਮੱਝਾਂ ਪਾਸੇ ਕਰ ਦਿੱਤੀਆਂ ਤੇ ਔਂਸਰਾਂ ਝੋਟੀਆਂ ਲਾਲਾ ਜੀ ਕੋਲ ਲਿਆ ਕੇ ਖੜ੍ਹੀਆਂ ਕੀਤੀਆਂ। ਆਖਣ ਲੱਗੇ ਬਾਬਾ ਜੀ ਇਨ੍ਹਾਂ ਹੇਠੋਂ ਦੁੱਧ ਚੋਅ ਲਉ। ਲਾਲਾ ਜੀ ਨੇ ਆਪਣਾ ਗੜਵਾ ਦੇ ਕੇ ਇਕ ਔਂਸਰ ਝੋਟੀ ਚੋਣ ਦਾ ਹੁਕਮ ਦਿੱਤਾ। ਉਸ ਔਂਸਰ ਝੋਟੀ ਦੇ ਹੇਠੋਂ ਇਕ ਗੜਵਾ ਦੁੱਧ ਦਾ ਚੋਅ ਲਿਆ। ਇਸ ਅਦਭੁਤ ਕੌਤਕ ਨੂੰ ਦੇਖ ਕੇ ਸਾਰੇ ਬਾਗੀ ਮੁੰਡੇ ਹੈਰਾਨ ਹੋ ਗਏ। ਲਾਲਾ ਜੀ ਦੀ ਇਸ ਕਰਾਮਾਤ ਨੂੰ ਦੇਖ ਕੇ ਹੈਰਾਨ ਪਰੇਸ਼ਾਨ ਹੋ ਗਏ। ਕਿਸੇ ਸੇਵਕ ਨੇ ਲਾਲਾ ਜੀ ਦੇ ਚੜ੍ਹਨ ਵਾਸਤੇ ਘੋੜੀ ਵੀ ਸੰਕਲਪ ਕੀਤੀ, ਘੋੜੀ ਦੇ ਪੇਟੋਂ ਇਕ ਬਸ਼ੇਗੀ ਤੇ ਇਕ ਬਸ਼ੇਰਾ ਹੋਏ। ਪਿੰਡ ਸ਼ੋਕਰਾਂ ਦੀ ਇਕ ਲੜਕੀ ਪਿੰਡ ਕੰਡਿਆਣੇ ਵਿਆਹੀ ਹੋਈ ਸੀ, ਇਸ ਲੜਕੀ ਦੇ ਨਾਨਕੇ ਪਿੰਡ ਝਿਗੜਾਂ ਵਿਖੇ ਸਨ, ਇਹ ਜ਼ਿਆਦਾ ਤਰ ਝਿਗੜੀਂ ਹੀ ਰਹਿੰਦੀ ਸੀ। ਇਸ ਲੜਕੀ ਨੇ ਭਾਈ ਜਵਾਹਰ ਸਿੰਘ ਜੀ ਨੂੰ ਆਖਿਆ, "ਭਾਈ ਜੀ! ਤੁਸੀਂ ਸਾਧੂਆਂ ਦੀ ਸੇਵਾ ਤਾਂ ਬਹੁਤ ਕਰਦੇ ਹੋ, ਸਾਡੇ ਪਿੰਡ ਕਡਿਆਣੇ ਵਿਚ ਇਕ ਸਾਧੂ ਹਨ ਉਨ੍ਹਾਂ ਦੇ ਦਰਸ਼ਨ ਕਰੋ ਤੇ ਤੁਹਾਨੂੰ ਪਤਾ ਲੱਗੇ ਕਿ ਕਿਸ ਤਰਾਂ ਦੇ ਸਾਧੂ ਹੁੰਦੇ ਹਨ?" ਭਾਈ ਜੀ ਨੂੰ ਉਸੇ ਹੀ ਸਮੇਂ ਐਸੀ ਖਿਚ ਪੈਣ ਲੱਗੀ, ਮਨ ਬੇਚੈਨ ਹੋ ਗਿਆ, ਖਾਣਾ ਸੌਣਾ ਸਭ ਭੁੱਲ ਗਿਆ। ਭਾਈ ਬਹੁਤ ਤਿੱਖੇ ਗਾਹਕ ਬਣ ਗਏ ਕਿ ਉਸ ਬੀਬੀ ਨੂੰ ਕਹਿਣ ਲੱਗੇ, "ਬੇਨਤੀ ਹੈ ਕਿ ਹੁਣੇ ਹੀ ਚੱਲੋ, ਉਸ ਮਹਾਂਪੁਰਸ਼ਾਂ ਦੇ ਹੁਣੇ ਹੀ ਦਰਸ਼ਨ ਕਰਾਓ।" ਦੂਸਰੇ ਦਿਨ ਉੱਠ ਕੇ ਲਾਲਾ ਜੀ ਦੇ ਦਰਸ਼ਨ ਕਰਨ ਪਿੰਡ ਕੰਡਿਆਣਾ ਗਏ। ਅੱਗੋਂ ਲਾਲਾ ਜੀ ਉੱਠ ਕੇ ਝਾੜੀਆਂ ਵਿਚ ਜਾ ਲੁਕੇ, ਭਾਈ ਜੀ ਕਾਫ਼ੀ ਟੋਲ੍ਹਦੇ ਫਿਰੇ, ਪਰ ਲਾਲਾ ਜੀ ਦੀ ਕੋਈ ਖ਼ਬਰ ਨਾ ਲੱਭੀ। ਹਾਰ ਥੱਕ ਕੇ ਵਾਪਿਸ ਝਿਗੜੀਂ ਆ ਗਏ, ਮਨ ਨੂੰ ਚੈਨ ਨਾ ਆਈ। ਦੂਸਰੇ ਦਿਨ ਉੱਠਕੇ ਫਿਰ ਚਲੇ ਗਏ, ਲਾਲਾ ਜੀ ਫਿਰ ਉੱਠਕੇ ਲਾਂਭੇ ਹੋ ਗਏ। ਫਿਰ ਭਾਲ ਥੱਕ ਕੇ ਵਾਪਿਸ ਘਰ ਮੁੜ ਗਏ। ਤੀਸਰੀ ਵਾਰ ਜਦੋਂ ਭਾਈ ਜੀ ਚੱਲੇ ਤਾਂ ਆਖਿਆ, ਦਰਸ਼ਨ ਕੀਤੇ ਬਿਨਾਂ ਮੁੜਾਂਗਾ ਨਹੀਂ।

ਸਾਖੀ ਭਾਈ ਜਵਾਹਰ ਸਿੰਘ ਜੀ ਦੀ ਚੱਲੀ

ਭਾਈ ਜਵਾਹਰ ਸਿੰਘ ਜੀ ਬੜੇ ਉੱਚ ਕੋਟੀ ਦੇ ਭਗਤ ਸਨ, ਗ੍ਰਹਿਸਥ ਆਸ਼ਰਮ ਦੇ ਵਿਚ ਰਹਿੰਦੇ ਹੋਏ ਬ੍ਰਹਮ ਗਿਆਨੀ, ਤੱਤ ਬੇਤੇ, ਮਹਾਂਪੁਰਸ਼ ਹੋਏ ਹਨ।

ਇਨ੍ਹਾਂ ਦੀ ਚਾਲੀ ਇਸ ਤਰਾਂ ਸਿਆਣੇ ਲੋਕੀਂ ਦਸਦੇ ਨੇ, ਬਸੰਤ ਰੁੱਤ ਦੇ ਆਕਾਸ਼ ਵਰਗਾ ਨਿਰਮਲ ਹਿਰਦਾ, ਦਸਾਂ ਨਹੁੰਆਂ ਦੀ ਕਿਰਤ ਕਰਕੇ ਪਰਸ਼ਾਦਾ ਛਕਦੇ ਸਨ। ਆਏ ਅਤਿਥੀ ਨੂੰ ਭੋਜਨ ਛਕਾਕੇ ਸਾਧੂਆਂ ਦੀ ਸੰਗਤ ਕਰਨੀ, ਨਾਮ ਜਪਣਾ, ਦਾਨ ਕਰਨਾ, ਇਸ਼ਨਾਨ ਕਰਨਾ, ਆਏ ਗਰੀਬ ਦੀ ਰਖਸ਼ਾ ਕਰਨਾ ਇਨ੍ਹਾਂ ਦਾ ਪਰਮ ਧਰਮ ਕਰਮ ਸੀ,

"ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥

ਇਨ੍ਹਾਂ ਦਾ ਪਿੰਡ ਝਿਗੜਾਂ, ਜ਼ਿਲ੍ਹਾ ਅਤੇ ਤਹਿਸੀਲ ਨਵਾਂ ਸ਼ਹਿਰ, ਥਾਣਾ ਬੰਗਾ ਸੀ। ਆਪ ਜੀ ਲੁਹਾਰਾ ਕੰਮ ਕਰਦੇ ਸਨ। ਇਹ ਐਸੀ ਬਰਕਤ ਵਾਲੇ ਸਨ ਕਿ ਬਹੁਤ ਸਾਰੀਆਂ ਕਹਾਣੀਆਂ ਇਨ੍ਹਾਂ ਦੀਆਂ ਇਹੋ ਜਿਹੀਆਂ ਹਨ। ਕਈ ਅਸਾਧ ਰੋਗੀ ਇਨ੍ਹਾਂ ਦੇ ਦਰਸ਼ਨ ਕਰਕੇ ਰਾਜ਼ੀ ਹੋ ਜਾਂਦੇ ਸਨ, ਸਿਰ 'ਤੇ ਹੱਥ ਰੱਖਣ ਨਾਲ ਹੀ ਅਲਾਮਤਾਂ ਦਫ਼ਾ ਹੋ ਜਾਇਆ ਕਰਦੀਆਂ ਸੀ। ਸਭ ਕੰਮ ਸੰਪੂਰਣ ਹੋ ਜਾਂਦੇ ਸਨ। ਸੋ ਉਹ ਮਹਾਂਪੁਰਸ਼ ਭਾਈ ਜਵਾਹਰ ਸਿੰਘ ਜੀ ਉਸ ਬੀਬੀ ਦੇ ਪਰੇਰੇ ਹੋਏ ਲਾਲਾ ਜੀ ਦੇ ਦਰਸ਼ਨ ਨੂੰ ਗਏ। ਲਾਲਾ ਜੀ ਅੱਗੋਂ ਦੋ ਦਿਨ ਨਾ ਮਿਲੇ ਜਿਸ ਤਰਾਂ ਪਪੀਹਾ ਸੁਆਂਤੀ ਬੂੰਦ ਦਾ ਪਿਆਸਾ ਪੀ ਪੀ ਕਰਦਾ, ਵਗਦੇ ਦਰਿਆ ਕੋਲੋਂ ਨਿਰਾਸ਼ ਹੋ ਕੇ ਪਿਆਸਾ ਹੀ ਮੁੜ ਆਇਆ। ਭਾਈ ਜੀ ਘਰ ਆ ਤਾਂ ਗਏ, ਦਿਲ ਬੇਚੈਨ ਹੈ, ਟਿਕਾਓ ਨਹੀਂ, ਤੋੜ ਲੱਗੀ ਹੋਈ ਹੈ। ਫੱਟ ਖਾਧੇ ਹੋਏ ਮਿਰਗ ਦੀ ਤਰਾਂ ਡਾਵਾਂਡੋਲ ਫਿਰ ਰਹੇ ਹਨ, ਠੰਡੇ-ਠੰਡੇ ਸਾਹ ਲੈ ਰਹੇ ਹਨ। ਜਦੋਂ ਤੀਸਰੀ ਵਾਰ ਘਰੋਂ ਤੁਰੇ ਤਾਂ ਤੁਰਨ ਲੱਗਿਆਂ ਦਿਲ ਵਿਚ ਪੱਕੀ ਧਾਰ

ਲਈ ਕਿ ਜੇ ਹੁਣ ਅੱਜ ਵੀ ਨਾ ਮਿਲੇ ਤਾਂ ਮੁੜ ਕੇ ਘਰ ਨਹੀਂ ਆਵਾਂਗਾ। ਬੜੀ ਰੀਝ ਨਾਲ ਗਲ ਪੱਲਾ ਪਾ ਕੇ ਅਰਜਾਂ ਦੀ ਮਾਲਾ ਫੇਰਦੇ ਹੋਏ ਪਿੰਡ ਕੰਡਿਆਣੇ ਪਹੁੰਚ ਗਏ। ਅੱਗੋਂ ਲਾਲਾ ਜੀ ਦੁੱਧ ਪੀ ਰਹੇ ਸਨ, ਫਕੀਰੀਆ ਲੁਹਾਰ ਹੁਜਰੇ ਵਿਚ ਬੈਠਾ ਸੀ। ਭਾਈ ਜੀ ਨੂੰ ਦੂਰੋਂ ਆਉਂਦਿਆਂ ਵੇਖ ਕੇ ਲਾਲਾ ਜੀ ਨੇ ਸੇਵਾਦਾਰ ਨੂੰ ਆਖਿਆ, "ਔਹ ਸਾਡਾ ਪੁਰਾਣਾ ਮਿੱਤਰ ਆ ਰਿਹਾ ਹੈ। ਪਿਆਸਾ ਬਹੁਤ ਹੈ ਅੱਜ ਹੀ ਇਸ ਦੀ ਪਿਆਸ ਦੂਰ ਕਰ ਦੇਣੀ ਹੈ।" ਸੱਚਾ ਪ੍ਰੇਮੀ, ਸੱਚਾ ਭਗਤ ਜਿਵੇਂ ਪ੍ਰਵਾਨਾ ਸ਼ਮ੍ਹਾਂ 'ਤੇ ਟੁੱਟ ਪੈਂਦਾ ਹੈ ਇਸੇ ਤਰਾਂ ਚਰਨਾਂ 'ਤੇ ਭਗਤ ਡਿੱਗ ਪਿਆ, ਅੱਥਰੂਆਂ ਨਾਲ ਚਰਨ ਧੋ ਦਿੱਤੇ। ਲਾਲਾ ਜੀ ਨੇ ਸਿਰ ਉਤਾਂਹ ਉਠਾਇਆ, ਧੀਰਜ ਦਿੱਤਾ। ਰਹਿਮਤ ਭਰੀਆਂ ਨਜ਼ਰਾਂ ਨਾਲ ਆਪਣੇ ਸੁੱਚੇ ਮੋਤੀ ਸ਼ਿਸ਼ ਵੱਲ੍ਹ ਤੱਕਿਆ ਤੇ ਚਿਰਕੀ ਲੱਗੀ ਪਿਆਸ ਬੁਝਾਈ। ਭਾਈ ਜੀ ਆਖਣ ਲੱਗੇ, "ਮਹਾਰਾਜ ਜੀ! ਦੋ ਦਿਨ ਹੋ ਗਏ ਨੇ ਆਉਂਦੇ ਨੂੰ ਆਪ ਨੇ ਦਰਸ਼ਨ ਕਿਉਂ ਨਹੀਂ ਦਿੱਤੇ? ਇਸਦਾ ਕਾਰਨ ਕੀ ਹੈ?" ਆਪ ਜੀ ਨੇ ਆਖਿਆ, "ਮੇਰੇ ਪਿਆਰੇ ਲਾਲ! ਅੱਜ ਹੀ ਸਮਾਂ ਆਪਣੇ ਮਿਲਾਪ ਦਾ ਸ਼ੁਭ ਸੀ, ਜੇ ਅੱਜ ਤੋਂ ਪਹਿਲਾਂ ਆਪਣਾ ਮਿਲਾਪ ਹੋ ਜਾਂਦਾ ਤਾਂ ਆਪਣਾ ਕਾਰਜ ਸਿਰੇ ਨਹੀਂ ਚੜ੍ਹਨਾ, ਹੁਣ ਸਹੀ ਸਲਾਮਤ ਮਿੱਤਰਤਾ ਨਿਭ ਜਾਏਗੀ, ਹੁਣ ਸੱਚਾ ਪ੍ਰੇਮ ਹੋ ਗਿਆ ਹੈ।" ਲਾਲਾ ਜੀ ਵਲੋਂ ਨੂਰੀ ਨੈਣਾਂ ਦਾ ਝਲਕਾ ਵੱਜਾ, ਰੋਮ ਰੋਮ ਪ੍ਰੇਮ ਵਿਚ ਠਾਠਾਂ ਮਾਰਨ ਲੱਗਾ, ਸਰੂਪ ਨਾਲ ਤਨ ਮਨ ਸਭ ਅੰਦਰ ਦੀ ਨਾੜੀ ਨਾਮ ਦੇ ਰੰਗ ਨਾਲ ਰੰਗੀ ਗਈ। ਨਾਮ ਦਾ ਪ੍ਰਵਾਹ ਅੱਠੇ ਪਹਿਰ ਚਲ ਪਿਆ। ਅੱਖਾਂ ਮੁੰਦੀਆਂ ਗਈਆਂ ਅਨੋਖੇ ਹੀ ਸਰੂਰ ਵਿਚ ਜਕੜੀਆਂ ਗਈਆਂ। ਹੁਣ ਇਕ ਪਲ ਦਾ ਵੀ ਵਿਛੋੜਾ ਝਲਣਾ ਮੁਸ਼ਕਿਲ ਹੈ। 'ਆਖਾ ਜੀਵਾਂ ਵਿਸਰੈ ਮਰ ਜਾਉ' ਹੁਕਮ ਹੋਇਆ, "ਚਲੋ ਘਰ, ਕੰਮ ਕਰੋ, ਵੰਡ ਕੇ ਛਕੋ ਇਸ ਵਿਚ ਸਾਰੀਆਂ ਬਰਕਤਾਂ ਹਨ। ਕੰਮ ਭੀ ਕਰਨਾ ਦਰਸ਼ਨ ਭੀ ਕਰਨਾ।" ਸਾਰਾ ਦਿਨ ਕੰਮ ਕਰਨਾ, ਰਯਤ ਦੀ ਸੇਵਾ ਕਰਕੇ ਸ਼ਾਮ ਨੂੰ ਤਾਰਿਆਂ ਦੀ ਛਾਵੇਂ ਹਰ ਰੋਜ਼ ਸਤਿਗੁਰਾਂ ਦੀ ਹਾਜ਼ਰੀ ਭਰਨੀ। ਸਤਿਗੁਰਾਂ ਨੂੰ ਭੋਜਨ ਛਕਾ ਕੇ ਆਪ ਭੋਜਨ ਛਕਣਾ। ਸਾਰੀ ਰਾਤ ਮੁਰਸ਼ਿਦ ਦੀ ਸੇਵਾ ਕਰਨੀ ਇਹ ਇਕ ਨਿਯਮ ਬਣਾ ਲਿਆ। ਇਸ ਤਰਾਂ ਸੇਵਾ ਕਰਦਿਆਂ ਨੂੰ ਅੱਠ ਸਾਲ ਗੁਜ਼ਰ ਗਏ। ਕਈ ਵਾਰੀ ਝੱਖੜ, ਹਨੇਰੀਆਂ,

ਵਰਖਾ, ਪਾਲਾ, ਗਰਮੀਆਂ, ਸਰਦੀਆਂ ਨੇ ਰਾਹ ਰੋਕਣੇ ਚਾਹੇ ਪਰ ਸੱਚਾ ਪ੍ਰੇਮੀ ਰੁਕਿਆ ਨਹੀਂ।

• *ਸਚ ਵਾਲਾ ਨੇਹੁ ਜੇਹੜੇ ਪਾਲਦੇ ਹੈਂ ਆਸਕ ਹੋਮੰਨਦੇ ਮਲਾਰ ਨਹੀ ਗਰਮੀ ਤੇ ਸਰਦੀ॥ ੩੯੬॥*
• *"ਭੀ ਗੁਰ ਦੇਖਣ ਜਾਈ ਸਮੁੰਦ ਸਾਗਰ ਹੋਵੇ, ਬਹੁ ਖਾਰਾ ਗੁਰ ਸਿੱਖ ਲੰਘ ਗੁਰ ਪੈ ਜਾਈ।"*

ਇਕ ਵਾਰੀ ਪੋਹ ਮਾਘ ਦੇ ਦਿਨ ਸਨ। ਕਕਰ ਪੈਂਦਾ, ਝੱਖੜ ਚਲ ਰਿਹਾ ਸੀ। ਬਾਰਿਸ਼ ਪੈ ਰਹੀ ਸੀ। ਜਾਨਵਰ ਪਏ ਮਰਦੇ ਸਨ। ਬਾਹਰ ਹੱਥ ਨਹੀਂ ਸੀ ਕੱਢਿਆ ਜਾਂਦਾ, ਅੰਦਰ ਬੈਠਿਆਂ ਕੰਬਣੀ ਲੱਗਦੀ ਸੀ। ਇਹੋ ਜਿਹੇ ਵਗਦੇ ਤੂਫ਼ਾਨ ਵਿਚ ਸੱਚਾ ਆਸ਼ਿਕ ਭੂਰੀ ਦਾ ਝੁੰਭ ਮਾਰ ਕੇ ਬਾਬੇ ਫ਼ਰੀਦ ਵਾਂਗ ਆਖ਼ਿਰੀ ਪਰਚਾ ਪਾਉਣ ਵਾਸਤੇ ਇਹ ਰਾਹੀ ਟੁਰਿਆ ਜਾਂਦਾ, ਹੱਥ ਪੈਰ ਸੁੰਨ ਹੋ ਗਏ, ਬਾਰਿਸ਼ ਬੜੀ ਜ਼ੋਰ ਦੀ ਪੈਂਦੀ ਹੈ। ਪਿਆਰ ਵਾਲਾ ਤੰਦ ਹੋਰ ਭੀ ਪੱਕਾ ਹੋ ਰਿਹਾ ਹੈ। ਇਹ ਸੱਚਾ ਪ੍ਰੇਮੀ ਚਿੱਕੜ ਨੂੰ ਮਿੱਧਦਾ ਹੋਇਆ ਨਾਲੇ ਸ਼ਬਦ ਪੜ੍ਹਦਾ ਜਾਂਦਾ "ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ" ਅੱਗੇ ਲਾਲਾ ਜੀ ਬੈਠੇ ਆਤਮਿਕ ਸ਼ਕਤੀ ਨਾਲ ਦੇਖ ਰਹੇ ਸਨ। ਅੱਜ ਭਾਈ ਜੀ ਨੂੰ ਕੀ ਦੇਵਾਂਗਾ "ਬੱਸ, ਅੱਜ ਤੂੰ ਮੇਰੇ ਵਿਚ, ਮੈਂ ਤੇਰੇ ਵਿਚ, ਮੁਕ ਗਏ ਝਗੜੇ, ਅੱਜ ਆਖ਼ਿਰੀ ਆਉਣ ਹੋਵੇਗਾ, ਫਿਰ ਨਹੀਂ ਆਉਣਾ ਹੋਵੇਗਾ।" ਭਾਈ ਜਵਾਹਰ ਸਿੰਘ ਜੀ ਲਾਲਾ ਜੀ ਦੇ ਚਰਨੀਂ ਪੈ ਗਏ। ਅੱਥਰੂ ਵਹਿ ਟੁਰੇ, ਸੀਨਾ ਵੈਰਾਗ ਨਾਲ ਸਾਫ਼ ਹੋ ਗਿਆ। ਚਰਨਾਂ ਵਿਚ ਡਿੱਗੇ ਹੋਏ ਦਾਸ ਨੂੰ ਸਤਿਗੁਰੂ ਮਿਹਰਬਾਨ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਸਿਰ ਉਤਾਂਹ ਚੁੱਕ ਕੇ ਸੀਨੇ ਲਾ ਕੇ ਰਹਿਮਤ ਭਰੀਆਂ ਨਜ਼ਰਾਂ ਨਾਲ ਜਦੋਂ ਤੱਕਿਆ 'ਨਾਨਕ ਨਦਰੀ ਨਦਰਿ ਨਿਹਾਲ' ਹੋ ਗਏ। ਹਿਰਦਾ ਵਿਸ਼ਾਲ ਹੋ ਗਿਆ। 'ਰਿਦ ਕੰਵਲ ਖਿੜੇ ਜੈਸੇ ਭਾਨ ਉਦੈ॥' ਖਟ ਚੱਕਰ ਖੁਲ੍ਹ ਗਏ। ਲਾਲਾ ਜੀ ਨੇ ਆਖਿਆ, "ਮੇਰੇ ਪਿਆਰੇ! ਅਸੀਂ ਤੇਰੇ ਕੋਲ ਹੀ ਚਲਦੇ ਹਾਂ, ਤੂੰ ਤੇ ਹੱਦ ਹੀ ਕਰ ਦਿੱਤੀ॥" ਇਸ ਗੱਲ ਦਾ ਜਦੋਂ ਸੰਗਤਾਂ ਨੂੰ ਪਤਾ ਲੱਗਾ ਸਰਦਾਰ ਸ਼ਿਵ ਨਰੈਣ ਸਿੰਘ ਮੋਰਾਂ ਵਾਲੇ ਜਿਹੜੇ ਕਚਹਿਰੀ ਲਾਇਆ ਕਰਦੇ ਸਨ ਆਪ ਜੀ ਇਨ੍ਹਾਂ ਪਾਸ ਪਹਿਲਾਂ ਆ ਕੇ ਰਹੇ

ਸਨ। ਸਰਦਾਰ ਸ਼ਿਵ ਨਰੈਣ ਸਿੰਘ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਸਾਡੇ ਕੋਲੋਂ ਜੇ ਕੋਈ ਗ਼ਲਤੀ ਹੋਈ ਹੋਵੇ ਤਾਂ ਮੁਆਫ਼ ਕਰੋ, ਅਸੀਂ ਭੁੱਲਣਹਾਰ ਜੀਵ ਹਾਂ, ਸਾਡੇ ਕੋਲ ਹੀ ਰਹੋ, ਮੇਰੇ ਘਰ ਚਲੋ, ਪਵਿੱਤਰ ਚਰਨ ਪਾ ਕੇ ਦਾਸ ਨੂੰ ਸੇਵਾ ਬਖਸ਼ੋ।" ਲਾਲਾ ਜੀ ਨੇ ਆਖਿਆ, "ਗੁਰਮੁਖਾ ਸਾਨੂੰ ਕਰਤਾਰ ਦਾ ਹੁਕਮ ਇਸ ਤਰਾਂ ਹੈ। ਅਸੀਂ ਤੁਹਾਡੇ ਕੋਲ ਹੀ ਹਾਂ ਜਦੋਂ ਯਾਦ ਕਰੋਗੇ ਤਾਂ ਦਰਸ਼ਨ ਹੋਵੇਗਾ। ਸਾਡੀਆਂ ਗੱਲਾਂ ਯਾਦ ਰੱਖਣੀਆਂ, ਧਰਮ ਦੀ ਕਿਰਤ ਕਰਨੀ, ਵੰਡ ਕੇ ਛਕਣਾ, ਕਿਸੇ ਨੂੰ ਦੁੱਖ ਨਹੀਂ ਦੇਣਾ।"

"ਖਲਕ ਖਾਲਿਕ ਕੀ ਜਾਣਕੇ ਖਲਕ ਦੁਖਾਵੇ ਨਾਹਿ
ਖਲਕ ਦੁਖੇ ਜਬ ਨੰਦ ਜੀ ਖਾਲਿਕ ਕੋਪੇ ਤਾਂਹਿ"

ਐਸਾ ਉਪਦੇਸ਼ ਸੰਗਤਾਂ ਨੂੰ ਅਤੇ ਸਰਦਾਰ ਸ਼ਿਵ ਨਰੈਣ ਨੂੰ ਦੇ ਕੇ ਫਕੀਰੀਏ ਲੁਹਾਰ ਨੂੰ ਹੁਕਮ ਕੀਤਾ ਸਾਡੀ ਘੋੜੀ ਲੈ ਆਉ। ਘੋੜੀ ਲਾਲਾ ਜੀ ਦੀ ਆਪਣੀ ਰੱਖੀ ਹੋਈ ਸੀ। ਇਸ ਘੋੜੀ ਦੇ ਪੇਟ ਵਿਚੋਂ ਇਕ ਬਛੇਰਾ ਤੇ ਇਕ ਬਛੇਰੀ ਲਾਲਾ ਜੀ ਦੇ ਕੋਲ ਹੀ ਸਨ। ਅਸੀਂ ਝਿਗੜੀਂ ਅੱਜ ਹੀ ਚਲੇ ਜਾਣਾ ਹੈ। ਸ਼ਿਵ ਨਰੈਣ ਸਿੰਘ ਨੇ ਨੌਕਰ ਭੇਜ ਕੇ ਹਾਥੀ ਮੰਗਾ ਲਿਆ। ਹਾਥੀ ਉੱਤੇ ਸਵਾਰ ਹੋ ਕੇ ਲਾਲਾ ਜੀ ਝਿਗੜਾਂ ਨੂੰ ਪਏ (ਚੱਲ ਪਏ)। ਕਡਿਆਣੇ ਪਿੰਡ ਦੇ ਉਸ ਵੇਲੇ ਪਸ਼ੂ-ਪੰਛੀ, ਬ੍ਰਿਛ ਸਭ ਨਰ ਨਾਰੀ ਰੋ ਰਹੇ ਸਨ, ਜੈਸੇ ਗੁਰੂ ਗੋਬਿੰਦ ਸਿੰਘ ਜੀ ਦੇ ਜਾਣ 'ਤੇ ਅਨੰਦਪੁਰੀ ਰੋਈ ਸੀ। ਰਾਮ ਚੰਦਰ ਜੀ ਦੇ ਬਨਵਾਸ ਦੇ ਸਮੇਂ ਅਯੁੱਧਿਆ ਪੁਰੀ ਵਾਸੀ ਪਾਗਲ ਹੋਏ ਧਾਹਾਂ ਮਾਰ ਕੇ ਰੋ ਰਹੇ ਸਨ। ਕ੍ਰਿਸ਼ਨ ਭਗਵਾਨ ਦੇ ਗੋਕਲ ਅਤੇ ਬ੍ਰਿੰਦਾਬਨ ਨੂੰ ਛੱਡ ਕੇ ਮਥਰਾ ਵਿਚ ਚਲੇ ਜਾਣ ਤੇ ਗੋਕਲ ਵਾਸੀ ਤੇ ਗੋਪੀਆਂ ਰੋਏ। ਐਸਾ ਹਾਲ ਕਡਿਆਣੇ ਦੇ ਗੁੱਜਰ ਔਰ ਗੁੱਜਰੀਆਂ ਦਾ ਹੋ ਰਿਹਾ। ਕਦੇ ਕਦੇ ਦੱਬੀਆਂ ਹੋਈਆਂ ਨਜ਼ਰਾਂ ਨਾਲ ਸ਼ਾਹ ਸਵਾਰ ਵੱਲ੍ਹ ਤੱਕ ਲੈਂਦੇ ਹਨ। ਉਦਾਸੇ ਹੋਏ ਦਿਲ ਨਾਲ ਹਾਥੀ ਦੇ ਪਿੱਛੇ-ਪਿੱਛੇ ਟੁਰੇ ਜਾ ਰਹੇ ਸਨ। ਵਸੀਵਾਂ ਪਾਰ ਹੋ ਕੇ ਜਿਵੇਂ ਸੁਰਜੂ ਨਦੀ ਤੋਂ ਅਯੁੱਧਿਆ ਵਾਸੀਆਂ ਨੂੰ ਰਾਮ ਚੰਦਰ ਜੀ ਨੇ ਧੀਰਜ ਦੇ ਕੇ ਮੋੜ ਦਿੱਤਾ ਸੀ, ਐਸੇ ਹੀ ਲਾਲਾ

ਜੀ ਨੇ ਸਭ ਸੰਗਤ ਨੂੰ ਉਪਦੇਸ਼ ਦੇ ਕੇ ਪਿੱਛੇ ਮੁੜਨ ਦਾ ਹੁਕਮ ਕੀਤਾ। ਫਿਰ ਆਪ ਚਲਦੇ-ਚਲਦੇ ਪਿੰਡ ਝਿਗੜੀਂ ਪਹੁੰਚ ਗਏ। ਨਗਰ ਨਿਵਾਸੀਆਂ ਨੇ ਬੜੀ ਖੁਸ਼ੀ ਮਨਾਈ। ਆਪ ਜੀ ਪਿੰਡ ਦੇ ਚੜ੍ਹਦੇ ਪਾਸੇ ਢਾਬ ਕੰਢੇ ਡੇਰਾ ਲਾ ਕੇ ਬੈਠ ਗਏ। ਆਪ ਜੀ ਚੰਗੇ ਰਾਜਨੀਤਕ ਸੂਝ ਵਾਲੇ ਸਨ। ਆਪ ਸਭ ਤਰਾਂ ਦੇ ਅਦਾਲਤੀ, ਪੰਚਾਇਤੀ ਫ਼ੈਸਲੇ ਕਰਨ ਜਾਣਦੇ ਸਨ। ਇਹ ਵਿਦਿਆ ਆਪ ਜੀ ਨੇ ਮੋਰੋਂ ਪੜ੍ਹੀ ਹੋਈ ਸੀ, ਪਿੰਡ ਪੰਚਾਇਤ ਕੋਲੋਂ ਜਿਹੜਾ ਫ਼ੈਸਲਾ ਨਾ ਹੋਵੇ ਤਾਂ ਲਾਲਾ ਜੀ ਕੋਲ ਮੁਕੱਦਮਾ ਜਾਂਦਾ ਸੀ। ਪਿੰਡ ਦੇ ਲੋਕ ਰੱਬ ਵਰਗੀ ਸ਼ਰਧਾ ਆਪ ਜੀ ਤੇ ਰੱਖਦੇ ਸਨ। ਇਕ ਵਾਰੀ ਦੱਸਦੇ ਨੇ ਸਲ੍ਹਾ (ਟਿੱਡੀ ਦਲ) ਬਹੁਤ ਆ ਗਿਆ। ਸਿਆਣੇ ਲੋਕੀਂ ਇਕੱਠੇ ਹੋ ਕੇ ਲਾਲਾ ਜੀ ਪਾਸ ਗਏ ਤੇ ਅਰਜ ਕੀਤੀ, "ਸੱਚੇ ਪਾਤਸ਼ਾਹੋ! ਕੀ ਕਰੀਏ ਬਹੁਤ ਨੁਕਸਾਨ ਹੋ ਰਿਹਾ ਹੈ?" ਲਾਲਾ ਜੀ ਨੇ ਕਿਹਾ, "ਜਾਉ ਹਮਾਰੀ ਘੋੜੀ ਲੈ ਆਉ, ਜਹਾਂ ਹਮਾਰੀ ਘੋੜੀ ਕਾਰ ਕੱਢ ਆਵੇਗੀ ਟਿੱਡੀ ਦਲ ਭਾਗ ਜਾਵੇਗਾ, ਅੱਗੇ ਵਾਸਤੇ ਭੀ ਨਹੀਂ ਆਵੇਗਾ।" ਹੁਣ ਤੱਕ ਟਿੱਡੀ ਦਲ ਉੱਪਰ ਤੋਂ ਹੀ ਲੰਘ ਜਾਂਦਾ ਹੈ। ਬੈਠਦਾ ਨਹੀਂ ਜੇ ਬੈਠ ਜਾਏ ਤਾਂ ਨੁਕਸਾਨ ਨਹੀਂ ਕਰੇਗਾ। ਇਕ ਵਾਰੀ ਦੱਸਦੇ ਨੇ ਅਹਿਣ ਬਹੁਤ ਪੈਣ ਲੱਗ ਪਈ, ਚੇਤਰ ਦੇ ਦਿਨ ਸਨ। ਇਸੇ ਤਰਾਂ ਲੋਕਾਂ ਨੇ ਫਿਰ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਐਸ ਵੇਲੇ ਫ਼ਸਲਾਂ ਪਰਫੁੱਲਤ ਹਨ ਕਣਕਾਂ ਦਾ ਨੁਕਸਾਨ ਹੋ ਰਿਹਾ ਹੈ।" ਹੁਕਮ ਹੋਇਆ, "ਭਾਈ, ਦੱਸੋ ਕਿੱਧਰ ਪੁਆ ਦਈਏ?" ਪਿੰਡ ਬੱਜੋਂ ਵੱਲ੍ਹ ਦੀ ਜੂਹ ਖਾਲੀ ਸੀ। "ਸੱਚੇ ਪਾਤਸ਼ਾਹੋ! ਪਿੰਡੋਂ ਹੇੜੀਆਂ ਵੱਲ੍ਹ ਦੀ ਜੂਹ ਵਿਚ ਐਹਣ ਪੈ ਜਾਏ ਬਾਕੀ ਫ਼ਸਲਾਂ ਬਚ ਜਾਣ," ਤਾਂ ਐਸਾ ਹੀ ਹੋਇਆ ਖਾਲੀ ਖੇਤਾਂ ਵਿਚ ਐਹਣ ਪਈ। ਫ਼ਸਲਾਂ ਬਚ ਗਈਆਂ, ਹਾਲੇ ਵੀ ਝਿਗੜਾਂ ਦੀ ਜੂਹ ਵਿਚ ਗੜ੍ਹੇ ਜਾਂ ਐਹਣ ਨਹੀਂ ਪੈਂਦੀ। ਇਹੋ ਜਿਹੀਆਂ ਕਹਾਣੀਆਂ ਲਾਲਾ ਜੀ ਦੀਆਂ ਬੇਅੰਤ ਹਨ। ਇੱਕ ਵਾਰ ਮੰਗੂ ਮਜਾਰੇ ਵਾਲੇ ਨੇ ਬੇਨਤੀ ਕੀਤੀ ਕਿ "ਮਹਾਰਾਜ! ਮੇਰੇ ਘਰ ਨੂੰ ਪਵਿੱਤਰ ਕਰੀਏ, ਚਲੋ! ਅੱਜ ਹੀ ਚੱਲੀਏ, ਮੇਰੇ ਦਿਲ ਦੀ ਪਿਆਸ ਬੁਝਾਵੋ ਜੀ।" ਜਰਾ ਕੁ ਚੁੱਪ ਕਰਕੇ ਮੰਗੂ ਵੱਲ੍ਹ ਜ਼ਰਾ ਗੌਰ ਨਾਲ ਤੱਕ ਕੇ ਲਾਲਾ ਜੀ ਆਖਣ ਲੱਗੇ, "ਮੰਗੂ ਹਾਲੇ ਟਾਇਮ ਨਹੀਂ, ਕੁੱਝ ਹੀ ਵਕਤ ਹੈ। ਥੋੜ੍ਹਾ ਹੀ ਅਰਸਾ ਹੈ। ਤੇਰੇ ਹੀ ਘਰ ਐਸਾ ਵਲੀ ਆਵੇਗਾ।

ਅਵਤਾਰਾਂ ਦਾ ਅਵਤਾਰ, ਪੀਰਾਂ ਦਾ ਪੀਰ, ਜਿਸ ਨੂੰ ਕੁਤਬ ਵੀ ਸਲਾਮਾਂ ਕਰਨਗੇ। ਮੰਗੂ! ਤੇਰੇ ਘਰ ਨੂੰ ਤੇਤੀ ਕਰੋੜ ਦੇਵਤੇ ਵੀ ਸਿਜਦਾ ਕਰਨਗੇ ਸ਼ਿਵ, ਬਰ੍ਹਮਾਂ ਇੰਦਰ ਵੀ ਤੇਰੇ ਘਰ ਨੂੰ ਸਲਾਮਾਂ ਕਰਨਗੇ। ਇੱਕ ਕਲਪ ਬ੍ਰਿਛ ਬਣਾ ਦੇਵੇਗਾ ਤੇਰੇ ਘਰ ਨੂੰ, ਜੀਵਾਂ ਨੂੰ ਭਵਜਲੋਂ ਪਾਰ ਕਰਨ ਨੂੰ ਪੁਲ ਬਣਾ ਦੇਵੇਗਾ ਤੇਰੇ ਘਰ ਨੂੰ, ਅਮਰ ਕਰ ਦੇਊਗਾ, ਹਜ਼ਾਰਾਂ ਹੀ ਜੀਵ ਬਰੋਂ ਸਾਜਿਆ ਕਰਨਗੇ, ਮੂੰਹੋਂ ਮੰਗੀਆਂ ਮੁਰਾਦਾਂ ਪਾਇਆ ਕਰਨਗੇ, ਮੰਗੂ! ਤੇਰਾ ਘਰ ਉਸ ਮਹਾਂ ਅਵਤਾਰੀ ਮਹਾਂ ਬਲੀ ਦੀ ਹੀ ਮਲਕੀਅਤ ਹੋਵੇਗਾ। ਮੰਗੂ! ਸਾਨੂੰ ਭਾਈ ਜਵਾਹਰ ਸਿੰਘ ਨੂੰ ਉਸ ਨੇ ਹੀ ਪ੍ਰਗਟ ਕਰਨਾ ਹੈ। ਸਾਡਾ ਨਾਂ ਹੀ ਰੌਸ਼ਨ ਉਸ ਨਾਲ ਹੋਵੇਗਾ। ਉਹੋ ਸਾਰਿਆਂ ਬੇੜਿਆਂ ਦਾ ਮਾਲਿਕ ਬਹੁਤ ਜਲਦੀ ਹੀ ਆ ਜਾਵੇਗਾ। ਇਸ ਤਰਾਂ ਮੰਗੂ ਪ੍ਰਤੀ ਉਪਦੇਸ਼ ਕਰਕੇ ਮੰਗੂ ਨੂੰ ਨਿਹਾਲ ਕੀਤਾ। ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਪਿੰਡ ਮਜਾਰੇ ਮੰਗੂ ਦੇ ਘਰ ਰਹਿਣ ਦਾ ਇਸ਼ਾਰਾ ਕੀਤਾ। ਲਾਲਾ ਜੀ ਪਿੰਡ ਝਿਗੜੀਂ ਤੀਹ ਸਾਲ ਦੇ ਲਗਭਗ ਰਹੇ। ਇਕ ਦਿਨ ਢਾਬ ਕੰਢੇ ਬੈਠੇ ਸਨ। ਭਾਈ ਜਵਾਹਰ ਸਿੰਘ ਜੀ ਨੂੰ ਕੋਲ ਬੁਲਾ ਕੇ ਆਖਿਆ, "ਸਾਰੀ ਚੀਜ਼ ਦਾ ਮਾਲਿਕ ਜਦੋਂ ਆ ਜਾਵੇ ਤਾਂ ਚਾਬੀਆਂ ਝੱਟ ਫੜਾ ਦੇਣੀਆਂ। ਭਾਈ ਜੀ ਸਾਡੀ ਹੁਣ ਯਾਤਰਾ ਖ਼ਤਮ ਹੈ, ਆਖ਼ਿਰੀ ਸਮੇਂ ਆ ਗਿਆ ਹੈ। ਸਾਡੀ ਮਲਕੀਅਤ ਇੱਥੇ ਹੈ ਆਪਣੇ ਸਸਕਾਰ ਦੀ ਜਗਾਹ ਨੀਅਤ ਕੀਤੀ, ਜਿੱਥੇ ਹੁਣ ਗੁੰਬਦ ਵਾਲੀ ਸਮਾਧ ਹੈ। ਬਹੱਤਰ ਨਾੜੀ ਸਰੂਪ ਨਾਲ ਭਰ ਗਿਆ ਤਿੰਨ ਵਾਰੀ ਨਿਹਾਲ! ਨਿਹਾਲ!! ਨਿਹਾਲ!!! ਆਖਕੇ ਕਵਾੜ ਖੋਲ੍ਹ ਦਿੱਤੇ, ਤਿੰਨਾਂ ਲੋਕਾਂ ਦਾ ਮਾਲਿਕ ਬਣਾ ਦਿੱਤਾ।

ਸਾਖੀ ਕਰਮ ਸਿੰਘ ਬੱਬਰ ਦੇ ਖੂਹ ਦੇ ਪਾਣੀ ਦੀ

ਜੇਠ ਹਾੜ੍ਹ ਦੇ ਦਿਨ ਸਨ। ਮਹਾਰਾਜ ਜੀ ਈਸ਼ਰ ਸਿੰਘ ਦੇ ਵਾੜੇ ਵਿਚ ਰਹਿੰਦੇ ਸਨ। ਸਰਦਾਰ ਹਰਨਾਮ ਸਿੰਘ ਸੂਬਾ ਸਿੰਘ, ਬਾਬਾ ਮਾਨਾ, ਇੰਦਰ ਸਿੰਘ ਸੇਵਾਦਾਰ ਸਨ। ਕਰਮ ਸਿੰਘ ਨੇ ਪਿੰਡੋਂ ਲਹਿੰਦੇ ਪਾਸੇ ਰਟੈਂਡੇ ਦੇ ਵਸੀਵੇਂ ਤੇ ਖੂਹ ਲਾਇਆ। ਖੂਹ ਲਾ ਕੇ ਨਾਲ ਲਾਈ। ਫਿਰ ਵੀ ਪਾਣੀ ਨਾ ਉਠੇ ਕਈ ਦਿਨ

ਟੱਕਰਾਂ ਮਾਰਦਾ ਰਿਹਾ, ਕੋਈ ਪੇਸ਼ ਨਾ ਜਾਵੇ। ਮਨ ਨਿਰਾਸ਼ ਹੋ ਗਿਆ। ਚਾਰ ਹਜ਼ਾਰ ਰੁਪਿਆ ਵੀ ਲਾਇਆ, ਪਾਣੀ ਫਿਰ ਭੀ ਨਾ ਲੱਭਾ। ਹਾਰ ਥੱਕ ਕੇ ਬੈਠ ਗਏ। ਡਬੋਲੀਏ ਵੀ ਜਵਾਬ ਦੇ ਬੈਠੇ, ਦਿਨ ਦਾ ਦੁਪਹਿਰਾ ਸੀ। ਸਾਰੇ ਕਰਮਚਾਰੀ ਅੰਦਰ ਵੜ ਕੇ ਆਰਾਮ ਕਰਨ ਲੱਗੇ। ਕਰਮ ਸਿੰਘ ਦਾ ਮਨ ਬੇਚੈਨ ਸੀ। ਮਨ ਵਿਚ ਗਿੱਟੀਆਂ ਗਿਣਦਾ ਇਕਮਨ ਇੱਕ-ਚਿੱਤ ਹੋ ਕੇ ਗਲ ਪੱਲਾ ਪਾ ਕੇ ਅਰਦਾਸ ਕੀਤੀ, ਰੱਬ ਦਾ ਵਾਸਤਾ ਪਾਇਆ, "ਜੇ ਕਿਤੇ ਨੇੜੇ ਹੋ ਕੇ ਸੁਣਦਾ ਹੋਵੇ ਤਾਂ ਬੇੜੇ ਨੂੰ ਪਾਰ ਲਾਵੇ। ਮੱਖਣ ਸ਼ਾਹ ਦਾ ਡੁੱਬਦਾ ਜਹਾਜ ਰੱਖ ਲਿਆ ਸੀ, ਮੇਰਾ ਗਰੀਬ ਦਾ ਵੀ ਕਾਰਜ ਕਰੋ।" ਜਦੋਂ ਭਗਤ ਨੇ ਨੀਵਾਂ ਹੋ ਕੇ ਬੇਨਤੀ ਕੀਤੀ ਤੇ ਰੱਬ ਦਾ ਵਾਸਤਾ ਪਾਇਆ ਤਾਂ ਸੰਤਾਂ ਭਗਤਾਂ ਦੀ ਲਾਜ ਰੱਖਣ ਵਾਸਤੇ ਆਪਣੇ ਨਾਮ ਦੀ ਲਾਜ ਰੱਖਣ ਵਾਸਤੇ ਨਾਭ ਕੰਵਲ ਰਾਜਾ ਸਾਹਿਬ ਜੀ: ਜਿਵੇਂ ਭਗਵਾਨ ਵਿਸ਼ਨੂੰ ਜੀ ਐਰਾਪਤ ਹਾਥੀ ਦੀ ਰੱਖਿਆ ਵਾਸਤੇ ਬੈਕੁੰਠ ਤੋਂ ਨੰਗੇਂ ਪੈਰੀਂ ਭੱਜੇ ਸਨ, ਐਸੇ ਹੀ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਪੈਂਦੀ ਕਹਿਰ ਦੀ ਗਰਮੀ ਵਿਚ, ਤਾਂਬੇ ਵਾਂਗ ਤੱਪਦੀ ਰੇਤ, ਪੈਂਦੀ ਲੋਅ ਕੰਨਾਂ ਨੂੰ ਸਾੜ ਰਹੀ ਸੀ, ਜਾਨਵਰਾਂ ਦੇ ਦਮ ਖੁਸ਼ਕ ਕਰ ਰਹੀ ਸੀ। ਨਦੀ ਨਾਲਿਆਂ ਦਾ ਪਾਣੀ ਵੀ ਖੁਸ਼ਕ ਹੋ ਰਿਹਾ ਸੀ। ਮਾਰੇ ਗਰਮੀ ਦੇ ਲੋਕ ਅੰਦਰੀਂ ਵੜ ਕੇ ਪਏ ਸਨ। ਇਹੋ ਜਿਹੀ ਪੈਂਦੀ ਗਰਮੀ ਵਿਚ ਡੋਲੇ ਹੋਏ ਭਗਤ ਨੂੰ ਦੇਖ ਕੇ ਨੰਗੇਂ ਪੈਰੀਂ ਮਾਰੂਥਲਾਂ ਵਿਚ ਕੰਡਿਆਲੀ ਲੋਹ ਨੂੰ ਚੀਰਦੇ ਹੋਏ, ਚਿੱਟਾ ਦੁੱਧ ਵਰਗਾ ਰੰਗ, ਚਿੱਟੇ ਲੱਠੇ ਦੀ ਗਿਲਤੀ ਮਾਰੀ ਹੋਈ ਇੱਕ ਵਜੇ ਦਿਨ ਦੇ ਸੁੱਕੇ ਤੇ ਨਭਾਗੇ ਖੂਹ ਨੂੰ ਭਾਗ ਲਾਉਣ ਵਾਸਤੇ ਬਲ-ਬਲ ਕਰਦੇ ਮੌਣ ਤੇ ਜਾ ਖੜ੍ਹੇ ਹੋਏ।

"ਜਹ ਜਹ ਕਾਜ ਕਿਰਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ।
ਸੇਵਕ ਕਉ ਨਿਕਟੀ ਹੋਇ ਦਿਖਾਵੈ।"

ਅੰਦਰ ਪਏ ਲੋਕਾਂ ਕੰਨੀਂ ਜਦੋਂ ਦੁੱਖ ਭੰਜਨੀ ਹਰਤਾ ਕਰਤਾ ਦੀ ਅਵਾਜ਼ ਪਈ, ਝੱਟ-ਪਟ ਸਾਰੇ ਬੰਦੇ ਅੰਦਰੋਂ ਬਾਹਰ ਆਏ, ਬਾਹਰ ਕਿਆ ਦੇਖਣ ਕਿ ਮਹਾਰਾਜ ਜੀ ਖੂਹ ਦੀ ਮੌਣ ਤੇ ਖੜ੍ਹੇ ਸਨ। ਸਭ ਨੇ ਨਮਸਕਾਰ ਕੀਤੀ। ਕਰਮ

ਸਿੰਘ ਦਾ ਵੈਰਾਗ ਫੁੱਟ ਪਿਆ। ਆਖਣ ਲੱਗਾ, "ਜੀ ਮੇਰਾ ਕੋਈ ਟਿਕਾਣਾ ਨਹੀਂ ਹੈ। ਮੇਰੇ 'ਤੇ ਮਿਹਰ ਕਰੋ ਜੀ, ਆਪ ਸਭ ਸ਼ਕਤੀਆਂ ਦੇ ਮਾਲਿਕ ਹੋ ਜੀ, ਆਪ ਗੁਰੂ ਨਾਨਕ ਦੇਵ ਜੀ ਦਾ ਹੀ ਅਵਤਾਰ ਹੋ ਜੀ, ਸਰਦਾਰ ਤੇਜਾ ਸਿੰਘ ਨੇ ਦੱਸਿਆ ਕਿ ਮੇਰੇ ਸਾਹਮਣੇ ਦੇਖਣ ਦੀ ਗੱਲ ਹੈ। ਮਹਾਰਾਜ ਜੀ ਨੇ ਇਕ ਵਾਰ ਖੂਹ ਵਿਚ ਝਾਤੀ ਮਾਰੀ, ਖੂਹ ਚਲਾਉਣ ਦਾ ਹੁਕਮ ਕੀਤਾ। ਖੂਹ ਭੜੋਲੇ ਵਾਂਗ ਖਾਲੀ ਸੀ। ਪਤਾ ਨਹੀਂ ਕੀ ਕੁੱਝ ਨੈਣਾਂ ਦੇ ਇਸ਼ਾਰੇ ਨਾਲ ਕੀਤਾ ਪਾਣੀ ਦਾ ਵਲ੍ਹੂੰਬਾ ਖੂਹ ਦੇ ਅੱਧ ਤਾਈਂ ਫੁਹਾਰਾ ਦੇ ਉਠਿਆ। ਖੂਹ ਪਾਣੀ ਨਾਲ ਭਰ ਗਿਆ ਬੈਲਾਂ ਦੀਆਂ ਜੋੜੀਆਂ ਚੱਲਣ ਲੱਗੀਆਂ, ਢੋਲ-ਢਮਾਕੇ ਵੱਜਣ ਲੱਗੇ। ਕਰਮ ਸਿੰਘ ਨੂੰ ਲੱਗੀਆਂ ਵਧਾਈਆਂ ਮਿਲਣ। ਖੁਸ਼ੀ ਦੇ ਵਾਜੇ ਵੱਜਣ ਲੱਗੇ। ਆਪ ਜੀ ਇਕ ਪਾਸੇ ਮੰਜੀ ਡਾਹ ਕੇ ਬੈਠ ਗਏ। ਇਸ ਕੌਤਕ ਨਾਲ ਆਪ ਜੀ ਦੀ ਕੀਰਤੀ ਬਹੁਤ ਵਧ ਗਈ। ਇਹ ਸਾਰੀ ਸਾਖੀ ਸਰਦਾਰ ਤੇਜਾ ਸਿੰਘ ਨੇ ਸੁਣਾਈ ਸੀ। ਜਿਸ ਦੀ ਉਮਰ ੧੨੫ ਸਾਲ ਦੀ ਸੀ। ਸਰਦਾਰ ਨੇ ਇਹ ਵੀ ਦੱਸਿਆ ਸੀ ਜਦੋਂ ਮਹਾਰਾਜ ਜੀ ਪਹਿਲਾਂ-ਪਹਿਲ ਝਿਗੜੀਂ ਆਏ ਸਨ ਸਰਦਾਰ ਦੀ ਉਮਰ ਪੰਝੀ ਸਾਲ ਦੀ ਸੀ। ਮਹਾਰਾਜ ਜੀ ਚੌਦਾ ਸਾਲ ਦੇ ਸਨ ਬਬਰ ਕਰਮ ਸਿੰਘ ਦਾ ਹੁਣ ਤੀਕ ਖੂਹ ਚੱਲ ਰਿਹਾ, ਪਾਣੀ ਸੁੱਕਦਾ ਨਹੀਂ ਹੈ। *ਬੋਲੋ ਭਾਈ ਵਾਹਿਗੁਰੂ*

ਸਾਖੀ ਸਰਮੁਖ ਸਿੰਘ ਨਾਲ ਹੋਈ

ਕਰਮ ਸਿੰਘ ਦੇ ਖੂਹ ਨੂੰ ਹਰਾ ਭਰਾ ਕਰਕੇ ਮਹਾਰਾਜ ਜੀ ਈਸ਼ਰ ਸਿੰਘ ਦੇ ਵਾੜੇ ਜਾ ਬੈਠੇ। ਪਾਤਸ਼ਾਹ ਨੂੰ ਰਹਿੰਦਿਆਂ ਨੂੰ ਇਕ ਸਾਲ ਹੋ ਗਿਆ ਸੀ। ਆਪ ਜੀ ਦੇ ਬਾਹਰਲਿਆਂ ਪਿੰਡਾਂ ਦੇ ਮੁਖੀ ਸੇਵਕਾਂ ਦੇ ਨਾਂ ਇਹ ਹਨ।

ਪਿੰਡ ਝਿਗੜਾਂ ਦੇ ਸੇਵਕਾਂ ਦੇ ਨਾਂ
ਹਰਨਾਮ ਸਿੰਘ, ਮਾਨਾ, ਇੰਦਰ ਸਿੰਘ, ਨੱਥਾ ਸਿੰਘ, ਸੂਬਾ ਸਿੰਘ,
ਪਿੰਡ ਰਹਿਪਾ ਦੇ ਸੇਵਕਾਂ ਦੇ ਨਾਂ

ਸਰਮੁਖ ਸਿੰਘ, ਹਰੀ ਸਿੰਘ, ਮੀਂਹਾਂ ਸਿੰਘ, ਛੱਜੂ ਝੀਰ
ਪਿੰਡ ਮਜਾਰੇ ਦੇ ਸੇਵਕਾਂ ਦੇ ਨਾਂ
ਨੱਥਾ ਸਿੰਘ, ਮੂਲਾ, ਵਰਿਆਮ ਸਿੰਘ, ਜੁਆਲਾ ਸਿੰਘ
ਪਿੰਡ ਗੌਸਲਾਂ ਦੇ ਸੇਵਕਾਂ ਦੇ ਨਾਂ
ਮੰਗਲ ਰਾਮ, ਮੁਨਸ਼ਾ ਸਿੰਘ
ਪਿੰਡ ਭਰੋ ਮਜਾਰੇ ਦੇ ਸੇਵਕਾਂ ਦੇ ਨਾਂ
ਸੁੰਦਰ ਸਿੰਘ ਅਤੇ ਬਾਬੂ
ਪਿੰਡ ਮੂਸਾਪੁਰ ਦੇ ਸੇਵਕਾਂ ਦੇ ਨਾਂ
ਬਸੰਤ ਸਿੰਘ, ਨਰੈਣ ਸਿੰਘ, ਸੁੰਦਰ ਸਿੰਘ
ਪਿੰਡ ਖਾਨਖਾਨਾ ਦੇ ਸੇਵਕਾਂ ਦੇ ਨਾਂ
ਭਗਤ ਗੁਰਦਾਸ, ਗੁਰਦਿੱਤ ਸਿੰਘ

ਇਹ ਸਨ ਮਹਾਰਾਜ ਜੀ ਦੇ ਦਰਬਾਰੀ ਸਿੱਖ, ਇਨ੍ਹਾਂ ਵਿਚੋਂ ਇਕ ਸੁੱਚਾ ਮੋਤੀ ਸਰਮੁਖ ਸਿੰਘ ਸੀ ਪਿੰਡ ਰਹਿਪੇ ਵਾਲਾ ਜਿਸ ਨੂੰ ਇੱਕ ਰਾਤ ਕੋਲ ਰਹਿਕੇ ਹੀ ਪ੍ਰੇਮ ਦਾ ਜਾਗ ਲਾ ਗਏ ਸਨ। ਇਸਦਾ ਇਕ ਨਿਯਮ ਸੀ, ਪੱਕੀ ਧਾਰਨਾ ਸੀ ਹਰ ਰੋਜ਼ ਨੰਗੇ ਪੈਰੀਂ ਮੀਂਹ ਪਏ ਹਨ੍ਹੇਰੀ ਜਾਏ, ਗਰਮੀ ਹੋਵੇ ਸਰਦੀ ਹੋਵੇ, ਨਿਸ਼ਕਾਮ ਆਪਣੇ ਪਿਆਰੇ ਮੁਰਸ਼ਿਦ ਦੇ ਦਰਸ਼ਨ ਜਰੂਰ ਹੀ ਕਰਨੇ। ਕਈ ਘਰੋਗੀ ਕੰਮ ਉਹਦੇ ਸੱਚੇ ਪਿਆਰ ਨੂੰ ਭੰਗ ਕਰਨਾ ਚਾਹੁੰਦੇ ਸਨ, ਪਰ ਉਹ ਲਗਾਤਾਰ ਚਾਲੀ ਸਾਲ ਸਤਿਗੁਰਾਂ ਦੇ ਦਰਸ਼ਨਾਂ ਲਈ ਯਾਤਰਾ ਕਰਦੇ ਰਹੇ। ਚਾਲੀ ਸਾਲਾਂ ਵਿਚ ਇੱਕ ਦਿਨ ਨਹੀਂ ਸਨ ਗਏ, ਕੋਈ ਪਸ਼ੂ ਬਾਹਰੋਂ ਲੈਣ ਵਾਸਤੇ ਚਲੇ ਗਏ ਸੀ। ਦੂਜੇ ਦਿਨ ਜਦੋਂ ਦਰਸ਼ਨ ਨੂੰ ਗਏ ਤਾਂ ਮਹਾਰਾਜ ਜੀ ਆਖਣ ਲੱਗੇ, "ਤੂੰ ਸਰਮੁਖ ਕੱਲ੍ਹ ਨਹੀਂ ਆਇਆ?" "ਮਹਾਰਾਜ ਜੀ ਬਲਦ ਲਿਆਂਦਾ ਸੀ, ਉਹਦੀ ਰਾਖੀ ਲਈ ਰਹਿਣਾ ਪੈ ਗਿਆ।" ਮਹਾਰਾਜ ਜੀ ਨੇ ਆਖਿਆ, "ਜੇ ਕੋਲ ਬੈਠਿਆਂ ਤੇ ਹੀ ਖੁਲ੍ਹਾ ਦੇਈਏ", ਸਰਮੁਖ ਸਿੰਘ ਨੇ ਬੇਨਤੀ ਕੀਤੀ ਮੈਨੂੰ ਭੁਲਣਹਾਰ ਨੂੰ ਬਖਸ਼ ਲੈਣਾ ਜੀ, ਮੈਂ ਬੜਾ ਗੁਨਾਹਗਾਰ ਹਾਂ, ਮੈਂ ਝੂਠੇ ਕੰਮਾਂ ਵਿਚ ਪੈ ਕੇ ਆਪ ਜੀ ਦੇ ਦਰਸ਼ਨ ਭੁੱਲ ਬੈਠਾ ਹਾਂ। ਸਭ ਤਾਕਤਾਂ

ਆਪ ਜੀ ਦੀਆਂ ਹਨ, ਇਹ ਜੋ ਚਮੇਲੀ ਦਾ ਨੂਰ ਝਲਕ ਰਿਹਾ ਹੈ। ਇਹ ਸਭ ਆਪ ਜੀ ਦਾ ਹੀ ਪਸਾਰਾ ਹੈ। ਜੋ ਬਨਸਪਤੀ ਦੀ ਹਰਿਆਵਲ ਹੈ ਇਹ ਸਭ ਆਪ ਜੀ ਦੀ ਹੀ ਕਰਾਮਾਤ ਹੈ।

- *"ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥*
- *"ਹੈ ਸਭ ਤਾਕਤ ਫੈਲ ਰਹੀ, ਜਿਸ ਆਸਰੇ ਹੈ ਇਹੁ ਦੇਹ ਖੜੀ॥*
- *ਹੈ ਘਟ ਅੰਤਰ ਸਰਬ ਨਿਰੰਤਰ ਹੋਇ ਇਕੰਤ੍ਰ ਬਾਤ ਬਿਚਾਂਗੀ॥*
  ਸਤਗੁਰ ਬਾਝ ਨਹੀਂ ਹਥ ਆਵਤ ਮਿਲਕਰ ਉਨਹਨ ਕਾਜ ਸਵਾਰੀ॥
  ਸਬਦ ਕੀ ਕੁੰਜੀ ਕੋ ਲੈਕਰ ਬਾਲਕ ਤੋਂ ਗੜ ਕਾਂਇਆ ਕੇ ਕੁਲਫ ਉਤਾਂਗੀ॥
  ਦਾਸ ਭਗਵਾਨ ਖੁਲੇਂ ਖਟ ਚੱਕ੍ਰ ਜਾ ਗਗਨੰਤ੍ਰ ਸੁਰਤਿ ਸਿਧਾਂਗੀ॥

ਇਹ ਜੋ ਨੈਣਾਂ ਵਿਚ ਰੌਸ਼ਨੀ ਹੈ, ਸਭ ਆਪ ਜੀ ਦੀ ਹੀ ਰੌਸ਼ਨੀ ਹੈ, ਸਮੁਖ ਸਿਘ ਜੀ ਦਾ ਵੈਰਾਗ ਚੱਲ ਪਿਆ। ਚਰਨ ਫੜ ਕੇ ਬੈਠ ਗਿਆ।

"ਹੌਂ ਮਸਕੀਨ ਹਾਂ ਦੀਨ ਅਤੀ ਕਰ
ਨਾ ਜਾਣਿਆਂ ਗੁਣ ਸਤਿਗੁਰ ਤੇਰਾ॥"

ਸਾਵਣ ਦੇ ਬੱਦਲਾਂ ਵਾਂਗ ਅੱਥਰੂਆਂ ਦੀ ਝੜੀ ਲਾਈ ਹੋਈ ਸੀ। ਮਹਾਰਾਜ ਜੀ ਨੇ ਪਿਆਰ ਨਾਲ ਸਿਰ ਤੇ ਹੱਥ ਧਰਿਆ ਤੇ ਰਹਿਮਤ ਭਰੀਆਂ ਨਜ਼ਰਾਂ ਨਾਲ ਤੱਕਿਆ, ਸਰਦਾਈ ਛਕਦਿਆਂ-ਛਕਦਿਆਂ ਸੀਤ ਪ੍ਰਸ਼ਾਦ ਬਖਸ਼ਿਸ਼ ਕੀਤਾ। ਸੀਤ ਪ੍ਰਸ਼ਾਦ ਛਕਿਆ ਅੰਮ੍ਰਿਤ ਵਰਗਾ ਤਨ ਮਨ ਠੰਡਾ ਹੋ ਗਿਆ, ਸਰੀਰ ਸੁੰਨ ਹੋ ਗਿਆ, ਸਮਾਧੀ ਲੱਗ ਗਈ।

'ਲਿਵ ਜਾਏ ਲਗ ਜਹਾਂ ਜੋਤ ਰਹੀ ਜਗਮਗ ਦਾਸ ਭਗਵਾਨ ਲੈ ਰਹੱਸ ਕੋ ਅਘਾਏਗਾ॥

ਬਿਰਤੀ ਲਿਵਲੀਨ ਹੋ ਗਈ ਕਿਸੇ ਵੱਡੇ ਸ਼ੁੱਧ ਸ਼ੁਮਾਰ ਵਿਚ ਅਭੇਦ ਹੋ ਗਈ। ਨਿਰਮਲ ਜਲ ਹੈ ਕਈ ਕਿਣਕੇ ਉਸ ਸ਼ੁੱਧ ਵਿਚ ਆ ਕੇ ਅਭੇਦ ਹੋ ਰਹੇ ਹਨ। ਕਈ ਉਸ ਬੇ-ਸ਼ੁਮਾਰ ਸ਼ੁੱਧ ਵਿਚੋਂ ਪ੍ਰਵਾਨੇ ਬਣ-ਬਣ ਕੇ ਏਕ ਤੋਂ ਅਨੇਕ ਹੋ ਰਹੇ ਹਨ। ਖੰਡਾਂ ਬ੍ਰਹਿਮੰਡਾਂ ਨੂੰ ਰੰਗੀਨ ਬਣਾ ਰਹੇ ਹਨ। ਬਣ-ਪਰਬਤ ਸਭ ਗਣ-ਗੰਧਰਵ, ਪਸ਼ੂ-

ਪੈਛੀ, ਨਰ-ਨਾਰੀ ਦੇਵ ਲੋਕ, ਸਭ ਰਾਜਾ ਰਾਜਾ ਗਾਉਂਦੇ ਨਜ਼ਰੀ ਆਏ। ਕਈ ਪੁਰੀਆਂ ਦੇ ਦਰਸ਼ਨ ਹੋਏ ਸਭ ਪਾਸੀਂ ਰਾਜੇ ਦਾ ਹੀ ਜਾਪ ਹੋ ਰਿਹਾ ਸੀ।

"ਤੁਮ ਹੋ ਸਭ ਰਾਜਨ ਕੇ ਰਾਜਾ॥
ਆਪੇ ਆਪ ਗਰੀਬ ਨਿਵਾਜਾ॥ (ਦਸਮ ਗ੍ਰੰਥ)

ਸਿਰ ਤੇ ਹੱਥ ਰਖਿਆ ਤਾਂ ਅੱਖ ਖੁੱਲ੍ਹੀ ਤਾਂ ਕੀ ਦੇਖਦਾ ਹੈ, ਮਹਾਰਾਜ ਦੇ ਪੰਘੂੜੇ ਨਾਲ ਲੱਗ ਕੇ ਬੈਠਾ ਹੈ। ਹੈਰਾਨ ਹੈ ਕੀ ਕੁੱਝ ਦੇਖਿਆ ਸੁਰਤੀ ਹਾਲੇ ਭੀ ਨਸ਼ਈ ਤੇ ਮਤਵਾਲੀ ਜਿਹੀ ਹੈ, ਫਿਰ ਦਿਲ ਕਰਦਾ ਹੈ ਕਿ ਉੱਥੇ ਹੀ ਚਲਾ ਜਾਵਾਂ, ਅੱਖਾਂ ਮਿਲਦੀਆਂ ਜਾ ਰਹੀਆਂ ਹਨ, ਕੋਈ ਅਨੋਖਾ ਹੀ ਰੰਗ ਹੈ, ਸਰੂਰ ਆ ਰਿਹਾ ਹੈ, ਸਰੀਰ ਹਲਕਾ-ਹਲਕਾ ਫੁੱਲਾਂ ਵਰਗਾਂ ਲੱਗਦਾ ਹੈ। ਸੀਨਾ ਸਾਫ਼ ਹੋ ਗਿਆ ਹੈ। ਜਿਵੇਂ ਭਾਈ ਸ਼ਮੀਰ ਬਦੇਹ ਮੁਕਤ ਕਰ ਦਿੱਤਾ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਹੀ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਬਾਬੇ ਸਰਮੁਖ ਸਿੰਘ ਜੀ ਨੂੰ ਬਦੇਹ ਮੁਕਤ ਕੀਤਾ। ਮਹਾਰਾਜ ਜੀ ਆਖਣ ਲੱਗੇ, "ਸਰਮੁਖ! ਕੀ ਦੇਖਿਆ?" ਬਾਬਾ ਜੀ ਨੇ ਆਖਿਆ, "ਜੋ ਕੁੱਝ ਆਪ ਜੀ ਨੇ ਵਿਖਾਇਆ ਸੋਈ ਦੇਖਿਆ।" ਸਰਮੁਖ ਸਿੰਘ ਜੀ ਲੰਮੇ ਲੰਮੇ ਸਾਹ ਲੈ ਰਹੇ ਸਨ, ਉਹਨੂੰ ਇਕ ਮਿੰਟ ਦਾ ਵਿਛੋੜਾ ਯੁਗਾਂ ਦੇ ਸਮਾਨ ਬੀਤਣ ਲੱਗਾ। ਸਤਿਗੁਰਾਂ ਦਾ ਹੁਕਮ ਹੋਇਆ, "ਸਰਮੁਖ! ਚੱਲ ਘਰ ਚਲਿਆ ਚੱਲ! ਅਸੀਂ ਵੀ ਰਹਿਪੇ ਆਵਾਂਗੇ, ਸਾਡੀ ਰਹਿਪੇ ਵੀ ਮਲਕੀਅਤ ਹੈ ਉਸਨੂੰ ਵੀ ਅਸੀਂ ਆਬਾਦ ਕਰਨਾ ਹੈ!" ਸਰਮੁਖ ਸਿੰਘ, "ਪਾਤਸ਼ਾਹ ਜੀ! ਅੱਜ ਹੀ ਚੱਲੀਏ, ਮੇਰਾ ਤੁਸੀਂ ਹੀ ਸਹਾਰਾ ਹੋ, ਤੁਹਾਥੋਂ ਬਗ਼ੈਰ ਸਾਕ-ਅੰਗ, ਭਾਈ-ਭਰਾ ਕੋਈ ਨਹੀਂ ਹੈ। ਆਪ ਜੀ ਦੇ ਦਰਸ਼ਨ ਬਗ਼ੈਰ ਬਚ ਨਹੀਂ ਸਕਦਾ। ਜਿਵੇਂ ਮਛਲੀ ਪਾਣੀ ਤੋਂ ਬਗ਼ੈਰ ਨਹੀਂ ਬਚ ਸਕਦੀ।" ਫਿਰ ਹੁਕਮ ਹੋਇਆ ਸਰਮੁਖ! ਚਲੋ ਅਸੀਂ ਵੀ ਆ ਰਹੇ ਹਾਂ।

"ਹੁਕਮ ਮੰਨੇ ਹੋਵੇ ਪਰਵਾਣ ਤਾਂ ਖਸਮੈਂ ਕਾ ਮਹਿਲ ਪਾਇਸੀ॥"

ਬਾਬਾ ਜੀ ਪਿੰਡ ਰਹਿਪੇ ਚਲੇ ਗਏ ਬੇਕਰਾਰੀ, ਆਪਣੇ ਪਿਆਰੇ ਮੁਰਸ਼ਿਦ ਦੀ ਉਡੀਕ ਵਿਚ ਬੈਠ ਗਏ, ਦਿਲ ਯਕੀਨ ਨਹੀਂ ਕਰਦਾ। ਉਹ ਭਾਗਾਂ ਭਰਿਆ

ਦਿਨ ਆ ਵੀ ਜਾਏਗਾ। ਖੰਡਾਂ-ਬ੍ਰਹਿਮੰਡਾ ਦੇ ਮਾਲਿਕ, ਮਿਹਰਾਂ ਦੇ ਦਾਤਾ ਰਹਿਪੇ ਨੂੰ ਭਾਗ ਲਗਾਉਣਗੇ। ਪਿੰਡੋਂ ਲਹਿੰਦੇ ਪਾਸੇ ਬਾਬਾ ਜੀ ਇਕ ਵਾੜੇ ਵਿਚ ਵੱਖਰੀ ਕੁਟੀਆ ਬਣਾਕੇ ਰਹਿੰਦੇ ਸਨ। ਮਹਾਰਾਜ ਜੀ ਦੇ ਨਾਂ ਦਾ ਆਸਣ ਵਿਛਾ ਕੇ ਮਨ ਵਿਚ ਸੱਧਰਾਂ ਰੱਖ ਕੇ ਕੋਲ ਬੈਠ ਗਏ। ਮਨ ਹੀ ਮਨ ਬੇਨਤੀਆਂ ਕਰਨ ਲੱਗੇ, ਸਾਰੀ ਰਾਤ ਮਾਲਾ ਫੇਰਦਿਆਂ ਹੀ ਗੁਜ਼ਾਰ ਦਿੱਤੀ।

ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥

ਅੱਗੇ ਸਾਖੀ ਝਿਗੜਾਂ ਤੋਂ ਰਹਿਪੇ ਆਉਣ ਦੀ

ਬਾਬਾ ਸਰਮੁਖ ਸਿੰਘ ਨੇ ਜਦੋਂ ਪਾਤਸ਼ਾਹ ਨੂੰ ਸੱਚੇ ਦਿਲੋਂ ਯਾਦ ਕੀਤਾ ਤੇ ਅਰਦਾਸ ਕੀਤੀ ਤਾਂ ਪਾਤਸ਼ਾਹ ਮਹਾਰਾਜ ਘਟ-ਘਟ ਦੀਆਂ ਜਾਨਣ ਹਾਰਿਆਂ ਨੇ ਆਪਣੇ ਸੇਵਕਾਂ ਨੂੰ ਪੰਜ ਮੀਲ ਤੇ ਬੈਠੇ ਦੇਖਿਆ। ਸਰਮੁਖ ਸਿੰਘ ਦੀ ਬਿਹਬਲਤਾ ਤੇ ਤਰਸ ਖਾ ਕੇ ਅੱਧੀ ਰਾਤ ਈਸ਼ਰ ਸਿੰਘ ਦੀ ਹਵੇਲੀਓਂ ਨੰਗੇ ਪੈਰੀਂ ਉੱਠ ਤੁਰੇ। ਰਾਤ ਚਾਂਨਣੀ ਸੀ। ਚੰਦ ਟਹਿ-ਟਹਿ ਕਰ ਰਿਹਾ ਸੀ। ਪੋਹ ਮਾਘ ਦੇ ਦਿਨ ਸਨ। ਕੋਰਾ ਕਹਿਰ ਦਾ ਪੈ ਰਿਹਾ ਸੀ। ਛੱਪੜਾਂ ਦੇ ਪਾਣੀ ਜੰਮੇ ਹੋਏ ਸਨ। ਲੋਕ ਰਜਾਈਆਂ ਵਿਚ ਪਏ ਵੀ ਠੁਰ ਠੁਰ ਕਰਦੇ ਸਨ। ਆਪ ਪਿੰਡ ਲੜੋਏ ਵੱਲ੍ਹ ਦੀ ਹੁੰਦੇ ਹੋਏ ਸਿੱਧੇ ਸ਼ਿਕਾਰਾਂ ਉੱਪਰ ਦੀ ਰਹਿਪੇ ਦੇ ਢੱਕ ਨੂੰ ਆ ਨਿਕਲੇ। ਪਿੰਡੋਂ ਲਹਿੰਦੇ ਪਾਸੇ ਇਕ ਫਲਾਹੀਆਂ ਵਾਲੇ ਖੂਹ ਤੇ ਆਣ ਬੈਠੇ। ਪਹੁ ਫਟਣ ਵਾਲੀ ਸੀ। ਚੜ੍ਹਦੀ ਵੱਲ੍ਹ ਅਸਮਾਨ ਤੇ ਲਾਲੀ ਦਾ ਛਤਰ ਤਣਦਾ ਜਾ ਰਿਹਾ ਸੀ। ਚਿੜੀਆਂ ਚਹਿਕਣ ਲੱਗ ਪਈਆਂ। ਮੁਟਿਆਰਾਂ ਦੁੱਧ ਰਿੜਕ ਰਹੀਆਂ ਸਨ। ਕਿਤੇ ਕਿਤੇ ਬੋਲ ਬਰਾਲਾ ਹੋ ਰਿਹਾ ਸੀ। ਜ਼ਿਮੀਦਾਰ ਝੁੰਬ ਮਾਰ ਕੇ ਸਿਰ ਤੇ ਚੜਸ ਚੁੱਕੀ ਜਾ ਰਹੇ ਸਨ। ਸਰਮੁਖ ਸਿੰਘ ਦਾ ਵੱਡਾ ਭਾਈ ਗੁਰਮੁਖ ਸਿੰਘ ਫਲਾਈਆਂ ਵਾਲਾ ਖੂਹ ਚਲਾਉਣ ਦੀਆਂ ਜੋੜੀਆਂ ਲੈ ਕੇ ਪਹੁੰਚਿਆ ਤਾਂ ਅੱਗੇ ਕੀ ਦੇਖੇ ਪੰਦਰਾਂ ਸੋਲਾਂ ਸਾਲ ਦੀ ਉਮਰ ਦਾ ਤਪੱਸਵੀ ਸਾਧੂ ਰੰਗ ਗੋਰਾ ਸਰੀਰ

ਪਤਲਾ, ਨੈਣ ਨਸ਼ੀਲੇ ਤੇ ਨੱਕ ਤਿੱਖਾ ਤਲਵਾਰ ਦੀ ਧਾਰ ਵਰਗਾ ਤੇ ਬੜੀ ਤਿੱਖੀ ਨੁਹਾਰ ਵਾਲਾ, ਨੂਰ ਦੀਆਂ ਝਲਕਾਂ ਮਾਰਦਾ ਹੋਇਆ ਮੁਖੜਾ ਸੀਸ ਤੇ ਸੁਨਿਹਰੀ ਰੰਗ ਦੀਆਂ ਬਾਵਰੀਆਂ ਕੋਰੇ ਨਾਲ ਭਰੀਆਂ ਹੋਈਆਂ ਸਨ। ਤਪੱਸਵੀ ਵੀ ਚਿੱਟੇ ਲੱਠੇ ਦੀ ਚਾਦਰ ਦੀ ਬੁੱਕਲ ਮਾਰੀ ਖ਼ੂਹ ਦੀ ਮੌਣ ਤੇ ਬੈਠਾ, ਜਦੋਂ ਗੁਰਮੁਖ ਸਿੰਘ ਨੇ ਦੇਖਿਆ ਤਾਂ ਬੜਾ ਹੈਰਾਨ ਹੋਇਆ। ਇੰਨੀ ਪੈਂਦੀ ਸਰਦੀ ਵਿਚ ਇਹ ਸਾਧੂ ਬੈਠਾ ਹੈ ਕੀ ਇਹਨੂੰ ਸਰਦੀ ਨਹੀਂ ਲੱਗਦੀ? ਗੁਰਮੁਖ ਸਿੰਘ ਨੇ ਨਮਸ਼ਕਾਰ ਕੀਤੀ, ਸੇਵਾ ਵਾਸਤੇ ਬੇਨਤੀ ਕੀਤੀ, ਪਾਤਸ਼ਾਹ ਬੋਲੇ, "ਐ ਗੁਰਮੁਖਾ! ਸਾਡਾ ਸਰਮੁਖ ਨੂੰ ਸੁਨੇਹਾ ਜਾ ਦੇਹ, ਆਖਣਾ ਰਾਜਾ ਸਾਹਿਬ ਬੁਲਾ ਰਹੇ ਹਨ।" ਗੁਰਮੁਖ ਸਿੰਘ ਨੇ ਆਪਣੇ ਭਾਈ ਸਰਮੁਖ ਸਿੰਘ ਨੂੰ ਜਾ ਦੱਸਿਆ ਕਿ ਆਪਣੇ ਖ਼ੂਹ ਉਤੇ ਇਕ ਸਾਧੂ ਬੈਠੇ ਹਨ। ਦੁੱਧ ਗਰਮ ਕਰਕੇ ਲੈ ਚਲੋ, ਮੈਂ ਅੱਗ ਬਾਲ ਕੇ ਸੇਕ ਕਰ ਦੇਵਾਂਗਾ। ਸਰਦੀ ਬਹੁਤ ਹੈ।" ਬਾਬਾ ਸਰਮੁਖ ਸਿੰਘ ਜੀ ਆਖਣ ਲੱਗੇ, "ਮਹਾਰਾਜ ਜੀ ਗਰਮ ਦੁੱਧ ਨਹੀਂ ਪੀਂਦੇ, ਦਹੀਂ ਭੰਨ ਕੇ ਲੈ ਚੱਲੀਏ।" ਸਰਮੁਖ ਸਿੰਘ ਨੇ ਛੇਤੀ ਹੀ ਘਰੋਂ ਘਰੜ ਬਣਾਕੇ ਪਾਤਸ਼ਾਹ ਦੇ ਹਾਜ਼ਿਰ ਲਿਆ ਕੀਤਾ। ਗੜਵੀ ਅੱਗੇ ਧਰਕੇ ਨਮਸਕਾਰ ਕੀਤੀ, ਮਨ ਖ਼ੁਸ਼ੀ ਨਾਲ ਗਦ-ਗਦ ਹੋ ਉਠਿਆ। ਪਾਤਸ਼ਾਹ ਦੇ ਨਾਂ ਤੋਂ ਲੋਕੀ ਕਾਫ਼ੀ ਜਾਣੂੰ ਸਨ ਪਰ ਦਰਸ਼ਨ ਘੱਟ ਕੀਤੇ ਸਨ। ਕਾਫ਼ੀ ਲੋਕ ਜਿਓਂ ਜਿਓਂ ਪਤਾ ਲੱਗਦਾ, ਦਰਸ਼ਨ ਨੂੰ ਆਉਣ ਲੱਗੇ। ਜੈਸੇ ਕ੍ਰਿਸ਼ਨ ਦੀ ਬੰਸਰੀ ਦੀ ਧੁੰਨ ਸੁਣਕੇ ਬ੍ਰਿਜ ਦੇ ਨਰ-ਨਾਰੀ ਵਣ ਵੱਲ੍ਹ ਭੱਜ ਕੇ ਪੈਂਦੇ ਸਨ। ਐਸੇ ਹੀ ਪਿੰਡ ਰਹਿਪਾ ਦੀ ਸੰਗਤ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀ। ਸਭ ਦੇ ਦਿਲ ਅੰਦਰ ਖ਼ੁਸ਼ੀ ਸੀ, ਕੰਮ-ਕਾਰ ਸਭ ਲੋਕਾਂ ਨੂੰ ਭੁੱਲ ਗਏ। ਜਾਨਵਰ ਵੀ ਖ਼ੁਸ਼ੀਆਂ ਵਿਚ ਗੀਤ ਗਾ ਰਹੇ ਸਨ।

"ਮਿਠੀ ਮਿਠੀ ਵਗੇ ਪੌਣ, ਬਗਲੇ ਅਕਾਸ ਭੌਣ"
ਸੌਣ ਦੀ ਸਿਫਤ ਕੋਈ ਕਹੀ ਨਾਂਹੀ ਜਾਂਵਦੀ॥

ਕੋਈ ਦੁੱਧ ਦਹੀਂ ਤੇ ਛੁਹਾਰੇ ਆਦਿ ਲੈ ਕੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠੀ ਜਾਂਦੇ ਸਨ। ਲੰਬੜਦਾਰ ਹਰਨਾਮ ਸਿੰਘ ਦੇ ਘਰ ਵਾਲੀ ਮਾਈ ਬਸੰਤ ਕੌਰ (ਸਰਮੁਖ ਸਿੰਘ ਦੀ ਭਤੀਜ ਨੂੰਹ) ਇਸ ਨੇ ਸੋਚਿਆ ਕਿ ਸਾਰੇ ਲੋਕੀ ਕੋਈ

ਦਹੀਂ ਮੱਖਣ ਲਈ ਜਾ ਰਹੇ ਨੇ ਮੈਂ ਕੜਾਹ ਪ੍ਰਸ਼ਾਦ ਬਣਾਕੇ ਲੈ ਜਾਵਾਂ, ਘਰ ਤਾਜ਼ੀ ਮੱਝ ਸੂਈ ਹੋਈ ਸੀ। ਉਨ੍ਹਾਂ ਦਿਨਾਂ ਵਿਚ ਪਹਿਲਾਂ ਗੁਰਦੁਆਰਾ ਨਾਨਕ ਸਰ ਪਿੰਡ ਹਕੀਮਪੁਰ ਵਿਚ ਸੁੱਚੇ ਘਿਉ ਦਾ ਪਰਸ਼ਾਦ ਚੜ੍ਹਾ ਕੇ ਫਿਰ ਘਿਉ ਘਰ ਵਿਚ ਵਰਤਿਆ ਜਾਂਦਾ ਸੀ। ਬਸੰਤ ਕੌਰ ਨੇ ਰਲੀ ਤੋਂ ਘਿਉ ਲੈ ਕੇ ਪ੍ਰਸ਼ਾਦ ਬਣਾਇਆ। ਪ੍ਰਸ਼ਾਦ ਤਿਆਰ ਕਰਕੇ ਪਾਤਸ਼ਾਹ ਦੀ ਹਜ਼ੂਰੀ ਵਿਚ ਆ ਗਈ। ਪਰਸ਼ਾਦ ਮੋਹਰੇ ਰੱਖ ਕੇ ਨਮਸਕਾਰ ਕਰਕੇ ਬੈਠ ਗਈ, ਸਾਰੀ ਸੰਗਤ ਇਕ ਸੋਹਣੇ ਦਰਬਾਰ ਦੀ ਸ਼ਕਲ ਵਿਚ ਸ਼ੋਭਾ ਦੇ ਰਹੀ ਸੀ। ਇਲਾਹੀ ਮੁੱਖੜੇ ਵੱਲ੍ਹ ਤੱਕ ਰਹੇ ਸਨ, ਬੜੀ ਨੀਝ ਨਾਲ ਅੰਮ੍ਰਿਤ ਦੀਆਂ ਕਣੀਆਂ ਇਉਂ ਲੈ ਰਹੇ ਸਨ, ਜਿਵੇਂ ਪਪੀਹਾ ਸੁਆਤੀ ਬੂੰਦ ਲੈ ਕੇ ਖੀਵਾ ਹੁੰਦਾ ਹੈ। ਸੱਚੇ ਸਾਹਿਬਾਂ ਨੇ ਮਿਹਰਾਂ ਭਰੀਆਂ ਨਜ਼ਰਾਂ ਨਾਲ ਸਾਰੀ ਸੰਗਤ ਵੱਲ੍ਹ ਡਿੱਠਾ। ਬਸੰਤ ਕੌਰ ਨੰਬਰਦਾਰਨੀ ਵੱਲ੍ਹ ਇਸ਼ਾਰਾ ਕਰਕੇ ਆਖਿਆ, "ਨਾਨਕਸਰ ਵੀ ਰਾਜਾ ਨੇ ਹੀ ਆਬਾਦ ਕੀਤਾ, ਅੰਮ੍ਰਿਤਸਰ ਦੀ ਨੀਂਹ ਵੀ ਰਾਜੇ ਨੇ ਹੀ ਰੱਖੀ ਸੀ। ਸਰਮੁਖ ਜਿੰਨੇ ਅਵਤਾਰ ਹੋਏ ਹਨ, ਉਹ ਮੈਂ ਹੀ ਆਉਂਦਾ ਰਿਹਾ ਹਾਂ। ਬਸੰਤ ਕੌਰ ਨੇ ਸਾਨੂੰ ਲਾਗੀਆਂ ਨਾਲ ਰਲਾ ਦਿੱਤਾ। ਸਾਡੇ ਪ੍ਰਸ਼ਾਦ ਵਿਚ ਘਿਉ ਝੀਰਾਂ ਦਿਉਂ ਲਿਆ ਕੇ ਪਾਉਣਾ ਸੀ?" ਜਦੋਂ ਇੰਨੀ ਰਮਜ਼ ਮਾਰੀ ਬਸੰਤ ਕੌਰ ਥਰ-ਥਰ ਕੰਬਣ ਲੱਗੀ। "ਸੱਚੇ ਪਾਤਸ਼ਾਹੋ! ਮੈਂ ਭੁੱਲ ਗਈ ਹਾਂ, ਬਖ਼ਸ਼ ਲਓ, ਮੈਂ ਭੁੱਲ ਗਈ ਹਾਂ।" ਬਸੰਤ ਕੌਰ ਨੇ ਸਾਰੀ ਗੱਲ ਖੋਹਲ ਕੇ ਦੱਸ ਦਿੱਤੀ ਪਈ ਮੈਂ ਰਲੀ ਝੀਰੀ ਦੇ ਘਰੋਂ ਘਿਓ ਲੈ ਕੇ ਪ੍ਰਸ਼ਾਦ ਬਣਾਕੇ ਲੈ ਆਂਦਾ ਸੀ, ਘਰੋਂ ਸੁੱਚਾ ਸਮਝ ਕੇ ਨਹੀਂ ਸੀ ਪਾਇਆ। ਜੋ ਆਇਆ ਪ੍ਰਸ਼ਾਦ ਸੀ ਉਹ ਸਾਰੀ ਸੰਗਤ ਵਿਚ ਵਰਤਾਅ ਦੇਣ ਦਾ ਹੁਕਮ ਕੀਤਾ, ਬਾਬਾ ਸਰਮੁਖ ਸਿੰਘ ਨੂੰ ਪ੍ਰਸ਼ਾਦ ਵਰਤਾਉਣ ਲਈ ਆਖਿਆ। ਪ੍ਰਸ਼ਾਦ ਵਰਤਾਅ ਕੇ, ਮਹਾਰਾਜ ਜੀ ਆਖਣ ਲੱਗੇ, "ਸਰਮੁਖ ਸਿੰਘ! ਚਲੋ ਚੱਲੀਏ ਸਾਡੇ ਵਾਸਤੇ ਜਿਹੜਾ ਬਿਸਤਰਾ ਕੀਤਾ ਹੋਇਆ ਹੈ; ਉਸ ਉਤੇ ਜਾ ਕੇ ਕੁੱਝ ਚਿਰ ਆਰਾਮ ਕਰੀਏ।" ਪਿੰਡੋਂ ਚੱਲ ਕੇ ਝਾਰੀ ਵਾਲੇ ਖੂਹ ਉਤੇ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਸਰਮੁਖ ਸਿੰਘ ਜੀ ਦੀ ਕੋਠੜੀ ਭੰਨਿਆ ਹੋਇਆ ਦਹੀਂ ਛਕਿਆ ਤੇ ਆਰਾਮ ਕੀਤਾ। ਸੰਗਤ ਨੂੰ ਛੁੱਟੀਆਂ ਬਖਸ਼ੀਆਂ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਹਾਕਮ ਸ਼ਾਹ ਨਾਲ ਗੋਸ਼ਟ ਦੀ ਹੋਈ

ਮਹਾਰਾਜ ਜੀ ਹੁਣ ਪਿੰਡ ਰਹਿਪਾ ਵਿਖੇ ਰਹਿਣ ਲੱਗੇ। ਕਦੇ ਦਰਿਆ ਸਤਲੁਜ ਦੇ ਕਿਨਾਰੇ ਚਲੇ ਜਾਣਾ, ਜ਼ਿਆਦਾ ਬਾਹਰ ਖੇਤਾਂ ਵਿਚ ਹੀ ਰਹਿੰਦੇ ਸਨ, ਜਦੋਂ ਆਰਾਮ ਕਰਨਾ ਹੋਵੇ ਤਾਂ ਬਾਬੇ ਸਰਮੁਖ ਸਿੰਘ ਕੋਲ ਆ ਕੇ ਬਿਰਾਜ ਜਾਣਾ। ਸ਼ਰਦਾਈ ਅਤੇ ਪ੍ਰਸ਼ਾਦ ਛਕਾਉਣ ਦੀ ਡਿਊਟੀ ਵੀ ਸਰਮੁਖ ਸਿੰਘ ਦੀ ਹੁੰਦੀ ਸੀ, ਜਿੱਧਰ ਵੀ ਮਹਾਰਾਜ ਚਲੇ ਜਾਣ, ਡੱਬੇ ਵਿਚ ਬੰਦ ਕਰਕੇ ਪ੍ਰਸ਼ਾਦ ਲੈ ਜਾਣਾ ਤੇ ਛਕਾ ਆਉਣਾ। ਇਸ਼ਨਾਨ ਕਰਾਉਣ ਦੀ ਸੇਵਾ ਛੱਜੂ ਝੀਰ ਕਰਦਾ ਸੀ। ਮੀਹਾਂ ਸਿੰਘ ਤੇ ਹਰੀ ਸਿੰਘ ਵੀ ਸੇਵਾ ਦਾ ਹਿੱਸਾ ਕਾਫ਼ੀ ਲੈਂਦੇ ਸਨ। ਮਹਾਰਾਜ ਦੇ ਰਹਿਪੇ ਰਹਿਣ ਦੀ ਖ਼ਬਰ ਸਾਰੇ ਪਿੰਡਾਂ ਵਿਚ ਫੈਲ ਗਈ। ਕਾਫ਼ੀ ਸੰਗਤ ਦੀ ਅਵਾਜਾਈ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਇਕ ਕੁੱਲਾ ਮਹਾਰਾਜ ਜੀ ਦੇ ਰਹਿਣ ਵਾਸਤੇ ਪਿੰਡ ਬੱਲੋਵਾਲ ਦੇ ਪਾਸੇ ਬਣਾ ਦਿੱਤਾ। ਪਿੰਡ ਰਹਿਪੇ ਦੇ ਲੋਕੀਂ ਮਹਾਰਾਜ ਜੀ ਤੇ ਰੱਬ ਵਰਗੀ ਸ਼ਰਧਾ ਰੱਖਦੇ ਸਨ। ਕੋਈ ਹੁਕਮ ਨਹੀਂ ਸੀ ਮੋੜਦਾ ਕਈ ਵਾਰੀ ਸੁਤੇ-ਸਿਧ ਹੀ ਬੈਠਿਆਂ-ਬੈਠਿਆਂ ਆਉਣ ਵਾਲੀਆਂ ਭਵਿੱਖਤ ਗੱਲਾਂ ਆਖ ਦਿੰਦੇ ਸਨ। ਪਿੰਡ ਰਹਿਪਾ ਵਿਖੇ ਇਕ ਪ੍ਰਤਾਪ ਸਿੰਘ ਖਾਲਸਾ ਬਰਾਦਰ ਸੀ। ਪ੍ਰਤਾਪ ਸਿੰਘ ਦੀ ਸ਼ਾਦੀ ਹੋਈ, ਘਰ ਵਾਲੀ ਮਰ ਗਈ ਤੇ ਦੂਜੀ ਸ਼ਾਦੀ ਹੋਰ ਕਰਵਾਈ। ਉਸਦੇ ਪੇਟੋਂ ਇਕ ਲੜਕਾ ਜਨਮਿਆਂ ਇਕ ਸਾਲ ਦਾ ਹੋ ਕੇ ਮਰ ਗਿਆ। ਬੱਚੇ ਦੇ ਅਫ਼ਸੋਸ ਵਿਚ ਕਾਫ਼ੀ ਬੰਦੇ ਇਕੱਠੇ ਹੋ ਕੇ ਬੈਠੇ ਸਨ। ਮਹਾਰਾਜ ਜੀ ਬਾਹਰੋਂ ਆਏ,ਸਭ ਨੇ ਉੱਠ ਨੇ ਨਮਸਕਾਰ ਕੀਤੀ, ਆਪ ਨੇ ਪੁੱਛਿਆ "ਕੀ ਗੱਲ ਹੈ ਕੈਸੇ ਬੈਠੇ ਹੋ?" ਸਰਮੁਖ ਸਿੰਘ ਨੇ ਦੱਸਿਆ ਕਿ ਪ੍ਰਤਾਪ ਸਿੰਘ ਦਾ ਲੜਕਾ ਸੁਰਗਵਾਸ ਹੋ ਗਿਆ। ਪ੍ਰਤਾਪ ਸਿੰਘ ਰੋਣ ਲੱਗਾ, ਤੇ ਮਹਾਰਾਜ ਕਹਿੰਦੇ, "ਪ੍ਰਤਾਪਾ! ਰੋਈ ਦਾ ਨਹੀਂ, ਹੋਰ ਬਹੁਤ ਪੁੱਤਰ ਹੋਣਗੇ, ਫਿਰ ਕਹੇਂਗਾ, ਸੌਹਰੇ ਮਰਦੇ ਨਹੀਂ ਦੁਖ ਦਿੰਦੇ ਹਨ।" ਪ੍ਰਤਾਪ ਸਿੰਘ ਨੂੰ ਧੀਰਜ ਦੇ ਕੇ ਆਪ ਕੋਠੜੀ ਚਲੇ ਗਏ। ਆਪ ਜੀ ਦਾ ਹੁਕਮ ਸੱਤ ਹੋਇਆ। ਨੌਂ ਲੜਕੇ ਕੁੱਝ ਲੜਕੀਆਂ ਵੀ ਹੋਈਆਂ, ਇੰਨੇ ਲੜਕੇ ਤੇ ਲੜਕੀਆਂ ਤੇ ਨੂੰਹਾਂ ਦਾ ਬਾਪੂ ਰੋਟੀ ਆਪ ਪਕਾ ਕੇ ਖਾਂਦਾ ਰਿਹਾ। ਘਰ ਵਾਲੀ ਅੱਡ ਪਕਾ

ਕੇ ਖਾਂਦੀ ਰਹੀ ਤੇ ਪ੍ਰਤਾਪ ਸਿਘ ਅੱਡ। ਇਹ ਸਭ ਗੱਲਾਂ ਅੱਖੀਂ ਦੇਖੀਆਂ ਹਨ। ਮਹਾਰਾਜ ਦੀ ਕੀਰਤੀ ਦੁਨੀਆਂ ਵਿਚ ਕਾਫ਼ੀ ਵਧ ਗਈ। ਛੋਟੀ ਉਮਰ ਦੇ ਸਾਧੂ ਦਾ ਦੁਨੀਆਂ ਨਾਲੋਂ ਨੂਰ ਅਨੋਖਾ ਹੀ ਝਲਕਾਂ ਮਾਰਦਾ ਏ, ਦੂਜੀ ਕਰਾਮਾਤ ਦੁਨੀਆਂ ਨੂੰ ਚਮਕ ਪੱਥਰ ਦੀ ਤਰਾਂ ਖਿਚਾਂ ਪਾਉਂਦੀ ਹੈ, ਤੀਜਾ ਰੂਪ ਸਾਧੂਆਂ ਵਾਲਾ ਧਾਰਨ ਕੀਤਾ ਹੋਇਆ ਹੈ, ਚੌਥੇ ਮੀਰੀ ਪੀਰੀ ਵੀ ਪੂਰੀ ਹੈ, ਹੁਕਮ ਅਟੱਲ ਹੈ।

ਨੂਰ ਦਾ ਬੰਹਰ ਅੱਠ ਪੰਹਰ ਹੀ ਵਗਦਾ ਹੈ ਲੰਹਰ ਨਾ ਜਾਂਮੇ ਭਾਮੇਂ ਲੰਹਰ ਨਿਆਰੀ ਹੈ॥

ਜ਼ਨਾਨੀ ਨੂੰ ਨੇੜੇ ਨਹੀਂ ਛੋਹਣ ਦਿੰਦੇ। ਹਾਕਮ ਸ਼ਾਹ ਪਿੰਡ ਕਰਿਆਮ ਵਿਖੇ ਰਹਿੰਦਾ ਸੀ, ਚੰਗੀ ਪਹੁੰਚ ਵਾਲਾ ਫ਼ਕੀਰ ਮੁਸਲਮਾਨ ਸੀ। ਕਾਫ਼ੀ ਸਿੱਖੀ ਸੇਵਕੀ ਬਣੀ ਹੋਈ ਸੀ, ਹਾਕਮ ਸ਼ਾਹ ਦੀ ਕਬਰ ਹੁਣ ਵੀ ਪਿੰਡ ਕਰਿਆਮ ਵਿਚ ਹੈ ਕਾਫ਼ੀ ਮੁਸਲਮਾਨਾਂ ਦੀ ਉਮਤ (ਕੌਮ) ਵਿਚ ਮੰਨੇ ਪੂਜੇ ਜਾਂਦੇ ਸੀ। ਇਨ੍ਹਾਂ ਦੇ ਸੇਵਕ ਪਿੰਡ ਰਹਿਪੇ ਵਿਖੇ ਵੀ ਰਹਿੰਦੇ ਸੀ, ਗੁੱਜਰਾਂ ਦੇ ਘਰ ਆਉਣਾ ਜਾਣਾ ਕਾਫ਼ੀ ਸੀ। ਇਕ ਦਿਨ ਹਾਕਮ ਸ਼ਾਹ ਪਿੰਡ ਰਹਿਪੇ ਤਕੀਏ ਵਿਚ ਬੈਠੇ ਸੀ, ਕਾਫ਼ੀ ਹਜੂਮ ਇਕੱਠਾ ਹੋਇਆ ਸੀ। ਕਵਾਲੀ ਗਾ ਹੋ ਰਹੀ ਸੀ, ਕੱਵਾਲ ਚੰਗੇ ਸੁਲਝੇ ਹੋਏ ਕਲਾਕਾਰ ਸਨ। ੪ਵਜੇ ਦਿਨ ਦਾ ਸਮੇਂ ਸੀ ਮਹਾਰਾਜ ਜੀ ਕਈ ਦਿਨਾਂ ਬਾਅਦ ਦਰਿਆ ਵਲ੍ਹੋਂ ਆਏ। ਜਦੋਂ ਪਿੰਡ ਆਏ ਤਾਂ ਮਸਤ ਜਿਹੀ ਚਾਲ ਨਾਲ ਕਵਾਲੀਆਂ ਸੁਣ ਕੇ ਮਸਤ ਜਿਹੇ ਹੋ ਗਏ, ਚੁੰਗੀਆਂ ਭਰਨ ਲੱਗੇ। ਇਤਨਾ ਮਹਾਰਾਜ ਜੀ ਨੂੰ ਹਾਲ ਚੜ੍ਹਿਆ ਕਿ ਟਪੂਸੀ ਮਾਰ ਕੇ ਪਿਪਲ ਦਿਆਂ ਪੱਤਿਆਂ ਨੂੰ ਹੱਥ ਜਾ ਲਾਉਣ, ਸਾਰੇ ਲੋਕ ਮਹਾਰਾਜ ਜੀ ਵੱਲ੍ਹ ਦੇਖਣ ਲੱਗੇ। ਚਿਹਰੇ ਤੇ ਬਹੁਤ ਜਲਾਲ ਸੀ। ਹਾਕਮ ਸ਼ਾਹ ਈਰਖਾ ਦੀ ਅੱਗ ਨਾਲ ਸੜ ਉਠਿਆ। ਆਪਣੇ ਆਪ ਨੂੰ ਬਹੁਤ ਉੱਚ ਕੋਟੀ ਦਾ ਸਾਧੂ ਸਮਝ ਬੈਠਾ ਸੀ। ਉੱਠ ਕੇ ਕਰੋਧ ਨਾਲ ਬੋਲਿਆ, "ਖਿਚ ਲਵਾਂ ਜੋ ਕੁੱਝ ਤੇਰੇ ਵਿਚ ਹੈ?" ਨਾਲੇ ਤਿੰਨ ਲਕੀਰਾਂ ਕੱਢੀਆਂ, ਕਹਿੰਦਾ ਇਹ ਲਕੀਰਾਂ ਟੱਪ ਕੇ ਦੱਸ ਜੇ ਤੇਰੇ ਵਿਚ ਸ਼ਕਤੀ ਹੈ। ਮਹਾਰਾਜ ਜੀ ਤਿੰਨੇ ਲਕੀਰਾਂ ਟੱਪ ਗਏ ਸਾਈਂ ਦੇ ਦਿਲ ਵਿਚ ਇਕ ਅੱਗ ਦਾ ਚੰਗਿਆੜਾ ਬੜੀ ਦੇਰ ਤੋਂ ਧੁਖਦਾ ਸੀ, ਉਸ ਮਹਾਂਬਲੀ ਸਮੁੰਦਰ ਵਰਗੀ ਹਸਤੀ ਦਾ ਡੂੰਘਾਈ ਤੇ ਚੌੜਾਈ ਦਾ ਅਨੁਮਾਨ ਨਹੀਂ ਲਾ ਸਕਦਾ ਸੀ। ਇੰਨੇ

ਭਾਰੇ ਅਸਗਾਹ ਨੂੰ ਇਕ ਅੱਗ ਦਾ ਚੰਗਿਆੜਾ ਕੀ ਕਰ ਸਕਦਾ ਸੀ। ਮਹਾਰਾਜ ਜੀ ਸੁਮੇਰ ਪ੍ਰਬਤ ਵਾਂਗ ਅਡੋਲ, ਆਪਣੇ ਉਸ ਭਾਰ ਤੇ ਹੀ ਲੱਗੇ ਜਾ ਰਹੇ ਸਨ, ਜਦੋਂ ਸਾਈਂ ਬਹੁਤ ਘਬਰਾਇਆ। ਮਹਾਰਾਜ ਜੀ ਨੇ ਆਖਿਆ, "ਸਾਈਂ ਜੀ! ਜੇ ਸਾਡਾ ਦਿਲ ਕਰੇ ਤਾਂ ਨਿੰਬੂ ਵਾਂਗ ਨਿਚੋੜ ਸੁੱਟੀਏ। ਪਰ ਇਸ ਗੱਲ ਤੋਂ ਅਸੀਂ ਲੈਣਾ ਕੀ ਹੈ?" ਫਿਰ ਆਪ ਜੀ ਨੇ ਆਖਿਆ, "ਸਾਈਂ ਜੀ! ਆਹ ਜੋ ਕੀੜੀਆਂ ਦਾ ਭੌਣ ਹੈ, ਇਹ ਤੁਹਾਡੇ ਤਕੀਏ ਅੰਦਰ ਹੈ, ਇਹ ਖ਼ੁਦਾ ਦੀ ਉਮਤ ਹੈ। ਇਸ ਨੂੰ ਅਸੀਂ ਲੈ ਚੱਲੇ ਹਾਂ। ਇਹ ਜੀਵ ਖ਼ੁਦਾ ਦੀ ਰਜ਼ਾ ਵਿਚ ਹੈ ਤਾਂ ਇਨ੍ਹਾਂ ਨੂੰ ਮੋੜ ਕੇ ਦੱਸ।" ਇੰਨਾ ਹੀ ਬਚਨ ਕਰਕੇ ਪਤਾ ਨਹੀਂ ਕੀ ਆਖ ਗਏ? ਆਪ ਤਕੀਏ ਤੋਂ ਬਾਹਰ ਚਲੇ ਗਏ। ਵੀਹ ਪੱਚੀ ਕਦਮਾਂ ਤੇ ਬਾਬਾ ਜੀ ਦੀ ਕੁਟੀਆ ਸੀ ਵਿਚਾਲੇ ਇਕ ਰਾਹ 'ਤੇ ਖ਼ੂਹ ਦੀ ਪੈੜ ਸੀ। ਤਕੀਏ ਦੇ ਥਾਂ ਹੁਣ ਸਕੂਲ ਬਣਿਆ ਹੋਇਆ ਹੈ। ਪਿੰਡਾਂ ਵੱਲ੍ਹ ਦੇ ਪਾਸੇ ਬਾਬਾ ਜੀ ਦੀ ਕੁਟੀਆ ਸੀ, ਮਹਾਰਾਜ ਜੀ ਕੋਠੜੀ ਅੰਦਰ ਜਾ ਕੇ ਬੈਠ ਗਏ। ਕੀੜੀਆਂ ਦਾ ਭੌਣ ਮਹਾਰਾਜ ਵੱਲ੍ਹ ਇਸ ਤਰਾਂ ਜਾ ਰਿਹਾ ਸੀ ਜਿਵੇਂ ਸਿਜਦਾ ਕਰਕੇ ਵਾਪਿਸ ਮੁੜਦੇ ਜਾ ਰਹੇ ਸਨ। ਕਾਫ਼ੀ ਲੋਕ ਵੀ ਮਹਿਫ਼ਲ ਵਿਚੋਂ ਉੱਠਕੇ ਮਹਾਰਾਜ ਕੋਲ ਚਲੇ ਗਏ।

ਕੁਝ ਚਿਰ ਬਾਅਦ ਖੰਭਾਂ ਵਾਲੇ ਕੀੜੇ ਤਕੀਏ ਵਿਚੋਂ ਨਿਕਲ ਪਏ ਜਿੱਥੇ ਹਾਕਮ ਸ਼ਾਹ ਬੈਠਾ ਸੀ। ਲੱਗੇ ਕੀੜੇ ਕੰਨ ਤੋੜ ਕੇ ਖਾਣ। ਸਾਰੇ ਤਕੀਏ ਅੰਦਰ ਕੀੜੇ ਹੀ ਕੀੜੇ ਫਿਰਨ ਲੱਗੇ। ਆਖ਼ਿਰ ਤਕੀਏ ਵਿਚੋਂ ਉੱਠਣਾ ਹੀ ਪਿਆ। ਚਾਰ ਮੁਰੀਦ ਵੀ ਸਾਈਂ ਦੇ ਨਾਲ ਸਨ। ਉਹ ਕਹਿਣ ਲੱਗੇ ਚਲੋ ਰਾਜਾ ਸਾਹਿਬ ਦੀ ਮਿੰਨਤ ਜਾ ਕਰੀਏ।" ਹਾਕਮ ਸ਼ਾਹ ਮਾਰਿਆ ਸ਼ਰਮ ਦਾ ਮੁਆਫੀ ਮੰਗਣ ਤੋਂ ਵੀ ਝਿਜਕਦਾ ਸੀ ਕਿ, "ਮੇਰੀ ਉਮਰ ੬੦ ਸਾਲ ਦੀ ਮੈਂ ਇਕ ਛੋਟੇ ਜਿਹੇ ਬਾਲਕ ਕੋਲੋਂ ਮੁਆਫੀ ਕਿਵੇਂ ਮੰਗਾਂ? ਇਥੋਂ ਉੱਠ ਕੇ ਚਲੇ ਜਾਣਾ ਹੀ ਬਿਹਤਰ ਹੈ।" ਝਟਪਟ ਬੋਰੀ ਬਿਸਤਰਾ ਚੁੱਕ ਕੇ ਤਕੀਏ ਤੋਂ ਬਾਹਰ ਹੋ ਗਿਆ। ਭੁੱਲੀ ਗੁਜਰੀ ਦੇ ਘਰ ਰਾਤ ਗੁਜ਼ਾਰੀ। ਸਵੇਰੇ ਤੁਰਨ ਲਗਿਆਂ ਹਾਕਮ ਸ਼ਾਹ ਨੇ ਸੋਚਿਆ ਕਿ ਰਾਜਾ ਸਾਹਿਬ ਨਾਲ ਮੱਲੋ-ਮੱਲੀ ਵੈਰ ਕੀਤਾ। ਕੀੜੇ ਹਾਲੇ ਵੀ ਮੇਰਾ ਪਿੱਛਾ ਨਹੀਂ ਛੱਡਦੇ। ਫ਼ਕੀਰ ਦੀ ਵਗੀ ਨੂੰ ਖ਼ੁਦਾ ਵੀ ਨਹੀਂ ਮੋੜਦਾ। ਕਿਤੇ ਮਾਰਿਆ ਹੀ ਨਾ ਜਾਵਾਂ, ਨਾ ਹੋਵੇ ਤਾਂ ਸੁਲ੍ਹਾ ਹੀ ਕਰ ਲੈਣੀ ਬਿਹਤਰ ਹੈ। ਨਹੀਂ

ਤੇ ਸਾਰੀ ਜ਼ਿੰਦਗੀ ਬੇਚੈਨ ਹੀ ਰਹਾਂਗਾ। ਹਾਕਮ ਸ਼ਾਹ ਮਹਾਰਾਜ ਜੀ ਪਾਸ ਗਏ ਆ ਕੇ ਚਰਨ ਫੜਨ ਨੂੰ ਦੌੜਿਆ। ਆਪ ਜੀ ਨੇ ਉੱਠ ਕੇ ਹੱਥ ਫੜ ਲਏ। ਮਹਾਰਾਜ ਨੇ ਆਖਿਆ, "ਸਾਈਂ ਜੀ ਬੈਠੋ! ਤੁਸੀਂ ਤਾਂ ਸਿਆਣੇ ਬਜ਼ੁਰਗ ਹੋ! ਘਬਰਾਈਦਾ ਨਹੀਂ। ਤੁਹਾਡੀ ਤਾਂ ਛਾਵੇਂ ਬੈਠ ਕੇ ਖੁਦਾ ਦੀ ਰਿਆਇਆ ਨੂੰ ਸੀਤਲਤਾ ਮਿਲਣੀ ਚਾਹੀਦੀ ਹੈ। ਹਾਂ! ਸਰਦਾਈ ਛਕਿਆ ਕਰੋ। ਕਰਾਮਾਤ ਤਾਂ ਕਹਿਰ ਦਾ ਨਾਮ ਹੈ। ਦੁਨੀਆਂ ਦਾ ਭਲਾ ਕਰਨਾ ਹੀ ਸਾਧੂ ਦਾ ਧਰਮ ਹੈ, ਖ਼ੁਦਾ ਦੀ ਰਜ਼ਾ ਵਿਚ ਚੱਲਣਾ ਇਹੋ ਹੀ ਖੁਦਾਈ ਮਿਹਰ ਹੈ।" ਮਹਾਰਾਜ ਨੇ ਬਾਬੇ ਸੁਰਮੁਖ ਸਿੰਘ ਨੂੰ ਆਖਿਆ ਸਾਈਂ ਨੂੰ ਪਰਸ਼ਾਦਾ ਛਕਾਉ। ਹਾਕਮ ਸ਼ਾਹ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮੇਰਾ ਆਪ ਅੱਗੇ ਉਜ਼ਰ ਤਾਂ ਕੋਈ ਨਹੀਂ, ਮੈਂ ਆਪ ਦੀ ਗਤੀ ਨੂੰ ਨਹੀਂ ਸਾਂ ਜਾਣਦਾ, ਤੁਸੀਂ ਤਾਂ ਖੁਦਾ ਦਾ ਹੀ ਰੂਪ ਹੋ, ਬੰਦੇ ਦੀ ਸੂਰਤ ਵਿਚ ਸੰਸਾਰ ਦਾ ਉਦਾਰ ਕਰਨ ਆਏ ਹੋ। ਤੇਰੇ ਵਿਚ ਤੇ ਖੁਦਾ ਵਿਚ ਕੋਈ ਭੇਦ ਨਹੀਂ। ਤੂੰ ਤੇ ਜਨਕ ਰਾਜਾ ਅਵਤਾਰ ਹੈਂ। ਤੇਰੀ ਮਹਿਮਾ ਅਪਰ-ਅਪਾਰ, ਗੁਸਤਾਖ਼ੀ ਮੁਆਫ਼ ਕਰਨੀ, ਮੈਂ ਆਪਦੇ ਸਾਹਮਣੇ ਕਈ ਉੱਚੇ ਨੀਵੇਂ ਬਚਨ ਆਖੇ ਹਨ, ਮੁਆਫੀ ਦੇ ਦੇਣੀ, ਰੁਖ਼ਸਤ ਦਿਉ।" ਮਹਾਰਾਜ ਜੀ ਨੇ ਪਤਿਆਂ ਦੇ ਨਾਲ ਜਾਣ ਦਾ ਹੁਕਮ ਦਿੱਤਾ, "ਜਾਓ, ਜਿੱਥੇ ਮਰਜੀ ਰਹੋ।" ਹਾਕਮ ਸ਼ਾਹ ਉੱਠ ਕੇ ਗੁੱਜਰਾਂ ਦੇ ਘਰ ਗਏ, ਜਿਸ ਤਰਾਂ ਕੋਈ ਵਪਾਰੀ ਘਾਟੇ ਦਾ ਮਾਰਿਆ ਹੋਇਆ ਹੋਵੇ ਚੁਪ ਚੁਪੀਤੇ ਨੇ ਰਾਤ ਗੁੱਜਰਾਂ ਦੇ ਘਰ ਕੱਟੀ। ਸੁਬ੍ਹਾ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਹੀ ਟਿੰਡ ਫਹੁੜੀ ਚੁਕ ਕੇ ਕਰਿਆਮ ਦਾ ਰਾਹ ਫੜਿਆ। ਫਿਰ ਕਦੇ ਰਹਿਪੇ ਦਾ ਰਾਹ ਨਹੀਂ ਦੇਖਿਆ। ਸਾਰੀ ਆਯੂ ਭੋਗ ਕੇ ਪਿੰਡ ਕਰਿਆਮ ਵਿਚ ਹੀ ਸਮਾ ਗਏ ਸੀ। ਮਹਾਰਾਜ ਦੀ ਕੀਰਤੀ ਹੋਰ ਵੀ ਵਧ ਗਈ। *ਬੋਲੋ ਭਾਈ ਵਾਹਿਗੁਰੂ॥*

ਸਾਖੀ ਸੰਤਾਂ ਨਾਲ ਹੋਈ

ਮਹਾਰਾਜ ਜੀ ਨੂੰ ਰਹਿਪੇ ਰਹਿੰਦਿਆਂ ਅੱਠ ਮਹੀਨੇ ਹੋ ਗਏ। ਜੇਠ ਹਾੜ੍ਹ ਦੇ ਦਿਨ ਬੀਤ ਗਏ, ਚੁਮਾਸੇ ਦੇ ਦਿਨ ਗਏ। ਦੋ ਮਹੀਨੇ ਮਹਾਰਾਜ ਜੀ ਪਿੰਡ

ਤੋਂ ਚੜ੍ਹਦੀ ਵੱਲ੍ਹ ਸਰਕੂਲਾਂ ਵਾਲੇ ਖ੍ਰੂਹ ਤੇ ਹੀ ਰਹੇ। ਸੰਤ ਗੰਗਾ ਦਾਸ ਮਹਿਰਮਪੁਰ ਵਾਲੇ (ਜਦੋਂ ਮਹਾਰਾਜ ਜੀ ਇਨ੍ਹਾਂ ਦੀ ਜਮਾਤ ਨੂੰ ਛੱਡਕੇ ਝਿਗੜੀਂ ਆ ਗਏ) ਝਿਗੜਾਂ ਤੋਂ ਰਹਿਪੇ ਆ ਗਏ। ਮਹੰਤ ਗੰਗਾ ਦਾਸ ਦੇ ਦਿਲ ਵਿਚ ਬੜੀ ਉਦਾਸੀ ਰਹਿਣ ਲੱਗੀ। ਗੰਗਾ ਦਾਸ ਦੇ ਡੇਰੇ ਦੀਆਂ ਰੌਣਕਾਂ ਮੁਰਝਾ ਗਈਆਂ।

ਨੀਰ ਬਿਨਾਂ ਨਾਹਿ ਸੋਭ ਸਰੋਵਰ ਰੰਗ ਬਿਨਾਂ ਨਾਹਿ ਅੰਗ ਸੁਖਾਨੀ।
ਪ੍ਰੇਮ ਬਿਨਾ ਨਾਹਿ ਮਾਨਸ ਸੋਭਤ ਤਰਕਸ ਨਾ ਬਿਨ ਤੀਰ ਸੁਹਾਨੀ॥
ਪੁਸਪੌਂ ਕੀ ਪੰਕਤ ਕਹੁ ਕਬ ਸੋਭਤ ਜੌਂ ਬਿਚ ਰੀਧ ਨਾਂਹੀ ਮਧਰਾਨੀ।
ਦਾਸ ਭਗਵਾਨ ਨਦਾਨ ਸਹੀ ਐਸੇ ਬੋਧ ਬਿਨਾਂ ਨਾਹਿ ਸੋਭ ਪ੍ਰਾਨੀ॥

ਚੰਦ ਤੋਂ ਬਿਨਾਂ ਜੈਸੇ ਰਾਤ ਡਰਾਉਣੀ ਲਗਦੀ ਹੈ ਜਿਵੇਂ, ਤਿਵੇਂ ਹੀ ਗੰਗਾ ਦਾਸ ਦੇ ਡੇਰੇ ਦੀਆਂ ਰੌਣਕਾਂ ਦੇ ਦੀਵੇ ਬੁਝੇ ਹੋਏ ਸਨ। ਗੰਗਾ ਦਾਸ ਜੀ ਨੂੰ ਵਿਛੋੜੇ ਦਾ ਦੁਖ ਹਰ ਦਮ ਸਾੜ ਰਿਹਾ ਸੀ। ਗੋਗੜ ਸੁੱਕਦੀ ਜਾ ਰਹੀ ਸੀ, ਨਿੰਮੋਝੂਣਾਂ ਹੋ ਕੇ ਬੈਠਾ ਰਹਿੰਦਾ ਸੀ। ਇਕ ਦਿਨ ਆਪਣੇ ਸਾਰਿਆਂ ਚੇਲਿਆਂ ਨੂੰ ਇਕੱਠਿਆਂ ਕਰਕੇ ਆਖਣ ਲੱਗਾ, "ਕੋਈ ਐਸੀ ਤਦਬੀਰ ਕਰੋ, ਕੋਈ ਐਸਾ ਪਰੇਮ ਦਾ ਜਾਦੂ ਮਾਰੋ, ਕੋਈ ਰਾਜਾ ਸਾਹਿਬ ਜੀ ਨੂੰ ਆਪਣੇ ਡੇਰੇ ਵਿਚ ਲੈ ਆਉ, ਫਿਰ ਆਪਾਂ ਐਸਾ ਪਰੇਮ ਦਾ ਜਾਲ ਪਾਵਾਂਗੇ ਕਦੇ ਜਾਣ ਨਹੀਂ ਦਿਆਂਗੇ। ਭਾਈ ਜਵਾਹਰ ਸਿੰਘ ਜੀ ਤੋਂ ਇਹ ਕੰਮ ਚੋਰੀ ਕਰਨਾ। ਭਾਈ ਜਵਾਹਰ ਸਿੰਘ ਬੜਾ ਭਾਰੀ ਮਹਾਂਪੁਰਸ਼ ਹੈ, ਤ੍ਰਿਕਾਲ ਦਰਸ਼ੀ, ਭਗਤ, ਬਲੀ ਹੈ। ਫ਼ਕੀਰ ਦੇ ਤੇ ਹਾਕਮ ਦੇ ਮੋਹਰੇ ਦੀ ਲੰਘਣਾ ਹੋਵੇ ਭਾਂ ਨਿਮਰਤਾ ਦੇ ਨਾਲ ਲੰਘਣਾ ਚਾਹੀਦਾ ਹੈ।" ਗੰਗਾ ਦਾਸ ਜੀ ਦੇ ਚੇਲੇ ਚੰਗੀ ਰਾਜਨੀਤਕ ਵਿੱਦਿਆ ਤੋਂ ਜਾਣੂ ਸਨ। ਗੰਗਾ ਦਾਸ ਜੀ ਤੋਂ ਇਜਾਜ਼ਤ ਲੈ ਕੇ ਸੀ.ਆਈ.ਡੀ. ਦਾ ਸਬਕ ਪੜ੍ਹਕੇ ਪਿੰਡ ਮਹਿਰਮ ਪੁਰ ਤੋਂ ਚੱਲ ਪਏ। ਪਿੰਡ ਝਿਗੜੀਂ ਆਪਣੇ ਗੁਰਭਾਈ ਬੂਟਾ ਸਿੰਘ ਦੇ ਪਾਸ ਪਹੁੰਚ ਗਏ। ਬੂਟਾ ਸਿੰਘ ਨੂੰ ਸਾਰੀ ਗੱਲ ਖੋਹਲ ਕੇ ਦੱਸੀ। ਬੂਟਾ ਸਿੰਘ ਨੇ ਦੱਸਿਆ ਰਾਜਾ ਸਾਹਿਬ ਜੀ ਨੂੰ ਤਾਂ ਪਿੰਡ ਰਹਿਪੇ ਸਤ ਅੱਠ ਮਹੀਨੇ ਹੋ ਗਏ ਹਨ। ਸਾਧੂ ਨੇ ਝਿਗੜਾਂ ਤੋਂ ਚਲ ਕੇ ਰਾਤ ਮੁਕੰਦ ਪੁਰ ਕੱਟੀ। ਮੁਕੰਦਪੁਰ ਵੀ ਸੰਤਾਂ

ਦਾ ਡੇਰਾ ਸੀ। ਇੱਥੇ ਮਹਾਰਾਜ ਦੇ ਪਿਤਾ ਮੰਗਲ ਦਾਸ ਰਹਿੰਦੇ ਸਨ। ਮੰਗਲ ਦਾਸ ਜੀ ਸਮਾਏ ਵੀ ਮੁਕੰਦਪੁਰ ਹੀ ਸਨ। ਸਵੇਰੇ ਸੰਤ ਜੀ ਉੱਠ ਕੇ ਪਿੰਡ ਗਹਿਪੇ ਪਹੁੰਚੇ। ਬਾਬੇ ਸਰਮੁਖ ਸਿੰਘ ਜੀ ਨੂੰ ਆ ਕੇ ਮਿਲੇ। ਬਾਬਾ ਜੀ ਨੇ ਜਲ ਪਾਣੀ ਦੀ ਸੇਵਾ ਵਾਸਤੇ ਬੇਨਤੀ ਕੀਤੀ ਅਤੇ ਆਸਣ ਵਿਛਾ ਦਿੱਤੇ। ਸੰਤਾਂ ਨੇ ਆਖਿਆ ਕਿ ਅਸੀਂ ਰਾਜਾ ਸਾਹਿਬ ਜੀ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ। ਬਾਬਾ ਜੀ ਨੇ ਕਿਹਾ ਕਿ ਭੋਜਨ ਛਕ ਕੇ ਚਲਦੇ ਹਾਂ, ਅਸੀਂ ਵੀ ਜਾਣਾ ਹੈ। ਪ੍ਰਸ਼ਾਦਾ ਜਦ ਤਿਆਰ ਹੋ ਗਿਆ ਤਾਂ ਛੱਜੂ ਝੀਰ ਨੇ ਆ ਕੇ ਬੇਨਤੀ ਕੀਤੀ। ਲੰਗਰ ਤਿਆਰ ਹੈ ਸੰਤਾਂ ਨੂੰ ਪ੍ਰਸ਼ਾਦਾ ਛਕਾਓ। ਪਹਿਲਾਂ ਮਹਾਰਾਜ ਜੀ ਵਾਸਤੇ ਪ੍ਰਸ਼ਾਦਾ ਤਿਆਰ ਕਰਕੇ ਰੱਖ ਲਿਆ, ਬਾਅਦ ਵਿਚ ਸੰਤਾਂ ਨੂੰ ਭੋਜਨ ਛਕਾਇਆ। ਫਿਰ ਆਪ ਛਕਿਆ। ਉਪਰੰਤ ਬਾਬਾ ਜੀ ਨੇ ਡੱਬਾ ਲਿਆ ਅਤੇ ਸੰਤਾਂ ਨੂੰ ਨਾਲ ਲੈ ਕੇ ਮਹਾਰਾਜ ਜੀ ਵੱਲ੍ਹ ਚਲ ਪਏ। ਮਹਾਰਾਜ ਜੀ ਜਗਤਪੁਰ ਵੱਲ੍ਹ ਇਕ ਟਿੱਬੇ ਦੇ ਪੈੜੇ ਉੱਪਰ ਬੈਠੇ ਸਨ, ਸਮਾਧੀ ਲੱਗੀ ਹੋਈ ਸੀ, ਕਰਤਾਰ ਨਾਲ ਬਿਰਤੀ ਜੁੜੀ ਹੋਈ ਸੀ। ਬਾਬਾ ਜੀ ਅਤੇ ਸੰਤ ਮੰਡਲੀ ਨੇ ਜਾ ਨਮਸਕਾਰ ਕੀਤੀ, ਮਹਾਰਾਜ, ਮਹਾਰਾਜ, ਕਹਿ ਕੇ ਅਵਾਜ਼ ਦਿੱਤੀ ਅੱਗੋਂ ਸਤਿਗੁਰਾਂ ਦੀ ਸਮਾਧੀ ਖੁਲ੍ਹੀ ਤੇ ਕੀ ਦੇਖਦੇ ਹਨ ਮੋਹਰੇ ਮਹਿਰਮਪੁਰ ਵਾਲੇ ਸੰਤ ਹੱਥ ਜੋੜੀ ਖੜ੍ਹੇ ਸਨ। ਬੈਠ ਜਾਣ ਦਾ ਹੁਕਮ ਕੀਤਾ। ਸਾਰੇ ਡੇਰੇ ਦੀ ਸੁਖ ਸਾਂਦ ਪੁੱਛੀ। ਆਪ ਜੀ ਨੇ ਸੰਤਾਂ ਨੂੰ ਪਹਿਲਾਂ ਹੀ ਆਖ ਦਿੱਤਾ, "ਜੋ ਡੇਰੇ ਵਿਚ ਤੁਸੀਂ ਬਚਨ ਕੀਤਾ ਸੀ ਤੁਹਾਡਾ ਕਿਹਾ ਹੋਇਆ ਬਚਨ ਸਾਨੂੰ ਪੂਰਾ ਕਰਨਾ ਹੀ ਪਿਆ। ਅਸੀਂ ਸੋਚਿਆ ਕਿ ਆਪਣੇ ਆਪ ਹੀ ਗੰਗਾ ਦਾਸ ਦੇ ਪੇਸ਼ ਹੋ ਜਾਂਦੇ ਹਾਂ। ਚਲੋ ਅੱਜ ਹੀ ਚਲਦੇ ਹਾਂ।" ਸਰਮੁਖ ਸਿੰਘ ਜੀ ਨੂੰ ਵੀ ਮਹਾਰਾਜ ਜੀ ਆਖਣ ਲੱਗੇ, "ਪਰਸ਼ਾਦਾ ਜਾਨਵਰਾਂ ਨੂੰ ਹੀ ਪਾ ਦੇ ਸਾਨੂੰ ਦਹੀਂ ਭੰਨ ਕੇ ਇਕ ਗਲਾਸ ਲੱਸੀ ਦਾ ਬਣਾ ਦੇ।" ਛੋਟੀ ਜਿਹੀ ਮਧਾਣੀ ਛੱਜੂ ਕੋਲ ਫੜੀ ਹੋਈ ਸੀ। ਮਧਾਣੀ ਨਾਲ ਗੜਵੀ ਵਿਚ ਦਹੀਂ ਭੰਨ ਕੇ ਘਰੜ ਛਕਾਇਆ। ਆਖਣ ਲੱਗੇ, "ਸਰਮੁਖਾ ਅਸੀਂ ਗੰਗਾ ਦਾਸ ਨੂੰ ਮਿਲ ਆਈਏ। ਨਾਲੇ ਕਈ ਸਾਡੇ ਪੜਾਅ ਹਨ, ਪੁਰਾਣੀਆਂ ਜਾਇਦਾਦਾਂ ਨੂੰ ਨਿਗ੍ਹਾ ਮਾਰ ਆਈਏ ਅਤੇ ਅਬਾਦ ਵੀ ਕਰ ਆਈਏ।" ਇਹੋ ਜਿਹੀਆਂ ਕਈ ਗਮਜ਼ਾਂ ਮਾਰੀਆਂ। ਬਾਬਾ ਜੀ ਆਖਣ ਲੱਗੇ, "ਮੈਨੂੰ ਵੀ ਦੱਸ ਜਾਵੋ ਮੈਂ

ਆਪ ਜੀ ਦੇ ਦਰਸ਼ਨ ਕਿੱਥੇ ਕਰਾਂ? ਮੈਂ ਪਪੀਹੇ ਵਾਂਗ ਤਰਸਦਾ ਹੀ ਨਾ ਫਿਰਾਂ ਮੈਨੂੰ ਆਪ ਦੇ ਦਰਸ਼ਨ ਬਗ਼ੈਰ ਹਨ੍ਹੇਰਾ ਹੀ ਹਨ੍ਹੇਰਾ ਹੈ। *"ਇਕ ਘੜੀ ਨ ਮਿਲਤ ਤਾ ਕਲਜੁਗ ਹੋਤਾ। ਮੈਂ ਆਪ ਜੀ ਦੇ ਦਰਸ਼ਨ ਬਿਨਾਂ ਬਚ ਨਹੀਂ ਸਕਦਾ।"* ਸਰਮੁਖ ਸਿੰਘ ਨੂੰ ਬੜੇ ਧੀਰਜ ਦਿੰਦਿਆਂ ਆਖਿਆ, "ਇਕ ਮਹੀਨਾ ਇਨ੍ਹਾਂ ਨਾਲ ਰਹਾਂਗੇ। ਫਿਰ ਏਸੇ ਹੀ ਪਾਸੇ ਆ ਜਾਵਾਂਗੇ।" ਮਹਾਰਾਜ ਜੀ ਸੰਤਾਂ ਨਾਲ ਮਹਿਰਮਪੁਰ ਚਲੇ ਗਏ। ਸੰਤ ਮੰਡਲੀ ਗੰਗਾ ਦਾਸ ਜੀ ਬੜੇ ਹੀ ਖ਼ੁਸ਼ ਹੋਏ ਜਿਵੇ ਕਿਸੇ ਦੀ ਗੁਆਚੀ ਹੋਈ ਚੀਜ਼ ਲੱਭ ਪਈ ਹੋਵੇ। ਮਹੰਤ ਦੇ ਚਿਹਰੇ 'ਤੇ ਖ਼ੁਸ਼ੀ ਨੱਚਣ ਲੱਗੀ। ਸਾਰੇ ਪਿੰਡ ਵਿਚ ਪਤਾ ਲੱਗਾ। ਮਹਾਰਾਜ ਜੀ ਦੇ ਆਉਣ ਤੇ ਲੋਕੀਂ ਛਿਪ ਵਾਂਗ ਨੱਠੇ ਆਏ। ਮਹਾਰਾਜ ਜੀ ਦੇ ਦਰਸ਼ਨ ਦੋ ਸਾਲ ਪਿੱਛੋਂ ਹੋਏ ਹੁਣ ਮਹਾਰਾਜ ਜੀ ਦੇ ਗਲ ਵਿਚ ਚਿੱਟੇ ਲੱਠੇ ਦੀ ਅਲਫ਼ੀ ਪਹਿਨੀ ਹੋਈ ਚਾਦਰ ਦੀ ਬੁੱਕਲ ਮਾਰੀ ਹੋਈ ਹੈ। ਪੈਰੀਂ ਜੋੜਾ ਪਹਿਨਿਆ ਹੋਇਆ ਹੈ ਜੋ ਸੁੱਦੇ ਤਿੱਲੇ ਦਾ ਕੱਢਿਆ ਹੈ। ਇਕ ਗੰਡੇ ਦੀ ਪਤਲੀ ਜਿਹੀ ਸੋਟੀ ਵੀ ਹੱਥ ਵਿਚ ਫੜੀ ਹੋਈ ਸੀ, ਚਿਹਰੇ ਦਾ ਨੂਰ ਝਲਕਾਂ ਮਾਰ ਰਿਹਾ ਹੈ ਮਾਨੋਂ ਹੁਸਨ ਦੀ ਨਿਰੀ ਖਾਣ ਹੈ ਕੋਈ ਅੰਦਰੂਨੀ ਖਿਚ ਜਿਹੀ ਪੈ ਰਹੀ ਸੀ। ਜਦੋਂ ਆਪ ਜੀ ਦੇ ਪਹਿਲਾਂ ਦਰਸ਼ਨ ਕੀਤੇ ਸਨ ਉਸ ਵੇਲੇ ਮਹਾਰਾਜ ਜੀ ਦੇ ਤੇੜ ਪਿੱਤਲ ਦਾ ਤੜਾਗਾ ਸੀ ਭਗਵੇਂ ਰੰਗ ਦਾ ਤੇੜ ਪਰਨਾ ਲੱਗਾ ਹੁੰਦਾ ਸੀ। ਹੁਣ ਸਹਿਨਸ਼ਾਹਾਂ ਵਾਲਾ ਲਿਬਾਸ ਹੈ। ਬੋਲ ਚਾਲ ਤੇ ਤੁਰਨਾ ਫਿਰਨਾ ਬਹੁਤ ਨੁਹਾਰ ਵਾਲਾ ਸੀ। ਲਿਬਾਸ ਸਾਧੂਆਂ ਵਾਲਾ ਵੀ ਸੀ। ਸੰਗਤਾਂ ਦੇ ਦਿਲ ਵਿਚ ਬੜਾ ਹੀ ਚਾਅ ਹੈ ਕਿ ਰਾਜਾ ਸਾਹਿਬ ਜੀ ਸਾਡੇ ਪਿੰਡ ਵਿਚ ਆ ਗਏ, ਹੁਣ ਨਹੀਂ ਜਾਣਗੇ। ਪਰ ਇਨ੍ਹਾਂ ਫੱਕਰਾਂ ਨੂੰ ਕੋਈ ਰੋਕ ਨਹੀਂ ਸਕਦਾ ਕਿਸੇ ਦੇ ਬੰਨ੍ਹੇ ਹੋਏ ਨਹੀਂ ਰਹਿੰਦੇ।

"ਆਸ਼ਕ ਭੌਰ ਫਕੀਰ ਤੇ ਨਾਗ ਕਾਲੇ
ਬਾਝ ਮੰਤਰਾਂ ਮੂਲ ਨਾ ਕੀਲੀਏ ਜੀ।"

ਪਿੰਡ ਮਹਿਰਮਪੁਰ ਕੁੱਝ ਦਿਨ ਠਹਿਰ ਕੇ ਪਿੰਡਾਂ ਦਾ ਦੌਰਾ ਕਰਨਾ ਸ਼ੁਰੂ ਕੀਤਾ। ਪਿੰਡ ਮੁਸਾਪੁਰ, ਮਹਿਰਮਪੁਰ ਅਤੇ ਪਿੰਡ ਕਰਨਾਣੇ ਵੱਲ੍ਹ ਦੀ ਹੁੰਦੇ ਹੋਏ ਸਰਾਧਾਂ ਦੇ ਦਿਨਾਂ ਵਿਚ ਪਿੰਡ ਮਜਾਰੇ ਸਾਰੀ ਜਮਾਤ ਪਹੁੰਚ ਗਈ, ਦੋ ਊਠ

ਸੀ, ਨਾਲ ਚਾਰ ਘੋੜੇ, ਇਕ ਗੱਡਾ। ਪਿੰਡੋਂ ਪੂਰਬ ਵੱਲ੍ਹ ਕਰਨਾਣੇ ਦੇ ਰਾਹ ਤੇ ਇਕ ਬੜਾ ਭਾਰੀ ਬੋਹੜ ਹੈ (ਜਿੱਥੇ ਹੁਣ ਛੋਟਾ ਬੋਹੜ ਦਾ ਬੂਟਾ ਹੈ, ਨਜ਼ਦੀਕ ਇਕ ਛਪੜੀ ਹੈ) ਸਰਾਧਾਂ ਦੇ ਸਤਾਰਾਂ ਦਿਨ ਸੰਤ ਮੰਡਲੀ ਨੇ ਇਥੇ ਗੁਜ਼ਾਰੇ। ਜਦੋਂ ਭੰਡਾਰਾ ਛਕਣ ਜਾਂਦੇ ਸਨ ਖ਼ੂਬ ਨਰ ਸਿੰਗੇ ਵਜਦੇ ਹੁੰਦੇ ਸਨ। ਇਸ ਜਮਾਤ ਵਿਚ ਸੰਤ ਗੰਗਾ ਦਾਸ ਜੀ ਦੇ ਨਾਲ ਹੀ ਮਹਾਰਾਜ ਜੀ ਰਿਹਾ ਕਰਦੇ ਸਨ ਅਤੇ ਇਕ ਦਿਨ ਭਾਈ ਜਵਾਹਰ ਸਿੰਘ ਜੀ ਪਿੰਡ ਝਿਗੜਾਂ ਤੋਂ ਗੋਬਿੰਦਪੁਰ ਜਾ ਰਹੇ ਸਨ। ਜਾਂਦੇ-ਜਾਂਦੇ ਜਵਾਲੇ ਦੇ ਕੋਲ ਆ ਬੈਠੇ। ਇਕ ਦੋ ਸੇਵਾਦਾਰ ਹੋਰ ਵੀ ਉੱਥੇ ਆ ਗਏ। ਜਵਾਲਾ ਸਿੰਘ ਨੇ ਭਾਈ ਜਵਾਹਰ ਸਿੰਘ ਜੀ ਨੂੰ ਆਖਿਆ, "ਸੱਚੇ ਪਾਤਸ਼ਾਹੋ! ਰਾਜਾ ਸਾਹਿਬ ਜੀ ਸੰਤਾਂ ਦੀ ਜਮਾਤ ਵਿਚ ਫਿਰ ਚਲੇ ਗਏ ਹਨ।" ਭਾਈ ਜੀ ਨੇ ਕਿਹਾ, "ਤੁਸੀਂ ਸਾਡਾ ਸੁਨੇਹਾ ਦੇ ਦੇਣਾ ਜੇ ਸਾਡੀ ਖੁਸ਼ੀ ਲੈਣੀ ਹੈ ਤਾਂ ਜਮਾਤ ਨੂੰ ਛੱਡ ਦੇਣ।" ਜਵਾਲਾ ਸਿੰਘ, ਨੱਥਾ ਸਿੰਘ, ਮੂਲਾ ਸਿੰਘ, ਵਰਿਆਮ ਸਿੰਘ ਨੇ ਭਾਈ ਜਵਾਹਰ ਸਿੰਘ ਦਾ ਸੁਨੇਹਾ ਮਹਾਰਾਜ ਜੀ ਨੂੰ ਕਹਿ ਸੁਣਾਇਆ। ਭਾਈ ਜੀ ਦਾ ਸੁਨੇਹਾ ਸੁਣਦਿਆਂ ਹੀ ਮਹਾਰਾਜ ਜੀ ਨੇ ਗੰਗਾ ਦਾਸ ਦੀ ਜਮਾਤ ਨੂੰ ਛੱਡ ਦਿੱਤਾ। ਉੱਥੇ ਆਪ ਜੀ ਨੇ ਇਉਂ ਫਰਮਾਇਆ :-

"ਜਰ ਜਰਾਇਤ ਛੋੜ ਜਮਾਇਤ ਪਕੜ ਕਨਾਇਤ ਕਾਂਮ ਸਰੇ"

ਗੰਗਾ ਦਾਸ ਨੇ ਬਹੁਤ ਕੋਸ਼ਿਸ਼ ਕੀਤੀ ਆਪਣੀ ਜਮਾਤ ਵਿਚ ਲੈ ਜਾਣ ਦੀ ਜਿਸ ਤਰਾਂ ਨੰਦ ਜੀ ਕ੍ਰਿਸ਼ਨ ਦੇ ਮਥਰਾ ਚਲੇ ਜਾਣ ਨਾਲ ਦੁਖੀ ਹੋਏ। ਇਸ ਤਰਾਂ ਗੰਗਾ ਦਾਸ ਵੀ ਬਹੁਤ ਉਦਾਸ ਰਹਿਣ ਲੱਗਾ। ਉਸ ਵੇਲੇ ਆਪ ਜੀ ਦੀ ਉਮਰ 21 ਸਾਲ ਦੀ ਸੀ। ਸੰਨ ਈਸਵੀ 1883 ਸੀ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਭਾਈ ਜਵਾਹਰ ਸਿੰਘ ਜੀ ਨਾਲ ਪੁਨਰ-ਮਿਲਾਪ

ਮਹਾਰਾਜ ਜੀ ਪਿੰਡ ਮਜਾਰੇ ਹੀ ਸਨ ਪਿੰਡੋਂ ਚੜ੍ਹਦੀ ਵੱਲ੍ਹ ਦਰਵਾਜ਼ੇ ਮੋਹਰੇ ਪਲੰਘ 'ਤੇ ਵਿਛਾਈ ਵਿਛੀ ਹੋਈ ਸੀ। ਆਪ ਬੜੀ ਹੀ ਸ਼ਾਨ ਨਾਲ ਬੈਠੇ

ਸਨ। ਆਪ ਜੀ ਤੇ ਪਿੰਡ ਮਜਾਰੇ ਦੇ ਲੋਕੀਂ ਰੱਬ ਵਰਗੀ ਸ਼ਰਧਾ ਰੱਖਦੇ ਸਨ ਜਿੰਨਾ ਚਿਰ ਮਹਾਰਾਜ ਜੀ ਸੰਤ ਮੰਡਲੀ ਦੇ ਨਾਲ ਰਹੇ। ਮਹੰਤ ਗੰਗਾ ਦਾਸ ਤੇ ਬਾਕੀ ਚੇਲਿਆਂ ਨੇ ਇਹੋ ਹੀ ਸਖਾਲਤ ਦਾ ਜੋਰ ਰਖਿਆ। ਕਾਫ਼ੀ ਸ਼ਸਤਰਾਂ ਦੀਆਂ ਦਲੀਲਾਂ ਦੇ ਕੇ ਮਹਾਰਾਜ ਜੀ ਨੂੰ ਪੱਕਿਆਂ ਕਰ ਦਿੱਤਾ ਜਿਵੇਂ ਰਾਜਾ ਜਨਕ ਜੀ ਤੋਂ ਸੁਖਦੇਵ ਜੀ ਨਿਸ਼ਰਦਕ ਕੀਤਾ ਸੀ, ਇਸੇ ਤਰਾਂ ਮਹਾਰਾਜ ਨੂੰ ਸੰਤ ਮੰਡਲੀ ਨੇ ਪੱਕਿਆ ਕੀਤਾ। ਸਾਧੂ ਦਾ ਧਰਮ ਨਹੀਂ ਗ੍ਰਹਿਸਥੀ ਨੂੰ ਗੁਰੂ ਧਾਰਨਾ ਜਾਂ ਨਮਸਕਾਰ ਕਰਨਾ, ਸਾਧੂ ਸੰਪਰਦਾਵਾਂ ਦੀ ਇਸ ਵਿਚ ਹੱਤਕ ਹੈ। ਗੰਗਾ ਦਾਸ ਜੀ ਦੇ ਕਹਿਣ ਦਾ ਆਪ ਜੀ ਤੇ ਕਾਫ਼ੀ ਅਸਰ ਪਿਆ। ਮਹਾਰਾਜ ਦਰਵਾਜ਼ੇ ਦੇ ਮੋਹਰੇ ਬੈਠੇ ਸਨ। ਭਾਈ ਜਵਾਹਰ ਸਿੰਘ ਜੀ ਗੋਬਿੰਦਪੁਰ ਵਲੋਂ ਆ ਰਹੇ ਸਨ। ਮਜਾਰੇ ਵਿਚ ਦੀ ਭਾਈ ਜੀ ਦਾ ਰਾਹ ਹੁੰਦਾ ਸੀ। ਭਾਈ ਜਵਾਹਰ ਸਿੰਘ ਜੀ ਨੂੰ ਮਹਾਰਾਜ ਜੀ ਨੇ ਨਮਸਕਾਰ ਨਾ ਕੀਤੀ। ਆਪ ਜੀ ਨੇ ਨਾ ਤਾਂ ਨਮਸਕਾਰ ਹੀ ਕੀਤੀ ਤੇ ਨਾ ਹੀ ਉੱਠਕੇ ਮਿਲੇ।

ਸੰਗਤ ਕਾਫ਼ੀ ਬੈਠੀ ਸੀ। ਭਾਈ ਜੀ ਨੇ ਕੁੱਝ ਹੱਤਕ ਸਮਝੀ। ਮਹਾਰਾਜ ਜੀ ਨਾਲ ਗੁੱਸੇ ਹੋ ਗਏ, ਮੂੰਹੋਂ ਬਚਨ ਆਇਆ, "ਕਿਸੇ ਚੁਗਲ ਖੋਰ ਨੇ ਚੁਗਲੀ ਕੀਤੀ ਹੈ, ਭਲਾ ਚੁਗਲ ਖੋਰ ਦਾ ਵੀ ਨਹੀਂ ਹੋਣਾ, ਜਿਹਨੇ ਪਿਆਰ ਦੇ ਮਿਲਾਪ ਦਾ ਤੰਦ ਤੋੜਿਆ ਹੈ। ਆਪਣਾ ਕੀਤਾ ਪਾਏਗਾ ਨਿੰਦਕ।" ਪਾਤਸ਼ਾਹ ਜੀ ਵੱਲ੍ਹ ਵੀ ਇਕ ਤੀਰ ਛੱਡ ਦਿੱਤਾ, "ਜੇ ਤੂੰ ਚੁਗਲ ਦੀ ਸੁਣੀ ਹੈ ਤਾਂ ਅੰਧਾ ਹੋਵੇਂਗਾ, ਸਰੀਰਕ ਕਸ਼ਟ ਪਾਵੇਂਗਾ।" ਸੰਤਾਂ ਮਹਾਂਪੁਰਸ਼ਾਂ ਦੀ ਰਸਨਾ ਤੋਂ ਜੋ ਕੁੱਝ ਨਿਕਲਦਾ ਹੈ ਸੋ ਹੋ ਕੇ ਹੀ ਰਹਿੰਦਾ ਹੈ।

ਗਈ ਰੂਹ ਕਲਬੂਤੋਂ, ਕਮਾਨ ਥੀਂ, ਤੀਰ ਛੁਟਾ, ਇਹ ਮੁੜ ਕੇ ਫੇਰ ਨਾ ਆਂਵਦੇ ਨੇ।

ਮਹਾਂਪੁਰਸ਼ਾਂ ਦੇ ਕਹਿਣ ਦੇ ਨਾਲ ਜੁਗ ਪਲਟ ਜਾਂਦੇ ਹਨ। ਮਹਾਂਪੁਰਸ਼ਾਂ ਦੀ ਗੱਲ ਕਹਿਣ ਨਾਲ ਕ੍ਰਿਸ਼ਨ ਵਰਗੇ ਅਵਤਾਰੀ ਹਸਤੀਆਂ ਨੂੰ ਤੀਰਾਂ ਦਾ ਸ਼ਿਕਾਰ ਬਣਨਾ ਪਿਆ, ਮਹਾਂਪੁਰਸ਼ਾਂ ਦੀ ਗੱਲ ਕਹਿਣ ਦੇ ਨਾਲ ਰਾਮ ਚੰਦਰ ਵਰਗੇ ਧਰਮ ਪੁੱਤਰ ਨੂੰ ਰੋਣਾ ਪਿਆ, ਦਸ਼ਰਥ ਵਰਗੇ ਧਰਮੀ ਰਾਜਿਆਂ ਨੂੰ ਮੌਤ ਦੀ ਘੋੜ੍ਹੀ ਚੜਨਾ ਪਿਆ, ਮਹਾਂਪੁਰਸ਼ਾਂ ਦੀ ਗੱਲ ਕਹਿਣ ਨਾਲ ਚਲਦੇ ਦਰਿਆਵਾਂ

ਨੂੰ ਰੁਕਣਾ ਪਿਆ, ਮਹਾਂਪੁਰਸ਼ਾਂ ਦੀ ਗੱਲ ਕਹਿਣ ਨਾਲ ਸੂਰਜ ਚੜ੍ਹਨ ਤੋਂ ਵੀ ਰੁਕ ਗਿਆ। ਮਹਾਂਪੁਰਸ਼ਾਂ ਦੀ ਨਿਗਾਹ ਵਿਚ ਤੇ ਰਸਨਾ ਵਿਚ ਬੜੀਆਂ ਬਰਕਤਾਂ ਹਨ।

"ਸਾਧੂ ਬੋਲੇ ਸਹਿਜ ਸੁਭਾਇ ਸਾਧੂ ਦਾ ਬੋਲਿਆ ਬਿਰਥਾ ਨਾ ਜਾਇ॥"

ਭਾਈ ਜਵਾਹਰ ਸਿੰਘ ਜੀ ਨਰਾਜ਼ਗੀ ਦੀਆਂ ਗੱਲਾਂ ਕਹਿਕੇ ਚਲੇ ਗਏ। ਮਹਾਰਾਜ ਜੀ ਕੁੱਝ ਦਿਨਾਂ ਬਾਅਦ ਬਿਮਾਰ ਹੋ ਗਏ। ਮਹਾਰਾਜ ਜੀ ਨੂੰ ਸ਼ੂਗਰ ਪੈਣ ਲੱਗ ਪਈ। ਸਰੀਰ ਨਿਢਾਲ ਹੋ ਗਿਆ। ਫਿਰਨੋਂ ਤੁਰਨੋਂ ਵੀ ਰਹਿ ਗਏ। ਬਾਬੇ ਸਰਮੁਖ ਸਿੰਘ ਜੀ ਨੇ ਭਾਈ ਜਵਾਹਰ ਸਿੰਘ ਜੀ ਦੇ ਪਾਸ ਜਾ ਕੇ ਬੇਨਤੀ ਕੀਤੀ, "ਮਹਾਰਾਜ ਜੀ! ਕਿਰਪਾ ਕਰੋ! ਮਿਹਰ ਕਰੋ! ਰਾਜਾ ਸਾਹਿਬ ਜੀ ਤਾਂ ਬੜੇ ਹੀ ਕਮਜ਼ੋਰ ਹੋ ਗਏ ਸਨ, ਸਾਧੂ ਦੀ ਅੱਵਗਿਆ ਸਾਧੂ ਤੋਂ ਹੀ ਦੂਰ ਹੋ ਸਕਦੀ ਹੈ, ਆਪ ਜੀ ਕਿਰਪਾ ਕਰ ਕੇ ਤੰਦਰੁਸਤੀ ਬਖਸ਼ੋ।" ਭਾਈ ਜਵਾਹਰ ਸਿੰਘ ਜੀ ਆਖਣ ਲੱਗੇ, "ਜੇ ਸਤਿਗੁਰਾਂ ਦੀ ਸ਼ਰਨ ਆ ਜਾਵੇਗਾ ਤਾਂ ਸਤਿਗੁਰੂ ਬਖ਼ਸ਼ ਦੇਣਗੇ।" ਮਹਾਰਾਜ ਜੀ ਹੌਲੀ ਹੌਲੀ ਪਿੰਡ ਝਿਗੜੀਂ ਸਤਿਗੁਰੂ ਦੀ ਸ਼ਰਨ ਵਿਚ ਚਲੇ ਗਏ ਬੇਨਤੀ ਦੇ ਰੂਪ ਵਿਚ ਇਕ ਸਵੱਈਆ ਉਚਾਰਨ ਕੀਤਾ:-

"ਹੌਂ ਮਸਕੀਨ ਹਾਂ ਦੀਨ ਅਤੀ ਕਰ ਬਖਸਨਹਾਰ ਤੂੰ ਸਾਹਿਬ ਮੇਰਾ,
ਮੈਂ ਮਹਾ ਮੰਦ ਅਤੀ ਮਤਅੰਧ ਨਾ ਜਾਂਣਿਆ ਹੈ ਗੁਣ ਸਤਿਗੁਰ ਤੇਰਾ।
ਦੀਨ ਦਿਆਲ ਦਇਆ ਨਿਧ ਜੀ ਇਹ ਭੁਲਣ ਹਾਰ ਹੈ ਮੁੜ ਘਨੇਰਾ॥
ਹਾਰ ਪੜਾ ਦਰ ਆਪ ਕੇ ਮਾਲਕ, ਦਾਸ ਭਗਵਾਨ ਨਦਾਨ ਇਹ ਚੇਰਾ"॥

ਜਦੋਂ ਸਤਿਗੁਰਾਂ ਦੀ ਉਸਤਤ ਕੀਤੀ, ਭਾਈ ਜਵਾਹਰ ਸਿੰਘ ਜੀ ਨੇ ਖੁਸ਼ ਹੋ ਕੇ ਵਰ ਦਿੱਤੇ, "ਤੂੰ ਤੇ ਵਰਾਂ ਦਾ ਦਾਤਾ ਹੋਵੇਂਗਾ, ਤੈਨੂੰ ਤੇ ਕੁਤਬ ਵੀ ਸਲਾਮਾਂ ਕਰਨਗੇ।" ਆਪਣੇ ਕੋਲ ਬੁਲਾ ਲਏ ਬਸ ਉਸ ਹੀ ਦਿਨ, ਉਸੇ ਹੀ ਪਲ ਬਿਮਾਰੀ ਦੂਰ ਹੋ ਗਈ। ਮਹਾਰਾਜ ਪਿੰਡ ਝਿਗੜੀਂ ਹੀ ਰਹਿਣ ਲੱਗੇ। *ਬੋਲੋ ਭਾਈ ਜੀ ਵਾਹਿਗੁਰੂ॥*

ਸਾਖੀ ਸਰਦਾਰ ਹਰਨਾਮ ਸਿੰਘ ਨਾਲ ਹੋਈ

ਇਕ ਦਿਨ ਦੀ ਗੱਲ ਹੈ ਮਹਾਰਾਜ ਈਸ਼ਰ ਸਿੰਘ ਦੀ ਹਵੇਲੀਓ ਉੱਠਕੇ ਪਿੰਡ ਲਾਲੋਮਜਾਰਾ ਵੱਲ੍ਹ ਦੀ ਹੁੰਦੇ ਹੋਏ ਪਿੰਡ ਗੁਣਾਂ ਚੋਰ ਵੱਲ੍ਹ ਇਕ ਪਿੱਪਲ ਦੇ ਬਿਰਛ ਦੇ ਹੇਠਾਂ ਥੜ੍ਹੇ ਤੇ ਆਣ ਬੈਠੇ। ਦੋ ਖਣ ਦੀ ਪਿੱਪਲ ਦੇ ਥੱਲੇ ਕੁਟੀਆ ਵੀ ਬਣੀ ਹੋਈ ਸੀ। ਆਪ ਜੀ ਏਥੇ ਸਤ ਰੋਜ਼ ਰਹੇ। ਹਰਨਾਮ ਸਿੰਘ ਪਰਸ਼ਾਦਾ ਹਰ ਰੋਜ਼ ਤਿਆਰ ਕਰਕੇ ਲਿਜਾਇਆ ਕਰੇ, ਮਹਾਰਾਜ ਪਰਸ਼ਾਦਾ ਆਪ ਨਾ ਛਕਿਆ ਕਰਨ, ਜਾਨਵਰਾਂ ਜਾਂ ਕੁੱਤਿਆਂ ਨੂੰ ਪਾ ਦਿਆ ਕਰਨ। ਸਤ ਰੋਜ਼ ਇਸੇ ਤਰਾਂ ਹੀ ਲੰਘ ਗਏ। ਹਰਨਾਮ ਸਿੰਘ ਦਾ ਦਿਲ ਬੜਾ ਭੈਅ ਨਾਲ ਡਰਨ ਲੱਗਾ, ਪਤਾ ਨਹੀਂ ਮੇਰੇ ਪਾਸੋਂ ਕੀ ਭੁੱਲ ਹੋਈ ਹੋਵੇਗੀ। ਸੱਚੇ ਪਾਤਸ਼ਾਹ ਆਪ ਪਰਸ਼ਾਦਾ ਕਿਉਂ ਨਹੀਂ ਛਕਦੇ, ਨਿਰਾਹਾਰੀ ਹੀ ਰਹਿੰਦੇ ਹਨ। ਅਠਵੇਂ ਦਿਨ ਹਰਨਾਮ ਸਿੰਘ ਨੇ ਪਰਸ਼ਾਦਾ ਤਿਆਰ ਕਰਕੇ ਮਨ ਅੰਦਰ ਪੱਕੀ ਧਾਰ ਲਈ ਅੱਜ ਮੈਂ ਵੀ ਨਹੀਂ ਛਕਾਂਗਾ। ਜੇ ਮਹਾਰਾਜ ਆਪ ਛਕਣਗੇ ਤਾਂ ਮੈਂ ਛਕਾਂਗਾ ਨਹੀਂ ਤਾਂ ਮੈਂ ਵੀ ਵਰਤ ਹੀ ਰੱਖ ਲਵਾਂਗਾ। ਪਹਿਲਾਂ ਹਰਨਾਮ ਸਿੰਘ ਜਦ ਪਰਸ਼ਾਦਾ ਤਿਆਰ ਕਰ ਕੇ ਆਪ ਘਰੋਂ ਤੁਰਦੇ ਹੁੰਦੇ ਸੀ ਛਕ ਲੈਂਦੇ ਸੀ ਕਿਉਂਕਿ ਪਤਾ ਨਹੀਂ ਸੀ ਹੁੰਦਾ ਕਿ ਕਦੋਂ ਮੁੜ ਹੋਵੇ ਜਾਂ ਕਿਸ ਪਾਸੇ ਆਪ ਜੀ ਦੂਰ ਚਲੇ ਜਾਂਦੇ ਸੀ। ਇਸ ਕਰਕੇ ਪਹਿਲਾਂ ਹੀ ਛਕ ਲੈਂਦੇ ਸੀ। ਉਸ ਦਿਨ ਨਿਰਨੇ ਕਾਲਜੇ ਹੀ ਪਰਸ਼ਾਦਾ ਲੈ ਕੇ ਚਲ ਪਏ। ਜਦੋਂ ਹਸੂੰ ਹਸੂੰ ਕਰਦੇ ਗੁਲਾਬ ਦੇ ਫੁੱਲ ਵਰਗੇ ਖਿੜੇ ਚਿਹਰੇ ਦੇ ਦਰਸ਼ਨ ਕੀਤੇ, ਚਰਨੀਂ ਸੀਸ ਰਖਕੇ ਤਪਦੇ ਸੀਨੇ ਨੂੰ ਠੰਡਾ ਕੀਤਾ। ਅੱਗੇ ਘਟ-ਘਟ ਦੀਆਂ ਜਾਨਣ ਹਾਰੇ ਦਰਗਾਹ ਦੇ ਮਾਲਿਕ ਹਰਨਾਮ ਸਿੰਘ ਨੂੰ ਕਹਿਣ ਲੱਗੇ, "ਨਾਮਾ! ਪਰਸ਼ਾਦਾ ਛਕ ਕੇ ਆਉਣਾ ਸੀ। ਸਾਡਾ ਕੀ ਹੈ? ਅਸੀਂ ਚਾਹੇ ਛਕ ਲਈਏ ਚਾਹੇ ਨਾ ਛਕੀਏ, ਜਿਹੜਾ ਦਰਗਾਹ ਵਿਚ ਆਉਣਾ ਜਾਣਾ ਹੋਵੇ ਉਸਨੂੰ ਕੋਈ ਫ਼ਰਕ ਨਹੀਂ ਪੈਂਦਾ, ਜਿਹਦਾ ਉਸ ਦੇਸ਼ ਦੀ ਸੈਰ ਕਰ ਲੈਂਦਾ ਹੋਵੇ ਉਹ ਅਮਰ ਹੋ ਜਾਂਦਾ ਹੈ, ਉਸ ਦੇਸ਼ ਦੇ ਨਜ਼ਾਰੇ ਅਨੋਖੇ ਹੀ ਹਨ।" ਉਸਦੇ ਮੁਤੱਲਕ ਮਹਾਰਾਜ ਇਸ ਤਰਾਂ ਫਰਮਾਉਂਦੇ ਹਨ।

"ਖਸ ਖਸ ਸਮਾਨ ਨ ਹਈ ਛਿਦ੍ ਨਿਰਾਕਾਰ, ਨਿਰਵੈਰ ਨਿਰਦੋਖ ਐਸਾ,
ਮਿਟ ਜਾਣ ਸੰਕਲਪ ਵਿਕਲਪ ਸਾਰੇ ਸਚ ਝੂਠ ਨਾ ਰਹੇ ਸੰਤੋਖੁ ਐਸਾ॥"

"ਅਕਲ ਸ਼ਕਲ ਸੇ ਪਰੇ ਪ੍ਰੇਮ ਨਗਰ ਜਹਾਂ ਬਜਦੀ ਨਾਮ ਦੀ ਤਾਰ ਓਹੋ ਚਸ਼ਮਾ ਲੱਗੀਆਂ ਆਮਦੀ ਚੈਨ ਐਸੀ ਨਾਹੀਂ ਮਿਲਦੀ ਬਿਚ ਬਜਾਰ ਓਹੋ।"

"ਇਸ ਸ਼ਹਿਰ ਦੀਆਂ ਸਭ ਚੀਜ਼ਾਂ ਨਾਮ ਦੇ ਹੀ ਅਧਾਰ ਹਨ। ਇਸ ਸੁੰਦਰ ਸ਼ਹਿਰ ਦੇ ਵਿਚ ਇਕ ਹੋਰ ਸੁੰਦਰ ਮਹਿਲ ਹੈ ਜਿਸ ਦੀਆਂ ਕੰਧਾਂ ਕਿਸੇ ਸ਼ੀਸ਼ੇ ਵਰਗੀ, ਸ਼ੈਅ ਦੀਆ ਹਨ, ਹੀਰੇ ਪੰਨੇ ਮੋਤੀਆਂ ਨਾਲ ਜੜਤ ਹਨ। ਇਸ ਮਹਿਲ ਦੀ ਛੱਤ ਕੋਟਾਂ ਸੂਰਜਾਂ ਤਾਰਿਆਂ ਵਾਂਗ ਕਿਸੇ ਚਮਕੀਲੀ ਵਸਤੂ ਨਾਲ ਜੜੀ ਹੋਈ ਹੈ, ਇਸ ਮਹਿਲ ਦੇ ਅੰਦਰ ਇਕ ਤਖ਼ਤ ਹੈ ਜਿਸ ਦੀ ਜੜ੍ਹਤ ਦੀ ਸਿਫ਼ਤ ਇਨਸਾਨ ਦੀ ਕਲਮ ਨਹੀਂ ਲਿਖ ਸਕਦੀ। ਉਸੇ ਜਗਮਗ ਕਰਦੇ ਤਖਤ ਦੀ ਝਲਕ ਅਤੇ ਚਮਕ ਤਾਂ ਕੋਟਾਂ ਬਿਜਲੀਆਂ ਦੀ ਚਮਕ ਨੂੰ ਵੀ ਮਾਤ ਪਾ ਰਹੀ ਹੈ। ਉਸ ਜਗਮਗ ਕਰਦੇ ਤਖ਼ਤ 'ਤੇ ਕੋਈ ਦਿਵਯ ਜੋਤੀ ਸਰੂਪ ਬੈਠਾ ਹੈ, ਜਿਸਦੀ ਤਿੱਖੀ ਕੋਟਾਂ ਸੂਰਜਾਂ ਵਰਗੀ ਤਾਬ ਨੂੰ ਦੇਖ ਕੇ ਅੱਖਾਂ ਧੁੰਦਲਾ ਜਾਂਦੀਆਂ ਹਨ, ਜਿਸ ਦੀ ਕੋਈ ਸੂਰਤ ਜਾਂ ਸ਼ਕਲ ਨਹੀਂ।"

"ਦੇਖੀਏ ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਰਚਿਆ ਹੋਇਆ ਹੈ ਸਭ ਨੂੰ ਜੀਅ ਦਾਨ ਦੇਵਣ ਹਾਰ ਹੈ। ਉਸਦੇ ਦਰਸ਼ਨਾਂ ਦਾ ਰਸ ਕਥਨ ਤੋਂ ਪਰ੍ਹੇ ਹੈ। ਇਸ ਦਿਵਯ ਜੋਤੀ ਸਰੂਪ ਦੀਆਂ ਅਮਰ ਹੋਈਆਂ ਕਿਰਨਾਂ ਜਿਸਨੂੰ ਛੋਹ ਜਾਂਦੀਆਂ ਹਨ, ਅਮਰ ਹੀ ਕਰ ਜਾਂਦੀਆਂ ਹਨ।"

ਜਿਤ ਦਰ ਲਖ ਮੁਹੰਮਦਾ, ਲਖ ਬ੍ਰਹਮਾ ਬਿਸ਼ਨ ਮਹੇਸ"

ਇਸ ਤਰਾਂ ਮਹਾਰਾਜਾ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਹਰਨਾਮ ਸਿੰਘ ਜੀ ਨੂੰ ਅਕਾਲ ਉਸਤਤ ਸੁਣਾਈ ਅਤੇ ਆਖਣ ਲੱਗੇ "ਨਾਮਾ ਲਾਲਾ ਹਮੀਰ ਚੰਦ ਦੀ ਦਰਗਾਹ ਵਿਚ ਬੜੀ ਮੰਨੀ ਜਾਂਦੀ ਹੈ। ਖ਼ੁਦਾ ਦੇ ਘਰ ਲਾਲਾ ਵਜ਼ੀਰ ਹਨ, ਲਾਲਾ ਜੀ ਆਖਦੇ ਹਨ, ਚੀਜ ਤੇ ਸਾਰੀ ਤੇਰੀ ਹੀ ਸੀ ਭਾਈ

ਜਵਾਹਰ ਸਿੰਘ ਤੇ ਤਾਂ ਨਿਗ੍ਹਾ ਹੀ ਕੀਤੀ ਸੀ। ਨਾਮਾ ਸਾਡੇ ਜਿੰਮੇ ਕਰਤਾਰ ਬੜੀ ਭਾਰੀ ਡਿਊਟੀ ਲਾਈ ਹੈ, ਜੀਵਾਂ ਦਾ ਉਦਾਰ ਕਰਨਾ ਭੁੱਲੇ ਹੋਏ ਜੀਵਾਂ ਨੂੰ ਸਿਧੇ ਰਾਹ ਲਾਉਣਾ, ਸੱਚ ਦਾ ਚੱਕਰ ਚਲਾਉਣਾ, ਕਰਤਾਰ ਦੇ ਨਾਮ ਦਾ ਹੋਕਾ ਦੇਣਾ ਭਲਿਆਂ ਕੰਮਾਂ ਨਾਲ ਹੀ ਭਲਾ ਹੁੰਦਾ ਹੈ। ਇਹ ਕਰਤਾਰ ਵਲੋਂ ਨਵਾਂ ਹੁਕਮ ਹੋਇਆ ਹੈ।"

ਬੋਲੋ ਭਾਈ ਵਾਹਿਗੁਰੂ॥

ਸਾਖੀ ਭਾਈ ਜਵਾਹਰ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਦੀ ਚੱਲੀ ਗੁਰਮੁਖ ਮਾਇਆ ਵਿਚ ਉਦਾਸੀ

ਭਾਈ ਜਵਾਹਰ ਸਿੰਘ ਦਾ ਪਿੰਡ ਝਿਗੜਾਂ, ਤਹਿਸੀਲ ਬੰਗਾ ਜ਼ਿਲ੍ਹਾ ਨਵਾਂ ਸ਼ਹਿਰ। ਆਪ ਜੀ ਨੇ ਗ੍ਰਹਿਸਥ ਆਸ਼ਰਮ ਵਿਚ ਰਹਿੰਦਿਆਂ ਹੋਇਆਂ ਇਕ ਬੜੀ ਉੱਚੀ ਪਦਵੀ ਹਾਸਿਲ ਕੀਤੀ। ਇਹ ਜਨਮ ਤੋਂ ਹੀ ਆਏ ਗਏ ਸਾਧੂ-ਸੰਤ ਦੀ ਸੇਵਾ ਕਰਦੇ ਸਨ। ਸੇਵਾ ਕਰਕੇ ਹੀ ਆਪ ਜੀ ਨੇ ਲਾਲਾ ਜੀ ਨੂੰ ਪਿੰਡ ਝਿਗੜੀਂ ਲੈ ਆਂਦਾ। ਇਨ੍ਹਾਂ ਨਾਲ ਹੀ ਨਾਭ ਕੰਵਲ ਰਾਜਾ ਸਾਹਿਬ ਜੀ ਨੂੰ ਜੌਹਰੀਆਂ ਵਾਂਗ ਲਾਲ ਦੀ ਪਰਖ ਕਰਕੇ ਐਸਾ ਪਰੇਮ ਜਾਲ ਪਾਇਆ ਕਿ ਕਿਸੇ ਪਾਸੇ ਜਾਣ ਨਹੀਂ ਦਿੱਤਾ। ਗੰਗਾ ਦਾਸ ਵਰਗੇ ਲੋਕਾਂ ਨੇ ਡਾਕੂ ਬਣਕੇ ਕਈ ਵਾਰੀ ਭਾਈ ਜਵਾਹਰ ਸਿੰਘ ਜੀ ਦੇ ਬੁੱਕਲ ਦੇ ਲਾਲ ਨੂੰ ਚੁਰਾਉਣ ਵਾਸਤੇ ਬਹੁਤ ਹੀ ਯਤਨ ਕੀਤੇ ਪਰ ਭਾਈ ਜੀ ਬੜੇ ਬੁੱਧੀਮਾਨ ਸਨ। ਚੰਗੇ ਪਹਿਰੇਦਾਰ ਸਿਪਾਹੀ ਸਨ। ਗੰਗਾ ਦਾਸ ਦੀ ਪਾਰਟੀ ਦਾ ਦਾਅ ਨਾ ਲੱਗਣ ਦਿੱਤਾ। ਇਨ੍ਹਾਂ ਦੇ ਪ੍ਰੇਮ ਸਦਕਾ ਸਾਡੇ ਦੁਆਬੇ ਦੀ ਧਰਤੀ ਨੂੰ ਭਾਗ ਲੱਗੇ ਹੋਏ ਹਨ, ਥਾਂ-ਥਾਂ ਜੀਵਾਂ ਦੇ ਭਲੇ ਵਾਸਤੇ ਮਹਾਰਾਜ ਜੀ ਨੇ ਪੁਲ ਬੰਨ੍ਹੇ ਹੋਏ ਹਨ। ਝਿਗੜਾਂ, ਮਜਾਰਾ, ਰਹਿਪਾ, ਬੱਲੋਵਾਲ, ਗੋਸਲਾਂ, ਸੁਜੋਂ, ਆਪ ਜੀ ਦੇ ਜੱਦੀ ਪਿੰਡ ਮੰਨਣਹਾਨਾ ਵਿਚ ਵੀ ਧਾਮ ਹੈ। ਨਾਭ ਕੰਵਲ ਰਾਜਾ ਸਾਹਿਬ ਜੀ ਦੇ ਧਾਮ ਰਚੇ ਹੋਏ ਹਨ। ਭਾਈ ਜਵਾਹਰ ਸਿੰਘ ਜੀ ਗੋਬਿੰਦਪੁਰ ਚਲੇ ਗਏ। ਗੋਬਿੰਦਪੁਰ ਵੀ ਇਨ੍ਹਾਂ ਦਾ ਭਾਈਚਾਰਾ ਸ਼ਰੀਕਾ ਰਹਿੰਦਾ ਸੀ। ਕੁੱਝ ਦਿਨ ਪਿੰਡ ਗੋਬਿੰਦਪੁਰ

ਮਿਲਕੇ ਵਾਪਿਸ ਮੁੜੇ। ਗੋਬਿੰਦਪੁਰ ਦੇ ਵਸੀਵੇਂ ਤੇ ਜਦੋਂ ਆਏ ਇਕ ਚਲਦੇ ਖੂਹ ਤੇ ਇਸ਼ਨਾਨ ਕੀਤਾ ਖੂਹ ਚਲਾਉਣ ਵਾਲੇ ਬੰਦਿਆਂ ਨੂੰ ਕਿਹਾ, "ਜਿਥੇ ਵੀ ਕੋਈ ਰਾਹੀ ਜਾਂਦਾ ਸਰੀਰ ਛੱਡ ਦੇਵੇ ਉੱਥੇ ਹੀ ਉਸ ਦਾ ਸਸਕਾਰ ਕਰ ਦੇਣਾ ਚਾਹੀਦਾ ਹੈ। ਇਹ ਸੁਨੇਹਾ ਸਾਡਾ ਕਹਿ ਦੇਣਾ।" ਇਨਾ ਹੁਕਮ ਦੇ ਕੇ ਖੂਹ ਤੋਂ ਚਲ ਪਏ, ਨੇੜੇ ਹੀ ਰਾਹ ਸੀ ਰਸਤੇ ਤੋਂ ਹੋ ਕੇ ਇਕ ਪੱਧਰੀ ਜਿਹੀ ਥਾਂ ਅਸਲੀ ਸੇਜ ਲੱਭ ਲਈ ਸੁੱਚੇ ਪਾਣੀ ਦਾ ਛਿੱਟਾ ਦੇ ਕੇ ਕੁੱਝ ਚਿਰ ਚੌਂਕੜੀ ਮਾਰ ਕੇ ਬੈਠੇ ਰਹੇ। *"ਘਲੈ ਆਵਹਿ ਨਾਨਕਾ ਸਦੈ ਉਠਿ ਜਾਇ॥ ਜੀਵਨ ਯਾਤਰਾ ਖ਼ਤਮ ਹੋ ਗਈ। ਗੱਡੀ ਆਈ ਮੁਸਾਫ਼ਰਾ ਜਾਣ ਵਾਲੇ, ਚੜ੍ਹ ਗਏ ਸਾਥੀ ਤੇਰੇ ਨਾਲ ਦੇ ਜੀ।"*

ਉੱਧਰ ਮਹਾਰਾਜ ਜੀ ਪਿੰਡ ਝਿਗੜਾਂ ਵਿਚ ਬੈਠਿਆਂ ਨੇ ਇਹ ਦੋਹਰੇ ਉਚਾਰਨ ਕੀਤੇ :-

(ਦੋਹਰਾ)

- *"ਭਗਵਾਂਨ ਦਾਸ ਗੁਰ ਮੰਨੀਏ ਕਾਮਲ ਵਲੀ ਫਕੀਰ॥*
  ਰਸਤੇ ਰਸਤੇ ਜਾਂਵਦਾ ਦੇਵੇ ਛੋਡ ਸਰੀਰ॥ ਦੋਹਰਾ॥
- *ਭਗਵਾਨ ਦਾਸ ਗੁਰ ਗਿਆਤ ਸੈ ਐਸੇ ਕੀਓ ਚਲਾਣ॥*
  ਪ੍ਰਾਣਾਂ ਦੀ ਗਠ ਖੋਲ ਕੇ ਬਾਣੀ ਸੇ ਨਿਰਬਾਣ॥ ੫॥
- *ਖੰਗੈ ਸੈਹਰ ਸੇ ਮੀਲ ਦੋ ਪਛਮ ਓਰ ਪਛਾਨ।*
  ਯਾਦਗਾਰ ਤਹ ਗੁਰ ਕੀ ਗੋਬਿੰਦਪੁਰ ਹੀ ਦਰਮਿਆਨ॥ ੨॥ ਦੋਹਰਾ॥
- *ਸ਼੍ਰੀ ਜਵਾਹਰ ਮ੍ਰਿਗਿੰਦ ਕੋ ਬਾਰ ਬਾਰ ਪਰਨਾਮ।*
  ਜਿਨ ਕੇ ਹੌਂ ਪ੍ਰਸਾਦਿ ਸੇ ਜਾਨਿਓ ਨਾਮੀ ਨਾਮ॥ ਦੋਹਰਾ॥
- *ਕਹਿ ਮੁਖ ਉਪਮਾ ਹੌਂ ਕਰੋਂ ਸਤਿਗੁਰ ਗੁਣੀ ਨਿਧਾਨ।*
  ਮੋ ਜੈਸੇ ਮਤਿ ਮੰਦ ਕੋ ਕੀਨੋ ਆਤਮ ਗਿਆਨ॥ ਦੋਹਰਾ॥
- *ਸ਼੍ਰੀ ਜਵਾਹਰ ਮ੍ਰਿਗਿੰਦ ਕੇ ਗੁਰ ਕੋ ਭੀ ਪਰਨਾਮ।*
  ਗੁਰ ਕੋ ਭਈ ਪ੍ਰਾਪਤੀ ਮਿਲਿਉ ਹੈ ਮੋਹਿ ਰਾਮ॥ ਦੋਹਰਾ॥
- *ਬਿਚ ਹਜੂਰੀ ਮਰਤਬੇ ਰਹਿੰਦੇ ਸੁਬਹਾ ਸਾਮ।*

ਸਤਿਗੁਰ ਕੇ ਗੁਰ ਔਲੀਆ ਹੰਬੀਰ ਚੰਦ ਜੀ ਨਾਮ॥"

ਆਖ਼ਿਰੀ ਸਮਾਂ ਆ ਗਿਆ। ਆਪ ਚਿੱਟੇ ਚਾਦਰੇ ਦਾ ਤੰਬੂ ਤਾਣ ਕੇ ਸੌਂ ਗਏ। *"ਸਾਜਨ ਮੇਰੇ ਰੰਗੁਲੇ, ਜਾਇ ਸੁਤੇ ਜੀਰਾਣੂ"* ਆਤਮਾ ਆਪਣੇ ਅਸਲੀ ਸਰੂਪ ਵਿਖੇ ਜਾ ਸਮਾਈ।

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਇਸ ਜੰਗਲ ਵਿਚ ਸਰੀਰ ਛੱਡ ਗਏ ਭਾਈ ਜੀ ਦੀ ਖ਼ਬਰ ਅਜੇ ਕਿਸੇ ਨੂੰ ਨਹੀਂ ਲੱਗੀ। ਇਸ ਪਵਿੱਤਰ ਦੇਹ ਵਿਖੇ ਆਪ ਪ੍ਰਗਟ ਹੋ ਕੇ ਲੱਖਾਂ ਹੀ ਜੀਵਾਂ ਦਾ ਉਦਾਰ ਕੀਤਾ। ਇਸਦਾ ਰੋਮ-ਰੋਮ ਪਵਿੱਤਰ ਹੋ ਚੁੱਕਾ ਸੀ। ਇਹ ਰਾਹੀ ਚਿੱਟੀ ਚਾਦਰ ਤਾਣ ਕੇ ਸੁੱਤਾ ਪਿਆ ਹੈ। ਨਾ ਹਿਲਦਾ, ਨਾ ਹੀ ਬੋਲਦਾ ਕਾਫ਼ੀ ਰਾਹੀ ਇਕੱਠੇ ਹੋ ਕੇ ਜਾ ਰਹੇ ਸਨ। ਇਸ ਰਾਹੀ ਦੇ ਪਾਸੇ ਹੋ ਕੇ ਬੈਠ ਗਏ। ਕਈ ਨਾਲ ਬੁੱਢੀਆਂ ਵੀ ਸਨ। ਕਿਤੇ ਅਫ਼ਸੋਸ ਜਾ ਰਹੇ ਸਨ। ਬੈਠਿਆਂ-ਬੈਠਿਆਂ ਇਕ ਮਾਈ ਦੀ ਨਜ਼ਰ ਪਈ ਕੀ ਦੇਖਿਆ ਸਰੀਰ ਦੇ ਅੰਗ ਸਾਰੇ ਹੀ ਢਿੱਲੇ ਪਏ ਹੋਏ ਹਨ। ਹੌਲੀ ਦੇਣੀ ਜਾ ਕੇ ਦੇਖਿਆ ਤੇ ਮੁਸਾਫ਼ਿਰ ਸਦਾ ਦੀ ਨੀਂਦੇ ਸੁਤਾ ਪਿਆ। ਦੁਨੀਆਂ ਦੇ ਸਾਰੇ ਰਿਸ਼ਤੇ ਤੋੜ ਕੇ ਕਿਸੇ ਨੇ ਜਾ ਕੇ ਗੋਬਿੰਦਪੁਰ ਖ਼ਬਰ ਕੀਤੀ। ਭਗਤ ਜਵਾਹਰ ਸਿੰਘ ਕੱਲਰਾਂ ਵਿਚ ਜੋਤੀ-ਜੋਤ ਸਮਾਏ ਹਨ। ਸਾਰੇ ਪਿੰਡ ਵਿਚ ਬਿਜਲੀ ਦੇ ਕਰੰਟ ਵਾਂਗੂੰ ਖ਼ਬਰ ਦਾ ਪਤਾ ਲੱਗ ਗਿਆ। ਸਾਰੇ ਲੋਕੀਂ ਭਗਤ ਜੀ ਦੇ ਪਾਸ ਪਹੁੰਚ ਗਏ ਜਿੱਥੇ ਆਪ ਜੀ ਸੁਖਾਂ ਦੀ ਨੀਂਦ ਸੁੱਤੇ ਪਏ ਹੋਏ ਸਨ। ਕਾਫ਼ੀ ਇਕੱਠ ਹੋ ਗਿਆ। ਪਿੰਡ ਵਾਸੀ ਲੋਕਾਂ ਨੇ ਸਲਾਹ ਕੀਤੀ ਕਿ ਸਾਡਾ ਵੀ ਹੱਕ ਬਣਦਾ ਹੈ ਕਿ ਇਨ੍ਹਾਂ ਦਾ ਸਸਕਾਰ ਆਪਣੇ ਪਿੰਡ ਗੋਬਿੰਦਪੁਰ ਹੀ ਕਰ ਦੇਈਏ। ਇਧਰ ਮਹਾਰਾਜ ਜੀ ਪਿੰਡ ਝਿਗੜੀਂ ਬੈਠੇ ਸਨ। ਇੰਦਰ ਸਿੰਘ ਨੂੰ ਸੱਦ ਕੇ ਆਖਿਆ, "ਬਹੁਤ ਛੇਤੀ ਤੋਂ ਛੇਤੀ ਪਿੰਡ ਗੋਬਿੰਦਪੁਰ ਚਲੇ ਜਾਓ, ਸਤਿਗੁਰਾਂ ਦੇ ਹੁਕਮ ਦੀ ਬੇਅਦੂਲੀ ਹੋ ਰਹੀ ਹੈ।" ਆਪ ਜੀ ਆਖਣ ਲੱਗੇ, "ਇਧਰ ਤੁਸੀਂ ਚਲੋ ਅਸੀਂ ਵੀ ਆ ਰਹੇ ਹਾਂ।" ਗੋਬਿੰਦਪੁਰ ਦੇ ਲੋਕ ਪਾਲਕੀ

ਬਣਾਕੇ ਭਗਤ ਜੀ ਦੀ ਪਵਿੱਤਰ ਦੇਹ ਉਸ ਪਾਲਕੀ ਦੇ ਵਿਚ ਰੱਖ ਕੇ ਪਿੰਡ ਵੱਲ੍ਹ ਨੂੰ ਲਿਜਾ ਰਹੇ ਸਨ।

ਪਿੰਡ ਝਿਗੜਾਂ ਵੱਲ੍ਹ ਇਕ ਬੰਦੇ ਨੂੰ ਸੁਨੇਹਾ ਦੇ ਕੇ ਭੇਜਿਆ। ਸੁਨੇਹੇ ਵਾਲਾ ਬੰਦਾ ਭਾਈ ਇੰਦਰ ਸਿੰਘ ਜੀ ਨੂੰ ਰਸਤੇ ਵਿਚ ਹੀ ਮਿਲ ਪਿਆ। ਸਾਰੀ ਕਹਾਣੀ ਆਖ ਸੁਣਾਈ। ਹੋਰ ਪਿੰਡ ਝਿਗੜਾਂ ਦੇ ਬੰਦਿਆਂ ਨੂੰ ਜਿਵੇਂ-ਜਿਵੇਂ ਪਤਾ ਲੱਗਦਾ ਗਿਆ ਕਾਲਜਾ ਫੜ ਕੇ, ਅੱਥਰੂ ਵਹਾਉਂਦੇ ਗੋਬਿੰਦਪੁਰ ਨੂੰ ਚਲ ਪਏ ਸਨ। ਜਨਤਾ ਬੜਾ ਹੀ ਵਿਰਲਾਪ ਕਰ ਰਹੀ ਸੀ। ਸਾਡੇ ਸਹਾਰੇ ਦਾ ਸੂਰਜ ਛਿਪ ਗਿਆ। ਉਧਰ ਮਹਾਰਾਜ ਜੀ ਨੇ ਈਸ਼ਰ ਸਿੰਘ ਦੀ ਹਵੇਲੀ ਆ ਕੇ ਕੋਠੜੀ ਦੇ ਅੰਦਰ ਵੜ ਕੇ ਕੁੰਡੀ ਲਾਈ। ਇਕ ਅੱਖ ਮੀਟਣ ਤੇ ਉਘਾੜਣ ਦੇ ਨਾਲ ਝਿਗੜਾਂ ਤੋਂ ਗੋਬਿੰਦਪੁਰ ਪਹੁੰਚ ਗਏ ਸੀ। ਅੱਗੋਂ ਭਾਈ ਜਵਾਹਰ ਸਿੰਘ ਜੀ ਦਾ ਭਾਈ ਅਤੇ ਚਾਚਾ ਪਵਿੱਤਰ ਦੇਹ ਪਾਲਕੀ ਵਿਚ ਰੱਖ ਕੇ ਘਰ ਲੈ ਗਏ ਸਨ। ਪਿੰਡ ਵਾਲੇ ਲੋਕ ਆਖਣ ਲੱਗੇ ਕੇ ਭਗਤ ਜੀ ਦਾ ਸਸਕਾਰ ਇਥੇ ਹੀ ਕੀਤਾ ਜਾਵੇਗਾ। ਆਪਸ ਵਿਚ ਝਿਗੜਾਂ ਵਾਲਿਆਂ ਦਾ ਤੇ ਗੋਬਿੰਦਪੁਰ ਵਾਲਿਆਂ ਦਾ ਝਗੜਾ ਵਧ ਗਿਆ। ਮਹਾਰਾਜ ਜੀ ਨੇ ਆਖਿਆ ਕਿ ਸਤਿਗੁਰਾਂ ਦਾ ਹੁਕਮ ਤੁਸੀਂ ਨਹੀਂ ਮੰਨਿਆ। ਆਪ ਜੀ ਦਾ ਹੁਕਮ ਤੇ ਉਸੇ ਹੀ ਜਗ੍ਹਾ ਸਸਕਾਰ ਕਰਨ ਦਾ ਸੀ ਜਿਸ ਥਾਂ ਆਪ ਜੀ ਜੋਤੀ-ਜੋਤ ਸਮਾਏ ਸੀ। ਹੁਣ ਉਸ ਹੁਕਮ ਦੀ ਉਲੰਘਣਾ ਕੀਤੀ ਗਈ ਹੈ, ਹੁਣ ਸਤਿਗੁਰਾਂ ਦੀ ਪਵਿੱਤਰ ਦੇਹ ਦਾ ਸਸਕਾਰ ਪਿੰਡ ਝਿਗੜੀਂ ਲਾਲਾ ਜੀ ਦੇ ਚਰਨਾਂ ਵਿਚ ਹੀ ਕੀਤਾ ਜਾਵੇਗਾ ਜਿਵੇਂ ਕਿ ਮਹਾਰਾਣੀ ਜਿੰਦਾਂ ਨੇ ਅੰਤਿਮ ਸਮੇਂ ਆਪਣੇ ਪੁੱਤਰ ਦਲੀਪ ਸਿੰਘ ਨੂੰ ਕਿਹਾ ਸੀ ਕਿ "ਮੇਰੇ ਲਾਲ! ਮੇਰੇ ਆਖ਼ਿਰੀ ਅੱਥਰੂ! ਏਹ ਹੱਡੀਆਂ ਦੀ ਮੁੱਠ ਮੇਰੇ ਪਤੀ ਜੀ ਦੇ ਚਰਨਾਂ ਦੇ ਪਾਸ ਹੀ ਦਫ਼ਨਾਏ ਜਾਣ, ਪਰਦੇਸ ਵਿਚ ਨਾ ਰਹਿਣ ਦਿੱਤੇ ਜਾਣ, ਪੰਜਾਬ ਦੀ ਧਰਤੀ ਲੈ ਜਾਂਈ।" ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਲਾਹੌਰ ਸੀ, ਰਾਣੀ ਦੀ ਦੇਹ ਬੰਬਈ ਤੋਂ ਅੱਗੇ ਨਾ ਲਿਜਾਣ ਦਿੱਤੀ, ਉੱਥੇ ਹੀ ਸਮਾਧ ਹੈ।

ਐਸੇ ਹੀ ਵੱਡੀ ਸਰਕਾਰ ਦਾ ਜਦੋਂ ਹੁਕਮ ਹੋਇਆ ਸੀ, ਫਿਰ ਕਿਸੇ ਦੀ ਮਜ਼ਾਲ ਨਹੀਂ ਕਿ ਹੁਕਮ ਦੀ ਉਲੰਘਣਾ ਕੀਤੀ ਜਾਵੇ। ਇਸ ਤੋਂ ਅੱਗੇ ਕੋਈ

ਅਪੀਲ ਨਹੀਂ ਸੀ। ਮਹਾਰਾਜ ਦੇ ਹੁਕਮ ਨਾਲ ਭਾਈ ਜਵਾਹਰ ਸਿੰਘ ਜੀ ਦੀ ਪਾਲਕੀ ਉਠਾਈ ਗਈ। ਬੜਾ ਹੀ ਭਾਗੀ ਮੇਲੇ ਵਰਗਾ ਅਕਾਰ ਸੀ। ਪਿੱਛੇ ਕਾਫ਼ੀ ਖਲਕਤ ਦਾ ਜਲੂਸ ਸੀ। ਸ਼ਬਦ ਪਾਰਟੀ ਢੋਲਕੀ-ਛੈਣਿਆਂ ਦੇ ਨਾਲ ਸ਼ਬਦ ਪੜ੍ਹਦੀ ਜਾਂਦੀ ਸੀ। ਮੋਹਰੇ ਮੋਹਰੇ ਬੈਂਡ ਵਾਜਾ ਵੱਜਦਾ ਜਾਂਦਾ ਸੀ। ਗੋਬਿੰਦਪੁਰ ਤੋਂ ਭਗਤ ਜੀ ਦੀ ਪਾਲਕੀ ਪਿੰਡ ਝਿੰਗੜੀਂ ਪਹੁੰਚ ਗਈ। ਮਹਾਰਾਜ ਜੀ ਦੇ ਹੁਕਮ ਨਾਲ ਪਾਲਕੀ ਢਾਬੀਂ ਲਾਲਾ ਜੀ ਦੀ ਸਮਾਧ ਦੇ ਪਿੱਛੋਂ ਵੱਲ੍ਹ ਲਾਲਾ ਵਲੀ ਜੀ ਦੇ ਹੀਰੇ ਸੁੱਚੇ-ਮੋਤੀ ਸ਼ਿਸ਼ ਦਾ ਆਸਣ ਲਾ ਦਿੱਤਾ। ਚਿਤਾ ਚਿਣੀ ਗਈ, ਸੰਗਤ ਨੇ ਘਿਓ, ਠੂਠੀ, ਛੁਆਰੇ ਅਤੇ ਮੇਵਿਆਂ ਦੇ ਥਾਲ ਭਰਕੇ ਲਿਆਂਦੇ। ਚਿਤਾ ਨੂੰ ਹਵਨ ਕੁੰਡ ਬਣਾ ਦਿੱਤਾ ਕੜਾਹ ਪਰਸ਼ਾਦ ਦੀ ਦੇਗ ਤਿਆਰ ਕੀਤੀ ਗਈ। ਉਸ ਪਵਿੱਤਰ ਦੇਹ ਦਾ ਇਸ਼ਨਾਨ ਕਰਾ ਕੀਰਤਨ ਸੋਹਿਲੇ ਦਾ ਪਾਠ ਕਰਨ ਉਪਰੰਤ ਅਰਦਾਸ ਕੀਤੀ। ਭਗਤ ਜੀ ਦੀ ਦੇਹ ਨੂੰ ਚੰਦਨ ਦੀ ਚਿਤਾ ਤੇ ਰੱਖਕੇ ਮਹਾਰਾਜ ਜੀ ਦੇ ਹੁਕਮ ਨਾਲ ਲਾਂਬੂ ਲਾ ਦਿੱਤਾ ਗਿਆ। ਕੜਾਹ ਪਰਸ਼ਾਦ ਵਰਤਾਇਆ ਗਿਆ।

ਭਾਈ ਜਵਾਹਰ ਸਿੰਘ ਜੀ ਚੰਗਿਆਈ ਦੇ ਪੁੰਜ, ਸੋਨੇ ਵਰਗੀ ਸੁਖੀ ਜ਼ਿੰਦਗੀ ਬਿਆਸੀ ਸਾਲ ਤਿੰਨ ਮਹੀਨੇ ਤੇਰਾਂ ਦਿਨ ਉਮਰ ਭੋਗਕੇ ਇਸ ਸੰਸਾਰ ਤੋਂ ਸਦਾ ਲਈ ਅਲੋਪ ਹੋ ਗਏ। ਇਨ੍ਹਾਂ ਦੀ ਸਮਾਧ ਝਿੰਗੜੀਂ ਹੈ। *ਬੋਲੋ ਭਾਈ ਜੀ ਵਾਹਿਗੁਰੂ॥*

ਭਾਈ ਜਵਾਹਰ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਬਾਹਰਲਿਆਂ ਪਿੰਡਾਂ ਦੀ ਸੰਗਤ ਅਫ਼ਸੋਸ ਵਾਸਤੇ ਮਹਾਰਾਜ ਜੀ ਦੇ ਕੋਲ ਆਉਂਦੇ ਰਹੇ। ਮਹਾਰਾਜ ਜੀ ਕਾਫ਼ੀ ਅਰਸਾ ਪਿੰਡ ਝਿੰਗੜੀਂ ਹੀ ਰਹੇ। ਪਿਤਾ ਮੰਗਲ ਦਾਸ ਜੀ ਪਹਿਲਾਂ ਕਾਫ਼ੀ ਚੱਕਰ ਵਿਚ ਰਹਿੰਦੇ ਸੀ। ਇਕ ਦਿਨ ਜ਼ਿਲ੍ਹਾ ਲੁਧਿਆਣੇ ਵਿਚ ਕੋਈ ਚੰਗੀ ਪਹੁੰਚ ਵਾਲੇ ਸਾਧੂ ਮਿਲੇ। ਉਨ੍ਹਾਂ ਨੇ ਮੰਗਲ ਦਾਸ ਜੀ ਨੂੰ ਆਖਿਆ, "ਤੁਸੀਂ ਐਵੇਂ ਨਾ ਜੰਗਲਾਂ ਵਿਚ ਤਕਲੀਫ਼ਾਂ ਝੱਲਦੇ ਫਿਰੋ। ਤੁਹਾਡੇ ਘਰ ਵਿਸ਼ਨੂੰ ਭਗਵਾਨ ਅਵਤਾਰ ਪੁੱਤਰ ਦੇ ਰੂਪ ਵਿਚ ਆਵੇਗਾ। ਸੰਸਾਰ ਦਾ ਉਦਾਰ ਕਰੇਗਾ ਤੁਹਾਡੇ ਤਾਂ ਇੱਕੀ ਕੁਲਾਂ ਦੇ ਹੀ ਬੇੜੇ ਪਾਰ ਹੋ ਜਾਣੇ ਹਨ।" ਉਨ੍ਹਾਂ ਮਹਾਂ ਪੁਰਸ਼ਾਂ ਦਾ ਬਚਨ ਸੁਣਕੇ ਮੰਗਲ ਦਾਸ ਜੀ ਜ਼ਿਆਦਾ ਪਿੰਡ

ਲੋਦੀਪੁਰ ਜਾਂ ਮੁਕੰਦਪੁਰ ਰਹਿਣ ਲੱਗੇ। ਇਕ ਦਿਨ ਮੰਗਲ ਦਾਸ ਜੀ ਮਹਾਰਾਜ ਜੀ ਨੂੰ ਮਿਲਣ ਵਾਸਤੇ ਪਿੰਡ ਝਿਗੜੀਂ ਗਏ। ਪੰਜ ਸੱਤ ਬੰਦੇ ਮੰਗਲ ਦਾਸ ਜੀ ਦੇ ਨਾਲ ਵੀ ਸਨ। ਪਿੰਡ ਜਾ ਕੇ ਮਹਾਰਾਜ ਜੀ ਦਾ ਪਤਾ ਕੀਤਾ। ਹੌਲਦਾਰ ਨੱਥਾ ਸਿੰਘ ਜੀ ਨੂੰ ਦੱਸਿਆ, ਮਹਾਰਾਜ ਜੀ, ਪਿੰਡ ਰਟੈਂਡੇ ਵੱਲ੍ਹ ਦੇ ਪਾਸੇ ਟਿੱਬਿਆਂ ਤੇ ਬੈਠੇ ਹਨ। ਮੰਗਲ ਦਾਸ ਜੀ ਅਤੇ ਸਾਰੇ ਬੰਦੇ ਆਪ ਜੀ ਦੇ ਕੋਲ ਗਏ। ਨੱਥਾ ਸਿੰਘ ਵੀ ਨਾਲ ਹੀ ਗਿਆ। ਮਹਾਰਾਜ ਜੀ ਨੇ ਆਪਣੇ ਪਿਤਾ ਮੰਗਲ ਦਾਸ ਜੀ ਨੂੰ ਸਿਰ ਝੁਕਾ ਕੇ ਨਮਸਕਾਰ ਕੀਤੀ। ਭਾਈ ਜਵਾਹਰ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਦਾ ਆਪ ਜੀ ਨੇ ਆਪ ਜੀ ਦੇ ਕੋਲ ਅਫ਼ਸੋਸ ਕੀਤਾ। ਆਪਸ ਵਿਚ ਕਾਫ਼ੀ ਬਚਨ ਬਿਲਾਸ ਹੁੰਦੇ ਰਹੇ। ਮੰਗਲ ਦਾਸ ਜੀ ਆਖਣ ਲੱਗੇ, "ਭਗਵਾਨ ਦਾਸ! ਜੇ ਤੁਸੀਂ ਘਰ ਜਾ ਕੇ ਆਪਣੀ ਨੰਬਰਦਾਰੀ ਦੀ ਸੰਭਾਲ ਕਰੋ, ਸ਼ਾਦੀ ਵੀ ਕਰਾਓ ਆਪਣੀ ਬੰਸ ਚਲਦੀ ਰਹੇਗੀ, ਮੇਰੇ ਦਿਲ ਵਿਚ ਇਹ ਬੜੀ ਚਾਹ ਹੈ। ਮੈਂ ਬੰਸ ਰੱਖਣ ਖਾਤਰ ਬੜੇ ਕਸ਼ਟ ਸਹਾਰੇ ਹਨ। ਕਈ ਜਗ ਕੀਤੇ ਧੂਹ ਲਗਵਾਏ। ਬੜੀ ਘੋਰ ਤਪੱਸਿਆ ਕੀਤੀ, ਕਈ ਰੱਬ ਨੂੰ ਮਿਹਣੇ ਮਾਰੇ ਤਾਂ ਜਾ ਕੇ ਕਿਤੇ ਮੇਰੀ ਝੋਲੀ ਵਿਚ ਖ਼ੈਰ ਪਈ ਸੀ।" ਇਹ ਮੋਹ ਵਸ ਮੰਗਲ ਦਾਸ ਜੀ ਨੇ ਬਚਨ ਕੀਤੇ। ਮੋਹ ਵਸ ਵੀ ਕਿਉਂ ਨਾ ਹੁੰਦੇ? ਇਕ ਤੇ ਬਿਰਧ ਅਵਸਥਾ ਵਿਚ ਪੁੱਤਰ ਦਾ ਮੁੱਖੜਾ ਦੇਖਣਾ ਨਸੀਬ ਹੋਇਆ। ਦੂਜੇ ਆਪ ਜੀ ਸੁੰਦਰ ਚਿਹਰਾ ਮਨ ਸੋਹਣੀ ਤਸਵੀਰ, ਅਵਤਾਰ ਹਸਤੀ ਸਨ। ਤਨ-ਮਨ ਦਰਸ਼ਨ ਕਰਕੇ ਸੀਤਲ ਹੋ ਜਾਂਦਾ ਸੀ, ਕਈ ਯਤਨਾਂ ਦੇ ਨਾਲ ਮਹਾਰਾਜ ਜੀ ਨੇ ਬੜੀ ਨਿਮ੍ਹੀ ਅਵਾਜ਼ ਨਾਲ ਪਿਤਾ ਜੀ ਨੂੰ ਆਖਿਆ, "ਪਿਤਾ ਜੀ! ਅਸੀਂ ਹੁਣ ਘਰ ਨਹੀਂ ਜਾਵਾਂਗੇ, ਇਸ ਖ਼ਿਆਲ ਨੂੰ ਹੀ ਭੁੱਲ ਜਾਵੋ। ਜਦੋਂ ਘਰ ਬਾਰ ਛੱਡ ਕੇ ਸੰਨਿਆਸ ਧਾਰਨ ਕੀਤਾ ਜਾਵੇ ਤਾਂ ਮੁੜ ਫਿਰ ਗ੍ਰਹਿਸਥ ਆਸ਼ਰਮ ਧਾਰਨ ਕਰਨਾ ਧਰਮ ਨਹੀਂ ਹੈ। ਜਦ ਸਾਧੂ ਬਾਣਾ ਪਹਿਨ ਲਿਆ ਜਾਵੇ ਫਿਰ ਦੂਜਿਆਂ ਨਾਲ ਮੇਲ ਕਿਹਾ? ਸੰਨਿਆਸ ਧਾਰਨ ਕਰਨਾ ਹੋਵੇ ਤਾਂ ਪਹਿਲਾਂ ਹੀ ਮਾਣ ਅਪਮਾਨ, ਸਾਕ-ਅੰਗ, ਭੈਣ-ਭਾਈ, ਰਿਸ਼ਤਿਆਂ ਦਾ ਤਿਆਗ ਕਰਨਾ ਪੈਂਦਾ ਹੈ। ਹੁਣ ਸਾਡਾ ਰਿਸ਼ਤਾ ਕਿਸੀ ਸਾਥ ਨਹੀਂ ਰਿਹਾ।" ਇਸ ਤਰਾਂ ਪਿਤਾ ਪ੍ਰਤੀ ਉਪਦੇਸ਼ ਕਰਕੇ ਆਪ ਜੀ ਨੇ ਇਕ ਸਵੱਈਆ ਬੋਲਿਆ :-

ਸਵੈਯਾ

ਹੈ ਕਬ ਬੀਚ ਓਹ ਬੰਧਨ ਆਵਤ ਜੋ ਨਿਰਬੰਧ ਫਕੀਰ ਸਨਾਸੀ॥
ਹਾਥ ਉਠਾਇ ਸੰਧਉਰਾ ਲੀਓ ਜਬ ਫੇਰ ਕਿਉ ਲੌਟਤ ਹੈ ਸਤੀ. ਖਾਸੀ॥
ਜਾਣ ਬਿਰਸ ਤਿਆਗ ਪਦਾਰਥ ਪਾਵਤ ਹਾਥ ਕਰੇ ਜਗੁ ਹਾਸੀ॥
ਦਾਸ ਭਗਵਾਂਨ ਨਹੀਂ ਫਸ ਬੈਠਤ ਬੇਪਰਵਾਹਿ ਜੋ ਬ੍ਰਿਤ ਅਕਾਸੀ॥ ੬੦॥

"ਕੋਈ ਨੰਬਰਦਾਰੀਆਂ ਕਰੇ, ਸਾਡਾ ਵਾਸਤਾ ਨਹੀਂ ਘਰਾਂ ਦੇ ਕੰਮਾਂ ਨਾਲ। ਸਾਡੇ ਜ਼ਿੰਮੇਂ ਕਰਤਾਰ ਨੇ ਬੜੀਆਂ ਡਿਊਟੀਆਂ ਲਾਈਆਂ ਹੋਈਆਂ ਹਨ। ਅਸੀਂ ਤਾਂ ਸਾਰੇ ਸੰਸਾਰ ਦੀ ਯਾਤਰਾ ਕਰਨੀ ਹੈ। ਤੁਸੀਂ ਚਲੋ ਬਸਤਰ ਪਹਿਨੋ ਅੱਗੇ ਜਾਣ ਵਾਸਤੇ" ਆਪ ਜੀ ਨੇ ਇਹ ਇਸ਼ਾਰਾ ਕੀਤਾ ਪਰ ਇਸ ਰਮਜ਼ ਨੂੰ ਕੋਈ ਸਮਝ ਨਹੀਂ ਸਕਿਆ। ਮਾਤ ਲੋਕ ਨੂੰ ਛੱਡ ਕੇ ਪਰਲੋਕ ਜਾਣ ਵਾਸਤੇ ਰਮਜ਼ ਮਾਰੀ। ਇਹ ਗੁੱਝੀ ਰਮਜ਼ ਸੀ। ਸੁੰਦਰ ਸਿੰਘ ਨੂੰ ਤੇਰਾਂ ਗਜ਼ ਚਿੱਟਾ ਲੱਠਾ, ਇਕ ਪਗੜੀ ਮੁਕੰਦਪੁਰੋਂ ਲਿਆਉਣ ਦਾ ਹੁਕਮ ਕੀਤਾ। (ਸੁੰਦਰ ਸਿੰਘ ਜੋ ਮਹਾਰਾਜ ਜੀ ਦਾ ਗੁਰ ਭਾਈ ਸੀ) ਸੁੰਦਰ ਸਿੰਘ ਜੀ ਝਟ ਪਟ ਜਾ ਕੇ ਇਕ ਕੱਪੜਾ ਲੈ ਆਏ। ਲਿਆ ਕੇ ਮਹਾਰਾਜ ਜੀ ਦੇ ਅੱਗੇ ਧਰ ਕੇ ਨਮਸਕਾਰ ਕੀਤੀ। ਮਹਾਰਾਜ ਜੀ ਨੇ ਲੱਠਾ ਸਿਰੋਪਾਓ ਪਿਤਾ ਮੰਗਲ ਦਾਸ ਜੀ ਦੇ ਚਰਨਾਂ 'ਤੇ ਰੱਖ ਕੇ ਨਮਸਕਾਰ ਕੀਤੀ। ਮੂੰਹੋਂ ਬਚਨ ਕੀਤਾ "ਜਾਉ! ਕਰਤਾਰ ਬੇੜਾ ਪਾਰ ਕਰਸੀ।" ਕਿਸੇ ਨੂੰ ਕੀ ਪਤਾ ਸੀ ਕਿ ਇਹ ਸਮੇਂ ਆਖ਼ਿਰੀ ਮਿਲਾਪ ਸੀ। ਇਹ ਆਖ਼ਿਰੀ ਮੁਲਾਕਾਤ ਕਰ ਰਹੇ ਸਨ। ਪਤਾ ਨਹੀਂ ਕਿ ਚਿੱਟੇ ਲੱਠੇ ਦੀ ਤਹਿ ਅੰਦਰ ਇਕ ਟਿਕਟ ਵੀ ਪਿਤਾ ਜੀ ਨੂੰ ਕੱਟ ਦਿੱਤੀ ਸੀ। ਇਸ ਪੋਟਲੀ ਦੇ ਅੰਦਰ ਲੰਬੇ ਰਾਹ ਦੇ ਰਾਹਾਂ ਦਾ ਖ਼ਰਚ ਵੀ ਬੰਨ੍ਹ ਦਿੱਤਾ ਸੀ। ਹੁਣ ਪਾਸ ਧੁਰ ਦਾ ਹੀ ਬਣਾ ਦਿੱਤਾ। ਇਕ ਫਲ ਮਹਾਰਾਜ ਜੀ ਨੇ ਆਪਣੇ ਹੱਥ ਦੇ ਨਾਲ ਪਿਤਾ ਜੀ ਦੇ ਹੱਥ ਤੇ ਧਰਿਆ। ਇਹ ਅੰਮ੍ਰਿਤ ਫਲ ਕਿਸੇ ਉੱਚੇ ਤੇ ਸੁੱਚੇ ਦੇਸ਼ ਤੋਂ ਆਇਆ ਸੀ। ਇਸ ਦੇ ਛਕਣ ਨਾਲ ਬਾਬਾ ਮੰਗਲ ਦਾਸ ਜੀ ਦਾ ਹਿਰਦਾ ਬਸੰਤ ਰੁੱਤ ਦੇ ਅਕਾਸ਼ ਵਾਂਗੂੰ ਸ਼ੁੱਧ ਹੋ ਗਿਆ। ਅੰਦਰ ਕੋਈ ਗ਼ੈਬੀ ਹੀ ਝਲਕ ਪੈਣ ਲੱਗੀ। ਕੋਈ

ਅਨੋਖਾ ਹੀ ਰੰਗ ਚੜ੍ਹ ਗਿਆ। ਬੜਾ ਸਰੂਰ ਜਿਹਾ ਆ ਰਿਹਾ ਸੀ। ਅੱਖਾਂ ਜ਼ੋਰੋ ਜ਼ੋਰੀ ਮਿਲਦੀਆਂ ਜਾ ਰਹੀਆਂ ਸਨ। ਦੁਨੀਆਂ ਮੈਲੀ-ਮੈਲੀ ਲੱਗਦੀ ਹੈ। ਸੰਸਾਰ ਸੁਪਨਾ ਨਜ਼ਰੀ ਆਉਣ ਲੱਗਾ। ਹੁਣ ਕਿਸੇ ਹੋਰ ਹੀ ਦੇਸ਼ ਜਲਵੇ ਨਜ਼ਰ ਆਉਣ ਲੱਗੇ। ਹੁਣ ਕੋਈ ਕਲਪਣਾ ਨਹੀਂ ਰਹੀ। ਮਹਾਰਾਜ ਜੀ ਉਠੇ ਤੇ ਆਖਣ ਲੱਗੇ, "ਪਿਤਾ ਜੀ! ਚਲੋ ਵਿਦਿਆ ਕਰ ਆਈਏ।" ਇਕ ਫਰਲਾਂਗ ਮਹਾਰਾਜ ਤੁਰੇ ਆਏ ਫਿਰ ਪਿੱਛੇ ਮੁੜੇ ਮੰਗਲ ਦਾਸ ਜੀ ਧਰਮਸ਼ਾਲਾ ਪਿੰਡ ਮੁਕੰਦਪੁਰ ਵਿਚ ਆ ਕੇ ਆਸਣ ਲਾ ਦਿੱਤੇ, ਇਹ ਆਖ਼ਿਰੀ ਆਸਣ ਸੀ। ਸਮਾਧੀ ਲੱਗ ਗਈ ਸਰੂਪ ਵਿਖੇ ਲਿਵਲੀਨ ਹੋ ਗਏ। ਹੁਣ ਕੋਈ ਭੁੱਖ ਪਿਆਸ ਨਹੀਂ ਰਹੀ, ਕੋਈ ਗ਼ੈਬੀ ਹੀ ਨਸ਼ਾ ਪੀਤਾ ਹੋਇਆ, ਅਨੋਖਾ ਹੀ ਅਨੰਦ ਆ ਰਿਹਾ ਹੈ।

ਬਸ ਬੁਲਾਓ ਨਹੀਂ ਹਮਕੋ, ਕੋਈ ਨੋਸ ਨਸਾ ਕੀਆ ਹੈ ਹਮਨੇ॥

ਹੁਣ ਦੁਨੀਆਂ ਦੇ ਰਿਸ਼ਤੇ ਸਭ ਦੂਰ ਹੋ ਗਏ, ਹੁਣ ਕਿਸੇ ਉੱਚੇ ਤੇ ਸੁੱਚੇ ਦੇਸ਼ ਦੀਆਂ ਝਲਕੀਆਂ ਪੈਣ ਲੱਗੀਆਂ।

ਬਾਣੀ॥

ਤਨ ਮਨ ਠੰਡਾ ਛਾਤੀ ਸੀਤਲ ਛੰਦ ਗੋਬਿੰਦ ਗੁਣ ਗਾਏ।
ਚਸਮਾ ਲੱਗੀਆਂ ਆਮਦੀ ਚੈਨ ਐਸੀ ਨਾਹੀਂ ਮਿਲਦੀ ਬਿਚ ਬਜਾਰ ਓਹੋ॥

ਸੱਤ ਦਿਨ ਤੇ ਸੱਤ ਰਾਤਾਂ ਨਿਰਾਧਾਰ ਨਾਮ ਦੇ ਨਸ਼ੇ ਵਿਚ ਹੀ ਬਦੇਹ ਹੋ ਕੇ ਪਏ ਰਹੇ। ਅਠਵੇਂ ਰੋਜ਼ ਸਵੇਰੇ ਚਾਰ ਵਜੇ ਤੜਕੇ ਬੜੀ ਤੇਜ਼ ਚਮਕ ਵਾਲੀ ਰੌਸ਼ਨੀ ਹੋਈ। ਕੋਲ ਬੈਠੇ ਸੇਵਾਦਾਰਾਂ ਦੀਆਂ ਅੱਖਾਂ ਮੁੰਦੀਆਂ ਗਈਆਂ। ਅੰਮ੍ਰਿਤ ਵੇਲੇ ਦੇਵਤਿਆਂ ਨੂੰ ਅੰਮ੍ਰਿਤ ਵਰਤਾਇਆ ਜਾ ਰਿਹਾ ਸੀ। ਮੰਗਲ ਦਾਸ ਜੀ ਵੀ ਅੱਜ ਜੀਵਨ ਯਾਤਰਾ ਸੰਸਾਰ ਦੀ ਪੂਰੀ ਕਰਕੇ ਕਿਸੇ ਨਵੀਂ ਦੁਨੀਆਂ ਦੇ ਵਾਸੀ ਬਣਦੇ ਹੌਲੀ-ਹੌਲੀ ਏਸ ਸੰਸਾਰ ਵਲੋਂ ਅੱਖਾਂ ਮੀਟਦੇ ਮੀਟ ਗਏ। ਸੁਆਸ ਚਲਦੇ ਚਲਦੇ ਚੱਲਣ ਤੋਂ ਰੁਕ ਗਏ। ਇਹ ਜਿਹੜਾ ਹੱਸਦਾ-ਖੇਡਦਾ, ਸੁਣਦਾ-ਬੋਲਦਾ, ਨੱਚਦਾ, ਠੰਢੇ-ਤੱਤੇ, ਮਿੱਠੇ ਸੁਆਦ ਪਰਖਦਾ ਮਿੱਟੀ ਦਾ ਖਿਡੌਣਾ ਚੁੱਪ-

ਚਾਪ, ਨਹੀਂ ਹਿਲਦਾ, ਨਹੀਂ ਬੋਲਦਾ, ਬੜੇ ਸੁਖਾਂ ਤੇ ਅਰਾਮ ਦੀ ਨੀਂਦੇ ਸੌਂ ਗਿਆ। ਮੰਗਲ ਦਾਸ ਜੀ ਜੋਤੀ-ਜੋਤ ਸਮਾਏ। ਮੁਕੰਦਪੁਰ ਦੇ ਲੋਕਾਂ ਨੇ ਇਕੱਠੇ ਹੋ ਕੇ ਸਸਕਾਰ ਦਾ ਬੰਦੋਬਸਤ ਕੀਤਾ। ਕੁੱਝ ਸਿਆਣੇ ਬੰਦੇ ਆਖਣ ਲੱਗੇ। ਰਾਜਾ ਸਾਹਿਬ ਜੀ ਨੂੰ ਵੀ ਪਤਾ ਦੇਣਾ ਚਾਹੀਦਾ ਹੈ ਕਿ ਸਾਰੇ ਲੋਕਾਂ ਸਲਾਹ ਚੰਗੀ ਸਮਝੀ। ਕੁੱਝ ਬੰਦੇ ਪੰਚਾਇਤ ਦੇ ਆਪ ਜੀ ਕੋਲ ਗਏ ਆਪ ਨੇੜੇ ਦੇ ਖੇਤਾਂ ਵਿਚ ਹੀ ਬੈਠੇ ਸਨ। ਮੰਗਲ ਦਾਸ ਜੀ ਦੇ ਜੋਤੀ-ਜੋਤ ਸਮਾਉਣ ਦੀ ਸਾਰੀ ਕਹਾਣੀ ਕਹਿ ਸੁਣਾਈ। ਹੱਥ ਬੰਨ੍ਹ ਕੇ ਸਾਰਿਆਂ ਨੇ ਬੇਨਤੀ ਕੀਤੀ, "ਆਪਣੇ ਹੱਥੀਂ ਚੱਲਕੇ ਸਸਕਾਰ ਕਰੋ ਕਿਰਿਆ ਕਰਮ ਕਰਾਓ।" ਆਪ ਜੀ ਨੇ ਆਖਿਆ, "ਪਿਆਰੇ ਗੁਰਮੁਖੋ! ਆਪ ਜਾਵੋ। ਜਾ ਕੇ ਪਿਤਾ ਜੀ ਦਾ ਸਸਕਾਰ ਪਿੰਡ ਮੁਕੰਦਪੁਰ ਵਿਚ ਹੀ ਕਰ ਦੇਵੋ। ਕਿਰਿਆ ਕਰਮ ਪਿਤਾ ਜੀ ਦਾ ਹੋ ਗਿਆ ਹੈ। ਪਿਤਾ ਜੀ ਦੀ ਆਤਮਾ ਆਪਣੇ ਸਰੂਪ ਵਿਖੇ ਜਾ ਸਮਾਈ ਹੈ। ਧਰਮ ਰਾਜ ਦੇ ਦਰਬਾਰ ਵਿਚ ਹੁਣ ਕੋਈ ਲੇਖਾ-ਜੋਖਾ ਨਹੀਂ ਰਿਹਾ।

ਹੁਕਮ ਮੰਨ ਕੇ ਪੰਚਾਇਤ ਨੇ ਮੁੜ ਮੁਕੰਦਪੁਰ ਆ ਕੇ ਪਾਤਸ਼ਾਹ ਦਾ ਹੁਕਮ ਕਹਿ ਸੁਣਾਇਆ। ਸਾਰੇ ਪਿੰਡ ਦੀ ਸੰਗਤ ਨੇ ਇਕੱਠੀ ਹੋ ਕੇ ਇਕ ਪਾਲਕੀ ਬਣਾਈ। ਦੁਕਾਨਦਾਰ ਦੁਕਾਨਾਂ ਬੰਦ ਕਰਕੇ ਮੇਵੇ ਲੈ ਆਏ। ਮੰਗਲ ਦਾਸ ਜੀ ਦਾ ਇਸ਼ਨਾਨ ਕਰਵਾਇਆ ਗਿਆ। ਆਪ ਜੀ ਨੇ ਚਿੱਟੇ ਲੱਠੇ ਦੀ ਤਹਿ ਖੋਲ੍ਹੀ ਇਕ ਅਲਫ਼ੀ ਬਣਾ ਕੇ ਗਲ ਪਾਈ। ਕਪਨੀ ਬਣਾਕੇ ਤੇੜ ਲਾਈ। ਮਹਾਰਾਜ ਦੇ ਹੱਥਾਂ ਦਾ ਬਖਸ਼ਿਆ ਹੋਇਆ ਸਿਰੋਪਾਉ (ਲਸੂੜੀ ਰੰਗ ਦਾ ਚੀਰਾ) ਬਾਪੂ ਦੇ ਸਿਰ ਬੰਨ੍ਹਿਆ ਗਿਆ, ਕੇਸਰ ਗੁਲਾਬ ਛਿੜਕਿਆ ਗਿਆ, ਮਲਮਲ ਪਾ ਦਿੱਤੀ ਗਈ। ਹੁਣ ਫੁੱਲਾਂ ਵਰਗੇ ਭਪੱਸਵੀ ਜੀ ਦੀ ਸੁੰਦਰ ਦੇਹ ਨੂੰ ਹੌਲੀ ਜਿਹੀ ਨਾਲ ਚਾਰ ਜਣਿਆਂ ਨੇ ਚੁੱਕ ਕੇ ਬਣੀ ਕਾਠ ਦੀ ਘੋੜੀ 'ਤੇ ਚਾੜ੍ਹ ਦਿੱਤਾ ਉੱਪਰ ਚਿੱਟਾ ਧੁੱਪ ਵਰਗਾ ਲੱਠੇ ਦਾ ਚਾਦਰਾ ਪਾ ਦਿੱਤਾ। ਇਹ ਝਲਮਣ-ਝਲਮਣ ਕਰਦੀ ਪਾਲਕੀ ਨੂੰ ਚਾਰ ਕਹਾਰ ਚੁੱਕ ਕੇ ਤੁਰ ਪਏ। ਬ੍ਰਾਹਮਣ ਲੋਕ ਗਰੁੜ ਪੁਰਾਣ ਦੀ ਸੂਤਰ ਪੜ੍ਹਦੇ ਜਾ ਰਹੇ ਸਨ।

ਇਸ ਸੋਹਣੀ ਕਾਇਆ ਨੂੰ ਅੱਗ ਦੀ ਭੇਟਾ ਕਰ ਆਏ, ਫੁਲੀਆਂ ਦਾ ਪ੍ਰਸ਼ਾਦ ਵਰਤਾਇਆ। ਹਰਿਦੁਆਰ ਜਾ ਕੇ ਬਾਬਾ ਮੰਗਲ ਦਾਸ ਜੀ ਦੇ ਫੁੱਲ ਤਾਰੇ

ਗਏ ਅਤੇ ਹੋਰ ਵੀ ਸਭ ਕਿਰਿਆ ਕਰਮ ਕਰਾਇਆ। ਸਪਤਾਹਿਕ ਭਗਵਤ ਦਾ ਪਾਠ ਕਰਵਾਇਆ, ਗਰੁੜ ਪੁਰਾਣ ਦਾ ਭੋਗ ਪਵਾਇਆ। ਇਤ ਆਦਿਕ ਕਰਮ ਮੁਕੰਦਪੁਰ ਦੇ ਲੋਕਾਂ ਨੇ ਇਸ ਬੈਰਾਗੀ ਜੀ ਦੇ ਕਰਵਾਏ। ਇਸ ਤਰਾਂ ਨਿਰੰਕਾਰ ਦੀ ਭਗਤੀ ਕਰ ਕੇ ਪਿੰਡ ਮੁਕੰਦਪੁਰ ਜ਼ਿਲ੍ਹਾ ਨਵਾਂਸ਼ਹਿਰ ਵਿਚ ਸੰਤ ਮੰਗਲ ਦਾਸ ਜੀ ਜੋਤੀ-ਜੋਤ ਸਮਾ ਗਏ। ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਭਗਤ ਮਾਨੇ ਨਾਲ ਹੋਈ

ਇਕ ਦਿਨ ਮਹਾਰਾਜ ਜੀ ਪਿੰਡ ਲੜੋਏ ਦੇ ਖੇਤਾਂ ਵਿਚ ਬੈਠੇ ਸਨ। ਮਾਨਾ ਸਰਦਾਈ ਬਣਾਕੇ ਮਹਾਰਾਜ ਜੀ ਵਾਸਤੇ ਲੈ ਗਿਆ। ਮਾਨੇ ਦੇ ਦਿਲ ਵਿਚ ਬੜੀ ਹੀ ਖੁਸ਼ੀ ਸੀ। ਤੁਰੇ ਜਾਂਦੇ ਦਾ ਦਿਲ ਸੋਚਾਂ ਵਿਚ ਪੈ ਗਿਆ। ਮਨ ਵਿਚ ਕਹਿੰਦਾ ਮਹਾਰਾਜ ਜੀ ਦੇ ਚੋਜ ਤਾਂ ਸਾਰੇ ਅਵਤਾਰਾਂ ਵਾਲੇ ਹੀ ਹਨ। ਹਰ ਰੋਜ਼ ਮਹਾਂ-ਪੁਰਸ਼ਾਂ ਵਾਲੀਆਂ ਕਹਾਣੀਆਂ ਦੇਖਦੇ ਹਾਂ। ਪਿਛਲੇ ਗੁਰੂ ਪੀਰ ਜਿੱਥੇ ਵੀ ਕੋਈ ਬੈਠਦੇ ਸਨ, ਰਹਿੰਦੀ ਦੁਨੀਆਂ ਤਕ ਨਿਸ਼ਾਨੀ ਤੀਰਥਾਂ ਦੇ ਰੂਪ ਵਿਚ ਰਚ ਦਿੰਦੇ ਸਨ। ਸਾਡੇ ਪਿੰਡ ਕੋਈ ਤੀਰਥ ਜਾਂ ਗੁਰਦੁਆਰਾ ਬਣਾ ਦੇਣ ਤਾਂ ਚੰਗੀ ਗੱਲ ਹੈ। ਇਸ ਤਰਾਂ ਮਾਨਾ ਮਨ ਵਿਚ ਫੁਰਨਿਆਂ ਦੀ ਮਾਲਾ ਫੇਰਦਾ ਆਇਆ। ਜਦੋਂ ਮਹਾਰਾਜ ਜੀ ਦੇ ਅੱਗੇ ਗਏ। ਸਰਦਾਈ ਦੀ ਗੜਵੀ ਅੱਗੇ ਰੱਖੀ ਤੇ ਚਰਨਾਂ ਤੇ ਨਮਸਕਾਰ ਕੀਤੀ। ਮਹਾਰਾਜ ਜੀ ਨੇ ਮਾਨੇ ਦੇ ਅੰਦਰ ਦੀ ਬੁੱਝ ਕੇ ਮਾਨੇ ਨੂੰ ਇਕ ਨਕਸ਼ਾ ਬਣਾਕੇ ਆਖਿਆ, "ਮਾਨਾ ਇਹ ਕੀ ਹੈ?" ਮਾਨਾ ਨੂੰ ਚੇਤਾ ਭੁੱਲ ਗਿਆ ਕਿ ਮੈਂ ਕੀ ਕੁੱਝ ਦਿਲ ਵਿਚ ਮੰਗ ਕਰਦਾ ਆ ਰਿਹਾ ਸੀ। ਆਖਣ ਲੱਗਾ, "ਜੀ ਤੁਹਾਡੀਆਂ ਤੁਸੀਂ ਹੀ ਜਾਣਦੇ ਹੋ" ਮਹਾਰਾਜ ਜੀ ਵਲੋਂ ਹੁਕਮ ਹੋਇਆ, "ਦੇਖੋ ਮਾਨਾ ਬਿਜਲੀ ਘਰ ਬਣਿਆ ਹੋਇਆ ਹੈ। ਪਹਾੜ ਦੇ ਸੀਨੇ ਨੂੰ ਚੀਰਕੇ ਸੰਸਾਰ ਦੇ ਕੋਨੇ ਕੋਨੇ ਅੰਦਰ ਰੋਸ਼ਨੀ ਜਗਦੀ ਦੇਖ, ਮਾਨਾ ਆਹ ਦੇਖ ਨਹਿਰਾਂ ਵਗ ਰਹੀਆਂ ਹਨ, ਖੇਤਾਂ ਨੂੰ ਪਾਣੀ ਲੱਗ ਰਿਹਾ ਹੈ।" ਇਹੋ ਜਿਹੀਆਂ ਕਈ ਰਮਜ਼ਾਂ ਮਾਨੇ ਨੂੰ ਮਾਰੀਆਂ। ਬਚਨ ਮਾਨੇ ਨਾਲ ਕਰ ਰਹੇ ਹਨ, ਕੰਮ ਰੱਬ ਦੀ ਦਰਗਾਹ ਵਿਚ ਹੋ ਰਿਹਾ ਹੈ। ਕੋਈ ਗੁਪਤ ਮਹਿਫ਼ਲ ਜੁੜੀ

ਹੋਈ। ਜਿਵੇਂ ਕੋਈ ਜੱਜ ਸਾਹਿਬ ਹੁਕਮ ਲਿਖਾਈ ਜਾਂਦਾ ਹੋਵੇ, ਇਸੇ ਤਰਾਂ ਆਪ ਜੀ ਹੁਕਮ ਲਿਖਾ ਰਹੇ ਹਨ। ਮਾਨੇ ਨੂੰ ਹੁਕਮ ਕੀਤਾ, "ਮਾਨਾ! ਕੁੱਝ ਪਿਛੇ ਹਟ ਕੇ ਬੈਠ।" ਜਦੋਂ ਮਾਨਾ ਪਿਛੇ ਦਸ ਕਦਮਾਂ ਤੇ ਬੈਠ ਗਿਆ। ਕਈ ਵੱਡੇ ਵੱਡੇ ਇੰਜੀਨੀਅਰ, ਮਹਾਨ ਸ਼ਕਤੀਆਂ, ਵਿਸ਼ਵਕਰਮਾ ਵਰਗੇ ਦੇਵਤੇ ਇਸ ਮਹਿਫ਼ਲ ਵਿਚ ਸ਼ਾਮਿਲ ਹੋਏ। ਕੋਈ ਗ਼ੈਬੀ ਵਿਚਾਰਾਂ ਹੋ ਰਹੀਆਂ ਹਨ। ਦੁਨੀਆਂ ਦਾ ਬੰਦਾ ਨਹੀਂ ਸਮਝ ਸਕਦਾ ਇਸ ਇਲਾਹੀ ਮੀਟਿੰਗ ਦੀ ਗੱਲ ਨੂੰ ਇਸ ਜੁੜੀ ਹੋਈ ਮਹਿਫ਼ਿਲ ਦੇ ਮੈਂਬਰਾਂ ਦੀ ਲਿਖਤ ਪੜ੍ਹਤ ਕਿੱਥੇ ਹੋ ਰਹੀ ਹੈ? ਇਸ ਵੱਡੇ ਇਜਲਾਸ ਦੀ ਸ਼ੋਭਾ ਦੇਵ ਲੋਕ ਵਿਚ ਤੇਤੀ ਕਰੋੜ ਦੇਵਤੇ ਵੀ ਕਰ ਰਹੇ ਸਨ, ਇਲਾਹੀ ਦਰਬਾਰ ਹੈ। ਮਾਨੇ ਦੀ ਸੁਰਤ ਗੁੰਮ ਹੋ ਗਈ। ਮਾਨਾ ਇਕ ਡੱਕਾ ਲੈ ਆਓ। ਜਦੋਂ ਮਾਨਾ ਡੱਕਾ ਲੈ ਆਇਆ। ਡੱਕੇ ਨੂੰ ਸਰਦਾਈ ਦੀ ਭਰੀ ਹੋਈ ਗੜਵੀ ਵਿਚ ਖੜ੍ਹਿਆਂ ਕਰਨ ਦਾ ਹੁਕਮ ਕੀਤਾ। ਮਾਨੇ ਦੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ, "ਸਰਦਾਈ ਵਿਚ ਡੱਕਾ ਨਹੀਂ ਖੜ੍ਹਾ ਹੋ ਸਕਦਾ।" ਡੱਕਾ ਸਰਦਾਈ ਵਿਚ ਖੜ੍ਹਾ ਕੀਤਾ ਤਾਂ ਇਕ ਪਾਸੇ ਨੂੰ ਡਿੱਗ ਪਿਆ। ਪਾਤਸ਼ਾਹ ਦਾ ਹੁਕਮ ਹੋਇਆ, "ਮਾਨਾ! ਸਾਡੀ ਮਰਜੀ ਹੁਣੇ ਹੀ ਇਥੇ ਅੰਮ੍ਰਿਤਸਰ ਬਣਾ ਦੇਣ ਦੀ ਸੀ, ਹੁਣ ਸਮਾਂ ਪਾ ਕੇ ਬਣੇਗਾ।" ਮਾਨੇ ਨੂੰ ਇਸ ਖੇਡ ਦਾ ਪਤਾ ਲੱਗਾ ਮਹਾਰਾਜ ਜੀ ਤਾਂ ਕੋਈ ਨਕਸ਼ਾ ਬਣਾ ਰਹੇ ਸਨ। ਮੇਰੇ ਪਾਸੋਂ ਭੁੱਲ ਹੋ ਗਈ। ਸੱਤ ਬਚਨ ਕਹਿ ਕੇ ਗੜਵੀ ਵਿਚ ਡੱਕਾ ਖੜ੍ਹਾ ਕਰ ਦੇਣਾ ਚਾਹੀਦਾ ਸੀ। ਮਾਨਾ ਲੱਗਾ ਬੇਨਤੀਆਂ ਕਰਨ, "ਸੱਚੇ ਪਾਤਸ਼ਾਹ! ਮੇਰੀ ਭੁੱਲ ਮੁਆਫ਼ ਕਰੋ ਜੋ ਕੁੱਝ ਆਪ ਜੀ ਬਨਾਉਣਾ ਚਾਹੁੰਦੇ ਸੀ ਸੋਈ ਬਣਾ ਦੇਵੋ," ਮਾਨਾ ਬੇਨਤੀਆਂ ਕਰਦਾ ਬੈਰਾਗ ਕਰਨ ਲੱਗ ਪਿਆ। ਮਹਾਰਾਜ ਜੀ ਨੇ ਮਾਨੇ ਨੂੰ ਧੀਰਜ ਦੇ ਕੇ ਆਖਿਆ, "ਮਾਨਾ! ਤੇਰਾ ਨਗਰ ਤੇ ਵਰਾਂ ਦਾ ਦਾਤਾ ਬਣ ਗਿਆ, ਤੇਰੇ ਪਿੰਡ ਦਾ ਪਾਣੀ ਦੁਖੀਆਂ ਦੇ ਦੁੱਖ ਦੂਰ ਕਰਿਆ ਕਰੇਗਾ, ਮਾਨਾ ਤੇਰੇ ਪਿੰਡ ਵਿਚ ਦੁਨੀਆਂ ਰਾਜ਼ੀ ਹੋ ਕੇ ਜਾਇਆ ਕਰੇਗੀ। ਤੇਰੇ ਪਿੰਡ ਲੋਕੀਂ ਦੂਰੋਂ-ਦੂਰੋਂ ਆ ਕੇ ਦਰਸ਼ਨ ਕਰਿਆ ਕਰਨਗੇ, ਮਾਨਾ ਤੇਰੇ ਪਿੰਡ ਦਾ ਨਾਂ ਦੁੱਖ ਭੰਜਨ ਹੋਵੇਗਾ, ਵਲੈਤਾਂ ਵਿਚ ਇਸ ਦਾ ਨਾਂ ਉੱਘਾ ਹੋਵੇਗਾ।

ਬੈਂਤ

ਪੀਰਾਂ ਪੁਰੀ ਹੈ ਇਸ ਦਾ ਨਾਂ ਧਾਰਿਆ,
ਇਹਨੂੰ ਮੰਨੇਗਾ ਕੁਲ ਜਹਾਨ ਮਾਨਾ।
ਇਹਦੀ ਧੁੰਮ ਪੈਸੀ ਵਿਚ ਦੁਨੀਆਂ ਦੇ
ਮੁਹਰੇ ਨਿਵੇਗਾ ਕੁਲ ਜਹਾਨ ਮਾਨਾ।
ਦੂਰੋਂ ਦੂਰੋਂ ਆਵਣ ਲੋਕੀ ਵਰੋ ਸਾਵਣ,
ਖਾਲੀ ਜਾਵੇ ਨਾ ਕੋਈ ਜਹਾਨ ਮਾਨਾ।
ਜੇ ਕੋਈ ਦੁਖੀ ਆਵੇ ਝਟ ਹੋਏ ਰਾਜੀ,
ਕੋਈ ਲੱਗੇ ਨਾ ਫੀਸ ਜਹਾਨ ਮਾਨਾ।
ਲਾਲੇ ਆਲ ਮਹੱਲੇ ਦਾ ਨਾਂ ਧਰਿਆ,
ਜਿਥੇ ਮਿਲੇਗਾ ਅੰਮ੍ਰਿਤ ਪਾਨ ਮਾਨਾ
ਸੁਕ ਸੜਿਆਂ ਤੇ ਛਾਇਆ ਦੇ ਮਾਰਿਆਂ ਦੇ,
ਕਰੇ ਪਲਕ ਦੇ ਵਿਚ ਕਲਿਆਣ ਮਾਨਾ।

ਇੰਨੇ ਚਿਰ ਨੂੰ ਮਾਨੇ ਦਾ ਪੋਤਰਾ ਗੰਗਾ ਸਿੰਘ ਆਇਆ। ਆ ਕੇ ਚਰਨਾਂ ਤੇ ਨਮਸਕਾਰ ਕੀਤੀ। ਗੰਗਾ ਸਿੰਘ ਵੀ ਮਾਨੇ ਦੇ ਕੋਲ ਹੀ ਬੈਠ ਗਿਆ। ਮਾਨੇ ਨੇ ਦੇਖਿਆ ਕਿ ਇਸ ਵੇਲੇ ਮਹਾਰਾਜ ਬਹੁਤ ਮਿਹਰਾਂ ਦੇ ਘਰ ਵਿਚ ਬੈਠੇ ਹਨ, ਕੁੱਝ ਘਰ ਵਾਸਤੇ ਵੀ ਮੰਗ ਲਈਏ। ਆਪਣੇ ਗੰਗਾ ਸਿੰਘ ਪੋਤਰੇ ਦੀ ਬਾਂਹ ਫੜਕੇ ਬੇਨਤੀ ਕੀਤੀ ਕਿ ਇਸ ਨਲਾਇਕ ਦੀ ਰੋਜ਼ੀ ਦਾ ਕੁੱਝ ਬਣਾ ਦੇਵੋ। ਆਪ ਜੀ ਸਾਰੇ ਖ਼ਜਾਨੇ ਦੇ ਮਾਲਿਕ ਹੋ, ਇਹ ਬਹੁਤ ਨਲਾਇਕ ਹੈ ਕੋਈ ਕੰਮ ਕਾਰ ਨਹੀਂ ਕਰਦਾ, ਇਹ ਤਾਂ ਅਵਾਰਾ ਹੀ ਫਿਰਦਾ ਰਹਿੰਦਾ ਹੈ, ਇਸ ਨੂੰ ਸੁਮੱਤ ਬਖਸ਼ੋ ਜੀ। ਮਹਾਰਾਜ ਜੀ ਨੇ ਗੰਗਾ ਸਿੰਘ ਵੱਲ ਮਿਹਰ ਦੀ ਨਿਗ੍ਹਾ ਭਰ ਕੇ ਤੱਕਿਆ। ਹੁਕਮ ਕੀਤਾ, "ਮਾਨਾ! ਜਾਉ! ਦੋ ਰੋਟੀਆਂ ਇਸ ਦੀਆਂ ਹਮ ਨੇ ਲਾ ਦਿੱਤੀਆਂ ਹਨ।" ਪਤਾ ਨਹੀਂ ਉਸ ਇਲਾਹੀ ਪ੍ਰੀਤਮ ਦੀ ਇਕ ਵਾਰ ਤੱਕਣੀ ਵਿਚ ਕੀ ਸ਼ਕਤੀ, ਬਰਕਤਾਂ ਸਨ ਗੰਗਾ ਸਿੰਘ ਦੇ ਅੰਦਰ ਸੁਗੰਧੀ ਵਾਂਗ ਸੱਚਾ ਉਪਦੇਸ਼ ਰਚ ਗਿਆ। ਇਕ ਮਹੀਨੇ ਦੇ ਅੰਦਰ-ਅੰਦਰ ਹੀ ਫ਼ੌਜ ਵਿਚ ਜਾ ਭਰਤੀ

ਹੋਇਆ। ਚੰਗਾ ਲੋਕ ਸਿਪਾਹੀ ਬਣ ਗਿਆ। ਤਿੰਨ ਸਾਲ ਜਦ ਨੌਕਰੀ ਕਰਦੇ ਨੂੰ ਹੋ ਗਏ, ਇਕ ਬਾਜ਼ੂ ਤੇ ਜ਼ਖ਼ਮ ਹੋ ਗਿਆ, ਸਾਹਿਬ ਦੇ ਪੇਸ਼ ਕੀਤਾ। ਹੁਕਮ ਤੇ ਪਹਿਲਾਂ ਹੀ ਜ਼ਾਰੀ ਹੋ ਚੁੱਕਾ ਸੀ। ਦਰਗਾਹੀ ਕਲਮ ਵਹਿ ਚੁੱਕੀ ਸੀ, ਹੁਕਮ ਹੋਇਆ, ਜਾਓ ਪੈਨਸ਼ਨੀਆਂ ਨਾਮ ਦਰਜ ਕੀਤਾ ਗਿਆ। ਘਰ ਜਾਣ ਦੀ ਇਜਾਜ਼ਤ ਦਿੱਤੀ ਗਈ। ਗੰਗਾ ਸਿੰਘ ਨੇ ਹੁਣ ਸਾਰੀ ਜ਼ਿੰਦਗੀ ਦਾ ਰਾਸ਼ਨ ਬੁੱਕ ਕਰਵਾ ਲਿਆ। ਵਾਹਵਾ ਮੇਰੇ ਸਾਹਿਬ ਤੇਰੀਆਂ ਗੁੱਝੀਆਂ ਰਮਜ਼ਾਂ ਦਾ ਕੌਣ ਭੇਦ ਪਾ ਸਕਦਾ ਹੈ?

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਸਾਹੀ ਲਸਕਰ ਕਰੇ ਸੁਆਹ॥

ਗੰਗਾ ਸਿੰਘ ਪਿੰਡ ਝਿਗੜੀਂ ਬੜੀ ਆਰਾਮ ਦੀ ਜ਼ਿੰਦਗੀ ਬਸਰ ਕਰ ਰਿਹਾ ਹੈ, ਪੈਨਸ਼ਨ ਲੱਗੀ ਹੋਈ ਹੈ।

ਬੋਲੋ ਜੀ ਭਾਈ ਵਾਹਿਗੁਰੂ॥

ਸਾਖੀ ਸੰਤ ਭੂਰੀ ਵਾਲਿਆਂ ਦੀ ਹੋਈ

ਇਕ ਦਿਨ ਮਹਾਰਾਜ ਜੀ ਪਿੰਡ ਮੱਲ੍ਹੇ ਵੱਲ੍ਹ ਟਹਿਲਦੇ ਜਾ ਨਿਕਲੇ। ਭਾਈ ਜਵਾਹਰ ਸਿੰਘ ਦਾ ਪੋਤਰਾ ਇੰਦਰ ਸਿੰਘ ਦਾ ਪੁੱਤਰ ਚਰਨ ਸਿੰਘ ਜਿਸਨੂੰ ਮਹਾਰਾਜ ਜੀ ਮੰਜੀ ਨਾਲ ਉਠਾਈ ਲਿਜਾ ਰਹੇ ਸਨ, ਹੁਕਮ ਕੀਤਾ, "ਬੂਝਾ! ਬਾਗ ਵਿਚ ਚਲਿਆ ਚਲ।" ਸਿੱਧੇ ਖੇਤੋਂ ਖੇਤ ਮੱਲ੍ਹੇ ਦੇ ਬਾਗ ਵਿਚ ਚਲ ਵੜੇ। ਇੱਕ ਪੱਧਰੇ ਜਿਹੇ ਥਾਂ ਮੰਜੀ ਡਾਹਕੇ ਆਪ ਬੈਠ ਗਏ। ਇੰਨੇ ਚਿਰ ਨੂੰ ਮਾਨਾ ਸਰਦਾਈ ਲੈ ਕੇ ਪਹੁੰਚ ਗਿਆ। ਚਰਨ ਸਿੰਘ ਨੂੰ ਮਹਾਰਾਜ ਜੀ ਆਖਣ ਲੱਗੇ, "ਬੂਝਾ। ਜਾਉ ਭੂਰੀ ਵਾਲੇ ਪਰਮ ਹੰਸ ਨੂੰ ਬੁਲਾ ਲਿਆਉ।" ਮਾਨੇ ਨੂੰ ਆਖਣ ਲੱਗੇ, "ਭੂਰੀ ਵਾਲੇ ਚੰਗੇ ਬਰਕਤ ਵਾਲੇ ਸਾਧੂ ਹਨ, ਜੇ ਅਸੀਂ ਕਿਤੋਂ ਨਾ ਮਿਲੀਏ ਤਾਂ ਇਸਦੀ ਸੇਵਾ ਹੀ ਕਰ ਲਿਆ ਕਰੀਂ ਇਨ੍ਹਾਂ ਦੀ ਹੀ ਸੇਵਾ ਸਾਡੀ

ਸੇਵਾ ਹੈ। ਸੁਰਾਂ ਮੇਰੇ ਵਿਚ ਹੀ ਆਣ ਮਿਲਦੀਆਂ ਹਨ।" ਭੂਰੀ ਵਾਲੇ ਸੰਤ ਬਹੁਤੇ ਚੰਗੇ ਅਤੇ ਰੰਗੇ ਹੋਏ ਸਾਧੂ ਸਨ। ਇਨ੍ਹਾਂ ਦੀ ਚਾਲੀ ਬੜੀ ਉਚੀ ਤੇ ਸੁੱਚੀ ਸੀ। ਇਨ੍ਹਾਂ ਦੀ ਸਮਾਧ ਪਿੰਡ ਮਾਹਲੀਂ ਬਣੀ ਹੋਈ ਹੈ। ਪਿੰਡ ਮੱਲ੍ਹੇ ਬੇਦੀਆਂ ਦੇ ਪਾਸੇ ਵੱਲ੍ਹ। ਇਨ੍ਹਾਂ ਦੇ ਪਿੰਡ ਮੱਲ੍ਹੇ ਬਹੁਤ ਹੀ ਸੇਵਕ ਸਨ। ਕਿਸੇ ਨੂੰ ਕੀ ਪਤਾ ਕਿ ਮਹਾਰਾਜਾ ਰਾਜਾ ਸਾਹਿਬ ਜੀ ਬਾਗ ਵਿਚ ਕੀ ਕਾਰਜ ਸਵਾਰਨ ਵਾਸਤੇ ਆਏ ਹਨ? ਪਿੰਡ ਮੱਲ੍ਹੇ ਕੋਈ ਕਹਿਰ ਗੁਜ਼ਰਨ ਵਾਲਾ ਸੀ। ਇਸ ਆਉਣ ਵਾਲੀ ਅਲਾਮਤ ਨੂੰ ਦੁਨੀਆਂ ਦੇ ਮਾਲਿਕ ਜੀਵਾਂ ਦੀ ਰੱਖਿਆ ਕਰਨ ਹਾਰੇ ਸੰਤ ਭੂਰੀ ਵਾਲੇ ਦੇ ਭਗਤਾਂ ਨੂੰ ਪਾਪ ਕਰਨ ਤੋਂ ਬਚਾਵਣ ਵਾਸਤੇ ਆਪਣੇ ਪਿਆਰੇ ਭਗਤ ਸੰਤ ਭੂਰੀ ਵਾਲੇ ਸੇਵਾਦਰ ਸਮਝਕੇ ਮਿਹਰਵਾਨ, ਭਗਤ ਵਛਲ, ਅਨਾਥਾਂ ਦੇ ਨਾਥ ਆਉਣ ਵਾਲੇ ਸਮੇਂ ਨੂੰ ਸਮਝਕੇ, (ਲੜਾਈ ਭਵਿੱਖਤ ਹੋਣ ਵਾਲੀ ਸੀ) ਪਰਉਪਕਾਰੀ ਇਸ ਬਾਗ ਵਿਚ ਅਮਨ ਦਾ ਝੰਡਾ ਗੱਡਕੇ ਬੈਠ ਗਏ। ਇਸ ਅਮਨ ਦੇ ਝੰਡੇ ਵਿਚੋਂ ਈਰੰਖਾ ਦੀ ਅੱਗ ਵਿਚ ਸੜਦੇ ਹੋਏ ਲੋਕਾਂ ਨੂੰ ਠੰਢ ਤੇ ਸੀਤਲਤਾ ਬਖਸ਼ਣਹਾਰੀ ਐਸੀ ਹਵਾ ਛੱਡੀ। ਇੰਨੇ ਚਿਰ ਨੂੰ ਇਕ ਦੀਵਾਨ ਸਿੰਘ ਨਾਂ ਦਾ ਬੰਦਾ ਬਾਗ ਵਿਚ ਆਇਆ। ਦੀਵਾਨ ਸਿੰਘ ਨੇ ਵੇਖਿਆ ਮਹਾਰਾਜ ਜੀ ਸਾਡੇ ਪਿਆਰੇ ਪ੍ਰੀਤਮ ਆਏ ਨੇ। ਜਿਵੇਂ ਭੌਰ ਫੁੱਲਾਂ ਤੇ ਲਿਪਟ ਜਾਂਦਾ ਹੈ, ਮਹਾਰਾਜ ਜੀ ਦੇ ਚਰਨਾਂ ਤੇ ਢਹਿ ਪਿਆ। ਆਖਣ ਲੱਗਾ, "ਜੀ! ਸਾਡੇ ਧੰਨ ਭਾਗ ਹੈ, ਆਪ ਜੀ ਨੇ ਦਰਸ਼ਨ ਦੇ ਕੇ ਨਿਹਾਲ ਕੀਤਾ, ਦਾਸ ਨੂੰ ਹੁਕਮ ਹੋਵੇ ਛਕਣ ਵਾਸਤੇ ਕੀ ਲਿਆਵਾਂ?" ਮਹਾਰਾਜ ਆਖਣ ਲੱਗੇ, "ਕਾਕਾ! ਪਹਿਲਾਂ ਭੂਰੀ ਵਾਲਿਆਂ ਨੂੰ ਸੱਦਕੇ ਲਿਆਓ, ਪਿੰਡ ਵਿਚ ਕਲੇਸ਼ ਵਧ ਗਿਆ ਹੈ।" ਇੰਨੇ ਚਿਰ ਨੂੰ ਸੰਤ ਭੂਰੀ ਵਾਲੇ ਵੀ ਆ ਗਏ। ਸੰਤਾਂ ਨੇ ਆ ਕੇ ਨਮਸਕਾਰ ਕੀਤੀ। ਮਹਾਰਾਜ ਜੀ ਨੇ ਅੱਗੋਂ ਫੜ ਕੇ ਹੁਕਮ ਕੀਤਾ, "ਸੰਤ ਜੀ! ਪਿੰਡ ਵੱਲ੍ਹ ਬਹੁਤ ਜਲਦੀ ਚਲੇ ਜਾਓ, ਤੁਹਾਡੇ ਜਾਣ ਨਾਲ ਭਲਾ ਹੋਵੇਗਾ। ਪਿੰਡ ਦੋ ਧੜੇ ਹੋ ਕੇ ਲੜਨ ਵਾਸਤੇ ਤਿਆਰ ਹੈ। ਪਿੰਡ ਵਿਚ ਕਲਜੋਗਣਾਂ ਦਾ ਪਹਿਰਾ ਹੈ।" ਸੰਤ ਭੂਰੀ ਵਾਲੇ ਆਖਣ, "ਸੱਤ ਬਚਨ ਮਹਾਰਾਜ, ਤੁਸੀਂ ਨਾਲ ਚਲੋ। ਸਾਧੂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ, ਇਹ ਕਿਸੇ ਦਾ ਬੁਰਾ ਹੁੰਦਾ ਦੇਖ ਕੇ ਸਹਾਰ ਨਹੀਂ ਸਕਦੇ।" ਸੰਤਾਂ ਦਾ ਸਰੀਰ ਪਾਣੀ-ਪਾਣੀ ਹੋ ਗਿਆ। ਸੰਤ ਪਾਤਸ਼ਾਹ ਦੀ

ਬਾਂਹ ਫੜਕੇ ਆਖਣ, "ਆਪ ਵੀ ਸਾਡੇ ਨਾਲ ਹੀ ਚਲੋ, ਪਾਰਟੀ ਬੜੀ ਖਤਰਨਾਕ ਚਲ ਰਹੀ ਹੈ, ਅੱਜ ਇਸ ਪਾਰਟੀ ਦਾ ਝਗੜਾ ਆਪ ਜੀ ਦੀ ਮਿਹਰ ਦੇ ਨਾਲ ਦੂਰ ਹੋਵੇਗਾ।" ਮਹਾਰਾਜ ਜੀ ਨੇ ਆਖਿਆ, "ਚਲੋ ਅਸੀਂ ਆ ਰਹੇ ਹਾਂ।" ਭੂਰੀ ਵਾਲੇ ਸੰਤ ਹਵਾ ਨਾਲੋਂ ਤੇਜ਼ ਰਫ਼ਤਾਰ ਨਾਲ ਪਿੰਡ ਵੱਲ੍ਹ ਚਲ ਪਏ। ਸੰਤਾਂ ਦਾ ਕਲੇਜਾ ਧੱਕ-ਧੱਕ ਕਰਦਾ ਸੀ ਕਿ ਸਾਡੇ ਜਾਣ ਤੋਂ ਪਹਿਲਾ ਕਿਤੇ ਫਸਾਦ ਨਾ ਹੋ ਜਾਵੇ। ਕਿਉਂਕਿ ਮਹਾਂਪੁਰਸ਼ਾਂ ਦਾ ਹਿਰਦਾ ਫੁੱਲਾਂ ਵਰਗਾ ਕੋਮਲ, ਅਕਾਸ਼ ਵਰਗਾ ਨਿਰਮਲ, ਦੂਈ ਦਵੈਤ ਤੋਂ ਵਾਂਝਾ ਹੁੰਦਾ ਹੈ, ਕਿਸੇ ਦਾ ਬੁਰਾ ਨਹੀਂ ਹੋਣ ਦੇਣਾ ਚਾਹੁੰਦੇ, ਹਿਰਦੇ ਵਿਚ ਦਇਆ ਦਾ ਬਾਗ ਪਰਫੁਲਤ ਹੁੰਦਾ ਹੈ, ਜਿਥੇ ਦਇਆ ਹੋਵੇ ਉੱਥੇ ਧਰਮ ਦਾ ਨਿਵਾਸ ਹੁੰਦਾ ਹੈ। ਇਸ ਕਰਕੇ ਸੰਤ ਕਾਲਜਾ ਫੜੀ ਪਿੰਡ ਵੱਲ੍ਹ ਭੱਜੇ ਜਾ ਰਹੇ ਸਨ। ਸੰਤ ਜੀ ਸਾਹਿਬ ਇਕ ਵਾੜੇ ਵਿਚ ਦੀ ਸਿੱਧੇ ਜਿੱਥੇ ਬਹੁਤ ਬੱਚਿਆਂ ਦੇ ਲਲਕਾਰੇ ਵਜਦੇ ਸੁਣਾਈ ਦਿੰਦੇ ਸਨ, ਉਧਰ ਰਵਾਂ-ਰਵੀਂ ਸਰਕੀ ਜਾ ਰਹੇ ਸਨ। ਹਾਲੇ ਲੜਨ ਵਾਲੀ ਪਾਰਟੀ ਤੋਂ ਪਿੱਛੇ ਹੀ ਸਨ। ਅੱਗੋਂ ਦੋਨਾਂ ਪਾਸਿਆਂ ਦੇ ਬੰਦੇ ਇਕ ਦੂਜੇ 'ਤੇ ਗੰਡਾਸੇ ਬਰਛੀਆਂ ਦਾ ਵਾਰ ਕਰਨ ਵਾਲੇ ਹੀ ਸਨ। ਸੰਤ ਭੂਰੀ ਵਾਲਿਆਂ ਤੋਂ ਮੋਹਰੇ ਜਾ ਕੇ ਚਿੱਟੇ ਰੰਗ ਦੀ ਚਿੱਟੀ ਧੁੱਪ ਵਰਗੀ ਗਲ ਅਲਫ਼ੀ, ਗੋਲ ਗੋਲ ਬਾਹਵਾਂ, ਨੱਕ ਖੰਡੇ ਦੀ ਧਾਰ, ਮਸਤਕ ਉੱਚਾ, ਨੈਣ ਨਸ਼ੀਲੇ, ਹਸਮੁਖ ਚਿਹਰਾ, ਸੀਸ 'ਤੇ ਸੋਨੇ ਰੰਗਾ ਜੜਾਅ ਬਿਜਲੀ ਦੀ ਝਲਕ ਵਾਂਗ ਦੋਹਾਂ ਪਾਰਟੀਆਂ ਵਿਚਕਾਰ ਜਾ ਕੇ ਹੱਥ ਖੜ੍ਹਾ ਕੀਤਾ। ਇੰਨੇ ਚਿਰ ਨੂੰ ਸੰਤ ਵੀ ਪਹੁੰਚ ਗਏ। ਖਬਰੇ ਕਿਸ ਨੇ ਹੱਥ ਉਠਾਇਆ? ਇਕ ਦੂਜੇ 'ਤੇ ਸੰਤ ਜੀ ਹੈਰਾਨ ਸਨ। ਜਦੋਂ ਮਹਾਰਾਜ ਜੀ ਨੂੰ ਆਪ ਤੋਂ ਮੋਹਰੇ ਲੜਾਈ ਦੇ ਮੈਦਾਨ ਅੰਦਰ ਖੜ੍ਹਿਆਂ ਨੂੰ ਦੇਖਿਆ, ਲੜਨ ਵਾਲੀਆਂ ਦੋਨੋਂ ਪਾਰਟੀਆਂ ਦੇ ਸਰੀਰ ਸੁੰਨ ਹੋ ਗਏ। ਇੰਨੇ ਭੈਅ ਵਿਚ ਹੋਏ, ਪਤਾ ਨਹੀਂ ਕਿੱਧਰੇ ਅੰਦਰੀਂ ਜਾ ਲੁਕੇ, ਕੋਈ ਬੰਦਾ ਸੰਤ ਜੀ ਮਹਾਰਾਜ ਦੇ ਸਾਹਮਣੇ ਨਾ ਝਰਦਾ ਆਵੇ। ਸਭ ਮੱਲ੍ਹੇ ਦੇ ਲੋਕੀਂ ਇਤਨਾ ਅਦਬ ਤੇ ਭੈਅ ਰਖਦੇ ਸਨ। ਮਹਾਰਾਜ ਜੀ ਇਤਨੀ ਝਾਕੀ ਦੇ ਕੇ ਕਿੱਧਰੇ ਅਲੋਪ ਹੋ ਗਏ। ਜਦੋਂ ਮਾਨੇ, ਦੀਵਾਨ ਸਿੰਘ ਤੇ ਚਰਨ ਸਿੰਘ ਨੂੰ ਪਤਾ ਲੱਗਾ ਮਹਾਰਾਜ ਜੀ ਨੇ ਪਿੰਡ ਵਿਚ ਜਾ ਕੇ ਲੜਾਈ ਬੰਦ ਕੀਤੀ, ਬੜੇ ਹੈਰਾਨ ਹੋਏ। ਮਹਾਰਾਜ ਜੀ ਤਾਂ ਸਾਡੇ ਕੋਲੋਂ ਗਏ ਹੀ ਨਹੀਂ। ਸਾਡੇ

ਦੇਖਦਿਆਂ-ਦੇਖਦਿਆਂ ਇਥੇ ਹੀ ਰਹੇ ਹਨ। ਮਹਾਰਾਜ ਜੀ ਦਾ ਹੁਕਮ ਹੋਇਆ, "ਬੂਝਾ! ਮੰਜੀ ਚੁੱਕ ਆਪਾਂ ਚੱਲੀਏ।" ਮਹਾਰਾਜ ਜੀ ਉਥੋਂ ਉੱਠ ਕੇ ਪਿੰਡ ਝਿਗੜਾਂ ਵੱਲ੍ਹ ਆ ਗਏ। ਪਿੱਛੋਂ ਸੰਤ ਭੂਰੀ ਵਾਲਿਆਂ ਨੇ ਸਾਰਾ ਪਿੰਡ ਇਕੱਠਾ ਕਰਕੇ ਰਾਜ਼ੀਨਾਮਾ ਕਰਵਾਇਆ ਤੇ ਕਸਮਾਂ ਦੁਆਈਆਂ ਜੇ ਫਿਰ ਕਦੀ ਇਹੋ ਜਿਹਾ ਕੰਮ ਕੀਤਾ ਤਾਂ ਅਸੀਂ ਮੱਲ੍ਹੇ ਪਿੰਡ ਵਿਚ ਪੈਰ ਨਾ ਪਾਵਾਂਗੇ। ਬਹੁਤ ਸਾਰੀਆਂ ਹਦਾਇਤਾਂ ਕਰਕੇ ਮੱਲ੍ਹੇ ਪਿੰਡ ਵਿਚ ਅਮਨ ਕੀਤਾ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਵਤਨ ਸਿੰਘ ਨੂੰ ਪੁੱਤਰ ਬਖਸ਼ਿਸ਼ ਕਰਨ ਦੀ ਚੱਲੀ

ਇਕ ਦਿਨ ਮਹਾਰਾਜ ਜੀ ਝਿਗੜਾਂ ਤੋਂ ਉੱਠ ਕੇ ਦਰਿਆ ਵੱਲ੍ਹ ਚਲੇ ਗਏ। ਸੱਤ ਦਿਨ ਇਸੇ ਹੀ ਪਾਸੇ ਆਪ ਜੀ ਰਹੇ, ਸਾਵਣ ਦੇ ਦਿਨ ਸਨ। ਬਾਰਿਸ਼ਾਂ ਪੈ ਰਹੀਆਂ ਸਨ। ਵਣ-ਪਰਬਤ ਬਨਾਸਪਤੀ 'ਤੇ ਸਭ ਪਾਸੀਂ ਨੂਰ ਦਾ ਖੇੜਾ ਖਿੜਿਆ ਹੋਇਆ ਸੀ। ਸਭ ਪਾਸੇ ਖੁਸ਼ੀ ਹੀ ਖੁਸ਼ੀ ਨੱਚ ਰਹੀ ਸੀ। ਚਾਰੇ ਪਾਸੇ ਬਹਾਰ ਛਾਈ ਹੋਈ ਸੀ। ਦਰਿਆਵਾਂ ਦਾ ਪਾਣੀ ਛੱਲਾਂ ਮਾਰਦਾ ਸੀ, ਮਿਨ੍ਹੀ ਮਿਨ੍ਹੀ ਪੌਣ ਰੁਮ੍ਹਕ ਰਹੀ ਸੀ। ਇਹੋ ਜਿਹੇ ਸੁਹਾਣੇ ਸਮੇਂ ਵਿਚ ਕਿਤੇ ਸੁੱਕੇ ਤੇ ਨਿਭਾਗੇ ਖੂਹਾਂ ਨੂੰ ਹਰੇ ਕਰਦੇ ਹੋਏ, ਔਂਤਰੇ ਜਾਂਦੇ ਘਰਾਂ ਨੂੰ ਸੌਂਤਰ ਬਣਾਉਂਦੇ ਹੋਏ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਸਤਲੁਜ ਦਰਿਆ ਦੀਆਂ ਛੱਲਾਂ ਦੇਖ ਕੇ ਸਿੱਧੇ ਹੀ ਮੋਰੋਂ ਵਾਲੇ ਢੱਕ ਦੇ ਵਿਚ ਦੀ ਹੁੰਦੇ ਹੋਏ ਰਟੈਂਡੇ ਵੱਲ੍ਹ ਦੇ ਪਾਸੇ ਝਿਗੜਾਂ ਦੀ ਜੂਹ ਵਿਚ ਭੁੱਲੇ ਨੰਬਰਦਾਰ ਦੇ ਖੂਹ 'ਤੇ ਇਕਾਂਤ ਵਿੱਚ ਢਲੇ ਦਿਨ ਆਣ ਖੜ੍ਹੇ ਹੋਏ। ਨਿਰੰਕਾਰ ਨਾਲ ਲਿਵ ਜੁੜੀ ਨਜ਼ਰ ਚੌਦਾਂ ਤਬਕਾਂ 'ਤੇ ਜਾ ਫਿਰੀ। ਐਸਾ ਦਿਲ ਪ੍ਰਭੂ ਦੀ ਰਚਨਾ ਦੇਖਕੇ ਵਿਸਮਾਦ ਵਿਚ ਹੋਇਆ। ਸੁਰਤ ਕਰਤਾਰ ਦੇ ਨਾਮ ਜੁੜਨ ਸਾਰ ਹੀ ਸਭ ਪਾਸੀਂ ਜਾ ਫਿਰੀ। ਕਿਸੇ ਪਾਸੇ ਕੋਈ ਹਸਦਾ ਤੇ ਕੋਈ ਰੋ ਰਿਹਾ ਹੈ। ਇਸ ਮਹਾਂ ਬਲੀ ਅਵਤਾਰ ਦੀ ਨਜ਼ਰ ਜਦੋਂ ਤਿੰਨ ਲੋਕਾਂ ਵਿਚ ਫਿਰੀ, ਪਿੰਡ ਝਿਗੜੀਂ ਕੋਈ ਰੋਂਦਾ ਨਜ਼ਰੀਂ ਪਿਆ। ਅੱਜ ਇਸ ਦੁਖੀ ਵਲੋਂ ਰਹਿਮਤ ਦੀ ਨਜ਼ਰ ਨਾਲ ਤੱਕਿਆ ਗਿਆ। ਰੋਂਦਾ ਨਜ਼ਰੀਂ ਨਹੀਂ ਪਵੇਗਾ,

ਪਿਛਲਾ ਰੋਇਆ ਹੋਇਆ ਵੀ ਭੁਲ ਜਾਵੇਗਾ, ਅੱਜ ਇਸ ਦੁਖੀ ਦਾ ਨਾਂ ਦੁਨੀਆਂ ਵਿਚ ਰੌਸ਼ਨ ਕੀਤਾ ਜਾਵੇਗਾ, ਅੱਜ ਦੁਖੀ ਦੀ ਗੋਦ ਵਿਚ ਭਗਤ ਪੈਦਾ ਹੋਣ ਦਾ ਵਰ ਮਿਲ ਜਾਵੇਗਾ ਅਤੇ ਇਸ ਦੁਖੀ ਦੀ ਫਰਿਆਦ ਇਲਾਹੀ ਦਰਬਾਰ ਵਿਚ ਸੁਣੀ ਜਾਵੇਗੀ। ਮਹਾਰਾਜ ਜੀ ਮਿਹਰ ਦੇ ਦਾਤੇ ਖੰਡਾਂ ਬ੍ਰਹਿਮੰਡਾਂ ਦੇ ਮਾਲਿਕ ਵਤਨ ਸਿੰਘ ਦੇ ਖੂਹ 'ਤੇ ਦੋ ਵਜੇ ਦਿਨ ਦੇ ਚਲੇ ਗਏ। ਵਤਨ ਸਿੰਘ ਅਤੇ ਮੋਤਾ ਸਿੰਘ ਨੂੰ ਉਠਾਕੇ ਹੁਕਮ ਕੀਤਾ, "ਵਤਨ! ਜਾਉ ਪਿੰਡ ਜਾ ਕੇ ਇੰਦਰ ਸਿੰਘ ਨੂੰ ਆਖਣਾ ਦੋ ਸੇਰ ਖੰਡ ਲੈ ਕੇ ਆਵੇ ਪਾਣੀ ਤੇਰੇ ਖੂਹ ਦਾ ਪਾ ਲਵਾਂਗੇ।" ਮੋਤਾ ਸਿੰਘ ਡਾਹੀ ਹੋਈ ਮੰਜੀ ਕੋਲ ਬੈਠ ਗਿਆ। ਚਰਨ ਫੜਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਦੁੱਧ ਤੇ ਮਿੱਠਾ ਮੈਂ ਆਪਣੇ ਘਰ ਵਿਚੋਂ ਹੀ ਲੈ ਆਵਾਂਗਾ।" ਮਹਾਰਾਜ ਜੀ ਕਹਿੰਦੇ, "ਨਹੀਂ ਇੰਦਰ ਨੂੰ ਹੀ ਆਖਣਾ।" ਵਤਨ ਸਿੰਘ ਦਾ ਖੂਹ ਪਿੰਡੋਂ ਇਕ ਮੀਲ 'ਤੇ ਹੈ ਪਿੰਡ ਦਾ ਕੋਈ ਪਤਾ ਨਹੀਂ ਕੀ ਗੁਜ਼ਰ ਰਿਹਾ ਹੈ? ਪਿੰਡ ਗਿਆ ਤਾਂ ਸਾਰੇ ਲੁਹਾਰ ਵਤਨ ਸਿੰਘ ਦੇ ਕਾਰਖਾਨੇ ਅਫ਼ਸੋਸ ਵਿਚ ਬੈਠੇ ਸਨ। ਵਤਨ ਸਿੰਘ ਨੇ ਜਾ ਕੇ ਪੁੱਛਿਆ ਤਾਂ ਪਤਾ ਲੱਗਾ, ਕਿ ਵਤਨ ਸਿੰਘ ਦਾ ਲੜਕਾ ਗੁਜ਼ਰ ਗਿਆ ਹੈ। ਚਾਰੇ ਬੱਚੇ ਇਸ ਤੋਂ ਪਹਿਲਾਂ ਮਰ ਚੁੱਕੇ ਸਨ। ਵਤਨ ਸਿੰਘ ਦਾ ਦਿਲ ਟੁੱਟ ਗਿਆ ਸੀ। ਧਾਹਾਂ ਮਾਰ-ਮਾਰ ਕੇ ਰੋ ਰਿਹਾ ਸੀ, ਇਸ ਦੇ ਭਾਅ ਦਾ ਧਰਤੀ ਦਾ ਤਖ਼ਤ ਹੀ ਉਲਟਿਆ ਹੋਇਆ ਸੀ। ਮਾਈ ਸੰਤੀ ਨੂੰ ਵੀ ਗਸ਼ੀ ਤੇ ਗਸ਼ੀ ਪੈ ਰਹੀ ਸੀ। ਵਤਨ ਸਿੰਘ ਨੇ ਕੁੱਝ ਦੇਰ ਬੈਠ ਕੇ ਇੰਦਰ ਸਿੰਘ ਨੂੰ ਮਹਾਰਾਜ ਜੀ ਦਾ ਸੁਨੇਹਾ ਕਹਿ ਸੁਣਾਇਆ। ਵਤਨ ਕਹਿੰਦਾ ਤੁਸੀਂ ਅਫ਼ਸੋਸ ਵਿਚ ਬੈਠੇ ਹੋ ਦੁੱਧ ਤੇ ਖੰਡ ਮੈਂ ਆਪਣੇ ਹੀ ਘਰੋਂ ਲੈ ਜਾਂਦਾ ਹਾਂ। ਵਤਨ ਸਿੰਘ ਆਖਣ ਲੱਗਾ ਨਹੀਂ ਜੋ ਸਤਿਗੁਰੂ ਦਾ ਹੁਕਮ ਹੈ ਵੈਸੇ ਹੀ ਕਰਾਂਗਾ। ਵਤਨ ਸਿੰਘ ਨੇ ਆਖਿਆ, "ਇੰਦਰ ਸਿੰਘ! ਝਟ ਪਟ ਜਾਉ ਇਹ ਦੁਨੀਆਂ ਦੇ ਰਿਸ਼ਤੇ ਤਾਂ ਝੂਠੇ ਹੀ ਹਨ ਕਦੇ ਜੁੜ ਜਾਂਦੇ ਹਨ, ਕਦੀ ਟੁੱਟ ਜਾਂਦੇ ਹਨ, ਮੇਰੀ ਉਸ ਪ੍ਰੀਤਮ ਜੀ ਦੇ ਨਾਲ ਬਣੀ ਰਹੇ।" ਇੰਦਰ ਸਿੰਘ ਜੀ ਨੇ ਘਰ ਜਾ ਕੇ ਸਾਰਾ ਹੀ ਕਾੜ੍ਹਨਾ ਦੁੱਧ ਵਾਲਾ ਪਾ ਕੇ ਇਕ ਵਲਟੋਹੀ ਦੁੱਧ ਦੀ ਭਰ ਲਈ ਖੰਡ ਦੀ ਪਰਾਤ ਭਰ ਲਈ, ਦੁੱਧ ਆਪ ਚੁੱਕ ਲਿਆ, ਖੰਡ ਦੀ ਪਰਾਤ ਵਤਨ ਸਿੰਘ ਨੂੰ ਚੁਕਾ ਦਿੱਤੀ। ਆਪ ਜੀ ਦਾ ਸਿਦਕੀ ਸਿੱਖ ਇੰਦਰ

ਸਿਘ ਆਪਣੇ ਸਕੇ ਭਾਈ ਦੇ ਪੁੱਤਰ ਦਾ ਸਿਵਾ ਜਲਦਾ ਛੱਡ ਕੇ ਸਤਿਗੁਰਾਂ ਦਾ ਹੁਕਮ ਨਾਮਾ ਸੁਣ ਕੇ ਇਕ ਮਿੰਟ ਵੀ ਨਹੀਂ ਠਹਿਰ ਸਕਿਆ। ਦੁੱਧ ਮਿੱਠਾ ਲੈ ਕੇ ਹਾਜ਼ਿਰ ਹੋਇਆ, ਜਾ ਕੇ ਚਰਨਾਂ 'ਤੇ ਢਹਿ ਪਿਆ, ਗਲ ਪੱਲਾ ਪਾ ਕੇ ਬੇਨਤੀ ਕੀਤੀ, "ਦਾਸ ਨੂੰ ਕੀ ਹੁਕਮ ਹੈ? ਦੁੱਧ ਖੰਡ ਹਾਜ਼ਿਰ ਹੈ, "ਇੰਦਰ! ਜਲ ਬਣਾਕੇ ਰਾਹੀਆਂ ਤੇ ਘਾਹੀਆਂ ਨੂੰ ਪਿਲਾ ਦੇਹ।" ਇੰਦਰ ਨੇ ਜਲ ਬਣਾ ਕੇ ਬੇਨਤੀ ਕੀਤੀ, "ਪਹਿਲਾਂ ਆਪ ਛਕੋ।" ਹੁਕਮ ਹੋਇਆ ਪਹਿਲੇ ਭੁੱਲੇ ਨੰਬਰਦਾਰ ਨੂੰ ਪਿਲਾ। ਭੁੱਲੇ ਨੂੰ ਸੱਦ ਕੇ ਪਹਿਲਾਂ ਪਾਣੀ ਪਿਲਾਇਆ ਪਿਛੋਂ ਭਾਈਆਂ ਨੂੰ ਤੇ ਰਾਹੀਆਂ ਨੂੰ ਪਿਲਾਇਆ, ਪਾਣੀ ਕਾਫ਼ੀ ਬਚ ਗਿਆ। ਮਹਾਰਾਜ ਜੀ ਨੇ ਵਤਨ ਸਿਘ ਨੂੰ ਆਖਿਆ ਉਹ ਭਲਵੰਡੀ ਦੇ ਹਾਲੀ ਹਲ ਚਲਾ ਰਹੇ ਹਨ ਬੂਬੇ ਖਾਂ, ਅਨੈਤ ਖਾਂ, ਗੋਰ ਅਲੀ ਤਿੰਨੇ ਭਰਾ ਹਲ ਚਲਾ ਰਹੇ ਸਨ। ਮਹਾਰਾਜ ਜੀ ਕਹਿੰਦੇ ਇਨ੍ਹਾਂ ਨੂੰ ਪਾਣੀ ਪਿਲਾ ਦਿਉ। ਜਲ ਤੋਂ ਵਿਹਲਿਆਂ ਹੋ ਕੇ ਇੰਦਰ ਸਿਘ ਜੀ ਨੇ ਬੇਨਤੀ ਕੀਤੀ, "ਮਹਾਰਾਜ! ਵਤਨ ਸਿਘ ਦਾ ਚੌਥਾ ਲੜਕਾ ਵੀ ਮਰ ਗਿਆ ਹੈ, ਵਤਨ ਸਿਘ ਤੇ ਬਹੁਤ ਹੀ ਓਦਰੇ ਹੋਏ ਹਨ, ਆਪ ਜੀ ਚਲੋ ਕੁੱਝ ਧੀਰਜ ਦੇਵੋ, ਆਪ ਜੀ ਤੋਂ ਬਿਨਾਂ ਦੁਖੀਆਂ ਦਾ ਕੌਣ ਸਹਾਈ ਹੈ। ਲੋਕ ਪਰਲੋਕ ਵਿਚ ਆਪ ਦੀਆਂ ਹੀ ਰੱਖਾਂ ਹਨ।" ਸਤਿਗੁਰੂ ਮਿਹਰਬਾਨ ਹੋ ਕੇ ਬੋਲੇ, "ਲੁਹਾਰ ਲੁਹਾਰੀ ਨੂੰ ਅੱਜ ਪੇਸ਼ ਕਰੋ, ਅੱਜ ਢਾਹੀਏ ਚੁਰਾਹੀਏ ਸਭ ਦਫ਼ਾ ਕਰ ਦੇਈਏ।" ਬਿਅੋਲੇ ਦਾ ਕੜਾਹ ਪਰਸ਼ਾਦ ਬਣਾਕੇ ਲਿਆਉਣ ਦਾ ਹੁਕਮ ਕੀਤਾ। "ਜਾਉ, ਆਖਣਾ ਰੋਣਾ ਨਹੀਂ ਹੈ। ਦੇਖੋ ਕਰਤਾਰ ਕੀ ਰੰਗ ਕਰਦਾ ਹੈ।" ਇੰਦਰ ਸਿਘ ਜੀ ਨੇ ਮਹਾਰਾਜ ਦਾ ਹੁਕਮ ਵਤਨ ਸਿਘ ਅਤੇ ਸੰਤੀ ਨੂੰ ਕਹਿ ਸੁਣਾਇਆ। ਦੋਵਾਂ ਮੀਆਂ ਬੀਵੀ ਨੇ ਮਹਾਰਾਜ ਜੀ ਦਾ ਹੁਕਮ ਸੁਣ ਕੇ ਝਟ ਪਟ ਇਸ਼ਨਾਨ ਕਰਕੇ ਬਸਤਰ ਬਦਲ ਕੇ ਬੜੀ ਸੁੱਚਮ ਨਾਲ ਪਰਸ਼ਾਦ ਤਿਆਰ ਕੀਤਾ। ਭਗਤ-ਭਗਤਣੀ ਦੋਵੇਂ ਗਲ ਪੱਲਾ ਪਾ ਕੇ ਦੰਦੀ ਘਾਹ ਫੜ ਕੇ ਝੋਲੀਆਂ ਅੱਡਕੇ, ਬੜੀ ਦੱਬੀ ਜਿਹੀ ਚਾਲ, ਨੀਵੀਂ ਨਜ਼ਰ ਉਸ ਸੋਹਣੇ ਪ੍ਰੀਤਮ ਵੱਲ ਪੁੱਤਰਾਂ ਦੀ ਦਾਤ ਲੈਣ ਵਾਸਤੇ ਤੁਰ ਪਏ। ਅੱਜ ਝੋਲੀਆਂ ਭਰਕੇ ਘਰਾਂ ਨੂੰ ਮੁੜਣਗੇ। ਹੌਲੀ-ਹੌਲੀ ਚੁੱਪ-ਚਾਪ ਚਲਦੇ ਜਿੱਥੇ ਆਪ ਜੀ ਹਜ਼ੂਰ ਮਿਹਰਾ ਦੇ ਸਾਈਂ ਭਗਤ ਵਛਲ ਇਕ ਪਾਣੀ ਦੇ ਗੜਵੇ ਬਦਲੇ ਪੁੱਤਰਾਂ ਦੀਆਂ ਦਾਤਾਂ ਬਖਸ਼ਦੇ ਸਨ, ਕੜਾਹ

ਪਰਸ਼ਾਦ ਦਾ ਡੱਬਾ ਅੱਗੇ ਧਰਕੇ ਚਰਨੀ ਲੱਗਕੇ ਅੱਥਰੂਆਂ ਦੀ ਝੜੀ ਲਾ ਦਿੱਤੀ। ਪੁੱਤਰ ਦੇ ਵਿਯੋਗ ਨਾਲ ਅੱਗ ਵਾਂਗੂ ਸੜਦੇ ਅੱਥਰੂ ਵਹਾਏ। ਮਹਾਰਾਜ ਜੀ ਨੇ ਬਹੁਤ ਪਿਆਰ ਨਾਲ ਵਤਨ ਸਿੰਘ ਦਾ ਸਿਰ ਉਠਾਇਆ। ਹੁਕਮ ਹੋਇਆ, "ਹੁਣ ਕਰਤਾਰ ਭਲਾ ਕਰੇਗਾ। ਜਾਉ! ਸਾਵਧਾਨ ਹੋ ਕੇ ਬੈਠੋ।" ਹਜ਼ੂਰ ਦੇ ਸਾਹਮਣੇ ਹੱਥ ਜੋੜੀ ਬੈਠੇ ਹਨ, ਚਰਨਾਂ ਦਾ ਧਿਆਨ ਧਰਿਆ ਹੋਇਆ ਹੈ। ਉਸ ਪਵਿੱਤਰ ਪਰਸ਼ਾਦ ਦੇ ਆਪਣੇ ਹੱਥੀਂ ਛੋਟੇ-ਛੋਟੇ ਗੋਲੇ ਬਣਾਕੇ ਛਕਣ ਵਾਸਤੇ ਦਿੱਤੇ ਸਾਰਾ ਹੀ ਪਰਸ਼ਾਦ ਸੰਤੀ ਅਤੇ ਵਤਨ ਸਿੰਘ ਨੂੰ ਛਕਾ ਦਿੱਤਾ। ਆਖਿਆ, "ਜਾਉ! ਹੁਣ ਨਹੀਂ ਸੋਗ ਹੋਵੇਗਾ। ਭਗਤ ਪੁੱਤਰ ਜਨਮੇਗਾ, ਤੁਹਾਡਾ ਨਾਂ ਵੀ ਰੋਸ਼ਨ ਕਰੇਗਾ। ਇਕ ਸਾਲ ਤੋਂ ਪਹਿਲਾਂ-ਪਹਿਲਾਂ ਹੀ ਭਗਤ ਪੁੱਤਰ ਦਾ ਸੋਹਣਾ-ਸੋਹਣਾ ਮੁੱਖੜਾ ਦੇਖ ਲਿਆ। ਇਸ ਬਾਲਕ ਦੇ ਜਨਮ ਦੇ ਨਾਲ ਹੀ ਘਰ ਨੂੰ ਚਾਰ ਚੰਨ ਲੱਗ ਪਏ। ਸੋਹਣੇ ਪ੍ਰੀਤਮ ਦੀ ਬਖਸ਼ਿਸ਼ ਹੋਣ ਕਰਕੇ ਨਾਂ ਵੀ ਪ੍ਰੀਤਮ ਰੱਖਿਆ ਗਿਆ। ਇਸ ਤੋਂ ਬਾਅਦ ਹੋਰ ਬੱਚੇ ਪੈਦਾ ਹੋਏ ਸਭ ਰਾਜ਼ੀ ਖੁਸ਼ੀ ਹਨ। ਪ੍ਰੀਤਮ ਦਾਸ ਬਾਈ ਸਾਲ ਦੀ ਉਮਰ ਵਿਚ ਪ੍ਰਗਟ ਹੋਏ, ਹਜ਼ਾਰਾਂ ਹੀ ਰੋਗੀ ਇਨ੍ਹਾਂ ਦੇ ਸਾਹਮਣੇ ਆਉਣ ਨਾਲ ਰਾਜ਼ੀ ਹੋ ਜਾਂਦੇ ਸਨ। ਇਹ ਬਰਕਤਾਂ ਸਭ ਨਾਭ ਕੰਵਲ ਰਾਜਾ ਸਾਹਿਬ ਜੀ ਦੀਆਂ ਹੀ ਸਨ। ਇਹ ਸਭ ਉਨ੍ਹਾਂ ਦੀ ਆਤਮਿਕ ਬਰਕਤ ਦਾ ਪ੍ਰਤਾਪ ਸੀ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਹਾਕਮ ਸ਼ਾਹ ਨੂੰ ਅੰਤਿਮ ਸਮੇਂ ਦਰਸ਼ਨ ਦੇਣ ਦੀ ਚੱਲੀ

ਇਕ ਦਿਨ ਮਹਾਰਾਜ ਪਿੰਡ ਝਿਗੜੀਂ ਢਾਬ ਦੇ ਕੰਢੇ ਬੈਠੇ ਸਨ, ਕੋਲ ਮਾਨਾ ਤੇ ਹਰਨਾਮ ਸਿੰਘ, ਮੋਤੀ ਸਿੰਘ, ਕਿਰਪਾ ਸਿੰਘ ਤੇ ਈਸ਼ਰ ਸਿੰਘ ਹੋਰ ਕਾਫ਼ੀ ਸੰਗਤ ਦਰਸ਼ਨ ਕਰਕੇ ਰਸ ਮਾਣ ਰਹੇ ਸਨ। ਚੌਦਵੀ ਦੇ ਚੰਦ ਵਰਗੇ ਸੁੰਦਰ ਮੁੱਖੜੇ ਦੀਆਂ ਠੰਡੀਆਂ ਠੰਡੀਆਂ ਰਿਸ਼ਮਾਂ ਦੀ ਸੀਤਲਤਾ ਲੈ ਰਹੇ ਸਨ। ਮਹਾਰਾਜ ਜੀ ਸੰਗਤ ਨੂੰ ਉਪਦੇਸ਼ ਕਰਦੇ ਰਹੇ ਸਨ।

ਤਿੰਵਣ ਦੀ ਕੁੜੀਆਂ ਮਦਰਸੇ ਦੇ ਲੜਕੇ ਜੁ ਬਿਆਹ ਵਾਲਾ ਮੇਲੁ ਨਾ ਹਮੇਸ ਹੈ ਠਰਾਵਣਾ॥
ਮੁਸਾਫਰ ਸਰਾਇ ਮੇਲਾ ਭਰਿਆ ਜਹਾਂਨ ਬਿਚ ਬੇੜੀ ਵਾਲਾ ਪੂਰੁ ਇਹੁ ਜਰੂਰ ਛਿੜ ਜਾਵਣਾ॥
ਬੁਦਬੁਦਾ ਨੀਰ ਇਹ ਸਰੀਰ ਨਾਂਹੀ ਦੇਖ ਭੂਲ ਭਜਣੇ ਦੀ ਬਾਰ ਇਨ ਪਲੁ ਨਾਂਹੀ ਲਾਵਣਾ॥
ਬੁਰਜ ਬਰੂਦ ਗਿਆ ਉਡ ਭਗਵਾਂਨ ਦਾਸ ਬੀਤਿਆ ਜੋ ਬੇਲਾ ਫੇਰ ਹਥ ਨਾਂਹੀ ਆਵਣਾ॥ ੩੦੯॥

ਇਸ ਢੰਗ ਨਾਲ ਸੰਗਤ ਨੂੰ ਉਪਦੇਸ਼ ਕੀਤਾ। ਬੈਠਿਆਂ ਬੈਠਿਆਂ ਇਕ ਲੰਬਾ ਜਿਹਾ ਸਾਹ ਲਿਆ। ਹਰਨਾਮ ਸਿੰਘ ਨੂੰ ਆਖਿਆ, "ਨਾਮਾ! ਹਾਕਮ ਸ਼ਾਹ ਯਾਦ ਕਰਦਾ ਹੈ। ਹਾਕਮ ਸ਼ਾਹ ਦਾ ਅੰਤ ਸਮਾਂ ਨੇੜੇ ਆ ਗਿਆ ਹੈ, ਚੰਗਾ ਸਾਧੂ ਤਾਂ ਕੋਈ-ਕੋਈ ਮਿਲਦਾ ਹੈ। ਈਸ਼ਰ ਕੋਟੀ ਜਿਹਦੀ ਖ਼ੁਦਾ ਨਾਲ ਰਮਜ਼ ਹੋਵੇ, ਇਹੋ ਜਿਹੇ ਸਾਧੂ ਦਾ ਦਰਸ਼ਨ ਭਾਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹੋ ਜਿਹੇ ਫੱਕਰ ਦਾ ਦਰਸ਼ਨ ਹਜ਼ਾਰਾਂ ਹੀ ਅਲਾਮਤਾਂ ਦੂਰ ਕਰ ਦਿੰਦਾ ਹੈ। ਇਹੋ ਜਿਹੇ ਸਾਧੂ ਦੇ ਦਰਸ਼ਨ ਕਰਕੇ ਕੋਟਾਂ ਹੀ ਜੀਵ ਭਵ ਸਾਗਰ ਤੋਂ ਪਾਰ ਹੋ ਜਾਂਦੇ ਹਨ। ਆਪ ਜੀ ਨੇ ਇਉਂ ਉਚਾਰਨ ਕੀਤਾ:

ਕਬਿਤ

ਆਰਫੋਂ ਕੀ ਸੰਗਤਿ ਮੇ ਅਜਬ ਹੀ ਰੰਗਤ ਹੈ ਪੇਖ ਕੇ ਪੇਸ਼ਾਨੀ ਹਾਂਨੀ ਕੋਟਨ ਬੀਮਾਰੀ ਹੈ॥
ਨੂਰ ਦਾ ਬੈਹਰ ਅਠ ਪੈਹਰ ਹੀ ਵਗਦਾ ਹੈ ਗੈਹਰ ਨਾਂ ਜਾਂਮੇ ਤਾਮੇ ਲੈਹਰ ਨਿਆਰੀ ਹੈ॥
ਪੀਏਂ ਜੇ ਪਿਆਲਾ ਸੌਕ ਵਾਲਾ ਉਜਿਆਲਾ ਹੋਇ ਰਹੇਂ ਮਤਵਾਲਾ ਨਾਂਹੀ ਉਤਰੇ ਖੁਮਾਰੀ ਹੈ॥
ਹੋਇ ਜੇ ਨਸੀਬ ਪਾਏਂ ਕਤਰਾ ਹਬੀਬ ਤਦੋਂ ਦਾਸ ਭਗਵਾਨ ਮਿਲੇ ਰੁਤਬਾ ਇਹ ਭਾਰੀ ਹੈ॥

ਇੰਨਾ ਫਲ ਮਹਾਂਪੁਰਸ਼ਾਂ ਦੇ ਦਰਸ਼ਨ ਦਾ ਆਪ ਜੀ ਨੇ ਦੱਸਿਆ। ਇਸ ਤਰਾਂ ਸੰਗਤ ਨੂੰ ਰੌਸ਼ਨੀ ਪਾ ਕੇ ਝੱਟਪੱਟ ਉੱਠ ਕੇ ਪਿੰਡ ਕਰਿਆਮ ਵੱਲ੍ਹ ਨੂੰ ਚਲ ਪਏ। ਜਿੱਥੇ ਕੋਈ ਸੱਚਾ ਪ੍ਰੇਮੀ ਆਖ਼ਿਰੀ ਠੰਡੇ-ਠੰਡੇ ਲੰਮੇ ਸਾਹ ਲੈਂਦੇ ਮੰਜੀ ਤੇ ਪਿਆ ਯਾਦ ਕਰ ਰਿਹਾ ਸੀ। ਇਹ ਮੁੱਢ-ਕਦੀਮਾਂ ਦੀ ਰਸਮ ਚੱਲੀ ਆ ਰਹੀ ਹੈ, ਜੇ ਕੋਈ ਸੱਚੇ ਦਿਲੋਂ ਯਾਦ ਕਰਦਾ ਹੋਵੇ, ਆਪਣਾ ਬਿਰਦ ਸਮਝ ਕੇ ਪੈਜ ਰੱਖਦਾ ਹੀ ਆਇਆ ਹੈ, ਜਿਵੇਂ ਦਰੋਪਤੀ ਨੇ ਭੀੜ ਵੇਲੇ ਯਾਦ ਕੀਤਾ ਸੀ,

ਐਰਾਪਤ ਗਮਿੰਦਰ ਨੇ ਆਖਰੀ ਫਰਿਆਦ ਕੀਤੀ, ਇਕ ਛਿਨ ਵਿਚ ਆਉਣਾ ਪਿਆ। ਇਸੀ ਤਰਾਂ ਮਹਾਰਾਜ ਜੀ ਸਾਈਂ ਹਾਕਮ ਸ਼ਾਹ ਨੂੰ ਜਿਸਦੀ ਆਤਮਾ ਆਖ਼ਿਰੀ ਸਮੇਂ ਦਰਸ਼ਨ ਨੂੰ ਲੋਚ ਰਹੀ ਸੀ। ਇਕ ਛਿਨ ਇੱਕ ਪਲ ਵਿਚ ਸਾਈਂ ਦੀਆਂ ਸਾਰੀਆਂ ਸੱਧਰਾਂ ਪੂਰੀਆਂ ਹੋ ਗਈਆਂ। ਸਾਈਂ ਨੇ ਅੱਖਾਂ ਪੱਟੀਆਂ, ਬੜੀ ਨੀਝ ਨਾਲ ਤੱਕਿਆ, ਤੱਕ ਕੇ ਦਿਲ ਜਾਨ ਰੋਮ ਰੋਮ ਸੀਤਲ ਕੀਤਾ। ਆਖ਼ਿਰੀ ਸਲਾਮ ਕੀਤਾ, ਫਿਰ ਇਕ ਵਾਰ ਅੱਖਾਂ ਖੋਲ੍ਹੀਆਂ, ਮਹਾਰਾਜ ਜੀ ਨੇ ਸਿਰ ਤੇ ਹੱਥ ਫੇਰਿਆ। ਇਹ ਸਵਾਸ ਸੀ ਮੁੜ ਫਿਰ ਸਾਹ ਨਹੀਂ ਆਇਆ। ਅੱਖਾਂ ਅੱਧਮੀਟੀਆਂ ਹੋਈਆਂ ਸਾਈਂ ਦੀਆਂ ਗੱਲਾਂ ਖ਼ਤਮ ਹੋਈਆਂ, ਸਵਾਸਾਂ ਦੀ ਪੂੰਜੀ ਖ਼ਤਮ ਹੋ ਗਈ, ਚੋਗਾ ਮੁੱਕ ਗਿਆ।

ਕਬੀਰ ਸੂਤਾ ਕਿਆ ਕਰਿਹ ਉਠਿ ਕੇ ਨਾ ਜਪਹਿ ਮੁਰਾਰਿ॥
ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥

ਮਹਾਰਾਜ ਜੀ ਹਾਕਮ ਸ਼ਾਹ ਨੂੰ ਆਖ਼ਿਰੀ ਦਰਸ਼ਨ ਦੇ ਕੇ ਪਿੰਡ ਕਰਿਆਮ ਤੋਂ ਭਧਾਣਿਆਂ ਵੱਲ੍ਹ ਦੀ ਹੁੰਦੇ ਹੋਏ ਦਰਿਆ ਦੇ ਕੰਢੇ ਰੱਤੇ ਟਿੱਬੇ ਆ ਨਿਕਲੇ। ਹਰੀ ਨਰੈਣ ਸੰਤਾਂ ਦੇ ਕੋਲ ਸੱਤ ਦਿਨ ਠਹਿਰੇ, ਮੋਰੋਂ ਵਾਲੇ ਢੱਕ ਵਿਚ ਦੀ ਹੁੰਦੇ ਹੋਏ ਪਿੰਡ ਰਹਿਪੇ ਸਰਮੁਖ ਸਿੰਘ ਜੀ ਦੇ ਵਾੜੇ ਆ ਗਏ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਰਹਿਪੇ ਦੇ ਲੋਕਾਂ ਨਾਲ ਹੋਈ

ਜਦੋਂ ਮਹਾਰਾਜ ਜੀ ਦੇ ਆਉਣ ਦਾ ਪਤਾ ਲੱਗਾ ਪਿੰਡ ਨਿਵਾਸੀ ਸਭ ਮਾਈ ਭਾਈ ਛਿਪ ਦੀ ਤਰਾਂ ਮਹਾਰਾਜ ਜੀ ਦੇ ਦਰਸ਼ਨ ਨੂੰ ਆਉਣ ਲੱਗੇ।

ਬੰਸੀ ਹੈ ਆਣ ਬਜਾਈ ਜਬੇ ਤਬ ਭੂਲ ਗਈ ਸਭ ਕਾਰ ਬਿਹਾਰੀ॥
ਮਥਰਾ ਔ ਗੋਕਲ ਮੋਹਿ ਲਈ ਅਤੇ ਮੋਹ ਲਈ ਬ੍ਰਿਜ ਕੀ ਸਭ ਨਾਰੀ॥

ਜਿਵੇਂ ਕ੍ਰਿਸ਼ਨ ਦੀ ਬੰਸਰੀ ਦੀ ਸਰੋਂਦ ਸੁਣ ਕੇ ਬ੍ਰਿਜ ਦੀ ਨਾਰੀ ਘਰਾਂ ਦੇ ਕੰਮ ਕਾਜ ਛੱਡਕੇ, ਸੁੱਤੇ ਪਏ ਸਾਈਆਂ ਨੂੰ ਛੱਡ ਕੇ ਬੰਸਰੀ ਦੀ ਮੱਧਮ ਭਿੰਨੀ ਸੁਰ ਸੁਣਕੇ ਮਸਤਾਨੀਆਂ ਹੋ ਕੇ ਵਣ ਵੱਲ੍ਹ ਵਾਹੋ ਦਾਹੀ ਨੱਠ ਪੈਂਦੀਆਂ ਸਨ। ਇਸੇ ਤਰਾਂ ਮਹਾਰਾਜ ਜੀ ਦੇ ਦਰਸ਼ਨ ਵਾਸਤੇ ਨਰ-ਨਾਰੀ ਭੱਜ ਪੈਂਦੇ ਸਨ। ਦੁੱਧ ਸਰਦਾਈ ਲੋਕ ਆਪ ਜੀ ਦੇ ਮਗਰ-ਮਗਰ ਲਈ ਫਿਰਦੇ ਸਨ। ਛਕਦੇ ਕਿਸੇ ਹੱਕ ਵਾਲੇ ਦੀ ਕਮਾਈ ਦੀ ਸੀ। ਕਈ-ਕਈ ਰੋਜ਼ ਆਪ ਜੀ ਨਿਰਾਧਾਰ ਨਾਮ ਦੇ ਹੀ ਆਸਰੇ ਤੇ ਰਹਿੰਦੇ ਸਨ, ਕਿਸੇ ਦੀ ਕੋਈ ਪਰਵਾਹ ਨਹੀਂ ਰਖਦੇ ਸਨ, ਭਾਵੇਂ ਕੋਈ ਕਿੱਡਾ ਖੱਬੀ ਖਾਨ ਕਿਉਂ ਨਾ ਹੋਵੇ। ਸਾਹਮਣੇ ਆਉਣ ਦੇ ਨਾਲ ਦੁੱਧੋਂ ਪਾਣੀ ਛਾਂਟ ਸੁਟਦੇ ਸਨ। ਕਿਸੇ ਦੀ ਕੋਈ ਮਜਾਲ ਨਹੀਂ ਸੀ, ਦਿਲ ਵਿਚ ਕੋਈ ਫਰੇਬ ਜਾਂ ਕੁਟਲਤਾ ਰੱਖ ਕੇ ਗੱਲ ਕਰੇ, ਝੱਟਪੱਟ ਆਉਂਦੇ ਹੀਂ ਬੰਦੇ ਦੀ ਨਿਸ਼ਾ ਕਰ ਦਿੰਦੇ ਸਨ, ਜਿਹਾ ਵੀ ਕੋਈ ਫੁਰਨਾ ਦਿਲ ਵਿਚ ਧਾਰ ਕੇ ਸ਼ਰਨ ਆਉਂਦਾ ਸੀ। ਆਉਣ ਵਾਲੇ ਦਾ ਫੁਰਨਾ ਖੋਲ੍ਹ ਕੇ ਦਸ ਦਿੰਦੇ ਸਨ।

ਸਹੰਸ ਨ੍ਰਿਪ ਕਾ ਮਗਜ ਲੈ ਬਣਿਓ ਮਗਜ ਫਕੀਰ॥
ਸਲਤਨਤ ਸੂਖਮ ਪਾਇਕੇ ਰੌਸਨ ਹੋਇ ਜਮੀਰ॥ ਦੋਹਰਾ॥
ਆਲੀ ਮਗਜ ਫਕੀਰ ਕਾ ਬਣਿਓ ਮਗਜ ਖੁਦਾ॥
ਬੇਖੁਆਹਸੁ ਬੇਗਰਜ ਹੈ ਆਰਫ ਉਰਫ ਗਦਾ॥

(ਭਗਵਾਨ ਬਲਾਸ)

ਮਹਾਰਾਜ ਜੀ ਇਕ ਦਿਨ ਸਰਕੁਲਾਂ ਵਾਲੇ ਖੂਹ ਉੱਪਰ ਜਾ ਬੈਠੇ। ਅਤਰ ਸਿੰਘ ਰਹਿਪੇ ਦਰਸ਼ਨਾਂ ਵਾਸਤੇ ਗਿਆ। ਅਤਰ ਸਿੰਘ ਦੇ ਦਿਲ ਵਿਚ ਘੋੜੀ ਦਾ ਫੁਰਨਾ ਉਡਾਰੀਆਂ ਮਾਰਦਾ ਸੀ। ਇਹ ਕਾਮਨਾ ਰੱਖ ਕੇ ਆਪ ਜੀ ਦੇ ਦਰਸ਼ਨਾਂ ਨੂੰ ਗਿਆ ਸੀ। ਸਾਹਮਣੇ ਜਾ ਕੇ ਚਰਨਾਂ 'ਤੇ ਢਹਿ ਪਿਆ। ਅੱਗੋਂ ਸਤਿਗੁਰਾਂ ਦਾ ਹੁਕਮ ਹੋਇਆ। "ਅਤਰਾ ਘੋੜੀ ਰੱਖ ਲਈਦੀ ਹੈ, ਬੜੇ-ਬੜੇ ਆਦਮੀਆਂ ਨਾਲ ਮਿੱਤਰ ਚਾਰਾ ਰੱਖੀਦਾ ਹੈ।" ਬਸ ਦਰਗਾਹੀ ਹੁਕਮ ਮਿਲ ਗਿਆ, ਮੁਕੰਦਪੁਰ

ਦੇ ਸਰਦਾਰ ਕੁਲਦੀਪ ਸਿੰਘ ਦੇ ਨਾਲ ਮਿੱਤਰਤਾ ਪੈ ਗਈ। ਸਰਦਾਰ ਘੋੜੀਆਂ ਰੱਖਦੇ ਹੀ ਸਨ। ਇਕ ਕਾਲੇ ਰੰਗ ਦੀ ਘੋੜੀ ਅਤਰ ਸਿੰਘ ਨੂੰ ਵੀ ਦੇ ਦਿੱਤੀ। ਅਤਰ ਸਿੰਘ ਦੀ ਜ਼ਿੰਦਗੀ ਵਿਚ ਕਈ ਵਾਰੀ ਦਿਨ ਗਰੀਬੀ ਦੇ ਵੀ ਆਏ ਪਰ ਘੋੜੀ ਖੁੰਡ ਤੇ ਹੀ ਖੜ੍ਹੀ ਰਹੀ। ਅਤਰ ਸਿੰਘ ਦੇ ਮਰਨ ਦੇ ਨਾਲ ਹੀ ਘੋੜੀ ਖੁੰਡ ਤੋਂ ਖੁੱਲ੍ਹ ਗਈ। ਫਿਰ ਮੁੜ ਘੋੜੀ ਨਹੀਂ ਆਈ।

ਇੰਨੇ ਚਿਰ ਨੂੰ ਬਸ਼ੰਬਰ ਤੇਲੀ, ਮੰਗਲ ਝੀਰ, ਕਰਮ ਸਿੰਘ ਜੁਲਾਹਾ ਪਿੰਡੋਂ ਘਾਹ ਖੋਤਣ ਵਾਸਤੇ ਤੁਰੇ। ਤੁਰਨ ਲੱਗਿਆਂ ਬਸ਼ੰਬਰ ਕਹਿੰਦਾ, "ਕਨਿਆਂ ਵੱਲ੍ਹ ਦੇ ਪਾਸੇ ਘਾਹ ਖੋਤਣ ਚਲਦੇ ਹਾਂ, ਨਾਲੇ ਸਰਕੂਲਾਂ ਵਾਲੇ ਖੂਹ ਤੇ ਭਗਵਾਨ ਦਾਸ ਜੀ ਬੈਠੇ ਹਨ। ਭਗਵਾਨ ਦਾਸ ਜੀ ਦੇ ਦਰਸ਼ਨ ਕਰਾਂਗੇ।" ਤਿੰਨੇ ਜਣਿਆਂ ਸਰਕੂਲਾਂ ਵਾਲੇ ਖੂਹ ਤੇ ਜਾ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ। ਬਸ਼ੰਬਰ ਨੂੰ ਮਹਾਰਾਜ ਨੇ ਢਿੱਡ ਭਾਰ ਲੰਮਾ ਪਾ ਲਿਆ, ਦੋ ਦੇ ਕੰਨ ਫੜਾ ਲਏ। ਸੋਟੀ ਮਹਾਰਾਜ ਜੀ ਕੋਲ ਰੱਖਦੇ ਹੀ ਸਨ। ਬਸ਼ੰਬਰ ਦੇ ਤਿੰਨ ਚਾਰ ਛਿਟੀਆਂ ਮਾਰੀਆਂ, ਚੰਗੀਆਂ ਬੋਚੀਆਂ ਪੁਆਈਆਂ, ਕਹਿੰਦੇ, "ਫਿਰ ਆਖੇਂਗਾ ਭਗਵਾਨ ਦਾਸ, ਹਮ ਤੋ ਜੰਮੂ ਵਾਲੇ ਰਾਜੇ ਹਾਂ।" ਬਸ਼ੰਬਰ ਲੰਮਾ ਪਿਆ ਹੀ ਮਿੰਨਤਾਂ ਕਰਦਾ ਸੀ, 'ਫੇਰ ਨਾਹੀਂ ਇਦਾਂ ਆਖਾਂਗਾ, ਜੰਮੂ ਵਾਲਾ ਰਾਜਾ ਆਖਾਂਗਾ।" ਮੰਗਲ ਤੇ ਕਰਮ ਸਿੰਘ ਥਰ-ਥਰ ਕੰਬਦੇ, ਚੁੱਪ-ਚਾਪ ਹੱਥ ਜੋੜੀ ਖੜ੍ਹੇ ਸਨ। ਮਹਾਰਾਜ ਜੀ ਕਹਿੰਦੇ, "ਸੁਣ ਉਏ ਮੰਗਲ ਸਿੰਘਾ ਤੇ ਕਰਮ ਸਿੰਘਾ ਫਿਰ ਇਸ ਤਰਾਂ ਨਹੀਂ ਕਹਿਣਾ। ਨਾਭ ਕੰਵਲ ਰਾਜਾ ਸਾਹਿਬ ਆਖਣਾ।" ਬਸ਼ੰਬਰ ਨੂੰ ਵੀ ਉੱਠਣ ਦਾ ਹੁਕਮ ਦੇ ਦਿੱਤਾ। ਮੱਝਾਂ, ਗਾਈਆਂ ਲਈ ਘਾਹ ਖੋਤ ਕੇ ਲੈ ਜਾਓ। ਐਸੇ ਮਹਾਰਾਜ ਜੀ ਬਲੀ ਸਭ ਫੁਰਨਿਆਂ ਦੇ ਜਾਣੂੰ ਸਨ। ਸਭ ਜੀਵਾਂ ਦੇ ਸੰਕਲਪ, ਵਿਕਲਪ ਨੂੰ ਜਾਨਣ ਹਾਰ ਸਨ ਭਾਵੇਂ ਕਿੰਨੀ ਵੀ ਸੰਗਤ ਦੀ ਭੀੜ ਹੋਵੇ, ਭਾਵੇਂ ਕੋਈ ਸੈਂਕੜੇ ਕੋਹ ਦੂਰ ਬੈਠਾ, ਮਨ ਵਿਚ ਫੁਰਨਾ ਧਾਰ ਕੇ ਦਰਸ਼ਨ ਨੂੰ ਆਉਂਦਾ ਸੀ, ਭਾਵੇਂ ਲੱਖਾਂ ਹੀ ਬੰਦੇ ਇਕੱਠੇ ਹੋਏ ਹੋਣ, ਜਿਸ ਤਰਾਂ ਦਾ ਵੀ ਕਿਸੇ ਦਾ ਕਾਰਜ ਹੋਵੇ ਕਰ ਦਿੰਦੇ ਸਨ। ਆਏ ਜਗਿਆਸੂ ਦੀ ਨਿਸ਼ਾ ਕਰ ਦਿੰਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਈਸ਼ਰ ਝੀਰ ਨਾਲ ਹੋਈ

ਉਨ੍ਹਾਂ ਦਿਨਾਂ ਵਿਚ ਆਪ ਜੀ ਅਤਰ ਸਿੰਘ ਦੇ ਖੇਤ ਵਿਚ ਕੁੱਲਾ ਪਾ ਕੇ ਰਹਿੰਦੇ ਸਨ। ਉਸ ਥਾਂ ਇਕ ਬੇਰੀ ਦਾ ਬੂਟਾ ਸੀ। ਬੇਰੀ ਦੇ ਬੇਰ ਬਹੁਤ ਸਵਾਦ ਸਨ। ਬੇਰੀ 'ਤੇ ਨੂਰ ਬਰਸਦਾ ਸੀ। ਈਸ਼ਰ ਝੀਰ ਇਕ ਦਿਨ ਬੰਗੀਂ ਗਿਆ ਮੁੜ ਕੇ ਆਉਂਦਿਆਂ (ਮਹਾਰਾਜ ਪਿੰਡ ਜਗਤਪੁਰ ਵੱਲ੍ਹ ਬੈਠੇ ਸਨ, ਕੋਲ ਦੀ ਰਾਹ ਜਾਂਦਾ ਸੀ) ਈਸ਼ਰ ਦੇ ਮਨ ਵਿਚ ਆਇਆ ਕਿ ਜਾਂਦੇ ਜਾਂਦੇ ਮਹਾਰਾਜ ਜੀ ਦੇ ਦਰਸ਼ਨ ਕਰ ਚੱਲੀਏ। ਈਸ਼ਰ ਦੇ ਕੋਲ ਦੋ ਰੁਪਏ ਚਾਂਦੀ ਦੇ ਸਨ। ਮਨ ਵਿਚ ਸੋਚਣ ਲੱਗਾ, ਮਹਾਰਾਜ ਜੀ ਰੁਪਏ ਨਾ ਲੈ ਲੈਣ। ਈਸ਼ਰ ਨੇ ਦੋਵੇਂ ਰੁਪਏ ਪੱਗ ਲੜੋਂ ਖੋਲ੍ਹਕੇ ਲੰਗੋਟੀ ਦੇ ਲੜ ਬੰਨ੍ਹ ਲਏ। ਜੇ ਮਹਾਰਾਜ ਜੀ ਹਾਲਾਂ ਮੰਗਣ ਮੈਂ ਪੱਗ ਖੋਲ੍ਹ ਕੇ ਦਿਖਾ ਦਿਆਂਗਾ। ਲੰਗੋਟੀ ਲਾ ਕੇ ਉੱਪਰ ਧੋਤੀ ਬੰਨ੍ਹ ਲਈ। ਆਪਣੇ ਚਿੱਤੋਂ ਚੰਗਾ ਬੰਦੋਬਸਤ ਕਰਕੇ ਚੱਲਿਆ। ਮਹਾਰਾਜ ਕੁੱਝ ਪਾਸੇ ਜਿਹੇ ਬੈਠੇ ਸਨ।

ਫ਼ਸਲਾਂ ਨਾਲ ਰਾਹ ਢੁੱਲਿਆ ਪਿਆ ਸੀ। ਮਹਾਰਾਜ ਜੀ ਇਕ ਸਣ ਦੇ ਖੇਤ ਦੇ ਬੰਨੇ ਬੈਠੇ ਸੀ। ਈਸ਼ਰ ਨੇ ਜਾ ਨਮਸਕਾਰ ਕੀਤੀ। ਮਹਾਰਾਜ ਜੀ ਆਖਣ ਲੱਗੇ, "ਛੱਜੂ ਦਿਆਂ! ਕਿਧਰੋਂ ਆਇਆ ਏਂ?" ਈਸ਼ਰ "ਮੈਂ ਜੀ ਬੰਗਿਆਂ ਤੋਂ ਆਇਆ ਹਾਂ, ਦਰਸ਼ਨ ਨੂੰ ਦਿਲ ਕਰ ਆਇਆ।" ਆਪ ਜੀ ਦਾ ਹੁਕਮ ਹੋਇਆ, "ਹਾਲਾ ਤੇਰੇ ਵੱਲ੍ਹ ਸੀ।" ਮਹਾਰਾਜ ਵੱਲ੍ਹ ਦੇਖਕੇ ਈਸ਼ਰ ਐਵੇਂ ਜੇਬ ਵਿਚ ਹੱਥ ਮਾਰਕੇ ਆਖਣ ਲੱਗਾ, "ਅੱਜ ਤਾਂ ਕੋਲ ਹੈ ਨਹੀਂ ਫਿਰ ਲੈ ਆਵਾਂਗਾ।" ਆਪ ਜੀ ਕਹਿੰਦੇ, "ਦੇਖ ਤਾਂ ਕਿਤੇ ਲੰਗੋਟੀ ਦੇ ਲੜ ਨਾ ਹੋਵਣ।" ਈਸ਼ਰ ਕਹਿੰਦਾ, "ਜੀ ਨਹੀਂ! ਪੱਗ ਦੇਖ ਲਓ।" ਪਾਤਸ਼ਾਹ ਨੇ ਸੋਟੀ ਚੁੱਕੀ ਕਹਿੰਦੇ, "ਖੋਲ੍ਹ ਲੰਗੋਟੀ।" ਜਦੋਂ ਮਹਾਰਾਜ ਜੀ ਨੇ ਲੰਗੋਟੀ ਦਾ ਨਾਂ ਲਿਆ ਤਾਂ ਈਸ਼ਰ ਦਾ ਸਰੀਰ ਪਾਣੀ-ਪਾਣੀ ਹੋ ਗਿਆ। ਲੱਤਾਂ ਕੰਬਣ ਲੱਗੀਆਂ, ਹੱਥ ਕੰਬਣ ਲੱਗੇ, ਲੰਗੋਟੀ ਦੇ ਲੜੋਂ ਰੁਪਏ ਖੋਲ੍ਹਣੇ ਵੀ ਮੁਸ਼ਕਿਲ ਹੋ ਗਏ। ਸਾਰਾ ਸਰੀਰ ਮੁੜ੍ਹਕੋ-ਮੁੜ੍ਹਕੀ ਹੋ ਗਿਆ। ਈਸ਼ਰ ਬੜਾ ਹੀ ਸ਼ਰਮਿੰਦਾ ਹੋਇਆ। ਮਹਾਰਾਜ ਜੀ ਦੇ ਸਨਮੁਖਾਂ ਝੂਠ ਬੋਲਿਆ, ਪਰਦਾ ਚੁੱਕਿਆ ਗਿਆ, ਈਸ਼ਰ ਦਾ ਪਿਤਾ ਛੱਜੂ

ਮਹਾਰਾਜ ਜੀ ਦਾ ਚੰਗਾ ਸੇਵਾਦਾਰ ਸੀ। ਈਸ਼ਰ ਨੇ ਦੋਵੇਂ ਰੁਪਏ ਖੋਲ੍ਹਕੇ ਮਹਾਰਾਜ ਜੀ ਦੇ ਚਰਨਾਂ ਵਿਚ ਰੱਖ ਕੇ ਨਮਸਕਾਰ ਕੀਤੀ। ਦੋਵੇਂ ਕੰਨ ਫੜਕੇ ਆਪ ਦੇ ਸਾਹਮਣੇ ਝੂਠ ਬੋਲਣ ਦੀ ਖਿਮਾ ਮੰਗੀ ਅਤੇ ਕਿਹਾ, "ਮੇਰੇ ਗੁਨਾਹਗਾਰ ਤੇ ਮਿਹਰ ਕਰਨੀ, ਮੈਂ ਭੁੱਲ ਗਿਆ ਹਾਂ ਜੀ। ਆਪ ਜੀ ਦੀ ਗਤੀ ਨੂੰ ਨਹੀਂ ਸਮਝਿਆ।" ਮਹਾਰਾਜ ਜੀ ਕਹਿੰਦੇ, "ਸਾਨੂੰ ਛੱਜੂ ਦਾ ਪਰੇਮ ਯਾਦ ਆ ਜਾਂਦਾ ਹੈ, ਕਦੇ-ਕਦੇ ਕੋਈ ਕੰਮ ਕਰਨਾ ਪੈਂਦਾ ਹੈ।" ਈਸ਼ਰ ਨੂੰ ਘਰ ਜਾਣ ਦਾ ਹੁਕਮ ਕੀਤਾ। ਈਸ਼ਰ ਜਦੋਂ ਦਸ ਕੁ ਕਦਮਾਂ ਗਿਆ ਤਾਂ ਫਿਰ ਮੁੜ ਆਉਣ ਦਾ ਹੁਕਮ ਕੀਤਾ। ਦੋਵੇਂ ਰੁਪਏ ਫੇਰ ਈਸ਼ਰ ਨੂੰ ਮੋੜ ਕੇ ਦਿੱਤੇ, "ਜਾਓ! ਪੈਸੇ ਲੈ ਜਾਓ, ਕਾਕਾ! ਪੈਸੇ ਅਸੀਂ ਕੀ ਕਰਨੇ ਹਨ?"

ਬੋਲੋ ਭਾਈ ਵਾਹਿਗੁਰੂ।

ਸਾਖੀ ਮਾਤਾ ਸਾਹਿਬ ਦੇਵੀ ਜੀ ਨੂੰ ਦਰਸ਼ਨ ਦੇਣ ਦੀ ਚੱਲੀ

ਮਹਾਰਾਜ ਜੀ ਦੀ ਉਮਰ ਇਸ ਵੇਲੇ ਬਤਾਲੀ ਸਾਲ ਦੀ ਸੀ। ਇਹ ਗੱਲ ਸੰਨ 1903 ਦੀ ਹੈ। ਮਹਾਰਾਜ ਜੀ ਪਹਿਲਾਂ-ਪਹਿਲ ਪਿੰਡ ਝਿਗੜੀਂ ਰਹੇ ਤਕਰੀਬਨ 15 ਸਾਲ ਪਿੰਡ ਰਹਿਪੇ ਹੀ ਰਹੇ ਵਿਚ ਵਿਚ ਸਾਰੇ ਹੀ ਆਉਂਦੇ ਸਨ ਮਜਾਰੇ, ਝਿਗੜੀਂ, ਗੋਸਲਾਂ, ਮੂਸਾਪੁਰ, ਇਸ ਤਰਾਂ ਵਿਚਰਦੇ ਰਹਿੰਦੇ ਸਨ। ਇਕ ਦਿਨ ਮਹਾਰਾਜ ਜੀ ਨੇ ਸਰਮੁਖ ਸਿੰਘ ਜੀ ਨੂੰ ਰਾਤ ਦੇ ਸਮੇਂ ਆਖਿਆ, "ਮਾਤਾ ਜੀ ਯਾਦ ਕਰਦੀ ਹੈ, ਕਿਤੇ ਸਰੀਰ ਨਾ ਛੱਡ ਜਾਵਣ, ਜਾ ਆਈਏ?" ਕਈ ਵਾਰੀ ਰਾਤ ਨੂੰ ਮਾਤਾ ਜੀ ਨੂੰ ਯਾਦ ਕੀਤਾ, ਸਵੇਰਾ ਹੋਣ ਤੇ ਮਹਾਰਾਜ ਜੀ ਨੇ ਸਰਮੁਖ ਨੂੰ ਆਖਿਆ, "ਚਲੋ! ਝੱਬੇ ਹੀ ਚੱਲੀਏ।" ਸੁਰਮੁਖ ਨੂੰ ਨਾਲ ਲਿਆ ਸਿੱਧੇ ਪਿੰਡ ਮੰਨਣਹਾਨੇ ਪਹੁੰਚ ਗਏ। ਮੰਜੀ ਤੇ ਪਈ ਮਾਈ ਨੂੰ ਦਰਸ਼ਨ ਦਿੱਤੇ। ਮਾਤਾ ਜੀ ਦਾ ਆਖ਼ਿਰੀ ਸਮੇਂ ਸੀ ਦੁਨੀਆਂ ਦੇ ਸਾਰੇ ਰਿਸ਼ਤੇ ਤੋੜ ਬੈਠੀ ਸੀ। ਇਕ ਆਖ਼ਿਰੀ ਦਿਲ ਵਿਚ ਚਾਹ ਸੀ, ਉਹ ਵੀ ਰੱਬ ਨੇ ਪੂਰੀ ਕਰ ਦਿੱਤੀ। ਦਿਲ ਬਹੁਤ ਨਰਮ ਹੋ ਚੁੱਕਾ ਸੀ। ਜਦੋਂ ਸਾਧੂਆਂ ਵਾਲੇ ਭੇਸ ਵਿਚ ਸੀਸ ਤੇ ਜਟਾ ਸੁਨਹਿਰੀ ਰੰਗ ਦਾ ਤ੍ਰਿਲੋਕੀ ਦੇ ਛਤਰ ਵਾਂਗ ਸ਼ੋਭਾ ਦੇ ਰਿਹਾ ਸੀ, ਮੁੱਖੜੇ ਤੇ

ਇਲਾਹੀ ਜੋਤ ਨੂੰ ਸਾਹਮਣੇ ਬੈਠਿਆ ਦੇਖ ਕੇ ਮਾਤਾ ਜੀ ਦਾ ਕਾਲਜੇ ਦਾ ਰੁੱਗ ਭਰਿਆ ਗਿਆ। ਪਾਣੀ ਦਾ ਫੁਆਰਾ ਬਣਕੇ ਪਿਆਰ ਦੇ ਅੱਥਰੂ ਰੋਮ ਰੋਮ ਵਿਚ ਬਹਿ ਗਏ, ਦਿਲ ਹੌਲਾ ਫੁੱਲ ਵਰਗਾ ਹੋ ਗਿਆ। ਮਾਤਾ ਜੀ ਨੇ ਆਪਣੇ ਚੰਨ ਦਾ ਹੱਥ ਫੜ ਕੇ ਚੁੰਮਿਆ, ਫਿਰ ਕਾਲਜੇ ਨਾਲ ਲਾਇਆ। ਮਾਂ ਜੀ ਦੇ ਫੁੱਲਾਂ ਵਰਗੇ ਹੱਥ ਸਹਿਨਸ਼ਾਹ ਦੇ ਸੀਸ ਤੇ ਪਿਆਰ ਦੇਣਾ ਚਾਹੁੰਦੇ ਸਨ। ਥਕੇ ਹੋਏ ਮਾਂ ਦੇ ਹੱਥ ਉਤਾਹਾਂ ਨਹੀਂ ਸਨ ਚੁਕੇ ਜਾਂਦੇ, ਬਸ ਹੁਣ ਇਹੀ ਆਖਰੀ ਚਾਹ ਦਾਤੇ ਨੇ ਪੂਰੀ ਕਰ ਦਿੱਤੀ। ਤਨ, ਮਨ ਸੀਤਲ ਹੋ ਗਿਆ। ਮਿਨ੍ਹਾ-ਮਿਨ੍ਹਾ ਪਿਆਰ ਦਾ ਉਬਾਲਾ ਆ ਕੇ ਰੁਕ ਗਿਆ। ਹੁਣ ਬੇਸ਼ਕ ਪਰਾਣ ਨਿਕਲ ਜਾਣ ਕੋਈ ਅਫ਼ਸੋਸ ਨਹੀਂ ਹੈ। ਸਾਹਮਣੇ ਬੈਠ ਸੋਹਣੇ ਤੇ ਮਨ ਮੋਹਣੇ ਅੱਖਾਂ ਦੇ ਤਾਰੇ ਵੱਲ੍ਹ ਇਕ ਵਾਰ ਬੜੀ ਨੀਝ ਨਾਲ ਤੱਕ ਕੇ ਇਕ ਲੰਮਾ ਜਿਹਾ ਸਾਹ ਲੈ ਕੇ ਅੱਖਾਂ ਰਾਹੀਂ ਪਿਆਰ ਦਾ ਆਖ਼ਿਰੀ ਘੁੱਟ ਭਰ ਕੇ ਬਸ ਅੰਦਰ ਨੂੰ ਹੀ ਪੀ ਲਿਆ। ਬਸ ਫਿਰ ਨਹੀਂ ਅੱਖ ਖੁੱਲ੍ਹੀ, ਨਾ ਹੀ ਮੁੜ ਕਿਸੇ ਵੱਲ੍ਹ ਤੱਕਿਆ। ਬੱਸ ਹੁਣ ਬੋਲਣਾ, ਚਲਣਾ, ਖਾਣਾ, ਪੀਣਾ, ਹੱਸਣਾ, ਖੇਡਣਾ ਸਭ ਖ਼ਤਮ ਹੋ ਗਿਆ। ਇਹੋ ਜਿਹੇ ਪਰਉਪਕਾਰੀ ਭਗਤ ਵਛਲ, ਅਨਾਥਾਂ ਦੇ ਨਾਥ, ਪੀਰਾਂ ਦੇ ਪੀਰ, ਦੁਨੀਆਂ ਨੂੰ ਤਾਰਨਹਾਰੇ, ਮਹਾਂਬਲੀ ਅਵਤਾਰ ਹਸਤੀ ਸਰੂਪ ਵਿਚ ਨਿਜ ਘਰ ਸਦਾ ਸਲਾਮਤ ਘਰ ਬਣ ਗਿਆ ਹੈ। ਭਵਜਲ ਤੋਂ ਬੇੜਾ ਪਾਰ ਹੋ ਗਿਆ ਹੈ।

ਮਿਟਿ ਗਏ ਗਵਨ ਪਾਏ ਬਿਸ੍ਰਾਮ॥

ਮਾਤਾ ਜੀ ਦਾ ਆਪ ਜੀ ਨੇ ਹੱਥੀਂ ਸਸਕਾਰ ਕੀਤਾ। ਸਰਮੁਖ ਸਿੰਘ ਜੀ ਨੂੰ ਰਹਿਪੇ ਜਾਣ ਦਾ ਹੁਕਮ ਕੀਤਾ। ਆਪ ਜੀ ਇਕ ਮਹੀਨਾ ਮੰਨਣਹਾਨੇ ਹੀ ਰਹੇ। ਬਾਬੇ ਸਰਮੁਖ ਸਿੰਘ ਨੂੰ ਹਰ ਰੋਜ਼ ਪਰਸ਼ਾਦਾ ਬਣਾ ਕੇ ਪਿੰਡ ਮੰਨਣਹਾਨੇ ਲਿਜਾਣ ਦਾ ਹੁਕਮ ਕੀਤਾ। ਮਹੀਨੇ ਤੋਂ ਬਾਅਦ ਮਹਾਰਾਜ ਜੀ ਫੇਰ ਤੇਰਾਂ ਦਿਨ ਬੱਲੋਆਲ ਰਹੇ। ਪਿੰਡ ਵਾਸੀ ਲੋਕਾਂ ਨੇ ਬਹੁਤ ਹੀ ਬੇਨਤੀਆਂ ਕੀਤੀਆਂ। ਆਪ ਜੀ ਏਥੇ ਹੀ ਰਿਹਾ ਕਰੋ। ਮਹਾਰਾਜ ਜੀ ਕਹਿੰਦੇ ਭਾਈ ਅਸੀਂ ਆਖਿਆ, "ਜਨਮ ਭੂਮੀ ਦੇਖ ਚੱਲੀਏ, ਰਹਾਂਗੇ ਤਾਂ ਰਹਿਪੇ ਹੀ।" ਆਪ ਜੀ ਦੀ ਮਾਸੀ ਪਿੰਡ ਬੱਲੋਆਲ ਰਹਿੰਦੀ ਸੀ। ਤਾਹਰਪੁਰ ਵਾਲੀ ਮਾਸੀ ਦਾ ਪੁੱਤਰ ਬਿਸ਼ਨ ਸਿੰਘ ਵੀ ਬੱਲੋਆਲ ਹੀ ਰਹਿੰਦਾ ਸੀ। ਮਹਾਰਾਜ ਜੀ ਦੀ ਮਾਸੀ ਉਹਨਾਂ ਦਾ ਬਹੁਤ

ਹੀ ਖ਼ਿਆਲ ਰੱਖਦੀ ਸੀ। ਸਾਡੇ ਕੋਲ ਹੀ ਰਿਹਾ ਕਰੋ। ਮਹਾਰਾਜ ਕਹਿੰਦੇ "ਮਾਸੀ ਜੀ! ਅਸੀਂ ਆਪ ਦੇ ਕੋਲ ਹੀ ਹਾਂ, ਜਦੋਂ ਵੀ ਯਾਦ ਕਰੋਗੇ ਆ ਕੇ ਮਿਲਾਂਗੇ। ਆਏ ਸਾਧੂ ਸੰਤ ਦੀ ਸੇਵਾ ਕਰਨੀ, ਧਰਮ ਦੀ ਕਿਰਤ ਕਰਨੀ, ਵੰਡ ਕੇ ਛਕਣਾ, ਸ਼ਰਨ ਆਏ ਦੀ ਰੱਖਿਆ ਕਰਨੀ।"

"ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥

ਮਹਾਰਾਜ ਜੀ ਬੱਲੋਆਲ ਦੇ ਲੋਕਾਂ ਨੂੰ ਉਪਦੇਸ਼ ਕਰਕੇ ਅੱਗੇ ਪਿੰਡ ਰਹਿਪੇ ਆ ਗਏ। ਇਹ ਸਾਖੀ ਮੁਣਸ਼ਾ ਸਿੰਘ ਪਿੰਡ ਗੋਸਲਾਂ ਵਾਲੇ ਨੇ ਸਾਰੀ ਸੁਣਾਈ ਸੀ। ਬਾਬੇ ਸਰਮੁਖ ਸਿੰਘ ਦੇ ਪ੍ਰਸ਼ਾਦਾ ਲੈ ਜਾਣ ਦੀ ਵੀ ਉਨ੍ਹਾਂ ਨੇ ਸੁਣਾਈ ਸੀ। ਗੋਸਲਾਂ ਗੁਰਦੁਆਰਾ ਮੁਣਸ਼ਾ ਸਿੰਘ ਦੇ ਖੇਤ ਵਿਚ ਹੀ ਬਣਿਆ ਹੋਇਆ ਹੈ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਸਰਕੁਲਾ ਵਾਲੇ ਖੂਹ ਨੂੰ ਅਬਾਦ ਕਰਨ ਦੀ ਚੱਲੀ

ਸਰਕੁਲਾ ਵਾਲਾ ਖੂਹ ਪਿੰਡੋਂ ਚੜ੍ਹਦੀ ਵੱਲ੍ਹ ਇਕ ਮਾਈ ਪੂਰਨ ਦੇਈ ਦਾ ਸੀ। ਪੂਰਨ ਦੇਈ ਵਿਧਵਾ ਹੋ ਚੁੱਕੀ ਸੀ। ਉਸਦੀ ਇਕ ਹੀ ਲੜਕੀ ਸੀ। ਮਹਾਰਾਜ ਜੀ ਸਰਮੁਖ ਸਿੰਘ ਨੂੰ ਆਖਣ ਲੱਗੇ, "ਜੇ ਪੂਰਨ ਦੇਈ ਏਸੇ ਖੂਹ ਪੁਰ ਕੁੱਝ ਜਗ੍ਹਾ ਛੱਡ ਦੇਵੇ, ਇਥੇ ਕੋਈ ਜਗ੍ਹਾ ਬਣਾ ਲਈਏ।" ਸਰਮੁਖ ਸਿੰਘ ਦੇ ਕਹਿਣ 'ਤੇ ਇਕ ਘੁਮਾ ਖੇਤ ਪੂਰਨ ਦੇਈ ਛੱਡਣਾ ਮੰਨ ਗਈ। ਜਦੋਂ ਪੂਰਨ ਦੇਈ ਦੇ ਦਿਉਰ ਸੋਭਾ ਸਿੰਘ ਨੂੰ ਪਤਾ ਲੱਗਾ ਉਸਨੇ ਪੂਰਨ ਦੇਈ ਨੂੰ ਮੁਕਰਾ ਦਿੱਤਾ। ਪੂਰਨ ਦੇਈ ਨੇ ਬਾਬਾ ਜੀ ਨੂੰ ਆਖਿਆ, "ਮੇਰਾ ਦਿਉਰ ਜਗ੍ਹਾ ਛੱਡਣੀ ਨਹੀਂ ਮੰਨਦਾ।" ਦੱਸਦੇ ਨੇ ਕਿ ਇੱਟਾਂ ਸੁਟਾਈਆਂ ਹੋਈਆਂ ਸਨ, ਸੁੱਟਿਆ ਹੋਇਆ ਮਲ਼ਬਾ ਵੀ ਚੁਕਣਾ ਪਿਆ।

"ਬਿਨ ਕਰਮਾਂ ਕਿਛੁ ਪਾਈਐ ਨਾਹਿ ਜੇ ਬਹੁਤੇਰਾ ਧਾਵੈ।"

ਜੇ ਪੂਰਨ ਦੇਈ ਜਗ੍ਹਾ ਛੱਡ ਦਿੰਦੀ ਤਾਂ ਰਹਿੰਦੀ ਦੁਨੀਆਂ ਤੱਕ ਨਾਮ ਰੋਸ਼ਨ ਰਹਿੰਦਾ, ਕਲਿਆਣ ਹੋ ਜਾਂਦਾ, ਚੁਰਾਸੀ ਦੇ ਗੇੜ ਖ਼ਤਮ ਹੋ ਜਾਂਦੇ। ਮਹਾਰਾਜ ਜੀ ਇਸੇ ਹੀ ਪਾਸੇ ਉਜਾੜ ਵਿਚ ਰਹਿੰਦੇ ਸਨ। ਆਪ ਜੀ ਦਾ ਜੜਾਅ ਵਾਲ-ਵਾਲ ਟੁੱਟ ਕੇ ਪਿਛਲੇ ਪਾਸੇ ਨੂੰ ਲਹਿੰਦਾ ਗਿਆ। ਕਈ ਦਿਨ ਥੋੜ੍ਹੇ ਹੀ ਵਾਲਾਂ ਦੇ ਨਾਲ ਲਟਕਦਾ ਰਿਹਾ। ਇਕ ਦਿਨ ਮਹਾਰਾਜ ਜੀ ਚਰ੍ਹੀਆਂ ਦੇ ਰਾਹ ਵਿਚ ਪਤਾ ਨਹੀਂ ਕਿੱਧਰੇ ਜਟਾਂ ਸਿਟ ਆਏ। ਮਹਾਰਾਜ ਜੀ ਜਦੋਂ ਸਰਮੁਖ ਸਿੰਘ ਪਾਸ ਆਏ ਤਾਂ ਸਰਦਾਰ ਹਰਨਾਮ ਸਿੰਘ ਝਿਗੜਾਂ ਤੋਂ ਦਰਸ਼ਨ ਵਾਸਤੇ ਆਇਆ। ਮੀਹਾਂ ਸਿੰਘ, ਹਰੀ ਸਿੰਘ, ਸਰਮੁਖ ਸਿੰਘ, ਛੱਜੂ, ਹਰਨਾਮ ਸਿੰਘ ਨੇ ਸਾਰੇ ਰਲਕੇ ਚਰੀਆਂ ਦੇ ਰਾਹ ਵਿਚ ਜਟਾਂ ਦੀ ਟੋਲ੍ਹ ਕਰਨ ਲੱਗੇ। ਟੋਲ੍ਹਦਿਆਂ-ਟੋਲ੍ਹਦਿਆਂ ਜਟਾਂ ਲਭ ਪਈਆਂ ਸਭ ਨੇ ਲੱਖ-ਲੱਖ ਸ਼ੁਕਰ ਕੀਤਾ, ਲੱਗੇ ਵਾਰੋ-ਵਾਰੀ ਜਟਾਂ ਨੂੰ ਨਮਸਕਾਰ ਕਰਨ, ਸਰਦਾਰ ਹਰਨਾਮ ਸਿੰਘ ਨੇ ਸਾਰੇ ਸੇਵਾਦਾਰਾਂ ਅੱਗੇ ਬੇਨਤੀ ਕੀਤੀ ਇਹ ਜਟਾਂ ਮੈਨੂੰ ਬਖਸ਼ ਦਿਉ ਮੈਂ ਆਪ ਸਭ ਦਾ ਬੜਾ ਹੀ ਧੰਨਵਾਦੀ ਹੋਵਾਂਗਾ। ਹਰਨਾਮ ਸਿੰਘ ਜੀ ਨੂੰ ਜਟਾਂ ਦੇ ਦਿੱਤੀਆਂ। ਇਸ ਵੇਲੇ ਪਿੰਡ ਝਿਗੜੀਂ ਗੁਰਬਖਸ਼ ਸਿੰਘ ਦੇ ਘਰ ਸ਼ੀਸ਼ੇ ਦੇ ਮਰਤਵਾਨ ਵਿਚ ਪਈਆਂ ਹੋਈਆਂ ਹਨ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਰਹਿਪੇ ਤਖਤ ਦੀ ਚੱਲੀ

ਇਕ ਦਿਨ ਮਹਾਰਾਜ ਜੀ ਸੁਰਮੁਖ ਸਿੰਘ ਦੀ ਕੋਠੜੀ ਵਿਚ ਬੈਠੇ ਸਨ। ਬੈਠਿਆਂ ਬੈਠਿਆਂ ਕਰਤਾਰ ਦੇ ਨਾਲ ਲਿਵ ਜਾ ਜੁੜੀ। ਸੱਚੀ ਦਰਗਾਹ ਵਿਚੋਂ ਕੋਈ ਫੁਰਮਾਨ ਹੋਇਆ। ਸੰਸਾਰ ਦੇ ਜੀਵਾਂ ਦੇ ਭਲੇ ਵਾਸਤੇ ਕੁੱਝ ਕਰਨਾ ਸੀ। ਇਸ ਨਗਰ ਵਿਚ ਭਵਜਲੋਂ ਪਾਰ ਹੋਣ ਦਾ ਪੁਲ ਬਣਾ ਦੇਣਾ ਸੀ। ਮਹਾਰਾਜ ਬਹੁਤ ਮਿਹਰਾਂ ਦੇ ਵਿਚ ਆਏ ਹੋਏ ਸਨ। ਤਿੰਨ ਦਿਨ ਮਹਾਰਾਜ ਜੀ ਅੰਦਰ ਹੀ ਰਹੇ। ਇਕ ਲੱਸੀ ਦਾ ਗਿਲਾਸ ਪੀ ਕੇ ਨਿਰਅਹਾਰ ਹੀ ਰਹੇ। ਇਕ ਦਿਨ ਰਾਤ ਦੇ ਸਮੇਂ ਸਰਮੁਖ ਸਿੰਘ ਨੂੰ ਹੁਕਮ ਕੀਤਾ, ਸਾਨੂੰ ਬੁਲਾਉਣਾ ਨਹੀਂ ਹੋਵੇਗਾ।

ਸਾਵਣ ਦੇ ਦਿਨ ਸਨ ਬਾਰਿਸ਼ ਪੈ ਕੇ ਬੰਦ ਹੋ ਚੁੱਕੀ ਸੀ। ਚੰਦ ਦੀ ਚਾਨਣੀਂ ਧੁਪ ਵਾਂਗਰ ਪ੍ਰਿਥਵੀ ਤੇ ਪੈ ਰਹੀ ਸੀ, ਅਕਾਸ਼ ਵਿਚ ਤਾਰੇ ਮੋਤੀਆਂ ਵਾਂਗ ਡਲ੍ਹਕਾਂ ਮਾਰਦੇ ਸਨ, 'ਗਗਨ ਮੈਂ ਥਾਲੁ ਰਵਿ ਚੰਦੁ ਦੀਪਕ ਬਨੇ।' ਠੰਡੀ-ਠੰਡੀ ਪੌਣ ਪਹਾੜਾਂ ਦੀਆਂ ਚੋਟੀਆਂ ਨੂੰ ਚੁੰਮਦੀ ਹੋਈ ਆਸ਼ਿਕਾਂ ਦੇ ਦਿਲ ਨੂੰ ਖੁਸ਼ੀਆਂ ਦੇ ਰਹੀ ਸੀ। ਰੰਗ ਰਤੜੇ ਬਹਾਰਾਂ ਦੇ ਮਾਲਿਕ ਸਰਬ ਕਲਾ ਭਰਪੂਰ, ਸਰਬ ਸ਼ਕਤੀਮਾਨ, ਨਿਆਸਰਿਆਂ ਦਾ ਆਸਰਾ, ਨਿਪੱਤਿਉਂ ਕੀ ਪਤ, ਮਿਹਰਾਂ ਦੇ ਸਾਈਂ, ਪਾਪੀਆਂ, ਰਾਖਸ਼ਾਂ, ਪੱਥਰਾਂ, ਬਿਰਖਾਂ, ਜਖ੍ਹਾਂ, ਕਿੰਨਰਾਂ, ਗੰਧਰਵਾਂ, ਪਸ਼ੂ ਪੰਛੀਆਂ, ਮਾਣਸਾਂ ਨੂੰ ਤਾਰਨ ਹਾਰੇ ਨੇ ਅੱਜ ਇਕ ਹਫ਼ਤੇ ਤੋਂ ਬਾਅਦ ਅੰਦਰੋਂ ਕੁੰਡੀ ਖੋਲ੍ਹੀ। ਅਵਾਜ਼ ਆਈ, "ਸਰਮੁਖ! ਐਧਰ ਆਉ" ਸਰਮੁਖ ਸਿਘ ਜੀ ਹਾਜ਼ਿਰ ਹੋਏ। ਨਮਸਕਾਰ ਕੀਤੀ, ਅੰਦਰੋਂ ਚਲਦੀ ਸਰਦ ਹਵਾ ਸੀਨੇ ਸ਼ਾਂਤ ਕਰ ਰਹੀ ਸੀ, ਅੰਦਰ ਬੜੀਆਂ ਮਹਾਨ ਹਸਤੀਆਂ ਬੈਠੀਆਂ ਸਨ, ਬਾਬਾ ਜੀ ਨੂੰ ਦਰਸ਼ਨ ਕਰਵਾਏ। ਮਹਾਰਾਜ ਜੀ ਕਹਿੰਦੇ "ਸਰਮੁਖ! ਕੁੱਝ ਦੇਖਿਆ।" ਜੋ ਕੁੱਝ ਆਪ ਜੀ ਨੇ ਦਿਖਾਇਆ ਸੋਈ ਦੇਖਿਆ। "ਸਰਮੁਖ! ਜਦੋਂ ਵੀ ਮਾਤ ਲੋਕ ਵਿਚ ਕੋਈ ਨਵਾਂ ਨਿਜਾਮ ਲਿਆਉਣਾ ਹੋਵੇ, ਕੋਈ ਤੀਰਥ ਰਚਣਾ ਹੋਵੇ, ਕੋਈ ਕਾਨੂੰਨ ਲਾਗੂ ਕਰਨਾ ਹੋਵੇ, ਕਿਸੇ ਰਾਜ ਦੀ ਤਬਦੀਲੀ ਕਰਨੀ ਹੋਵੇ ਸਾਨੂੰ ਵੱਡਿਆਂ ਵੱਡਿਆਂ ਵਿਅਕਤੀਆਂ ਨੂੰ ਇਕੱਠੇ ਹੋ ਕੇ ਕਾਨੂੰਨ ਬਣਾਉਣਾ ਪੈਂਦਾ ਹੈ। ਮਿਸਲ ਤਿਆਰ ਕਰਕੇ ਨਿਰੰਕਾਰ ਦੇ ਹੁਕਮ ਅਨੁਸਾਰ ਕੰਮਕਾਰ ਕਰੀਦੇ ਹਨ। ਜਿਹੜਾ ਵੀ ਇਸ ਇਲਾਹੀ ਕੌਂਸਲ ਵਿਚ ਕਾਨੂੰਨ ਪਾਸ ਹੋ ਜਾਂਦਾ ਹੈ, ਫਿਰ ਮੁੜਦਾ ਨਹੀਂ। ਸਾਧੂ ਦੀ ਗਮਜ਼ ਨਿਰੰਕਾਰ ਨਾਲ ਹੁੰਦੀ ਹੈ। ਜਿਹੜੀ ਵੀ ਬਚਨ ਸਾਧੂ ਦੇ ਮੁੱਖ ਤੋਂ ਨਿਕਲ ਜਾਵੇ। ਉਹ ਹੀ ਦਰਗਾਹ ਵਿਚ ਮੰਨਿਆ ਜਾਂਦਾ ਹੈ। ਜਦੋਂ ਵੇਦ ਰਚੇ ਸੀ ਬਚਦੀ ਸਿਆਹੀ ਮਹਾਂਪੁਰਸ਼ਾਂ ਦੀ ਰਸਨਾ ਤੇ ਪਾਈ ਗਈ ਸੀ। ਅੱਜ ਸਰਮੁਖ! ਤੇਰੇ ਪਿੰਡ ਰਹਿਪੇ ਅਸੀਂ ਵੱਡਾ ਭਾਰੀ ਤੀਰਥ ਰਚਾ ਦਿੱਤਾ ਹੈ। ਸੱਚੀ ਦਰਗਾਹ ਵਿਚ ਮਨਜ਼ੂਰੀ ਹੋ ਗਈ। ਕੋਈ ਦਿਨ ਐਸਾ ਆਵੇਗਾ, ਤੇਰੇ ਨਗਰ ਵਿਚ ਦੁਨੀਆਂ ਜੱਗ ਕਰਿਆ ਕਰੇਗੀ, ਇਥੇ ਮੇਲੇ ਲੱਗਿਆ ਕਰਨਗੇ, ਵਲੈਤਾਂ ਵਿਚ ਤੇਰੇ ਪਿੰਡ ਦੀਆਂ ਲੋਕੀਂ ਕਹਾਣੀਆਂ ਪੜ੍ਹਿਆ ਕਰਨਗੇ।"

ਪਿੰਡ ਰਹਿਪੇ ਨੂੰ ਕੁੱਲ ਦੁਨੀਆਂ ਵਿਚ ਉੱਘਾ ਤੇ ਮਸ਼ਹੂਰ ਕਰਨ ਦਾ ਵਰ ਦੇ

ਦਿੱਤਾ। ਹੁਣ ਹੁਕਮ ਨਾਵੇਂ ਆਖੇ ਹੋਏ ਪ੍ਰਗਟ ਹੋ ਰਹੇ ਹਨ। ਕੋਈ ਚਾਰ ਕੁ ਵਜੇ ਜਦੋਂ ਰਾਤ ਇਕ ਪਹਿਰ ਰਹਿੰਦੀ ਸੀ ਸਰਮੁਖ ਸਿੰਘ ਨੂੰ ਹੁਕਮ ਕੀਤਾ, "ਲੱਸੀ ਲੈ ਆਉ," ਬਾਬਾ ਜੀ ਦਹੀਂ ਭੰਨ ਕੇ ਘੜੜ ਦੀ ਗੜਵੀ ਬਣਾ ਲਿਆਏ। ਮਹਾਰਾਜ ਜੀ ਇਕ ਹਫ਼ਤੇ ਤੋਂ ਬਾਅਦ ਅੰਦਰੋਂ ਨਿਕਲੇ। ਛੱਜੂ ਝੀਰ ਨੇ ਆ ਕੇ ਮਹਾਰਾਜਾ ਜੀ ਦੇ ਇਸ਼ਨਾਨ ਕਰਾਏ, ਪਿੱਛੋਂ ਹੋਰ ਸੰਗਤ ਵੀ ਦਰਸ਼ਨ ਨੂੰ ਆਉਣ ਲੱਗੀ। ਦੂਜੇ ਪਹਿਰ ਦਿਨ ਦੇ ਬਾਬੇ ਬੁਲਣਸ਼ਾਹ ਦੀ ਜਗ੍ਹਾ ਪਿੰਡ ਦੇ ਦਰਮਿਆਨ ਬੋਹੜ ਦੇ ਥੱਲੇ ਆਪ ਜੀ ਜਾ ਬੈਠੇ। ਕਾਫ਼ੀ ਸੰਗਤ ਆਪ ਜੀ ਦੇ ਕੋਲ ਬੈਠੀ। ਭਾਈ ਵੀਰ ਸਿੰਘ ਖ਼ਾਲਸਾ ਬਰਾਦਰੀ ਵੀ ਦਰਸ਼ਨ ਵਾਸਤੇ ਆਇਆ। ਮਹਾਰਾਜ ਜੀ ਦਾ ਹੁਕਮ ਹੋਇਆ, 'ਭਾਈ! ਅੱਜ ਹੀਰ ਵਾਰਿਸ ਸ਼ਾਹ ਦੀ ਸੁਣਾਓ। ਵੀਰ ਸਿੰਘ ਝਟ ਜਾ ਕੇ ਕਿਤਾਬ ਲੈ ਆਇਆ, ਹੁਕਮ ਕਰੋ ਕਿੱਥੋਂ ਸੁਣਾਵਾਂ? ਮਹਾਰਾਜ ਜੀ ਕਹਿੰਦੇ ਜਿੱਥੇ ਰਾਂਝਾ ਜੋਗ ਲੈਣ ਵਾਸਤੇ ਚਲਿਆ ਸੀ।

"ਰਾਂਝੇ ਉੱਠ ਕੇ ਟਿਲੇ ਦਾ ਰਾਹ ਫੜਿਆ।
ਮਤਾ ਹੋਇਆ ਸੂ ਕੰਨ ਪੜਵਾਵਣੇਂ ਦਾ।"

ਵੀਰ ਸਿੰਘ ਕਾਫ਼ੀ ਦੇਰ ਸੁਣਾਉਂਦਾ ਰਿਹਾ। ਜਦੋਂ ਦਿਨ ਦਾ ਸਮੇਂ ਹੋਇਆ, "ਸਰਮੁਖ! ਅੱਜ ਕੋਈ ਜਗ੍ਹਾ ਭਾਲਣੀ ਹੈ, ਦਰਗਾਹੀ ਹੁਕਮ ਹੈ, ਅੱਜ ਤਖ਼ਤ ਰਚਾ ਹੀ ਦੇਣਾ ਹੈ।" ਸਰਮੁਖ ਸਿੰਘ ਨੇ ਬੇਨਤੀ ਕੀਤੀ, "ਜੋ ਆਪ ਜੀ ਦਾ ਹੁਕਮ ਹੈ, ਸੋ ਕਰੋ।" ਮਹਾਰਾਜ ਜੀ ਬੋਹੜ ਥੱਲਿਓ ਉੱਠੇ, ਸਾਰੇ ਬੈਠੇ ਲੋਕੀ ਆਪ ਜੀ ਦੇ ਪਿੱਛੇ-ਪਿੱਛੇ ਚੱਲ ਪਏ। ਪਿੰਡੋਂ ਬਾਹਰ ਵੱਲ੍ਹ ਨੂੰ ਚੱਲ ਪਏ। ਕਾਫ਼ੀ ਜਲੂਸ ਦੀ ਸ਼ਕਲ ਵਿਚ ਬੰਦੇ ਨਾਲ ਸਨ। ਮੋਹਰੇ ਰਾਜਿਆਂ ਦੇ ਰਾਜਾ ਤਾਰਿਆਂ ਵਿਚ ਚੰਦ ਵਾਂਗ ਸੋਭਾ ਦੇ ਰਹੇ ਸਨ, ਪੀਰ, ਬਲੀ ਗੁੱਝੀਆਂ ਗਮਜ਼ਾਂ ਮਾਰਦੇ ਕਿਸੇ ਹੋਰ ਦੇਸ਼ ਦੇ ਵਾਸੀਆਂ ਨਾਲ ਗੱਲਾਂ ਕਰਦੇ ਜਾ ਰਹੇ ਸਨ, ਜਦੋਂ ਪਿੰਡੋਂ ਦੋ ਸੌ ਕਦਮ ਤੇ ਆਏ। ਬਾਬਾ ਸੁਰਮੁਖ ਸਿੰਘ ਜੀ ਨੇ ਮੋਹਰੇ ਹੋ ਕੇ ਚਰਨ ਫੜ ਕੇ ਬੇਨਤੀ ਕੀਤੀ, "ਰਾਹੋਂ ਪੂਰਬ ਵੱਲ੍ਹ ਦਾ ਖੇਤ ਤੇਰਾਂ ਕਨਾਲ ਦਾ ਹੈ, ਇਹ ਸਾਂਭ ਲਵੋ।" ਮਹਾਰਾਜ ਜੀ ਨੇ ਇਕ ਮਿੰਟ ਠਹਿਰ ਕੇ ਆਖਿਆ, "ਸਰਮੁਖ! ਸਾਡੀ ਮਲਕੀਅਤ ਅੱਗੇ ਹੈ।" ਅੱਗੇ ਚੱਲ ਪਏ ਕਸੋਰੂਆਂ ਵਾਲੇ ਛੱਪੜ ਦੇ ਕੰਢੇ ਜਾ ਖੜ੍ਹੇ ਹੋਏ। ਸੰਗਤ ਨੂੰ ਰਾਹ ਵਿਚ ਹੀ ਖੜ੍ਹੇ ਰਹਿਣ ਦਾ

ਹੁਕਮ ਕੀਤਾ। ਆਪ ਜੀ ਕੁੱਝ ਸਮੇਂ ਖਲੋ ਕੇ ਰਾਹ ਟੱਪ ਕੇ ਪੂਰਬ ਵੱਲ੍ਹ ਦੇ ਪਾਸੇ ਜਿੱਥੇ ਹੁਣ ਦਰਬਾਰ ਬਣਿਆ ਹੋਇਆ ਹੈ, ਇਸ ਖੇਤ ਦੇ ਦਰਮਿਆਨ ਆ ਖੜ੍ਹੇ ਹੋਏ। ਹੁਕਮ ਕੀਤਾ, "ਆਹ ਜਗ੍ਹਾ ਹੈ, ਜੇ ਕੋਈ ਛੱਡ ਦੇਵੇ।" ਬਾਬਾ ਹਰੀ ਸਿੰਘ ਜੀ ਵੀ ਨਾਲ ਹੀ ਸਨ। ਹਰੀ ਸਿੰਘ ਨੇ ਝੱਟ-ਪਟ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਹ ਖੇਤ ਆਪ ਜੀ ਦਾ ਹੀ ਹੈ। ਹੁਕਮ ਕਰੋ ਦਾਸ ਹਾਜ਼ਿਰ ਹੈ।" ਮਹਾਰਾਜ ਜੀ ਦਾ ਹੁਕਮ ਹੋਇਆ, "ਹਰੀਆ! ਸਾਰਾ ਖੇਤ ਛਡ ਦੇ।" ਇਹ ਨੌਂ ਕਨਾਲ ਕੁੱਝ ਮਰਲੇ ਜਗ੍ਹਾ ਸੀ,

ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

ਮਹਾਰਾਜ ਜੀ ਨੇ ਆਪਣੇ ਹੱਥੀਂ ਗੈਂਡੇ ਦੀ ਸੋਟੀ ਨਾਲ ਇਕ ਪੰਜ ਕੁ ਫੁੱਟ ਮੁਰੱਬੇ ਦੀ ਲੀਕ ਵਾਹੀ। ਇਸ ਤੋਂ ਪਿੱਛੋਂ ਇਕ ਲੀਕ ਹੋਰ ਵੀਹ ਕੁ ਫੁੱਟ ਮੁਰੱਬੇ ਦੀ ਵਾਹੀ। ਲੀਕ ਵਾਹ ਕੇ ਪਹਿਲੀ ਲੀਕ ਵਾਲੀ ਥਾਂ ਨਮਸਕਾਰ ਕਰਨ ਦਾ ਹੁਕਮ ਕੀਤਾ। ਦੂਜੀ ਲੀਕ ਦੇ ਪਿੱਛੇ ਜੋੜਾ ਖੋਲ੍ਹਣ ਦਾ ਹੁਕਮ ਕੀਤਾ। ਪੰਜ ਫੁੱਟ ਮੁਰੱਬੇ ਦੀ ਜੋ ਲੀਕ ਵਾਹੀ ਸੀ। ਉਸ ਜਗ੍ਹਾ ਆਪ ਜੀ ਨੇ ਆਪਣੇ ਹੱਥੀਂ ਵਭੂਤੀ ਇਕੱਠੀ ਕਰਵਾਈ। ਤਿੰਨ ਫੁੱਟ ਉੱਚਾ ਥੜ੍ਹਾ ਬਣਾਇਆ। ਹੁਕਮ ਹੋਇਆ, "ਇਹ ਹਮਾਰਾ ਤਖਤ ਹੈ, ਇਥੇ ਨਮਸਕਾਰ ਕਰਨੀ।" ਥੜ੍ਹਾ ਬਣਾ ਕੇ ਪ੍ਰਸ਼ਾਦ ਵਰਤਾਇਆ, ਸੰਖ, ਘੜਿਆਲ ਵਜਾਏ। ਭਗਵਾਨ ਰਾਮ ਚੰਦਰ ਜੀ ਦਾ ਵੀ ਇਥੇ ਤਪ ਕਰਨ ਬਾਰੇ ਦੱਸਿਆ ਸੀ।

ਬੋਲੋ ਭਾਈ ਜੀ ਵਾਹਿਗੁਰੂ॥

ਇਸ ਤਖ਼ਤ ਦੀ ਰਚਨਾ 30 ਜੁਲਾਈ 1905 ਨੂੰ ਕੀਤੀ।

ਸਾਖੀ ਬਾਬਾ ਹਰੀ ਸਿੰਘ ਦਵਾਰਾ ਬਾਗ ਲਾਉਣ ਦੀ ਚੱਲੀ

ਹਰੀ ਸਿੰਘ ਨੇ ਹੌਲੀ-ਹੌਲੀ ਸਾਰੇ ਖੇਤ ਦੇ ਦੁਆਲੇ ਡੰਡਾ ਥੋਹਰ ਦੀ ਵਾੜ ਕਰ ਦਿੱਤੀ। ਇਕ ਚਾਰ ਚੁਫੇਰੇ ਬੰਨੇ ਬੰਨੇ ਟਾਹਲੀਆਂ ਦੀ ਪਾਲ ਲਾ ਦਿੱਤੀ। ਇਕ ਬੋਹੜ ਦਾ ਬੂਟਾ ਕਿਸੇ ਤਰੀਕ ਤੇ ਲਾਹੌਰ ਗਏ, ਉਥੋਂ ਪੁੱਟ ਕੇ ਲੈ ਆਏ। ਆ ਕੇ ਮਹਾਰਾਜ ਜੀ ਦੇ ਮੋਹਰੇ ਰੱਖ ਕੇ ਬੇਨਤੀ ਕੀਤੀ, "ਇਸ ਬੂਟੇ ਨੂੰ ਦਸੋ

ਕਿੱਥੇ ਲਾਈਏ?" ਆਪ ਜੀ ਆਪਣੇ ਹੱਥੀਂ ਜਿਹੜਾ ਗੁਰਦੁਆਰੇ ਦੇ ਨਾਲ ਪੱਛੋਂ ਵਾਲੇ ਪਾਸੇ ਲੱਗਾ ਹੋਇਆ, ਆਪ ਜੀ ਨੇ ਹੱਥੀਂ ਲਗਾਇਆ। ਬਾਕੀ ਖੇਤ ਵਿਚ ਅੰਬਾਂ ਦੇ ਬੂਟੇ ਲਾ ਦਿੱਤੇ। ਇਕ ਸੁੰਦਰ ਵਾੜੀ ਬਣ ਗਈ। ਇਸ ਵਾੜੀ ਦੇ ਦਰਮਿਆਨ ਵਿਚ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਤਖ਼ਤ ਬਣਿਆ ਹੋਇਆ ਸੀ। ਇਹ ਰੱਬੀ ਦਰਬਾਰ ਇਸ ਫੁਲਵਾੜੀ ਨੂੰ ਚਾਰ ਚੰਨ ਲਾ ਰਿਹਾ ਸੀ। ਇਸ ਬਣੇ ਹੋਏ ਤਖ਼ਤ ਦੀ ਯਾਤਰਾ ਪੁੰਨਿਆਂ ਦੀ ਰਾਤ ਨੂੰ ਅਕਾਸ਼ ਤੋਂ ਦੇਵਤੇ ਵੀ ਆ ਕੇ ਕਰਿਆ ਕਰਦੇ ਸਨ। ਇਸ ਫੁਲਵਾੜੀ ਦੀ ਮਹਿਕ ਲਿਆ ਕਰਦੇ ਸਨ। ਇਸ ਦਰਬਾਰ ਦੀ ਪਵਿੱਤਰ ਧੂੜੀ ਮਸਤਕ ਨੂੰ ਲਾ ਕੇ ਜਾਂਦੇ ਸਨ, ਰਾਸ ਮੰਡਲ ਕਰਿਆ ਕਰਦੇ ਸਨ। ਇਹ ਤਖ਼ਤ ਉਨੀ ਸੌ ਤੀਹ ਨੂੰ ਪੱਕਾ ਬਣਾ ਦਿੱਤਾ ਸੀ। ਚਾਰ ਚੁਫ਼ੇਰੇ ਜੰਗਲਾ ਬਣਾ ਦਿੱਤਾ ਸੀ। ਬੋਹੜਾਂ ਦਾ ਚੌਂਤਾ ਇਕ ਨਵੀਂ ਖੂਹੀ ਚੰਦਾ ਸਿੰਘ ਝਿਗੜਾਂ ਵਾਲੇ ਨੂੰ ਠੇਕਾ ਦੇ ਕੇ ਲਗਵਾਈ ਸੀ। ਇਹ ਖਰਚ ਸਾਰਾ ਬਾਬੇ ਹਰੀ ਸਿੰਘ ਨੇ ਕੀਤਾ ਸੀ। ਸੰਨ ਉੱਨੀ ਸੌ ਛੇ ਵਿਚ ਇਕ ਖੂਹੀ ਤੇ ਇੱਕ ਕੁਟੀਆ ਬਣਾਈ ਸੀ। ਇਸ ਖੂਹੀ ਦੀਆਂ ਇੱਟਾਂ ਰਾਹੋਂ ਤੋਂ ਲਿਆਂਦੀਆਂ ਗਈਆਂ ਸਨ। ਚੂਨੇ ਵਾਸਤੇ ਰੋੜ ਬਲੌਣੀ ਤੋਂ ਲਿਆਂਦੇ ਗਏ ਸੀ। ਰੋੜਾਂ ਵਾਸਤੇ ਗੱਡੇ ਪਿੰਡ ਝਿਗੜਾਂ ਤੋਂ ਆਏ ਸੀ। ਸਾਰਾ ਮਟੀਰੀਅਲ ਇਕੱਠਾ ਕਰਕੇ ਦਿਨ ਐਤਵਾਰ, ਪੁਖ ਨਛੱਤਰ ਨੂੰ ਸਵਾ ਪਾੜ ਦਾ ਠੱਪਾ ਲਾਇਆ ਗਿਆ। ਸੰਗਤ ਨੂੰ ਬੜਾ ਹੀ ਚਾਅ ਚੜ੍ਹਿਆ ਹੋਇਆ ਸੀ। ਖੁਸ਼ੀਆਂ ਦੇ ਗੀਤ ਗਾ ਰਹੇ ਸਨ। ਮੰਗਲ ਰਾਮ ਗੋਸਲਾਂ ਵਾਲੇ ਨੂੰ ਮੀਹਾਂ ਸਿੰਘ ਰਹਿਪੇ ਵਾਲੇ ਮਿਸਤਰੀ ਨੂੰ ਗੰਡ ਬੰਨ੍ਹਣ ਦੀ ਆਗਿਆ ਦਿੱਤੀ। ਪਾੜ ਪੁਟਿਆ ਗਿਆ, ਮਟੀਰੀਅਲ ਤਿਆਰ ਹੋ ਗਿਆ। ਸਾਰੇ ਸੇਵਾਦਾਰਾਂ ਨੇ ਸਰਕਾਰ ਅੱਗੇ ਬੇਨਤੀ ਕੀਤੀ, ਕੋਈ ਦਿਨ ਮੁਕੱਰਰ ਕੀਤਾ ਜਾਏ, ਗੰਡ ਸੁੱਟਣ ਦਾ ਬਾਹਰ ਦੀ ਸੰਗਤ ਨੂੰ ਵੀ ਸੱਦਾ ਦਿੱਤਾ ਜਾਵੇ। ਬੜੀ ਧੂਮ ਧਾਮ ਨਾਲ ਗੰਡ ਸੁੱਟਣ ਦੀ ਰਸਮ ਅਦਾ ਕੀਤੀ ਜਾਵੇ। ਸੰਗਤ ਦੀ ਸਲਾਹ ਮਸ਼ਵਰੇ ਨਾਲ ਆਪ ਜੀ ਨੇ ਸ਼ੁਭ ਦਿਨ ਦੇਖ ਕੇ ਦਿਨ ਮੁਕੱਰਰ ਕਰ ਦਿੱਤਾ। ਸਤਾਈ ਹਾੜ੍ਹ ਨੂੰ ਦਿਨ ਐਤਵਾਰ ਸਭ ਪਾਸੇ ਸੁਣਾਈ ਕਰ ਦਿੱਤੀ ਕਿ ਢਲੇ ਦਿਨ ਚਾਰ ਵਜੇ ਗੰਡ ਸੁਟਿਆ ਜਾਵੇਗਾ। ਬੰਨਾ ਭਰਾਈ ਲੱਗਾ ਢੋਲ ਵਜਾਉਣ। ਕਾਫ਼ੀ ਇਕੱਠ ਹੋ ਗਿਆ। ਪਿੰਡ ਵਿਚੋਂ ਦੋ

ਹਿਸਿਆਂ ਵਿਚ ਸੰਗਤ ਚੱਲੀ। ਮੋਹਰੇ ਢੋਲਕੀ ਛੈਣਿਆਂ ਨਾਲ ਸ਼ਬਦ ਪਾਰਟੀ ਸ਼ਬਦ ਪੜ੍ਹਦੀ ਜਾ ਰਹੀ ਸੀ। 'ਮੈਂ ਬਲਹਾਰੇ ਜਾਵਾਂ ਜਿਨੇ ਏਹੋ ਥਾਨ ਸੁਹਾਇਆ', ਪਿੱਛੇ-ਪਿੱਛੇ ਮਾਈਆਂ ਬੀਬੀਆਂ ਸ਼ਬਦ ਗਾਉਂਦੀਆਂ ਜਾ ਰਹੀਆਂ ਸਨ। "ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਆਵੋ ਜੀਹਨੇ ਪਾਰ ਲਗਣਾ।" "ਤੂੰ ਦੇਹ ਦਰਸ਼ਨ ਗੁਰ ਮੇਰੇ, ਸੰਗਤ ਆਈ ਦਰਸ਼ਨ ਨੂੰ" ਸਾਰੀ ਸੰਗਤ ਸ਼ਬਦ ਪੜ੍ਹਦੀ ਜਾ ਰਹੀ ਸੀ। ਪਰਾਤਾਂ ਵਿਚ ਦਾਣੇ ਪਾਕੇ ਉੱਪਰ ਫੁਲਕਾਰੀਆਂ ਰਖੀਆਂ ਹੋਈਆਂ ਸਨ। ਇਹ ਜਲੂਸ ਇਸ ਤਰਾਂ ਸ਼ੋਭਾ ਦੇ ਰਿਹਾ ਸੀ ਜਿਵੇਂ ਦੇਵਤੇ ਪੀਰ ਸਮੁੰਦਰ ਤੋਂ ਅੰਮ੍ਰਿਤ ਪੀਣ ਵਾਸਤੇ ਜਾਂਦੇ ਹੋਏ ਸ਼ੋਭਾ ਦੇ ਰਹੇ ਸਨ। ਸੂਰਜ ਨਾਲ ਪਰਾਤਾਂ ਲਿਸ਼ਕ ਰਹੀਆਂ ਸਨ, ਸੁੱਚੇ ਰੇਸ਼ਮ ਦਾ ਗੋਟਾ ਸੂਰਜ ਦੀਆਂ ਕਿਰਨਾਂ ਨਾਲ ਟਕਰਾਉ ਖਾ ਕੇ ਮਨ ਨੂੰ ਮੋਹ ਰਿਹਾ ਸੀ। ਸੰਗਤ ਦਾ ਜਲੂਸ ਪਿੰਡ ਗੁਰਦੁਆਰੇ ਤਾਂਈ ਰਾਹ ਭਰਿਆ ਹੋਇਆ ਜਾਂਦਾ ਸੀ। ਪਾੜ ਦੇ ਦੁਆਲੇ ਝੁਰਮਟ ਪਾ ਲਿਆ, ਰੰਡ ਸੁੱਟਣ ਨੂੰ ਜਵਾਨਾਂ ਨੇ ਰੱਸੇ ਪਾ ਕੇ ਖੜ੍ਹਾ ਕੀਤਾ। ਦੂਜੇ ਪਾਸੇ ਮੁਟਿਆਰਾਂ ਨੇ ਜੋੜੀਆਂ ਬੰਨ੍ਹਕੇ ਦੋਹੇ ਗਾਏ। ਇਸ ਬੇੜੇ ਨੂੰ ਪਾਰ ਲਾਓ ਰਾਜਾ ਜੀ, ਇਸ ਬੇੜੇ ਨੂੰ ਪਾਰ ਲਾਓ। ਇਸ ਪ੍ਰਕਾਰ ਦੋਹੇ ਲਾ ਲਾ ਕੇ ਅਕਾਸ਼ ਗੂੰਜਾ ਦਿੱਤਾ। ਇਸ ਰਾਜੇ ਦੀ ਸੰਗਤ ਦੀ ਰੌਣਕ ਨੇ ਇੰਦਰ ਦੇ ਖਾੜੇ ਨੂੰ ਵੀ ਮਾਤ ਪਾ ਦਿੱਤਾ। ਮਹਾਰਾਜ ਜੀ ਦੇ ਹੁਕਮ ਨਾਲ ਢੇਰ ਲਾ ਦਿੱਤੇ। ਦੇਵ ਲੋਕ ਤੋਂ ਦੇਵਤਿਆਂ ਨੇ ਫੁੱਲਾਂ ਦੀ ਵਰਖਾ ਕੀਤੀ। ਇਉਂ ਉਸਤਤ ਕੀਤੀ,

'ਧੰਨ-ਧੰਨ ਰਾਜਾ ਸਾਹਿਬ ਜੀ ਜਿਨ ਦੁਖੀਆਂ ਦੇ ਦੁੱਖ ਨਿਵਰਨ ਖਾਤਰ ਅੰਮ੍ਰਿਤ ਦਾ ਸੋਮਾ ਮਾਤ ਲੋਕ ਵਿਚ ਲਾਇਆ।' ਇਸ ਖੂਹੀ ਦੀ ਨਾਲੀ ਉਸਾਰਨ ਦੀ ਸੇਵਾ ਮੰਗਲ ਰਾਮ ਨੇ ਕੀਤੀ। ਜਿੰਨੀਆਂ ਵੀ ਖੂਹੀਆਂ ਲੱਗੀਆਂ ਮਹਾਰਾਜ ਜੀ ਦੀਆਂ ਇਨ੍ਹਾਂ ਸਾਰੀਆਂ ਦੀ ਸੇਵਾ ਮੰਗਲ ਰਾਮ ਗੋਸਲਾਂ ਵਾਲੇ ਨੇ ਕੀਤੀ। ਇਸ ਲੱਗੀ ਹੋਈ ਖੂਹੀ ਦਾ ਪਾਣੀ ਰੋਗੀਆਂ ਦੇ ਰੋਗ ਦੂਰ ਕਰਦਾ ਹੈ। ਕੋਹੜ ਦੂਰ ਕਰਦਾ ਹੈ। ਇਸ਼ਨਾਨ ਕੀਤਿਆਂ ਤਾਪ ਉੱਤਰ ਜਾਂਦਾ ਹੈ। ਮਹਾਰਾਜ ਜੀ ਪਿੰਡ ਰਹਿਪੇ ਤੀਰਥ ਰਚ ਕੇ ਪਿੰਡ ਝਿਗੜੀਂ ਚਲੇ ਗਏ।

ਰਹਿਪੇ ਨੂੰ ਸਵਰਗ ਪੁਰੀ ਬਣਾ ਗਏ।
ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਗੁਰਦੁਆਰਾ ਦੁੱਖ ਨਿਵਾਰਨ ਪਿੰਡ ਝਿੰਗੜਾਂ ਦੇ ਰਚਣ ਦੀ ਚੱਲੀ

ਮਹਾਰਾਜ ਜੀ ਰਹਿਪੇ ਤੋਂ ਤਖ਼ਤ ਸਾਹਿਬ ਦੀ ਰਚਨਾ ਕਰਕੇ ਹਰਨਾਮ ਸਿੰਘ ਦੇ ਕਹਿਣ 'ਤੇ ਪਿੰਡ ਝਿੰਗੜਾਂ ਚਲੇ ਗਏ। ਮੋਹਰੇ ਸਰਦੀਆਂ ਦੀ ਰੁੱਤ ਆ ਰਹੀ ਸੀ। ਹਰਨਾਮ ਸਿੰਘ ਨੇ ਮਹਾਰਾਜ ਜੀ ਦਾ ਆਸਣ ਪਿੰਡ ਦੇ ਵਿਚ ਆਪਣੀ ਬੈਠਕ ਵਿਚ ਹੀ ਲਾ ਦਿੱਤਾ।

ਪੋਹ, ਮਾਘ ਦੇ ਦਿਨ ਸਨ। ਬੈਠਕ ਦੇ ਮੋਹਰੇ ਇਕ ਥੜ੍ਹਾ ਬਣਿਆ ਹੋਇਆ ਸੀ। ਦਿਨ ਨੂੰ ਜਦੋਂ ਉਸ ਉੱਪਰ ਬਹਿਣਾ, ਲੋਕਾਂ ਦੀ ਅਵਾਜਾਈ ਬੜੀ ਬਣੀ ਰਹਿਣੀ। ਜ਼ਨਾਨੀਆਂ ਤੋਂ ਮਹਾਰਾਜ ਜੀ ਬਹੁਤ ਹੀ ਨਫ਼ਰਤ ਕਰਦੇ ਸਨ। ਨੇੜੇ ਨਹੀਂ ਸਨ ਲੱਗਣ ਦਿੰਦੇ।

"ਨਾਰ ਕੀ ਜਬਾਨ ਹੈ ਜੋ ਨਰਮ ਨਸਾਨ ਇਹੁ ਕਰਕੇ ਬਿਆਨ ਬਾਰੁ ਜਾਨ ਕੋ ਚਲਾਏਗੀ।
ਮੱਧਮ ਅਵਾਜ ਨਹੀ ਸੁਣੀਏ ਦਰਾਜ, ਇਹ ਸਮਝ ਲੈ ਰਾਜ ਜੋ ਨਿਮਾਜ ਸੇ ਹਿਲਾਏਗੀ॥

ਮਹਾਰਾਜ ਜੀ ਜ਼ਿਆਦਾ ਉਜਾੜਾਂ ਵਿਚ ਹੀ ਰਾਜ਼ੀ ਰਹਿੰਦੇ ਸਨ। ਬਸਤੀ ਵਿਚ ਆਉਣ ਨੂੰ ਬਹੁਤ ਹੀ ਨਫ਼ਰਤ ਕਰਦੇ ਸਨ। ਸਿਆਲ ਦੀਆਂ ਪਹਾੜਾਂ ਵਰਗੀਆਂ ਲੰਮੀਆਂ-ਲੰਮੀਆਂ ਰਾਤਾਂ ਬਾਹਰ ਹੀ ਕੱਟ ਲੈਂਦੇ ਸਨ। ਸਿਆਲ ਦੀ ਝੜੀ ਵਰਗੇ ਝੱਖੜਾਂ ਦੀ ਕਦੇ ਪਰਵਾਹ ਨਹੀਂ ਕਰਦੇ। ਇਹੋ ਜਿਹੀ ਪੈਂਦੀ ਸਰਦੀ ਵਿਚ ਲੱਸੀ ਤੇ ਸਰਦਾਈ ਹੀ ਛਕਦੇ ਸਨ। ਖਿਜ਼ਾਂ ਦੀ ਰੁੱਤ ਵੀ ਨਿਕਲ ਚੁੱਕੀ ਸੀ, ਪਤਝੜ ਤੋਂ ਬਾਅਦ ਬਸੰਤ ਰੁੱਤ ਮੋਹਰੇ ਆ ਰਹੀ ਸੀ। ਭੌਰੇ ਫੁਲਵਾੜੀਆਂ 'ਤੇ ਝੁਰਮਟ ਪਾਈ ਫਿਰਦੇ ਸਨ, ਬਨਸਪਤੀ ਤੇ ਕਹਿਰ ਦਾ ਨੂਰ ਖਿੜਿਆ ਹੋਇਆ ਸੀ। ਸਭ ਪਾਸੀਂ ਹਰਿਆਵਲ ਝਲਕਾਂ ਮਾਰਦੀ ਸੀ। ਫੁੱਲ ਆਪਣੇ ਸੀਨਿਆਂ ਵਿਚੋਂ ਸੰਸਾਰ ਨੂੰ ਖੁਸ਼ਬੂ ਦੇ ਰਹੇ ਸਨ। ਛੇਆਂ ਰੁੱਤਾਂ ਵਿਚੋਂ ਸਭ ਤੋਂ ਵੱਡੀ ਬਸੰਤ ਰੁੱਤ ਖੇਤਾਂ ਦੇ ਬੰਨੇ-ਬੰਨੇ ਫਿਰ ਰਹੀ ਸੀ। ਕੁਦਰਤ ਰਾਣੀ ਹਾਰ ਸ਼ਿੰਗਾਰ ਕਰਕੇ ਖੁਸ਼ੀਆਂ ਦੇ ਸੋਹਲੇ ਗਾਉਂਦੀ ਫਿਰ ਰਹੀ ਸੀ।

ਬੈਂਤ

ਕੁਦਰਤ ਰਾਣੀ ਹਾਰ ਸ਼ਿੰਗਾਰ ਲਾ ਕੇ,
ਰੰਗ ਰੰਗ ਦੇ ਗੀਤ ਪਈ ਗਾਂਵਦੀ ਹੈ।
ਉਤੇ ਲੈ ਚੁੰਨੀ ਗੋਟੇ ਦਾਰ ਸੋਹਣੀ,
ਸਾਗ ਗੰਦਲਾਂ ਦਾ ਪਈ ਖਾਂਵਦੀ ਹੈ।
ਖੇਤਾਂ ਵਿਚ ਫਿਰਦੀ ਅੰਮ੍ਰਿਤ ਪਾ ਫ਼ਸਲਾਂ,
ਰੰਗ ਰੰਗ ਦੇ ਫੁੱਲ ਖੜਾਂਵਦੀ ਹੈ।
ਕਿਤੇ ਲਈ ਫਿਰਦੀ ਨਾਲ ਸਹੇਲੀਆਂ ਨੂੰ,
ਸਿਲੇਹਾਰ ਬਣਕੇ ਭੱਤਾ ਚਾਂਹਵਦੀ ਹੈ।
ਕਿਤੇ ਜਲ ਕਰਦੀ ਕਿਤੇ ਥਲ ਕਰਦੀ,
ਕਿਤੇ ਪਾਣੀ ਬੇ-ਬਾਹਾ ਵਗਾਂਵਦੀ ਹੈ।
ਕਿਤੇ ਹੋ ਕੇ ਮਸਤ ਮਲੰਗ ਫਿਰਦੀ,
ਕਿਤੇ ਤਖ਼ਤ ਤੇ ਤਾਜ ਬਣਾਂਵਦੀ ਹੈ।
ਕਿਤੇ ਬਣੇ ਕਾਢਾ ਕਿਤੇ ਚਾਰੇ ਮੱਝਾਂ,
ਕਿਤੇ ਹੀਰ ਸਲੇਟੀ ਬਣ ਜਾਂਵਦੀ ਹੈ।
ਕਿਤੇ ਖਾਏ ਚੂਰੀ ਕਿਤੇ ਚਾਰੇ ਮੱਝਾਂ,
ਕਿਤੇ ਦੁੱਧ ਤੇ ਦਹੀਂ ਰਿੜਕਾਂਵਦੀ ਹੈ।
ਕਿਤੇ ਬਣੇ ਜੋੜੀ ਕਿਤੇ ਚਾਰ ਘੋੜੀ,
ਕਿਤੇ ਖੁਸ਼ੀਆਂ ਦੇ ਗੀਤ ਪਈ ਗਾਂਵਦੀ ਹੈ।
ਜੋਬਨ ਖਿੜਿਆ ਵਾਂਗ ਗੁਲਾਬ ਦਿਸਦਾ,
ਜਾਮੇ ਵਿਚ ਨਾ ਪਈ ਸਮਾਂਵਦੀ ਹੈ।
ਸੂਟ ਪਾਈ ਫਿਰਦੀ ਪੀਲੇ ਰੰਗ ਦਾ ਇਹ,
ਉਤੇ ਚੁੰਨੀ ਬਸੰਤੀ ਸੁਹਾਂਵਦੀ ਹੈ।
ਪੌਣ ਦੇਵਤਾ ਇਸਦਾ ਵਹਿਣ ਬਣਿਆ,
ਸੈਰ ਚਾਰ ਚੁਫੇਰੇ ਦਾ ਪਾਂਵਦੀ ਹੈ।

ਇਹਨੂੰ ਰੰਗ ਕਹਿਰ ਦਾ ਆਣ ਚੜ੍ਹਿਆ,
ਇਹ ਆਸ਼ਕਾਂ ਦੇ ਮਨ ਭਾਂਵਦੀ ਹੈ।
ਕਿਤੇ ਪੱਟੀਆਂ ਗੁੰਦ ਗੁਲਾਬ ਲਾਉਂਦੀ,
ਕਿਤੇ ਜ਼ੁਲਫ਼ਾਂ ਪਈ ਖੋਹਾਂਵਦੀ ਹੈ।
'ਗੁਰਬਖ਼ਸ਼' ਇਸ ਤੋਂ ਰਹੀ ਡਰਕੇ,
ਪਲ ਵਿਚ ਰਾਉ ਤੋਂ ਰੰਕ ਕਰਾਂਵਦੀ ਹੈ।

ਇਹੋ ਜਿਹੇ ਸੁਹਾਵਣੇ ਮੌਸਮ ਦੀ ਹਵਾ ਵੀ ਤਨ-ਮਨ ਸੀਤਲ ਕਰ ਰਹੀ ਸੀ। ਮਹਾਰਾਜ ਜੀ ਦਿਨੇ ਢਾਬ ਦੇ ਕੰਢੇ ਤੇ ਹੀ ਬੈਠੇ ਰਹੇ। ਹਰਨਾਮ ਸਿੰਘ ਨੇ ਪਰਸ਼ਾਦ ਲੈ ਕੇ ਜਾਣਾ। ਕਦੇ ਛਕ ਲੈਣਾ, ਕਦੇ ਨਹੀਂ ਛਕਣਾਂ। ਹਰਨਾਮ ਸਿੰਘ ਨੇ ਕਈ ਦਿਨਾਂ ਬਾਅਦ ਅਰਜ਼ ਕੀਤੀ, "ਮਿਹਰਬਾਨ ਜੀਉ! ਕਈ ਦਿਨ ਹੋ ਗਏ ਬਾਹਰ ਰਹਿੰਦਿਆਂ ਨੂੰ ਅੱਜ ਘਰ ਚੱਲੋ। ਜੇ ਮੇਰੇ ਵਿਚ ਕੋਈ ਗ਼ਲਤੀ ਹੋ ਗਈ ਹੈ ਤਾਂ ਮੁਆਫ਼ ਕਰਨੀ। ਇਹ ਇਨਸਾਨ ਗ਼ਲਤੀਆਂ ਦਾ ਹੀ ਪੁਤਲਾ ਬਣਿਆ ਹੋਇਆ ਹੈ।" ਮਹਾਰਾਜ ਜੀ ਆਖਣ ਲੱਗੇ, "ਨਾਮਾ! ਸਾਡੇ ਰਹਿਣ ਵਾਸਤੇ ਪਿੰਡੋਂ ਬਾਹਰ ਹੀ ਕੋਈ ਜਗ੍ਹਾ ਬਣਾ ਦੇਵੋ। ਪਿੰਡ ਵਿਚ ਤਾਂ ਬਹੁਤ ਹੀ ਰੌਲਾ ਰਹਿੰਦਾ। ਸਾਧੂ ਨੂੰ ਤਾਂ ਦੁਨੀਆਂ ਤੋਂ ਕਿਨਾਰਾ ਹੀ ਫੜਨਾ ਚਾਹੀਦਾ। ਨਾਲੇ ਦੁਨੀਆਂ ਦੇ ਭਲੇ ਵਾਸਤੇ ਕੋਈ ਜਗ੍ਹਾ ਬਣ ਜਾਵੇਗੀ। ਕੋਈ ਰਾਹੀ ਅਰਾਮ ਹੀ ਕਰ ਲੈਂਦਾ ਹੈ।" ਜਦੋਂ ਮਹਾਰਾਜ ਜੀ ਨੇ ਇਹ ਸੰਕਲਪ ਪ੍ਰਗਟ ਕੀਤਾ, ਸਰਦਾਰ ਹਰਨਾਮ ਸਿੰਘ ਨੇ ਮੋਤੀ ਸਿੰਘ ਨੂੰ ਤੇ ਕਿਰਪਾ ਸਿੰਘ ਨੂੰ ਪਾਤਸ਼ਾਹ ਦੀ ਕਹੀ ਹੋਈ ਸਲਾਹ ਸੁਣਾਈ। ਮੋਤੀ ਸਿੰਘ ਤੇ ਕਿਰਪਾ ਸਿੰਘ ਦਾ ਦੋਹਾਂ ਭਰਾਵਾਂ ਦਾ ਜਿੱਥੇ ਹੁਣ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਬਣਿਆ ਹੋਇਆ ਹੈ, ਇਹ ਸਤਾਰਾਂ ਕਨਾਲਾਂ ਜਗ੍ਹਾ ਕਿਰਪਾ ਸਿੰਘ ਤੇ ਮੋਤੀ ਸਿੰਘ ਦੀ ਪਈ ਸੀ। ਇਸ ਵਿਚ ਅੱਕ ਪਲਾਹ, ਝਾੜ ਝੀਂਡੇ, ਗਰੂਨਿਆਂ ਦੇ ਬੂਟੇ ਲੱਗੇ ਹੋਏ ਸਨ। ਮੋਤੀ ਸਿੰਘ ਉਸ ਵੇਲੇ ਘਰ ਵਿਚ ਜ਼ਿੰਮੇਵਾਰ ਮੈਂਬਰ ਸੀ। ਕੁੱਝ ਵੀ ਕਰ ਆਵੇ, ਘਰ ਵਿਚ ਬੇਅਦੂਲੀ ਨਹੀਂ ਕੀਤੀ ਜਾਂਦੀ ਸੀ। ਕਿਰਪਾ ਸਿੰਘ ਖੇਤੀ ਦਾ ਕੰਮ ਕਰਾਉਂਦਾ ਤੇ ਮੋਤੀ ਸਿੰਘ ਅਫ਼ਸਰਾਂ ਵਿਚ ਸਿਆਸੀ ਕੰਮਾਂ ਵਿਚ ਹਿੱਸਾ ਲੈਂਦਾ

ਸੀ। ਹਰਨਾਮ ਸਿੰਘ ਦੇ ਕਹਿਣ ਤੇ ਮੋਤੀ ਸਿੰਘ ਮਹਾਰਾਜ ਜੀ ਦੇ ਕੋਲ ਗਿਆ। ਚਰਨ ਫੜਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਹੁਕਮ ਕਰੋ, ਦਾਸ ਹਾਜ਼ਿਰ ਹੈ। ਸਤਾਰਾਂ ਕਨਾਲ ਜਗ੍ਹਾ ਆਪ ਦੇ ਨਾਂ ਲਵਾ ਦਿੱਤੀ ਜਾਵੇਗੀ। ਜੋ ਕੁੱਝ ਵੀ ਇਸ ਵਿਚ ਬਨਾਉਣ ਦਾ ਹੁਕਮ ਕਰੋਗੇ ਬਣਾ ਦਿਆਂਗੇ।" ਸੰਨ ਉੱਨੀ ਸੌ ਛੇ ਵਿਚ ਚੇਤਰ ਦੀ ਸੰਗਰਾਂਦ ਨੂੰ ਇਸ ਦੁੱਖ ਨਿਵਰਨ ਧਰਮ ਅਸਥਾਨ ਦੀ ਨੀਂਹ ਰੱਖੀ ਗਈ। ਇਸ ਗੁਰਦੁਆਰੇ ਦੀਆਂ ਇੱਟਾਂ ਵੀ ਸਭ ਰਾਹੋਂ ਤੋਂ ਹੀ ਆਈਆਂ ਸਨ। ਨੀਂਹ ਰੱਖਣ ਵੇਲੇ ਮੋਤੀ ਸਿੰਘ ਨੇ ਬੇਨਤੀ ਕੀਤੀ, "ਜੀ! ਮੈਂ ਦੇਗ ਬਣਾਕੇ ਲੈ ਆਵਾਂ?" ਮਹਾਰਾਜ ਜੀ ਆਖਣ ਲੱਗੇ ਦੇਗ ਬਣਕੇ ਆ ਰਹੀ ਹੈ। ਥੋੜ੍ਹੇ ਹੀ ਸਮੇਂ ਤੋਂ ਬਾਅਦ ਮੰਗਲ ਰਾਮ ਗੋਸਲਾਂ ਵਾਲਾ ਲੁਹਾਰ ਦੇਗ ਬਣਾ ਕੇ ਲੈ ਆਇਆ। ਨੀਂਹ ਰੱਖ ਕੇ ਉਹੋ ਹੀ ਪਰਸ਼ਾਦ ਵਰਤਾਇਆ ਗਿਆ। ਪਹਿਲੀਆਂ ਸੱਤ ਇੱਟਾਂ ਨਾਭ ਕੰਵਲ ਰਾਜਾ ਸਾਹਿਬ ਨੇ ਆਪਣੇ ਹੱਥੀਂ ਧਰੀਆਂ ਸੀ। ਇਸ ਗੁਰਦੁਆਰੇ ਦੀ ਇਮਾਰਤ ਦਾ ਖਰਚ ਸਾਰਾ ਸਰਦਾਰ ਮੋਤੀ ਸਿੰਘ ਨੇ ਹੀ ਕੀਤਾ। ਆਪ ਜੀ ਨੇ ਹਰ ਵਕਤ ਹਾਜ਼ਿਰ ਰਹਿਕੇ ਇਮਾਰਤ ਨੂੰ ਪੂਰਾ ਕਰਾਇਆ, ਸੱਤ ਕਰਤਾਰ ਦੀ ਧੁੰਨ ਲੁਆਈ ਛਡਦੇ ਸਨ। ਸੇਵਾਦਾਰਾ ਕੰਮ ਕਰਨ ਵਾਲੇ ਮਿਸਤਰੀ ਕਰਮਚਾਰੀ ਸਨ। ਦਰਬਾਰ ਦੇ ਮੋਹਰਲੇ ਪਾਸੇ ਕੰਧ ਬਣ ਰਹੀ ਸੀ। ਕੁੱਝ ਦਿਨਾਂ ਬਾਅਦ ਮਹਾਰਾਜ ਜੀ ਪਿੰਡ ਰਹਿਪੇ ਆ ਗਏ। ਇਕ ਦਿਨ ਟਹਿਲਦੇ-ਟਹਿਲਦੇ ਸਰਮੁਖ ਸਿੰਘ ਨੂੰ ਆਖਣ ਲੱਗੇ, "ਸਰਮੁਖ! ਅੱਜ ਕਿਤੇ ਮੇਰੇ ਸੇਵਾਦਾਰ ਦੇ ਸੱਟ ਨਾ ਲੱਗ ਜਾਵੇ ਖਤਰਾ ਹੀ ਹੈ।" ਪੈੜ ਤੋਂ ਡਿੱਗਣ ਦਾ ਕਈ ਵਾਰੀ ਆਪ ਜੀ ਨੇ ਆਖਿਆ। ਪਿੰਡ ਮਜਾਰੇ ਦਾ ਆਦਧਰਮੀ ਮੁਣਸ਼ੀ ਸੇਵਾ ਕਰ ਰਿਹਾ ਸੀ। ਮੋਹਰਲੇ ਪਾਸੇ ਦੀ ਪੈੜ ਦੇ ਦੋ ਰੱਸੇ ਟੁੱਟ ਗਏ ਸਨ। ਮੁਣਸ਼ੀ ਪੈੜ ਦੇ ਥੱਲੇ ਕੁੱਝ ਕਰ ਰਿਹਾ ਸੀ। ਉਪਰੋਂ ਸਾਰਾ ਮਟੀਰੀਅਲ, ਫੱਟੇ ਉਤੇ ਕੰਮ ਕਰਦੇ ਬੰਦੇ ਧੜੰਮ ਕਰਦੇ ਡਿੱਗ ਪਏ। ਮੁਣਸ਼ੀ ਦੇ ਉੱਪਰ ਤਖ਼ਤਾ ਡਿਗਕੇ ਢੂਹੀ 'ਤੇ ਵੱਜਾ। ਹੋਰ ਵੀ ਸਾਮਾਨ ਸਭ ਮੁਣਸ਼ੀ ਦੇ ਉੱਪਰ ਹੀ ਡਿੱਗਿਆ। ਜਿਸ ਵੇਲੇ ਪੈੜ ਟੁੱਟੀ ਮਹਾਰਾਜ ਜੀ ਰਹਿਪੇ ਹੀ ਖੜਿਆਂ ਨੇ "ਉਹੋ" ਆਖ ਆਖ ਕੇ ਅੱਗੇ ਨੂੰ ਬਾਹਾਂ ਕਰਕੇ ਕੋਈ ਰੋਕ ਕੀਤੀ। ਮੁਣਸ਼ੀ ਦੇ ਉੱਪਰ ਡਿੱਗਿਆ ਤਾਂ ਬਹੁਤ ਕੁੱਝ ਸੀ ਪਰ ਵਾਲ ਵੀ ਵਿੰਗਾ ਨਾ ਹੋਇਆ।

"ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ
ਚਉ ਗਿਰਦ ਹਮਾਰੈ ਰਾਮ ਕਾਰ ਦੁਖੁ ਲਰੀ ਨ ਭਾਈ॥

ਜਿਵੇਂ ਦੇਵੀ ਚੰਦ ਵਜੀਰ ਦੀ ਰਖਿਆ, ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। ਪਹਾੜੀ ਤੋਂ ਡਿੱਗਦਿਆਂ ਨੂੰ ਫੁੱਲਾਂ ਵਾਂਗੂੰ ਹੱਥਾਂ ਤੇ ਬੋਚ ਲਿਆ ਸੀ, ਤਿਵੇਂ ਹੀ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਆਪਣੇ ਪਿਆਰੇ ਭਗਤ ਨੂੰ ਸੱਟ ਲੱਗਣ ਤੋਂ ਬਚਾਇਆ। ਇਧਰ ਰਹਿਪੇ ਪਾਤਸ਼ਾਹ ਨੇ ਅਵਾਜ਼ ਦਿੱਤੀ, "ਸੂਲੀ ਤੋਂ ਸੂਲ ਬਣ ਗਈ ਭਲਾ ਹੀ ਹੋਇਆ। ਸੁਰਮੁਖ! ਜਾਉ ਮੇਰੇ ਕਾਮਿਆਂ ਦਾ ਪਤਾ ਲੈ ਕੇ ਆਉ।" ਬਾਬਾ ਜੀ ਨੇ ਜਾ ਕੇ ਸਾਰੇ ਸੇਵਾਦਾਰਾਂ ਨੂੰ ਦੱਸਿਆ ਕਿ ਕੱਲ੍ਹ ਪੈੜ ਟੁੱਟ ਕੇ ਥੱਲੇ ਡਿੱਗ ਪਈ। ਮੁਣਸ਼ੀ ਹੇਠਾਂ ਆ ਗਿਆ ਸੀ। ਉਪਰਲੇ ਬੰਦੇ ਵੀ ਬਚ ਗਏ ਤੇ ਮੁਣਸ਼ੀ ਦੇ ਵੀ ਕੋਈ ਸੱਟ ਨਹੀਂ ਲੱਗੀ। ਸਰਮੁਖ ਸਿੰਘ ਨੇ ਜਿਹੜੇ ਹੁਕਮਨਾਮੇਂ ਪਾਤਸ਼ਾਹ ਜੀ ਨੇ ਰਹਿਪੇ ਪੈੜ ਟੁੱਟਣ ਦੇ ਕੀਤੇ ਸੀ। ਉਹ ਸਾਰੀ ਸੰਗਤ ਨੂੰ ਆਖ ਸੁਣਾਏ। ਮਹਾਰਾਜ ਜੀ ਇਕ ਹਫ਼ਤਾ ਪਿੰਡ ਰਹਿਪੇ ਵਿਚ ਰਹੇ ਤੇ ਫਿਰ ਪਿੰਡ ਝਿੰਗੜੀਂ ਹੀ ਚਲੇ ਗਏ। ਇਕ ਦਿਨ ਸੇਵਾ ਕਰਨ ਵਾਲੀ ਸੰਗਤ ਕਾਫ਼ੀ ਇਕੱਠੀ ਹੋ ਗਈ। ਜ਼ਿਆਦਾ ਬੰਦੇ ਦੇਖ ਕੇ ਮੋਤੀ ਸਿੰਘ ਨੇ ਆਖਿਆ। ਮੈਂ ਘਰ ਜਾ ਕੇ ਆਖ ਆਵਾਂ ਕਿ ਲੰਗਰ ਜ਼ਿਆਦਾ ਤਿਆਰ ਕਰਨ। ਅੱਗੋਂ ਮਹਾਰਾਜ ਜੀ ਵਲੋਂ ਹੁਕਮ ਹੋਇਆ। ਅੱਜ ਲੰਗਰ ਤਿਆਰ ਨਹੀਂ ਕਰਨਾ ਕੋਈ ਹੋਰ ਤਿਆਰ ਕਰਕੇ ਲਈ ਆ ਰਿਹਾ ਹੈ। ਕੁੱਝ ਚਿਰ ਬਾਅਦ ਫਿਰ ਮੋਤੀ ਨੇ ਅਰਜ ਕੀਤੀ। ਫਿਰ ਵੀ ਇਉਂ ਹੀ ਹੁਕਮ ਕੀਤਾ। ਕੁੱਝ ਚਿਰ ਬਾਅਦ ਕੀਰਤਨ ਹੁੰਦਾ ਢੋਲਕੀ ਛੈਣੇ ਵੱਜਦੇ ਪਾਤਸ਼ਾਹ ਦੇ ਪਰੇਮੀ ਸ਼ਬਦ ਪੜ੍ਹਦੇ ਆ ਰਹੇ ਸਨ।

ਦੂਰੋਂ ਚੱਲ ਪ੍ਰਦੇਸਣ ਆਈ, ਰਾਜਾ ਜੀ ਤੇਰੇ ਦਰਸ਼ਨ ਨੂੰ।

ਇਹ ਲੰਗਰ ਪਿੰਡ ਰਹਿਪੇ ਤੋਂ ਸੰਗਤ ਲੈ ਕੇ ਆਈ ਸੀ ਜਿੰਨਾ ਅਰਸਾ ਗੁਰਦੁਆਰਾ ਬਣਦਾ ਰਿਹਾ। ਆਪ ਜੀ ਜ਼ਿਆਦਾ ਕੋਲ ਹੀ ਰਹਿੰਦੇ ਸਨ। ਆਪ ਜੀ ਵਾਸਤੇ ਇਕ ਕੁਰਸੀ ਰੱਖੀ ਹੋਈ ਸੀ। ਉਸ ਕੁਰਸੀ ਤੇ ਹੋਰ ਕੋਈ ਨਹੀਂ ਸੀ ਬੈਠਦਾ। ਇਕ ਦਿਨ ਆਪ ਜੀ ਮੁਸਾਪੁਰ ਵੱਲ੍ਹ ਗਏ ਸਨ। ਮੁਕੰਦਪੁਰ ਤੋਂ ਸ.

ਅਮਰ ਸਿੰਘ, ਮੋਤੀ ਸਿੰਘ ਨੂੰ ਮਿਲਣ ਵਾਸਤੇ ਆਏ। ਮੋਤੀ ਸਿੰਘ ਨੇ ਉਹ ਕੁਰਸੀ ਮਹਾਰਾਜ ਜੀ ਵਾਲੀ ਸ. ਅਮਰ ਸਿੰਘ ਦੇ ਬੈਠਣ ਵਾਸਤੇ ਦੇ ਦਿੱਤੀ। ਕੁੱਝ ਚਿਰ ਗੱਲਾਂ-ਬਾਤਾਂ ਕਰਕੇ ਸ. ਅਮਰ ਸਿੰਘ ਮੁਕੰਦਪੁਰ ਮੁੜ ਆਏ। ਸ਼ਾਮ ਨੂੰ ਜਦੋਂ ਪਾਤਸ਼ਾਹ ਜੀ ਗੁਰਦੁਆਰੇ ਆਏ ਸਿੱਧੇ ਕੁਰਸੀ ਦੇ ਕੋਲ ਜਾ ਖੜ੍ਹੇ। ਮੋਤੀ ਸਿੰਘ ਨੂੰ ਬੁਲਾਇਆ, ਪੁੱਛਿਆ, "ਇਹ ਹਮਾਰੀ ਕੁਰਸੀ ਇਥੋਂ ਕਿਸ ਨੇ ਉਠਾਈ ਸੀ? ਮੋਤੀ ਸਿੰਘ ਨੇ ਆਖਿਆ, "ਸਰਕਾਰ ਅਮਰ ਸਿੰਘ ਆਇਆ ਸੀ। ਉਸਨੂੰ ਭਾਹ ਦਿੱਤੀ ਸੀ।' ਮਹਾਰਾਜ ਜੀ ਨੇ ਠੁੱਡੇ ਮਾਰ ਕੇ ਚੂਰਾ ਚੂਰਾ ਕਰ ਦਿੱਤੀ, ਕਹਿੰਦੇ, "ਮੋਤੀ ਮੈਂ ਤਾਂ ਤੈਨੂੰ ਬਹੁਤ ਉੱਚਾ ਲਿਜਾਣਾ ਚਾਹੁੰਦਾ ਸੀ। ਤੂੰ ਚੰਗਾ ਨਹੀਂ ਕੀਤਾ। ਅੱਛਾ ਜਾਹ ਪਿੰਡ ਦੀ ਚੌਧਰ ਤਾਂ ਤੈਨੂੰ ਦੇ ਹੀ ਦਿੱਤੀ ਹੈ।" ਜਦੋਂ ਦਾ ਪੰਜਾਬ ਵਿਚ ਪੰਚਾਇਤਾਂ ਦਾ ਐਕਟ ਚਲਿਆ ਹੈ ਸਰਦਾਰ ਮੋਤੀ ਸਿੰਘ ਦੇ ਪੋਤਰੇ ਦੀ ਸਰਪੰਚੀ ਚੱਲੀ ਆ ਰਹੀ ਸੀ। ਮੋਤੀ ਸਿੰਘ ਦਾ ਪੋਤਰਾ ਬਾਹਰਲੇ ਮੁਲਕਾਂ ਵਿਚ ਰਾਜਦੂਤ ਵੀ ਰਿਹਾ ਹੈ। ਸਾਰਾ ਪਰਿਵਾਰ ਚੰਗੇ ਅਹੁਦਿਆਂ ਤੇ ਹੈ ਉਹ ਕੁਰਸੀ ਮਹਾਰਾਜ ਜੀ ਨੇ ਮੋਤੀ ਦੀ ਤਰੱਕੀ ਵਾਸਤੇ ਹੀ ਰੱਖੀ ਹੋਈ ਸੀ, ਕੋਈ ਰਾਜਗੱਦੀ ਬਖਸ਼ਣੀ ਚਾਹੁੰਦੇ ਸਨ। ਪਰ ਇਹ ਮਿਸਲ ਅਧੂਰੀ ਰਹਿ ਗਈ।

ਮਹਾਂਪੁਰਸ਼ਾਂ ਦੀਆਂ ਗੁੱਝੀਆਂ ਰਮਜ਼ਾਂ ਦਾ ਕੋਈ ਭੇਦ ਨਹੀਂ ਲਗਦਾ। ਗੱਲਾਂ ਕਿਸੇ ਪਾਸੇ ਕਰਦੇ ਹੁੰਦੇ ਕੰਮ ਕਿਸੇ ਪਾਸੇ ਬਣਦਾ ਹੁੰਦਾ ਹੈ। ਗੁਰਦੁਆਰਾ ਦੁੱਖ ਨਿਵਾਰਨ ਦੀ ਇਮਾਰਤ ਪੂਰੀ ਕਰਕੇ ਉੱਪਰ ਗੁੰਬਦ ਬਨਾਉਣ ਦੀ ਤਿਆਰੀ ਕੀਤੀ। ਬਿਸ਼ਨ ਸਿੰਘ ਰਾਮਪੁਰੀਆ, ਜ਼ੈਲਦਾਰ ਦੇ ਮੁੰਡੇ ਜਗਤ ਨੂੰ ਆਖਣ ਲੱਗਾ ਗੁੰਬਦ ਉੱਪਰ ਨਾ ਬਣਾਉ ਇਹ ਫੱਕਰ ਲੋਕ ਹਨ। ਇਨ੍ਹਾਂ ਦਾ ਕੋਈ ਪਤਾ ਨਹੀਂ ਕਿਧਰ ਚਲੇ ਜਾਣ? ਤੁਹਾਡੀ ਮਲਕੀਅਤ ਹੈ ਕੋਠੀ ਦੀ ਸ਼ਕਲ ਵਿਚ ਹੀ ਰਹਿਣ ਦਿਉ। ਕਾਫ਼ੀ ਚਿਰ ਇਸ ਦਾ ਨਾਮ ਕੋਠੀ ਹੀ ਪ੍ਰਸਿਧ ਰਿਹਾ। ਉੱਪਰ ਗੁੰਬਦ ਨਾ ਬਣਨ ਕਰਕੇ ਧਾਰਮਿਕ ਅਸਥਾਨ ਨਾ ਬਣ ਸਕਿਆ। ਬਾਕੀ ਇੱਟਾਂ ਚੂਨਾ ਕਾਫ਼ੀ ਸੀ, ਗੁਰਦੁਆਰੇ ਦੇ ਮੋਹਰਲੇ ਪਾਸੇ ਖੂਹੀ ਲਾਉਣ ਵਾਸਤੇ ਟੱਪਾ ਲਾ ਦਿੱਤਾ। ਟੱਪਾ ਲਾਉਣ ਸਮੇਂ ਕਿਰਪਾ ਸਿੰਘ ਦੇਗ ਬਣਾ ਕੇ ਲੈ ਆਇਆ। ਇਕ ਮੁੰਡਾ ਮਜਾਰੇ ਦਾ ਆਦਿਧਰਮੀਆਂ ਦਾ ਉੱਤਮ ਪਤਾਸੇ ਲੈ ਕੇ ਆਇਆ।

ਇਸ ਉੱਤਮ ਦੀ ਕਹਾਣੀ ਇਸ ਤਰਾਂ ਹੈ। ਉਤਮ ਮਾਨੇ ਜ਼ਿਮੀਦਾਰ ਦਾ ਕੰਮ

ਕਰਦਾ ਹੁੰਦਾ ਸੀ। ਜਦੋਂ ਛੇ ਮਹੀਨੇ ਉੱਤਮ ਨੂੰ ਕੰਮ ਕਰਦੇ ਨੂੰ ਹੋਏ ਫ਼ਸਲ ਵੱਢਕੇ ਘਰ ਲੈ ਆਂਦੀ। ਇਸ ਗਰੀਬ ਬੱਚੇ ਨੂੰ ਦਾਣੇ ਦੇਣੇ ਸੀ, ਮਾਨੇ ਨੇ ਸੋਚਿਆ ਇਸ ਨੂੰ ਕੋਈ ਇਲਜ਼ਾਮ ਲਾ ਕੇ ਘਰੋਂ ਕੱਢ ਦੇਣਾ ਚਾਹੀਦਾ ਹੈ ਫਿਰ ਇਸ ਨੂੰ ਦਾਣੇ ਨਾ ਦੇਣੇ ਪੈਣਗੇ। ਬੰਗੀਂ ਜਾ ਕੇ ਥਾਣੇ ਇਤਲਾਹ ਦਿੱਤੀ। ਉੱਤਮ ਨੇ ਮੇਰੇ ਪਸ਼ੂਆਂ ਨੂੰ ਜ਼ਹਿਰ ਦੇ ਦਿੱਤੀ ਹੈ। ਥਾਣੇਦਾਰ ਨੇ ਸਿਪਾਹੀ ਭੇਜਿਆ ਉੱਤਮ ਨੂੰ ਬੰਗੀ ਸੱਦਿਆ। ਉੱਤਮ ਨੂੰ ਸਿਪਾਹੀ ਫੜਕੇ ਲੈ ਤੁਰੇ। ਉੱਤਮ ਵਿਚਾਰਾ ਬਹੁਤ ਹੀ ਡਰਿਆ ਰੋਣ ਲੱਗਾ ਪਰ ਗਰੀਬ ਵਿਚਾਰੇ ਦੀ ਕੋਈ ਫਰਿਆਦ ਕਿਸੇ ਨੇ ਨਾ ਸੁਣੀ। ਦੁਨੀਆਂ ਨੂੰ ਕੋਈ ਪਤਾ ਨਹੀਂ ਹੈ ਝੂਠਾ ਜਾਂ ਸੱਚਾ ਹੈ ਸੱਚ ਝੂਠ ਨਿਤਾਰਨੇ ਵਾਲਾ ਜਾਣਦਾ ਹੈ ਕਿ ਉਤਮ ਬੇਕਸੂਰ ਹੈ, ਜਿਵੇਂ ਗੁਰੂ ਸਾਹਿਬ ਜੀ ਦਾ ਕਥਨ ਹੈ:-

ਘਟ ਘਟ ਕੇ ਅੰਤਰ ਕੀ ਜਾਨਤ, ਭਲੇ ਬੁਰੇ ਕੀ ਪੀਰ ਪਛਾਨਤ॥
ਚੀਟੀ ਤੇ ਕੁੰਚਰ ਅਸਥੂਲਾ, ਸਭ ਪਰ ਕ੍ਰਿਪਾ ਦ੍ਰਿਸਟ ਕਰ ਫੂਲਾ॥ ਚੌਪਈ ੧੦

ਇਹ ਸੱਚੇ ਪ੍ਰੀਤਮ ਦੇ ਦਰ ਕਦੀ ਕਦੀ ਜੋਗੀਆਂ ਵਾਲੀ ਫੇਰੀ ਪਾ ਜਾਂਦਾ ਸੀ। ਇਸ ਮੁੰਡੇ ਨੂੰ ਜਦੋਂ ਕਿਸੇ ਪਾਸੇ ਦਾ ਸਹਾਰਾ ਨਾ ਲੱਭਾ। ਉਸ ਰੱਬੀ ਹਸਤੀ ਸਾਰੀਆਂ ਤਾਕਤਾਂ ਦੇ ਮਾਲਿਕ ਦੇ ਚਰਨਾਂ ਵਿਚ ਬੇਨਤੀ ਕੀਤੀ। ਸਿਪਾਹੀਆਂ ਦਾ ਫੜਿਆ ਹੋਇਆ ਉੱਤਮ ਜਿਵੇਂ ਮਤੀ ਦਾਸ ਸੰਗਲਾਂ ਦੇ ਨਾਲ ਨੂੜਿਆ ਹੋਇਆ ਮੁਛਕਾਂ ਬੰਨ੍ਹੀਆਂ ਹੋਈਆਂ ਤੇ ਵੀ ਉਤੇ ਛਮਕਾਂ ਦੀ ਮਾਰ ਪੈਂਦੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ੍ਹ ਨੂੰ ਸਿਜਦੇ ਕਰਦਾ ਜਾ ਰਿਹਾ ਸੀ। ਇਸੇ ਤਰਾਂ ਉਤਮ ਨੇ ਰਾਜਾ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਕਰਕੇ ਇਕ ਮਨ, ਇਕ ਚਿੱਤ ਹੋ ਕੇ, ਅੱਖਾਂ ਤੋਂ ਅੱਥਰੂ ਕੇਰਕੇ ਇਉਂ ਆਖਿਆ, "ਸੱਚੇ ਪਾਤਸ਼ਾਹ ਜੀ! ਸੱਚ ਝੂਠ ਨਿਤਾਰੀਂ। ਮੇਰਾ ਤਾਂ ਇਕ ਤੂੰ ਹੀ ਸਹਾਰਾ ਹੈ।" ਉੱਤਮ ਨੂੰ ਥਾਣੇ ਦੇ ਵਿਚ ਪੇਸ਼ ਕੀਤਾ ਗਿਆ। ਥਾਣੇਦਾਰ ਨੇ ਪੁੱਛਿਆ, ਉੱਤਮ ਡਰਦਾ ਕੰਬਦਾ ਕਹਿਣ ਲੱਗਾ, "ਮੈਨੂੰ ਜਿਸ ਕਾਸੇ ਦੀ ਵੀ ਸੌਂਹ ਖਲਾਵੋ ਮੈਂ ਜ਼ਹਿਰ ਨਹੀਂ ਦਿੱਤੀ।" ਥਾਣੇਦਾਰ ਦੇ ਮਨ ਵਿਚ ਦਇਆ ਆਈ। ਮਨ ਵਿਚ ਆਪ ਜੀ ਵਸੇ। ਥਾਣੇਦਾਰ ਨਰਮ ਹੋਇਆ ਚਲੋ ਪਿੰਡ ਚੱਲਕੇ ਫ਼ੈਸਲਾ ਕਰਾਂਗੇ। ਪਿੰਡ ਵਿਚ ਆ ਕੇ ਸਾਰਾ ਪਿੰਡ ਇਕੱਠਾ ਕਰਕੇ ਪਿੰਡ ਦੇ ਦਰਵਾਜ਼ੇ ਮੋਹਰੇ ਇਕ ਗਊ ਦੇ ਗਲ

ਵਿਚ ਅੱਟਾ ਬੰਨ੍ਹਿਆ। ਥਾਣੇਦਾਰ ਨੇ ਮਾਨੇ ਨੂੰ ਆਖਿਆ, "ਜੇ ਤੇਰੇ ਪਸ਼ੂਆਂ ਨੂੰ ਜ਼ਹਿਰ ਦਿੱਤੀ ਹੈ, ਗਊ ਦੇ ਗਲੋਂ ਅੱਟਾ ਤੋੜ ਸੁੱਟ।" ਮਾਨੇ ਦੇ ਪੈਰ ਨਿਕਲ ਗਏ, ਗਊ ਦੇ ਗਲੋਂ ਅੱਟਾ ਤੋੜ ਨਾ ਸਕਿਆ। ਰੁਪਏ ਦੇ ਪਤਾਸੇ ਉੱਤਮ ਨੇ ਉਸ ਦਿਨ ਦੇ ਸੁੱਖੇ ਹੋਏ ਸਨ ਜਿਹੜੇ ਖੂਹੀ ਦੇ ਪਾੜ ਦੇ ਪ੍ਰਸ਼ਾਦ ਦੇ ਰੂਪ ਵਿਚ ਵੰਡੇ ਗਏ ਸੀ। ਖੂਹੀ ਲੱਗ ਰਹੀ ਸੀ।

ਇਕ ਸੰਤ ਦੇਵ ਪੁਰੀ ਰਾਪੁਰ ਗੁਜਰਵਾਲ ਤੋਂ ਆਇਆ ਕਰਦੇ ਸਨ, ਇਨ੍ਹਾਂ ਸੰਤਾਂ ਦੀ ਸਰਮੁਖ ਸਿੰਘ ਦੇ ਛੋਟੇ ਭਾਈ ਚੰਦਾ ਸਿੰਘ, ਮਾਈ ਅਤਰੀ ਜ਼ਿਆਦਾ ਸੇਵਾ ਭਾਵ ਨਾਲ ਸੇਵਾ ਕਰਿਆ ਕਰਦੇ ਸੀ। ਇਹ ਛੇ ਮਹੀਨਿਆਂ ਬਾਅਦ ਰਹਿਪੇ ਆ ਕੇ ਦਸ ਦਿਨ ਰਹਿੰਦੇ ਸਨ, ਇਹ ਸੰਤ ਕਥਾ ਕਰਦੇ ਸਨ। ਇਕ ਦਿਨ ਇਨ੍ਹਾਂ ਨੇ ਸੰਗਤ ਵਿਚ ਰਾਜਾ ਸਾਹਿਬ ਜੀ ਦੀ ਸੁਖ ਸਾਂਦ ਪੁੱਛੀ। ਚੰਦਾ ਸਿੰਘ ਨੇ ਆਖਿਆ ਰਾਜ਼ੀ ਖੁਸ਼ੀ ਹਨ। ਪਿੰਡ ਝਿਗੜਾਂ ਵਿਚ ਇਕ ਕੋਠੀ ਬਣਵਾਈ, ਹੁਣ ਖੂਹੀ ਲਗਾ ਰਹੇ ਹਨ। ਸੰਤ ਦੇਵ ਪੁਰੀ ਆਖਣ ਲੱਗੇ ਇਕ ਪਿੰਡ ਰਹਿਪੇ ਵੀ ਦੱਸਦੇ ਨੇ ਕਿ ਜਗ੍ਹਾ ਬਣਵਾਈ ਹੈ। ਸੰਤ ਕਹਿੰਦੇ ਰਾਜਾ ਸਾਹਿਬ ਜੀ ਦੁਆਬੇ ਵਿਚ ਸਰੂ ਦਾ ਬੂਟਾ ਹੈ। ਇਨ੍ਹਾਂ ਦੀ ਸਮਰਥਾ ਹੈ। ਚਾਰ-ਚਾਰ ਗਜ ਅੱਗ ਦੀਆਂ ਲਾਟਾਂ ਵਿਚ ਪਹਾੜ ਵਾਂਗ ਅਡੋਲ ਰਹਿਣਾ, ਜਿਹੜੇ ਸਿਲਸਿਲੇ ਰਚਣ ਲੱਗ ਪਏ ਹਨ। ਇਹ ਚੰਗੀ ਗੱਲ ਨਹੀਂ, ਸਾਧੂਆਂ ਨੂੰ ਕੋਈ ਅਡੰਬਰ ਰਚਣ ਦੀ ਲੋੜ ਨਹੀਂ। ਜਿਹੜੇ ਬੰਦੇ ਕੰਮ ਕਰ ਰਹੇ ਹਨ। ਇਨ੍ਹਾਂ ਦੀ ਮਜ਼ਦੂਰੀ ਵੀ ਦੇਣੀ ਪਵੇਗੀ, ਸਾਧਾਂ ਦੇ ਮਕਾਨ ਐਵੇਂ ਪਿੱਛੇ ਵਿਹਲੇ ਪਏ ਰਹਿੰਦੇ ਹਨ, ਇਨ੍ਹਾਂ ਵਿਚ ਲੋਕ ਕੁਕਰਮ ਕਰਨ ਲੱਗ ਪੈਂਦੇ ਹਨ। ਉਲਟਾ ਪਾਪ ਲੱਗਦਾ ਹੈ। ਦੂਜੇ ਦਿਨ ਦੇਵ ਪੁਰੀ ਇਸ ਖ਼ਿਆਲ ਨੂੰ ਮੁੱਖ ਰਖਕੇ ਤੁਰ ਪਏ। ਰਾਜਾ ਸਾਹਿਬ ਨੂੰ ਪ੍ਰਵਿਤਰੀ ਕਰਮਾਂ ਤੋਂ ਹਟਾ ਦੇਈਏ। ਸੰਤ ਦੇਵ ਪੁਰੀ ਪਿੰਡ ਤਲਵੰਡੀ ਲੰਘ, ਕੁੱਝ ਅੱਗੇ ਜਾ ਕੇ ਖਲੋ ਕੇ ਸਿੱਧੇ ਹੀ ਪਿੰਡ ਲੜੋਏ ਨੂੰ ਉਜਾੜੇ ਉਜਾੜੀ ਹੋ ਪਏ (ਰਨਪੁਰ ਗੜ੍ਹੀ ਜਾਂਦੇ ਹੁੰਦੇ ਸੀ) ਜਦੋਂ ਝਿਗੜਾਂ ਜਾਣ ਤੋਂ ਰੁਕ ਗਏ ਚੰਦਾ ਸਿੰਘ ਨੇ ਪੁੱਛਿਆ, "ਮਹਾਰਾਜ ਜੀ! ਝਿਗੜੀਂ ਨਹੀਂ ਜਾਣਾ, ਰਾਜਾ ਸਾਹਿਬ ਜੀ ਨੂੰ ਮਿਲਣ ਵਾਸਤੇ।" ਸੰਤ ਆਖਣ ਲੱਗੇ ਸਾਨੂੰ ਰਾਜਾ ਸਾਹਿਬ ਵਲੋਂ ਜਵਾਬ ਆ ਗਿਆ ਹੈ। ਜਦੋਂ ਸੰਤ ਝਿਗੜਾਂ ਵੱਲ੍ਹ ਨੂੰ ਚਲੇ ਸਨ ਤੇ ਅੱਗੋਂ ਮਹਾਰਾਜ ਜੀ ਇਉਂ ਆਖਦੇ ਹਨ, "ਕਿਸੇ ਨੂੰ ਫ਼ਿਕਰ ਹੈ? ਜਿਹੜਾ ਕੋਈ ਕੰਮ ਕਰਵਾ ਰਿਹਾ ਹੈ, ਉਸਦੀ ਮਜ਼ਦੂਰੀ ਉਹੋ

ਆਪੇ ਹੀ ਦੇਵੇਗਾ। ਹਾਂ ਮੁਣਸ਼ੀ! ਕਿਸੇ ਦੇ ਕੰਮਾਂ ਵਿਚ ਕਿਸੇ ਦਾ ਭੁਆਲੁਕ ਕੀ ਹੈ?" ਇਹੋ ਜਦੋਂ ਜਵਾਬ ਪਾਤਸ਼ਾਹ ਜੀ ਨੇ ਟਹਿਲਦਿਆਂ-ਟਹਿਲਦਿਆਂ ਦਿੱਤੇ ਸੰਤ ਰਾਹ ਵਿਚੋਂ ਹੀ ਪਿੱਛੇ ਮੁੜ ਗਏ।

ਐਸੀਆਂ ਬਰਕਤਾਂ ਵਾਲੇ ਸਾਧੂ ਸਨ। ਚਾਰ ਮੀਲ ਦੂਰ ਬੈਠਿਆਂ ਨੇ ਹੀ ਆਪਸ ਵਿਚ ਸਵਾਲ ਜਵਾਬ ਕੀਤੇ। ਖੂਹੀ ਮੁਕੰਮਲ ਹੋਣ ਤੇ ਮਟੀਰੀਅਲ ਬਚਿਆ ਸੀ। ਇਕ ਖੂਹੀ ਸਮਾਧਾਂ ਵਿਚ ਲਵਾ ਦਿੱਤੀ ਗਈ। ਇਕ ਖੂਹੀ ਪਿੰਡੋਂ ਗੌਸਲਾਂ ਗੁਰਦੁਆਰਾ ਮੰਜੀ ਸਾਹਿਬ ਵਿਚ ਲਵਾ ਦਿੱਤੀ ਗਈ। ਇਕ ਹੇੜੀਆਂ ਦੀ ਜੂਹ ਵਿਚ ਲਵਾਈ ਜਿਹੜੀ ਰੌਲੀ ਵਾਲੀ ਹੀ ਵਜਦੀ ਹੈ। ਪੰਜਵੀਂ ਖੂਹੀ ਪਿੰਡ ਤਹਿਪੇ ਗੁਰਦੁਆਰਾ ਤਖ਼ਤ ਸਾਹਿਬ ਵਿਚ ਲਵਾਈ ਤੇ ਇਕ ਕੁਟੀਆ ਦਰਬਾਰ ਸਾਹਿਬ ਦੇ ਮੋਹਰਲੇ ਪਾਸੇ ਬਣਾਈ। ਇਹ ਸਾਰਾ ਖਰਚ ਸਰਦਾਰ ਮੋਤੀ ਸਿੰਘ ਦਾ ਹੀ ਹੋਇਆ ਸੀ। ਇਹ ਸਾਰੀਆਂ ਖੂਹੀਆਂ ਲਗਵਾ ਕੇ ਦਮਦਮਾ ਸਾਹਿਬ ਦੀ ਸੇਵਾ ਅਰੰਭ ਕਰ ਦਿੱਤੀ। ਬਾਹਰਲੇ ਪਿੰਡਾਂ ਤੋਂ ਆਵਤਾਂ ਦੇ ਰੂਪ ਵਿਚ ਸੇਵਾ ਕਰਨ ਵਾਸਤੇ ਸੰਗਤਾਂ ਆਉਂਦੀਆਂ ਸਨ। ਲੰਗਰ ਵੀ ਬਾਹਰੋਂ ਹੀ ਬਣ ਬਣਕੇ ਪਿੰਡਾਂ ਵਿਚੋਂ ਆਉਂਦਾ ਸੀ। ਇਕ ਦਿਨ ਮਜਾਰੇ ਵਾਲਾ ਨੱਥਾ ਸਿੰਘ ਪਿੰਡੋਂ ਆਟਾ ਇਕੱਠਾ ਕਰਕੇ ਪਰਾਤਾਂ ਵਿਚ ਪਾ ਕੇ ਮਾਈਆਂ ਬੀਬੀਆਂ ਅਤੇ ਹੋਰ ਮਾਈ ਭਾਈ ਨੂੰ ਨਾਲ ਲੈ ਕੇ ਸਿਰ ਤੇ ਪਰਾਤਾਂ ਚੁੱਕ ਕੇ ਲੰਗਰ ਦੀ ਸੇਵਾ ਵਾਸਤੇ ਰਾਸ਼ਣ ਲਿਆਂਦਾ। ਮਹਾਰਾਜ ਜੀ ਪਿੰਡ ਗੁਣਾਂਚੌਰ ਵੱਲ੍ਹ ਇਕ ਖੇਤ ਵਿਚ ਬੈਠੇ ਸਨ। ਨੱਥਾ ਸਿੰਘ ਨੂੰ ਇਕ ਖੇਤ ਪਿਛੇ ਹੀ ਖੜ੍ਹ ਜਾਣ ਦਾ ਹੁਕਮ ਕੀਤਾ ਕਹਿੰਦੇ, "ਅੱਗੇ ਨਹੀਂ ਆਉਣਾ।" ਨੱਥਾ ਸਿੰਘ ਕਹਿੰਦਾ ਮੇਰੇ ਮਨ ਵਿਚ ਕੁੱਝ ਹਿਰਖ ਆਇਆ। ਅਸੀਂ ਇਨੇ ਪ੍ਰੇਮ ਨਾਲ ਲੜਕੀਆਂ ਦੇ ਸਿਰ 'ਤੇ ਚੁਕਵਾ ਕੇ ਸੀਧਾ ਲਿਆਂਦਾ ਸਾਨੂੰ ਕੋਲ ਆਉਣ ਦਾ ਹੁਕਮ ਨਹੀਂ ਕੀਤਾ। ਜਦੋਂ ਇਹ ਫੁਰਨਾ ਨੱਥਾ ਸਿੰਘ ਦੇ ਮਨ ਵਿਚ ਆਇਆ ਨੱਥਾ ਸਿੰਘ ਨੂੰ ਐਸੀ ਝਲਕ ਪਈ ਮਹਾਰਾਜ ਜੀ ਦੇ ਚਾਰ ਚੁਫੇਰੇ ਦੂਰ-ਦੂਰ ਤਾਂਈ ਸਫ਼ੈਦ ਬਸਤਰਾਂ ਵਾਲੇ ਸ਼ਹੀਦਾਂ ਦੀ ਫ਼ੌਜ ਸੰਗਤ ਦੇ ਰੂਪ ਵਿੱਚ ਬੈਠੀ ਦਰਸ਼ਨ ਕਰਦੇ ਨਜ਼ਰੀਂ ਆਈ ਜਦੋਂ ਐਸਾ ਤੱਕਿਆ ਤਾਂ ਮਨ ਵਿਚ ਭੈਅ ਖਾਧਾ ਕਿਉਂਕਿ ਅੱਗੇ ਜਗ੍ਹਾ ਕੋਈ ਵੀ ਖਾਲੀ ਨਹੀਂ ਸੀ। ਕੁੱਝ ਮਿੰਟਾਂ ਬਾਅਦ ਉਸ ਗੁਪਤ ਸੈਨਾ ਨੂੰ ਚਲੇ ਜਾਣ ਦਾ ਹੁਕਮ

ਕੀਤਾ ਤਾਂ ਨੱਥਾ ਸਿੰਘ ਨੂੰ ਅੱਗੇ ਆਉਣ ਦੀ ਇਜਾਜ਼ਤ ਦਿੱਤੀ। ਸਾਰੀ ਸੰਗਤ ਨਮਸਕਾਰ ਕਰਕੇ ਹਾਜ਼ਰੀ ਵਿਚ ਬੈਠ ਗਈ। ਨੱਥਾ ਸਿੰਘ ਨੂੰ ਹੁਕਮ ਹੋਇਆ ਨੱਥੂ ਰੱਬ ਦੇਖਣਾ ਹੈ। ਨੱਥਾ ਸਿੰਘ ਕਹਿੰਦਾ ਜੀ ਆਪ ਦੀ ਕਿਰਪਾ ਹੈ। ਅਸੀਂ ਤੁਹਾਨੂੰ ਰੱਬ ਕਰਕੇ ਹੀ ਦੇਖਦੇ ਹਾਂ।

ਮਹਾਰਾਜ ਜੀ ਆਖਣ ਲੱਗੇ ਉਸਦੀ ਕੁਦਰਤ ਤੋਂ ਹੀ ਰੱਬ ਪਛਾਣਿਆ ਜਾਂਦਾ ਹੈ। ਇੰਨੇ ਚਿਰ ਨੂੰ ਪਿੰਡ ਗੁਣਾਚੌਰ ਤੋਂ ਵੀ ਸੀਧੇ ਦੀਆਂ ਪਰਾਤਾਂ ਭਰ ਕੇ ਸੰਗਤ ਲੈ ਆਈ। ਸਭ ਨੂੰ ਲੰਗਰ ਵਿਚ ਸੀਧਾ ਪਾਉਣ ਦਾ ਹੁਕਮ ਕੀਤਾ। ਇਸ ਤਰਾਂ ਬਾਹਰਲੀਆਂ ਸੰਗਤਾਂ ਕੋਲੋਂ ਸੇਵਾ ਕਰਵਾ ਕੇ ਦਮਦਮਾ ਸਾਹਿਬ ਮੁਕੰਮਲ ਕੀਤਾ। ਇਹ ਖੇਤ ਸ਼ੇਰੂ ਤੋਂ ਛੁਡਾਇਆ ਸੀ, ਜਿਸ ਵਿਚ ਦਮਦਮਾ ਸਾਹਿਬ ਬਣਿਆ ਹੋਇਆ ਹੈ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਮਾਈ ਨੰਦੀ ਨਾਲ ਹੋਈ

ਮੋਤੀ ਸਿੰਘ ਦੇ ਵੱਡੇ ਭਾਈ ਕਿਰਪਾ ਸਿੰਘ ਦੇ ਘਰ ਵਾਲੀ ਦੀ ਚਾਲੀ ਸਾਲ ਉਮਰ ਹੋਣ ਤੇ ਵੀ ਔਲਾਦ ਨਾ ਹੋਈ। ਮੋਤੀ ਸਿੰਘ ਦੇ ਘਰ ਤਿੰਨ ਪੁੱਤਰ ਸਨ ਜਗਤ ਸਿੰਘ, ਸਾਧੂ ਸਿੰਘ, ਭਗਤ ਸਿੰਘ। ਨੰਦੀ ਸੇਵਾ ਵੀ ਬਹੁਤ ਕਰਦੀ ਸੀ। ਜਗਤ ਸਿੰਘ ਕੁੱਝ ਬਿਸ਼ਨ ਸਿੰਘ ਦੇ ਕੰਨ੍ਹੇ ਚੜ੍ਹ ਕੇ ਨਾਸਤਿਕ ਖ਼ਿਆਲਾਂ ਦਾ ਬਣ ਗਿਆ ਸੀ। ਬਿਸ਼ਨ ਸਿੰਘ ਨੇ ਬਹੁਤ ਭਰਤੀ ਦਿੱਤੀ। ਸਰਦਾਰ ਮੋਤੀ ਸਿੰਘ ਐਵੀਂ ਰਾਜਾ ਸਾਹਿਬ ਪਿੱਛੇ ਲੱਗ ਕੇ ਘਰ ਦਾ ਧਨ ਲੁਟਾਈ ਜਾ ਰਿਹਾ ਹੈ। ਕਿਰਪਾ ਸਿੰਘ ਅਤੇ ਨੰਦੀ ਦਾ ਪ੍ਰੇਮ ਬਹੁਤ ਪਹਿਲਾ ਨਾਲੋਂ ਵੀ ਦਿਨੋਂ ਦਿਨ ਵਧਦਾ ਗਿਆ। ਇਕ ਦਿਨ ਨੰਦੀ ਇਕ ਮਾਈ ਨਾਲ ਸਵੇਰੇ ਕਿਸੇ ਮਕਾਣ ਦੇ ਬਹਾਨੇ ਜ਼ਿਲ੍ਹਾ ਅੰਮ੍ਰਿਤਸਰ ਮਾਝੇ ਵਿਚ ਇਕ ਸੰਤ ਕੋਲ ਜਾਣ ਲੱਗੀ। ਕੋਲ ਪਤਾਸੇ ਬੰਨ੍ਹ ਲਏ। ਘੱਗਰੇ ਵਿਚ ਛੁਪਾਕੇ ਘਰੋਂ ਚੱਲੀ ਧਾਗਾ ਤਵੀਤ ਲੈਣੇ ਵਾਸਤੇ ਪਿੰਡੋਂ ਬਾਹਰ ਨਿਕਲੀ ਤਾਂ ਅੱਗੋਂ ਮਹਾਰਾਜ ਜੀ ਗੁਰਦੁਆਰੇ ਦੇ ਲਹਿੰਦੇ ਪਾਸੇ ਇਕ ਅੰਬ ਹੇਠ ਬੈਠੇ ਸਨ। ਮਹਾਰਾਜ ਜੀ ਬੈਠਿਆਂ ਨੂੰ ਦੇਖ ਕੇ ਘੱਗਰਾ

ਪਿੱਛੇ ਰੱਖਕੇ ਨਮਸਕਾਰ ਕਰਨ ਨੂੰ ਅੱਗੇ ਵਧੀ ਤਾਂ ਮਹਾਰਾਜ ਵਲੋਂ ਹੁਕਮ ਹੋਇਆ, "ਚਲ ਨੰਦੀ! ਪਿੱਛੇ ਮੁੜ, ਚਲ ਘਰ ਹੀ ਸਭ ਕੁੱਝ ਮਿਲ ਜਾਂਦਾ ਹੈ ਤੇ ਹੋਰ ਕਿਤੇ ਨਹੀਂ ਜਾਣ ਦੀ ਲੋੜ। ਪਤਾਸੇ ਵੀ ਇਥੇ ਹੀ ਵੰਡ ਦੇਣੇ ਸੀ।" ਉਸ ਦਿਨ ਹੀ ਨੰਦੀ ਨੂੰ ਹੁਕਮ ਕੀਤਾ ਅੱਗੋਂ ਅੰਦਰ ਪੈਰ ਨਹੀਂ ਪਾਉਣਾ। ਜਨਾਨੀ ਨੂੰ ਗੁਰਦੁਆਰੇ ਦੇ ਅੰਦਰ ਜਾਣ ਦੀ ਮਨਾਹੀ ਕੀਤੀ। ਬੰਦਾ ਨੂੰ ਵੀ ਇਸ਼ਨਾਨ ਕੀਤੇ ਬਿਨਾਂ ਅੰਦਰ ਜਾਣ ਦੀ ਮਨਾਹੀ ਕਰ ਦਿੱਤੀ। ਇਕ ਘੜਾ ਪਾਣੀ ਦਾ ਭਰਕੇ ਰੱਖਣ ਵੀ ਇਜਾਜ਼ਤ ਦਿੱਤੀ। ਕਿਸੇ ਰੋਗੀ ਨੂੰ ਪਾਣੀ ਪਿਲਾ ਕੇ ਰਾਜ਼ੀ ਕਰਨ ਦਾ ਹੁਕਮ ਕੀਤਾ। ਇਸ ਘੜੇ ਵਿਚੋਂ ਚਰਨਾਮਤ ਵਜੋਂ ਪਾਣੀ ਪੀਤਾ ਜਾਂਦਾ ਹੈ, ਹੁਣ ਵੀ ਘੜਾ ਭਰ ਕੇ ਰੱਖਿਆ ਜਾਂਦਾ ਹੈ, ਦੁਖੀ ਜੀਵਾਂ ਨੂੰ ਅੰਮ੍ਰਿਤ ਦਿੱਤਾ ਜਾਂਦਾ ਹੈ। ਬਹੁਤ ਛਾਇਆ ਦੇ ਮਾਰੇ ਸੁੱਕੇ ਕੋੜ੍ਹੀ ਰਾਜ਼ੀ ਹੋ ਜਾਂਦੇ ਹਨ। ਭੀਹ ਬੱਤੀ ਸਾਲ ਨਾ ਅੰਦਰ ਜਨਾਨੀ ਜਾਂਦੀ ਸੀ, ਅਤੇ ਨਾ ਹੀ ਇਸ਼ਨਾਨ ਕੀਤੇ ਬਿਨਾਂ ਅੰਦਰ ਜਾ ਕੇ ਮੱਥਾ ਟੇਕ ਸਕਦੀ ਸੀ। ਸੰਨ 37 ਵਿਚ ਬੰਤੋ ਪਿੰਡ ਕਰਾਲਾ ਵਾਲੀ ਨੂੰ ਹੁਕਮ ਦੇ ਕੇ ਤੋਰਿਆ ਸੀ, "ਚੱਲ! ਅੱਜ ਝਿਗੜਾਂ ਦੇ ਗੁਰਦੁਆਰੇ ਵਿਚ ਪਾਣੀ ਦਾ ਛਿੱਟਾ ਨਾਲੇ ਧੂਫ਼ ਦੇ ਆਓ। ਜੰਦਰਾ ਖੋਲ੍ਹ ਕੇ ਚਾਬੀਆਂ ਪਰੀਤੂ ਨੂੰ ਦੇ ਆਵੀ।" ਉਸ ਦਿਨ ਸਭ ਨੂੰ ਹਕ ਮਿਲਿਆ ਸੀ ਅੰਦਰ ਜਾਣ ਦਾ। ਨੰਦੀ ਨੂੰ ਘਰ ਵੱਲ੍ਹ ਹੀ ਮੋੜ ਦਿੱਤਾ, ਇਕ ਸਾਲ ਬਾਅਦ ਘਰ ਪੁੱਤਰ ਜਨਮਿਆ। ਸਤਿਗੁਰਾਂ ਦੀ ਬਖਸ਼ਿਸ਼ ਹੋਣ ਨਾਲ ਘਰ ਵਿਚ ਬਾਲਕ ਪੈਦਾ ਹੋਇਆ। ਨਾਮ ਭੀ ਗੁਰਬਖਸ਼ ਹੀ ਰੱਖਿਆ। ਗੁਰਬਖਸ਼ ਸਿੰਘ ਵੀ ਮਾਤਾ ਵਾਂਗ ਪ੍ਰੇਮੀ ਹੈ, ਤਨ, ਮਨ, ਧਨ ਕਰਕੇ ਗੁਰੂ ਘਰ ਦੀ ਸੇਵਾ ਕਰਦਾ ਹੈ।

ਬੋਲੇ ਭਾਈ ਜੀ ਵਾਹਿਗੁਰੂ॥

ਸਾਖੀ ਰਲੂ ਨੂੰ ਕੈਦ ਵਿਚੋਂ ਛੁਡਾਉਣ ਦੀ ਚੱਲੀ

ਸਰਦਾਰ ਮੋਤੀ ਸਿੰਘ ਜੀ ਪਾਤਸ਼ਾਹ ਦੇ ਸੇਵਾਦਾਰ ਨਾਲ ਪਿੰਡ ਝਿਗੜਾਂ ਦੇ ਇਕ ਰਲੂ ਨਾਮੀ ਬੰਦੇ ਦੀ ਧੜੇਬਾਜ਼ੀ ਚਲ ਪਈ। ਰਲੂ ਕੁੱਝ ਲੜਾਕਾ ਬੰਦਾ ਸੀ, ਝਗੜਾ ਕਾਫ਼ੀ ਵਧਦਾ-ਵਧਦਾ ਵਧ ਗਿਆ। ਦੂਜੇ ਪਾਸੇ ਮੋਤੀ ਸਿੰਘ ਸਿਆਸੀ

ਪਾਰਟੀ ਨਾਲ ਵੀ ਕਾਫ਼ੀ ਸਬੰਧ ਰੱਖਦਾ ਸੀ। ਮੌਕੇ ਦੇ ਅਫ਼ਸਰਾਂ ਨਾਲ ਮੇਲ ਮਲਾਕਾਤ ਵੀ ਰੱਖਦਾ ਸੀ। ਭਗਵਾਨ ਦੀ ਮਾਇਆ ਬੜੀ ਪ੍ਰਬਲ ਹੈ, ਚੰਗੇ ਮਲਾਹਾਂ ਦੀਆਂ ਬੇੜੀਆਂ ਵੀ ਮਾਇਆ ਦੀਆਂ ਛੱਲਾਂ ਨਾਲ ਡੋਲ ਜਾਂਦੀਆਂ ਹਨ।

ਫ਼ਰੀਦਾ ਅਜ ਸੋ ਨਾਉ ਸਮੁੰਦ ਮੈਂ,
ਕਿਆ ਜਾਨਾ ਕਿਆ ਹੋਇ

(ਸਲੋਕ ਫ਼ਰੀਦ ਜੀ)

ਗਏ ਉਲਝ ਅਫ਼ਸੋਸ ਅਨੇਕ ਆਲਮ,
ਰਹੇ ਵਿਚ ਅਗਿਆਨ ਦੇ ਅੱਟਬੇਲੀ।"

ਮੋਤੀ ਸਿੰਘ ਨੇ ਰਲੂ ਨੂੰ ਝੂਠੇ ਇਲਜ਼ਾਮ ਵਿਚ ਕਿਸੇ ਮੁਕੱਦਮੇ ਵਿਚ ਫਸਾਉਣ ਦਾ ਇਰਾਦਾ ਧਾਰ ਲਿਆ। ਮੋਤੀ ਸਿੰਘ ਨੇ ਆਪਣੇ ਬੰਦਿਆਂ ਨੂੰ ਨਾਲ ਲੈ ਕੇ ਰਾਤ ਦੇ ਸਮੇਂ ਇਕ ਬੱਕਰੀ ਆਪਣੀ ਮਾਰ ਕੇ ਰਲੂ ਦੇ ਵਾੜੇ ਵਿਚ ਸੁੱਟ ਦਿੱਤੀ। ਪੰਚਾਇਤ ਇਕੱਠੀ ਕਰਕੇ ਰਲੂ ਦੇ ਸਿਰ ਇਲਜ਼ਾਮ ਲਾ ਦਿੱਤਾ ਕਿ ਸਾਡੀ ਬੱਕਰੀ ਚੋਰੀ ਚੁੱਕ ਕੇ ਲਿਆਂਦੀ ਹੈ। ਰਲੂ ਬੱਕਰੀਆਂ ਦਾ ਇੱਜੜ ਰੱਖਦਾ ਹੁੰਦਾ ਸੀ। ਰਲੂ ਬਾਹਰ ਮੋਤੀ ਸਿੰਘ ਦੇ ਖੇਤ ਚਾਰ ਲੈਂਦਾ ਸੀ, ਇਸੇ ਕਰਕੇ ਹੀ ਬਗ਼ਾਵਤ ਵਧ ਗਈ ਸੀ, ਰਲੂ ਨੂੰ ਕੋਈ ਪਤਾ ਨਹੀਂ ਕਿ ਮੇਰੇ ਨਾਲ ਐਡਾ ਅਤਿਆਚਾਰ ਹੋਣ ਵਾਲਾ ਹੈ। ਮੋਤੀ ਸਿੰਘ ਨੇ ਥਾਣੇ ਜਾ ਕੇ ਇਤਲਾਹ ਦੇ ਦਿੱਤੀ ਕਿ ਮੇਰੀ ਬੱਕਰੀ ਰਲੂ ਤੇ ਜੋਤੀ, ਮੋਤੀ ਨੇ ਚੁੱਕ ਲਈ ਹੈ। ਮੌਕੇ ਤੇ ਫੜਕੇ ਪਹਿਰਾ ਲਗਾਇਆ ਗਿਆ ਹੈ, ਪੁਲੀਸ ਵਾਲਿਆਂ ਨੇ ਰਲੂ ਪਾਰਟੀ ਨੂੰ ਆ ਕੇ ਗ੍ਰਿਫ਼ਤਾਰ ਕਰ ਲਿਆ। ਰਲੂ ਦਾ ਚਲਾਨ ਨਵਾਂ ਸ਼ਹਿਰ ਤਹਿਸੀਲਦਾਰ ਕੋਲ ਭੇਜ ਦਿੱਤਾ, ਮੁਕੱਦਮਾ ਸ਼ੁਰੂ ਹੋ ਗਿਆ। ਰਲੂ ਪਾਰਟੀ ਜ਼ਮਾਨਤਾਂ ਤੇ ਆ ਗਏ ਸਨ, ਪੇਸ਼ੀਆ ਹੁੰਦੀਆਂ ਗਈਆਂ ਪਿੰਡ ਵਿਚ ਕੋਈ ਪਤਾ ਨਹੀਂ ਹੈ। ਕੌਣ ਝੂਠਾ ਹੈ ਜਾਂ ਕੌਣ ਸੱਚਾ ਹੈ। ਰਲੂ ਨੂੰ ਤੇ ਮੋਤੀ ਸਿੰਘ ਨੂੰ ਹੀ ਪਤਾ ਸੀ ਕਿ ਕੀ ਕੁੱਝ ਮਿਥਿਆ ਗਿਆ ਹੈ। ਜਿਸ ਦਿਨ ਹੁਕਮ ਹੋਣਾ ਸੀ, ਉਸ ਦਿਨ ਮੋਤੀ ਸਿੰਘ

ਮਿੱਥੀ ਤਾਰੀਖ ਤੇ ਜਾਣ ਲੱਗਾ। ਰਲੂ ਪਹਿਲਾਂ ਉੱਠਕੇ ਸਵੇਰੇ ਗੱਲ ਵਿਚ ਪੱਲਾ ਪਾ ਕੇ ਗੁਰਦੁਆਰਾ ਦੁੱਖ ਨਿਵਾਰਨ ਵਿਚ ਜਾ ਕੇ ਅਰਦਾਸ ਕੀਤੀ। "ਅੱਜ ਸੱਚ ਝੂਠ ਜੇ ਨਾ ਨਤਾਰਿਆ ਤਾਂ ਅਸੀਂ ਕਦੇ ਮੰਨਾਂਗੇ ਨਹੀਂ, ਅਸੀਂ ਇਹ ਮੰਨਾਂਗੇ ਕਿ ਰੱਬ ਦੀ ਤਾਕਤ ਹੈ ਹੀ ਨਹੀਂ, ਤੇਰੇ ਨਾਮ ਨੂੰ ਹੀ ਨਹੀਂ ਮੰਨਾਂਗੇ, ਤੇਰੇ ਨਾਮ ਨੂੰ ਹੀ ਲਾਜ ਲੱਗੂਗੀ।" ਰਲੂ ਅੱਥਰੂ ਬਹਾਕੇ ਅਰਦਾਸ ਕਰਕੇ ਤੁਰ ਪਿਆ। ਮਨ ਵਿਚ ਰਾਜਾ, ਰਾਜਾ ਗਾਉਂਦਾ ਤੇ ਚਰਨਾਂ ਦਾ ਧਿਆਨ ਕਰਕੇ ਨਵਾਂ ਸ਼ਹਿਰ ਪਹੁੰਚ ਗਿਆ। ਜਦੋਂ ਰਲੂ ਨੇ ਸੱਚੇ ਹਿਰਦੇ ਨਾਲ ਅਰਦਾਸ ਕੀਤੀ ਤਾਂ ਖੰਡਾਂ ਬ੍ਰਹਮੰਡਾਂ ਦੇ ਮਾਲਿਕ ਘਟ ਘਟ ਦੀਆਂ ਜਾਨਣਹਾਰੇ ਆਪਣੇ ਨਾਮ ਦੀ ਲਾਜ ਰੱਖਣਹਾਰੇ (ਸੁਣੀ ਅਰਦਾਸ ਦਤਾਰ ਪ੍ਰਭ) ਢਾਬੀਂ ਬੈਠੇ ਸਨ। ਮੋਤੀ ਸਿੰਘ ਤੇ ਹਰਨਾਮ ਸਿੰਘ ਤਰੀਕ ਨੂੰ ਨਵਾਂ ਸ਼ਹਿਰ ਨੂੰ ਤੁਰ ਪਏ। ਮਹਾਰਾਜ ਜੀ ਬਹੁਤ ਗੁੱਸੇ ਹੋਏ ਝਿੜਕਾਂ ਮਾਰ-ਮਾਰਕੇ ਮੋਤੀ ਸਿੰਘ ਨੂੰ ਪਾਣੀਓਂ ਪਾਣੀ ਕਰ ਦਿੱਤਾ। ਮਹਾਰਾਜ ਜੀ ਕਹਿੰਦੇ, "ਮੋਤੀ ਵਿਸਾਹ ਘਾਤ ਕਰਨਾ ਸਭ ਪਾਪਾਂ ਤੋਂ ਵੱਡਾ ਪਾਪ ਹੈ, ਵਿਸਾਹ ਘਾਤੀ ਕਦੇ ਬਖਸ਼ਿਆ ਨਹੀਂ ਜਾਂਦਾ। ਬ੍ਰਹਮ ਹੱਤਿਆ, ਕੰਨਿਆ ਹੱਤਿਆ, ਇਹ ਹੱਤਿਆ ਕਰਨ ਵਾਲਾ ਤਾਂ ਬਖਸ਼ਿਆ ਜਾ ਸਕਦਾ ਹੈ। ਪਰ ਵਿਸਾਹ ਘਾਤੀ ਨਹੀਂ ਬਖਸ਼ਿਆ ਜਾਂਦਾ।" ਮਹਾਰਾਜ ਜੀ ਨੇ ਮੋਤੀ ਵੱਲ੍ਹ ਦੇਖਿਆ ਤਾਂ ਬੜਾ ਡਰਿਆ। ਵਾਰ-ਵਾਰ ਬੇਨਤੀਆਂ ਕਰਨ ਲੱਗਾ, "ਸਤਿਗੁਰੂ ਮੈਂ ਭੁੱਲ ਗਿਆ, ਬਖਸ਼ ਲਵੋ।" ਮਹਾਰਾਜ ਆਪ ਵੀ ਨਵਾਂ ਸ਼ਹਿਰ ਨੂੰ ਸਿੱਧੇ ਹੋ ਤੁਰੇ। ਮੂਸਾਪੁਰ ਲੰਘੇ ਇਕ ਭੱਠੇ ਤੇ ਜਾ ਕੇ ਖੜ੍ਹੇ ਹੋਏ। ਮੋਤੀ ਸਿੰਘ ਨੇ ਫਿਰ ਚਰਨ ਫੜਕੇ ਬੇਨਤੀ ਕੀਤੀ ਜੈਸਾ ਆਪ ਦਾ ਹੁਕਮ ਹੋਵੇਗਾ। ਮਹਾਰਾਜ ਕਹਿਣ ਲੱਗੇ, "ਸਾਡਾ ਸਨੇਹਾ ਹੱਕ ਨਵਾਂ ਨੂੰ ਦੇਣਾ, ਨਹੱਕੀਆਂ ਚਿੜੀਆਂ ਨਹੀਂ ਮੰਨ੍ਹੀਦੀਆਂ।" ਆਖਿਆ ਤਾਂ ਮੋਤੀ ਸਿੰਘ ਨੂੰ ਸੀ ਭੱਠੇ ਤੇ ਖੜ੍ਹਿਆਂ ਨੇ, ਪਰ ਕਈ ਮੀਲ ਤੋਂ ਤਹਿਸੀਲਦਾਰ ਦੇ ਕੰਨਾਂ ਤੱਕ ਅਵਾਜ਼ ਪੁਚਾ ਦਿੱਤੀ, ਤਹਿਸੀਲਦਾਰ ਹੁਕਮ ਲਿਖ ਰਿਹਾ ਸੀ। ਅਕਾਸ਼ ਬਾਣੀ ਦੇ ਰੂਪ ਵਿਚ ਅਵਾਜ਼ ਕੰਨੀਂ ਪਈ। ਸੁਨਹਿਰੀ ਜੜਾਅ ਚਿੱਟੇ ਚਾਦਰੇ ਦੀ ਗਿਲਤੀ ਮਾਰੀ ਹੋਈ, ਬਿਜਲੀ ਦੀ ਚਮਕ ਵਾਂਗੂੰ ਆਪਣੇ ਦਰਸ਼ਨ ਦੀ ਝਲਕ ਵੀ ਤਹਿਸੀਲਦਾਰ ਨੂੰ ਦਿੱਤੀ। ਤਹਿਸੀਲਦਾਰ ਰਲੂ ਨੂੰ ਸਜ਼ਾ ਲਿਖਣ ਹੀ ਲੱਗਾ ਸੀ। ਤਹਿਸੀਲਦਾਰ ਰੁਕ ਗਿਆ, ਕੋਈ

ਅਨੋਖੀ ਝਲਕ ਸੀ, ਸੀਨਾ ਚਾਕ ਕਰ ਗਈ। ਕੁੱਝ ਚਿਰ ਠਹਿਰ ਕੇ ਫਿਰ ਲਿਖਣ ਲੱਗਿਆ, ਉਹੋ ਹੀ ਅਵਾਜ਼ ਉਹੋ ਹੀ ਝਲਕਾ ਫਿਰ ਪਿਆ। ਤੀਜੀ ਵਾਰ ਵੀ ਐਸਾ ਹੀ ਹੋਇਆ। ਫਿਰ ਤਹਿਸੀਲਦਾਰ ਨੇ ਖੜ੍ਹੇ ਹੋਏ ਮੁਜਰਿਮਾਂ ਵੱਲ੍ਹ ਤੱਕਿਆ, ਉਸ ਨੂੰ ਉਹ ਬੇਗੁਨਾਹ ਨਜ਼ਰੀਂ ਆਏ। ਉਸ ਨੇ ਰਲੂ ਨੂੰ ਪੁੱਛਿਆ, "ਸੱਚ ਕਹੋ ਤੁਸੀਂ ਸੱਚੇ ਹੋ ਕੇ ਝੂਠੇ ਹੋ? ਤੁਸੀਂ ਕਿਸ ਨੂੰ ਮੰਨਦੇ ਹੋ।" ਰਲੂ ਨੇ ਆਖਿਆ, "ਬਿਲਕੁਲ ਸੱਚੇ ਹਾਂ, ਰਾਜਾ ਸਾਹਿਬ ਦੇ ਸੇਵਕ ਹਾਂ।" ਤਹਿਸੀਲਦਾਰ ਵੀ ਨਾਭ ਕੰਵਲ ਰਾਜਾ ਸਾਹਿਬ ਦੇ ਪਹਿਲਾਂ ਦਰਸ਼ਨ ਕਰ ਚੁੱਕਿਆ ਸੀ। ਤਹਿਸੀਲਦਾਰ ਕਹਿਣ ਲੱਗਾ, "ਤੁਹਾਨੂੰ ਬਰੀ ਵੀ ਰਾਜਾ ਸਾਹਿਬ ਕਰਾ ਰਹੇ ਹਨ, ਮੇਰੇ ਕੰਨਾਂ ਵਿਚ ਅਵਾਜ਼ਾਂ ਆ ਰਹੀਆਂ ਹਨ ਨਹੱਕੀਆਂ ਚਿੜੀਆਂ ਨਹੀਂ ਬੰਨ੍ਹੀਦੀਆਂ।" ਤਹਿਸੀਲਦਾਰ ਨੇ ਮੋਤੀ ਸਿੰਘ ਨੂੰ ਆਪਣੇ ਕੋਲ ਸੱਦਕੇ ਆਖਿਆ, "ਸਰਦਾਰ ਜੀ! ਹੋਰ ਜਿਹੜਾ ਕੰਮ ਕਹੋਗੇ ਕਰਾਂਗਾ ਰਲੂ ਨੂੰ ਮੈਂ ਸਜ਼ਾ ਨਹੀਂ ਦੇ ਸਕਦਾ।" ਮੋਤੀ ਸਿੰਘ ਤਾਂ ਪਹਿਲਾਂ ਹੀ ਪਾਣੀ-ਪਾਣੀ ਹੋ ਚੁੱਕਾ ਸੀ, ਜਿਵੇਂ ਆਪ ਜੀ ਦੀ ਮਰਜੀ ਕਰੋ। ਰਲੂ, ਜੋਤੀ, ਮੋਤੀ ਬਰੀ ਹੋ ਕੇ ਧੰਨ ਰਾਜਾ ਸਾਹਿਬ, ਧੰਨ ਰਾਜਾ ਸਾਹਿਬ ਆਖਦੇ ਹੋਏ ਪਿੰਡ ਆ ਗਏ। ਜਿਵੇਂ ਮੱਖਣ ਸ਼ਾਹ ਲੁਬਾਣੇ ਨੇ ਕੋਠੇ ਚੜ੍ਹਕੇ ਆਖਿਆ ਸੀ। ਗੁਰੂ ਲਾਧੋ ਰੇ, ਗੁਰੂ ਲਾਧੋ ਰੇ ਐਸੇ ਹੀ ਰਲੂ ਨੇ ਲੋਕਾਂ ਵਿੱਚ ਰੌਲੀ ਪਾ ਦਿੱਤੀ। ਮਹਾਰਾਜ ਜੀ ਦੇ ਦੁੱਧੋਂ ਪਾਣੀ ਛਾਨਣ ਦੀ ਕਹਾਣੀ ਸਾਰੇ ਪਿੰਡ ਵਿਚ ਫੈਲ ਗਈ। ਮਹਾਰਾਜ ਜੀ ਮੋਤੀ ਸਿੰਘ ਨਾਲ ਕੁੱਝ ਗੁੱਸੇ ਹੋ ਗਏ। ਮੋਤੀ ਸਿੰਘ ਮਹਾਰਾਜ ਦੇ ਚਰਨ ਫੜ ਕੇ ਅੱਥਰੂਆਂ ਦੀ ਝੜੀ ਲਾ ਕੇ ਕਹਿਣ ਲੱਗਾ, "ਐਸਾ ਕੰਮ ਫਿਰ ਨਹੀਂ ਕਰਾਂਗਾ। ਮੈਂ ਭੁੱਲ ਗਿਆ ਹਾਂ ਜੀ ਮੇਰਾ ਆਪ ਤੋਂ ਬਿਨਾਂ ਕੋਈ ਸਹਾਰਾ ਨਹੀਂ। ਆਪ ਦੀ ਨਰਾਜ਼ਗੀ ਮੈਂ ਨਹੀਂ ਸਹਾਰ ਸਕਦਾ, ਜੇ ਇਵੇਂ ਰਹੋਗੇ ਮੇਰੇ ਪ੍ਰਾਣ ਖ਼ਤਮ ਹੋ ਜਾਣਗੇ। 'ਆਧਾ ਜੀਵਾ ਵਿਸਰੈ ਮਰ ਜਾਉ॥' ਜਿਵੇਂ ਚੰਦ ਅਲੋਪ ਹੋਣ ਤੇ ਚਕੋਰ ਮੁਰਝਾ ਜਾਂਦਾ ਹੈ, ਜਿਵੇਂ ਸੂਰਜ ਡੁੱਬਣ 'ਤੇ ਚੱਕਵੀਂ ਦੁੱਖ ਪਾਉਂਦੀ ਹੈ, ਨੀਰ ਬਿਨਾਂ ਮੱਛਲੀ ਮਰ ਜਾਂਦੀ ਹੈ, ਆਸ਼ਿਕ, ਮਾਸ਼ੂਕ ਤੋਂ ਬਿਨਾਂ ਮਰ ਜਾਂਦਾ ਹੈ। ਐਸੇ ਹੀ ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਮਰ ਜਾਵਾਂਗਾ, ਜੀਵਾਂਗਾ ਨਹੀਂ।" ਇਹੋ ਜਿਹੀ ਦੀਨਤਾ ਭਰੀ ਕਲੇਜੇ ਨੂੰ ਹਿਲਾਵਣ ਵਾਲੀ ਪਿਆਰੀ ਤੇ ਪ੍ਰੇਮ ਭਰੀ ਫਰਿਆਦ ਸੁਣਕੇ ਦਿਆਲੂ

ਕਿਰਪਾਲੂ ਦੀਨਾ ਨਾਥ ਭਗਤ ਵਛਲ ਆਪਣੇ ਪਿਆਰੇ ਸ਼ਿਸ਼ ਨੂੰ ਗਲ ਨਾਲ ਲਾਇਆ, ਅੱਗੇ ਵਾਸਤੇ ਬੁਰੇ ਕਰਮਾਂ ਤੋਂ ਕੌਨ ਫੜਾਏ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਗੁਰਦੁਆਰਾ ਗੋਸਲਾਂ ਦੇ ਮੰਜੀ ਸਾਹਿਬ ਦੀ ਚੱਲੀ

ਮੂਸਾ ਪੁਰ ਤੋਂ ਮਹਾਰਾਜ ਜੀ ਰਲੂ ਦਾ ਕਾਰਜ ਕਰਕੇ ਪਿੰਡ ਝਿਰੇੜਾਂ ਵੱਲ੍ਹ ਨਹੀਂ ਆਏ। ਮਜਾਰੇ ਵੱਲ੍ਹ ਦੀ ਹੁੰਦੇ ਹੋਏ, (ਕੁਝ ਦਿਨਾਂ ਬਾਅਦ) ਪਿੰਡ ਸੋਤਰਾਂ ਵੱਲ੍ਹ ਦੀ ਹੁੰਦੇ ਹੋਏ ਪਿੰਡ ਸੋਤਰੀਂ ਭਾਨੇ ਜੱਟ ਦੇ ਖੂਹ 'ਤੇ ਜਾ ਬੈਠੇ। ਭਾਨਾ ਬੜਾ ਪ੍ਰੇਮੀ ਗੁਰਮੁੱਖ ਬੰਦਾ ਸੀ। ਮਹਾਰਾਜ ਜੀ ਜਦੋਂ ਵੀ ਇਧਰ ਆਇਆ ਕਰਦੇ ਸਨ ਤਾਂ ਬੜੇ ਪ੍ਰੇਮ ਨਾਲ ਸੇਵਾ ਕਰਿਆ ਕਰਦਾ ਸੀ। ਭਾਨੇ ਦਾ ਪ੍ਰੇਮ ਦੇਖਕੇ ਮਹਾਰਾਜ ਜੀ ਭਾਨੇ ਦਾ ਦਲਿੱਦਰ ਤੋੜਨਾ ਚਾਹੁੰਦੇ ਸਨ। ਭਾਨਾ ਢਾਈ ਵਿੱਘੇ ਜ਼ਮੀਨ ਦਾ ਮਾਲਿਕ ਸੀ। ਉਸ ਦਿਨ ਭਾਨਾ ਮਹਾਰਾਜ ਵਾਸਤੇ ਛੱਲੀਆਂ ਭੁੰਨਕੇ ਲੈ ਆਇਆ। ਛੱਲੀਆਂ ਚੱਖਕੇ ਮਹਾਰਾਜ ਨੇ ਲੱਸੀ ਮੰਗਾ ਕੇ ਛਕੀ। ਭਾਨੇ ਨੇ ਛੱਲੀਆਂ ਬਹੁਤ ਪ੍ਰੇਮ ਨਾਲ ਛਕਾਈਆਂ। ਛੱਲੀਆਂ ਚੱਬਕੇ ਪਾਤਸ਼ਾਹ ਜੀ ਨੇ ਭਾਨੇ ਨੂੰ ਵਰ ਦਿੱਤਾ "ਚਾਲੀ ਖੇਤਾਂ ਦਾ ਤੂੰ ਮਾਲਿਕ ਬਣ ਜਾਵੇਗਾ।" ਨਾਲੇ ਹੁਕਮ ਕੀਤਾ ਸਬਜ਼ੀ ਲਾਇਆ ਕਰ। ਦਿਨ ਪ੍ਰਤੀ ਦਿਨ ਭਾਨੇ ਦੀ ਕਿਸਮਤ ਦਾ ਸਿਤਾਰਾ ਚੜ੍ਹਦੇ ਸੂਰਜ ਵਾਂਗ ਵਧਣ ਲੱਗਾ। ਇਸ ਵੇਲੇ ਭਾਨਾ ਚਾਲੀ ਘੁਮਾਂ ਜ਼ਮੀਨ ਦਾ ਮਾਲਿਕ ਹੈ, ਸਬਜ਼ੀ ਬੀਜਦਾ ਹੈ। ਮਹਾਰਾਜ ਦੇ ਹੁਕਮ ਨਾਲ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਸੁਲਤਾਨ ਦੀਆਂ ਹੋਲ੍ਹਾਂ ਚੱਬਕੇ ਚਾਰੇ ਕੂਟਾਂ ਵਿਚ ਨਿਵਣਗੀਆਂ ਦਾ ਵਰ ਦਿੱਤਾ ਸੀ। ਇਸੀ ਤਰਾਂ ਨਾਭ ਕੰਵਲ ਮਹਾਰਾਜ ਜੀ ਨੇ ਭਾਨੇ ਨੂੰ ਢਾਈ ਘੁਮਾਂ ਤੋਂ ਚਾਲੀ ਘੁਮਾਂ ਦਾ ਵਰ ਦਿੱਤਾ ਛੱਲੀਆਂ ਚਬ ਕੇ। ਭਾਨੇ ਨੂੰ ਤਾਰ ਕੇ ਮਹਾਰਾਜ ਜੀ ਪਿੰਡ ਗੋਸਲੀਂ ਪਿੰਡੋਂ ਪੱਛੋਂ ਵੱਲ੍ਹ ਦੇ ਪਾਸੇ ਇਕ ਪਿੱਪਲ ਦੇ ਹੇਠ ਆਣ ਬੈਠੇ, ਦਿਨ ਦੇ ਚਾਰ ਕੁ ਵਜੇ ਦਾ ਸਮੇਂ ਸੀ। ਇਕ ਬੰਦੇ ਨੂੰ ਹੁਕਮ ਕੀਤਾ, ਕਿ ਮੁਨੰਸ਼ਾ ਸਿਘ ਨੂੰ ਬੁਲਾ ਕੇ ਲਿਆ। ਮੁਨਸ਼ਾ ਸਿਘ ਹੱਥ ਰੇਬੀ ਪੱਲੀ ਲੈ ਕੇ ਪੱਠੇ ਵੱਢਣ ਵਾਸਤੇ ਜਾ ਰਿਹਾ ਸੀ, ਮਹਾਰਾਜ ਦਾ ਸੁਨੇਹਾ

ਸੁਣਕੇ ਰਾਹ ਵਿਚੋਂ ਹੀ ਮੁੜ ਆਇਆ। ਆ ਕੇ ਹਜ਼ੂਰ ਦੇ ਚਰਨਾਂ 'ਤੇ ਨਮਸਕਾਰ ਕੀਤੀ। ਮਹਾਰਾਜ ਸਮਾਧੀ ਵਿਚ ਜੁੜੇ ਸਨ, ਮੁਨਸ਼ਾ ਸਿਘ ਨੇ ਮਹਾਰਾਜ ਜੀ ਨੂੰ ਅਵਾਜ਼ ਦਿੱਤੀ ਤਾਂ ਮਹਾਰਾਜ ਦੀ ਸਮਾਧੀ ਖੁੱਲ੍ਹੀ, ਹੁਕਮ ਹੋਇਆ, "ਮੁਨਸ਼ਾ ਆ ਗਿਆ ਤੂੰ?" ਮੁਨਸ਼ਾ ਸਿਘ "ਹਾਂ ਜੀ, ਆ ਗਿਆ ਹਾਂ, ਕੀ ਹੁਕਮ ਹੈ ਦਾਸ ਨੂੰ?" "ਮੁਨਸ਼ਾ ਸਿਘ ਅੱਜ ਕੋਈ ਜਗ੍ਹਾ ਭਾਲਣੀ ਹੈ। ਅੱਜ ਤੇਰੇ ਪਿੰਡ ਵਿਚ ਕਲਪ ਬ੍ਰਿਛ ਦਾ ਬਾਗ ਲਾ ਦਈਏ ਲੋਕੀਂ ਮਨ ਵਾਂਛਤ ਫਲ ਖਾਇਆ ਕਰਨਗੇ, ਮਾਝੇ ਮਾਲਵੇ ਨੂੰ ਤੇ ਅੱਗੇ ਹੀ ਭਾਗ ਲੱਗੇ ਹੋਏ ਹਨ, ਦੁਆਬੇ ਨੂੰ ਵੀ ਚਾਰ ਚੰਨ ਲਾ ਹੀ ਦੇਈਏ। ਮੁਨਸ਼ਾ! ਇਹ ਜੋ ਪ੍ਰਿਥਵੀ ਤੁਮ ਦੇਖ ਰਹੇ ਹੋ ਇਹ ਸਭ ਰਚਨਾ ਕਰਤਾਰ ਦੀ ਰਚੀ ਹੋਈ ਹੈ, ਇਹ ਸਭ ਧਰਤੀ ਉਪਜਾਊ ਹੈ। ਇਥੇ ਜਿਸ ਕਿਸੇ ਚੀਜ ਦਾ ਬੀਜ ਬੀਜਿਆ ਜਾਵੇ ਉਸ ਕਿਸਮ ਦੇ ਫਲ ਲਗਦੇ ਹਨ। ਜਿਥੇ ਧਰਤੀ 'ਤੇ ਜ਼ਹਿਰ ਵਾਲੀ ਚੀਜ ਡੋਲ੍ਹ ਦਿੱਤੀ ਜਾਵੇ ਉਹ ਮਿੱਟੀ ਜ਼ਹਿਰ ਵਾਲੀ ਮਿੱਟੀ ਹੋ ਜਾਂਦੀ ਹੈ। ਉਸ ਮਿੱਟੀ ਨੂੰ ਕੀੜੀਆਂ ਆਦਿ ਚੂਸ ਲੈਣ ਤਾਂ ਮਰ ਜਾਂਦੀਆਂ ਹਨ, ਜਿਸ ਜਗ੍ਹਾ ਜ਼ਿਆਦਾ ਪਾਪ ਹੋ ਜਾਣ, ਉਸ ਜਗ੍ਹਾ ਦਾ ਸੁਭਾਉ ਤਾਮਸੀ ਹੋ ਜਾਂਦਾ ਹੈ। ਜਿਸ ਜਗ੍ਹਾ ਖੁਸ਼ਬੂਦਾਰ ਚੀਜ਼ਾਂ ਘਿਓ ਅੰਮ੍ਰਿਤ ਆਦਿਕ ਦਾ ਅਸਰ ਹੋਵੇਗਾ ਉੱਥੇ ਮਨ ਸੀਤਲ ਹੋ ਜਾਂਦਾ ਹੈ, ਜਿਥੇ ਮਹਾਂਪੁਰਖ਼ ਬੈਠ ਕੇ ਤਪੱਸਿਆ ਕਰਦੇ ਹੋਣ ਉਹ ਪ੍ਰਿਥਵੀ ਪਵਿੱਤਰ ਹੋ ਜਾਂਦੀ ਹੈ। ਉਹ ਭੂਮੀ ਵਰਾਂ ਦੀ ਦਾਤੀ ਹੋ ਜਾਂਦੀ ਹੈ। ਜਿਸ ਦੇ ਨਿਕਟ ਵਾਲੇ ਬ੍ਰਿਛ ਵੀ ਚੰਦਨ ਬਣ ਜਾਂਦੇ ਹਨ ਐਸੇ ਹੀ ਸਤ ਪੁਰਸ਼ਾਂ ਦੀ ਸੇਵਾ ਕਰਨ ਨਾਲ ਪਾਪੀ ਵੀ ਤਰ ਜਾਂਦੇ ਹਨ। ਜਿਥੇ ਘਿਓ ਡੁਲ੍ਹ ਜਾਵੇ ਉਥੋਂ ਕੀੜੀਆਂ ਆਦਿਕ ਉਧਰ ਭਰ ਲੈਂਦੀਆਂ ਹਨ, ਇਵੇਂ ਹੀ ਮਹਾਂਪੁਰਸ਼ਾਂ ਦੀ ਸੇਵਾ ਕਰਕੇ ਜੀਵ ਉਧਰ ਜਾਂਦੇ ਹਨ, ਅਮਰ ਹੋ ਜਾਂਦੇ ਹਨ, ਜਿਵੇਂ ਕੋਰੇ ਕਾਗਜ਼ ਉਤੇ ਬਾਦਸ਼ਾਹ ਦੀ ਮੋਹਰ ਲੱਗ ਜਾਂਦੀ ਹੈ, ਉਹ ਇਕ ਦਮੜੀ ਦਾ ਕਾਗਜ਼ ਹਜ਼ਾਰਾਂ ਦਾ ਹੀ ਬਣ ਜਾਂਦਾ ਹੈ। ਇਵੇਂ ਜਿਸ ਜਗ੍ਹਾ ਤੇ ਗੁਰੂ ਪੀਰ ਅਵਤਾਰ ਦਰਗਾਹੀ ਮੋਹਰ ਲਾ ਦੇਣ ਉਹੋ ਹੀ ਤੀਰਥ ਬਣ ਜਾਂਦਾ ਹੈ। ਪਿੰਡ ਗੋਸਲੀਂ ਵੀ ਅੱਜ ਕੋਈ ਤੀਰਥ ਬਣਾ ਦੇਈਏ। ਪਵਿੱਤਰ ਭੂਮੀ ਰੱਬੀ ਲੋਕਾਂ ਦੀ ਮਲਕੀਅਤ ਬਣ ਜਾਂਦੀ ਹੈ ਤੇ ਮਲਕੀਅਤ ਵੀ ਤੇਰੇ ਖੇਤ ਵਿਚ ਹੈ। ਅੱਜ ਅਸੀਂ ਆਪਣੀ ਮਲਕੀਅਤ ਲੱਭਣੀ ਹੈ।" ਮੁਨਸ਼ਾ ਸਿਘ ਨੂੰ ਨਾਲ ਤੋਰ

ਲਿਆ। ਮੁਨਸ਼ਾ ਸਿੰਘ ਦੇ ਚਾਰ ਚੁਫ਼ੇਰੇ ਹੀ ਖੇਤ ਸਨ, ਛੱਬੀ ਘੁਮਾਂ ਦਾ ਮਾਲਿਕ ਸੀ। ਪਿੰਡ ਚਕ ਕਰਾਲਾਂ ਵੱਲ੍ਹ ਦੇਖਦੇ ਜਦੋਂ ਪਿੰਡ ਬਤੂੱਲੀ ਵੱਲ੍ਹ ਦੇ ਪਾਸੇ ਗਏ ਤਾਂ ਮੁਸਲਮਾਨ ਮਹਾਰਾਜ ਜੀ ਦੇ ਦਰਸ਼ਨ ਵਾਸਤੇ ਨੱਠੇ ਆਵਣ। ਦੋ ਤਿੰਨ ਮੁਸਲਮਾਨ ਮੁਨਸ਼ਾ ਸਿੰਘ ਦੇ ਬਹੁਤ ਮਿੱਤਰ ਸਨ ਰਾਮਾ, ਨਬੂ, ਰਹਿਮਾਂ। ਮਹਾਰਾਜ ਉਧਰੋਂ ਖੇਤ ਦੇਖ ਕੇ ਅੱਗੇ ਚਲ ਪਏ। ਮੁਸਲਮਾਨ ਪਿੱਛੇ ਮੁੜ ਗਏ। ਮਹਾਰਾਜ ਨੇ ਮੁਨਸ਼ਾ ਸਿੰਘ ਨੂੰ ਆਖਿਆ "ਇਨ੍ਹਾਂ ਮੁਸਲਮਾਨਾਂ ਨਾਲ ਜ਼ਿਆਦਾ ਪ੍ਰੇਮ ਨਾ ਕਰਿਆ ਕਰ ਇਨ੍ਹਾਂ ਨੇ ਐਧਰ ਰਹਿਣਾ ਨਹੀਂ ਇਨ੍ਹਾਂ ਵਾਸਤੇ ਤੋ ਹਮਨੇ ਲੀਕ ਵਾਹ ਦਿੱਤੀ ਹੈ, ਇਹ ਜੁਦਾ ਕਰ ਦਿੱਤੇ ਹਨ।" ਇਹ ਗੱਲ 1907 ਵਿਚ ਕਹੀ। ਮੁਨਸ਼ਾ ਸਿੰਘ ਕਹਿੰਦਾ ਉਸ ਵੇਲੇ ਤਾਂ ਮੈਨੂੰ ਪਤਾ ਨਹੀਂ ਲੱਗਾ ਕੀ ਰਮਜ਼ ਹੈ ਸੰਨ 1947 ਵਿਚ ਜਦੋਂ ਘਟਨਾ ਵਾਪਰੀ ਤਾਂ ਫਿਰ ਸਮਝ ਲੱਗੀ। ਖੇਤ ਦੇਖਦੇ-ਦੇਖਦੇ ਮਹਾਰਾਜ ਮੁਨਸ਼ਾ ਸਿੰਘ ਦੇ ਵਾੜੇ ਆ ਖੜ੍ਹੇ ਹੋਏ। ਮੁਨਸ਼ਾ ਸਿੰਘ ਨੂੰ ਪ੍ਰਸ਼ਾਦ ਛਕਣ ਦਾ ਹੁਕਮ ਦਿੱਤਾ। ਆਪ ਮੰਜੀ ਤੇ ਵਾੜੇ 'ਚ ਬੈਠ ਗਏ। ਕਾਫ਼ੀ ਸੰਗਤ ਦਰਸ਼ਨ ਵਾਸਤੇ ਪਿੰਡੋਂ ਆਉਣ ਲੱਗੀ। ਮੁਨਸ਼ਾ ਸਿੰਘ ਪਹਿਲਾਂ ਪਾਤਸ਼ਾਹ ਵਾਸਤੇ ਦੁੱਧ ਲਿਆਇਆ। ਫਿਰ ਪਿੱਛੋਂ ਪ੍ਰਸ਼ਾਦਾ ਛਕਾਇਆ। ਮੰਗਲ ਰਾਮ ਪ੍ਰਸ਼ਾਦਾ ਤਿਆਰ ਕਰਕੇ ਲੈ ਆਇਆ ਤੇ ਸੇਵਾਦਾਰ ਪ੍ਰਸ਼ਾਦਾ ਛਕ ਕੇ ਨੌਂ ਵਜੇ ਰਾਤ ਦੇ ਵਾੜੇ ਵਿਚ ਇਕੱਠੇ ਹੋ ਗਏ। 11 ਕੱਤਕ, ਦਿਨ ਬੁੱਧਵਾਰ ਸੰਨ 1907 ਪੂੰਨਿਆਂ ਦੀ ਰਾਤ ਚੰਦ ਟਹਿ ਟਹਿ ਕਰ ਰਿਹਾ ਸੀ। ਪਹਾੜ ਦੀ ਬਾਰਿਸ਼ ਵਾਂਗ ਰੌਸ਼ਨੀ ਦੀਆਂ ਕਿਰਨਾਂ ਮਾਤ ਲੋਕ ਵੱਲ੍ਹ ਇਸ ਤਰਾਂ ਪੈ ਰਹੀਆਂ ਸਨ ਜਿਵੇਂ ਪਾਣੀ ਦੇ ਤਲ ਉੱਪਰ ਫਰਸ਼ ਵਿਛਿਆ ਹੋਵੇ। ਗਿਆਰਾਂ ਵਜੇ ਮੰਜੇ ਤੋਂ ਉੱਠ ਕੇ ਪੂਰਬ ਵੱਲ੍ਹ ਨੂੰ ਚੱਲ ਪਏ ਤੇ ਪਿੱਛੇ ਸਾਰੀ ਸੰਗਤ ਚਲ ਪਈ ਜਿੱਥੇ ਹੁਣ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ। ਸਾਡੀ ਮਲਕੀਅਤ ਇਥੇ ਹੈ, ਰਾਮ ਚੰਦਰ ਜੀ ਵੀ ਬੈਠਕੇ ਤਪੱਸਿਆ ਕਰਦੇ ਰਹੇ ਹਨ। ਇਸ ਜਗ੍ਹਾ ਨੂੰ ਮੁਨਸ਼ਾ ਛੱਡਦੇ।" ਇਹ ਸਤਾਰਾਂ ਕਨਾਲਾਂ ਖੇਤ ਮੁਨਸ਼ਾ ਸਿੰਘ ਦਾ ਸੀ ਤੇ ਮਹਾਰਾਜ ਦੇ ਨਾਂ ਲਵਾ ਦਿੱਤਾ ਗਿਆ। ਉਸੇ ਹੀ ਦਿਨ ਇਸ ਜਗ੍ਹਾ ਤੇ ਮਹਾਰਾਜ ਜੀ ਵਾਸਤੇ ਥੜ੍ਹਾ ਬਣਾ ਦਿੱਤਾ ਗਿਆ। ਇਕ ਕਮਰਾ ਚਾਰ ਖਣ ਦਾ ਮਹਾਰਾਜ ਜੀ ਨੂੰ ਬਣਾ ਦਿੱਤਾ। ਇਸ ਦਰਬਾਰ ਤੋਂ ਚੜ੍ਹਦੇ ਪਾਸੇ ਇਕ ਛੋਟੀ ਜਿਹੀ ਕੁਟੀਆ ਬਣਵਾਈ

ਤੇ ਉਸ ਵਿਚ ਆਪ ਰਹਿਣ ਲੱਗੇ। ਮੰਗਲ ਰਾਮ ਤੇ ਮੁਨਸ਼ਾ ਸਿੰਘ ਆਪ ਜੀ ਦੇ ਅਨਿਨ ਸੇਵਕ ਸਨ, ਇਕ ਦਿਨ ਮੁਨਸ਼ਾ ਸਿੰਘ ਮਹਾਰਾਜ ਵਾਸਤੇ ਪ੍ਰਸ਼ਾਦਾ ਲੈ ਕੇ ਗਿਆ ਤਾਂ ਅੱਗੇ ਇਕ ਕਹਿਰ ਦਾ ਸ਼ੇਰ ਬੈਠਾ ਦੇਖਿਆ। ਮੁਨਸ਼ਾ ਸਿੰਘ ਦਾ ਸਰੀਰ ਸੁੰਨ ਹੋ ਗਿਆ, ਖ਼ੂਨ ਜੰਮ ਗਿਆ। ਪੈਰਾਂ ਦੀ ਮਿੱਟੀ ਨਿਕਲ ਗਈ, ਡਰ ਕੇ ਪਿੱਛੇ ਮੁੜਨ ਲੱਗਾ। ਜਦੋਂ ਪਿੱਠ ਮੁੜੀ ਪਿੱਛੋਂ ਅਵਾਜ਼ ਆਈ, "ਮੁਨਸ਼ਾ! ਡਰੀਦਾ ਨਹੀਂ ਹੈ ਸ਼ੇਰ ਚੀਤਿਆਂ ਵਿਚ ਵੀ ਹਮਾਰਾ ਹੀ ਨੂਰ ਹੈ।" ਜਦੋਂ ਪਿੱਛਾ ਮੁੜਕੇ ਦੇਖਿਆ ਤਾਂ ਪਾਤਸ਼ਾਹ ਆਪ ਬੈਠੇ ਅਸਲੀ ਰੂਪ ਵਿਚ ਦਰਸ਼ਨ ਦੇ ਕੇ ਨਿਹਾਲ ਕੀਤਾ,

ਜਲ ਥਲ ਮੂਰਖ ਤੇ ਚਤਰ ਮੇ ਏਕ ਰਸ, ਪਸੂਆਂ ਪਖੇਰੂਆਂ ਮੇ ਤਿਸਦਾ ਹੀ ਨੂਰ ਹੈ।

ਮੁਨਸ਼ਾ ਸਿੰਘ ਹਾਲੇ ਵੀ ਕੰਬ ਰਿਹਾ ਸੀ। ਇਕ ਵਾਰੀ ਮੀਹਾਂ ਸਿੰਘ ਨੂੰ ਵੀ ਇੰਝ ਹੀ ਸ਼ੇਰ ਦੇ ਰੂਪ ਵਿਚ ਦਰਸ਼ਨ ਦਿੱਤੇ ਸਨ। ਕਮਾਦੀਆਂ ਦੇ ਖੇਤਾਂ ਵਿਚਾਲੇ ਬਾਝ ਵਿਚ ਬੈਠੇ ਸਨ, ਮੀਹਾਂ ਸਿੰਘ ਡਰਕੇ ਨੱਠਣ ਲੱਗਾ ਸੀ ਕਿ ਭਿਆਨਕ ਰੂਪ ਧਾਰਨ ਕਰਕੇ ਸਿੱਖਾਂ ਸੇਵਕਾਂ ਨੂੰ ਪਰਖ ਲੈਂਦੇ ਸਨ, ਮੰਗਲ ਦਾਸ ਸਤਿਗੁਰੂ ਦੀ ਬਹੁਤ ਸੇਵਾ ਕਰਦਾ ਸੀ, ਉਸਦਾ ਸਪੁੱਤਰ ਵੀ ਉਸੇ ਚਾਲ ਤੇ ਤੁਰਿਆ ਹੋਇਆ ਹੈ। ਸ਼ਿਮਲੇ ਵਿਚ ਰਹਿੰਦਾ ਹੈ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਦਸਵਾਂ ਦਸਵੰਧ ਕੱਢਕੇ ਗੁਰਦੁਆਰੇ ਵਿਚ ਲਾਉਂਦਾ ਹੈ। ਇਕ ਨਵੀਂ ਖੂਹੀ ਲਗਵਾਈ, ਇਕ ਹਲਟੀ ਵੀ ਲਗਵਾਈ। ਸਤਾਰਾਂ ਕਨਾਲਾਂ ਦੇ ਦੁਆਲੇ ਚਾਰ ਦੀਵਾਰੀ ਕਰਵਾਈ ਤੇ ਸਾਲ ਦੇ ਸਾਲ ਆ ਕੇ ਸੇਵਾ ਹੱਸਕੇ ਕਰ ਜਾਂਦਾ ਹੈ। ਇਸ ਗੁਰਦੁਆਰੇ ਨੂੰ ਮਹਾਰਾਜ ਜੀ ਨੇ ਬਹੁਤ ਵੱਡਾ ਬਣਨ ਦਾ ਹੁਕਮ ਕੀਤਾ ਹੋਇਆ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਗੋਸਲਾਂ ਤੋਂ ਰਹਿਪੇ ਜਾਣ ਦੀ ਚੱਲੀ

ਮਹਾਰਾਜ ਨਾਭ ਕੰਵਲ ਜੀ ਪਿੰਡ ਗੋਸਲਾਂ ਤੋਂ ਗੁਰਦੁਆਰਾ ਮੰਜੀ ਸਾਹਿਬ ਬਣਾਕੇ ਰਹਿਪੇ ਬਾਬੇ ਸਰਮੁਖ ਸਿੰਘ ਕੋਲ ਆ ਗਏ। ਇਥੇ ਜਦੋਂ ਦੋ ਮਹੀਨੇ ਰਹਿੰਦਿਆਂ ਨੂੰ ਹੋਏ ਇਕ ਦਿਨ ਪਿੰਡ ਦੇ ਦਰਮਿਆਨ ਵਿਚ ਬਾਬੇ

ਬੁਲਣਸ਼ਾਹ ਦੀ ਜਗ੍ਹਾ ਵਿਚ ਬੈਠ ਗਏ। ਮੀਹਾਂ ਸਿਘ ਤਰਖਾਣ ਨੂੰ ਪਹਿਰੇ ਵਿਚ ਖੜ੍ਹਾ ਰਹਿਣ ਦਾ ਹੁਕਮ ਕੀਤਾ। ਮੀਹਾਂ ਸਿਘ ਨੇ ਦੱਸਿਆ ਉਸ ਰਾਤ ਮਹਾਰਾਜ ਜੀ ਗੁਪਤ ਰੂਹਾਂ ਨਾਲ ਬਹੁਤ ਗੱਲਾਂ ਕਰੀ ਜਾ ਰਹੇ ਸਨ, ਕਈ ਮੁਲਕਾਂ ਤੇ ਰਾਜਧਾਨੀਆਂ ਦੀਆਂ ਮਿਸਲਾਂ ਬਣਾਉਂਦੇ ਰਹੇ। ਕਈ ਤਰਾਂ ਦੀਆਂ ਗੁੱਝੀਆਂ ਗਜ਼ਾਂ ਮਾਰ ਰਹੇ ਸਨ ਅਤੇ ਕਹਿ ਰਹੇ ਸਨ ਪਾਕਿਸਤਾਨ, ਹਿੰਦੋਸਤਾਨ ਜੁਦਾ-ਜੁਦਾ ਬਣਾ ਦੇਈਏ, ਜਰਮਨ ਦੀਆਂ ਤੇ ਬਰਤਾਨੀਆਂ ਦੀ ਜੰਗ ਦੀਆਂ ਗੱਲਾਂ ਦੇ ਬਚਨ ਲਿਖਵਾਏ ਤੇ ਕੀਤੇ। ਇਸੇ ਤਰਾਂ ਵੱਡਿਆਂ-ਵੱਡਿਆਂ ਵਿਅਕਤੀਆਂ ਨਾਲ ਸਾਰੀ-ਸਾਰੀ ਰਾਤ ਬਚਨ ਕਰਦਿਆਂ ਗੁਜ਼ਾਰ ਛੱਡੀ। ਦਿਨ ਚੜ੍ਹਿਆ ਸੰਗਤ ਦਰਸ਼ਨ ਨੂੰ ਆਉਣ ਲੱਗੀ ਕਾਫ਼ੀ ਇਕੱਠ ਹੋ ਗਿਆ। ਸੰਗਤ ਨੂੰ ਉਪਦੇਸ਼ ਕਰਦਿਆਂ ਹੋਇਆ ਆਖਿਆ ਨਾਮ ਜਪਣਾ, ਧਰਮ ਦੀ ਕਿਰਤ ਕਰਨੀ, ਵੰਡਕੇ ਛਕਣਾ, ਆਏ ਅਤਿਥੀ ਦੀ ਸੇਵਾ ਕਰਨੀ ਆਦਿਕ ਉਪਦੇਸ਼ ਦੇ ਕੇ ਸੰਗਤ ਨੂੰ ਚਲੇ ਜਾਣ ਦਾ ਹੁਕਮ ਕੀਤਾ। ਇੰਨੇ ਚਿਰ ਨੂੰ ਮੂਸਾਪੁਰੀਏ ਸੁੰਦਰ ਸਿਘ ਦਾ ਭਤੀਜਾ ਹਰਨਾਮ ਸਿਘ ਆਇਆ ਤੇ ਨਮਸਕਾਰ ਕੀਤੀ। ਗਲ ਪੱਲਾ ਪਾ ਕੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਆਪ ਜੀ ਨੂੰ ਬਸੰਤ ਸਿਘ ਨੇ ਯਾਦ ਕੀਤਾ ਹੈ।" ਸੁੰਦਰ ਸਿਘ ਵਾਲੀ ਚਿੱਠੀ ਮਹਾਰਾਜ ਮੋਹਰੇ ਰੱਖ ਦਿੱਤੀ। ਚਿੱਠੀ ਵਿਚ ਇਹ ਕੁੱਝ ਲਿਖਿਆ ਹੋਇਆ ਸੀ, "ਹੇ ਮੇਰੇ ਸਤਿਗੁਰੂ! ਪਰੀ ਪੂਰਨ। ਸਰਬ ਥਾਂ ਹਾਜ਼ਰਾ ਹਜ਼ੂਰ!! ਮਿਹਰਾਂ ਦੇ ਦਾਤੇ! ਆਪਕਾ ਨਾਚੀਜ਼, ਆਜਿਜ਼, ਨਿਤਾਣਾ ਸ਼ਿਸ਼ ਆਪ ਜੀ ਦਾ ਰਾਹ ਦੇਖ ਰਿਹਾ ਹੈ। ਅਸਾਂ ਨਾਭੇ ਵਿਚ ਨਵੇਂ ਮਕਾਨ ਬਣਾਏ ਹਨ, ਮਕਾਨਾਂ ਦੀ ਚੱਠ ਕਰਨੀ ਹੈ ਤੇ ਸਧਾਰਣ ਪਾਠ ਕੀਤਾ ਰੱਖਿਆ ਹੋਇਆ ਹੈ। ਆਪ ਇਸ ਗ੍ਰਹਿ ਨੂੰ ਚਰਨ ਪਾ ਕੇ ਪਵਿੱਤਰ ਕਰੋ, ਆਪ ਜੀ ਦੇ ਆਇਆਂ ਤੇ ਭੋਗ ਪੈਣਾ ਹੈ। ਜਿਵੇਂ ਰਾਮ ਚੰਦਰ ਜੀ ਨੇ ਭੀਲਣੀ ਦੇ ਸੁੱਕੇ ਬੇਰ ਖਾ ਕੇ ਮਤੰਗ ਰਿਸ਼ੀ ਦੀ ਕੁਟੀਆ ਨੂੰ ਪਵਿੱਤਰ ਕੀਤਾ, ਕ੍ਰਿਸ਼ਨ ਭਗਵਾਨ ਜੀ ਨੇ ਬਿਦਰ ਦੀ ਝੁੱਗੀ ਨੂੰ ਪਵਿੱਤਰ ਕੀਤਾ, ਗੁਰੂ ਨਾਨਕ ਦੇਵ ਜੀ ਨੇ ਐਮਨਾਬਾਦ ਵਿਚ ਭਾਈ ਲਾਲੋ ਨੂੰ ਮਾਣ ਦਿੱਤਾ, ਰਾਜਾ ਜਨਕ ਜੀ ਨੇ ਛਿਆਨਵੇਂ ਕਰੋੜ ਵੀਹ ਲੱਖ ਜੀਵਾਂ ਦੀ ਬੰਦ ਖਲਾਸੀ ਕੀਤੀ ਸੀ। ਐਸੇ ਹੀ ਮੇਰਾ ਪਾਪੀ ਦਾ ਬੇੜਾ ਪਾਰ ਕਰੋ, ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ।" ਮਹਾਰਾਜ ਜੀ ਦਾ ਪ੍ਰੋਗਰਾਮ ਤਾਂ

ਪਹਿਲਾਂ ਹੀ ਬਣਿਆ ਹੋਇਆ ਸੀ, ਸੁੰਦਰ ਸਿੰਘ ਦੇ ਮਕਾਨ ਦੀ ਚੱਠ ਦਾ ਤਾਂ ਐਵੇਂ ਇਕ ਬਹਾਨਾ ਸੀ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਮਿਲਣਾ ਤੇ ਆਪ ਹੁੰਦਾ ਸੀ, ਬਹਾਨਾ ਮਰਦਾਨੇ ਦੀ ਭੁੱਖ ਦਾ ਰੱਖਿਆ ਹੋਇਆ ਸੀ। ਬਾਬਾ ਜਵਾਹਰ ਸਿੰਘ ਜੀ ਪਹਿਲਾਂ ਹੀ ਹੁਕਮ ਕਰ ਚੁੱਕੇ ਸਨ ਕਿ ਜਿਹੜੀ ਅਮਾਨਤ ਆਪ ਦੀ ਮੇਰੇ ਪਾਸ ਸੀ, ਮੈਂ ਦੇ ਦਿੱਤੀ ਹੈ ਤੇਰੀ ਮਿਸਲ ਨਾਭੇ ਪਟਿਆਲੇ ਨਿਕਲਦੀ ਹੈ, ਜਿਹੜੀ ਅਮਾਨਤ ਤੇਰੀ ਪਟਿਆਲੇ ਦਾਸ ਜੀ ਕੋਲ ਹੈ, ਸਮੇਂ ਸਿਰ ਜਾ ਕੇ ਲੈ ਲੈਣੀ ਉਸ ਵਿਚ ਬਹੁਤ ਬਰਕਤਾਂ ਹਨ। ਦੱਸਦੇ ਹਨ ਇਸ ਲਈ ਕਿ ਬਾਬੇ ਬੂਲਣ ਸ਼ਾਹ ਜੀ ਆਪ ਜੀ ਨੂੰ ਬਹੁਤ ਪਟਿਆਲੇ ਜਾਣ ਲਈ ਪ੍ਰੇਰਨਾ ਕਰਦੇ ਸਨ। ਮਹਾਰਾਜ ਜੀ ਨੇ ਪਟਿਆਲੇ ਜਾਣ ਦੀ ਤਿਆਰੀ ਕਰ ਲਈ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਪਟਿਆਲੇ ਸਾਹਬ ਦਾਸ ਜੀ ਦੇ ਮਿਲਾਪ ਦੀ ਚੱਲੀ

ਸੰਨ 1907 ਵਿਚ ਪੰਦਰਾਂ ਨਵੰਬਰ ਨੂੰ ਮਹਾਰਾਜ ਜੀ ਰਹਿਪੇ ਤੋਂ ਨਾਭੇ ਚਲੇ ਗਏ, ਮੁੰਦਰ ਸਿੰਘ ਦਰਸ਼ਨ ਕਰਕੇ ਬਹੁਤ ਹੀ ਪ੍ਰਸੰਨ ਹੋਏ। ਗਣੇਸ਼ਾ ਘੁਮਾਰ ਮੂਸਾਪੁਰ ਦਾ ਆਪ ਜੀ ਦੇ ਨਾਲ ਗਿਆ ਹੋਇਆ ਸੀ। ਮੁੰਦਰ ਸਿੰਘ ਤਾਂ ਮਹਾਰਾਜ ਜੀ ਦੇ ਦਰਸ਼ਨ ਕਰਕੇ ਬਿਦਰ ਭਗਤ ਵਾਂਗ ਬੇਸੁਧ ਹੋਇਆ ਫਿਰਦਾ ਸੀ। ਮਹਾਰਾਜ ਜੀ ਦੇ ਹੁਕਮ ਨਾਲ ਭੋਗ ਦੇ ਦਿਨ ਮਿੱਥੇ, ਹੋਰ ਵੀ ਇਲਾਕੇ ਦੇ ਸਾਧੂ ਮਹਾਤਮਾ ਬੁਲਾਏ ਗਏ। ਸਭ ਨੂੰ ਯਥਾ ਯੋਗ ਬਸਤਰ ਆਦਿਕ ਅਰਪਣ ਕੀਤੇ, ਮਹਾਰਾਜ ਜੀ ਨੂੰ ਸੁੱਚੀ ਪਸ਼ਮੀਨੇ ਦੀ ਚਾਦਰ ਤੇ ਅਲਫੀ ਭੇਟ ਕੀਤੀ। ਭੋਗ ਤੋਂ ਬਾਅਦ ਮਹਾਰਾਜ ਜੀ ਛੇ ਮਹੀਨੇ ਨਾਭੇ ਹੀ ਰਹੇ। ਭਾਈ ਮੁੰਦਰ ਸਿੰਘ ਜੀ ਆਪ ਨਾਲ ਸੇਵਾ ਵਾਸਤੇ ਹਰਦਮ ਰਹਿੰਦੇ ਸਨ। ਜ਼ਿਆਦਾ ਮਹਾਰਾਜ ਜੀ ਬੀੜ ਵਿਚ ਹੀ ਰਹਿੰਦੇ ਸਨ। ਛੇ ਮਹੀਨੇ ਨਾਭੇ ਠਹਿਰ ਕੇ ਪਟਿਆਲੇ ਗੁਰਦਿਤ ਸਿੰਘ ਧਾਨ ਧਾਨਾ ਵਾਲੇ ਭਗਤ ਦੇ ਘਰ ਚਲੇ ਗਏ, ਮੁੰਦਰ ਸਿੰਘ ਤੋ ਗਣੇਸ਼ਾ ਨਾਲ ਹੀ ਸਨ। ਦੋ ਮਹੀਨੇ ਪਟਿਆਲੇ ਜਦੋਂ ਰਹਿੰਦਿਆਂ ਨੂੰ ਹੋ ਗਏ ਤਾਂ ਇਕ ਦਿਨ ਮਹਾਰਾਜ ਜੀ ਨੇ ਚਾਰ ਵਜੇ ਤੜਕੇ ਭਾਈ ਮੁੰਦਰ ਸਿੰਘ ਨੂੰ ਅਵਾਜ਼

ਦਿੱਤੀ। ਮਹਾਰਾਜ ਜੀ ਨੇ ਆਖਿਆ, "ਮੁੰਦਰ! ਅੱਜ ਕਰਤਾਰ ਵਲੋਂ ਹੁਕਮ ਹੋਰ ਦਾ ਹੋਰ ਹੀ ਹੋ ਗਿਆ ਹੈ, ਦਰਗਾਹੀ ਅਵਾਜ਼ਾਂ ਪੈ ਰਹੀਆਂ ਹਨ। ਅਕਾਸ਼ਬਾਣੀ ਹੋ ਰਹੀ ਹੈ, ਅਮਾਨਤ ਦੀ ਬਿਲਟੀ ਹੋ ਚੁੱਕੀ ਹੈ, ਅਮਾਨਤ ਵਾਲਾ ਆਪਣੀ ਅਮਾਨਤ ਸਾਂਭ ਲਵੇ। ਨਿਰੰਕਾਰ ਵਲੋਂ ਛਪੇ ਆਰਡਰ ਦੀ ਪਾਲਣਾ ਕਰੋ, ਰਚੀ ਹੋਈ ਸ੍ਰਿਸ਼ਟੀ ਦਾ ਉਧਾਰ ਕਰੋ, ਜੀਵਾਂ ਨੂੰ ਸਿੱਧੇ ਰਾਹੀ ਲਾਵੋ, ਧਰਮ ਦਾ ਉਪਦੇਸ਼ ਕਰੋ। ਮੁੰਦਰ ਖ਼ੁਦਾ ਦੀ ਦਰਗਾਹ ਵਲੋਂ ਛਪਕੇ ਆਰਡਰ ਜਾਰੀ ਹੋ ਚੁੱਕੇ ਹਨ, ਨਾਲ ਮਹਾਰਾਜ ਜੀ ਨੇ ਇਕ ਸਵੈਯਾ ਉਚਾਰਨ ਕੀਤਾ।

ਹੈਂ ਸਭ ਭੇਸ ਹੀ ਸੰਤਨ ਕੇ ਜਬ ਪਾਇ ਬ੍ਰਹਮ ਗਿਆਂਨ ਬਹੇ॥
ਚਾਹੇ ਕੇਸ ਸਵਾਰ ਬਲੇ ਦਸਤਾਰ ਉਤਾਰ ਚਾਹੇ ਬੀਆਬਾਂਨ ਰਹੇ॥
ਚਾਹੇ ਚੜ ਤੁਰੰਗ ਉਮੰਗ ਕਰੇ ਚਾਹੇ ਬਸਤ੍ ਰੰਗ ਗਿਆਂਨ ਗਹੇ॥
ਚਾਹੇ ਮੌਨ ਕੋ ਧਾਰ ਗੁਜਾਰ ਕਰੇ ਦੰਮ ਦਾਸ ਭਗਵਾਨ ਬਿਗਿਆਨ ਲਹੇ॥

ਇਹ ਸਵੈਯਾ ਗਾਕੇ, ਇਸ਼ਨਾਨ ਕਰਕੇ ਚੁੱਪ-ਚਾਪ ਉੱਠਕੇ ਮੋਤੀ ਬਾਗ ਵਿਚ ਚਲੇ ਗਏ। ਮੋਤੀ ਬਾਗ ਦੀਆਂ ਰੌਣਕਾਂ, ਕਈ ਪ੍ਰਕਾਰ ਦੀਆਂ ਫੁਲਵਾੜੀਆਂ, ਨੰਦਨ ਬਾਗ ਨੂੰ ਵੀ ਮਾਤ ਪਾ ਰਹੀਆਂ ਸਨ। ਇਸ ਰਮਣੀਕ ਬਾਗ ਦੇ ਵਿਚ ਛੋਟਾ ਜਿਹਾ ਤਾਲਾਬ ਹੈ, ਇਸ ਤਾਲਾਬ ਦੇ ਵਿਚ ਇਕ ਕੋਠੀ ਬਣੀ ਹੋਈ ਹੈ। ਇਸ ਕੋਠੀ ਦੇ ਅੰਦਰ ਇਕ ਮਹਾਂਬਲੀ ਤੱਤ ਸਰੂਪ ਅਵਤਾਰ ਇਕ ਹਸਤੀ ਬਹੁਤ ਭਾਰੀ ਸੰਤ ਕਰਤਾਰ ਦਾ ਹੀ ਰੂਪ ਮਸਤ ਬਿਰਤੀ ਵਿਚ ਬੈਠੇ ਹਨ। ਇਹੋ ਜਿਹੇ ਮਹਾਂਬਲੀ ਦੀ ਧਾਰਨਾ ਬੱਝੀ ਹੋਈ ਸੀ। ਇਸ ਚਾਰ ਦੀਵਾਰੀ ਅੰਦਰ ਕੋਈ ਜੋੜਾ ਲਿਜਾ ਨਹੀਂ ਸਕਦਾ ਸੀ, ਨਾ ਜਨਾਨੀ ਨੂੰ ਅੰਦਰ ਜਾਣ ਦਾ ਹੁਕਮ ਸੀ। ਬਾਹਰੋਂ ਹੀ ਨਮਸਕਾਰ ਕਰਕੇ ਮੁੜ ਜਾਣ ਦਾ ਹੁਕਮ ਸੀ। ਸੇਵਾਦਾਰ ਹਰ ਵਕਤ ਪਹਿਰੇ ਤੇ ਖੜ੍ਹੇ ਰਹਿੰਦੇ ਸਨ, ਮਹਾਰਾਜ ਜੀ ਸੂਰਜ ਦੀ ਟਿੱਕੀ ਨਿਕਲਣ ਦੇ ਨਾਲ ਸਾਹਿਬ ਦਾਸ ਜੀ ਦੇ ਦਰਬਾਰ ਵਿਚ ਚਲੇ ਗਏ। ਗਣੇਸ਼ਾ ਘੁਮਾਰ ਮੂਸਾਪੁਰੀਆ ਨਾਲ ਸੀ। ਮਹਾਰਾਜ ਜੀ ਦੇ ਪੈਰੀਂ ਸੁੱਚੇ ਤਿੱਲੇ ਨਾਲ ਕੱਢਿਆ ਜੋੜਾ ਪਹਿਨਿਆਂ ਹੋਇਆ ਸੀ। ਗਲ ਸੁੱਚੇ ਪਸ਼ਮੀਨੇ ਦੀ ਅਲਫੀ ਪਹਿਨੀ ਹੋਈ ਸੀ। ਉੱਪਰ ਸੁੱਚੀ ਚਾਦਰ ਦੀ ਬੁੱਕਲ ਮਾਰੀ ਹੋਈ ਸੀ। ਹੱਥ

ਵਿਚ ਗੰਡੇ ਦੀ ਸੋਟੀ ਫੜੀ ਸੀ ਸੁਨਹਿਰੀ ਬਾਂਵਰੀਆਂ ਸੂਰਜ ਦੀਆਂ ਚੜ੍ਹਦੀਆਂ ਕਿਰਨਾਂ ਨੂੰ ਮਾਤ ਪਾਉਂਦੀਆਂ ਸਨ। ਚਿੱਟਾ ਧੁੱਪ ਵਰਗਾ ਰੰਗ ਸੀ। ਆਪ ਜੀ ਦਾ ਸੋਹਣੇ ਮੁੱਖੜੇ ਤੇ ਨੂਰ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ। ਉਸ ਵੇਲੇ ਆਪ ਜੀ ਦੇ ਚਿਹਰੇ ਦੀ ਝਲਕ ਲਿਖਣ ਤੋਂ ਪਰ੍ਹੇ ਸੀ। ਬੰਦੇ ਦੀ ਕੀ ਮਜਾਲ ਸੀ ਕਿ ਚਿਹਰੇ ਦੀ ਤਾਬ ਝੱਲ ਸਕੇ, ਨੈਣਾਂ ਦੀ ਅਨੋਖੀ ਝਲਕ ਪੈ ਰਹੀ ਸੀ। ਚੌਦਵੀ ਦੇ ਚੰਦ ਵਾਂਗ ਸੰਸਾਰ ਨੂੰ ਸੀਤਲਤਾ ਭਰੀਆਂ ਰਿਸ਼ਮਾਂ ਬਖਸ਼ ਰਹੀ ਸੀ। ਜਗਿਆਸੂ ਪ੍ਰੇਮੀ ਸੱਚੇ ਆਸ਼ਿਕਾਂ ਦੇ ਬੇੜੇ ਪਾਰ ਕਰ ਰਹੀ ਸੀ ਜਦੋਂ ਮਹਾਰਾਜ ਜੀ ਆਪਣੀ ਅਮਾਨਤ ਲੈਣ ਵਾਸਤੇ ਮਸਤ ਸਾਹਿਬ ਦਾਸ ਜੀ ਦੇ ਬੂਹੇ 'ਤੇ ਗਏ ਤਾਂ ਖੜ੍ਹੇ ਸੇਵਾਦਾਰ ਨੇ ਅੰਦਰ ਜਾਣ ਤੋਂ ਰੋਕ ਦਿੱਤਾ ਕਹਿੰਦੇ, "ਜੋੜਾ ਲਾਹ ਕੇ ਜਾਉ।" ਮਸਤ ਬੋਲੇ, "ਜਿੱਦਾਂ ਵੀ ਆਉਂਦਾ ਆਉਣ ਦਿਓ। ਪਾਤਸ਼ਾਹ ਹੈ ਇਹਦਾ ਤਾਂ ਇਕ ਦੇਗਾ ਚੜ੍ਹਦਾ ਹੈ ਤੇ ਇਕ ਲਹਿੰਦਾ ਹੈ। ਇਹ ਤਾਂ ਬਾਬਾ ਬਲੀ ਹੈ ਉਏ ਆਉਣ ਦਿਓ, ਉਇ ਆਉਣ ਦਿਓ।" ਐਸੇ ਤਿੰਨ ਵਾਰ ਆਖਿਆ "ਇਹ ਤਾਂ ਸਾਡੇ ਕੋਲੋਂ ਵਸੂਲੀ ਕਰਨ ਵਾਸਤੇ ਆਇਆ ਹੈ ਜੋਰਾਂਵਰਾਂ ਦੀ ਚੀਜ ਸੰਭਾਲਣੀ ਬੜੀ ਮੁਸ਼ਕਿਲ ਹੈ ਅਸੀਂ ਵੀ ਅੱਜ ਸੁਰਖ਼ਰੂ ਹੋਵਾਂਗੇ।" ਐਸੇ ਹੁਕਮ ਜਿਵੇਂ ਮਸਤ ਜੀ ਅੱਗੋਂ ਆਖਦੇ ਸਨ। ਮਹਾਰਾਜ ਅੱਗੇ ਅੰਦਰ ਚਲੇ ਗਏ। ਮਹਾਰਾਜ ਜੀ ਨੇ ਮਸਤਾਂ ਕੋਲ ਜਾ ਕੇ ਨਮਸਕਾਰ ਕੀਤੀ। ਹੱਥ ਫੜੇ ਫਿਰ ਆਸਣ ਤੇ ਬੈਠ ਗਏ ਕੁੱਝ ਦੇਰ ਆਪਸ ਵਿਚ ਗੁਫਤਗੂ ਕੀਤੀ। ਉਸ ਵੇਲੇ ਕੋਲ ਕੋਈ ਨਹੀਂ ਸੀ ਸਭ ਪਿੱਛੇ ਦੂਰੋਂ ਹੀ ਖੜ੍ਹੇ ਮੁਲਾਕਾਤ ਦਾ ਨਜ਼ਾਰਾ ਦੇਖ ਰਹੇ ਸਨ। ਕੁੱਝ ਸਮੇਂ ਤੋਂ ਬਾਅਦ ਮਸਤਾਂ ਨੇ ਉੱਠਕੇ ਇਕ ਲੀਕ ਵਾਹੀ ਤੇ ਆਖਿਆ ਇਹ ਮੇਰੀ ਕੱਢੀ ਕਾਰ ਨੂੰ ਟੱਪ ਸਕੇਂਗਾ?" ਮਹਾਰਾਜ ਟੱਪ ਗਏ, ਫਿਰ ਦੂਜੀ ਕੱਢੀ ਮਹਾਰਾਜ ਉਹ ਵੀ ਟੱਪ ਗਏ, ਫਿਰ ਮਸਤ ਜੀ ਬੈਠ ਗਏ, ਕੁੱਝ ਮਿੰਟ ਬੈਠਕੇ ਤੀਜੀ ਲਕੀਰ ਫਿਰ ਕੱਢੀ "ਆਹ ਟੱਪਕੇ ਦੱਸ" ਮਹਾਰਾਜ ਜੀ ਉਹ ਵੀ ਸਹਿਜ ਹੀ ਟੱਪ ਗਏ। ਸਾਹਿਬ ਦਾਸ ਜੀ ਬਹੁਤ ਹੀ ਪ੍ਰਸੰਨ ਹੋਏ ਉੱਠਕੇ ਜੱਫੀ ਵਿਚ ਮਹਾਰਾਜ ਜੀ ਨੂੰ ਲਿਆ, ਹੱਥ ਫੜਿਆ, ਬਾਹਰ ਚਲੇ ਗਏ। ਇਸੇ ਤਰਾਂ ਤਿੰਨ ਦਿਨ ਮਹਾਰਾਜ ਜੀ ਮਸਤਾਂ ਕੋਲ ਆਉਂਦੇ ਰਹੇ। ਤੀਸਰੇ ਦਿਨ ਪਤਾ ਨਹੀਂ ਕੀ ਰੰਗ ਦਿੱਤਾ, ਫੁੱਲਾਂ ਜਿਹੇ ਸੋਹਣੇ ਸਰੀਰ ਨੂੰ ਮਸਤਾਂ ਨੇ ਸੀਨੇ ਨਾਲ ਲਾਇਆ ਨੇਤਰੋਂ ਨਾਲ ਨੇਤਰ ਮਿਲਾਏ, ਨਾਲ ਜਿਹੋ ਜਿਹਾ ਰੂਪ ਆਪਣਾ ਸੀ ਉਸੇ ਤਰਾਂ ਦਾ ਮਹਾਰਾਜ ਨਾਭ ਕੰਵਲ ਨੂੰ ਬਣਾ ਦਿੱਤਾ,

ਇਕ ਛਿਨ ਵਿਚ ਹੀ ਦਾਨਿਆਂ ਤੋਂ ਮਸਤਾਨੇ ਬਣਾ ਦਿੱਤਾ। ਮਸਤ ਆਪ ਵੀ ਅਲਫ਼ ਨੰਗੇ ਸਨ ਤੇ ਮਹਾਰਾਜ ਜੀ ਵੀ ਅਲਫ਼ ਨੰਗੇ ਅਵਧੂਤ ਬਣ ਗਏ। ਕਿੱਧਰੇ ਸੁੱਚੀ ਅਲਫ਼ੀ, ਕਿੱਧਰੇ ਪਸ਼ਮੀਨੇ ਦੀ ਚਾਦਰ, ਕਿੱਧਰੇ ਜੋੜਾ, ਕਿੱਧਰੇ ਸੋਟੀ ਸਭ ਲਾਹ ਮਾਰੀਆਂ। ਇਸ ਰੰਗ਼ ਵਿਚ ਹੋ ਕੇ ਵਾਇਸਰਾਏ ਦੀ ਕੋਠੀ ਮੋਤੀ ਬਾਗ ਨੜਿਆਂ ਵਿਚ ਜਾ ਪਏ। ਮੰਜੇ ਬਿਸਤਰੇ ਸਭ ਛੱਡਕੇ ਕਈ ਦਿਨ ਨੜਿਆਂ ਵਿਚ ਹੀ ਪਏ ਰਹੇ। ਕੁੱਝ ਦਿਨਾਂ ਬਾਅਦ ਮੁੰਦਰ ਸਿਘ ਜੀ ਨਾਭੇ ਤੋਂ ਦਰਸ਼ਨ ਵਾਸਤੇ ਆ ਕੇ ਸੁੰਦਰ ਸਿਘ ਤੋਂ ਪਤਾ ਕੀਤਾ। ਸੁੰਦਰ ਸਿਘ ਨੇ ਸਾਰਾ ਹਾਲ ਕਹਿ ਸੁਣਾਇਆ, ਮਹਾਰਾਜ ਜੀ ਮਸਤ ਬਿਰਤੀ ਵਿਚ ਹੋ ਕੇ ਕੋਠੀ ਵਿਚ ਪਏ ਹਨ, ਨਾ ਕੁੱਝ ਛਕਦੇ ਹਨ ਤੇ ਨਾ ਕੁੱਝ ਪੀਂਦੇ ਹਨ ਤੇ ਨਾ ਕੋਲ ਕਿਸੇ ਨੂੰ ਖੜ੍ਹਨ ਦਿੰਦੇ ਹਨ। ਮੁੰਦਰ ਸਿਘ ਸੁਣਦੇ ਸਾਰ ਹੀ ਕੋਠੀ ਵੱਲ੍ਹ ਨੱਠ ਪਿਆ। ਜਾ ਕੇ ਸੋਹਣੇ ਪ੍ਰੀਤਮ ਜੀ ਦੇ ਦਰਸ਼ਨ ਕੀਤੇ। ਇਸ ਹਾਲਤ ਵਿਚ ਮਹਾਰਾਜ ਪਾਤਸ਼ਾਹ ਨੂੰ ਪਿਆ ਦੇਖਕੇ ਇਕ ਵਾਰੀ ਤਾਂ ਸਿਰ ਚੱਕਰ ਖਾ ਗਿਆ, ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਮੁੰਦਰ ਸਿਘ ਹੈਰਾਨ ਸੀ। ਗੱਲ ਕੀ ਹੋਈ ਮਹਾਰਾਜ ਤਾਂ ਕਦੇ ਮਿੱਟੀ ਦੀ ਰੋੜੀ ਵੀ ਨਹੀਂ ਸੀ ਲੱਗਣ ਦਿੰਦੇ, ਅੱਜ ਮਿੱਟੀ ਨਾਲ ਭਰਪੂਰ ਹੋਏ ਪਏ ਹਨ। ਮਹਾਰਾਜ ਜੀ ਨੇ ਮੁੰਦਰ ਸਿਘ ਨੂੰ ਫਿਕਰਾਂ ਦੀ ਨਦੀ ਵਿਚ ਰੁੜ੍ਹੇ ਪਏ ਹੋਏ ਦੇਖਕੇ ਹੁਕਮ ਕੀਤਾ, "ਮੁੰਦਰ ਨੱਠ ਚੱਲ ਮੋਤੀ ਬਾਗ ਵਿਚ ਜਾ ਕੇ ਸਾਧੂ ਦੇ ਦਰਸ਼ਨ ਕਰ ਲੈ" ਮੁੰਦਰ ਸਿਘ ਚਰਨ ਫੜਕੇ ਬੈਠ ਗਿਆ। ਆਖਣ ਲੱਗਾ "ਮੈਂ ਨਹੀਂ ਕਿਸੇ ਨੂੰ ਜਾਣਦਾ, ਮੈਨੂੰ ਤਾਂ ਤੁਸੀਂ ਹੀ ਖੁਦਾ ਦਾ ਰੂਪ ਹੋ।" ਦੂਜੀ ਵਾਰੀ ਫਿਰ ਹੁਕਮ ਹੋਇਆ, "ਮੁੰਦਰ ਸਿਘ ਜਾ ਦਰਸ਼ਨ ਕਰ, ਨਾਨਕ ਦੇ ਭੁਲ ਦਾ ਸਾਧੂ ਹੈ, ਜਾਂਦਾ ਹੋਇਆ ਭੰਗ ਲੈ ਲਵੀਂ।" ਫਿਰ ਮੁੰਦਰ ਸਿਘ ਨੇ ਕੋਈ ਬਦਲ ਨਹੀਂ ਕੀਤੀ। ਹੁਕਮ ਪਾ ਕੇ ਮਸਤਾਂ ਦੇ ਦਰਸ਼ਨਾਂ ਨੂੰ ਤੁਰ ਪਿਆ। ਕੋਰੇ ਲੱਠੇ ਦੀ ਚਾਦਰ ਲੈ ਕੇ ਇਕ ਰੁਪਏ ਦੀ ਭੰਗ ਲਈ, ਕਾਫ਼ੀ ਭੰਗ ਦੀ ਪੰਡ ਬੱਝ ਗਈ, ਭੰਗ ਲੈ ਕੇ ਜਾ ਮਸਤਾਂ ਦੇ ਪੇਸ਼ ਹੋਇਆ, ਮਸਤ ਬਹੁਤ ਹੀ ਖੁਸ਼ ਹੋਏ। "ਬੱਲਾ! ਬੱਲਾ! ਆਖ ਕੇ ਥਾਪੀ ਦਿੱਤੀ। ਮਹਾਰਾਜ ਜੀ ਮੁੰਦਰ ਸਿਘ ਨੂੰ ਮਸਤਾਂ ਵੱਲ੍ਹ ਤੋਰ ਕੇ ਆਪ ਸਰਹੰਦ ਵੱਲ੍ਹ ਦੇ ਲਟੇ ਨੂੰ ਜਾ ਨਿਕਲੇ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਸੰਤ ਵੀਰਮ ਦਾਸ ਵਧੌਂਸੀ ਵਾਲੇ ਨਾਲ ਹੋਈ

ਸੰਨ 1908 ਵਿਚ ਜੇਠ ਹਾੜ੍ਹ ਦੇ ਦਿਨਾਂ ਵਿਚ ਸੰਤ ਵੀਰਮ ਦਾਸ ਦੇ ਡੇਰੇ ਆ ਠਹਿਰੇ। ਇਕ ਮਹੀਨਾ ਇਸੇ ਹੀ ਇਲਾਕੇ ਵਿਚ ਵਿਚਰਦੇ ਰਹੇ। ਕੁੱਝ ਦਿਨ ਕੁਰਕਸ਼ੇਤਰ ਵਿਚ ਵੀ ਰਹੇ। ਇਨ੍ਹਾਂ ਹੀ ਦਿਨਾਂ ਵਿਚ ਵੀਰਮ ਦਾਸ ਚੰਗੀ ਯੋਗ ਬੱਲ ਦੀ ਪਹੁੰਚ ਰੱਖਦਾ ਸੀ। ਲੋਕੀ ਕਾਫ਼ੀ ਮੰਨਦੇ ਸਨ। ਇਕ ਦੋ ਚੇਲੇ ਵੀ ਇਸਦੇ ਚੰਗੀ ਬਰਕਤ ਵਾਲੇ ਸਨ। ਇਕ ਦਿਨ ਆਪਣੇ ਚੇਲੇ ਨਾਲ ਸਲਾਹ ਬਨਾਉਣ ਲੱਗਾ ਇਹ ਜੋ ਫ਼ਕੀਰ ਮਸਤ ਰੂਪ ਵਿਚ ਹੈ, ਇਹ ਬਹੁਤ ਕਰਾਮਾਤੀ ਹੈ, ਜਿਸ ਤਰਾਂ ਰਾਮ ਚੰਦਰ ਜੀ ਨੇ ਪਰਸ ਰਾਮ ਦੇ ਚਰਨ ਛੋਹਕੇ ਕਰਾਮਾਤ ਖਿੱਚ ਲ਼ਈ ਸੀ ਆਪਾਂ ਵੀ ਕਿਸੇ ਦਿਨ ਭੁਲੇਖਾ ਦੇ ਕੇ ਚੋਰੀ ਇਨ੍ਹਾਂ ਦੇ ਚਰਨ ਛੋਹ ਕੇ ਕਰਾਮਾਤ ਖਿੱਚੀਏ। ਉਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਪ੍ਰਸ਼ਾਦਾ ਵੀ ਹੱਥ 'ਤੇ ਰੱਖਕੇ ਹੀ ਛੱਕਦੇ ਸਨ। ਪਾਣੀ ਵੀ ਉਂਜਲ ਨਾਲ ਹੀ ਪੀ ਲੈਂਦੇ ਸੀ, ਧਰਤੀ ਤੇ ਸੱਥਰ 'ਤੇ ਹੀ ਲਿਟਦੇ ਸਨ।

ਰੇਤ ਅਕ ਆਹਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤਪਸਯਾ ਬਡੇ ਭਾਗ ਹਰਿ ਸਿਉ ਬਦਿ ਆਈ॥
ਵਾਰਾਂ ਭਾਈ ਗੁਰਦਾਸ ਜੀ

ਇਕ ਦਿਨ ਮਹਾਰਾਜ ਜੀ ਛੇ ਸੱਤ ਦਿਨ ਤੋਂ ਬਾਅਦ ਵੀਰਮਦਾਸ ਦੇ ਡੇਰੇ ਆਏ, ਜਲ ਛਕਣ ਲੱਗੇ, ਵੀਰਮ ਦਾਸ ਨੇ ਆਪਣੇ ਇਕ ਚੇਲੇ ਨੂੰ ਆਖਿਆ ਕਿ ਤੂੰ ਇਨ੍ਹਾਂ ਦੇ ਹੱਥਾਂ ਤੇ ਪਾਣੀ ਪਾ ਮੈਂ ਚਰਨ ਛੋਹ ਕੇ ਇਨ੍ਹਾਂ ਦੀ ਕਰਾਮਾਤ ਖਿੱਚ ਲਵਾਂਗਾ। ਇਸ ਖ਼ਿਆਲ ਨਾਲ ਸੰਤ ਵੀਰਮਦਾਸ ਪਾਤਸ਼ਾਹ ਦੇ ਕੋਲ ਖਲੋ ਗਿਆ ਜਿਵੇਂ ਕਿ ਵਾਰਿਸ ਸ਼ਾਹ ਨੇ ਲਿਖਿਆ ਹੈ।

ਝਟ ਚੋਰ ਤੇ ਚੁਗਲ ਦੀ ਜੀਭ ਵਾਂਗੂੰ, ਗੁੱਝੇ ਰਹਿਣ ਨਾ ਦੀਦੜੇ ਯਾਰ ਦੇ ਜੀ।
ਚੋਰ ਯਾਰ ਤੇ ਠੱਗ ਨਾ ਰਹਿਣ ਗੁੱਝੇ, ਛੁਪੇ ਰਹਿਣ ਨਾ ਆਦਮੀ ਕਾਰ ਦੇ ਜੀ।

ਮਹਾਰਾਜ ਜੀ ਵੀਰਮਦਾਸ ਦੀ ਕੁਟਲਤਾ ਨੂੰ ਅੰਤਰਯਾਤਮਾ ਨਾਲ ਦੇਖਕੇ ਪਾਣੀ ਪੀਣ ਤੋਂ ਪਿੱਛੇ ਹੱਟ ਗਏ, ਵੀਰਮ ਦਾਸ ਨੂੰ ਆਖਿਆ, "ਸੁਣਾਓ ਸਾਧਾ!

ਚੋਰੀ ਕਰਨਾ ਕੀ ਧਰਮ ਹੈ? ਕਿਸੇ ਦਾ ਹੱਕ ਖਾਣਾ ਕੀ ਵਡਿਆਈ ਹੈ? ਮਿਹਨਤ ਕਰੋ, ਮਿਹਨਤ ਕਰਨ ਨਾਲ ਖ਼ੁਦ ਮਾਲਦਾਰ ਬਣ ਜਾਵੋਗੇ।" ਜਦੋਂ ਮਹਾਰਾਜ ਜੀ ਨੇ ਵੀਰਮਦਾਸ ਦੇ ਮਨ ਦੀ ਕੁਟਲਤਾ ਦੱਸੀ, ਵੀਰਮਦਾਸ ਦਾ ਰੰਗ ਪੀਲਾ ਹੋ ਗਿਆ, ਸ਼ਰਮਿੰਦਾ ਹੋ ਗਿਆ, ਬਹੁਤ ਡਰਿਆ, ਸਰੀਰ ਸੁੰਨ ਹੋ ਗਿਆ, ਚਿਹਰਾ ਪੀਲਾ ਪੈ ਗਿਆ, ਖ਼ੂਨ ਜੰਮ ਗਿਆ, ਬੋਲਣ ਦੀ ਸਮਰੱਥਾ ਨਾ ਰਹੀ ਜਿਵੇਂ ਸੰਨ੍ਹ ਤੇ ਚੋਰ ਪਕੜਿਆ ਜਾਵੇ, ਸ਼ਰਮ ਨਾਲ਼ ਮਰ ਜਾਂਦਾ ਹੈ। ਮਹਾਰਾਜ ਦੇ ਦਸਤੂਰ ਦੇਖਕੇ ਬਹੁਤ ਡਰਦਾ ਸੀ ਕਿਉਂਕਿ ਜੋ ਕੁੱਝ ਵੀ ਹਜ਼ੂਰ ਦੇ ਮੂੰਹ ਤੋਂ ਨਿਕਲ ਜਾਂਦਾ ਸੀ ਉਹ ਪੂਰਾ ਹੋ ਜਾਂਦਾ ਸੀ। ਵੀਰਮ ਦਾਸ ਨੂੰ ਡਰ ਪੈ ਗਿਆ ਕਿਤੇ ਸਰਾਪ ਨਾ ਦੇ ਦੇਣ। ਮਹਾਰਾਜ ਜੀ ਦੇ ਚਰਨ ਫੜਕੇ ਰੋਣ ਲੱਗਾ। ਜਾਂਦੇ-ਜਾਂਦੇ ਨਦਰੋ-ਨਦਰੀ ਨਿਹਾਲ ਕਰ ਗਏ। ਐਸੇ ਸ਼ਾਂਤੀ ਦੇ ਸੋਮੇ ਸਨ। ਸਾਰੀ ਜ਼ਿੰਦਗੀ ਵਿਚ ਕਿਸੇ ਨੂੰ ਸਰਾਪ ਨਹੀਂ ਦਿੱਤਾ। ਬਹੁਤ ਸਾਰੇ ਪਾਪੀ ਜੀਵਾਂ ਨੂੰ ਤਾਰਿਆਂ, ਅਸਮਾਨ ਦੇ ਤਾਰੇ ਗਿਣੇ ਤੇ ਜਾ ਸਕਦੇ ਹਨ, ਜੀਵ ਨਹੀਂ ਗਿਣੇ ਜਾ ਸਕਦੇ ਹਨ, ਜਿਹੜੇ ਰਾਜਾ ਜੀ ਨੇ ਤਾਰੇ ਹਨ। ਇਸ ਇਲਾਕੇ ਤੋਂ ਮਹਾਰਾਜ ਜੀ ਬਾਰ ਦੇਸ਼ ਵਿਚ ਚਲੇ ਗਏ। ਨਨਕਾਣਾ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਜਾ ਦੇਖਿਆ, ਕੁੱਝ ਦਿਨ ਇਸੇ ਹੀ ਇਲਾਕੇ ਵਿਚ ਠਹਿਰੇ। ਇਕ ਦਿਨ ਟਹਿਲਦੇ ਟਹਿਲਦੇ ਇਕ ਜ਼ਿੰਮੀਂਦਾਰ ਦੇ ਖੂਹ 'ਤੇ ਜਾ ਬੈਠੇ। ਮਹਾਰਾਜ ਜੀ ਨੂੰ ਪ੍ਰਸ਼ਾਦਾ ਕਿਤੇ ਕੋਈ ਛਕਾ ਦੇਵੇ ਤਾਂ ਛਕ ਲੈਂਦੇ ਸਨ, ਨਹੀਂ ਤੇ ਨਾਮ ਦੇ ਹੀ ਆਧਾਰ ਤੇ ਰਹਿੰਦੇ ਸਨ, ਮਹਾਰਾਜ ਜਦੋਂ ਭਗਤ ਦੇ ਖੂਹ 'ਤੇ ਜਾ ਖੜ੍ਹੇ ਹੋਏ ਉਜਾਗਰ ਸਿੰਘ ਹਲ ਚਲਾ ਰਿਹਾ ਸੀ। ਉਜਾਗਰ ਸਿੰਘ, ਊਧਮ ਸਿੰਘ ਝਿਗੜਾਂ ਵਾਲੇ ਦਾ ਰਿਸ਼ਤੇਦਾਰ ਸੀ। ਊਧਮ ਸਿੰਘ ਨੇ ਹੀ ਇਹ ਸਾਖੀ ਸੁਣਾਈ ਸੀ। ਦਰਸ਼ਨ ਕਰਕੇ ਉਜਾਗਰ ਸਿੰਘ ਦੇ ਮਨ ਵਿਚ ਬਹੁਤ ਸ਼ਾਂਤੀ ਆਈ, ਮੁਖੜੇ ਦਾ ਜਲਾਲ ਦੇਖਦਿਆਂ ਸਾਰ ਹੀ ਦਿਲ ਨੂੰ ਯਕੀਨ ਹੋਇਆ ਕਿ ਅੱਜ ਮੇਰੇ ਖੂਹ ਤੇ ਭਗਵਾਨ ਹੀ ਆ ਗਿਆ ਹੈ। ਜਲਾਲ ਦਾ ਨਜਾਰਾ ਰੋਮ-ਰੋਮ ਵਿਚ ਚੰਦ ਦੀ ਚਾਂਨਣੀ ਵਾਂਗ ਛਾ ਗਿਆ। ਮਨ ਖੁਸ਼ੀ ਨਾਲ ਝਲਕਾਂ ਮਾਰਨ ਲੱਗਾ। ਮਹਾਰਾਜ ਜੀ ਵਾਸਤੇ ਮੰਜੀ ਡਾਹੀ। ਸਾਵਣ ਦੇ ਬੱਦਲਾਂ ਵਾਂਗ ਪਿਆਰ ਦੇ ਅੱਥਰੂ ਵਗਾਕੇ ਚਰਨਾਂ ਤੇ ਨਮਸਕਾਰ ਕਰਕੇ ਘਰ ਨੂੰ ਨੱਠ ਗਿਆ। "ਸ਼ੁੱਚਮ, ਪ੍ਰੇਮ ਨਾਲ ਪ੍ਰਸ਼ਾਦਾ ਬਣਾ ਕੇ ਲੈ ਚੱਲੀਏ, ਉਮੀਦ ਹੈ ਅੱਜ ਸਾਡੇ ਸੜੇ ਹੋਏ ਭਾਗ ਹਰੇ ਹੋ ਜਾਣਗੇ, ਅੱਜ ਸਾਡਾ ਸੁੱਕਾ ਬਾਗ ਹਰਾ

ਹੋ ਜਾਵੇਗਾ, ਅੱਜ ਸਾਡੀ ਅਰਜ ਖੁਦਾ ਦੇ ਘਰ ਸੁਣੀ ਗਈ ਹੋਵੇਗੀ। ਅੱਜ ਭੁੱਜਿਆਂ ਦਾਣਿਆਂ ਨੂੰ ਕਰੂੰਬਲਾਂ ਫੁੱਟ ਪੈਣੀਆਂ ਹਨ। ਅੱਜ ਭੋਲੀਏ! ਸਾਰੇ ਪਦਾਰਥਾਂ ਦੀਆਂ ਝੋਲੀਆਂ ਭਰਕੇ ਘਰ ਨੂੰ ਮੁੜਾਂਗੇ।" ਭਗਤ ਬਿਦਰ ਵਾਂਗਰ ਪ੍ਰੇਮ ਵਿਚ ਖੀਵੇ ਹੋ ਕੇ ਲੰਗਰ ਤਿਆਰ ਕੀਤਾ। ਭੋਜਨ ਬਣਾਕੇ ਦੋਨੋਂ ਭਗਤ, ਭਗਤਣੀ ਮਹਾਰਾਜ ਜੀ ਦੇ ਹਾਜ਼ਿਰ ਹੋਏ। ਅੱਗੇ ਮਹਾਰਾਜ ਜੀ ਸਮਾਧੀ ਵਿਚ ਜੁੜੇ ਹੋਏ ਸਨ। ਦੋਵੇਂ ਹੱਥਾਂ 'ਤੇ ਪ੍ਰਸ਼ਾਦਾ ਲਈ ਖੜ੍ਹੇ ਰਹੇ। ਪਿਆਰ ਤੇ ਪ੍ਰੇਮ ਸੁਖ ਤੇ ਸ਼ਾਂਤੀ ਦੇ ਪੁੰਜ ਬਣਕੇ ਖੜ੍ਹੇ ਰਹੇ। ਚਿਰਾਂ ਦੀ ਤੜਪ ਦੀ ਅੱਗ ਵਰਗੇ ਅੱਥਰੂ ਤਪਦੇ ਸੀਨਿਆਂ ਵਿਚੋਂ ਵਹਿ ਰਹੇ ਸਨ। ਵੈਰਾਗ ਨਾਲ ਸੀਨਾ ਸਾਫ਼ ਹੋ ਰਿਹਾ ਸੀ, ਦਿਲ ਫੁੱਲਾਂ ਵਰਗਾ ਹਲਕਾ ਹੋ ਰਿਹਾ ਸੀ। ਇੰਨੇ ਚਿਰ ਨੂੰ ਪ੍ਰੀਤਮ ਜੀ ਦੀ ਸਮਾਧੀ ਖੁੱਲ੍ਹੀ। ਸੱਧਰਾਂ ਭਰੀਆਂ ਅਰਦਾਸਾਂ ਲੈ ਕੇ, ਹੱਥ ਜੋੜ ਕੇ ਸੁਭਾਗੀ ਜੋੜੀ ਮੋਹਰੇ ਖੜ੍ਹੀ ਹੈ। ਮਹਾਰਾਜ ਜੀ ਪ੍ਰੇਮ ਦੇਖਕੇ ਬੜੇ ਖੁਸ਼ ਹੋਏ। ਪਰਸ਼ਾਦਾ ਛਕਿਆ, ਬਿਰਧ ਜੋੜੀ ਨੂੰ ਇਕ ਕੰਨਿਆਂ ਤੇ ਦੋ ਪੁੱਤਰਾਂ ਦਾ ਵਰ ਦਿੱਤਾ। ਨਾਮ ਜਪਣਾ, ਧਰਮ ਦੀ ਕਿਰਤ ਕਰਨੀ, ਵੰਡਕੇ ਛਕਣਾ ਤੇ ਆਏ ਸਾਧੂ ਦੀ ਸੇਵਾ ਕਰਨੀ। ਉਜਾਗਰ ਸਿੰਘ ਦੀ ਮਨੋ ਕਾਮਨਾ ਸੀ ਘਰ ਵਿਚ ਔਲਾਦ ਨਹੀਂ ਸੀ। ਕਾਫ਼ੀ ਦੇਰ ਤੋਂ ਸਾਧੂ ਸੰਤਾਂ ਦੀ ਸੇਵਾ ਕਰਦਾ ਸੀ,

ਵਿਣੁ ਬੋਲਿਆ ਸਭ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥

ਮਹਾਰਾਜ ਨਾਭ ਕੰਵਲ ਜੀ ਰਾਜਾ ਸਾਹਿਬ ਨੇ ਉਜਾਗਰ ਸਿੰਘ ਦੇ ਘਰ ਜਾ ਕੇ ਮਨ ਦੀ ਰੀਝ ਪੂਰੀ ਕੀਤੀ, ਪੁੱਤਰਾਂ ਦੀ ਬਖਸ਼ਿਸ਼ ਕਰਕੇ, ਨਾਮ ਦਾਨ ਦੇ ਕੇ ਨਿਹਾਲ ਕੀਤਾ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਬਾਰ ਦੇਸ਼ ਦੀ ਚੱਲੀ

ਸੰਨ 1908 ਨੂੰ ਬਾਰ ਦੇਸ਼ ਨਨਕਾਣੇ ਸਾਹਿਬ ਤੋਂ ਅੱਗੇ ਮੁਲਤਾਨ ਵਿਚ ਦੀ ਝਾਕੀ ਲੈਂਦੇ ਹੋਏ, ਪ੍ਰਹਿਲਾਦ ਦੇ ਅਸਥਾਨ ਤੇ ਸ਼ਮਸ ਤਬਰੇਜ਼ ਦੀ ਜਗ੍ਹਾ ਦੇਖਦੇ ਹੋਏ ਗੁਜਰਾਤ ਸ਼ਹਿਰ ਚਲੇ ਗਏ। ਗੁਜਰਾਤ ਵਿਚ ਸੰਤ ਨਰੈਣ ਦਾਸ ਜੀ

ਚੰਗੀ ਬਰਕਤ ਵਾਲੇ ਸਾਧੂ ਸਨ। ਇਥੇ ਦੋ ਮਹੀਨੇ ਕੁੱਝ ਦਿਨ ਮਹਾਰਾਜ ਜੀ ਠਹਿਰੇ। ਇਸ ਇਲਾਕੇ ਦੀ ਝਾਕੀ ਲੈਂਦੇ ਹੋਏ ਮੁੜ ਅੰਮ੍ਰਿਤਸਰ ਵਿਚ ਆਏ, ਅੰਮ੍ਰਿਤਸਰ ਚਾਰ ਮਹੀਨੇ ਦਸ ਦਿਨ ਠਹਿਰੇ। ਰਾਮਦਾਸ ਸਰਾਂ ਵੱਲ੍ਹ ਇਕ ਪੰਡਾਲ ਸੀ ਉਸ ਵਿਚ ਬੈਠੇ ਸਨ। ਕਾਫ਼ੀ ਸੰਗਤ ਆਪ ਜੀ ਦੇ ਦਰਸ਼ਨਾਂ ਦਾ ਰਸ ਮਾਣ ਰਹੀ ਸੀ। ਹਾਕਮ ਸਿੰਘ ਪਿੰਡ ਧਲੇਤੇ ਦਾ ਨੰਬਰਦਾਰ ਇਸ਼ਨਾਨ ਕਰਕੇ ਲੰਘਦਾ ਜਾ ਰਿਹਾ ਸੀ। ਕੋਲ ਬੈਠੇ ਇਕ ਸੇਵਾਦਾਰ ਨੂੰ ਹੁਕਮ ਕੀਤਾ, "ਜਾਓ ਉਸ ਜਾਂਦੇ ਰਾਹੀ ਨੂੰ ਮੋੜ ਕੇ ਲੈ ਆਉ।" ਸੇਵਾਦਾਰ ਨੇ ਹਾਕਮ ਸਿੰਘ ਨੂੰ ਮਹਾਰਾਜ ਦਾ ਹੁਕਮ ਕਹਿ ਸੁਣਾਇਆ। ਹਾਕਮ ਸਿੰਘ ਨੇ ਪਿਛਾਂਹ ਮੁੜਕੇ ਜਦੋਂ ਦੇਖਿਆ ਤਾਂ ਅੱਗੋਂ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਅਲਫ਼ ਅਵਧੂਤ ਮਸਤ ਰੂਪ ਵਿਚ ਬੈਠੇ ਸਨ। ਹਾਕਮ ਸਿੰਘ ਦਰਸ਼ਨ ਕਰਕੇ ਹੈਰਾਨ ਹੋਇਆ। ਆਖਣ ਲੱਗਾ, "ਇਹ ਕੀ ਖੇਡ ਰਚੀ ਹੋਈ ਹੈ? ਹੋਰ ਦਾ ਹੋਰ ਖੇਡ ਵਰਤਿਆ ਹੋਇਆ ਹੈ? ਮਹਾਰਾਜ ਜੀ "ਹੁਕਮ! ਸਮੇਂ-ਸਮੇਂ ਦੀ ਬਾਤ ਹੁੰਦੀ ਹੈ ਜੈਸਾ ਨਿਰੰਕਾਰ ਵਲੋਂ ਹੁਕਮ ਹੁੰਦਾ ਹੈ ਤੈਸੇ ਹੀ ਰੰਗ ਵਿਚ ਰਹਿਣਾ ਪੈਂਦਾ ਹੈ।" ਹਾਕਮ ਸਿੰਘ ਨੂੰ ਅੱਗੇ ਜਾਣ ਦਾ ਹੁਕਮ ਕੀਤਾ। ਆਪ ਕੁੱਝ ਦੇਰ ਅੰਮ੍ਰਿਤਸਰ ਵਿਚ ਠਹਿਰ ਕੇ ਇਕ ਸਾਲ ਦਸ ਮਹੀਨੇ ਬਾਰ ਦੇਸ਼ ਵੱਲ੍ਹ ਮਾਝੇ ਦੀਆ ਸੰਗਤਾਂ ਨੂੰ ਤਾਰਕੇ ਸੰਨ 1909 ਵਿਚ ਫਿਰ ਦੁਆਬੇ ਪਿੰਡ ਰਾਜਪੁਰ ਸਮਰਾੜੀ ਦੇ ਦਰਮਿਆਨ ਵਿਚ ਭਾਈ ਸੇਵਾ ਸਿੰਘ ਦੇ ਟੋਭੇ ਦੇ ਕੰਢੇ ਜਾ ਬੈਠੇ। ਤਿੰਨ ਦਿਨ ਤਿੰਨ ਰਾਤਾਂ ਠਹਿਰਕੇ ਪਿੰਡ ਰਹਿਪੇ ਆ ਗਏ। ਪਿੰਡੋਂ ਲਹਿੰਦੇ ਵੱਲ੍ਹ ਝਾਰੀ ਵਾਲੇ ਖੂਹ ਦੇ ਨਾਲ ਹਰੀ ਸਿੰਘ ਦੇ ਵਾੜੇ ਮੋਹਰੇ ਇਕ ਰੋੜਾਂ ਦਾ ਢੇਰ ਪਿਆ ਸੀ, ਢੇਰੀ ਨਾਲ ਢੋਅ ਲਾ ਕੇ ਬੈਠ ਗਏ। ਅੱਜ ਦੋ ਸਾਲਾਂ ਪਿੱਛੋਂ ਸੋਹਣੇ ਪ੍ਰੀਤਮ ਜੀ ਦੇ ਦਰਸ਼ਨ ਹੋਏ। ਰਹਿਪਾ ਨਿਵਾਸੀ ਸੰਗਤ ਮਹਾਰਾਜ ਦੇ ਆਉਣ ਦੀ ਖ਼ਬਰ ਸੁਣ ਕੇ ਇਉਂ ਦਰਸ਼ਨਾਂ ਵਾਸਤੇ ਬਿਹਬਲ ਹੋ ਕੇ ਉੱਠ ਭੱਜੀ ਜਿਵੇਂ ਕਾਹਨ ਦੀ ਬੰਸਰੀ ਦੀ ਧੁੰਨ ਸੁਣਕੇ ਬ੍ਰਿਜ ਦੀਆਂ ਗੋਪੀਆਂ, ਗੋਪ ਬਿਦ੍ਰਾਬਨ ਨੂੰ ਘਰਾਂ ਦੇ ਕੰਮ ਕਾਜ ਛੱਡਕੇ ਦੌੜ ਪੈਂਦੀਆਂ ਸਨ। ਇਸੇ ਤਰਾਂ ਹੀ ਰਹਿਪੇ ਦੇ ਨਰ-ਨਾਰੀ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ ਜਿਵੇਂ ਪਪੀਹਾ ਸੁਆਂਤੀ ਬੂੰਦ ਨੂੰ ਪਾ ਕੇ ਤ੍ਰਿਪਤ ਹੋ ਜਾਦਾ ਹੈ, ਚਿਰਾਂ ਦੀ ਪਿਆਸ ਤਪਦੇ ਸੀਨੇ ਦੀ ਤੜਪ ਬੁਝਾਕੇ ਸੱਚੇ ਪ੍ਰੇਮੀ ਉਸੇ ਸੋਹਣੇ ਮਾਹੀ ਦੇ

ਦਰਸ਼ਨਾਂ ਦਾ ਰਸ ਮਾਣ ਰਹੇ ਸਨ। ਉਸ ਨੂਰੀ, ਠੰਡੀ, ਸੀਤਲਤਾ ਭਰੀ ਅੰਮ੍ਰਿਤ ਵਰਗੀ ਝਲਕ ਦੇ ਨਜ਼ਾਰੇ ਲੈ ਰਹੇ ਸਨ। ਮਹਾਰਾਜ ਦੇ ਪੈਰੀਂ ਨਾ ਜੋੜਾ ਸੀ ਨਾ ਕੋਈ ਬਸਤਰ ਪਹਿਨਿਆ ਸੀ? ਅਲਫ਼ ਅਵਧੂਤ ਨਿਰੰਕਾਰ ਨਾਲ ਲਿਵ ਲੀਨ ਹੋ ਕੇ ਜੁੜੇ ਬੈਠੇ ਸਨ। ਸੰਗਤ ਚਕੋਰ ਦੀ ਤਰਾਂ ਬੜੀ ਨੀਝ ਨਾਲ ਉਸ ਇਲਾਹੀ ਮੁਖੜੇ ਦੇ ਦਰਸ਼ਨ ਕਰ ਰਹੀ ਸੀ। ਇੰਨੇ ਚਿਰ ਨੂੰ ਇਕ ਸੰਤ ਅਮਰਦਾਸ ਪਿੰਡੋਂ ਪੂਰਬ ਵੱਲ੍ਹ ਦੇ ਪਾਸੇ ਰਹਿੰਦੇ ਸਨ, ਉਹ ਵੀ ਦਰਸ਼ਨ ਨੂੰ ਆਏ। ਦੂਰੋਂ ਹੀ ਦੇਖਕੇ ਮਨ ਵਿਚ ਮੁਸਕਰਾਏ ਕਿ ਰਾਜਾ ਸਾਹਿਬ ਜੀ ਨੇ ਸਰੀਰ ਦੀ ਸੁੱਧ ਬੁੱਧ ਨਹੀਂ ਰੱਖੀ। ਅਮਰਦਾਸ ਜੀ ਦੇ ਮਨ ਦੀ ਅਵਸਥਾ ਨੂੰ ਸਮਝਕੇ ਮਹਾਰਾਜ ਜੀ ਆਖਣ ਲੱਗੇ, "ਉਪਰੋਂ ਤਾਂ ਸਾਧਾ ਨਮਸਕਾਰ ਕਰਦਾ ਹੈਂ ਅੰਦਰੋਂ ਕੁੱਝ ਹੋਰ ਹੀ ਸਮਝਦਾ ਹੈਂ,

- *ਖੁਦ ਖੁਦਾ ਨੀਰ ਇਹ ਸਰੀਰ ਨਹੀਂ ਦੇਖ ਭੁਲ ਭਜਣੇ ਦੀ ਥਾਰ ਇਨ ਪਲੁ ਨਹੀਂ ਲਾਵਣਾ॥*
- *ਕਹਾ ਬਿਸਾਸਾ ਇਸ ਭਾਂਡੇ ਕਾ ਇਤਨਾ ਕੁ ਲਾਗੈ ਠਨਕਾ*

(ਪੰਨਾ-1253)

ਸੰਤ ਅਮਰਦਾਸ ਆਪਣੇ ਆਪ ਨੂੰ ਬਹੁਤ ਚਤੁਰ ਚੰਗਾ ਵਿਦਵਾਨ ਉਚੀ ਚਾਲੀ ਵਾਲਾ ਸਮਝਦਾ ਸੀ। ਮਹਾਰਾਜ ਜੀ ਸਭ ਦਿਲਾਂ ਦੀਆਂ ਜਾਨਣ ਹਾਰੇ ਭਾਵੇਂ ਕੋਈ ਕਿਤਨਾ ਵੀ ਆਲਮ ਹੋਵੇ, ਆਉਂਦੇ ਦੀ ਹੀ ਨਿਸ਼ਾ ਕਰ ਦਿੰਦੇ ਸਨ। ਅਮਰਦਾਸ ਜਵਾਬ ਸੁਣਕੇ ਸ਼ਰਮਿੰਦਾ ਹੋ ਗਿਆ। ਬਾਬਾ ਸਰਮੁਖ ਸਿੰਘ ਜੀ ਦੇ ਪੁੱਛਣ ਤੇ ਅਮਰਦਾਸ ਜੀ ਨੇ ਆਪਣੇ ਮਨ ਦੀ ਸਾਰੀ ਗੱਲ ਖੋਹਲ ਕੇ ਦੱਸੀ। ਸੁਰਮੁਖ ਸਿੰਘ, ਹਰੀ ਸਿੰਘ, ਮੀਹਾਂ ਸਿੰਘ, ਛੱਜੂ ਝੀਰ ਇਨ੍ਹਾਂ ਦੇ ਭਾਅ ਦਾ ਹਨ੍ਹੇਰ ਪਿਆ ਹੋਇਆ ਸੀ। ਮਹਾਰਾਜ ਦੇ ਆਉਣ ਤੇ ਇਨ੍ਹਾਂ ਦੇ ਭਾਅ ਦਾ ਤਾਂ ਚੰਦ ਚੜ੍ਹ ਗਿਆ। ਧਰਤੀ ਤੇ ਪੈਰ ਨਾ ਲੱਗੇ, ਸਾਵਣ ਦੀਆਂ ਝੜੀਆਂ ਵਾਂਗਰ ਅੱਥਰੂ ਵਹਾਉਂਦਿਆਂ ਤਪਿਆ ਹੋਇਆ ਸੀਨਾ ਦਰਸ਼ਨ ਕਰਕੇ ਕੇ ਠੰਡਾ ਕੀਤਾ ਕਿਉਂਕਿ ਇਹ ਸੱਚੇ ਪ੍ਰੇਮੀ ਸਨ। ਇਨ੍ਹਾਂ ਲਈ ਸਤਿਗੁਰਾਂ ਦਾ ਵਿਛੋੜਾ ਅਸਿਹ ਸੀ। ਜਿਵੇਂ ਨੀਰ ਤੋਂ ਬਿਨਾਂ ਮਛਲੀ ਦਾ ਜੀਵਨ ਨਹੀਂ ਹੁੰਦਾ, ਚਕਵੀਂ ਸੂਰਜ ਤੋਂ ਬਿਨਾਂ ਮੁਰਝਾ ਜਾਂਦੀ ਹੈ, ਸੱਚੇ ਪ੍ਰੇਮੀ ਗੁਰੂ ਦੇ ਦਰਸ਼ਨ ਬਿਨਾਂ ਮੁਰਝਾ ਜਾਂਦੇ ਹਨ। ਭਾਦਰੋਂ ਦੇ ਦਿਨ ਸਨ ਸਾਰਾ ਦਿਨ ਪੈਂਦੀ ਗਰਮੀ ਵਿਚ

ਅਲਫ਼ ਅਵਧੂਤ, ਨੰਗੇ ਰੋੜਾਂ ਦੀ ਢੇਰੀ ਨਾਲ ਢੋਅ ਲਾ ਕੇ ਪਏ ਰਹਿੰਦੇ, ਨਾ ਬਚਨ ਕਰਦੇ ਸੀ, ਪਰਸ਼ਾਦਾ ਵੀ ਹੱਥ ਤੇ ਹੀ ਛਕਦੇ ਸਨ। ਦੂਜੇ ਦਿਨ ਗੁਰਦੁਆਰਾ ਤਖ਼ਤ ਸਾਹਿਬ ਆਪਣੀ ਕੁਟੀਆ ਵਿਚ ਜਾ ਬੈਠੇ। ਕੁੱਝ ਦਿਨ ਇਥੇ ਠਹਿਰ ਕੇ ਇਕ ਦਿਨ ਰਾਤ ਨੂੰ ਉੱਠ ਕੇ ਪਿੰਡ ਝਿਗੜਾਂ ਵੱਲ੍ਹ ਜਾ ਨਿਕਲੇ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਝਿਗੜੀਂ ਜਾਣ ਦੀ ਚੱਲੀ

ਮਹਾਰਾਜ ਬਾਰ ਦੇਸ਼ ਦੀ ਸੰਗਤ ਨੂੰ ਦਰਸ਼ਨ ਦੇ ਕੇ ਪਾਪੀ ਜੀਵਾਂ ਦਾ ਉਧਾਰ ਕਰਕੇ 1909 ਨੂੰ ਭਾਦਰੋਂ ਵਿਚ ਆਏ ਸਨ। ਕੁੱਝ ਦਿਨ ਰਹਿਪੇ ਠਹਿਰਕੇ ਫਿਰ ਝਿਗੜੀਂ ਗਏ। ਮੁਕੰਦਪੁਰ ਅਤੇ ਝਿਗੜਾਂ ਦੇ ਦਰਮਿਆਨ ਇਕ ਛੱਪੜ ਸੀ, ਉਸਦੇ ਕੰਢੇ ਤੇ ਜਾ ਬੈਠੇ। ਇਸਦਾ ਖੂਹ ਵੀ ਇਸੇ ਪਾਸੇ ਸੀ ਤਾਂ ਅੱਗੇ ਆ ਕੇ ਦੇਖਦਾ ਹੈ ਕਿ ਮਹਾਰਾਜ ਬਿਲਕੁਲ ਅਲਫ਼ ਨੰਗੇ ਛਪੜੀ ਕੰਢੇ ਬੈਠੇ ਹਨ। ਪਿੰਡ ਝਿਗੜਾਂ ਦਾ ਭੁੱਲਾ ਨੰਬਰਦਾਰ ਸਬੱਬ ਨਾਲ ਉਸ ਛੱਪੜ ਵੱਲ੍ਹ ਨੂੰ ਨਿਕਲਿਆ। ਦਰਸ਼ਨ ਕਰਕੇ ਬਹੁਤ ਹੈਰਾਨ ਹੋਇਆ। ਬੜੀ ਹੀ ਬਿਹਬਲਤਾ ਨਾਲ ਮਹਾਰਾਜ ਜੀ ਦੇ ਚਰਨਾਂ ਤੇ ਡਿੱਗ ਪਿਆ, ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਹ ਕੀ ਖੇਡ ਰਚੀ ਹੋਈ ਹੈ?" ਮਹਾਰਾਜ ਜੀ ਸਮਾਧੀ ਵਿਚ ਜੁੜਕੇ ਨਿਰੰਕਾਰ ਨਾਲ ਲਿਵਲੀਨ ਸਨ। ਕਰਤਾਰ ਦੇ ਚਰਨਾਂ ਵਿਚ ਸੁਰਤ ਲੱਗੀ ਹੋਈ ਸੀ। ਭੁੱਲੇ ਨੂੰ ਕੋਈ ਜਵਾਬ ਨਹੀਂ ਦਿੱਤਾ। ਭੁੱਲਾ ਉੱਠਕੇ ਪਿੰਡ ਵੱਲ੍ਹ ਚਲਾ ਗਿਆ। ਪਿੰਡ ਜਾ ਕੇ ਸਰਦਾਰਾਂ ਦੇ ਘਰੀਂ ਜਾ ਦੱਸਿਆ। ਸਾਰੇ ਪਿੰਡ ਵਿਚ ਇਹ ਖ਼ਬਰ ਸੁਣਕੇ ਖ਼ੁਸ਼ੀ ਦੀ ਲਹਿਰ ਦੌੜ ਗਈ। ਲੋਕੀ ਪ੍ਰੇਮ ਵਿਚ ਮਸਤਾਨੇ ਹੋ ਕੇ ਉਸ ਮਾਰੂਥਲਾਂ ਵਿਚ ਸੋਹਣੇ ਪ੍ਰੀਤਮ ਦੇ ਦਰਸ਼ਨ ਨੂੰ ਇਉਂ ਨੱਠੇ ਜਿਵੇਂ ਕਾਹਨ ਦੀ ਬੰਸਰੀ ਸੁਣਕੇ ਗੋਕਲ ਦੇ ਗੋਪ ਤੇ ਗੋਪੀਆਂ ਭੱਜਦੇ ਸਨ। ਸਰਦਾਰ ਹਰਨਾਮ ਸਿੰਘ ਤੇ ਹੋਰ ਪਿੰਡ ਦੇ ਲੋਕਾਂ ਨੇ ਮਹਾਰਾਜ ਜੀ ਦੇ ਜਾ ਦਰਸ਼ਨ ਕੀਤੇ। ਪਾਤਸ਼ਾਹ ਨੂੰ ਮਸਤ ਰੂਪ ਵਿਚ ਦੇਖ ਕੇ ਬਹੁਤੇ ਪ੍ਰੇਮੀ ਵੈਰਾਗ ਵਿਚ ਹੀ ਮਸਤਾਨੇ ਹੋ ਗਏ। ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਨਗਰ ਵਿਚ ਜਾ ਕੇ ਚਰਨ ਪਾਓ।" ਸਰਦਾਰ ਹਰਨਾਮ ਸਿੰਘ

ਦਾ ਪ੍ਰੇਮ ਦੇਖ ਕੇ ਮਹਾਰਾਜ ਜੀ ਸੰਗਤ ਦੇ ਨਾਲ ਚਲ ਪਏ। ਸਰਦਾਰ ਗੁਰਬਖਸ਼ ਸਿੰਘ ਦੇ ਘਰ ਜਾ ਕੇ ਇਸ਼ਨਾਨ ਕੀਤਾ। ਮਾਈ ਨੰਦੀ ਪਰੌਂਠੇ ਬਣਾ ਕੇ ਖੰਡ ਤੇ ਮੱਖਣ ਥਾਲ ਵਿਚ ਰੱਖਕੇ ਮਹਾਰਾਜ ਜੀ ਦੇ ਅੱਗੇ ਧਰਿਆ। ਅੱਗੋਂ ਪਾਤਸ਼ਾਹ ਜੀ ਨੇ ਖੰਡ, ਘਿਓ ਤੇ ਪਰੌਂਠੇ ਕੁੱਤਿਆਂ ਨੂੰ ਪਾ ਦਿੱਤੇ। ਅੱਗੋਂ ਬੋਲੇ "ਇਹ ਤਾਂ ਖਾਣਾ ਗ੍ਰਿਹਸਥੀਆਂ ਦਾ ਹੈ, ਸਾਧੂ ਦਾ ਖਾਣਾ ਤਾਂ ਵੇਸਣ ਦਾ ਪ੍ਰਸ਼ਾਦਾ, ਲੱਸੀ ਤੇ ਗੰਢੇ ਨਾਲ ਹੁੰਦਾ ਹੈ।" ਉਸ ਵੇਲੇ ਨੰਦੀ ਨੇ ਕਰਿਆਟੀ ਪੀਹ ਕੇ ਛੋਲਿਆਂ ਦਾ ਪਰਸ਼ਾਦਾ ਤੇ ਉੱਪਰ ਗੰਢਾ ਰੱਖ ਕੇ ਲਿਆਂਦਾ, ਮਹਾਰਾਜ ਜੀ ਨੇ ਹੱਥਾਂ ਉੱਤੇ ਹੀ ਰੱਖਕੇ ਪ੍ਰਸ਼ਾਦਾ ਛਕ ਲਿਆ। ਕੋਈ ਪਾਤਰ ਨਹੀਂ ਲਿਆ। ਪ੍ਰਸ਼ਾਦਾ ਛੱਕ ਕੇ ਫਿਰ ਬਾਹਰ ਉਜਾੜਾਂ ਵਿਚ ਹੀ ਚਲੇ ਗਏ, ਜਿੰਨੇ ਵੀ ਆਸ਼ਿਕ, ਫ਼ਕੀਰ ਦੁਨੀਆਂ ਦੇ ਸੁੱਖਾਂ ਤੋਂ ਉਦਾਸ ਹੋ ਕੇ ਇਸ ਸੰਸਾਰ ਦੇ ਝੂਠੇ ਰਿਸ਼ਤੇ ਨੂੰ ਸਮਝਦੇ ਇਨ੍ਹਾਂ ਦੀ ਅਸਲੀ ਮਿੱਤਰਤਾ ਪਹਾੜਾਂ ਦੀਆਂ ਚੋਟੀਆਂ ਨਾਲ ਹੁੰਦੀ ਹੈ, ਮਾਰੂਥਲਾਂ ਤੇ ਟਿੱਬਿਆਂ, ਵਣਾਂ ਤੇ ਪਰਬਤਾਂ ਤੇ ਵਗਦੇ ਦਰਿਆਵਾਂ ਨਾਲ ਦੋਸਤੀਆਂ ਹੁੰਦੀਆਂ ਹਨ, ਪਾਣੀ ਦੀਆਂ ਛਲਾਂ, ਸ਼ੀਹਾਂ ਤੇ ਸ਼ੇਰਾਂ ਸੱਪਾਂ ਨਾਲ ਯਰਾਨੇ ਲੱਗੇ ਹੋਏ ਹੁੰਦੇ ਹਨ। ਕਿਉਂਕਿ ਆਸ਼ਕਾਂ ਨੂੰ ਰੰਗ ਮਜੀਠੀ ਚੜ੍ਹਿਆ ਹੋਇਆ ਹੁੰਦਾ ਹੈ।

ਰੰਗਿ ਹਸਿਹ ਰੰਗਿ ਹੋਵਹਿ ਚੁਪ ਭੀ ਕਰਿ ਜਾਹਿ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥

ਐਸੇ ਹੀ ਰੱਬ ਦੀ ਰਜ਼ਾ ਵਿਚ ਗੁਜ਼ਰਦੇ ਰਹਿੰਦੇ ਹਨ। ਰੱਬ ਦੀ ਰਜ਼ਾ ਨਾਲ ਗੱਲਾਂ ਕਰਦੇ ਹਨ। ਮਹਾਰਾਜ ਇਸੇ ਹੀ ਇਲਾਕੇ ਵਿਚ ਛੱਪੜ ਤੇ ਆ ਕੇ ਬੈਠ ਗਏ। ਨਾ ਕੋਈ ਗਲ ਬਸਤਰ ਸੀ, ਨਾ ਕੋਈ ਪਲੰਘ ਬਿਸਤਰਾ, ਨਾ ਕੋਈ ਮਹਿਲ ਮੰਦਰ, ਰਾਤ ਦਿਨ ਬਾਹਰ ਹੀ ਖੇਤਾਂ ਵਿਚ ਰਿਹਾ ਕਰਦੇ ਸਨ। ਅਲਪ ਅਹਾਰ, ਅਲਪ ਨਿੰਦਰਾ, ਐਸੀ ਉੱਚੀ-ਸੁੱਚੀ ਆਪ ਜੀ ਦੀ ਚਾਲੀ ਸੀ। ਦੁਨੀਆਂ ਐਸੇ ਦਸਤੂਰ ਨੂੰ ਦੇਖ ਕੇ ਦੰਗ ਹੋ ਰਹੀ ਸੀ। ਦੰਗ ਵੀ ਕਿਉਂ ਨਾ ਹੋਵੇ? ਪੈਂਦੇ ਕੋਰਿਆਂ, ਵਗਦੇ ਠਕਿਆਂ, ਪੈਂਦੀਆਂ ਬਾਰਿਸ਼ਾਂ, ਲਿਸ਼ਕਦੀਆਂ ਬਿਜਲੀਆਂ, ਪਹਾੜਾਂ ਵਰਗੀਆਂ ਲੰਮੀਆਂ ਲੰਮੀਆਂ ਸਿਆਲ ਦੀਆਂ ਰਾਤਾਂ, ਬੱਬਰ ਸ਼ੇਰ ਵਾਂਗ ਬਾਹਰ ਹੀ ਜੰਗਲਾਂ ਵਿਚ ਕੱਟਦੇ ਸਨ। ਇਹੋ ਜਿਹੀ ਸਖ਼ਤ ਧਾਰਨਾ ਨੂੰ ਦੇਖ ਕੇ ਸਿੱਖ ਸੇਵਕਾਂ ਪ੍ਰੇਮੀਆਂ

ਦਾ ਕਾਲਜਾ ਫਟਦਾ ਸੀ। ਆਪ ਤਾਂ ਰਜਾਈਆਂ ਦੇ ਸੁਖ ਲੈਂਦੇ ਸਨ, ਸਾਰੀ ਦੁਨੀਆਂ ਦਾ ਵਾਲੀ ਸੋਹਣਾ ਪ੍ਰੀਤਮ, ਮਾਤਾ ਸਾਹਿਬ ਦੇਈ ਦਾ ਚੈਨ ਬਾਹਰ ਗਰਮੀਆਂ ਤੇ ਸਰਦੀਆਂ ਸੀਸ 'ਤੇ ਸਹਾਰਦਾ ਸੀ ਪਰ ਇਹੋ ਜਿਹੀ ਗਰਮੀ ਕੋਈ ਸਾਧਾਰਨ ਮਨੁੱਖ ਨਹੀਂ ਸਹਾਰ ਸਕਦਾ। ਆਪ ਗਰਮੀਆਂ ਸਰਦੀਆਂ ਦੇ ਮਾਲਿਕ ਜੋ ਸਨ, ਇਕ ਦਿਨ ਪਿੰਡ ਦੇ ਬਹੁਤ ਸਾਰੇ ਬੰਦੇ ਇਕੱਠੇ ਹੋ ਕੇ ਪਿੰਡੋਂ ਤੁਰੇ ਇਸ ਖ਼ਿਆਲ ਨਾਲ ਕਿ ਬੇਨਤੀ ਕਰੀਏ ਕਿ ਪਹਿਲਾਂ ਦੀ ਤਰਾਂ ਮਹਾਰਾਜ ਜੀ ਬਸਤਰ ਪਹਿਨਿਆ ਕਰਨ ਤਾਂ ਚੰਗੀ ਗੱਲ ਹੈ। ਜਦੋਂ ਪਿੰਡ ਇਹ ਇਕੱਠ ਹੋ ਰਿਹਾ ਸੀ ਤਾਂ ਕੋਲ ਬੈਠੇ ਹੌਲਦਾਰ ਨੱਥਾ ਸਿੰਘ ਨੂੰ ਮਹਾਰਾਜ ਕਹਿਣ ਲੱਗੇ "ਨੱਥੂ ਅੱਜ ਪੰਚਾਇਤ ਇਕੱਠੀ ਹੋ ਰਹੀ ਹੈ।" ਇਨੇ ਚਿਰ ਨੂੰ ਪਿੰਡੋਂ ਕਾਫ਼ੀ ਬੰਦੇ ਇਕੱਠੇ ਹੋ ਕੇ ਨਿਕਲੇ, ਸੰਗਤ ਨੇ ਜਾ ਕੇ ਚਰਨਾਂ ਵਿਚ ਨਮਸਕਾਰ ਕਰਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਆਪਦਾ ਹੁਕਮ ਹੋਵੇ ਤਾਂ ਆਪਜੀ ਵਾਸਤੇ ਬਸਤਰ ਲੈ ਆਈਏ।" ਨਿਮਰਤਾ ਭਰੀ ਬੇਨਤੀ ਸੁਣਕੇ ਇਕ ਰੁਮਾਲੀ ਲੈ ਆਉਣ ਦਾ ਹੁਕਮ ਕੀਤਾ। ਹਰਨਾਮ ਸਿੰਘ ਰੁਮਾਲੀ ਦੇ ਨਾਲ ਹੀ ਇਕ ਚਾਦਰਾ ਵੀ ਬਣਾਕੇ ਲੈ ਆਇਆ। ਹੌਲੀ-ਹੌਲੀ ਅਰਜਾਂ ਕਰਦਿਆਂ-ਕਰਦਿਆਂ ਮਹਾਰਾਜ ਜੀ ਦੇ ਕੁੱਝ ਦਿਨਾਂ ਬਾਅਦ ਇਕ ਚੋਲਾ ਵੀ ਪੁਆ ਦਿੱਤਾ ਪਰ ਨੇੜੇ ਕਿਸੇ ਨੂੰ ਨਹੀਂ ਸੀ ਲੱਗਣ ਦਿੰਦੇ। ਦੂਰੋਂ ਹੀ ਸਲਾਮ ਕਰਕੇ ਲੋਕੀ ਪਿੱਛੇ ਹੱਟ ਜਾਂਦੇ ਸਨ। ਜੇ ਕੋਈ ਮਨ ਅੰਦਰ ਕੁਟਲਤਾ ਰੱਖਕੇ ਪੇਸ਼ ਹੁੰਦਾ ਸੀ ਤਾਂ ਆਉਂਦੇ ਦੀ ਹੀ ਤਬੀਅਤ ਸਾਫ਼ ਕਰ ਦਿੰਦੇ ਸਨ। ਇਨੇ ਬਲੀ, ਈਸ਼ਰ ਕੋਟੀ ਤ੍ਰਿਕਾਲ ਦਰਸ਼ੀ, ਤੱਤਵੇਤੇ ਸਭ ਭੂਤ, ਭਵਿੱਖਤ, ਵਰਤਮਾਨ ਜਾਨਣ ਵਾਲੇ ਸਨ।

ਘਟ ਘਟ ਕੇ ਅੰਤਰ ਕੀ ਜਾਨਤ, ਭਲੇ ਬੁਰੇ ਕੀ ਪੀਰ ਪਛਾਨਤ॥

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਸਾਹਿਬ ਦਿਆਲ ਦੇ ਉਦਾਰ ਦੀ ਚੱਲੀ

ਮਹਾਰਾਜ ਜੀ ਇਸੇ ਹੀ ਪਾਸੇ ਕਈ ਦਿਨ ਬੈਠੇ ਰਹੇ। ਕਦੇ ਉੱਠਕੇ ਸਤਲੁਜ ਦਰਿਆ ਦੇ ਕੰਢੇ ਤੇ ਜਾ ਬੈਠਦੇ ਸਨ। ਪਾਣੀ ਦੀਆਂ ਲਹਿਰਾਂ ਦੇ ਨਜ਼ਾਰੇ ਤੱਕਦੇ ਸਨ, ਦਰਿਆ ਦੀਆਂ ਸੈਰਾਂ ਕਰਕੇ ਮੁਕੰਦਪੁਰ ਦੇ ਦਰਮਿਆਨ

ਸਾਹਿਬ ਦਿਆਲ ਵਾਸਤੇ ਆਬ-ਏ-ਹਿਯਾਤ ਦੇ ਪਿਆਲੇ ਲਈ ਬੈਠੇ ਸਨ। ਅੱਜ ਦਿਲ ਕਿਸੇ ਅਨੋਖੇ ਹੀ ਰੰਗ ਵਿਚ ਰੰਗਿਆ ਪਿਆ ਸੀ। ਮਨ ਅੰਦਰ ਖੁਸ਼ੀ ਦੀ ਲਹਿਰ ਦੌੜ ਪਈ ਸੀ। ਅੱਜ ਕਿਸੇ ਹੋਰ ਹੀ ਦੇਸ਼ ਦੀਆਂ ਝਾਕੀਆਂ ਦੇ ਨਜ਼ਾਰੇ ਦਿਮਾਗ ਵਿਚ ਘੁੰਮਦੇ ਹਨ। ਅੱਜ ਸਾਹਿਬ ਦਿਆਲ ਨੂੰ ਕੋਈ ਪਤਾ ਨਹੀਂ ਕਿ ਸਾਰੇ ਦੁਨੀਆਂ ਦੇ ਰਿਸ਼ਤੇ ਟੁੱਟ ਜਾਣਗੇ। ਅੱਜ ਸਾਹਿਬ ਦਿਆਲ ਨੂੰ ਕੁੱਝ ਪਤਾ ਨਹੀਂ ਕਿ ਮੇਰਾ ਕਾਮਿਲ ਪੀਰ ਆਬੇ ਹਯਾਤ ਦਾ ਪਿਆਲਾ ਲਈ ਬੈਠਾ ਹੈ। ਅੱਜ ਸਾਰੀਆਂ ਪਿਛਲੀਆਂ ਮਜ਼ਦੂਰੀਆਂ ਦੀ ਮਿਹਨਤ ਮਿਲ ਜਾਵੇਗੀ। ਅੱਜ ਸਾਰੀ ਸੇਵਾ ਦਾ ਮੇਵਾ ਅੰਮ੍ਰਿਤ ਫ਼ਲ ਮਿਲ ਜਾਵੇਗਾ। ਜਨਮ ਮਰਨ ਦੇ ਸੰਕਟ ਕੱਟੇ ਜਾਣਗੇ, ਅੱਜ ਚਮੜੇ ਦੀ ਕੈਦ ਤੋਂ ਸਦਾ ਲਈ ਅਜ਼ਾਦ ਹੋ ਜਾਵਾਂਗਾ, ਕਿਉਂਕਿ ਮਹਾਂਪੁਰਸ਼ਾਂ ਦੀ ਸੇਵਾ ਕੀਤੀ ਹੋਈ ਬਿਰਥੀ ਨਹੀਂ ਜਾਂਦੀ। ਮਹਾਂਪੁਰਸ਼ਾਂ ਦੀ ਸੇਵਾ ਕੁਲਾਂ ਦਾ ਉਧਾਰ ਕਰ ਜਾਂਦੀ ਹੈ। ਸਾਧੂ ਦੀ ਸੇਵਾ ਨਿਰੰਕਾਰ ਦੀ ਸੇਵਾ ਹੀ ਮੰਨੀ ਜਾਂਦੀ ਹੈ। ਸਾਧੂ ਦੀ ਸੇਵਾ ਕਰਨ ਦੇ ਨਾਲ ਲੋਕ, ਪਰਲੋਕ ਵਿਚ ਮੁੱਖ ਉਜਲਾ ਹੋ ਜਾਂਦਾ ਹੈ। ਸਾਧੂ ਦੀ ਸੇਵਾ ਕਰਨ ਨਾਲ ਸਭ ਲੇਖੇ ਮੁੱਕ ਜਾਂਦੇ ਹਨ। ਸਾਹਿਬ ਦਿਆਲ ਮਹਾਰਾਜ ਜੀ ਦੀ ਸੇਵਾ ਬੜੇ ਪ੍ਰੇਮ ਨਾਲ ਕਰਿਆ ਕਰਦਾ ਸੀ। ਬਹੁਤ ਸੁੰਦਰ ਜੋੜਾ ਸੁੱਚੇ ਤਿੱਲੇ ਨਾਲ ਕੱਢਕੇ ਮਹਾਰਾਜ ਜੀ ਦੀ ਲਈ ਬੜੇ ਪ੍ਰੇਮ ਨਾਲ ਲਿਆਇਆ ਕਰਦਾ ਸੀ। ਪਹਿਲਾਂ ੪੦ ਸਾਲ ਪਾਤਸ਼ਾਹ ਜੋੜਾ ਪਹਿਨਦੇ ਰਹੇ ਸਨ। ਬਚਪਨ ਤੋਂ ਹੀ ਸਾਧੂ ਸੰਤ ਦੀ ਸੇਵਾ ਕਰਨੀ, ਵੰਡ ਕੇ ਛਕਣਾ, ਧਰਮ ਦੀ ਕਿਰਤ ਕਰਨੀ। ਧਰਮ ਦੀ ਕਮਾਈ ਕਰ਼ਕੇ ਅੰਨ ਖਾਵੇ ਤਾਂ ਸੀਨਾ ਬਹੁਤ ਜਲਦੀ ਸਾਫ਼ ਹੋ ਜਾਂਦਾ ਹੈ। ਕਬੀਰ ਜੀ ਨੇ ਵੀ ਲਿਖਿਆ ਹੈ

'ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ।
ਪਾਛੈ ਲਾਗੌ ਹਰਿ ਫਿਰੈ ਕਹਤ ਕਬੀਰ ਕਬੀਰ॥

(ਪੰਨਾ-1367)

ਅੱਜ ਸਾਹਿਬ ਦਿਆਲ ਜੀ ਦਾ ਸਾਰੀ ਸੇਵਾ ਥਾਂ ਪਈ।

ਸਾਧ ਸੰਗ ਧਰਮ ਰਾਇ ਕਰੇ ਸੇਵਾ॥
ਸਾਧ ਕੇ ਸੰਗਿ ਸੋਭਾ ਸੁਰ ਦੇਵਾ॥

ਸਾਹਿਬ ਦਿਆਲ ਜੀ ਨੇ ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਸਿਰ ਰੱਖ ਦਿੱਤਾ, ਬੜੇ ਚਿਰਾਂ ਤੋਂ ਦਰਸ਼ਨਾਂ ਦਾ ਪਿਆਸਾ ਸੀ। ਕਿਉਂਕਿ ਦੋ ਸਾਲ ਬਾਅਦ ਸਤਿਗੁਰਾਂ ਦੇ ਦਰਸ਼ਨ ਹੋਏ, ਦਿਲ ਤੜਪ ਰਿਹਾ ਸੀ, ਨੈਣ ਲੋਚਦੇ ਸਨ, ਦਰਸ਼ਨ ਕਰਕੇ ਸੀਨਾ ਸਰਦ ਹੋ ਗਿਆ। ਪਾਤਸ਼ਾਹ ਨੇ ਸਰਦਾਈ ਛਕਦਿਆਂ-ਛਕਦਿਆਂ ਦੋ ਘੁੱਟ ਸਾਹਿਬ ਦਿਆਲ ਵੱਲ੍ਹ ਨੂੰ ਕੀਤੇ ਤੇ ਹੁਕਮ ਕੀਤਾ "ਲਉ ਮੇਰੇ ਪਿਆਰੇ! ਆਬੇ ਹਯਾਤ ਦਾ ਪਿਆਲਾ।" ਜਦੋਂ ਉਹ ਪਵਿੱਤਰ ਸਰਦਾਈ ਦਾ ਘੁੱਟ ਰਗਾਂ ਵਿਚ ਲੰਘਿਆ ਤਾਂ ਸਾਹਿਬ ਦਿਆਲ ਦੇ ਕਵਾੜ ਖੁੱਲ੍ਹ ਗਏ, ਦਿਵਯ ਦ੍ਰਿਸ਼ਟ ਖੁੱਲ੍ਹ ਗਈ, ਮਜੀਠੀ ਰੰਗ ਵਿਚ ਰੰਗਿਆ ਗਿਆ।

ਨਾਨਕ ਨਦਰੀ ਨਦਿਰ ਨਿਹਾਲ

ਹੁਕਮ ਕੀਤਾ ਸਾਹਿਬ ਦਿਆਲ, "ਜਾਓ! ਤੈਨੂੰ ਸਿੱਖਾ ਮੈਂ ਦਾਖਲ ਕਰ ਲੀਆ ਹੈ।" ਹੁਕਮ ਕੀਤਾ ਹੁਣ ਘਰ ਨਹੀਂ ਜਾਣਾ ਸਾਹਿਬ ਦਿਆਲ ਨੂੰ ਭੋਰ ਦਿੱਤਾ। ਸਤਿਗੁਰਾਂ ਦਾ ਹੁਕਮ ਮੰਨਕੇ ਭੁਰ ਤਾਂ ਪਿਆ ਪਰ ਅਜੇ ਘਰ ਦਾ ਕੁੱਝ ਪਿਆਰ ਸੀ। ਗੁਣਾਚੌਰ ਦੇ ਕੋਲ ਜਾ ਕੇ ਫਿਰ ਘਰ ਵੱਲ੍ਹ ਚਲ ਪਿਆ। ਸਾਹਿਬ ਦਿਆਲ ਇਸ ਗੱਲ ਨੂੰ ਭੁੱਲ ਗਿਆ ਕਿ ਮੇਰਾ ਕਾਮਿਲ ਪੀਰ ਸਭਨੀਂ ਗੱਲੀਂ ਸਮਰੱਥ ਹੈ। ਸਭ ਥਾਈਂ ਦੇਖ ਰਿਹਾ ਹੈ ਜਿਸਦੇ ਸੀਤ ਪ੍ਰਸ਼ਾਦ ਵਿਚ ਇੰਨੀ ਸ਼ਕਤੀ ਹੈ, ਜਿਹਦੇ ਛਕਣ ਨਾਲ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਗਈ ਹੈ। ਜਿਹਦੇ ਛਕਣ ਨਾਲ ਤ੍ਰਿਲੋਕੀ ਦੀ ਖ਼ਬਰ ਹੋ ਗਈ ਹੈ, ਇਹ ਨਹੀਂ ਸੀ ਜਾਣਦਾ ਸਾਰੀ ਕਲਾ ਕੁਦਰਤ ਮੇਰੇ ਮੁਰਸ਼ਿਦ ਦੇ ਹੱਥ ਵਿਚ ਹੀ ਹੈ। ਕਿਸੇ ਨੂੰ ਜਿਵਾ ਦੇਵੇ, ਭਾਵੇਂ ਮਾਰ ਦੇਵੇ। ਕਲਾ ਦੇ ਵੀ ਸਕਦਾ ਹੈ ਤੇ ਖਿੱਚ ਵੀ ਸਕਦਾ ਹੈ, ਭਰ ਵੀ ਸਕਦਾ ਹੈ, ਖਾਲੀ ਵੀ ਕਰਵਾ ਸਕਦਾ ਹੈ। ਜਿਹੜਾ ਗੁੰਗਿਆਂ ਤੋਂ ਗੀਤਾਂ ਦਾ ਪਾਠ ਕਰਵਾ ਜਾਂਦਾ ਹੈ। ਪਿੰਗਲੇ ਤੇ ਲੂਲ੍ਹਿਆਂ ਨੂੰ ਪਹਾੜਾਂ ਦੀ ਸੈਰ ਕਰਵਾ ਸਕਦਾ ਹੈ। ਘਟ ਘਟ ਦੇ ਜਾਨਣ ਵਾਲੇ ਤੋਂ ਕੋਈ ਚੋਰੀ ਕਿਵੇਂ ਰੱਖ ਸਕਦਾ ਹੈ? ਜਦੋਂ ਸਾਹਿਬ ਦਿਆਲ ਘਰ ਵੱਲ੍ਹ ਭੁਰਿਆ ਦਿਸਣੋਂ ਵੀ ਬੰਦ ਹੋ ਗਿਆ। ਫਿਰ ਭੇਅ ਵਿਚ ਆ ਕੇ ਪਿੱਛੇ ਮੁੜਿਆ, ਦਿਸਣ ਲੱਗਾ ਬੈਠ ਗਿਆ। ਕੁੱਝ ਚਿਰ ਪਿੱਛੋਂ ਘਰ ਵੱਲ੍ਹ ਭੁਰਿਆ। ਫਿਰ ਪਤਾ ਨਹੀਂ ਕੀ ਕਲਾ ਖਿੱਚੀ ਬੈਠੇ ਤਿੰਨ ਮੀਲਾਂ ਤੋਂ ਜੋ ਸਤਿਗੁਰੂ ਵਲੋਂ ਕਿਰਪਾ ਹੋਈ ਸੀ ਉੱਥੇ ਦਿਵਯ ਦ੍ਰਿਸ਼ਟੀ ਫਿਰ ਬੰਦ ਹੋ ਗਈ।

ਜੋ ਰੋਸ਼ਨ ਹੋਇਆ ਸੀ। ਗਿਆਨ ਦਾ ਚਿਰਾਗ ਬੁਝ ਗਿਆ। ਜਦੋਂ ਇਹ ਦਸ਼ਾ ਹੋਈ ਫਿਰ ਰੋਣ ਲੱਗਾ। ਨਾ ਘਰ ਜੋਗਾ ਰਿਹਾ, ਨਾ ਸਾਧੂ ਰਿਹਾ। ਬੇੜੀ ਨਾ ਪਾਰ ਨਾ ਉਰਾਰ, ਵਿਚਕਾਰ ਦਰਿਆ ਦੇ ਹੀ ਝੋਲੇ ਖਾਣ ਲੱਗੀ। ਮਨ ਵੈਰਾਗੀ ਹੋ ਗਿਆ। ਮੁੜ ਗਵਾਚੀ ਚੀਜ਼ ਨੂੰ ਲੱਭਦਾ ਫਿਰਦਾ, ਪਰ ਵਕਤ ਖੁੰਝਿਆ ਹੱਥ ਨਹੀਂ ਲੱਗਦਾ। ਸਾਹਿਬ ਦਿਆਲ ਜਿਵੇਂ ਘਾਟੇ ਦਾ ਮਾਰਿਆ ਵਪਾਰੀ ਨਿੰਮੋਝੂਣਾ ਹੋ ਕੇ ਮੱਥਾ ਭੰਨਦਾ ਹੋਵੇ। ਇਸੀ ਤਰਾਂ ਇਹ ਦਸ਼ਾ ਸਾਹਿਬ ਦਿਆਲ ਦੀ ਹੋ ਗਈ। ਸ਼ਰਮ ਦਾ ਮਾਰਿਆ ਮੁੜ ਸਤਿਗੁਰਾਂ ਦੇ ਸਾਹਮਣੇ ਵੀ ਨਹੀਂ ਜਾਂਦਾ। ਹੋਰ ਜੋ ਮਹਾਰਾਜ ਜੀ ਦੇ ਪ੍ਰੇਮੀ ਸਨ। ਉਨ੍ਹਾਂ ਦੀਆਂ ਮਿੰਨਤਾਂ ਕਰਦਾ ਫਿਰਦਾ ਮੇਰੀ ਤਾਂ ਗੱਲ ਖਜੂਰ ਤੇ ਚੜ੍ਹ ਕੇ ਡਿੱਗਣ ਵਾਲੀ ਹੋ ਗਈ, ਮੇਰੀ ਟੁੱਟੀ ਗੰਢਣ ਵਾਲਾ ਕੋਈ ਸੂਰਮਾ ਮੇਰੇ ਤੇ ਤਰਸ ਕਰੇ। ਮੈਂ ਉਸਦਾ ਦਾਸ ਹੋਵਾਂਗਾ। ਬੁੱਲ੍ਹੇ ਸ਼ਾਹ ਵਾਂਗ ਦੂਰੋਂ-ਦੂਰੋਂ ਪੀਰ ਨੂੰ ਮਨਾਉਂਦਾ ਫਿਰਦਾ ਹੈ। ਕਾਫ਼ੀ ਦੇਰ ਸਾਹਿਬ ਦਿਆਲ ਵਿਯੋਗੀਆਂ ਵਾਂਗ ਫਿਰਦਾ ਰਿਹਾ। ਖਾਣਾ ਪੀਣਾ, ਹੱਸਣਾ ਬੋਲਣਾ ਸਭ ਜਾਂਦਾ ਰਿਹਾ ਬੈਰਾਗ ਨਾਲ ਮਨ ਸ਼ੁਧ ਸਾਫ਼ ਤੇ ਪਵਿੱਤਰ ਹੋ ਗਿਆ। 'ਵਸਤੁ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ। ਇਕ ਦਿਨ ਬਾਬੇ ਸਰਮੁਖ ਸਿੰਘ ਨੇ ਮਹਾਰਾਜ ਅੱਗੇ ਸਾਹਿਬ ਦਿਆਲ ਬਾਰੇ ਅਰਜ ਕੀਤੀ, ਸੱਚੇ ਪਾਤਸ਼ਾਹ

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥

ਸਾਹਿਬ ਦਿਆਲ ਬਹੁਤ ਮਿੰਨਤਾਂ ਕਰਦਾ ਫਿਰਦਾ ਹੈ, ਬਹੁਤ ਆਜ਼ਿਜ ਹੋ ਚੁੱਕਾ ਹੈ। "ਸਰਮੁਖ ਸਿੰਘ ਤੇਰਾ ਕਹਿਣਾ ਨਹੀਂ ਮੋੜ ਹੁੰਦਾ, ਚੰਗਾ ਪੇਸ਼ ਕਰੋ।" ਮਹਾਰਾਜ ਜੀ ਦਾ ਹੁਕਮ ਮਿਲਿਆ। ਸਰਮੁਖ ਸਿੰਘ ਜੀ ਨੇ ਝੱਟਪੱਟ ਸਾਹਿਬ ਦਿਆਲ ਵੱਲ੍ਹ ਮੁਨਸ਼ੀ ਨਾਂ ਦਾ ਇਕ ਬੰਦਾ ਭੇਜ ਕੇ ਸਦਵਾ ਲਿਆ। ਮੁਨਸ਼ੀ ਵੀ ਮਜਾਰੇ ਦਾ ਆਦਿਧਰਮੀ ਹੀ ਸੀ। ਸਾਹਿਬ ਦਿਆਲ ਸੁਨੇਹਾ ਸੁਣਕੇ ਝਟ ਤੁਰ ਪਿਆ। ਸਰੀਰ ਥਰ-ਥਰ ਕੰਬਦਾ, ਲੱਤਾਂ ਥਿੜ੍ਹਕ ਰਹੀਆਂ ਸਨ। ਦੂਰੋਂ ਹੀ ਗੱਲ ਵਿਚ ਪੱਲਾ ਪਾ ਕੇ ਡੰਡਵਤ ਡੰਡਾਉਤਾਂ ਕਰਦਾ ਸਤਿਗੁਰਾਂ ਦੇ ਪੇਸ਼ ਹੋਇਆ। ਆ ਕੇ ਚਰਨਾਂ ਤੇ ਢਹਿ ਪਿਆ। ਸਾਖ੍ਹ ਦਿਆਲ ਦਾ ਵੈਰਾਗ ਬੇਸ਼ੁਮਾਰ

ਫੁੱਟ ਪਿਆ। ਅੱਗੋਂ ਸਤਿਗੁਰ ਮਿਹਰਬਾਨ ਹੋ ਕੇ ਬੋਲੇ, "ਸਾਬ੍ਹ ਦਿਆਲ ਨਿਗ੍ਹਾ ਉਤਾਂਹ ਚੁੱਕ, ਦੇਖਾਂ ਤੇਰੀ ਨਿਗ੍ਹਾ ਸਾਫ਼ ਹੈ?" ਸਾਹਿਬ ਦਿਆਲ ਨੇ ਬਹੁਤ ਨੀਵੀਂ ਜਿਹੀ ਨਜ਼ਰ ਨਾਲ, ਤਰਸਾਉਣੀ ਜਿਹੀ ਨਜ਼ਰ ਨਾਲ ਸਤਿਗੁਰਾਂ ਵੱਲ੍ਹ ਤੱਕਿਆ ਤੇ ਜਦੋਂ ਨੇਤਰਾਂ ਨਾਲ ਨੇਤਰ ਮਿਲੇ ਫਿਰ ਐਸਾ ਰੰਗ ਚੜ੍ਹਿਆ। ਸਾਹਿਬ ਦਿਆਲ ਨੂੰ ਕੋਈ ਸੁਧ ਨਾ ਰਹੀ, ਭਰਪੂਰ ਕਰ ਦਿੱਤਾ। ਸਰਦਾਰ ਹਰਨਾਮ ਸਿੰਘ ਨੂੰ ਇਸ਼ਾਰਾ ਕੀਤਾ। "ਨਾਮਿਆਂ! ਕੋਈ ਕੋਰੀ ਝੱਜਰ ਪਾਣੀ ਦੀ ਭਰਕੇ ਲੈ ਆਓ।" ਮਹਾਰਾਜ ਜੀ ਨੇ ਆਪ ਕਲਾਵਾ ਭਰਕੇ ਸਾਬ੍ਹ ਦਿਆਲ ਨੂੰ ਉਠਾਇਆ ਪਰ ਉਸਨੂੰ ਕੋਈ ਸੁਰਤ ਨਹੀਂ ਹੈ, 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਐਸਾ ਨਸ਼ਾ ਪਿਲਾਇਆ। ਮੇਰੇ ਕਾਮਿਲ ਪੀਰ ਨੇ ਨਾਮ ਦੀ ਸ਼ਕਤੀ ਭਰ ਦਿੱਤੀ। ਉਠਾ ਕੇ ਭਰੀ ਹੋਈ ਪਾਣੀ ਦੀ ਝਜਰ ਮੂੰਹ ਨੂੰ ਲਾਈ ਇੰਨੀ ਤੇਜੀ ਨਾਮ ਦੀ ਸੀ ਕਿ ਝੱਜਰ ਪਾਣੀ ਦੀ ਪੀ ਗਿਆ। ਪਾਣੀ ਪਿਲਾ ਕੇ ਪਾਤਸ਼ਾਹ ਨੇ ਆਪ ਖੜ੍ਹਾ ਕੀਤਾ ਅਤੇ ਕਿਹਾ, "ਸਾਹਿਬ ਦਿਆਲ! ਹੁਣ ਤੇਰੀ ਕਮਾਈ ਪੂਰੀ ਹੋ ਚੁੱਕੀ ਹੈ। ਇਕ ਬਣ ਵਿਚ ਦੋ ਸ਼ੇਰ ਨਹੀਂ ਰਹਿ ਸਕਦੇ। ਆਪ ਜੀ ਨੇ ਦਿਆਲ ਸਾਹਿਬ ਨੂੰ ਮੁਲਤਾਨ ਦੀ ਤਰਫ਼ ਚਲੇ ਜਾਣ ਦਾ ਹੁਕਮ ਦੇ ਦਿੱਤਾ। ਬਾਬਾ ਜੀ ਦਾ ਕੁਝ ਪਤਾ ਨਹੀਂ ਕਿ ਕਿਧਰ ਚਲੇ ਗਏ? ਬਾਅਦ ਵਿਚ ਘਰਦਿਆਂ ਨੇ ਬਹੁਤ ਭਾਲ ਕੀਤੀ ਪਰ ਕਿਤੇ ਲੱਭੇ ਨਹੀਂ। ਬਹੁਤ ਦੇਰ ਬਾਅਦ ਇਕ ਦਿਨ ਫਤਿਹ ਸਿੰਘ ਨੇ ਪਾਤਸ਼ਾਹ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਕਿਤੇ ਸਾਹਿਬ ਦਿਆਲ ਦੀ ਦੱਸ ਪਾਓ। ਦਰਸ਼ਨਾਂ ਨੂੰ ਮਨ ਬਹੁਤ ਲੋਚ ਰਿਹਾ ਹੈ। ਆਪਦੀ ਨਿਗ੍ਹਾ ਤਾਂ ਅਕਾਸ਼ਾਂ ਪਤਾਲਾਂ ਵਿਚ ਕੰਮ ਕਰਦੀ ਹੈ। ਤ੍ਰਿਲੋਕੀ ਨਾਥ ਹੋ ਮੈਨੂੰ ਦੱਸੋ ਜਿੱਥੇ ਵੀ ਹੋਵੇ ਮੈਂ ਜਾ ਕੇ ਦਰਸ਼ਨ ਕਰ ਲਵਾਂ।" ਬਠਿੰਡੇ ਸਟੇਸ਼ਨ ਦਾ ਇਸ਼ਾਰਾ ਕੀਤਾ। ਇਹ ਹੁਕਮ ਪਾਤਸ਼ਾਹ ਤੋਂ ਲੈ ਕੇ ਫਤਿਹ ਸਿੰਘ ਬਠਿੰਡੇ ਜਾ ਕੇ ਜਦੋਂ ਸਟੇਸ਼ਨ ਤੇ ਉਤਰਿਆ। ਇਕ ਪਿੱਪਲ ਦੇ ਥੱਲੇ ਇਕ ਥੜ੍ਹਾ ਬਣਿਆ ਹੋਇਆ ਸੀ। ਉਸ ਥੜ੍ਹੇ ਤੇ ਇਕ ਫਕੀਰ ਮਸਤ ਗੋਦੜੀ ਉੱਪਰ ਲਈ ਹੋਈ ਪਿਆ ਸੀ। ਮਸਤਾਂ ਨੂੰ ਦੇਖਕੇ ਕਿਸੇ ਕੋਲੋਂ ਪੁੱਛਣ ਚਲਾ ਗਿਆ। ਪਈ ਇਹ ਮਸਤ ਕਿੱਥੋਂ ਦੇ ਨੇ, ਨਾਂ ਕੀ ਹੈ। ਪੂਰੀ ਪਛਾਣ ਨਾ ਲੱਗੀ। ਜਦੋਂ ਪੁੱਛਕੇ ਮੁੜਿਆ ਤਾਂ ਉੱਥੇ ਦੇਖਿਆ ਉੱਥੇ ਕੁੱਝ ਵੀ ਨਹੀਂ ਸੀ। ਬਥੇਰਾ ਟੋਲ੍ਹਦਾ

ਫਿਰਿਆ ਕੋਈ ਪਤਾ ਨਾ ਲੱਗਾ ਕਿੱਧਰ ਚਲੇ ਗਏ। ਥੱਕ-ਹਾਰ ਕੇ ਘਰ ਆ ਗਿਆ। ਇਹੋ ਜਿਹੀ ਮਹਾਰਾਜ ਨਾਭ ਕੰਵਲ ਰਾਜਾ ਜੀ ਦੀ ਨਿਗ੍ਹਾ ਵਿਚ ਸ਼ਕਤੀ ਸੀ। ਪਾਪੀ ਜੀਵਾਂ ਨੂੰ ਭਵ ਸਾਗਰ ਤੋਂ ਪਾਰ ਕਰ ਦਿੰਦੇ ਸੀ, ਜਿਸ ਵੱਲ੍ਹ ਮਿਹਰ ਭਰੀਆਂ ਨਜ਼ਰਾਂ ਨਾਲ ਤੱਕ ਦਿੰਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਹੋਰ ਚੱਲੀ

ਝਿਗੜਾਂ ਤੋਂ ਉੱਠਕੇ ਮਹਾਰਾਜ ਪਿੰਡ ਰਹਿਪੇ ਬਾਬੇ ਸਰਮੁਖ ਸਿੰਘ ਕੋਲ ਗਏ। ਕੁੱਝ ਦਿਨ ਰਹਿ ਕੇ ਕੁਰੂਕਸ਼ੇਤਰ ਵੱਲ੍ਹ ਨੂੰ ਜਾ ਨਿਕਲੇ। ਸੂਰਜ ਗ੍ਰਹਿਣ ਦਾ ਮੇਲਾ ਜਾ ਦੇਖਿਆ। ਦੋ ਢਾਈ ਮਹੀਨੇ ਇਸੇ ਹੀ ਪਾਸੇ ਵਿਚਰਦੇ ਰਹੇ। ਪਿੱਛੋਂ ਮੂਸਾਪੁਰੀਏ ਮੁੰਦਰ ਸਿੰਘ ਦਾ ਪਿਤਾ ਵਜੀਰ ਸਿੰਘ ਬਿਮਾਰ ਹੋ ਗਿਆ। ਮਹਾਰਾਜ ਜੀ ਨੂੰ ਬਹੁਤ ਯਾਦ ਕਰਨ ਲੱਗਾ। ਮੁੰਦਰ ਸਿੰਘ ਬਸੰਤ ਸਿੰਘ ਨੂੰ ਆਖਣ ਲੱਗਾ, "ਜਿੱਥੇ ਵੀ ਮਹਾਰਾਜ ਜੀ ਲੱਭਣ ਭਾਲ ਕੇ ਲੈ ਆਵੋ, ਮੇਰਾ ਦਿਲ ਦਰਸ਼ਨਾਂ ਨੂੰ ਲੋਚ ਰਿਹਾ ਹੈ।" ਮਹਾਰਾਜ ਜੀ ਦਾ ਕੋਈ ਕਿਸੇ ਨੂੰ ਪਤਾ ਨਹੀਂ ਕਿ ਕਿਧਰ ਨੂੰ ਜਾ ਨਿਕਲੇ। ਵਜੀਰ ਸਿੰਘ ਦਾ ਆਖ਼ਿਰੀ ਸਮੇਂ ਸੀ। ਆਖ਼ਿਰੀ ਨੀਰ ਵਗਾਉਂਦਾ ਹੋਇਆ, ਪਾਤਸ਼ਾਹ ਨੂੰ ਯਾਦ ਕਰਦਾ ਰਿਹਾ। ਮਹਾਰਾਜ ਜੀ ਨੂੰ ਵਜੀਰ ਸਿੰਘ ਦੇ ਪ੍ਰੇਮ ਦੀ ਖਿੱਚ ਪਈ। ਮਹਾਰਾਜ ਜੀ ਕੁਰੂਕਸ਼ੇਤਰ ਦੀ ਝਾਕੀ ਲੈਂਦੇ ਹੋਏ ਸਰਹੰਦ ਰੋਪੜ ਦੀਆਂ ਸੈਰਾਂ ਕਰਦੇ ਹੋਏ ਪਿੰਡ ਮੂਸਾਪੁਰ (ਜਿਸ ਦਿਨ ਵਜੀਰ ਸਿੰਘ ਨੇ ਅਕਾਲ ਚਲਾਣਾ ਕਰਨਾ ਸੀ) ਮੁੰਦਰ ਦੇ ਘਰ ਮੋਹਰੇ ਫਲਾਹੀ ਹੇਠਾਂ ਆ ਕੇ ਬੈਠ ਗਏ। ਮੂਸਾਪੁਰ ਤੋਂ ਇਕ ਮੂਲਾ ਸਿੰਘ, ਹਨ੍ਹੇਰੇ ਕਿਸੇ ਕੰਮ ਵੱਲ੍ਹ ਜਾ ਰਿਹਾ ਸੀ, ਪਾਤਸ਼ਾਹ ਨੂੰ ਬੈਠਿਆਂ ਦੇਖ ਕੇ ਨਮਸਕਾਰ ਕੀਤੀ ਮੁੜ ਕੇ ਆ ਕੇ ਮੁੰਦਰ ਸਿੰਘ ਨੂੰ ਦੱਸਿਆ ਕਿ ਪਾਤਸ਼ਾਹ ਤੁਹਾਡੀ ਫਲਾਹੀ ਹੇਠ ਆ ਕੇ ਬੈਠੇ ਹਨ। ਮੁੰਦਰ ਸਿੰਘ ਨੰਗੇ ਪੈਰੀਂ ਹੀ ਸੁਣਕੇ ਨੱਸਿਆ। ਇੰਨੇ ਚਿਰ ਨੂੰ ਪਾਤਸ਼ਾਹ ਵੀ ਉੱਠ ਕੇ ਘਰ ਵੱਲ੍ਹ ਨੂੰ ਆ ਰਹੇ ਸਨ। ਮਹਾਰਾਜ ਸਿੱਧੇ ਰਵਾਂ ਰਵੀਂ ਵਜੀਰ ਸਿੰਘ ਦੀ ਮੰਜੀ ਕੋਲ ਜਾ ਖੜ੍ਹੇ ਹੋਏ। ਆਖ਼ਿਰੀ ਸਵਾਸ ਸੀ। ਮਨ ਵਿਚ ਬਹੁਤ ਖਵਾਹਿਸ਼ ਸੀ,

ਸਤਿਗੁਰਾਂ ਦੇ ਦਰਸ਼ਨਾਂ ਦੀ ਪਿਆਸ ਸੀ। ਅੰਤ ਸਮੇਂ ਦਰਸ਼ਨ ਦੇ ਕੇ ਵਜੀਰ ਸਿੰਘ ਦੀ ਮਨੋਕਾਮਨਾ ਪੂਰੀ ਕੀਤੀ ਤੇ ਮੋਕਸ਼ ਬਖਸ਼ ਬੇੜਾ ਪਾਰ ਕੀਤਾ। ਆਪ ਜੀ ਦੇ ਖੜ੍ਹਿਆਂ ਤੇ ਹੀ ਵਜੀਰ ਸਿੰਘ ਦੇ ਪ੍ਰਾਣ ਖ਼ਤਮ ਹੋ ਗਏ। ਮੁੰਦਰ ਸਿੰਘ ਦਾ ਘਰ ਉਸ ਵੇਲੇ ਕੱਚਾ ਹੀ ਹੁੰਦਾ ਸੀ। ਮਹਾਰਾਜ ਜੀ ਕੋਠੇ ਤੇ ਚੜ੍ਹਕੇ ਬੈਠ ਗਏ। ਵਜੀਰ ਸਿੰਘ ਦਾ ਸਸਕਾਰ ਕਰਨ ਦਾ ਹੁਕਮ ਕੀਤਾ। ਸਸਕਾਰ ਕਰਨ ਤੋਂ ਬਾਅਦ ਪਿੱਛੇ ਦੀ ਸੰਗਤ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀ। ਮੁੰਦਰ ਸਿੰਘ ਨੇ ਵੱਡੀ ਸਾਰੀ ਡੱਲ ਪਤਾਸਿਆਂ ਦੀ ਭਰਕੇ, ਮਹਾਰਾਜ ਦੇ ਚਰਨਾਂ ਵਿਚ ਆਣ ਰੱਖੀ। ਹੋਰ ਵੀ ਲੋਕ ਦਰਸ਼ਨ ਭੇਟਾ ਕੋਈ ਕੁਝ, ਕੋਈ ਕੁੱਝ ਲਿਆਵੇ। ਮਿਸ਼ਰੀ, ਦਾਖਾਂ, ਛੁਹਾਰੇ ਆਦਿ ਦੇ ਸਰਕਾਰ ਅੱਗੇ ਢੇਰ ਲੱਗ ਗਏ। ਪੰਜ ਰੁਪਏ ਦੇ ਪਤਾਸੇ ਮੁੰਦਰ ਸਿੰਘ ਨੇ ਉਸ ਵੇਲੇ ਲਿਆਂਦੇ ਸਨ। ਕੱਚੇ ਕੋਠੇ ਤੇ ਬਹੁਤ ਸਾਰੀ ਸੰਗਤ ਇਕੱਠੀ ਹੋਈ। ਪ੍ਰਤਾਪ ਸਿੰਘ ਅਤੇ ਨਰੰਜਣ ਸਿੰਘ ਵੀ ਦਰਸ਼ਨ ਵਾਸਤੇ ਆਏ, ਅੱਗੋਂ ਦੇਖਣ ਤਾਂ ਸਾਰਾ ਕੋਠਾ ਸੰਗਤ ਨਾਲ ਭਰਿਆ ਹੋਇਆ ਸੀ। ਪ੍ਰਤਾਪ ਸਿੰਘ ਦੇ ਮਨ ਵਿਚ ਭਰਮ ਹੋਇਆ, ਇੰਨੀ ਦੁਨੀਆਂ ਕੱਚੇ ਕੋਠੇ 'ਤੇ ਬੈਠੀ ਹੈ, ਕੋਠਾ ਡਿੱਗ ਪਵੇਗਾ। ਪਿੱਛੇ ਮੁੜਨ ਲੱਗਾ, ਅੱਗੋਂ ਮਹਾਰਾਜ ਜੀ ਨੇ ਦਿਲ ਦੀ ਬੁੱਝ·ਕੇ ਹੁਕਮ ਕੀਤਾ, "ਭਾਈ ਅੱਗੇ ਆ ਜਾਓ, ਇਹ ਕੋਠਾ ਡਿੱਗਦਾ ਢਹਿੰਦਾ ਨਹੀਂ, ਇਹ ਤਾਂ ਸਗੋਂ ਪੱਕਾ ਬਣੀ ਜਾਂਦਾ ਹੈ। ਇਹ ਤਾਂ ਅੱਜ ਕੋਠੀ ਬਣ ਗਈ ਹੈ। ਅੱਜ ਇਥੇ ਵੱਡੀਆਂ-ਵੱਡੀਆਂ ਬਿਲਡਿੰਗਾਂ ਬਣਨੀਆਂ ਹਨ।" ਜਦੋਂ ਮਹਾਰਾਜ ਜੀ ਨੇ ਇਉਂ ਆਖਿਆ ਤਾਂ ਪ੍ਰਤਾਪ ਸਿੰਘ ਤੇ ਨਰੰਜਣ ਸਿੰਘ ਝੁਠੇ ਹੋ ਗਏ। ਪ੍ਰਤਾਪ ਸਿੰਘ ਤੇ ਨਰੰਜਣ ਸਿੰਘ ਨਮਸਕਾਰ ਕਰਕੇ ਸੰਗਤ ਵਿਚ ਹੀ ਬੈਠ ਗਏ। ਮਹਾਰਾਜ ਸੰਗਤ ਨੂੰ ਉਪਦੇਸ਼ ਦੇ ਕੇ ਨਿਹਾਲ ਕਰ ਰਹੇ ਸਨ। ਕੋਈ ਨੌਂ-ਦਸ ਵਜੇ ਤੱਕ ਸੰਗਤ ਨੂੰ ਉਪਦੇਸ਼ ਦੇ ਕੇ ਪ੍ਰਸ਼ਾਦ ਵਰਤਾਉਣ ਦਾ ਹੁਕਮ ਕੀਤਾ। ਸੰਗਤ ਵਿਚ ਪ੍ਰਸ਼ਾਦ ਵਰਤਾਇਆ ਗਿਆ। ਸਭ ਨੂੰ ਜਾਣ ਦੀ ਛੁੱਟੀ ਦਿੱਤੀ ਗਈ। ਕੋਠੇ ਤੋਂ ਉੱਠਕੇ ਮਹਾਰਾਜ ਜੀ ਪਿੰਡ ਦੇ ਪੱਛਮ ਵੱਲ੍ਹ ਦੇ ਪਾਸੇ ਇਕ ਖੂਹ ਜਿਹਾ ਸੀ, ਉਸ ਵਿਚ ਚਲੇ ਗਏ। ਗਣੇਸ਼ਾ ਘੁਮਾਰ ਤੇ ਮੁੰਦਰ ਸਿੰਘ ਜੀ ਵੀ ਨਾਲ ਹੀ ਸਨ, ਹੁਕਮ ਕੀਤਾ, "ਗਣੇਸ਼ਾ, ਇਸ਼ਨਾਨ ਕਰਨ ਵਾਸਤੇ ਪਾਣੀ ਲੈ ਆਓ।" ਮੁੰਦਰ ਸਿੰਘ ਤੇ ਗਣੇਸ਼ੇ ਨੇ ਚੌਂਕੀ ਤੇ ਪਾਣੀ ਦੀ

ਗਾਗਰ ਲਿਜਾ ਕੇ ਇਸ਼ਨਾਨ ਕਰਾਇਆ। ਗਣੇਸ਼ੇ ਨੇ ਵੀ ਮਹਾਰਾਜ ਦੀ ਸੇਵਾ ਕਾਫ਼ੀ ਚਿਰ ਕੀਤੀ। ਸਰੀਰ ਛੱਡ ਜਾਣ ਕਾਰਨ ਉਨ੍ਹਾਂ ਕੋਲੋਂ ਕੋਈ ਬਚਨ ਨਹੀਂ ਲਏ ਗਏ। ਹੋਰ ਕਈ ਸਿਆਣੇ ਬੰਦਿਆਂ ਤੋਂ ਪਤਾ ਲੱਗਦਾ ਹੈ ਕਿ ਗਣੇਸ਼ੇ ਨੇ ਬਹੁਤ ਦੇਰ ਸੇਵਾ ਕੀਤੀ। ਉੱਥੇ ਹੀ ਮਹਾਰਾਜ ਜੀ ਨੇ ਮੁੰਦਰ ਸਿੰਘ ਨੂੰ ਪ੍ਰਸ਼ਾਦੇ ਵਾਸਤੇ ਹੁਕਮ ਕੀਤਾ। ਪ੍ਰਸ਼ਾਦਾ ਛਕਣ ਤੋਂ ਬਾਅਦ, ਮੁੰਦਰ ਸਿੰਘ ਨੂੰ ਪਿੰਡ ਵੱਲ੍ਹ ਤੋਰ ਦਿੱਤਾ। ਆਪ ਪਹਾੜ ਵੱਲ੍ਹ ਨੂੰ ਜਾ ਨਿਕਲੇ। ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਇਸ ਇਲਾਕੇ ਦੀਆਂ ਸੈਰਾਂ ਕਰਦੇ ਹੋਏ ਮੁੜ ਇਕ ਦਿਨ ਕਾਵਾਂ ਦੇ ਮਜਾਰੇ ਆ ਠਹਿਰੇ। ਇਥੇ ਇਕ ਮਹੀਨਾ ਕੁੱਝ ਦਿਨ ਰਹੇ। ਇਸ ਇਲਾਕੇ ਦੇ ਲੋਕਾਂ ਨੂੰ ਉਪਦੇਸ਼ ਕਰਕੇ ਅੱਗੇ ਗੜ੍ਹਸ਼ੰਕਰ ਦੇ ਇਲਾਕੇ ਨੂੰ ਜਾ ਨਿਕਲੇ। ਹੌਲੀ-ਹੌਲੀ ਟਹਿਲਦੇ-ਟਹਿਲਦੇ ਸੁੱਜੋਂ ਅਤੇ ਕਿੱਤਣੇ ਦੇ ਵਿਚਕਾਰ ਮੋਰਾਂਵਲੀ ਜਾ ਬੈਠੇ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਸੁੱਜੋਂ ਦੀ ਚੱਲੀ

1909 ਵਿਚ ਮਹਾਰਾਜ 13 ਮੱਘਰ ਨੂੰ ਮੂਸਾਪੁਰ ਤੋਂ ਪਹਾੜ ਵੱਲ੍ਹ ਨੂੰ ਚੱਲੇ ਸਨ। ਮਾਘ ਦੇ ਦਿਨਾਂ ਵਿਚ ਮਹਾਰਾਜ ਸੁੱਜੋਂ ਦੀ ਜੂਹ ਵਿਚ ਆ ਬੈਠੇ। ਉਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਉਤੇ ਪਤਲੀ ਜਿਹੀ ਚਾਦਰ ਸੀ। ਰਾਤ ਦਿਨ ਬਾਹਰ ਉਜਾੜਾਂ ਵਿਚ ਹੀ ਰਹਿੰਦੇ ਸਨ। ਅਠਾਰਾਂ ਵੀਹ ਦਿਨ, ਇਸੇ ਹੀ ਪਾਸੇ ਰਹੇ, ਨਾ ਕੁੱਝ ਖਾਧਾ, ਨਾ ਪੀਤਾ। ਨਾਮ ਦੇ ਹੀ ਉਧਾਰ ਤੇ ਰਹਿੰਦੇ ਸਨ। ਜਦੋਂ ਐਸੀ ਚਾਲੀ ਪਿੰਡ ਦੇ ਲੋਕਾਂ ਨੇ ਦੇਖੀ ਸੁਣੀ, ਬਹੁਤ ਸਾਰੇ ਬੰਦੇ ਮਹਾਰਾਜ ਜੀ ਦੀ ਸੇਵਾ ਵਿਚ ਜਾਣ ਲੱਗੇ- ਹਰਜਿੰਦਰ ਸਿੰਘ, ਹਰਮੁਖ ਸਿੰਘ, ਨਰੰਜਣ ਸਿੰਘ, ਵਰਿਆਮ ਸਿੰਘ, ਸੀਤਲ ਸਿੰਘ, ਕਰਮ ਸਿੰਘ, ਭਗਵਾਨ ਸਿੰਘ, ਲਹਿਣਾ ਸਿੰਘ ਜਿਨ੍ਹਾਂ ਵਿਚੋਂ ਹਰਜਿੰਦਰ ਸਿੰਘ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਾਇਆ ਕਰਦੇ ਸਨ। ਨਰੰਜਣ ਸਿੰਘ ਤੇ ਹਰਜਿੰਦਰ ਸਿੰਘ ਜੀ ਪਾਸੋਂ ਸਾਰੀ ਕਥਾ ਸੁਣ ਕੇ ਲਿਖ ਰਿਹਾ ਹਾਂ। ਜੋ ਕੌਤਕ ਸੁੱਜੋਂ ਵਿਚ ਆਪ ਜੀ ਨੇ ਕੀਤੇ। ਨਰੰਜਣ ਸਿੰਘ ਦੇ ਖੇਤ ਵਿਚ

ਗੁਰਦੁਆਰਾ ਬੰਗਲਾ ਸਾਹਿਬ ਬਣਿਆ ਹੋਇਆ ਹੈ। ਜਦੋਂ ਪਹਿਲਾਂ-ਪਹਿਲਾਂ ਮਹਾਰਾਜ ਇਸ ਪਿੰਡ ਦੀ ਜੂਹ ਵਿਚ ਆਏ, ਡੰਗਰ ਚਾਰਨ ਵਾਲੇ ਲੋਕ ਆ ਕੇ ਗੱਲਾਂ ਕਰਿਆ ਕਰਦੇ ਸਨ, ਪਿੰਡ ਵਿਚ ਇਕ ਫ਼ਕੀਰ ਹੈ, ਰੱਬ ਦਾ ਰੂਪ ਹੀ ਉਤਰਿਆ ਹੋਇਆ ਹੈ, ਨਾ ਕੁੱਝ ਖਾਂਦਾ ਹੈ, ਨਾ ਕੁੱਝ ਪੀਂਦਾ ਹੈ। ਪੋਹ ਮਾਘ ਦੀ ਸਰਦੀ ਵਿਚ ਬਾਹਰ ਹੀ ਰਹਿੰਦਾ ਹੈ। ਨੰਗੇ ਪੈਰ ਹਨ, ਨਾ ਕੋਈ ਉੱਪਰ ਕੱਪੜਾ ਹੈ, ਪਤਾ ਨਹੀਂ ਇੰਨੀ ਸਰਦੀ ਵਿਚ ਕਿਵੇਂ ਬਾਹਰ ਰਹਿੰਦੇ ਹਨ? ਪਤਾ ਨਹੀਂ ਗਰਮੀ, ਸਰਦੀ ਇਨ੍ਹਾਂ ਦੇ ਹੁਕਮ ਵਿਚ ਚਲਦੀ ਹੈ? ਨਾ ਕੋਈ ਮੰਜੀ ਲੈਂਦੇ ਹਨ, ਨਾ ਕੋਈ ਕੱਪੜਾ ਹੈ। ਇਕ ਗੱਲ ਅਲਫ਼ੀ ਹੀ ਪਹਿਨੀ ਹੋਈ ਹੈ। ਸਰਦੀ ਨਾਲ ਪਏ ਪਾਣੀ ਜੰਮ ਜਾਂਦੇ ਹਨ। ਹਰਜਿੰਦਰ ਸਿੰਘ ਨੇ ਦੱਸਿਆ ਜਦੋਂ ਕਦੀ ਅਸੀਂ ਸੇਵਾ ਵਾਸਤੇ ਬੇਨਤੀ ਕਰਦੇ ਹੁੰਦੇ ਸਾਂ ਤਾਂ ਦੂਰੋਂ ਹੀ ਪਿੱਛੇ ਮੋੜ ਦਿੰਦੇ ਸਨ। ਜਦੋਂ ਇਸ ਤਰਾਂ ਇਕ ਮਹੀਨਾ ਕੁੱਝ ਦਿਨ ਲੰਘ ਗਏ। ਪਿੰਡ ਵਾਸੀ ਲੋਕਾਂ ਦਾ ਦਿਲ ਕੰਬ ਉਠਿਆ। ਇੰਨੀ ਕਠਿਨ ਸਾਧਨਾ ਵਾਲਾ ਤਪੱਸਵੀ, ਕੋਈ ਨਿਰੰਕਾਰ ਦਾ ਰੂਪ ਹੀ ਸਾਡੇ ਪਿੰਡ ਦੀ ਜੂਹ ਵਿਚ, ਸਾਡੇ ਪਿੰਡ ਨੂੰ ਭਾਗ ਲਾਉਣ ਵਾਸਤੇ ਆਇਆ ਹੋਇਆ ਹੈ। ਮਹਾਰਾਜ ਕਈ ਵਾਰੀ ਇੱਧਰ-ਉੱਧਰ ਦੂਰ ਨੇੜੇ ਚਲੇ ਜਾਇਆ ਕਰਦੇ ਸਨ। ਮੁੜ ਫਿਰ ਇਸ ਹੀ ਪਾਸੇ ਬੈਠ ਜਾਇਆ ਕਰਦੇ ਸਨ। ਸਾਰਾ ਸਿਆਲ ਇਨ੍ਹਾਂ ਹੀ ਖੇਤਾਂ ਵਿਚ ਗੁਜ਼ਾਰ ਛੱਡਿਆ। ਸਿਆਲ ਬੀਤਣ ਤੋਂ ਬਾਅਦ ਬਸੰਤ ਰੁੱਤ ਆਉਣ 'ਤੇ ਖਿਜ਼ਾ ਤੋਂ ਬਾਅਦ, ਮੁੜ ਫਿਰ ਸਭ ਪਾਸੀਂ ਹਰਿਆਵਲ ਹੀ ਹਰਿਆਵਲ ਨਜ਼ਰ ਆਉਣ ਲੱਗੀ। ਫ਼ਸਲਾਂ ਤੇ ਬਣਾਂ ਪਰਬਤਾਂ 'ਤੇ ਕਹਿਰ ਦਾ ਨੂਰ ਖਿੜਿਆ ਨਜ਼ਰੀ ਆਉਣ ਲੱਗਾ, ਫੁੱਲਾਂ ਦੀਆਂ ਬਾੜੀਆਂ ਉੱਤੇ ਭੌਰੇ ਪਏ ਗੂੰਜ ਰਹੇ ਸਨ। ਖੇਤਾਂ ਵਿਚ ਗੰਦਲਾਂ ਫੁੱਟ-ਫੁੱਟ ਕੇ ਖੇਤਾਂ ਨੂੰ ਰੰਗ ਲਾ ਰਹੀਆਂ ਸਨ। ਫੱਗਣ ਚੇਤਰ ਦੇ ਦਿਨਾਂ ਵਿਚ ਪਿੰਡ ਦੇ ਲੋਕਾਂ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬਹੁਤ ਬੇਨਤੀਆਂ ਕਰਕੇ, ਪਿੰਡ ਦੇ ਪੱਛਮ ਵਾਲੇ ਪਾਸੇ, ਨਰੰਜਣ ਸਿੰਘ ਦੇ ਖੇਤ ਵਿਚ ਇਕ ਕੁੱਲਾ ਬਣਾ ਦਿੱਤਾ। ਮਹਾਰਾਜ ਕੁੱਲੇ ਵਿਚ ਰਹਿੰਦੇ ਰਹੇ। ਇਕ ਦਿਨ ਹਰਜਿੰਦਰ ਸਿੰਘ ਮਹਾਰਾਜ ਜੀ ਵਾਸਤੇ ਪ੍ਰਸ਼ਾਦਾ ਲੈਣ ਵਾਸਤੇ ਗਿਆ। ਮਹਾਰਾਜ ਜੀ ਨੇ ਅੱਗੋਂ ਹਰਜਿੰਦਰ ਸਿੰਘ ਨੂੰ ਇਸ਼ਾਰਾ ਕੀਤਾ, "ਦੇਖ! ਹਰਜਿੰਦਰ! ਕਿੱਡੇ ਮਹਿਲ ਪਏ ਹੋਏ ਹਨ। ਕਿੱਡੀਆਂ-ਕਿੱਡੀਆਂ ਕੋਠੀਆਂ

ਪਈਆਂ ਹੋਈਆਂ ਹਨ, ਦੇਖ! ਹੀਰੇ, ਲਾਲਾਂ ਨਾਲ ਜੜੀਆਂ ਹੋਈਆਂ ਹਨ। ਉਸ ਵੇਲੇ ਸੁੱਜੋਂ ਵਿਚ ਕੋਈ ਪੱਕਾ ਮਕਾਨ ਨਹੀਂ ਸੀ।" ਅੱਜ ਸੁੱਜੋਂ ਵਿਚ ਕੋਈ ਕੱਚਾ ਮਕਾਨ ਨਜ਼ਰੀਂ ਨਹੀਂ ਆਉਂਦਾ। ਸਭ ਲੋਕੀਂ ਮਾਲੋ ਮਾਲ ਹਨ, ਬੜੀਆਂ-ਬੜੀਆਂ ਬਿਲਡਿੰਗਾਂ ਹਨ। ਇਹ ਭਵਿੱਖਤ ਬਚਨ ਆਪ ਜੀ ਨੇ ਚਾਲੀ ਸਾਲ ਪਹਿਲਾਂ ਹੀ ਰਮਜ਼ ਵਿਚ ਹਰਜਿੰਦਰ ਸਿੰਘ ਨੂੰ ਦੱਸੇ। ਇਕ ਸਾਲ ਆਪ ਜੀ ਉਸ ਕੁੱਲੇ ਵਿਚ ਰਹੇ। ਉਸ ਤੋਂ ਬਾਅਦ ਸੀਤਲ ਸਿੰਘ ਦੇ ਖੇਤ ਵਿਚ ਇਕ ਫਲਾਹੀ ਸੀ, ਫਲਾਹ ਦਾ ਡਾਹਣਾ ਇਕ ਪਾਸੇ ਨੂੰ ਲਫਮਾ ਸੀ। ਫਲਾਹੀ 'ਤੇ ਮਣ੍ਹਾਂ ਬਣਾ ਕੇ ਰਹਿੰਦੇ ਰਹੇ। ਇਕ ਸਾਲ ਤੋਂ ਬਾਅਦ ਹਰਜਿੰਦਰ ਸਿੰਘ ਦਾ ਭਾਈ ਵਰਿਆਮ ਸਿੰਘ ਜੋ ਚੀਨ ਵਿਚ ਰਹਿੰਦਾ ਸੀ, ਵੀ ਆਪ ਜੀ ਦਾ ਬਹੁਤ ਸੇਵਕ ਬਣ ਗਿਆ। ਮਨ ਵਿਚ ਸ਼ੌਕ ਉੱਠਿਆ ਮਹਾਰਾਜ ਜੀ ਵਾਸਤੇ ਇਕ ਬਹੁਤ ਸੋਹਣਾ ਬੰਗਲਾ ਤਿਆਰ ਕਰਾਵਾਂ। ਹਰਜਿੰਦਰ ਸਿੰਘ ਨੂੰ ਆਖਣ ਲੱਗਾ, "ਭਾਈ ਸਾਹਿਬ ਜੀ! ਜੇ ਤੁਸੀਂ ਆਖੋ ਤਾਂ ਆਪਣੇ ਖੂਹ ਤੇ ਇਕ ਚੀਨ ਦੇ ਫ਼ੈਸ਼ਨ ਦਾ ਬੰਗਲਾ ਬਣਾ ਦੇਵਾਂ, ਸੱਚੇ ਪਾਤਸ਼ਾਹ ਰਿਹਾ ਕਰਨਗੇ।" ਹਰਜਿੰਦਰ ਸਿੰਘ ਆਖਣ ਲੱਗਾ, "ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੈ।" ਲੱਕੜ ਤੇ ਇੱਟਾਂ ਲੈ ਆਂਦੀਆਂ, ਜਿਸ ਦਿਨ ਨੀਂਹ ਦੀ ਇੱਟ ਰੱਖਣੀ ਸੀ, ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਆਪਣੇ ਪਵਿੱਤਰ ਹੱਥਾਂ ਨਾਲ ਬੰਗਲਾ ਸਾਹਿਬ ਦੀ ਨੀਂਹ ਰੱਖ ਆਓ।" ਇੱਟ ਰੱਖਣ ਵਾਸਤੇ ਮਹਾਰਾਜ ਜੀ ਆਏ। ਉੱਥੇ ਇੱਟਾਂ ਸੁੱਟੀਆਂ ਹੋਈਆਂ ਸਨ, ਜਿੱਥੇ ਬੰਗਲਾ ਸਾਹਿਬ ਦੀ ਨੀਂਹ ਰੱਖਣੀ ਨੀਯਤ ਹੋਈ ਸੀ। ਹਰਜਿੰਦਰ ਸਿੰਘ ਦਾ ਖੂਹ ਛੱਡਕੇ ਅੱਗੇ ਚਲੇ ਗਏ। ਇਕ ਜਗ੍ਹਾਤੇ ਜਾ ਕੇ ਖੜ੍ਹੇ ਹੋਏ, "ਆਹ ਜਗ੍ਹਾ ਹੈ ਸਾਡੀ! ਜੇ ਕੋਈ ਛੱਡ ਦੇਵੇ।" ਬੈਰ ਸਾਰੇ ਲੋਕ ਸੇਵਾਦਾਰ ਨਾਲ ਹੀ ਸਨ। ਸਭ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਜਿੱਥੇ ਹੁਕਮ ਕਰੋ, ਉੱਥੇ ਹੀ ਬੰਗਲਾ ਸਾਹਿਬ ਬਣਾ ਦਿੱਤਾ ਜਾਵੇਗਾ।" ਉਹ ਖੇਤ ਨਰੰਜਣ ਸਿੰਘ ਦਾ ਸੀ। ਨਰੰਜਣ ਸਿੰਘ ਨੂੰ ਪਹਿਲਾਂ ਹੀ ਪਿੰਡ ਭੇਜ ਦਿੱਤਾ ਹੋਇਆ ਸੀ ਕਿ ਦੇਗ ਬਣਾ ਕੇ ਲੈ ਆਓ। ਨਰੰਜਣ ਸਿੰਘ ਜਦੋਂ ਦੇਗ ਬਣਾ ਕੇ ਲੈ ਆਇਆ, ਮਹਾਰਾਜ ਨਿਸ਼ਾਨ ਦੇਹੀ ਨਰੰਜਣ ਸਿੰਘ ਦੇ ਖੇਤ ਵਿਚ ਹੀ ਦੇ ਰਹੇ ਸਨ। ਨਰੰਜਣ ਸਿੰਘ ਦੇਖ ਕੇ ਬਹੁਤ ਖੁਸ਼ ਹੋਇਆ, ਵੈਰਾਗ ਵਿਚ ਅੱਥਰੂ

ਵਗਾਉਂਦਾ ਹੋਇਆ, ਚਰਨਾਂ 'ਤੇ ਢਹਿ ਪਿਆ, ਮਨ ਖੁਸ਼ੀ ਨਾਲ ਗਦ-ਗਦ ਹੋ ਉਠਿਆ। ਨੀਂਹ ਪੁੱਟ ਕੇ ਬੰਗਲਾ ਸਾਹਿਬ ਦੀ ਇਮਾਰਤ ਦੀ ਇੱਟ ਰੱਖੀ। ਸਰਕਾਰ ਦਾ ਹੁਕਮ ਇਹ ਸਾਡਾ ਤਖ਼ਤ ਬਹੁਤ ਵੱਡਾ 16 ਘੁਮਾਵਾਂ ਵਿਚ ਹੋਵੇਗਾ, 7 ਘੁਮਾਂ ਵਿਚ ਤਾਂ ਮੇਰੀ ਸੰਗਤ ਦੇ ਆਏ ਹੋਏ ਗੱਡੇ ਹੀ ਖੜ੍ਹਿਆ ਕਰਨਗੇ, ਦੋ ਘੁਮਾਵਾਂ ਵਿਚ ਮੇਰੀ ਸੰਗਤ ਦੇ ਜੋੜੇ ਹੀ ਰੱਖ ਹੋਣਗੇ। ਇਹ ਹੁਕਮਨਾਮਾ ਦੇ ਕੇ ਆਪ ਫਿਰ ਉਸੇ ਹੀ ਮਣ੍ਹੇ ਤੇ ਚਲੇ ਗਏ। ਸੰਨ 1911 ਦਿਨ ਬੁੱਧਵਾਰ 13 ਸਾਵਣ ਨੂੰ ਬੰਗਲਾ ਸਾਹਿਬ ਦੀ ਨੀਂਹ ਰੱਖੀ ਸੀ। ਹਰਜਿੰਦਰ ਸਿੰਘ ਨੇ ਕਿਹਾ ਕਿ ਮੈਂ ਗੜ੍ਹਸ਼ੰਕਰ ਤੋਂ ਮਿਸਤਰੀ ਲੈ ਆਵਾਂ, ਜਾਂਦਾ-ਜਾਂਦਾ ਪਾਤਸ਼ਾਹ ਮਹਾਰਾਜ ਜੀ ਦੀ ਇਜਾਜ਼ਤ ਲੈਣ ਗਿਆ, ਤਾਂ ਅੱਗੋਂ ਹੁਕਮ ਹੋਇਆ ਸੇਵਾਦਾਰ ਆਪੇ ਹੀ ਆ ਜਾਣਗੇ। ਕੁੱਝ ਦੇਰ ਹੋਈ ਤਾਂ ਮੰਗਲ ਰਾਮ ਗੋਸਲਾਂ ਤੋਂ, ਮੀਹਾਂ ਸਿੰਘ ਰਹਿਪੇ ਤੋਂ, ਮੂਸਾਪੁਰ, ਭਰੋਮਾਜਾਰੇ, ਝਿਗੜਾਂ ਤੋਂ ਲੱਕੜ ਦਾ ਤੇ ਬਾਕੀ ਸਭ ਕੰਮ ਕਰਨ ਵਾਲੇ ਸੇਵਾਦਾਰ ਪਹੁੰਚ ਗਏ। ਇਮਾਰਤ ਸ਼ੁਰੂ ਕਰ ਦਿੱਤੀ। ਬੰਗਲਾ ਸਾਹਿਬ ਬਹੁਤ ਸੋਹਣਾ ਬਣ ਗਿਆ। ਥੱਲੇ ਭੋਰਾ ਬਣਾਇਆ। ਇਕ ਛੱਤ ਉੱਪਰ ਜਾ ਕੇ ਬਣਾਈ ਦੋ ਛੱਤਾਂ ਬਣ ਗਈਆਂ। ਉੱਪਰਲੀ ਛੱਤ ਨੂੰ ਮਹਾਰਾਜ ਦੇਵਤਿਆਂ ਦੀ ਛੱਤ ਆਖਿਆ ਕਰਦੇ ਸਨ, ਹਰ ਰੋਜ਼ ਧੂਆ ਕੇ ਧੂਪ ਦੁਆ ਕੇ ਵਿਛਾਈ ਕਰਵਾ ਦਿੰਦੇ ਸਨ। ਉਹ ਛੱਤ ਤੇ ਸ਼ਰ੍ਹੇਆਮ ਬੰਦਾ ਨਹੀਂ ਸੀ ਜਾ ਸਕਦਾ। ਇਕ ਸੇਵਾਦਾਰ ਸੀਤਲ ਸਿੰਘ ਦੀ ਡਿਊਟੀ ਸੀ, ਹਰ ਰੋਜ਼ ਇਸ਼ਨਾਨ ਕਰਵਾ ਕੇ ਧੂਫ ਦੇਣਾ। ਬੰਗਲਾ ਸਾਹਿਬ ਪੂਰਾ ਤਿਆਰ ਹੋਣ ਤੋਂ ਬਾਅਦ ਪਿੰਡੋਂ ਬੀਬੀਆਂ ਤੇ ਕਾਫ਼ੀ ਹੋਰ ਸੰਗਤਾਂ ਪ੍ਰਸ਼ਾਦ ਬਣਾ ਕੇ ਸ਼ਬਦ ਪੜ੍ਹਦੀਆਂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਈਆਂ। ਜਦੋਂ ਪਿੰਡੋਂ ਸੰਗਤ ਨਿਕਲ ਦੋ ਖੇਤ ਗੁਰਦੁਆਰੇ ਤੋਂ ਪਿੱਛੇ ਹੀ ਸਨ। ਉੱਠ ਕੇ ਅਵਾਜ਼ ਦਿੱਤੀ, ਇਥੋਂ ਹੀ ਪ੍ਰਸ਼ਾਦ ਵਰਤਾਅ ਕੇ ਨਮਸਕਾਰ ਕਰਕੇ ਮੁੜ ਜਾਵੋ। ਸੰਗਤਾਂ ਸ਼ਬਦ ਪੜ੍ਹ ਰਹੀਆਂ ਹਨ "ਤੂੰ ਦੇ ਦਰਸ਼ਨ ਗੁਰੂ ਮੇਰੇ ਸਭ ਸੰਗਤਾਂ ਆਈਆਂ ਦਰਸ਼ਨ ਨੂੰ" ਮਹਾਰਾਜ ਜੀ ਕਹਿੰਦੇ ਸਨ "ਸੁਣਾਂਗਾ! ਫਿਰ ਸੁਣਾਂਗਾ। ਹਾਲੇ ਇਥੋਂ ਹੀ ਮੁੜ ਜਾਵੋ। ਉਸ ਵੇਲੇ ਸੁਣਾਂਗਾ ਜਦੋਂ ਮੇਰਾ ਤਖ਼ਤ 16 ਘੁਮਾਂ ਵਿਚ ਪ੍ਰਫੁੱਲਤ ਹੋਵੇਗਾ, ਹਾਲੇ ਤਾਂ ਅਸੀਂ ਨਿਸ਼ਾਨ ਹੀ ਲਾਇਆ ਹੈ।" ਪਰ ਉੱਥੇ ਖਲੋਤੀਆਂ ਬੀਬੀਆਂ ਨੇ ਸ਼ਬਦ ਪੜ੍ਹਿਆ, "ਤੂੰ

ਦੇ ਦਰਸ਼ਨ ਗੁਰੂ ਮੇਰੇ ਅਸੀਂ ਕੌਣ ਵੇਲੇ ਦੀਆਂ ਖੜੀਆਂ।" ਹਰਜਿੰਦਰ ਸਿੰਘ ਨੂੰ ਹੁਕਮ ਕੀਤਾ ਕਿ ਇਥੋਂ ਹੀ ਪਿੱਛੇ ਮੁੜ ਜਾਣ। ਕਾਫ਼ੀ ਲੋਕਾਂ ਦਾ ਪ੍ਰੇਮ ਵਧਦਾ ਗਿਆ। ਪੰਜ ਘੁਮਾਂ ਜਗ੍ਹਾ ਬੰਗਲਾ ਸਾਹਿਬ ਦੇ ਨਾਂ ਲੁਆ ਦਿੱਤੀ। ਮਹਾਰਾਜ ਜੀ ਜਦੋਂ ਮਣ੍ਡੇ ਤੇ ਹੀ ਰਹਿੰਦੇ ਸਨ। ਉਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਦੇ ਪੰਜ ਘਰ ਬਹੁਤ ਸੇਵਕ ਬਣ ਗਏ। ਬੰਗਲਾ ਤਿਆਰ ਹੋਣ 'ਤੇ ਮਹਾਰਾਜ ਜੀ ਬੰਗਲੇ ਵਿਚ ਹੀ ਰਹਿਣ ਲੱਗੇ। ਰਹਿਪਾ, ਝਿਗੜਾਂ, ਮਜਾਰਾ, ਗੋਸਲਾਂ, ਭਰੋਮਾਜਰਾ ਅਤੇ ਮੂਸਾਪੁਰੋਂ ਕਾਫ਼ੀ ਸੇਵਕ ਹਰ ਰੋਜ਼ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਕੋਈ ਪੰਦਰਾਂ ਵੀਹ ਬੰਦੇ ਮਹਾਰਾਜ ਜੀ ਦੇ ਪਾਸ ਹੀ ਰਿਹਾ ਕਰਦੇ ਸਨ। ਸਰਦਾਰ ਹਰਨਾਮ ਸਿੰਘ ਝਿਗੜਾਂ ਵਾਲੇ ਨੂੰ ਮਹਾਰਾਜ ਸਦਾ ਨਾਲ ਹੀ ਰੱਖਦੇ ਸਨ। ਆਖਿਆ ਕਰਦੇ ਸਨ ਕਿ ਇਹ ਹਮਾਰਾ ਵਜ਼ੀਰ ਹੈ, ਕਦੀ-ਕਦੀ ਇਹ ਵੀ ਆਖ ਦਿੰਦੇ ਸਨ ਜਿਸ ਨੇ ਮੇਰਾ ਦਰਸ਼ਨ ਕਰਨਾ ਹੋਵੇ ਉਹ ਨਾਮੇ ਦਾ ਹੀ ਦਰਸ਼ਨ ਕਰ ਲਵੇ, ਤਾਂ ਮੇਰਾ ਹੀ ਦਰਸ਼ਨ ਹੋ ਜਾਂਦਾ ਹੈ। ਸਰਮੁਖ ਸਿੰਘ ਜੀ ਰਹਿਪੇ ਤੋਂ ਹਰ ਰੋਜ਼ ਸੂਰਜ ਦੀ ਟਿੱਕੀ ਨਿਕਲਦੀ ਨਾਲ ਹੀ ਸੁੱਜੋਂ ਪਹੁੰਚ ਜਾਂਦੇ ਸਨ। ਦਰਸ਼ਨ ਕਰਕੇ ਵਾਪਿਸ ਸ਼ਾਮ ਨੂੰ ਫਿਰ ਰਹਿਪੇ ਆ ਜਾਣਾ। ਇਸ ਤਰਾਂ ਸੰਗਤਾਂ ਦੀ ਅਵਾਜਾਈ ਕਾਫ਼ੀ ਬਣੀ ਰਹਿੰਦੀ ਸੀ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਵਰਿਆਮ ਸਿੰਘ ਨੂੰ ਜਮਾਂ ਤੋਂ ਛੁਡਾਉਣ ਦੀ ਚੱਲੀ

ਹਰਜਿੰਦਰ ਸਿੰਘ ਦੇ ਪਿਤਾ ਭਾਈ ਵਰਿਆਮ ਸਿੰਘ ਬਿਮਾਰ ਹੋ ਗਏ। ਮਹਾਰਾਜ ਜੀ ਦੇ ਬਹੁਤ ਪ੍ਰੇਮੀ ਸੀ, ਐਸਾ ਗ੍ਰਹਿ ਚੱਕਰ ਲੱਗਾ ਕਈ ਦਿਨ ਤਕਲੀਫ਼ ਰਹੀ। ਇਕ ਦਿਨ ਐਸਾ ਹੋਇਆ, ਸਵਾਸ ਚਲਦੇ-ਚਲਦੇ ਰੁਕ ਗਏ। ਸਰੀਰ ਠੰਡਾ ਹੋ ਗਿਆ। ਵਰਿਆਮ ਸਿੰਘ ਦੀ ਅਦਵਾਹਿਕ ਦੇਹ ਨੂੰ ਜਦੋਂ ਧਰਮਪੁਰੀ ਵਿਚ ਲੈ ਕੇ ਗਏ, ਧਰਮਰਾਜ ਉੱਠਕੇ ਖਲੋ ਗਿਆ। ਅੱਗੋਂ ਦੂਤਾਂ ਨੂੰ ਆਖਿਆ ਉਹ! ਜਲਦੀ ਕਰੋ ਇਸਨੂੰ ਵਾਪਿਸ ਕਰਕੇ ਆਵੋ। ਦੋ ਭਿਆਨਕ ਜਿਹੀਆਂ, ਕਾਫ਼ੀ ਡਰਾਉਣੀਆਂ ਜਿਹੀਆਂ ਸੂਰਤਾਂ, ਦੋ ਦੋ ਸਿੰਗ, ਚਾਰ ਚਾਰ

ਉਂਗਲ ਲੰਬੇ ਲਾਲ ਨੇਤਰ ਵਰਿਆਮ ਸਿੰਘ ਨੂੰ ਪਕੜਨ ਲੱਗੇ, ਅੱਗੋਂ ਝਟਪਟ ਧਰਮਰਾਜ ਜੀ ਜਮਦੂਤਾਂ ਨੂੰ ਆਖਿਆ– "ਪਿੱਛੇ ਹਟ ਜਾਓ! ਤੁਸੀਂ ਇਸਦੇ ਨੇੜੇ ਨਹੀਂ ਜਾਣਾ, ਇਹ ਤਾਂ ਰਾਜਾ ਸਾਹਿਬ ਦੇ ਦਰਸ਼ਨ ਕਰਦਾ ਰਿਹਾ ਹੈ। ਸੇਵਾ ਵੀ ਕਰਦਾ ਰਿਹਾ ਹੈ (ਹੋਰ ਦੋ ਨਰ ਸੂਰਤਾਂ ਜਿਨਾਂ ਨੂੰ ਦੂਤ ਆਖਿਆ ਜਾਂਦਾ ਸੀ, ਉਨ੍ਹਾਂ ਦੇ ਸਿੰਗ ਨਹੀਂ ਸਨ) ਇਕ ਪਲਕ ਵਿਚ ਵਾਪਿਸ ਲੈ ਜਾਓ। ਇਸਦੀ ੨੫ ਸਾਲ ਉਮਰ ਬਾਕੀ ਹੈ।" ਵਰਿਆਮ ਸਿੰਘ ਫਿਰ ਜੀਅ ਉਠਿਆ। ਸਾਰੀ ਕਹਾਣੀ ਉਸ ਉੱਠਕੇ ਸੁਣਾਈ ੨੫ ਸਾਲ ਹੋਰ ਜਿਉਂਦਾ। ਐਸੀ ਬਰਕਤ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਸੇਵਾ ਵਿਚ ਹੈ, ਜੇ ਕੋਈ ਜੀ ਕਰੇ ਉਨ੍ਹਾਂ ਨੂੰ ਯਮ ਦੀ ਤਲਬ ਨਹੀਂ ਹੁੰਦੀ। ਫਿਰ ਸਾਰੀ ਜ਼ਿੰਦਗੀ ਵਰਿਆਮ ਸਿੰਘ ਨੇ ਰਾਜਾ ਜੀ ਦੇ ਗੁਣ ਗਾਉਂਦਆਂ ਬਸਰ ਕੀਤੀ। ਫਿਰ ਇਹ ਧਾਰਨਾ ਪੜ੍ਹਦਾ ਰਿਹਾ ਕਰੇ "ਸਤਿਗੁਰੁ ਹੋਣਗੇ ਸਹਾਈ ਵੇਲੇ ਅੰਤ ਦੇ" "ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀਂ ਆਵੈ ਨੇਰੈ" ਐਸਾ ਮਹਾਂਪੁਰਸ਼ਾਂ ਦੀ ਸੇਵਾ ਦਾ ਫਲ ਹੈ। ਇਕ ਦਿਨ ਨਰੰਜਣ ਸਿੰਘ ਮਹਾਰਾਜ ਲਈ ਪ੍ਰਸ਼ਾਦਾ ਲੈ ਕੇ ਗਿਆ। ਅੱਗੋਂ ਮਹਾਰਾਜ ਜੀ ਕੋਈ ਗੁੱਝੀਆਂ ਗਜ਼ਾਂ ਮਾਰ ਰਹੇ ਸਨ। ਜਰਮਨ ਤੇ ਬਰਤਾਨੀਆਂ ਤੇ ਹੋਰ ਮੁਲਕਾਂ ਦੇ ਨਾਂ ਲੈ ਲੈ ਕੇ ਕੁੱਝ ਕਹੀ ਜਾਂਦੇ ਸਨ। ਇਹ ਸੈਨ 1912 ਵਿਚ ਅੰਗਰੇਜ਼ ਤੇ ਜਰਮਨ ਦੀਆਂ ਲੜਾਈਆਂ ਦੀਆਂ ਗਜ਼ਾਂ ਮਾਰ ਰਹੇ ਸਨ। ਮਹਾਰਾਜ ਬਹੁਤ ਰੁੱਝੇ ਹੋਏ ਸਨ, ਕੋਈ ਗ਼ੈਬੀ ਹੀ ਗੱਲਾਂ ਕਰਦੇ ਰਹੇ। ਨਰੰਜਣ ਸਿੰਘ ਪ੍ਰਸ਼ਾਦਾ ਹੱਥਾਂ ਤੇ ਲੈ ਕੇ ਹੀ ਖੜ੍ਹਾ ਰਿਹਾ, ਕਿਉਂਕਿ ਮਹਾਰਾਜ ਜੀ ਦੇ ਚਿਹਰੇ ਦੀ ਝਲਕ ਝੱਲੀ ਨਹੀਂ ਸੀ ਜਾਂਦੀ। ਕੁੱਝ ਦੇਰ ਬਾਅਦ ਮਹਾਰਾਜ ਗਾਲੀਆਂ ਦੇਣ ਲੱਗ ਪਏ। ਨਰੰਜਣ ਸਿੰਘ ਕਹਿੰਦਾ ਕਿ ਮੇਰੀ ਬੈਠੇ ਦੀ ਕੌਡੀ ਧੜਕ-ਧੜਕ ਕਰਨ ਲੱਗੀ। ਪਤਾ ਨਹੀਂ ਕਿਸਨੂੰ ਗੁੱਸੇ ਹੋ ਰਹੇ ਹਨ। ਜਦੋਂ ਥੋੜ੍ਹੇ ਚਿਰ ਬਾਅਦ ਇਕ 40 ਸਾਲ ਦੀ ਔਰਤ ਕਿੱਤਣੇ ਵਲੋਂ ਚੱਲੀ ਆਵੇ। ਕਾਫ਼ੀ ਦੂਰ ਹੀ ਸੀ ਮਹਾਰਾਜ ਕਹਿਣ ਲੱਗੇ, "ਨਰੰਜਣ! ਉੱਠ ਛੇਤੀ ਕਰ ਰੋਟੀ ਪਈ ਰਹਿਣ ਦੇ, ਸਾਨੂੰ ਤਾਂ ਹੋਰ ਹੀ ਕੰਮਾਂ ਵਿਚ ਵਿਹਲ ਨਹੀਂ ਲਗਦਾ। ਉਹ ਸੋਟੀ ਚੁੱਕ ਜਿਹੜੀ ਉਤਾਹ ਨੂੰ ਮੂੰਹ ਚੁੱਕੀ ਆਉਂਦੀ ਹੈ, ਸਾਲੀ ਦੇ ਗਿੱਟੇ ਭੰਨ ਸੁੱਟ।" ਹੁਕਮ ਕਿਹੜਾ ਮੋੜ ਸਕੇ? ਨਰੰਜਣ ਸਿੰਘ ਹੁਕਮ ਪਾ ਕੇ ਸੋਟਾ ਲੈ ਕੇ ਭੱਜ ਪਿਆ, ਉਸ ਆਉਂਦੀ ਹੀ ਔਰਤ

ਨੂੰ ਆਖਿਆ, ਮੇਰੇ ਮੋਹਰੇ ਨੱਠ ਪੈ ਨਹੀਂ ਤਾਂ ਮੈਨੂੰ ਹੁਕਮ ਵਜਾਉਣਾ ਹੀ ਪਵੇਗਾ। ਬੁੱਢੀ ਵੀ ਵਿਚਾਰੀ ਡਰਦੀ ਭੱਜ ਪਈ। ਨਰੰਜਣ ਸਿੰਘ ਕਦੇ ਮੋਢੇ ਉੱਤੇ ਘੁਮਾ ਕੇ, ਕਦੇ ਕਿਸੇ ਮੋਢੇ ਤੋਂ ਘੁਮਾ ਕੇ ਭੁੰਜੇ ਮਾਰੀ ਜਾਵੇ। ਕਾਫ਼ੀ ਦੂਰ ਚਲੇ ਗਏ। ਕਿੱਤਣੇ ਦੇ ਨੇੜੇ ਆ ਕੇ ਪਿੱਛੇ ਮੁੜਿਆ। ਜਦੋਂ ਨਰੰਜਣ ਸਿੰਘ ਮੁੜ ਕੇ ਆਇਆ ਤਾਂ ਮਹਾਰਾਜ ਜੀ ਕਹਿੰਦੇ ਕਿ "ਨਰੰਜਣ ਨਾਂ ਕੁੜੀ ਮੇਰੇ ਤੇ ਨਾ ਕੁੜੀ ਤੇਰੇ, ਮੈਂ ਜੋੜੀ ਕਿੱਥੋਂ ਬਣਾ ਦੇਵਾਂ? (ਬੁੱਢੀ ਦਾ ਇਹ ਸੰਕਲਪ ਸੀ ਕਿ ਮੇਰੇ ਪੁੱਤਰ ਦਾ ਵਿਆਹ ਹੋ ਜਾਵੇ।) ਸਾਨੂੰ ਕਿਤੇ ਧਿਆਨ ਦੇਣਾ ਸੁੱਝਦਾ ਹੈ। ਜਰਮਨ ਦੀ ਜੰਗ ਲੱਗੀ ਹੋਈ ਹੈ, ਕਈ ਕੰਮ ਕਰਨ ਵਾਲੇ ਵਿਚ ਪਏ ਹਨ।" ਇਹ ਬਚਨ ਮਹਾਰਾਜ ਜੀ ਨੇ 1912 ਵਿਚ ਆਖੇ ਸਨ, ਸੰਨ 1914 ਵਿਚ ਲੜਾਈ ਲੱਗ ਗਈ। ਦੋ ਸਾਲ ਪਹਿਲਾਂ ਹੀ ਰਮਜ਼ ਮਾਰੀ ਸੀ, ਫਿਰ ਪ੍ਰਸ਼ਾਦਾ ਛਕਿਆ। ਨਰੰਜਣ ਸਿੰਘ ਨੂੰ ਛੁੱਟੀ ਦਿੱਤੀ ਤੇ ਸਾਰੀ ਕਹਾਣੀ ਹਰਜਿੰਦਰ ਸਿੰਘ ਤੇ ਨਰੰਜਣ ਸਿੰਘ ਨੇ ਜ਼ੁਬਾਨੀ ਦਾਸ ਨੂੰ ਸੁਣਾਈ ਸੀ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਲੜਾਈ ਦੀ ਚੱਲੀ

ਬੰਗਲਾ ਸਾਹਿਬ ਤਿਆਰ ਹੋਣ ਤੋਂ ਬਾਅਦ ਚੜ੍ਹਦੇ ਸੂਰਜ ਵਾਂਗ ਦਿਨ ਪ੍ਰਤੀ ਦਿਨ ਕਾਫ਼ੀ ਰੌਣਕਾਂ ਵਧਦੀਆਂ ਗਈਆਂ। ਕੁੱਝ ਬੰਦੇ ਪਿੰਡ ਦੇ ਇਸ ਵਧਦੀ ਰੌਣਕ ਨੂੰ ਵੇਖ ਕੇ ਈਰਖਾ ਕਰਨ ਲੱਗੇ। ਵਿਚੋਂ ਵਿਚੀਂ ਪਿੰਡ ਦੇ ਲੋਕਾਂ ਨੂੰ ਭਰਮ ਵਿਚ ਪਾਉਣ ਲਈ ਪਰਾਪੋਗੰਡਾ ਕਰਨ ਲੱਗ ਪਏ। ਪਿੰਡ ਦੇ ਦੋ ਧੜੇ ਬਣ ਗਏ। ਇਸ ਸੰਤ ਦੇ ਪਿੱਛੇ ਬਹੁਤ ਦੁਨੀਆਂ ਲੱਗੀ ਹੋਈ ਹੈ, ਹੋ ਸਕਦਾ ਹੈ ਕਿ ਸਾਡੀਆਂ ਜ਼ਮੀਨਾਂ ਖੋਹ ਕੇ ਮਾਰ ਕੁੱਟ ਕਰਕੇ ਪਿੰਡੋਂ ਬਾਹਰ ਕੱਢ ਦੇਵੇ। ਇਹੋ ਜਿਹੀ ਬਗ਼ਾਵਤ ਦੀ ਲਹਿਰ ਪਿੰਡ ਵਿਚ ਪੈਦਾ ਕਰ ਦਿੱਤੀ। ਜਿਹੜੀ ਜ਼ਮੀਨ ਪੈਦਾਵਾਰ ਦੇਣ ਵਾਲੀ ਹੈ, ਸਾਰੀ 'ਤੇ ਕਬਜ਼ਾ ਰਾਜਾ ਸਾਹਿਬ ਦਾ ਹੋ ਗਿਆ ਹੈ। ਵਿਚੋਂ ਵਿਚ ਕਾਫ਼ੀ ਬੰਦਿਆਂ ਵਿਚ ਕੁਟਲਤਾ ਦੀ ਲਹਿਰ ਚੱਲੀ, ਬੁਰਿਆਈ ਆਈ ਇਕ ਤੇ ਜਦੋਂ ਬੰਗਲਾ ਸਾਹਿਬ ਦੀ ਤਿਆਰੀ ਕਰਦੇ ਹੋਏ ਮਾਈਆਂ ਨੂੰ

ਆਖ ਦਿੱਤਾ ਸੀ ਕਿ ਫਿਰ ਗੀਤ ਸੁਣਾਂਗਾ ਅਜੇ ਸਮੇਂ ਨਹੀਂ। ਦੂਜੀ ਗੱਲ ਮਹਾਰਾਜ ਪ੍ਰਸ਼ਾਦਾ ਹਰਜਿੰਦਰ ਸਿਘ ਤੇ ਨਰੰਜਣ ਸਿਘ ਦੇ ਘਰੋਂ ਹੀ ਛਕਦੇ ਸਨ। ਕਈ ਵਾਰੀ ਹੋਰ ਲੋਕ ਹਰਜਿੰਦਰ ਸਿਘ ਨੂੰ ਆਖਿਆ ਕਰਦੇ ਸਨ ਕਿ ਗੁਰੂ ਸਵਾਰੇ ਕਦੀ ਸਾਡੇ ਘਰੋਂ ਵੀ ਪ੍ਰਸ਼ਾਦਾ ਮਹਾਰਾਜ ਨੂੰ ਛਕਾ ਦਿਆ ਕਰੋ। ਕਦੀ ਬੰਦਿਆਂ ਦੇ ਜ਼ਿਆਦਾ ਕਹਿਣ 'ਤੇ ਹਰਜਿੰਦਰ ਸਿਘ ਨੇ ਜੇ ਪ੍ਰਸ਼ਾਦਾ ਕਿਸੇ ਘਰੋਂ ਲੈ ਜਾਣਾ ਤਾਂ ਮਹਾਰਾਜ ਕਹਿੰਦੇ ਸਨ ਕਿ ਹੋਰ ਬਣਾ ਕੇ ਲੈ ਆਵੋ। ਐਸਾ ਕਈ ਵਾਰੀ ਆਪ ਜੀ ਨੇ ਕੌਤਕ ਕੀਤਾ ਪਰ ਹਰਜਿੰਦਰ ਸਿਘ ਜਿਨ੍ਹਾਂ ਅੰਦਰ ਕਾਫ਼ੀ ਕੁਟਲਤਾ ਸੀ ਉਨ੍ਹਾਂ ਦੇ ਘਰੋਂ ਪ੍ਰਸ਼ਾਦਾ ਬਣਵਾ ਕੇ ਲੈ ਗਿਆ। ਪ੍ਰਸ਼ਾਦਾ ਅੱਗੇ ਧਰਕੇ ਨਮਸਕਾਰ ਕੀਤਾ। ਮਹਾਰਾਜ ਅੰਤਰਯਾਮੀ ਸਭ ਘਟ ਘਟ ਦੇ ਜਾਨਣਹਾਰੇ ਸਭ ਤਰਾਂ ਦੇ ਬੁਰੇ-ਭਲੇ ਸੰਕਲਪਾਂ ਦੇ ਜਾਨਣਹਾਰੇ ਹਰਜਿੰਦਰ ਸਿਘ ਦੇ ਤਿੰਨ ਚਾਰ ਕਰੜੀਆਂ ਚਪੇੜਾਂ ਮਾਰੀਆਂ, ਪੰਜ, ਸੱਤ ਗਾਲ੍ਹਾਂ ਵੀ ਕੱਢੀਆਂ। ਹਰਜਿੰਦਰ ਨੂੰ ਪਾਣੀ-ਪਾਣੀ ਕਰ ਦਿੱਤਾ। ਹਰਜਿੰਦਰ ਸਿਘ ਦੇ ਪੈਰ ਉਤਾਂਹ ਨੂੰ ਉੱਠਦੇ ਜਾਣ, ਹਨੇਰੀ ਆ ਗਈ ਕਿਉਂਕਿ ਹਰਜਿੰਦਰ ਸਿਘ ਝੂਠਾ ਸੀ। ਮਹਾਰਾਜ ਜੀ ਨੇ ਤਾਂ ਪਹਿਲਾਂ ਹੀ ਹਦਾਇਤ ਕੀਤੀ ਹੋਈ ਸੀ ਸਾਡਾ ਪ੍ਰਸ਼ਾਦਾ ਹੋਰ ਕਿਸੇ ਦੇ ਘਰੋਂ ਨਹੀਂ ਲਿਆਉਣਾ। ਲੋਕਾਂ ਦੇ ਦਿਲਾਂ ਦੀਆਂ ਪਹਿਲਾਂ ਹੀ ਸਮਝ ਬੈਠੇ ਸਨ। ਆਪਣੇ ਸਿੱਖ ਸੇਵਕਾਂ ਨੂੰ ਕਾਫ਼ੀ ਚਿਰ ਪਹਿਲਾਂ ਇਹ ਵਿੱਦਿਆ ਦੱਸਿਆ ਕਰਦੇ ਸਨ। ਐਸਾ ਪੈਂਤਰਾ ਬਦਲੀਦਾ ਹੈ, ਐਸੇ ਵਾਰ ਕਰਕੇ ਦੂਜੇ ਦਾ ਵਾਰ ਰੋਕੀ ਦਾ ਹੈ। ਆਪ ਵੀ ਮਹਾਰਾਜ ਬਹੁਤ ਫੁਰਤੀਲੇ ਸਨ। ਗੱਤਕੇ ਦੇ ਵੀ ਚੰਗੇ ਖਿਡਾਰੀ ਸਨ। ਕਾਫ਼ੀ ਆਪਣੇ ਸਿੱਖਾਂ ਸੇਵਕਾਂ ਨੂੰ ਲੜਾਈ ਦੇ ਢੰਗ ਦੱਸਦੇ ਰਹਿੰਦੇ ਸਨ। ਮਹਾਂਪੁਰਸ਼ਾਂ ਨੂੰ ਪਤਾ ਸਭ ਕੁੱਝ ਹੀ ਹੁੰਦਾ ਹੈ ਜੋ ਨਿਰੰਕਾਰ ਦੀ ਰਜ਼ਾ ਵਿਚ ਚਲਦੇ ਹਨ

- *ਤੇਰਾ ਕੀਆ ਮੀਠਾ ਲਾਗੈ। ਹਰਿ ਨਾਮੁ ਪਦਾਰਥੁ ਨਾਨਕ ਮਾਂਗੈ॥*
- *ਬੇਖਵਾਹਸੁ ਬੇਗਰਜ ਹੈ ਆਰਫ ਉਰਫ ਗਦਾ॥*

ਇਹ ਨਫ਼ੇ ਨੁਕਸਾਨ ਦੀ ਕੋਈ ਪਰਵਾਹ ਨਹੀਂ ਰਖਦੇ। ਇਨ੍ਹਾਂ ਆਪਣੇ ਯਾਰ ਨੂੰ ਰਾਜ਼ੀ ਰੱਖਣਾ ਹੁੰਦਾ ਹੈ, ਕਰਨਾ ਸਭ ਕੁੱਝ ਆਪ ਹੀ ਹੁੰਦਾ ਹੈ, ਬਹਾਨਾ ਭਾਵੇਂ ਕਿਸੇ ਗੱਲ ਦਾ ਰੱਖ ਲੈਣ। ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਜ ਦਾ

ਬਹਾਨਾ ਰੱਖਕੇ ਮੁਗਲਾਂ ਨਾਲ ਜੰਗ ਸ਼ੁਰੂ ਕੀਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਸਾਦੀ ਹਾਥੀ ਦੇ ਬਹਾਨੇ ਰਾਜਿਆਂ ਨਾਲ ਜੰਗ ਸ਼ੁਰੂ ਕੀਤਾ, ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀ ਲੜਕੀ ਦੇ ਰਿਸ਼ਤੇ ਨੂੰ ਨਾ ਮਨਜ਼ੂਰ ਕੀਤਾ, ਆਪ ਸ਼ਹੀਦੀ ਪਾ ਦਿੱਤੀ। ਰਾਮ ਚੰਦਰ ਜੀ ਨੇ ਰਾਵਣ ਨੂੰ ਸੀਤਾ ਦਾ ਬਹਾਨਾ ਰੱਖਕੇ ਮਾਰਿਆ, ਮਹਾਂਭਾਰਤ ਦਾ ਯੁੱਧ ਕ੍ਰਿਸ਼ਨ ਭਗਵਾਨ ਜੀ ਨੇ ਕੌਰਵਾਂ, ਪਾਂਡਵਾਂ ਦੇ ਰਾਜ ਦਾ ਬਹਾਨਾ ਰੱਖ ਕੇ ਕਰਵਾਇਆ। ਦੁਨੀਆਂ ਭਰ ਦੇ ਯੋਧੇ ਮੌਤ ਦੇ ਘਾਟ ਉਤਾਰ ਦਿੱਤੇ। ਇਸੇ ਹੀ ਤਰਾਂ ਮਹਾਰਾਜ ਜੀ ਸੰਨ 1912 ਵਿਚ ਸਾਵਣ ਭਾਦਰੋਂ ਦੇ ਦਿਨਾਂ ਵਿਚ ਇਕ ਆਉਣ ਵਾਲਾ ਸਮਾਂ ਦੱਸਣਾ ਚਾਹੁੰਦੇ ਸਨ। ਮਹਾਂਪੁਰਸ਼ਾਂ ਦੀ ਗਮਜ਼ ਖੁਦਾ ਨਾਲ ਹੁੰਦੀ ਹੈ ਜੋ ਦਰਗਾਹੀ ਕਾਨੂੰਨ ਹੁੰਦਾ ਹੈ। ਮਹਾਂਪੁਰਸ਼ਾਂ ਦੀ ਰਸਨਾ ਰਾਹੀਂ ਵੇਦਾਂ ਦੇ ਰੂਪ ਵਿਚ ਹੋ ਕੇ, ਮਾਤ ਲੋਕ ਵਿਚ ਪ੍ਰਗਟ ਕੀਤਾ ਜਾਂਦਾ ਹੈ। ਕਈ ਗੱਲਾਂ ਮਹਾਂਪੁਰਸ਼ ਆਉਣ ਵਾਲੇ ਸਮੇਂ ਦੀਆਂ (ਭਵਿੱਖਤ) ਹਜ਼ਾਰਾਂ ਹੀ ਵਰਸ਼ ਪਹਿਲਾਂ ਦੱਸ ਜਾਂਦੇ ਹਨ ਤੇ ਲਿਖ ਜਾਂਦੇ ਹਨ। ਮਹਾਂਪੁਰਸ਼ਾਂ ਦੀ ਨਿਗਾਹ ਥੱਲੇ ਵਰਤਮਾਨ ਘਟਨਾਵਾਂ ਸਭ ਆ ਚੁੱਕੀਆਂ ਹੁੰਦੀਆਂ ਹਨ। ਚੌਦਾਂ ਤਬਕ ਭਗਤ ਦੀ ਨਿਗਾਹ ਥੱਲੇ ਵਸਦੇ ਹਨ। ਪਹੁੰਚੇ ਹੋਏ ਫ਼ਕੀਰ ਦੀ ਨਿਗਾਹ ਕੋਟਾਂ, ਖੰਡਾਂ, ਬ੍ਰਹਿਮੰਡਾਂ 'ਤੇ ਜਾ ਫਿਰਦੀ ਹੈ। ਪਰ ਇਨੀਆਂ ਬਰਕਤਾਂ ਵਾਲੇ ਹੁੰਦੇ ਹੋਏ ਵੀ ਆਪਣੇ ਮਾਲਿਕ ਦੀ ਰਜ਼ਾ ਵਿਚ ਚਲਦੇ ਹਨ। ਖੁਸ਼ੀ, ਗ਼ਮੀ, ਹਰਖ, ਸੋਗ, ਮਾਨ, ਅਪਮਾਨ, ਰਾਜ, ਰੰਕ ਇਕੋ ਹੀ ਸਮਾਨ ਸਮਝਦੇ ਹਨ। ਉਸਦੀ ਰਜ਼ਾਂ ਵਿਚ ਹਮੇਸ਼ਾ ਰਾਜ਼ੀ ਰਹਿੰਦੇ ਹਨ

'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥

1912 ਸਾਵਣ ਭਾਦਰੋਂ ਦੇ ਦਿਨਾਂ ਵਿਚ ਕੋਈ ਅੰਦਰੂਨੀ ਸ਼ਕਤੀ ਨਾਲ ਸਾਰੀਆਂ ਸੰਗਤਾਂ ਇਕੱਠੀਆਂ ਕਰ ਲਈਆਂ। ਆਪਣੇ ਬਲ ਨਾਲ ਐਸੀ ਤਾਰ ਖਿੱਚੀ ਜਿਵੇਂ ਮੰਤਰ ਪੜ੍ਹ-ਪੜ੍ਹਕੇ, ਆਹੂਤੀਆਂ ਪਾ-ਪਾ ਕੇ ਰਾਜੇ ਜਨਮੇਜੇ ਨੇ ਕੁੱਲ ਦੁਨੀਆਂ ਭਰ ਦੇ ਨਾਗ ਖਿੱਚ ਲਏ ਸਨ। ਕਾਫ਼ੀ ਸੰਗਤ ਇਕੱਠੀ ਹੋ ਗਈ। ਸਾਉਣੀ ਦੀ ਫ਼ਸਲ ਪ੍ਰਫੁਲਤ ਸੀ। ਛੱਲੀਆਂ, ਕਪਾਹਾਂ ਲਹਿ-ਲਹਿ ਕਰ ਰਹੀਆਂ ਸਨ। ਸਾਰਿਆਂ ਨੂੰ ਹੁਕਮ ਦਿੱਤਾ ਕਿ ਅੱਜ ਕਿਸੇ ਨਹੀਂ ਜਾਣਾ, ਚੰਦ ਦੀ

ਚਾਂਨਣੀ ਰਾਤ ਪੈਣ ਤੇ ਹਿੰਦੁਸਤਾਨ ਵਿਚ ਸਰਵਾ ਕਰਨ ਦਾ, ਸੜਕ ਕੱਢਣ ਦਾ ਨਿਸ਼ਾਹਦੇਹੀ ਦੇਣ ਲੱਗ ਪਏ। ਰਾਤ ਨੂੰ ਇਕ ਸੜਕ ਦੇ ਨਿਸ਼ਾਨ ਲਗਵਾ ਦਿੱਤੇ। ਟੋਕਰੀਆਂ ਅਤੇ ਕਹੀਆਂ ਲਈ ਪਹਿਲਾਂ ਹੀ ਹੁਕਮ ਦਿੱਤਾ ਹੋਇਆ ਸੀ। ਇਕ ਸੜਕ 4 ਕਰਮ ਚੌੜੀ ਮੋਲ੍ਹੇ ਵੱਲ੍ਹ ਨੂੰ ਸਿੱਧੀ ਖਿੱਚ ਦਿੱਤੀ, ਇਕ ਮੋਰਾਂਵਾਲੀ ਵੱਲ੍ਹ ਨੂੰ ਤੇ ਇਕ ਕਿੱਤਣੇ ਵੱਲ੍ਹ ਨੂੰ। ਸਭ 'ਤੇ ਰਾਤੋ ਰਾਤ ਛੱਲੀਆਂ ਪਟਾ ਕੇ ਸੜਕਾਂ ਕੱਢ ਦਿੱਤੀਆਂ। ਦਿਨ ਚੜ੍ਹਿਆ ਤਾਂ ਲੋਕਾਂ ਨੇ ਦੇਖਿਆ ਮੱਕੀ ਦੇ ਹਾਰਾਂ ਦੇ ਹਾਰ ਫਸਲਾਂ ਪੁੱਟ-ਪੁੱਟ ਕੇ ਸੜਕਾਂ ਵਿਚ ਦੱਬ ਛੱਡੀਆਂ ਸਨ। ਪੁੰਨਿਆਂ ਦੀ ਰਾਤ ਸੀ ਚੰਦ ਵੀ ਟਹਿ ਟਹਿ ਕਰਦਾ, ਅੰਮ੍ਰਿਤ ਵਰਸਾ ਰਿਹਾ ਸੀ। ਠੰਡੀ-ਠੰਡੀ ਚਾਨਣੀਂ ਅਰਸ਼ਾਂ ਤੋਂ ਫਰਸ਼ ਤੇ ਪਾਣੀ ਦੀ ਡਲ ਵਾਂਗ ਛਾਈ ਹੋਈ ਸੀ। ਰਾਤੋ-ਰਾਤ ਸੇਵਾਦਾਰਾਂ ਨੇ ਪਿੰਡ ਸੁੱਜੋਂ ਦਾ ਨਕਸ਼ਾ ਹੀ ਬਦਲ ਦਿੱਤਾ। ਇਹ ਸਾਰਾ ਕੌਤਕ ਪਿੰਡ ਦੇ ਲੋਕਾਂ ਨੇ ਜਦੋਂ ਦੇਖਿਆ, ਪਿੰਡ ਵਾਸੀ ਲੋਕ ਬਹੁਤ ਘਬਰਾ ਗਏ। ਦੋ ਕੁ ਮਿਲਟਰੀ ਦੇ ਅਫ਼ਸਰ ਵੀ ਸਨ ਸੂਬੇਦਾਰ ਸ਼ਿਵ ਸਿੰਘ, ਪ੍ਰਤਾਪ ਸਿੰਘ, ਇੰਦਰ ਸਿੰਘ, ਭੋਲਾ ਸਿੰਘ, ਚੰਦਾ ਸਿੰਘ, ਖੁਸ਼ਹਾਲ ਸਿੰਘ, ਨੰਬਰਦਾਰ ਹੀਰਾ ਸਿੰਘ, ਨਰਾਇਣ ਸਿੰਘ, ਹਰੀ ਸਿੰਘ, ਸਭ ਨੇ ਇਕੱਠਿਆਂ ਹੋ ਕੇ ਵਿਚਾਰ ਕੀਤੀ ਕਿ ਕੀ ਹੋਣਾ ਚਾਹੀਦਾ ਹੈ? ਆਪ ਮਹਾਰਾਜ ਜੀ ਦੇ ਸਾਹਮਣੇ ਤਾਂ ਜਾ ਨਹੀਂ ਸਨ ਸਕਦੇ, ਪਤਾ ਨਹੀਂ ਰਸਨਾ ਤੋਂ ਕੀ ਨਿਕਲ ਜਾਏ? ਸਾਹਮਣੇ ਜਾ ਕੇ ਕੋਈ ਗੱਲ ਕਰਨੀ ਸ਼ੇਰ ਦੀ ਮੁੱਛ ਨੂੰ ਹੱਥ ਪਾਉਣਾ ਸੀ। ਜਲੰਧਰ ਡੀ.ਸੀ. ਦੇ ਦਫ਼ਤਰ ਜਾ ਕੇ ਰੋਏ, ਦਰਖ਼ਾਸਤ ਲਿਖਕੇ ਦਿੱਤੀ ਸਾਡਾ ਪਿੰਡ ਇਕ ਸਾਧ ਨੇ ਸਾਰਾ ਬਰਬਾਦ ਕਰ ਦਿੱਤਾ ਹੈ। ਫ਼ਸਲਾਂ ਸਭ ਵੱਢਕੇ ਸੜਕਾਂ ਵਿਚ ਦੱਬ ਛੱਡੀਆਂ ਨੇ, ਸਾਡੇ ਤਾਂ ਨਿਆਣੇ ਵੀ ਭੁੱਖੇ ਮਰ ਜਾਣਗੇ, ਸਾਡੀ ਸਰਕਾਰ ਮਦਦ ਕਰੇ, ਉਸਦਾ ਮੋਹਰਾ ਕੋਈ ਨਹੀਂ ਮੋੜ ਸਕਦਾ। ਉਸਦੇ ਨਾਲ ਇਕ ਭਾਰੀ ਗਰੋਹ ਹੈ, ਜੋ ਹਰ ਦਮ ਨਾਲ ਰਹਿੰਦਾ ਹੈ। ਆਪਣੇ ਆਪ ਨੂੰ ਰਾਜਾ ਸਾਹਿਬ ਅਖਵਾਉਂਦਾ ਹੈ, ਇਕ ਹਰਨਾਮ ਸਿੰਘ ਨਾਂ ਦਾ ਬੰਦਾ ਉਸਨੂੰ ਆਪਣਾ ਵਜ਼ੀਰ ਆਖਦਾ ਹੈ, ਚੱਲਕੇ ਹਜ਼ੂਰ ਮੌਕਾ ਦੇਖੋ। ਡਿਪਟੀ ਕਮਿਸ਼ਨਰ ਜਦੋਂ ਪਿੰਡ ਆਇਆ ਨੰਬਰਦਾਰ ਖੁਸ਼ਹਾਲ ਸਿੰਘ, ਸੂਬੇਦਾਰ ਸ਼ਿਵ ਦਾ ਪਿਤਾ ਹਰੀ ਸਿੰਘ, ਪਰਤਾਪ ਸਿੰਘ ਅੱਗੇ ਹੋ ਕੇ ਫਲੀਆਂ ਵੱਢੀਆਂ ਤੇ ਦੱਬੀਆਂ ਹੋਈਆਂ ਛੱਲੀਆਂ ਦਿਖਾਉਣਾ ਚਾਹੁੰਦੇ ਸਨ।

ਜਿਥੇ ਵੀ ਕਹੀ ਨਾਲ ਜਗ੍ਹਾ ਪੁੱਟਣ ਨਾ ਕੋਈ ਟਾਂਡਾ, ਨਾ ਕੋਈ ਛੱਲੀ ਦੱਬੀ ਹੋਈ ਲੱਭੇ। ਕਾਫ਼ੀ ਮਿੱਟੀ ਪੁੱਟੀ ਕੋਈ ਫ਼ਸਲ ਦੱਬੀ ਹੋਈ ਨਾ ਮਿਲੀ। ਪਤਾ ਨਹੀਂ ਕਿੱਧਰ ਅਲੋਪ ਹੋ ਗਈਆਂ। ਆਖ਼ਿਰ ਸ਼ਰਮਿੰਦੇ ਹੋਣਾ ਪਿਆ। ਤਾਜ਼ੀਆਂ ਵੱਢੀਆਂ ਹੋਈਆਂ ਛੱਲੀਆਂ ਤਾਂ ਸਭ ਨੂੰ ਦਿਸਦੀਆਂ ਸਨ ਪਰ ਹੱਥ ਵਿਚ ਕੁੱਝ ਨਾ ਆਵੇ। ਇਸ ਕੌਤਕ ਨੂੰ ਦੇਖ ਕੇ ਸਭ ਅਸਚਰਜ ਰਹਿ ਗਏ, ਜਿਵੇਂ ਮੋਹਰੇ ਖੜ੍ਹਾ ਬੰਦਾ ਕੋਈ ਨਜ਼ਰ ਆਉਂਦਾ ਹੋਵੇ ਫੜਨ ਲੱਗਿਆਂ ਹੱਥ ਕੁੱਝ ਨਾ ਆਵੇ, ਐਸਾ ਹੀ ਮਹਾਰਾਜ ਜੀ ਨੇ ਖੇਡ ਰਚਾ ਦਿਖਾਇਆ। ਜਦੋਂ ਡੀ.ਸੀ. ਸਾਹਿਬ ਨੇ ਇਸ ਤਰਾਂ ਦਾ ਖੇਡ ਡਿੱਠਾ, ਮਨ ਵਿਚ ਖੌਫ਼ ਖਾਧਾ ਕਿਉਂਕਿ ਅਫ਼ਸਰ ਲੋਕ ਬੜੇ ਬੁੱਧੀਮਾਨ ਲੋਕ ਹੁੰਦੇ ਹਨ। ਪੂਰਵ ਜਨਮ ਦੇ ਬਲੀ ਹੁੰਦੇ ਹਨ। ਡੀ.ਸੀ ਨੇ ਆਖਿਆ, "ਚਲੋ! ਸਾਨੂੰ ਵੀ ਐਸੇ ਮਹਾਂਬਲੀ ਦੇ ਦਰਸ਼ਨ ਕਰਾਉ। ਇਹ ਤਾਂ ਮਹਾਂਪੁਰਸ਼ ਕੋਈ ਦੁਨੀਆਂ ਵਿਚ ਨਵਾਂ ਹੀ ਨਿਜ਼ਾਮ ਲਿਆ ਰਹੇ ਹਨ, ਕੋਈ ਦਰਗਾਹੀ ਸੰਦੇਸ਼ ਲੋਕਾਂ ਨੂੰ ਦੱਸ ਰਹੇ ਹਨ।" ਮਹਾਰਾਜ ਜੀ ਵੱਲ੍ਹ ਚਲ ਪਏ। ਆਪ ਜੀ ਮਣ੍ਹੇ ਤੇ ਬੈਠੇ ਸਨ। ਡੀ.ਸੀ. ਦੇ ਪੈਰੀਂ ਬੂਟ ਸਨ। ਜਦੋਂ ਪੰਦਰਾਂ ਕਦਮ ਹਾਲੀ ਪਿੱਛੇ ਹੀ ਸਨ ਅੱਗੋਂ ਮਹਾਰਾਜ ਦਬਕਾ ਮਾਰਕੇ ਬੋਲੇ 'ਪਿੱਛੇ ਮੁੜ ਜਾਓ ਅੱਗੇ ਕੀ ਲੈਣਾ ਹੈ' ਡੀ.ਸੀ. ਖੁਸ਼ਹਾਲ ਸਿੰਘ ਨੂੰ ਪੁੱਛਣ ਲੱਗਿਆ ਕੀ ਆਖਦੇ ਹਨ? ਨੰਬਰਦਾਰ ਨੇ ਇੰਗਲਿਸ਼ ਵਿਚ ਸਮਝਾਇਆ ਆਖਦੇ ਹਨ "ਪਿਛੇ ਲੌਟ ਜਾਓ ਜੁੱਤੀ ਸਣੇ ਅੱਗੇ ਨਹੀਂ ਆਉਣਾ।" ਡੀ.ਸੀ. ਨੇ ਉਸੇ ਵੇਲੇ ਬੂਟ ਖੋਲ੍ਹ ਦਿੱਤੇ, ਹੱਥ ਜੋੜ ਕੇ ਅੱਗੇ ਤੁਰਿਆ, ਜਾ ਚਰਨਾਂ ਤੇ ਨਮਸਕਾਰ ਕੀਤੀ। ਅੱਗੋਂ ਮਹਾਰਾਜ ਮੁਸਕਰਾ ਕੇ ਆਖਣ ਲੱਗੇ, "ਸਾਧੂ ਦੇ ਦਰਸ਼ਨਾਂ ਲਈ ਇਸ ਤਰਾਂ ਆਈਦਾ ਹੈ। ਸਾਧੂ ਅੱਗੇ ਨਿਵ ਕੇ ਆਈਦਾ ਹੈ" ਬੜੇ ਪਿਆਰ ਨਾਲ ਪਿੱਛੇ ਮੁੜ ਜਾਣ ਦੀ ਇਜਾਜ਼ਤ ਦਿੱਤੀ। ਜੋੜੇ ਤੱਕ ਡੀਸੀ ਪਿਛਲੇ ਖੁਰੀਂ ਹੀ ਆਇਆ ਸੀ। ਪਿੰਡ ਦੇ ਲੋਕਾਂ ਨੂੰ ਆਖਿਆ, "ਖਾਮੋਸ਼ ਰਹੋ! ਮਹਾਂਪੁਰਸ਼ਾਂ ਦੀਆਂ ਖੇਡਾਂ ਦੁਨੀਆਂ ਦੀਆਂ ਨਜ਼ਰਾਂ ਤੋਂ ਪਰ੍ਹੇ ਹੁੰਦੀਆਂ ਹਨ। ਦੁਨੀਆਂ ਕੀ ਜਾਣਦੀ ਹੈ ਕਿ ਸਾਧੂ ਕਿਸ ਭੂਮਿਕਾ ਵਿਚ ਖੇਡ ਕਰਦੇ ਹਨ? ਮਨਮੁੱਖ ਕੀ ਜਾਨਣ ਕਿ ਫੱਕਰ ਕਿੱਥੇ ਬਿਰਾਜਦੇ ਹਨ? ਮਹਾਂਪੁਰਸ਼ਾਂ ਦਾ ਹੱਸਣਾ, ਰੋਣਾ, ਬੋਲਣਾ, ਚਲਣਾ, ਫਿਰਨਾ, ਤੁਰਨਾ ਹੱਸਣਾ ਕੋਈ ਖਾਸ ਮਹੱਤਤਾ ਰੱਖਦਾ ਹੈ।" ਡੀ.ਸੀ. ਜਲੰਧਰ ਚਲੇ

ਗਿਆ। ਪਿੰਡ ਦੇ ਲੋਕੀਂ ਲੱਗੇ ਦੀਰਖਾ ਦੀ ਅੱਗ ਨਾਲ ਸੜਨ, ਲੱਗੇ ਅਤੇ ਵਿੱਚੋਂ-ਵਿੱਚੇ ਵਿਸ ਘੋਲਣ ਲੱਗੇ। ਇਕ ਮਹੀਨੇ ਬਾਅਦ ਬੰਗਲਾ ਸਾਹਿਬ ਕੋਲ ਖੂਹ ਸੀ ਚੰਦ ਦੀ ਚਾਨਣੀ ਅੱਧੀ ਰਾਤ ਪ੍ਰਤਾਪ ਸਿੰਘ ਨੇ ਖੂਹ ਜਾ ਜੋੜਿਆ ਮਹਾਰਾਜ ਜੀ ਨੇ ਖੂਹ ਛੁਡਾ ਦਿੱਤਾ। ਪ੍ਰਤਾਪ ਸਿੰਘ ਪਿੰਡ ਆ ਕੇ ਲੱਗਾ ਲੋਕਾਂ ਨੂੰ ਹਾਹਾਕਾਰ ਕਰਨ। "ਉਏ! ਪਿੰਡ ਦੇ ਲੋਕੋ ਕਿਉਂ ਸੁੱਤੇ ਪਏ ਹੋ, ਅੱਜ ਮੇਰਾ ਖੂਹ ਛੁਡਾ ਦਿੱਤਾ ਕੱਲ੍ਹ ਨੂੰ ਪਿੰਡੋਂ ਵੀ ਕੱਢ ਦੇਵੇਗਾ।" ਸਾਰਾ ਦਿਨ ਲੋਕਾਂ ਮਗਰ ਰੋ ਪਿੱਟ ਕੇ, ਪਿੰਡ ਕਾਫ਼ੀ ਇਕੱਠਾ ਕਰ ਲਿਆ। ਬੰਗਲਾ ਸਾਹਿਬ ਤੇ ਹਮਲਾ ਕਰਨ ਦਾ ਪੱਕਾ ਫ਼ੈਸਲਾ ਬਣਾ ਲਿਆ। ਪ੍ਰਤਾਪ ਸਿੰਘ, ਇੰਦਰ ਸਿੰਘ, ਹਰੀ ਸਿੰਘ, ਨਰਾਇਣ ਸਿੰਘ, ਭੋਲਾ ਸਿੰਘ, ਹੀਰਾ ਸਿੰਘ, ਖੁਸ਼ਹਾਲ ਸਿੰਘ, ਚੰਦਾ ਸਿੰਘ ਇਹ ਸਾਰੇ ਧੜੇ ਦੇ ਮੋਹਰੀ ਸਨ। ਕੋਈ ਅੱਠ ਕੁ ਵਜੇ ਸਾਰੇ ਪਿੰਡ ਘੜਿਆਲ ਫੇਰ ਕੇ ਸਾਰੇ ਬੰਦੇ ਇਕੱਠੇ ਹੋ ਕੇ ਲਾਠੀਆਂ, ਛਵ੍ਹੀਆਂ ਹੱਥੀਂ ਫੜਕੇ ਹਮਲਾ ਬੋਲ ਦਿੱਤਾ। ਜਦੋਂ ਬੰਗਲਾ ਸਾਹਿਬ ਦੇ ਕੋਲ ਪਹੁੰਚੇ ਅੱਗੋਂ ਸੇਵਾਦਾਰ ਪਾਰਟੀ ਦੇ ਬੰਦੇ ਵੀ ਬੈਠੇ ਸਨ। ਮਜਾਰੇ ਦੇ ਪ੍ਰਤਾਪੂ, ਫਤੇਹ ਸਿੰਘ, ਸੁੱਜੋ ਦੇ ਸੀਤਲ ਸਿੰਘ, ਨਰੰਜਣ ਸਿੰਘ, ਉਤਮ ਸਿੰਘ, ਹਰਜਿੰਦਰ ਸਿੰਘ, ਵਰਿਆਮ ਸਿੰਘ, ਭਗਵਾਨ ਸਿੰਘ, ਕਰਮ ਸਿੰਘ ਇਹ ਬੰਦੇ ਸਨ। ਜਦੋਂ ਪਿੰਡ ਵਾਲੇ ਧੜੇ ਨੇ ਹਮਲਾ ਕਰਨਾ ਚਾਹਿਆ ਤਾਂ ਅੱਗੋਂ ਮਹਾਰਾਜ ਜੀ ਦੇ ਚਰਨਾਂ ਵਿਚ ਸੇਵਾਦਾਰਾਂ ਨੇ ਬੇਨਤੀ ਕੀਤੀ ਤਾਂ ਅੱਗੋਂ ਮਹਾਰਾਜ ਜੀ ਨੇ ਟਾਕਰਾ ਕਰਨ ਦਾ ਹੁਕਮ ਕੀਤਾ, ਲਲਕਾਰਾ ਮਾਰਿਆ, ਸੇਵਾਦਾਰ ਪਾਰਟੀ ਦਾ ਹੌਸਲਾ ਇੰਨਾ ਵਧਿਆ, ਸਰਾਂ ਵਾਂਗੂੰ ਚੁਗੀਆਂ ਭਰਦੇ ਜਿਵੇਂ ਚਿੜੀਆਂ ਦੇ ਕਾਫ਼ਲੇ ਤੇ ਬਾਜ਼ ਝੱਪਟ ਪੈਂਦਾ ਹੈ, ਐਸੇ ਹੀ ਸੀਤਲ ਸਿੰਘ ਤੇ ਉਤਮ ਸਿੰਘ ਦੋਹਾਂ ਵੀਰਾਂ ਨੇ ਪਹਿਲਾਂ ਹੀ ਵਾਰ ਇੰਦਰ ਸਿੰਘ ਤੇ ਪ੍ਰਤਾਪ ਸਿੰਘ ਤੇ ਕੀਤਾ।

ਬੈਂਤ

ਜਿਹਨੂੰ ਰੰਗ ਲੱਗ ਜਾਏ ਪ੍ਰੇਮ ਵਾਲਾ,
ਘੋੜੀ ਮੌਤ ਦੀ ਹੱਸ ਕੇ ਜਾ ਚੜ੍ਹਦੇ।
ਦਸ ਦਸ ਕੇ ਬੰਦ ਕਟਵਾਂਦੇ ਨੇ,
ਉਤੇ ਚਰਖੜੀਆਂ ਦੇ ਝੂਟੇ ਜਾ ਲੈਂਦੇ।

ਨਹੀਂ ਮਰਨ ਤੋਂ ਡਰਨ ਆਹ ਭੌਰੇ,
ਆਸ਼ਿਕ ਰੱਸੇ ਮੌਤ ਦੇ ਗਲ ਪਾ ਜਾਂਦੇ।
ਸਮਸ ਤਬਰੇਜ਼ ਵਰਗੇ ਕਈ ਆਰਿਫ਼,
ਖੱਲ ਆਪਣੀ ਹੱਥੀਂ ਲੁਹਾ ਜਾਂਦੇ।
ਮਤੀ ਦਾਸ, ਦਿਆਲੇ ਜਿਹੇ ਕਈ ਆਸ਼ਿਕ,
ਬਾਜ਼ੀ ਜਾਨ ਤੇ ਹੱਸ ਕੇ ਲਾ ਜਾਂਦੇ।
ਸੱਸੀ ਵਰਗੀਆਂ ਕਈ ਸੋਹਲ ਕਲੀਆਂ,
ਮਾਰੂਥਲਾਂ ਵਿਚ ਜਾਨ ਗਵਾ ਜਾਂਦੇ।
ਸੋਹਣੀ ਡਰੀ ਨਾ ਮਰਨ ਤੋਂ ਮੂਲ ਦੇਖੋ,
ਕਚਾ ਦੇਖ ਕੇ ਵੀ ਨਦੀ ਵਿਚ ਠਿਲ੍ਹ ਜਾਂਦੇ।
ਗੁਰਬਖਸ਼ ਸਿੰਘ ਦੂਰ ਡੇਰੇ ਇਨ੍ਹਾਂ ਆਸ਼ਿਕਾਂ ਦੇ,
ਖੌਫ਼ ਮੌਤੇ ਦੇ ਤੋਂ ਅੱਗੇ ਲੰਘ ਜਾਂਦੇ।

ਇਕ ਇਕ ਡਾਂਗ ਨਾਲ ਚਿੱਤ ਕਰ ਦਿੱਤੇ, ਮੁੜ ਪਾਣੀ ਨਹੀਂ ਮੰਗਿਆ। ਦੋਵੇਂ ਜਥੇਦਾਰ ਸੁੱਟ ਲਏ। ਦੋਵੇਂ ਜਥੇਦਾਰ ਡਿੱਗੇ ਤਾਂ ਬਾਕੀਆਂ ਨੇ ਪਿੱਛੇ ਨੂੰ ਛਾਲਾਂ ਚੁੱਕ ਲਈਆਂ, ਜਾਨਾਂ ਬਚਾ ਕੇ ਫ਼ਸਲਾਂ ਵਿਚ ਜਾ ਵੜੇ। ਪ੍ਰਤਾਪ ਸਿੰਘ ਤੇ ਇੰਦਰ ਸਿੰਘ ਨੂੰ ਹੋਸ਼ ਨਹੀਂ ਆਈ। ਬਾਕੀ ਬੰਦੇ ਸਾਰੇ ਪਿੰਡ ਜਾ ਕੇ ਇਕੱਠੇ ਹੋਏ ਤੇ ਦੇਖਿਆ ਪ੍ਰਤਾਪ ਸਿੰਘ ਤੇ ਇੰਦਰ ਸਿੰਘ ਨਾ ਬੋਲਣ, ਨਾ ਲੱਭਣ। ਹੀਰਾ ਸਿੰਘ ਤੇ ਹਰੀ ਸਿੰਘ ਨੇ ਰੌਲਾ ਪਾ ਕੇ ਲੋਕ ਇਕੱਠੇ ਕੀਤੇ ਤੇ ਆਖਿਆ, 'ਦੋ ਬੰਦੇ' ਮਰਵਾ ਕੇ ਹੁਣ ਤੁਸੀਂ ਘਰੀਂ ਆ ਵੜੇ, ਤੁਹਾਨੂੰ ਸ਼ਰਮ ਨਹੀਂ ਆਉਂਦੀ, ਕਿਤੇ ਡੁੱਬ ਕੇ ਮਰ ਜਾਉ।" ਇਹੋ ਜਿਹੀਆਂ ਬੋਲੀਆਂ ਮਾਰਕੇ ਫਿਰ ਇਕੱਠ ਕਰਕੇ ਹਮਲਾ ਕਰਵਾ ਦਿੱਤਾ। ਫਿਰ ਦੋਹਾਂ ਪਾਸਿਆਂ ਤੋਂ ਕਾਫ਼ੀ ਲੜਾਈ ਹੋਈ। ਇਕ ਝੀਰਾਂ ਦੇ ਮੁੰਡੇ ਨੇ ਪਾਤਸ਼ਾਹ ਦੀ ਬਾਂਹ ਉਤੇ ਲਾਠੀ ਮਾਰੀ। ਮਹਾਰਾਜ ਜੀ ਦੇ ਧੜੇ ਦੇ ਤਾਂ ਕੋਈ ਸੱਟ ਨਾ ਲੱਗੀ ਪਰ ਪਿੰਡ ਵਾਲੇ ਧੜੇ ਦੇ ਚੌਦਾਂ ਬੰਦੇ ਜ਼ਖ਼ਮੀ ਹੋਏ। ਦੋਨਾਂ ਪਾਸਿਆਂ ਨੇ ਬੰਗੇ ਹਸਪਤਾਲ ਜਾ ਕੇ ਆਪਣੇ ਆਪਣੇ ਪਰਚੇ ਕਟਵਾ ਲਏ ਬੇਸ਼ਕ ਸੇਵਾਦਾਰ ਪਾਰਟੀ ਦੇ ਸੱਟਾਂ ਤਾਂ ਨਹੀਂ ਸਨ ਲੱਗੀਆਂ ਪਰ

ਸਰਦਾਰ ਹਰਨਾਮ ਸਿੰਘ ਦੀ ਅਫ਼ਸਰਾਂ ਵਿਚ ਕਾਫ਼ੀ ਚਲਦੀ ਸੀ, ਪਰਚੇ ਬਰਾਬਰ ਦੇ ਹੀ ਕਟਵਾ ਲਏ। ਮਹਾਰਾਜ ਜੀ ਦੇ ਧੜੇ ਦੇ ਸੱਤ ਬੰਦੇ ਸਨ, ਜਿਨ੍ਹਾਂ ਤੇ ਮੁਕੱਦਮੇ ਦਾ ਪਰਚਾ ਬਣਿਆ। ਮਹਾਰਾਜ ਜੀ ਇੱਕ, ਹਰਨਾਮ ਸਿੰਘ ਦੋ, ਨਰੈਜਨ ਸਿੰਘ ਤਿੰਨ, ਵਰਿਆਮ ਸਿੰਘ ਚਾਰ, ਉਤਮ ਸਿੰਘ ਪੰਜ, ਸੀਤਲ ਸਿੰਘ ਛੇ ਤੇ ਕਰਮ ਸਿੰਘ ਸੱਤ। ਦੂਜੇ ਧੜੇ ਦੇ ਬੰਦੇ ਨਿਹਾਲ ਸਿੰਘ ਲੰਬੜਦਾਰ, ਹਰੀ ਸਿੰਘ, ਹੀਰਾ ਸਿੰਘ, ਪਰਤਾਪ ਸਿੰਘ, ਇੰਦਰ ਸਿੰਘ, ਚੰਦਾ ਸਿੰਘ, ਭੋਲਾ ਸਿੰਘ, ਨਰਾਇਣ ਸਿੰਘ ਵੈਰਾਗੀ। ਜਦੋਂ ਡਾਕਟਰ ਨੇ 14 ਆਦਮੀਆਂ ਦਾ ਪਰਚਾ ਕੱਟ ਕੇ ਥਾਣੇਦਾਰ ਵੱਲ੍ਹ ਭੇਜਿਆ ਤਾਂ ਦੂਜੇ ਧੜੇ ਸਮੇਤ 21 ਸਨ। ਪੁਲਿਸ ਬਿਆਨ ਲੈਣ ਵਾਸਤੇ ਹਸਪਤਾਲ ਗਈ ਸਭ ਦੇ ਬਿਆਨ ਲੈ ਕੇ ਪਿੰਡ ਸੁੱਜੋਂ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਬਿਆਨ ਲੈਣ ਗਏ। ਸੌਂਧੇ ਖਾਂ ਠਾਣੇਦਾਰ ਮਹਾਰਾਜ ਜੀ ਦੇ ਬਿਆਨ ਲੈਣ ਗਏ, ਨਾਲੇ ਮੌਕਾ ਜਾ ਦੇਖਿਆ। ਬੰਗਲਾ ਸਾਹਿਬ ਤੋਂ ਕੋਈ ਦੋ ਖੇਤ ਦੇ ਫ਼ਰਕ ਨਾਲ ਇਕ ਖੂਹ ਤੇ ਜਾ ਬੈਠੇ। ਠਾਣੇਦਾਰ ਸੌਂਧੇ ਖਾਂ ਨੇ ਤਿੰਨ ਸਿਪਾਹੀ ਭੇਜੇ ਜਾਉ, ਬਾਵਾ ਜੀ ਨੂੰ ਬੁਲਾ ਕੇ ਲੈ ਆਵੋ, ਆ ਕੇ ਬਿਆਨ ਦੇਣ। ਸਿਪਾਹੀ ਗਏ, ਪਰ ਹੁਣ ਸਾਹਮਣੇ ਕਿਹੜਾ ਜਾਵੇ? ਗਿੱਦੜ ਦੀ ਕੀ ਸ਼ਕਤੀ ਕਿ ਸ਼ੇਰ ਦੇ ਸਾਹਮਣੇ ਜਾ ਸਕੇ? ਦੂਰੋਂ ਹੀ ਘੁੰਮ ਕੇ ਮੁੜ ਆਏ, ਆ ਕੇ ਆਖਿਆ ਜਨਾਬ ਸਾਡੀ ਜੁਅਰਤ ਨਹੀਂ ਪੈਂਦੀ ਉਨ੍ਹਾਂ ਦੇ ਸਾਹਮਣੇ ਜਾਣ ਦੀ ਆਪ ਜਾ ਕੇ ਪੁੱਛ ਲਵੋ। ਸੌਂਧੇ ਖਾਂ ਆਪ ਉੱਠਕੇ ਤੁਰ ਤਾਂ ਪਿਆ, ਲੱਤਾਂ ਥਿੜ੍ਹਕਦੀਆਂ ਸਨ, ਸਰੀਰ ਸੁੰਨ ਹੋਈ ਜਾ ਰਿਹਾ ਸੀ, ਰੰਗ ਪੀਲਾ ਭੂਕ ਵਰਗਾ ਹੋ ਗਿਆ। ਸਾਹਮਣੇ ਜਾ ਕੇ ਦੂਰੋਂ ਹੀ ਬੋਲ ਕੇ ਆਖਿਆ, "ਦੱਸੋ! ਆਪ ਦੀ ਕਿਸ ਨਾਲ ਲੜਾਈ ਹੋਈ ਹੈ?" ਮਹਾਰਾਜ ਕਹਿਣ ਲੱਗੇ, "ਜਾਓ! ਲੌਟ ਜਾਓ! ਹਮਾਰੇ ਸਾਥ ਕੋਈ ਨਹੀਂ ਲੜਿਆ।" ਥਾਣੇਦਾਰ ਸੌਂਧੇ ਖਾਂ ਨੇ ਫਿਰ ਆਖਿਆ, 'ਬਿਆਨ ਲਾਓ' ਨਾਲੇ ਇਕ ਭੁੰਵੇ ਤਖ਼ਤ ਪਿਆ ਸੀ, ਉਸ ਉੱਪਰ ਜਾ ਕੇ ਬੈਠ ਗਿਆ। ਜਦੋਂ ਤਖ਼ਤਪੋਸ਼ 'ਤੇ ਸੌਂਧੇ ਖਾਂ ਬੈਠਿਆ ਮਹਾਰਾਜ ਨੇ ਗਾਲੀਂ ਧਰ ਲਿਆ। ਮਹਾਰਾਜ ਜੀ ਕਹਿੰਦੇ, "ਤੁਮਹਾਰੀ ਕਿਆ ਹੈਸੀਅਤ ਹੈ, ਹਮਾਰੇ ਤਖ਼ਤ ਪੁਰ ਬੈਠਣ ਦੀ? ਬਾਹਰ ਹੋ ਜਾਉ, ਹਰਾਮਜ਼ਾਦਾ, ਸੂਰ ਕਾ ਬੱਚਾ।" ਐਸੀਆਂ ਐਸੀਆਂ ਗਾਲਾ ਕੱਢ ਕੇ ਥਾਣੇਦਾਰ ਨੂੰ ਪਾਣੀਓ ਪਾਣੀ ਕਰ ਦਿੱਤਾ। ਥਾਣੇਦਾਰ

ਹੌਲਾ ਹੋ ਕੇ ਥਰ-ਥਰ ਕੰਬਦਾ ਉੱਠ ਦੌੜਿਆ, ਕਿਤੇ ਐਵੇਂ ਨਾ ਮਾਰਿਆ ਜਾਵਾਂ। ਬੰਗਿਆਂ ਦੇ ਰਾਹ ਪਿਆ ਮੁਕੱਦਮਾ ਮੈਜਿਸਟਰੇਟ ਦੇ ਭੇਜ ਦਿੱਤਾ। ਦੋਨਾਂ ਪਾਸਿਆਂ ਦਾ ਸਬੂਤ ਲੈ ਕੇ ਦੋਨਾਂ ਪਾਰਟੀਆਂ ਦੇ ਬੰਦਿਆਂ ਨੂੰ 27-11-1912 ਨੂੰ ਇੱਕ-ਇੱਕ ਮਹੀਨਾ ਸਜ਼ਾ ਹੋਈ। ਪਿੰਡ ਵਾਲੇ ਧੜੇ ਦੇ ਬੰਦਿਆਂ ਨੂੰ ੨੫ ਰੁਪਏ ਹਰ ਇਕ ਨੂੰ ਜੁਰਮਾਨਾ ਹੋਇਆ। ਹਰੀ ਸਿੰਘ ੧੦੦ ਰੁਪਏ ਜੁਰਮਾਨਾ ਹੋਇਆ। ਨਰੰਜਣ ਸਿੰਘ ਨੇ ਦੱਸਿਆ ਕਿ ਜਦੋਂ ਸਜ਼ਾ ਹੋਈ ਤਾਂ ਕਾਗਜ਼ ਕੁੱਟਣ ਦਾ ਕੰਮ ਦੋਹਾਂ ਪਾਰਟੀਆਂ ਨੂੰ ਜੇਲ੍ਹ ਵਿਚ ਦਿੱਤਾ ਗਿਆ। ਮਹਾਰਾਜ ਦੀ ਪਾਰਟੀ ਦੇ ਬੰਦਿਆਂ ਦੇ ਕਾਗਜ਼ ਝੱਟ ਬਰੀਕ ਹੋ ਜਾਇਆ ਕਰਨ ਤੇ ਦੂਜੀ ਪਾਰਟੀ ਦੇ ਕਾਗਜ਼ ਬਰੀਕ ਨਾ ਹੋਣ ਉਨ੍ਹਾਂ ਦੇ ਕਈ ਵਾਰ ਕੋੜੇ ਵੱਜੇ। ਅਪੀਲ ਕਰਨ ਵਿਚ ਪਿੰਡ ਵਾਲੇ ਬੰਦੇ ਸਾਰੇ ਬਰੀ ਹੋ ਗਏ, ਮਹਾਰਾਜ ਜੀ ਦੇ ਬੰਦੇ ਰਹਿ ਗਏ। ਫਿਰ 27.12.1912 ਨੂੰ ਘਰੀਂ ਆ ਗਏ। ਜਦੋਂ ਪਿੰਡ ਵਾਲੇ ਬੰਦੇ ਬਰੀ ਹੋ ਕੇ ਆ ਗਏ ਤਾਂ ਇਕ ਮਜਾਰੇ ਦੇ ਬੰਦੇ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਆਪਦੇ ਵਿਚ ਸਾਰੀਆਂ ਸ਼ਕਤੀਆਂ ਹਨ। ਆਪਣੇ ਬੰਦਿਆਂ ਨੂੰ ਸਜ਼ਾ ਹੋਣ ਤੋਂ ਬਚਾਇਆ ਕਿਉਂ ਨਹੀਂ। ਮਹਾਰਾਜ ਕਹਿਣ ਲੱਗੇ "ਭੂਰਿਆਂ ਵਾਲੇ ਰਾਜੇ ਕੀਤੇ, ਮੁਗਲੀ ਜਹਿਰ ਪਿਆਲੇ ਪੀਤੇ' 'ਭਾਈ! ਕੋਈ ਜੈਸਾਕੋਈ ਸਤਿਗੁਰੂ ਨੂੰ ਦੇਖਦਾ ਤੇਸਾ ਹੀ ਫਲ ਪਾਉਂਦਾ ਹੈ। ਭਾਈ! ਸੱਚ ਦੇ ਰਾਹ ਚਲਦਿਆਂ ਨੂੰ ਰਾਹ ਵਿਚ ਹਜ਼ਾਰਾਂ ਹੀ ਆਫ਼ਤਾਂ ਰੋਕਾਂ ਪਾਉਂਦੀਆਂ ਹਨ। ਨਿਰੰਕਾਰ ਨਾਲ ਰਿਸ਼ਤਾ ਤਾਂ ਜੁੜਦਾ ਹੈ, ਪਹਿਲਾਂ ਦੁਨੀਆਂ ਦੇ ਸਾਰੇ ਰਿਸ਼ਤੇ ਖ਼ਤਮ ਹੋ ਜਾਣ। ਕੱਚੇ ਪੱਕੇ ਦਾ ਤਾਂ ਪਤਾ ਉਦੋਂ ਲੱਗਦਾ ਹੈ, ਜਦੋਂ ਟੁਣਕਾ ਕੇ ਦੇਖਿਆ ਜਾਵੇ।

- *ਸੱਚਾ ਝੂਠਾ ਹੀਰਾ ਸੱਟ ਲੱਗੀ ਤੇ ਮਲੂਮ ਹੋਵੇ ਪਿੱਤਲ ਤੇ ਸੋਨਾ ਪਾਕੇ ਦੇਖ ਵਿਚ ਅੱਗ ਦੇ।*
- *ਕਬੀਰ ਕਸਾਉਟੀ ਰਾਮ ਕੀ ਝੂਠਾ ਟਿਕੈ ਨਾ ਕੋਇ' ਰਾਮ ਕਸਾਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥*
- *ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ ਪੁਰਜਾ ਪੁਰਜਾ ਕਟਿ ਮਰੈ ਕਬਹੁ ਨਾ ਛਾਡੈ ਖੇਤੁ।*

ਜੇ ਮਨਸੂਰ ਸੂਲੀ ਹੱਸ ਕੇ ਨਾ ਚੜ੍ਹਦਾ ਤਾਂ ਆਸ਼ਿਕਾਂ ਵਿਚ ਨਾਮ ਨਾ ਦਰਜ ਹੁੰਦਾ। ਸ਼ਾਹ ਸ਼ਮਸ ਤਬਰੇਜ਼ ਖੱਲ ਹੱਥੀਂ ਨਾ ਉਤਾਰਦਾ ਤਾਂ ਫ਼ਕੀਰੀ ਭੇਖ

ਨਿੰਦਿਆ ਜਾਂਦਾ। ਗੁਰੂ ਤੇਗ ਬਹਾਦਰ, ਮਤੀ ਦਾਸ, ਭਾਈ ਦਿਆਲਾ, ਗੁਰੂ ਅਰਜਨ ਸਾਹਿਬ ਜੀ, ਭਾਰੂ ਸਿੰਘ, ਮਨੀ ਸਿੰਘ ਵਰਗੇ ਸੱਚੇ ਪਰਵਾਨੇ ਬਣ ਬਣ ਕੇ ਸ਼ਹੀਦੀਆਂ ਨਾ ਪਾਉਂਦੇ ਤਾਂ ਭਾਰਤ ਮਾਂ ਦੀ ਕੁੱਖ ਸੁਲੱਖਣੀ ਨਾ ਹੁੰਦੀ। ਅੱਜ ਭਾਰਤ ਸ਼ਹੀਦਾਂ ਦੀ ਭੂੰਮੀ ਨਾ ਮੰਨੀ ਜਾਂਦੀ, ਰਿਸ਼ੀਆਂ-ਮੁਨੀਆਂ ਅਵਤਾਰਾਂ ਦੀ ਧਰਤੀ ਨਾ ਮੰਨੀ ਜਾਂਦੀ, ਭਗਤਾਂ ਤੇ ਸੰਸਾਰੀਆਂ ਦਾ ਜੋੜ ਨਹੀਂ ਹੋਇਆ ਕਰਦਾ। 'ਭਾਈ! ਜਿਸ ਨੇ ਵੀ ਸਾਡੀ ਸੇਵਾ ਕੀਤੀ ਹੈ ਜਿਨ ਸਾਡਾ ਹੁਕਮ ਮੰਨਿਆ ਹੈ ਉਸ ਦੀ ਸੂਲੀ ਤੋਂ ਸੂਲ ਬਣ ਜਾਂਦੀ ਹੈ'।

ਸੰਤ ਕਾ ਨਿੰਦਕੁ ਮਹਾ ਹਤਿਆਰਾ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥
ਸੰਤ ਕਾ ਦੋਖੀ ਖਿਗਣ ਰੂਪੁ ਹੋਇ ਆਇ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥

ਭਾਈ! ਸਮੇਂ-ਸਮੇਂ ਸਿਰ ਕੀਤੇ ਹੋਏ ਕਰਮਾਂ ਦਾ ਫਲ ਮਿਲਦਾ ਹੈ, ਐਸਾ ਹੀ ਹੋਇਆ ਜਿਸਨੇ ਮਹਾਰਾਜ ਜੀ ਦੀ ਬਾਂਹ ਤੇ ਲਾਠੀ ਮਾਰੀ ਸੀ। ਉਹ ਕੋਹੜਾ ਹੋ ਕੇ ਮਰਿਆ। ਜਿਹੋ-ਜਿਹਾ ਤੇ ਜਿੰਨਾ-ਜਿੰਨਾ ਕੋਈ ਵੱਧਕੇ ਮਹਾਰਾਜ ਜੀ ਨਾਲ ਈਰਖਾ ਕਰਦਾ ਰਿਹਾ, ਉਤਨਾ ਹੀ ਫਲ ਪਾਉਂਦਾ ਗਿਆ। ਮਹਾਂਪੁਰਸ਼ਾਂ ਦੀ ਸ਼ਕਤੀ ਤਾਰ ਵੀ ਸਕਦੀ ਹੈ, ਮਾਰ ਵੀ ਸਕਦੀ ਹੈ। ਇਨ੍ਹਾਂ ਦਾ ਸੁਭਾਓ ਐਸਾ ਬਣ ਚੁੱਕਾ ਹੁੰਦਾ ਹੈ ਜਿਵੇਂ ਪੌਣ ਦਾ ਸੁਭਾਉ ਸਭ ਨੂੰ ਇਕੋ ਹੀ ਠੰਡ ਸ਼ੀਤਲਤਾ ਬਖਸ਼ਦਾ ਹੈ।

ਬ੍ਰਹਮ ਗਿਆਨੀ ਕਾ ਇਹੈ ਗੁਨਾਉ
ਨਾਨਕ ਜਿਉ ਪਾਵਕ ਕਾ ਸਹਿਜ ਸੁਭਾਉ।

ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਸਮਦ੍ਰਿਸ਼ਟੀ ਬਣ ਚੁੱਕੀ ਹੁੰਦੀ ਹੈ। ਜੈਸੀ ਭਾਵਨਾ ਨਾਲ ਇਨ੍ਹਾਂ ਵੱਲ੍ਹ ਕੋਈ ਦੇਖਦਾ ਹੈ, ਉਸੇ ਤਰਾਂ ਦਾ ਫਲ ਮਿਲ ਜਾਂਦਾ ਹੈ। ਜੇਕਰ ਇਕ ਪਾਤਰ ਵਿਚ ਪਾਣੀ ਪਾ ਕੇ ਉਪਰੋਂ ਦੋ ਬੰਦੇ ਆਪਣਾ ਪ੍ਰਤੀਬਿੰਬ ਦੇਖਣ

ਤਾਂ ਜਿਸ ਤਰਾਂ ਦਾ ਕਿਸੇ ਦਾ ਮੂੰਹ ਹੋਵੇਗਾ, ਵੈਸਾ ਹੀ ਨਜ਼ਰੀ ਆਵੇਗਾ। ਜੇ ਮੂੰਹ ਕਾਲਾ ਹੋਵੇ ਤਾਂ ਕਾਲਾ, ਜੇ ਗੋਰਾ ਹੋਵੇ ਤਾਂ ਗੋਰਾ ਨਜ਼ਰੀਂ ਆਉਂਦਾ ਹੈ, ਪਾਣੀ ਦਾ ਕੋਈ ਕਸੂਰ ਨਹੀਂ। ਇਸੇ ਤਰਾਂ ਹੀ ਪਾਪਾਂ ਦਾ ਰੰਗ ਕਾਲਾ ਹੈ, ਪੁੰਨਾਂ ਦਾ ਰੰਗ ਲਾਲ ਚਿੱਟਾ ਹੈ 'ਜੇਹਾ ਬੀਜੇ ਸੋ ਲੁਣੈ ਕਰਮਾ ਸੰਦੜਾ ਖੇਤੁ'।" ਪਰ ਐਸੀ ਖੇਡ ਮੁੱਜੋਂ ਵਿਚ ਵਰਤਾਈ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਹਰੀ ਸਿੰਘ ਨੂੰ ਮਾਇਆ ਦੀ ਬਖਸ਼ਿਸ਼ ਕਰਨ ਦੀ

ਨਾਭ ਕੰਵਲ ਰਾਜਾ ਸਾਹਿਬ ਜੀ ਦੇ ਅਦਭੁੱਤ ਕੌਤਕ ਦੇਖਕੇ ਆਲ਼ੇ ਦੁਆਲ਼ੇ ਦੇ ਲੋਕਾਂ ਵਿਚ ਪ੍ਰੇਮ ਦੀ ਲਹਿਰ ਚੱਲ ਪਈ। ਦੁਖੀ ਜੀਵ ਮਹਾਰਾਜ ਜੀ ਦੇ ਦਰ ਵਿਚੋਂ ਦੁੱਧ, ਪੁੱਤ, ਮਾਇਆ ਆਦਿਕ ਪਦਾਰਥਾਂ ਦੀਆਂ ਲੋੜਾਂ ਪੂਰੀਆਂ ਕਰਕੇ, ਝੋਲੀਆਂ ਭਰਕੇ ਘਰਾਂ ਨੂੰ ਜਾਂਦੇ ਸਨ। ਹਰੀ ਸਿੰਘ ਰਹਿਪੇ ਵਾਲਾ ਇਹ ਵੀ ਮਹਾਰਾਜ ਜੀ ਦਾ ਅਨਿਨ ਸੇਵਕ ਸੀ। ਹਰੀ ਸਿੰਘ ਮਾਇਆ ਪੱਖੋਂ ਬਹੁਤ ਕਮਜ਼ੋਰ ਸੀ। ਮਨ ਵਿਚ ਮਾਇਆ ਦਾ ਤੀਬਰ ਫੁਰਨਾ ਬਣਿਆ ਰਹਿੰਦਾ ਸੀ। ਮਾਇਆ ਤੋਂ ਬਿਨਾਂ ਗ੍ਰਿਹਸਥੀ ਦੀ ਜ਼ਿੰਦਗੀ ਅਧੂਰੀ ਹੈ। ਮਾਇਆ ਹੋਵੇ ਤਾਂ ਗ੍ਰਿਹਸਥ ਆਸ਼ਰਮ ਵੀ ਸਵਰਗ ਬਣ ਜਾਂਦਾ ਹੈ, ਨਹੀਂ ਤਾਂ ਨਰਕ ਹੀ ਨਰਕ ਹੈ। ਅਠਾਰਵਾਂ ਨਰਕ ਮਾਤ ਲੋਕ ਵਿਚ ਗਰੀਬੀ ਹੀ ਫਿਰਦੀ ਹੈ। ਐਸੇ ਕਾਮਿਲ ਪੀਰ ਦੇ ਹੁੰਦਿਆਂ ਹੋਇਆਂ ਵੀ ਗਰੀਬੀ ਦੇ ਦਿਨ ਕੱਟਦੇ ਰਹੇ ਤਾਂ ਗੁਰੂ ਦੀ ਸੇਵਾ ਕਰਨ ਦਾ ਕੀ ਫ਼ਾਇਦਾ? ਜੇ ਗੁਰੂ ਪੂਰਾ ਸ਼ਾਹ ਸੇਠ ਹੋਵੇ ਤਾਂ ਵੀ ਕਮੀ ਰਹੀ? ਇਹੋ ਜਿਹੇ ਪੀਰ ਦੇ ਚਰਨਾਂ ਵਿਚ ਤਾਂ ਚਾਰ ਪਦਾਰਥ ਹਰ ਵੇਲੇ ਰਹਿੰਦੇ ਹਨ। ਕਿਤੇ ਮੇਰਾ ਵੀ ਦਲਿੱਦਰ ਤੋੜ ਦੇਣ ਜਿਵੇਂ ਕ੍ਰਿਸ਼ਨ ਭਗਵਾਨ ਜੀ ਨੇ ਸੁਦਾਮੇ ਦਾ ਦਲਿੱਦਰ ਤੋੜਿਆ ਸੀ। ਦਿਲ ਵਿਚ ਨਵੀਆਂ-ਨਵੀਆਂ ਸਧਰਾਂ ਰੱਖਦਾ ਹੋਇਆ ਭਾਈ ਹਰੀ ਸਿੰਘ ਬੰਗਲਾ ਸਾਹਿਬ ਪਹੁੰਚ ਗਿਆ। ਅੱਗੋਂ ਮਹਾਰਾਜ ਜੀ ਬੰਗਲੇ ਦੀ ਉਪਰਲੀ ਛੱਤ ਜਿਸਨੂੰ ਦੇਵਤਿਆਂ ਦੀ ਛੱਤ ਆਖਿਆ ਕਰਦੇ ਸਨ, ਉਸ ਵਿਚ ਬੈਠੇ ਸਨ। ਗਲ ਪੱਲਾ ਪਾ ਕੇ ਮਨ ਦੀ ਫਰਿਆਦ ਅੱਗੇ ਰੱਖਕੇ

ਚਰਨਾਂ 'ਤੇ ਢਹਿ ਪਿਆ। ਮਨ ਗ੍ਰਹਿਸਥ ਆਸ਼ਰਮ ਦੀਆਂ ਸੱਟਾਂ ਖਾ-ਖਾ ਕੇ ਦੁਖੀ ਹੋ ਚੁੱਕਾ ਸੀ। ਲੋੜਾਂ ਦੀ ਪੰਡ ਸਿਰ ਨੂੰ ਦਬਾਈ ਜਾ ਰਹੀ ਸੀ ਕਿਉਂਕਿ ਇਕੱਲਾ ਕੰਮ ਕਰਨ ਵਾਲਾ ਸੀ, ਪਿੱਛੇ ਦਸ ਜੀਅ ਖਾਣੇ ਵਾਲੇ ਸਨ। ਲੜਕੀਆਂ ਦੀ ਕਬੀਲਦਾਰੀ ਬੰਦੇ ਨੂੰ ਕਾਬੂ ਕਰ ਲੈਂਦੀ ਹੈ, ਜਿਵੇਂ ਮੱਕੜੀ ਮੱਖੀ ਨੂੰ ਤਾਰਾਂ ਦਾ ਜਾਲ ਪਾ ਕੇ ਬੰਨ੍ਹ ਲੈਂਦੀ ਹੈ ਇਵੇਂ ਹੀ ਗ੍ਰਹਿਸਥੀ ਨੂੰ ਘਰ ਦੀਆਂ ਲੋੜਾਂ ਬੰਨ੍ਹ ਲੈਂਦੀਆਂ ਹਨ। ਜਦੋਂ ਹਰੀ ਸਿੰਘ ਨੇ ਵੈਰਾਗ ਕਰਦਿਆਂ ਨਮਸਕਾਰ ਕੀਤੀ, ਆਪਣਾ ਅਨਿਨ ਭਗਤ ਸਮਝਕੇ, ਇਕ ਮਿੰਟ ਵੀ ਨਹੀਂ ਘਬਰਾਉਣ ਦਿੱਤਾ। ਅੱਗੋਂ ਮਹਾਰਾਜ ਜੀ ਬੋਲੇ, "ਹਰੀਆ! ਕੀ ਹਾਲ ਹੈ?" ਹਰੀ ਸਿੰਘ ਨੇ ਦੇਖਿਆ ਕਿ ਇਸ ਵੇਲੇ ਮਹਾਰਾਜ ਮਿਹਰਬਾਨ ਹਨ, ਹੁਣ ਵਰ ਮੰਗਣ ਦੀ ਕੀ ਢਿੱਲ ਕਰਨੀ ਹੈ? ਸਾਰੇ ਪਦਾਰਥਾਂ ਦੀ ਝੋਲੀ ਭਰ ਕੇ ਘਰ ਨੂੰ ਜਾਵਾਂ। ਹਰੀ ਸਿੰਘ ਨੇ ਗਲ ਪੱਲਾ ਪਾ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਮਾਇਆ ਦੀ ਤੰਗੀ ਹੈ। ਕਬੀਲਦਾਰੀ ਗਲ-ਗਲ ਚੜ੍ਹੀ ਹੋਈ ਹੈ, ਲੜਕੀਆਂ ਦੇ ਵਿਆਹ ਕਰਨੇ ਹਨ। ਰਾਤ ਨੂੰ ਨੀਂਦ ਨਹੀਂ ਪੈਂਦੀ, ਦੋ ਲੜਕੀਆਂ ਦੀ ਸ਼ਾਦੀ ਇਕੱਠੀ ਕਰਨੀ ਹੈ।" ਮਹਾਰਾਜ ਜੀ ਨੇ ਆਪਣੇ ਪ੍ਰੇਮੀ ਭਗਤ ਦੀ ਦਰਦ ਭਰੀ ਫਰਿਆਦ ਸੁਣਕੇ ਹੁਕਮ ਕੀਤਾ, "ਹਰੀਆ ਹੱਥ ਕਰ!" ਹਰੀ ਸਿੰਘ ਨੇ ਦੋਵੇਂ ਹੱਥ ਅੱਗੇ ਨੂੰ ਕੀਤੇ। ਹੁਕਮ ਹੋਇਆ ਕਿ, "ਪੱਲਾ ਕਰ, ਅੱਜ ਤੇਰਾ ਪੱਲਾ ਭਰ ਦੇਵਾਂ।" ਤਿੰਨ ਪੈਸੇ ਆਪਣੇ ਪਵਿੱਤਰ ਹੱਥਾਂ ਨਾਲ ਹਰੀ ਸਿੰਘ ਦੇ ਪੱਲੇ ਵਿਚ ਪਾ ਦਿੱਤੇ ਨਾਲ ਹੀ ਹੁਕਮ ਦਿੱਤਾ, "ਤੈਨੂੰ ਵੱਡਾ ਭਾਗੀ ਸੇਠ ਬਣਾ ਦਿੱਤਾ। ਤੇਰਾ ਸ਼ਾਹੂਕਾਰਾ ਚੱਲੇਗਾ, ਅੱਜ ਹਮ ਨੇ ਆਪ ਕੋ ਖ਼ਜਾਨੇ ਦੀਆਂ ਕੁੰਜੀਆਂ ਦੇ ਦਿੱਤੀਆਂ ਹਨ, ਜਿਨੀ ਮਰਜੀ ਮਾਇਆ ਕੱਢ ਕੱਢ ਵਰਤੀ ਜਾਈਂ, ਇਹ ਤਿੰਨ ਪੈਸੇ ਨਹੀਂ ਸਮਝਣੇ, ਕੋਠੀ ਦੀ ਗਹੀ ਵਿਚ ਰਖਕੇ ਧੂਫ਼ ਦੇ ਦਿਆ ਕਰੀਂ।" ਬਸ ਹਰੀ ਸਿੰਘ ਦੇ ਘਰ ਵਿਚ ਲੱਛਮੀ ਦਾ ਵਾਸਾ ਹੋ ਗਿਆ। ਚੜ੍ਹਦੇ ਸੂਰਜ ਵਾਂਗ ਰਾਤ ਦਿਨ ਕਿਸਮਤ ਦਾ ਸਿਤਾਰਾ ਚਮਕਣ ਲੱਗਾ। ਮਿੱਟੀ ਦਾ ਸੋਨਾ ਬਣਦਾ ਜਾ ਰਿਹਾ ਸੀ। ਪਤਾ ਨਹੀਂ ਹਰ ਪਾਸਿਓਂ ਹਰ ਤਰਾਂ ਨਾਲ ਮਾਇਆ ਇਕੱਠੀ ਹੋਣ ਲੱਗੀ। ਸ਼ਾਹੂਕਾਰੇ ਚਲ ਪਏ। ਦੁਨੀਆਂ ਵਿਚ ੧੦ ਕਨਾਲ ਜਗ੍ਹਾ ਮਹਾਰਾਜ ਜੀ ਦੇ ਨਾਂ ਤੇ ਦਾਨ ਕੀਤੀ ਸੀ। ਸੱਤਰ ਗੁਣਾਂ ਇਥੇ ਫਲੀ ਭੂਤ ਹੋ ਗਈ ਹੈ। ਇਸ ਵੇਲੇ ਟਿਊਬਵੈੱਲ ਲੱਗੇ

ਹੋਏ ਹਨ, ਨੌਕਰ ਕੰਮ ਕਰ ਰਹੇ ਹਨ। 15 ਘੁਮਾਂ ਤੋਂ 40 ਘੁਮਾਂ ਜ਼ਮੀਨ ਬਣੀ ਹੋਈ ਹੈ, ਜਿਸ ਵੇਲੇ ਮਾਇਆ ਦੀ ਬਖਸ਼ਿਸ਼ ਕੀਤੀ ਸੀ, ਹਰੀ ਸਿੰਘ ਦੇ ਘਰ ਸਤ ਲੜਕੀਆਂ ਹੀ ਸਨ। ਮਹਾਰਾਜ ਜੀ ਦੀ ਬਖਸ਼ਿਸ਼ ਨਾਲ ਘਰ ਪੁੱਤਰ ਪੈਦਾ ਹੋਇਆ ਗਿਆਨ ਸਿੰਘ ਨਾਮ ਰੱਖਿਆ। ਗਿਆਨ ਸਿੰਘ ਵੀ ਆਪਣੇ ਪਿਤਾ ਦੀ ਤਰਾਂ ਮਹਾਰਾਜ ਜੀ ਦੇ ਦਰਬਾਰ ਦੀ ਸੇਵਾ ਸਵੇਰ ਸ਼ਾਮ ਕਰਦਾ ਹੈ। ਹਰੀ ਸਿੰਘ ਚੰਗਾ ਸਰਮਾਏਦਾਰ ਬਣ ਗਿਆ। ਜਾਇਦਾਦ ਖਰੀਦੀ। ਹਜ਼ਾਰਾਂ ਲੋਕ ਦਰ ਤੇ ਸਵਾਲੀ ਬੈਠੇ ਰਹਿੰਦੇ ਸਨ। ਮਾਇਆ ਕੋਲ ਜ਼ਿਆਦਾ ਹੋਣ ਨਾਲ ਕੁੱਝ ਮਨ ਅੰਦਰ ਆਪਣੀ ਸਿਆਣਪ ਦਾ ਝੰਡਾ ਖੜ੍ਹਾ ਹੋ ਗਿਆ। ਲੱਗਾ ਲੋਕਾਂ ਨੂੰ ਬੇਵਕੂਫ਼ ਸਮਝਣ। ਲੋਕਾਂ ਨੂੰ ਮੱਤ ਨਹੀਂ ਹੈ ਪੈਸਾ ਬਣਾਉਣਾ ਨਹੀਂ ਆਉਂਦਾ, ਇਹੋ ਜਿਹੀਆਂ ਸਿਆਣਪ ਦੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਇਕ ਦਿਨ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਿਆ। ਮਹਾਰਾਜ ਜੀ ਪਿੰਡ ਮਜਾਰੇ ਕਰਤਾਰ ਸਿੰਘ ਦੇ ਘਰ ਬੈਠੇ ਸਨ। ਮਹਾਰਾਜ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਪਾਤਸ਼ਾਹ ਅੱਗੋਂ ਬੋਲੇ "ਹਰੀਆ! ਹੁਣ ਨਹੀਂ ਤੂੰ ਆਖਦਾ ਕਿ ਜੋ ਕੁੱਝ ਰਾਜਾ ਹੀ ਕਰਦਾ ਹੈ।" ਹਰੀ ਸਿੰਘ ਦੇ ਹੱਥ ਵਿਚ ਖੂੰਡਾ ਸੀ। ਮਹਾਰਾਜ ਜੀ ਕਹਿੰਦੇ, "ਹਰੀਆ! ਇਹ ਖੂੰਡਾ ਤੁਮਾਰੇ ਪਾਸ ਹੈ, ਪਹਿਲਾਂ ਸਿਧਾ ਹੀ ਹੁੰਦਾ ਸੀ, ਹਮਨੇ ਹੀ ਇਸਦਾ ਘੁੰਡ ਮੋੜਿਆ ਸੀ।" ਹਰੀ ਸਿੰਘ ਕਹਿਣ ਲੱਗਾ, "ਸੱਚੇ ਪਾਤਸ਼ਾਹੋ! ਆਪਦੀ ਕਿਰਪਾ ਨਾਲ ਹੀ ਮੁੜਿਆ ਹੈ।" ਮਹਾਰਾਜ ਜੀ ਨੇ ਜੋ ਮਨ ਵਿਚ ਗੁੰਝਲ ਸੀ, ਕੱਢਕੇ ਸਾਫ਼ ਕਰ ਦਿੱਤਾ। ਮਨ ਵਿਚ ਹੰਕਾਰ ਨਹੀਂ ਰਹਿਣ ਦਿੱਤਾ ਕਿਉਂਕਿ ਆਪਣੇ ਸੇਵਕ ਦਾ ਭਲਾ ਜੋ ਕਰਨਾ ਸੀ। *ਬੋਲੋ ਭਾਈ ਜੀ ਵਾਹਿਗੁਰੂ॥*

ਸਾਖੀ ਧੁੰਨਾ ਮੱਲ ਸੇਠ ਨਾਲ ਹੋਈ

ਧੁੰਨਾ ਮੱਲ ਸੇਠ ਨਵਾਂ ਸ਼ਹਿਰ ਦਾ ਰਹਿਣ ਵਾਲਾ ਸੀ। ਘਰ ਵਿਚ ਦੌਲਤ ਬਹੁਤ ਸੀ। ਦੁਕਾਨਾਂ ਚਲਦੀਆਂ ਸਨ। ਕੋਠੀਆਂ ਪਦਾਰਥਾਂ ਨਾਲ ਭਰੀਆਂ ਸਨ। ਸਾਰੇ ਕੰਮ ਨੌਕਰ ਹੀ ਕਰਦੇ ਸਨ। ਸ਼ਾਹੂਕਾਰਾ ਚੱਲਦਾ ਸੀ। ਪਾਣੀ ਭਰਨ ਵਾਲੇ, ਪੱਖਾ ਕਰਨ ਵਾਲੇ ਮੋਹਰੇ ਗੁਲਾਮ ਹਰ ਵਕਤ ਖੜ੍ਹੇ ਰਹਿੰਦੇ ਸਨ। ਇਨੇ ਪਦਾਰਥਾਂ

ਦੇ ਹੁੰਦਿਆਂ, ਇਕ ਚੀਜ਼ ਦਾ ਘਾਟਾ ਸੀ, ਉਹ ਕਿਤਿਉਂ ਵੀ ਪੂਰਾ ਨਹੀਂ ਹੁੰਦਾ। ਪੁੱਤਰ, ਪ੍ਰੇਮ, ਈਮਾਨ ਤਿੰਨਾਂ ਚੀਜ਼ਾਂ ਕਿਤੇ ਧਨ ਨਾਲ ਨਹੀਂ ਮਿਲਦੀਆਂ। ਇਹ ਤਾਂ ਕਰਤਾਰ ਦੀ ਬਖਸ਼ਿਸ਼ ਨਾਲ ਹੀ ਮਿਲਦੀਆਂ ਹਨ। ਧੁੰਨਾ ਮੱਲ ਸੇਠ ਨੂੰ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਬਾਰ ਦੀ ਕਿਸੇ ਦੱਸ ਪਾਈ। ਇਕ ਰਾਜਾ ਸਾਹਿਬ ਜੀ ਦਾ ਬੂਹਾ ਹੈ, ਜਿੱਥੇ ਸੁੱਕੇ-ਸੜੇ ਹੋਏ ਭਾਗ ਮੁੜ ਹਰੇ ਹੋ ਜਾਂਦੇ ਹਨ। ਇਥੇ ਔਤਰੇ ਜਾਂਦੇ ਘਰ ਆਬਾਦ ਕੀਤੇ ਜਾਂਦੇ ਹਨ। ਇਹ ਰਾਜੇ ਦਾ ਹੀ ਦਰ ਸੁਣਿਆ ਹੈ, ਜਿੱਥੇ ਫੁੱਟੀਆਂ ਹੋਈਆਂ ਕਿਸਮਤਾਂ ਮੁੜ ਸੁਰਜੀਤ ਕੀਤੀਆਂ ਜਾਂਦੀਆਂ ਹਨ। ਸੁੱਕੇ ਬਾਗ ਹਰੇ ਹੋ ਜਾਂਦੇ ਹਨ। ਇਹ ਮਾਲਦਾਰ ਸੇਠ ਮਹਾਰਾਜਜੀ ਦੇ ਚਰਨੀਂ ਆਣ ਲੱਗਾ। ਦਿਲੋਂ ਯਕੀਨ ਨਾਲ ਬੂਹੇ ਤੇ ਬੈਠ ਗਿਆ, ਜਦੋਂ ਖ਼ੈਰ ਪਵੇਗੀ ਤਾਂ ਉਠਾਂਗਾ, ਨਹੀਂ ਤਾਂ ਮੈਂ ਕੀ ਕਰਨਾ ਹੈ ਧਨ ਦੇ ਭਰੇ ਹੋਏ ਕੋਠੇ ਤੇ ਸੇਠਾਣੀਆਂ ਨੂੰ? ਸੇਠਾਣੀ ਤੇ ਸੇਠ ਹਰ ਐਤਵਾਰ ਨੂੰ ਨੰਗੇ ਪੈਰੀਂ ਆਇਆ ਕਰਦੇ ਸਨ, ਆ ਕੇ ਸੰਗਤ ਦੇ ਜੋੜਿਆਂ ਦੀ ਧੂੜ ਮੱਥੇ ਨਾਲ ਲਾਉਂਦੇ ਸਨ, ਸੰਗਤ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰਦੇ ਸਨ। ਧਨ ਕਰਕੇ ਵੀ ਸੇਵਾ ਕਰਿਆ ਕਰਦੇ ਸਨ। ਇਕ ਗਾਗਰ ਚਾਂਦੀ ਦੇ ਰੁਪਿਆਂ ਦੀ ਮਾਨੇ ਲਾਂਗਰੀ ਦੇ ਸਪੁਰਦ ਕੀਤੀ, ਲੰਗਰ ਦੀ ਸੇਵਾ ਵਾਸਤੇ

ਜਿਸ ਧਨ ਕਉ ਚਾਰ ਕੁੰਟ ਉੱਠ ਧਾਵਹਿ ਸੋ ਧਨੁ ਹਰਿ ਸੇਵਾ ਤੇ ਪਾਵਹਿ।।

ਅੰਕਰ ਕਰਮ ਪ੍ਰਗਟ ਹੋ ਆਇਆ, ਧੁੰਨਾ ਮੱਲ ਦੀ ਮਾਇਆ ਦਾ ਲੰਗਰ ਚਲ ਪਿਆ। ਸਾਧ ਸੰਗਤ ਛਕ ਕੇ ਅਸ਼ੀਰਵਾਦ ਦੇਣ ਲੱਗੀ। 'ਅੰਨ ਕਾ ਦਾਤਾ ਸਦਾ ਸੁਖੀ' ਜਦੋਂ ਖ਼ੁਦਾ ਦੀ ਰਯਤ ਖੁਸ਼ ਕੀਤੀ ਜਾਵੇ ਤਾਂ ਖ਼ੁਦਾ ਵੀ ਖੁਸ਼ ਹੋ ਜਾਂਦਾ ਹੈ। ਜਦੋਂ ਸੰਗਤ ਇਸ 'ਤੇ ਖੁਸ਼ ਹੋਈ ਤਾਂ ਰੱਬ ਵੀ ਖੁਸ਼ ਹੋ ਜਾਂਦਾ ਹੈ। ਕਿਉਂਕਿ ਰੱਬ ਜੋਤ ਰੂਪ ਹੋ ਕੇ ਸਭ ਜੀਵਾਂ ਵਿਚ ਬੈਠਾ ਸਭ ਖੇਡਾਂ ਦੇਖ ਰਿਹਾ ਹੈ। ਬਸ ਮਿਹਨਤੀ ਦੀ ਮਿਹਨਤ ਸਮੇਂ ਸਿਰ ਮਿਲ ਜਾਂਦੀ ਹੈ।

ਇਕ ਦਿਨ ਧੁੰਨਾ ਮਲ ਤੇ ਉਸਦੀ ਘਰ ਵਾਲੀ ਦੋਵੇਂ ਪਾਤਸ਼ਾਹ ਕੋਲ ਆਏ। ਗਰਮੀ ਦੇ ਦਿਨ ਸਨ, ਫਲਾਂ ਦਾ ਲਿਫ਼ਾਫ਼ਾ ਭਰ ਕੇ ਮਹਾਰਾਜਾ ਜੀ ਦੇ ਅੱਗੇ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਮਿਹਰਾਂ ਦੇ ਦਾਤੇ, ਵਰਾਂ ਦੇ ਮਾਲਿਕ ਦੋ ਸਾਲਾਂ ਦੀ ਮਿਹਨਤ

ਦੇ ਬਦਲੇ ਧੁੰਨਾ ਮੱਲ ਤੇ ਉਸਦੀ ਔਰਤ ਜਿਸ ਚੀਜ਼ ਦੀ ਕੋਈ ਕੀਮਤ ਨਹੀਂ ਪਾ ਸਕਦਾ, ਉਹ ਪੁੱਤਰ ਦੀ ਦਾਤ ਧੁੰਨਾ ਮੱਲ ਨੂੰ ਦੋ ਛਲ ਦੇ ਕੇ ਅੱਜ ਪੂਰੀ ਕਰ ਦੇਣਗੇ। ਇਹ ਭਿਕਸ਼ੂ ਚੌਕੜੇ ਲਾ ਕੇ ਮਹਾਰਾਜ ਜੀ ਦੇ ਚਰਨਾਂ ਦਾ ਧਿਆਨ ਧਰਕੇ ਬੈਠੇ ਸਨ, ਦਿਲ ਧੜਕ-ਧੜਕ ਕਰਦਾ ਹੈ, ਕਦੇ-ਕਦੇ ਮਹਾਰਾਜ ਜੀ ਦੇ ਨੂਰੀ ਮੁਖੜੇ ਵੱਲ੍ਹ ਦੱਬੀ ਜਿਹੀ ਨਜ਼ਰ ਨਾਲ ਤੱਕ ਲੈਂਦੇ ਹਨ, ਦਿਲ ਦੀ ਰਫ਼ਤਾਰ ਬੜੀ ਤੇਜੀ ਨਾਲ ਚਲ ਰਹੀ ਹੈ। ਦਿਲ ਬਹੁਤ ਸੂਖਮ ਹੋ ਕੇ ਪਾਤਸ਼ਾਹ ਦੇ ਸੱਚੇ ਬੋਲਾਂ ਨੂੰ ਧਿਆਨ ਨਾਲ ਸੁਣਨਾ ਚਾਹੁੰਦਾ ਹੈ। ਅੱਜ ਉਮੀਦ ਬੜੀ ਹੈ ਖੈਰ ਪਵੇਗੀ ਪਰ ਡਰ ਵੀ ਲਗਦਾ ਹੈ ਕਿ ਕਿਤੇ ਐਵੇਂ ਨਾ ਤੋਰ ਦੇਣ। ਪਰ ਨਹੀਂ, ਅੱਗੇ ਕਦੇ ਇਸ ਤਰਾਂ ਬਿਠਾ ਕੇ ਗੱਲਾਂ ਨਹੀਂ ਸਨ ਕੀਤੀਆਂ। ਧੁੰਨਾ ਮੱਲ ਦਾ ਦਿਲ ਕਦੇ-ਕਦੇ ਇਹੋ ਜਿਹੇ ਫੁਰਨਿਆਂ ਦੀ ਨਦੀ ਵਿਚ ਰੋੜ੍ਹੇ ਪੈ ਜਾਂਦਾ। ਸੇਠਾਣੀ ਦਾ ਮਨ ਪਹਾੜ ਦੀ ਤਰਾਂ ਅਡੋਲ ਸੀ, ਨਿਸਚਾ ਕਰਕੇ ਬੈਠੀ ਸੀ। ਕੁੱਝ ਦੇਰ ਬਾਅਦ ਉਸ ਬੈਠੀ ਜੋੜੀ ਵੱਲ੍ਹ ਰਹਿਮਤ ਭਰੀਆਂ ਨਜ਼ਰਾਂ ਨਾਲ ਤੱਕਿਆ। ਲਿਫ਼ਾਫ਼ੇ ਵਿਚੋਂ ਦੋ ਕਲਮੀ ਅੰਬ ਇਕ ਸੇਠ ਅਤੇ ਇਕ ਸੇਠਾਣੀ ਦੇ ਪੱਲੇ ਵਿਚ ਪਾ ਦਿੱਤਾ ਅਤੇ ਹੁਕਮ ਕੀਤਾ ਦੋਵੇਂ ਫਲ ਛਕ ਲਵੋ। ਘਰ ਜਾਣ ਦਾ ਹੁਕਮ ਕੀਤਾ। ਨਮਸਕਾਰ ਕਰਕੇ ਘਰ ਚਲੇ ਗਏ। ਦੋਵੇਂ ਫਲ ਦੋਹਾਂ ਨੇ ਛਕ ਲਏ ਜਿਵੇਂ ਮਹਾਰਾਜ ਨੇ ਪਹਿਲਾਂ ਧੁੰਨਾ ਮੱਲ ਨੂੰ ਫਲ ਦਿੱਤਾ ਸੀ, ਉਸੇ ਹੀ ਤਰਾਂ ਪਹਿਲਾ ਲੜਕਾ ਤੇ ਫਿਰ ਲੜਕੀ ਜਨਮੀ। ਫ਼ਲ ਦੇਣ ਲੱਗਿਆ ਇਹ ਵੀ ਹੁਕਮ ਕੀਤਾ ਕਿ ਕਬੀਲਦਾਰੀ ਸਾਂਝੀ ਹੀ ਚੰਗੀ ਹੁੰਦੀ ਹੈ। ਮਹਾਰਾਜ ਜੀ ਦੀ ਕਿਰਪਾ ਨਾਲ ਘਰ ਆਬਾਦ ਹੋ ਗਿਆ। ਸਭ ਪਾਸੀਂ ਵਧਾਈਆਂ ਹੀ ਵਧਾਈਆਂ ਆਉਣ ਲੱਗੀਆਂ। ਘਰ ਪੁੱਤਰ ਹੋਣ ਦੀ ਖੁਸ਼ੀ ਵਿਚ ਲੱਡੂਆਂ ਦੀਆਂ ਪਰਾਤਾਂ ਬਣਾ ਕੇ ਮਹਾਰਾਜ ਜੀ ਦੇ ਵੰਡਣ ਵਾਸਤੇ ਲੈ ਆਏ। ਧੁੰਨਾ ਮੱਲ ਲੱਡੂਆਂ ਦੀਆਂ ਪਰਾਤਾਂ ਬਣਾ ਕੇ ਬੰਗਿਆਂ ਤੱਕ ਵੰਡਦਾ ਗਿਆ। ਉਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਮਜਾਰੇ ਆ ਗਏ। ਧੁੰਨਾ ਮੱਲ ਜਦੋਂ ਦਰਸ਼ਨ ਕਰਨ ਵਾਸਤੇ ਆਇਆ ਕਰਦਾ ਸੀ, ਨਾਲ ਜੱਜ ਆਇਆ ਕਰਦਾ ਸੀ। ਧੁੰਨਾ ਮੱਲ ਨੂੰ ਕੋਲ ਬਿਠਾ ਲੈਂਦੇ ਸਨ, ਜੱਜ ਨੂੰ ਜੋੜਿਆਂ ਵਿਚ ਖੜ੍ਹੇ ਰਹਿਣ ਦਾ ਹੁਕਮ ਹੁੰਦਾ ਸੀ। ਜੱਜ ਹੱਥ ਜੋੜ ਕੇ ਉੱਥੇ ਹੀ ਖੜ੍ਹਾ ਰਹਿੰਦਾ ਸੀ, ਜਿੰਨਾ ਚਿਰ ਹੁਕਮ ਨਾ ਦੇਣ। ਇਹ ਕਿਸੇ ਨੂੰ ਕੁੱਝ ਪਤਾ ਨਹੀਂ ਸੀ ਕਿ ਜੱਜ ਕਿਸ ਮਤਲਬ ਵਾਸਤੇ ਆਇਆ ਕਰਦਾ ਸੀ? ਆਉਂਦਾ ਕਾਫ਼ੀ ਦੇਰ ਰਿਹਾ। ਪਿਛੋਂ ਪਤਾ ਲੱਗਾ ਕਿ

ਆਪਣੀ ਤਰੱਕੀ ਦੀ ਇੱਛਾ ਮਨ ਵਿਚ ਰੱਖਕੇ ਆਉਂਦਾ ਸੀ। ਪ੍ਰੇਰ ਮਹਾਂਪੁਰਸ਼ਾਂ ਦੇ ਦਰਸ਼ਨਾਂ ਦਾ ਫ਼ਲ ਜ਼ਰੂਰੀ ਹੀ ਮਿਲ ਜਾਂਦਾ ਹੈ। ਦਰਸ਼ਨ ਦਾ ਸਦਕਾ ਕੁੱਝ ਦੇਰ ਬਾਅਦ ਸੱਬ ਜੱਜ ਤੋਂ ਸੈਸ਼ਨ ਜੱਜ ਬਣਕੇ ਜਲੰਧਰ ਜਾ ਲੱਗਾ। ਫਿਰ ਉਹ ਵੀ ਧੁੰਨਾ ਮਲ ਵਾਂਗ ਲੱਡੂ ਲੈ ਕੇ ਮਹਾਰਾਜ ਜੀ ਕੋਲ ਆਇਆ। ਮਹਾਰਾਜ ਜੀ ਨੇ ਦੂਰੋਂ ਹੀ ਪਿਛਾਂਹ ਮੁੜ ਜਾਣ ਲਈ ਆਖਿਆ। ਮਹਾਰਾਜ ਖੇਤਾਂ ਵਿਚ ਹੀ ਬੈਠੇ ਸਨ। ਜੱਜ ਦਾ ਦਿਲ ਸੀ ਕਿ ਮੈਂ ਕੋਲ ਜਾ ਕੇ ਦਰਸ਼ਨ ਕਰਾਂ, ਨਾਲੇ ਪ੍ਰਸ਼ਾਦ ਵੀ ਚਰਨਾਂ ਤੇ ਰੱਖ ਕੇ ਮਨ ਦੀ ਖੁਸ਼ੀ ਹਾਸਿਲ ਕਰਾਂ। ਪਤਾ ਨਹੀਂ ਮਹਾਰਾਜ ਜੀ ਨੇ ਮਲਨ ਅਹਾਰ ਸਮਝਕੇ ਅੱਗੇ ਆਉਣ ਦੀ ਇਜਾਜ਼ਤ ਨਾ ਦਿੱਤੀ, ਉਥੋਂ ਮੁੜ ਗਿਆ। ਜਦੋਂ ਸੈਸ਼ਨ ਜੱਜ ਲੱਡੂਆਂ ਦੀ ਪਰਾਤ ਢੇਰੀ ਕਰਕੇ ਮੁੜ ਗਿਆ ਤਾਂ ਮਹਾਰਾਜ ਜੀ ਨੇ ਕੋਲ ਬੈਠੇ, ਬਾਰੀਏ ਭਾਨੇ ਨੂੰ ਆਖਿਆ, "ਭਾਨਿਆ! ਸਹੁਰਾ ਜ਼ਹਿਰ ਦੀ ਪਰਾਤ ਚੁੱਕੀ ਆਉਂਦਾ ਸੀ। ਸੁੱਖ ਸਰੀਣੀ ਵੀ ਤਾਂ ਧਰਮ ਦੀ ਕਮਾਈ ਦੀ ਮਨਜ਼ੂਰ ਕੀਤੀ ਜਾਂਦੀ ਹੈ।" ਪਤਾ ਨਹੀਂ ਕਿਹੋ ਜਿਹੇ ਕਿਸੇ ਦੁਖੀ ਗਰੀਬ ਦਾ ਖ਼ੂਨ ਨਿਚੋੜ ਕੇ ਮਾਇਆ ਦੇ ਲੱਡੂ ਬਣਾ ਕੇ ਲਿਆਂਦੇ ਸੀ, ਕਿਸੇ ਕੁੱਤੇ, ਬਿੱਲੇ ਜਾਨਵਰ ਨੇ ਮੂੰਹ ਨਹੀਂ ਲਾਇਆ। ਧੁੰਨਾ ਮੱਲ ਨੂੰ ਪੁੱਤਰ ਦੀ ਦਾਤ ਤੇ ਜੱਜ ਦੀ ਤਰੱਕੀ ਤਾਂ ਸੁੱਜੋਂ ਬੈਠਿਆਂ ਨੇ ਹੀ ਕਰ ਦਿੱਤੀ ਸੀ। ਫਿਰ ਮਹਾਰਾਜ ਸੰਨ 1913 ਨੂੰ ਸੁੱਜੋਂ ਤੋਂ ਪਿੰਡ ਮਜਾਰੇ ਕਰਨਾਣੇ ਵੱਲ੍ਹ ਇਕ ਖੂਹ ਤੇ ਆਣ ਬੈਠੇ। ਸੰਨ 1909 ਵਿਚ ਸੁੱਜੋਂ ਗਏ ਸਨ, ਮੁੜ 1913 ਵਿਚ ਮਜਾਰਾ ਆ ਗਏ। ਸੁੱਜੋਂ ਦਾ ਪ੍ਰਸੰਗ ਸਮਾਪਤ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਸਾਂਈਂ ਪਿੰਡ ਝਿਗੜਾਂ ਵਾਲੇ ਨਾਲ ਹੋਈ

ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਪਿੰਡ ਮਜਾਰੇ ਵਰਿਆਮ ਸਿੰਘ ਦੇ ਖੂਹ ਤੇ ਰਹਿਣ ਲੱਗੇ। ਕਦੀ ਕਦੀ ਪਿੰਡ ਝਿਗੜੀਂ ਵੀ ਚਲੇ ਜਾਇਆ ਕਰਦੇ ਸਨ। ਇਕ ਦਿਨ ਦੀ ਗੱਲ ਹੈ, ਆਪ ਜੀ ਢਾਬੀ ਲਾਲਾ ਜੀ ਦੇ ਦਰਬਾਰ ਵਿਚ ਬੈਠੇ ਸਨ। ਕੋਲ ਗੁਰਬਖਸ਼ ਸਿੰਘ, ਮਾਈ ਨੰਦੀ ਹੋਰ ਵੀ ਕਾਫ਼ੀ ਸੰਗਤ ਦਰਸ਼ਨ ਕਰਨ ਵਾਸਤੇ ਆਈ ਹੋਈ ਸੀ। ਸੋਹਣੇ ਨੂਰੀ ਮੁੱਖੜੇ ਦੀਆਂ ਠੰਡੀਆਂ-

ਠੰਡੀਆਂ ਕਿਰਨਾਂ ਸੰਗਤਾਂ ਨੂੰ ਸੀਤਲਤਾ ਬਖਸ਼ ਰਹੀਆਂ ਸਨ। ਪਿੰਡੋਂ ਸਾਂਈਂ ਵੀ ਦਰਸ਼ਨ ਕਰਨ ਵਾਸਤੇ ਆਇਆ। ਸਮਾਧਾਂ ਦੀ ਹਦੂਦ ਵਿਚ ਸਣੇ ਹੀ ਜੋੜੇ ਆ ਵੜਿਆ। ਮਹਾਰਾਜ ਸਾਈਂ ਨੂੰ ਆਖਣ ਲੱਗੇ, "ਸਾਂਈ! ਜੋੜਾ ਪਿਛੇ ਖੋਹਲ ਕੇ ਆਓ। ਸਮਾਧਾਂ ਦੀ ਹੱਦ ਤੋਂ ਜੋੜਾ ਪਿਛੇ ਖੋਹਲਕੇ ਅੱਗੇ ਵਾਸਤੇ ਆਉਣਾ ਹੋਵੇਗਾ।" ਸਾਂਈਂ ਨੇ ਝੱਟ ਪੱਟ ਪਿੱਛੇ ਹਟ ਕੇ, ਜੋੜਾ ਖੋਹਲਕੇ, ਗੱਲ ਪੱਲਾ ਪਾ ਕੇ, ਡਰਦਾ ਕੰਬਦਾ ਬਹੁਤ ਅਧੀਨਗੀ ਨਾਲ ਸਤਿਗੁਰਾਂ ਦੇ ਚਰਨੀ ਜਾ ਡਿੱਗਿਆ। ਪ੍ਰੇਮੀ ਬਹੁਤ ਸੀ ਘਰੋਂ ਮਾਇਆ ਵਲੋਂ ਬੜੀ ਗਰੀਬੀ ਸੀ। ਗਰੀਬੀ ਦੀ ਹਾਲਤ ਹੋਣ ਕਰਕੇ ਬਹੁਤ ਦੱਬਿਆ ਰਹਿੰਦਾ ਸੀ। ਗਰੀਬੀ ਬੰਦੇ ਨੂੰ ਤਾਰ ਵੀ ਜਾਂਦੀ ਹੈ, ਡੋਬ ਵੀ ਜਾਂਦੀ ਹੈ। ਗਰੀਬੀ ਵਿੱਚ ਜੇਕਰ ਬੰਦਾ ਧਰਮ ਨਾ ਛੱਡੇ ਤਾਂ ਇਸ ਨੂੰ ਸ਼ੁੱਧ, ਪਾਕ ਕਰ ਜਾਂਦੀ ਹੈ। ਪਾਤਸ਼ਾਹ ਲਿਖਦੇ ਹਨ

ਜੇ ਗਤ ਚਾਹਤ ਹੈ ਮਨ ਮੂਰਖ ਤਉ ਨਿਰਬਾਂਣ ਕੀ ਬਾਂਣ ਕੌ ਪਾਯੋ॥
ਸੀਘਰ ਕਾਜ ਸਵਾਰ ਲੇਹੁ ਤੁਮ ਸੁਰਤ ਔ ਸਬਦ ਕੀ ਸਾਰ ਕੌ ਪਾਯੋ॥
ਨਾਮ ਜਿਸੇ ਪੁਰ ਬੇਗਮ ਸੈਹਰ ਸੈਲ ਕਰੋ ਤਾਹਿ ਕਦਮ ਟਕਾਯੋ॥
ਦਾਸ ਭਗਵਾਂਨ ਇਹ ਖੋਜ ਲਵੋ ਫਿਰ ਮਹਲ ਖਮੋਸ ਕੇ ਬੀਚ ਸਮਾਯੋ॥

ਭੁੱਖਾ ਮਰਦਾ ਬੰਦਾ ਰੱਬ ਅੱਗੇ ਫ਼ਰਿਆਦ ਕਰਦਾ ਹੈ ਤਾਂ ਅੰਤਹਕਰਨ ਸ਼ੁੱਧ ਹੋ ਜਾਂਦਾ ਹੈ। ਜਦੋਂ ਅੰਤਹਕਰਨ ਸ਼ੁੱਧ ਹੋਇਆ, ਤਾਂ ਧਰਮ ਦਾ ਸੋਮਾ ਇਨਸਾਨ ਦੇ ਹਿਰਦੇ ਵਿਚ ਬਣ ਜਾਂਦਾ ਹੈ। ਇਹ ਗਰੀਬੀ ਦੇ ਗੁਣ ਹਨ। ਸਾਂਈਂ ਦਾ ਮਨ ਗਰੀਬੀ ਦੀਆਂ ਠੋਕਰਾਂ ਖਾ ਖਾ ਕੇ ਰਾਲ ਵਰਗਾ ਨਰਮ ਹੋ ਚੁੱਕਾ ਸੀ। ਸਾਂਈਂ ਦੇ ਮਨ ਵਿਚ ਖੁਹਾਇਸ਼ ਸੀ, ਹਜ਼ਾਰਾਂ ਹੀ ਕੰਗਾਲ ਬੰਦੇ ਮਾਇਆਧਾਰੀ ਧਾਰੀ ਬਣਾ ਦਿੱਤੇ, ਮੇਰੇ ਗਰੀਬ ਤੇ ਵੀ ਕਦੇ ਰਹਿਮਤ ਭਰੀਆਂ ਨਜ਼ਰਾਂ ਨਾਲ ਤੱਕ ਲੈਣ ਤਾਂ ਕੀ ਮੁਸ਼ਕਿਲ ਹੈ? ਮੇਰਾ ਕਾਮਿਲ ਪੀਰ ਸਰਬ ਕਲਾ ਸਮਰੱਥ ਹੈ। ਸਾਂਈਂ ਦੇ ਇਸ ਫੁਰਨੇ ਨੂੰ ਬੁੱਝ ਕੇ ਨੰਦੀ ਨੂੰ ਪਾਤਸ਼ਾਹ ਨੇ ਹੁਕਮ ਕੀਤਾ, "ਸਾਂਈਂ ਨੂੰ ਜੋ ਚੀਜ ਲੋੜੀਂਦੀ ਹੋਵੇ, ਦੇ ਦਿਆ ਕਰੋ। ਸਾਂਈਂ ਸਾਡਾ ਬੰਦਾ ਹੈ।" ਮਹਾਰਾਜ ਇਸ ਘਰ ਨੂੰ ਆਪਣਾ ਹੀ ਘਰ ਸਮਝਦੇ ਸਨ। ਇਸ ਘਰ ਤੇ ਆਪ ਜੀ ਦੀ ਬਹੁਤ ਕਿਰਪਾ ਸੀ ਜੋ ਕਦੀ ਕੋਈ ਚੀਜ

ਛਕਾਉਣੀ ਹੋਵੇ ਤਾਂ ਵੀ ਨੰਦੀ ਕੋਲ ਹੀ ਭੇਜ ਦਿੰਦੇ ਸਨ, ਜੇ ਕਿਸੇ ਨੂੰ ਮਾਇਆ ਦਿਵਾਉਣੀ ਹੋਵੇ ਤਾਂ ਵੀ ਨੰਦੀ ਕੋਲੋਂ ਦੁਆ ਦਿੰਦੇ ਸਨ। ਇਕ ਦਿਨ ਦੀ ਗੱਲ ਹੈ ਕਿ ਹੇੜੀਆਂ ਦਾ ਬੰਦਾ ਆਪਣੀ ਮਾਈ ਦੀ ਗਤੀ ਕਰਾਉਣ ਵਾਸਤੇ ਗੰਗਾ ਨੂੰ ਚਲਿਆ। ਮਹਾਰਾਜ ਖੇਤਾਂ ਵਿਚ ਹੀ ਗੁਣਾਚੌਰ ਦੇ ਪੂਰਬ ਵੱਲ੍ਹ ਹੀ ਖੇਤਾਂ ਵਿਚ ਬੈਠੇ ਸਨ। ਉਸ ਜਾਂਦੇ ਰਾਹੀ ਨੂੰ ਕੋਲ ਬੁਲਾਕੇ ਉਸ ਕੋਲ ਜੋ ਕੁੱਝ ਵੀ ਪੈਸਾ ਟਕਾ ਸੀ, ਸਭ ਲੈ ਲਿਆ। ਉਸਨੂੰ ਘਰ ਮੁੜ ਜਾਣ ਦਾ ਹੁਕਮ ਦਿੱਤਾ, "ਜੋ ਕੰਮ ਤੁਮ੍ਹਾਰਾ ਹਰਿਦੁਆਰ ਹੋਣਾ ਸੀ, ਉਹ ਇਥੇ ਹੀ ਕਰ ਦਿੱਤਾ ਹੈ।" ਉਹ ਘਰ ਨੂੰ ਵਾਪਿਸ ਚਲਾ ਗਿਆ। ਘਰ ਵਾਲਿਆਂ ਨੂੰ ਸਾਰੀ ਗੱਲ ਦੱਸੀ। ਘਰ ਵਾਲੇ ਆਖਣ ਲੱਗੇ, "ਤੁਸੀਂ ਐਵੇਂ ਮੁੜ ਆਏ ਹਰਿਦੁਆਰ ਜਾ ਕੇ ਗਤੀ ਕਰਾ ਆਵੋ, ਜਾਂਦੇ ਹੋਏ ਆਪਣੇ ਪੈਸੇ ਰਾਜਾ ਸਾਹਿਬ ਤੋਂ ਲੈ ਜਾਓ।" ਉਹ ਬੰਦਾ ਵਾਪਿਸ ਆ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰਨ ਲੱਗਾ, "ਸਾਡੇ ਘਰ ਵਾਲੇ ਨਹੀਂ ਮੰਨੇ। ਪੈਸੇ ਮੈਨੂੰ ਮੋੜ ਦਿਓ ਮੈਂ ਹਰਿਦੁਆਰ ਜ਼ਰੂਰ ਹੀ ਜਾਣਾ ਹੈ।" ਮਹਾਰਾਜ ਅੱਗੋਂ ਆਖਣ ਲੱਗੇ, "ਸਿੱਖਾ ਉਹ ਪੈਸੇ ਤਾਂ ਅਸੀਂ ਜਿਸ ਕੰਮ ਵਿਚ ਤੂੰ ਜਾਣਾ ਸੀ, ਉਸ ਵਿਚ ਚਲਾ ਦਿੱਤੇ ਹਨ। ਜੇ ਤੈਨੂੰ ਨਹੀਂ ਯਕੀਨ ਤਾਂ ਨੰਦੀ ਕੋਲੋਂ ਜਿੰਨੇ ਪੈਸੇ ਤੇਰੇ ਸਨ, ਉਹ ਲੈ ਜਾ।" ਇਸ ਤਰਾਂ ਮਹਾਰਾਜ ਮੋਤੀ ਸਿੰਘ ਦੇ ਘਰ ਨੂੰ ਆਪਣਾ ਹੀ ਘਰ ਸਮਝਦੇ ਸਨ। ਉੱਥੋਂ ਉੱਠ ਕੇ ਮਹਾਰਾਜ ਗੁਰਦੁਆਰੇ ਦੁੱਖ ਨਿਵਾਰਨ ਸਾਹਿਬ ਜਾ ਬੈਠੇ। ਸਾਂਈਂ ਵੀ ਭਾਈ ਸੁੰਦਰ ਸਿੰਘ ਨਾਲ ਗੁਰਦੁਆਰੇ ਦੀ ਸੇਵਾ ਵਿਚ ਰਹਿੰਦਾ ਸੀ। ਸਾਂਈਂ ਪਾਤਸ਼ਾਹ ਦੇ ਚਰਨਾਂ ਤੇ ਨਮਸਕਾਰ ਕਰਕੇ ਬੈਠ ਗਿਆ। ਮਹਾਰਾਜ ਸਾਂਈਂ ਨੂੰ ਕਹਿਣ ਲੱਗੇ, "ਸਾਂਈ! ਅੱਜ ਤੈਨੂੰ ਮਾਇਆ ਦੇ ਦੇਈਏ; ਤੈਨੂੰ ਜਗੀਰਦਾਰ ਹੀ ਬਣਾ ਦੇਈਏ, ਤੇਰੇ ਗੁਜ਼ਾਰੇ ਲਈ ਪੰਜ ਰੁਪਏ ਬਹੁਤ ਹਨ।" ਪੰਜ ਰੁਪਏ ਚਾਂਦੀ ਦੇ ਸਾਂਈਂ ਦੇ ਪੱਲੇ ਵਿਚ ਪਾ ਦਿੱਤੇ। ਕੁੱਝ ਦਿਨਾਂ ਪਿਛੋਂ ਕਰਮ ਸਿੰਘ ਬੱਬਰ ਨੂੰ ਕਰਮ ਸਿੰਘ ਦੇ ਭਰਾ ਨੇ ਹੀ ਫੜਾ ਦਿੱਤਾ। ਬੱਬਰ ਲਹਿਰ ਜਦੋਂ ਚੱਲੀ ਸੀ ਤਾਂ ਹਕੂਮਤ ਨੂੰ ਬੜੀ ਹਫੜਾ ਦਫੜੀ ਪੈ ਗਈ ਸੀ। ਘਰਾਂ ਦੇ ਬੰਦੇ ਬਹੁਤ ਤੰਗ ਕੀਤੇ ਹੋਏ ਸਨ। ਇਨ੍ਹਾਂ ਦੀ ਗ੍ਰਿਫ਼ਤਾਰੀ ਦੇ ਇਸ਼ਤਿਹਾਰ ਥਾਂ-ਥਾਂ ਤੇ ਲਾਏ ਹੋਏ ਸਨ। ਮਾਲ ਸਭ ਘਰਾਂ ਦੇ ਕੁਰਕ ਕੀਤੇ ਹੋਏ ਸਨ। ਬੱਬਰ ਦਲੀਪ ਸਿੰਘ ਗੌਸਲ ਦੀ ਘਰ ਦੀ ਛੱਤ ਤੱਕ ਵੀ ਲਾਹ ਕੇ ਲੈ ਗਏ ਸਨ। ਇਕ ਦਿਨ ਕਰਮ ਸਿੰਘ, ਮਾਸਟਰ ਦਲੀਪ ਸਿੰਘ ਇਕ ਇਨ੍ਹਾਂ ਨਾਲ ਹੁਸ਼ਿਆਰਪੁਰ ਜ਼ਿਲ੍ਹੇ ਦਾ ਸਾਥੀ ਹੋਰ ਸੀ। ਇਕ ਦਿਨ ਰਾਤ ਪਿੰਡ

ਝਿਗੜੀਂ ਆਪਣੇ ਘਰ ਆਏ। ਕਿਸੇ ਨੇ ਰਿਪੋਰਟ ਪੁਲਿਸ ਨੂੰ ਜਾ ਦਿੱਤੀ। ਪੁਲਿਸ ਆਈ ਪਰ ਬੱਬਰ ਪਾਰਟੀ ਦੇ ਸਾਹਮਣੇ ਜਾਣ ਦੀ ਜੁਰੱਅਤ ਨਾ ਪਈ। ਇਨ੍ਹਾਂ ਸੂਰਬੀਰਾਂ ਨੂੰ ਪਤਾ ਲੱਗਾ ਕਿ ਸਾਡੇ ਪਿੱਛੇ ਪੁਲਿਸ ਪੈ ਰਹੀ ਹੈ। ਬੜੀ ਦਲੇਰੀ ਨਾਲ ਅੰਦਰੋਂ ਬਾਹਰ ਨਿਕਲ ਤੁਰੇ। ਪੁਲਿਸ ਨੇ ਪਿੱਛਾ ਨਾ ਕੀਤਾ। ਇਨ੍ਹਾਂ ਬੱਬਰ ਸ਼ੇਰਾਂ ਦੇ ਸਾਹਮਣੇ ਕੌਣ ਜਿਉਂਦਾ ਹੀ ਮੌਤ ਨੂੰ ਜੱਫੀ ਪਾ ਸਕਦਾ ਸੀ? ਪੁਲਿਸ ਨੇ ਇਨ੍ਹਾਂ ਨੂੰ ਫੜਨ ਦਾ ਪੂਰਾ ਧਿਆਨ ਨਾ ਦਿੱਤਾ। ਸਰਦਾਰ ਹਰਨਾਮ ਸਿੰਘ ਪਹਿਲਾਂ ਇਸ ਪਾਰਟੀ ਨਾਲ ਕੁੱਝ ਤੁਆਲੁਕ ਰੱਖਦੇ ਸਨ। ਮਹਾਰਾਜ ਜੀ ਦੀ ਸੰਗਤ ਹੋਣ ਕਰਕੇ ਬੱਬਰ ਪਾਰਟੀ ਤੋਂ ਪਿੱਛੇ ਹਟ ਗਏ। ਹੌਲੀ-ਹੌਲੀ ਮਨ ਦੇ ਵਿਚ ਦੂਜੇ ਤੋਂ ਕਾਫ਼ੀ ਨਫ਼ਰਤ ਹੋਣ ਕਰਕੇ ਇਕ ਦੂਜੇ ਉਤੇ ਇਤਬਾਰ ਵੀ ਨਾ ਰਿਹਾ। ਇਕ ਦੂਜੇ ਨਾਲ ਈਰਖਾ ਵੀ ਰੱਖਦੇ ਸਨ। ਸਰਦਾਰ ਹਰਨਾਮ ਸਿੰਘ ਨੇ ਅੰਦਰੋਂ ਅੰਦਰੀਂ ਇਨ੍ਹਾਂ ਨੂੰ ਫੜਾਉਣ ਦੀ ਕੋਸ਼ਿਸ਼ ਕੀਤੀ। ਜਲੰਧਰ ਜਾ ਕੇ ਪੁਲਿਸ ਕਪਤਾਨ ਕੋਲ ਪੁਲਿਸ ਦੇ ਨਾ ਫੜਨ ਦੀ ਸਾਰੀ ਰਿਪੋਰਟ ਦਿੱਤੀ। ਪੁਲਿਸ ਸੁਪਰਡੈਂਟ ਨੇ ਆਪਣੀ ਕਾਪੀ ਤੇ ਹਰਨਾਮ ਸਿੰਘ ਦਾ ਨਾਂ ਗੌਰਮਿੰਟ ਹੈਲਪਰ ਲਿਖ ਲਿਆ। ਥਾਣਾ ਬੰਗਾ ਦੇ ਜੋ ਅਫ਼ਸਰ ਸਨ, ਸਭ ਮੁਅੱਤਲ ਕਰ ਦਿੱਤੇ। ਸਰਦਾਰ ਹਰਨਾਮ ਸਿੰਘ ਦੀ ਸਰਕਾਰ ਦੇ ਘਰ ਬਹੁਤ ਮੰਨੀ ਜਾਂਦੀ ਸੀ, ਕੁੱਝ ਦਿਨਾਂ ਬਾਅਦ ਕਰਮ ਸਿੰਘ ਫਿਰ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਆਪਣੇ ਘਰ ਆ ਸੁੱਤੇ। ਕਰਮ ਸਿੰਘ ਦੀ ਜਦੋਂ ਅੱਖ ਲੱਗੀ ਸਾਰਾ ਅਸਲਾ ਕਰਮ ਸਿੰਘ ਦੇ ਭਾਈ ਨੇ ਕਾਬੂ ਕਰਕੇ ਬਾਹਰੋਂ ਜਿੰਦਰਾ ਮਾਰ ਦਿੱਤਾ। ਰਾਤੋ ਰਾਤ ਪੁਲਿਸ ਨੂੰ ਪਤਾ ਕੀਤਾ। ਪੁਲਿਸ ਨੇ ਆ ਕੇ ਤਿੰਨ ਹੀ ਬੰਦੇ ਗ੍ਰਿਫ਼ਤਾਰ ਕਰ ਲਏ। ਪੁਲਿਸ ਕਪਤਾਨ ਕਰੈਸ਼ਰ ਸਰਦਾਰ ਹਰਨਾਮ ਸਿੰਘ ਤੇ ਬਹੁਤ ਮਿਹਰਬਾਨ ਸੀ, ਸਾਰੀ ਨੇਕ ਨਾਮੀ ਸਰਦਾਰ ਹਰਨਾਮ ਸਿੰਘ ਨੂੰ ਤੇ ਸਾਂਈਂ ਨੂੰ ਮਿਲੀ। ਪੰਜ-ਪੰਜ ਸੌ ਰੁਪਿਆ ਜਗੀਰ ਇੱਕ-ਇੱਕ ਲਾਇਸੰਸੀ ਪਿਸਤੌਲ ਇਨਾਮ ਵਜੋਂ ਗੌਰਮਿੰਟ ਵਲੋਂ ਮਿਲਿਆ। ਸਾਂਈਂ ਨੂੰ ਉਸ ਦਿਨ ਪਤਾ ਲੱਗਾ ਕਿ ਜਿਹੜੇ ੫ ਰੁਪਏ ਦੇ ਕੇ ਪਾਤਸ਼ਾਹ ਨੇ ਹੁਕਮ ਕੀਤਾ ਸੀ, ਪੰਜ ਸੌ ਰੁਪਏ ਦਾ ਜਾਗੀਰਦਾਰ ਬਣਾ ਦਿੱਤਾ। ਧੰਨ ਹੈ ਮਿਹਰਾਂ ਦੇ ਦਾਤੇ ਅਨਾਥਾਂ ਦੇ ਨਾਥ, ਭੰਗਾਂ ਦੇ ਭਾੜੇ ਬਾਦਸ਼ਾਹੀਆਂ ਬਖ਼ਸ਼ ਦਿੰਦੇ ਹਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਬਿਸ਼ਨ ਸਿੰਘ ਦੇ ਪਰਿਵਾਰ ਦੀ ਚੱਲੀ

ਬਿਸ਼ਨ ਸਿੰਘ ਸਰਦਾਰ ਮੋਤੀ ਸਿੰਘ ਦੇ ਵੱਡੇ ਭਾਈ ਸਨ। ਬਹੁਤ ਲਾਇਕ ਬਹੁਤ ਸ਼ਰਾਫ਼ਤ ਦੇ ਪੁੰਜ ਸਨ। ਬਿਸ਼ਨ ਸਿੰਘ ਜੀ ਖੇਤੀ ਦਾ ਕੰਮ ਕਰਾਉਂਦੇ ਸਨ। ਮੋਤੀ ਸਿੰਘ ਘਰ ਦੇ ਮੁਖੀ ਸੀ ਉਨ੍ਹਾਂ ਦਾ ਬਾਹਰ ਪਿੰਡਾਂ ਵਿਚ ਵੀ ਕਾਫ਼ੀ ਚੌਧਰ ਦਾ ਸਿੱਕਾ ਚੱਲਦਾ ਸੀ, ਦਾਨੀ ਵੀ ਬਹੁਤ ਸਨ। ਮੋਤੀ ਸਿੰਘ ਦੇ ਘਰ ਤਿੰਨ ਪੁੱਤਰ ਖੇਡਦੇ ਸਨ। ਬਿਸ਼ਨ ਸਿੰਘ ਦੇ ਘਰ ਕਾਫ਼ੀ ਉਮਰ ਦੇ ਹੋਣ ਕਰਕੇ ਕੋਈ ਔਲਾਦ ਨਾ ਹੋਈ। ਪੁੱਤਰ ਦੀ ਦਾਤ ਤੋਂ ਬਿਨਾਂ ਘਰ ਸੁੰਵਾ ਲਗਦਾ ਹੈ ਜਿਵੇਂ ਮੰਦਰ ਦੀਪਕ ਤੋਂ ਬਿਨਾਂ ਸੁੰਵੇ ਲਗਦੇ ਹਨ। 'ਚੰਦ ਬਿਨਾਂ ਰਾਤ ਸੁੰਵੀ ਲੱਗਦੀ ਹੈ, ਦੂਲਹੇ ਬਿਨਾਂ ਜੰਵ ਸੁੰਵੀ, ਫੁੱਲਾਂ ਬਿਨਾਂ ਤਰਵਰ ਸੁੰਵੇ ਲਗਦੇ ਹਨ। ਇਸੇ ਤਰਾਂ ਹੀ ਪੁੱਤਰ ਬਿਨਾਂ ਮਾਤਾ ਦੀ ਗੋਦ ਵੀ ਸੁੰਵੀ ਹੁੰਦੀ ਹੈ। ਇਕ ਦਿਨ ਮਾਈ ਨੰਦੀ ਨੂੰ ਕਿਸੇ ਮਾਈ ਨੇ ਆਖਿਆ ਕਿ ਇਕ ਮਾਝੇ ਵਿਚ ਇੱਕ ਸਾਧੂ ਦੱਸਿਆ ਹੈ ਉਸਦੇ ਧਾਗਾ ਬਣਾ ਕੇ ਤਵੀਤ ਪਾਉਣ ਨਾਲ ਪੁੱਤਰ ਦੀ ਪ੍ਰਾਪਤੀ ਹੋ ਜਾਂਦੀ ਹੈ। ਨੰਦੀ ਮਹਾਰਾਜ ਤੇ ਭਰੋਸਾ ਤਾਂ ਰੱਖਦੀ ਸੀ ਪਰ ਉਸ ਮਾਈ ਦੇ ਜ਼ਿਆਦਾ ਕਹਿਣ ਤੇ ਉਸ ਸਾਧ ਕੋਲ ਜਾਣ ਵਾਸਤੇ ਤਿਆਰ ਹੋ ਗਈ। ਕਿਸੇ ਪਿੰਡ ਮਕਾਣ ਦਾ ਬਹਾਨਾ ਬਣਾ ਕੇ ਘਰੋਂ ਚਲ ਪਈ। ਕੋਲ ਥੋੜ੍ਹੇ ਜਿਹੇ ਪਤਾਸੇ ਬੰਨ੍ਹਕੇ ਕੱਪੜੇ ਵਿਚ ਲੁਕਾ ਕੇ ਲੈ ਤੁਰੀ। ਜਦੋਂ ਬਾਹਰ ਨਿਕਲੀ ਅੱਗੋਂ ਮਹਾਰਾਜ ਗੁਰਦੁਆਰੇ ਦੇ ਲਹਿੰਦੇ ਪਾਸੇ ਇਕ ਗਰੂਨੇ ਹੇਠ ਬੈਠੇ ਸਨ। ਨੰਦੀ ਦੇਖ ਕੇ ਮਹਾਰਾਜ ਵੱਲ੍ਹ ਗਈ ਦਿਲ ਵੀ ਮਹਾਰਾਜ ਨੂੰ ਛੱਡਕੇ ਹੋਰ ਕਿਤੇ ਜਾਣ ਨੂੰ ਨਹੀਂ ਸੀ ਕਰਦਾ। ਅੱਜੇ ਨੰਦੀ ਕਾਫ਼ੀ ਪਿੱਛੇ ਫਰਕ ਨਾਲ ਹੀ ਸੀ। ਮਹਾਰਾਜ ਜੀ ਨੇ ਹੁਕਮ ਕੀਤਾ, "ਨੰਦੀ ਕਿਤੇ ਜਾਣ ਦੀ ਕੋਈ ਲੋੜ ਨਹੀਂ ਹੈ, ਜੋ ਕੁੱਝ ਲੁਕਾ ਕੇ ਲੈ ਜਾ ਰਹੀ ਹੈਂ, ਉਹ ਲਿਆ ਇਥੇ ਹੀ ਵਰਤਾਅ ਦਿੰਦੇ ਹਾਂ।" ਉਹੋ ਹੀ ਪਤਾਸੇ ਨੰਦੀ ਕੋਲੋਂ ਲੈ ਕੇ ਸੰਗਤ ਵਿਚ ਵਰਤਾਅ ਦਿੱਤੇ। ਪੁੱਤਰ ਪੈਦਾ ਹੋਣ ਦਾ ਉਸ ਦਿਨ ਹੀ ਵਰ ਦੇ ਦਿੱਤਾ। ਉਸੇ ਹੀ ਦਿਨ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਅੰਦਰ ਜਨਾਨੀ ਨੂੰ ਜਾਣ ਦੀ ਸਖ਼ਤ ਮਨਾਹੀ ਕਰ ਦਿੱਤੀ। ਭਾਈ ਸੁੰਦਰ ਸਿੰਘ ਅਤੇ ਹਰਨਾਮ ਸਿੰਘ ਨੂੰ ਚੰਗੀ ਤਰਾਂ ਹਦਾਇਤ ਕੀਤੀ ਕਿ ਦਰਬਾਰ

ਦੇ ਅੰਦਰ ਕੋਈ ਜਨਾਨੀ ਨਾ ਜਾਵੇ। ਬਹੁਤ ਦੇਰ ਇਹ ਨਿਯਮ ਬਣਿਆ ਰਿਹਾ। ਅੰਦਰ ਕੋਈ ਜਨਾਨੀ ਨਹੀਂ ਸੀ ਜਾ ਸਕਦੀ। ਉਸ ਤੋਂ ਬਾਅਦ ਨੰਦੀ ਦੀ ਪਵਿੱਤਰ ਕੁੱਖ ਤੋਂ ਭਗਤ ਗੁਰਬਖਸ਼ ਸਿੰਘ ਦਾ ਜਨਮ ਹੋਇਆ। ਬਹੁਤ ਲਾਇਕ ਸੀਲ ਸੁਭਾਅ ਦੇ ਰਾਜਨੀਤਕ ਬੰਦੇ ਹਨ। ਗੁਰਬਖਸ਼ ਸਿੰਘ ਬਹੁਤ ਸੁੰਦਰ ਜਵਾਨ ਹਸਮੁੱਖ ਪੁੰਨਿਆ ਦੇ ਚੰਨ ਵਾਂਗ ਖਿੜਿਆ ਚਿਹਰਾ ਸੀ। ਜੁਆਨੀ ਦਿਨ ਦੇ ਦੁਪਹਿਰ ਵਾਂਗ ਚਮਕਾਂ ਮਾਰ ਰਹੀ ਸੀ। ਗੁਰਬਖਸ਼ ਸਿੰਘ ਦਾ ਵਿਆਹ ਦੁਰਗਾ ਪੁਰ ਵਿਖੇ ਬੀਬੀ ਕਰਤਾਰ ਕੌਰ ਨਾਲ ਹੋਇਆ। ਕਾਫ਼ੀ ਦੇਰ ਪਰ ਮਨ ਦੀ ਮੁਰਾਦ ਪੂਰੀ ਨਾਂ ਹੋਈ। ਸ਼ਾਦੀ ਸ਼ੁਦਾ ਰਹਿਣ ਤੇ ਵੀ ਘਰ ਔਲਾਦ ਨਾ ਹੋਈ। ਫਿਰ ਦੂਸਰੀ ਸ਼ਾਦੀ ਹੋਰ ਕਰਵਾਈ। ਉਸ ਤੋਂ ਵੀ ਕੋਈ ਔਲਾਦ ਪੈਦਾ ਨਾ ਹੋਈ। ਕਾਫ਼ੀ ਜੋਤਸ਼ੀਆਂ, ਡਾਕਟਰਾਂ ਕੋਲ ਵੀ ਫਿਰੇ ਪਰ ਮਨ ਦੀ ਮੁਰਾਦ ਪੂਰੀ ਨਾ ਹੋਈ ਮਨ ਵਿਚ ਬਹੁਤ ਨਿਰਾਸਤਾ ਰਹਿਣ ਲੱਗੀ। ਸਾਰੇ ਆਸਰੇ ਛੱਡਕੇ ਇਕ ਸਤਿਗੁਰਾਂ ਦਾ ਲੜ ਫੜ ਲਿਆ। ਮਨ ਵਿਚ ਸਧਨੇ ਵਾਂਗ ਕਈ ਮਿਹਣੇ-ਤਾਅਨੇ ਮਾਰਦੇ ਹਨ, "ਜੇ ਸਾਡੀ ਲਾਜ ਨਾ ਰੱਖੀ ਤਾਂ ਲੋਕਾਂ ਨੇ ਸਾਨੂੰ ਤੇ ਨਹੀਂ ਕਹਿਣਾ, ਆਪਦੇ ਨਾਂ ਨੂੰ ਹੀ ਲਾਜ ਲੱਗੇਗੀ।" ਜਬ ਮੇਰੀ-ਮੇਰੀ ਮਿਟ ਜਾਏ ਤਬ ਪ੍ਰਭੂ ਕਾਰਜ ਸਵਾਰੇ ਆਏ' ਜਦ ਦਰੋਪਤੀ ਨੇ ਸੋਚਿਆ ਮੇਰਾ ਹੁਣ ਇਸ ਵੇਲੇ ਦਰਯੋਧਨ ਦੇ ਦਰਬਾਰ ਵਿਚ ਕੋਈ ਸਹਾਇਕ ਨਹੀਂ, ਪੰਜੇ ਪਤੀ, ਚਾਚੇ, ਤਾਏ, ਭੈਣ, ਭਾਈ ਭੀਸ਼ਮ ਵਰਗੇ ਰਾਜਨੀਤਕ ਧਰਮ ਦੇ ਪੁੰਜ ਵੀ ਸਿਰ ਨੀਵਾਂ ਕਰੀ ਦੇਖੇ। ਭੀਮ, ਅਰਜਨ ਵਰਗੇ ਮਹਾਂ ਯੋਧੇ ਵੀ ਨੀਵੀਂ ਪਾਈ ਬੈਠੇ ਦੇਖੇ। ਆਪਣੇ ਬਲ ਦੀ ਵੀ ਕੋਈ ਆਸ ਨਾ ਰਹੀ। ਫਿਰ ਉਸ ਸਰਬ ਸ਼ਕਤੀਮਾਨ, ਸਰਬ ਕਲਾ ਸੰਪੂਰਨ, ਸਰਬ ਥਾਂ ਹਾਜ਼ਰਾ-ਹਜ਼ੂਰ ਸ਼ਕਤੀ ਮਾਨ ਦਾ ਧਿਆਨ ਧਰਿਆ। 'ਪੰਚਾਲੀ' ਕੋ ਰਾਜ ਸਭਾ ਮੇਂ ਰਾਮ ਨਾਮ ਸੁਧ ਆਈ' ਫਿਰ ਐਸੀ ਪੈਜ ਰੱਖੀ ਜਿਹੜੀ ਕੋਈ ਦੁਨੀਆਂ ਦੀ ਸ਼ਕਤੀ ਨਹੀਂ ਸੀ ਰੱਖ ਸਕਦੀ। ਇਵੇਂ ਹੀ ਗੁਰਬਖਸ਼ ਸਿੰਘ ਇਕ ਦਿਨ ਇਵੇਂ ਰਾਜੇ ਦਾ ਲੜ ਫੜਕੇ ਬੈਠ ਹੀ ਗਏ। ਇਕ ਦਿਨ ਬਹੁਤ ਨਿਰਾਸ਼ ਹੋ ਕੇ ਸੁਬਹ ਅੰਮ੍ਰਿਤ ਵੇਲੇ ਨਾ ਹੀ ਕੁੱਝ ਖਾਧਾ ਨਾ ਹੀ ਕੁੱਝ ਪੀਤਾ। ਕਰਤਾਰ ਕੌਰ ਝਿਗੜਾਂ ਤੋਂ ਉੱਠਕੇ ਪਿੰਡ ਮਜਾਰੇ ਉਸ ਮਹਾਂਬਲੀ ਦੇ ਬੂਹੇ ਤੇ ਜਾ ਖੜ੍ਹੀ ਹੋਈ। ਅੱਗੋਂ ਆਪ ਜੀ ਕਿਰਪੇ ਦੇ ਚੁਬਾਰੇ ਵਿਚ ਬੈਠੇ ਸਨ। ਬੂਹਾ ਖੋਲ੍ਹਿਆ

ਕਰਤਾਰ ਕੌਰ ਨੂੰ ਕੋਲ ਬੈਠ ਜਾਣ ਦਾ ਹੁਕਮ ਦਿੱਤਾ। ਕਰਤਾਰ ਕੌਰ ਦੇ ਮਨ ਬਹੁਤ ਵੈਰਾਗ ਵਿਚ ਹੋ ਗਿਆ। ਮਾਤਾ ਸੁਲੱਖਣੀ ਦਾ ਨਕਸ਼ਾ ਅੱਖਾਂ ਅੱਗੇ ਆਇਆ ਮਨ ਵਿਚ ਅਰਦਾਸਾਂ ਕਰ ਰਹੀ ਸੀ, "ਵੱਡੇ-ਵੱਡੇ ਪਾਪੀਆਂ ਦੇ ਬੇੜੇ ਪਾਰ ਕੀਤੇ, ਮੇਰਾ ਗਰੀਬਣੀ ਦਾ ਸੁੱਕਾ ਹੋਇਆ ਬਾਗ ਹਰਾ ਕਰੋ ਜੀ। ਮਾਤਾ ਸੁਲੱਖਣੀ ਨੂੰ ਸੱਤ ਪੁੱਤਰ ਬਖਸ਼ਕੇ ਨਿਹਾਲ ਕੀਤਾ ਸੀ, ਮੈਨੂੰ ਵੀ ਅੱਜ ਖਾਲੀ ਨਾ ਮੋੜਿਓ। ਆਪ ਉਹੀ ਰੂਪ ਹੋ।" ਝੋਲੀ ਅੱਡ ਕੇ ਰਾਜਾ ਦੇ ਬੂਹੇ ਅੱਗੇ ਸਮਾਧੀ ਲਾ ਕੇ ਮੰਗਾਂ ਮੰਗ ਰਹੀ ਸੀ। ਸੰਗਤ ਬਾਹਰ ਕੀਰਤਨ ਕਰ ਰਹੀ ਸੀ। ਸਤਿਗੁਰੂ ਮਿਹਰਵਾਨ ਜਦੋਂ ਜਗਿਆਸੂ ਦਾ ਹਿਰਦਾ ਸਾਫ਼ ਦੇਖਦੇ ਹਨ- (ਜਦੋਂ ਮਨੁੱਖ ਬਲ ਬੁੱਧ ਦੀ ਚਤੁਰਾਈ ਛੱਡਕੇ ਉਸ ਵਰਾਂ ਦੇ ਦਾਤੇ ਦਾ ਆਸਰਾ ਮੰਗਦਾ ਹੈ) ਫਿਰ ਇਕ ਪਲ ਨਹੀਂ ਲਾਉਂਦਾ ਜਦੋਂ ਆਪਣਿਆਂ ਪਿਆਰਿਆਂ ਭਗਤਾਂ ਦੀ ਪੈਜ ਰੱਖ ਲੈਂਦਾ ਹੈ। "ਕਰਤਾਰੋ! ਲੈ ਅੱਜ ਤੈਨੂੰ ਸੱਤ ਪੁੱਤੀ ਬਣਾ ਦਿੱਤਾ ਹੈ, ਅੱਜ ਤੈਨੂੰ ਸਿਪੀਆਂ ਦੀ ਮਾਲਿਕ ਬਣਾ ਦਿੱਤਾ ਹੈ, ਅੱਜ ਤੈਨੂੰ ਸ਼ਾਹਣੀ ਵੀ ਬਣਾ ਦਿੱਤਾ ਹੈ।" ਇਕ ਉਂਜਲ ਆਪਣੇ ਪਵਿੱਤਰ ਹੱਥਾਂ ਨਾਲ ਖੰਡ ਦਾ ਕਰਤਾਰ ਕੌਰ ਨੂੰ ਬਖਸ਼ਿਸ਼ ਕੀਤਾ ਹੈ। ਉਸੇ ਹੀ ਵੇਲੇ ਉੱਥੇ ਹੀ ਬੈਠਿਆਂ ਛਕਾ ਦਿੱਤਾ। ਫਿਰ ਹੁਕਮ ਹੋਇਆ। ਕਰਤਾਰੋਂ ਹੋਰ ਛਕ ਲੈ ਕਰਤਾਰ ਕੌਰ ਦੀ ਸਿਹਤ ਕੁੱਝ ਢਿੱਲੀ ਰਹਿੰਦੀ ਸੀ। ਹੋਰ ਨਹੀਂ ਛਕਿਆ ਇਕ ਹੀ ਛਕਿਆ। ਸਭ ਦਾਤਾਂ ਦੀਆਂ ਝੋਲੀਆਂ ਭਰਕੇ ਘਰ ਜਾਣ ਦਾ ਹੁਕਮ ਦਿੱਤਾ। ਘਰ ਜਾ ਕੇ ਸਾਰੀ ਕਹਾਣੀ ਗੁਰਬਖਸ਼ ਸਿੰਘ ਨੂੰ ਕਹਿ ਸੁਣਾਈ। ਗੁਰਬਖਸ਼ ਸਿੰਘ ਜੀ ਹੁਕਮਨਾਮਾ ਸੁਣਕੇ ਕਰਤਾਰ ਕੌਰ ਨੂੰ ਆਖ ਦਿੱਤਾ ਕਿ ਹੁਣ ਤੇਰੇ ਸਾਰੇ ਕਾਰਜ ਪੂਰੇ ਹੋ ਜਾਣਗੇ। ਅੱਗੇ ਗੁਰਬਖਸ਼ ਸਿੰਘ ਮਹਾਰਾਜ ਜੀ ਦੇ ਅਨਿਨ ਸੇਵਕ ਹੋਣ ਕਰਕੇ ਸਭ ਗੁੱਝੀਆਂ ਰਮਜ਼ਾਂ ਨੂੰ ਸਮਝ ਲੈਂਦੇ ਸਨ। ਕਰਤਾਰ ਕੌਰ ਦੇ ਘਰ ਸੱਤ ਪੁੱਤਰ ਹੋਏ ਇਕ ਕੈਨਿਆ ਇਕ ਪੁੱਤਰ ਦੂਜੀ ਸ਼ਾਦੀ ਕੁਲਦੀਪ ਕੌਰ ਦੇ ਪੇਟੋਂ ਹੋਇਆ। ਸਭ ਤੋਂ ਵੱਡਾ ਪੁੱਤਰ ਗੁਰਬਖਸ਼ ਸਿੰਘ ਦਾ ਦੋ ਸਾਲਾਂ ਦਾ ਹੋਇਆ ਤਾਂ ਬਿਮਾਰ ਹੋ ਗਿਆ। ਕਾਫ਼ੀ ਇਲਾਜ ਕਰਵਾਇਆ ਪਰ ਕਿਤਿਉਂ ਆਰਾਮ ਨਾ ਆਇਆ। ਇਕ ਦਿਨ ਕਰਤਾਰ ਕੌਰ ਤੇ ਗੁਰਬਖਸ਼ ਸਿੰਘ ਬੱਚੇ ਨੂੰ ਲੈ ਕੇ ਪਿੰਡ ਮਜਾਰੇ ਗਏ। ਮਹਾਰਾਜ ਜੀ ਮਿਸਤਰੀ ਕਰਤਾਰ ਸਿੰਘ ਦੇ ਘਰ ਬੈਠੇ ਸਨ। ਪੁੱਤਰਾਂ ਦੇ ਦਰਦ ਵੱਡੇ ਵੱਡੇ

ਇਨਸਾਨਾਂ ਨੂੰ ਫ਼ਿਕਰਾਂ ਦੀ ਨਦੀ ਵਿਚ ਰੋੜ੍ਹ ਦਿੰਦੇ ਹਨ। ਕਿਉਂਕਿ ਪੁੱਤਰਾਂ ਦਾ ਫਲ ਸਭ ਫਲਾਂ ਤੋਂ ਪਿਆਰਾ ਹੁੰਦਾ ਹੈ। ਪਾਤਸ਼ਾਹ ਦੇ ਚਰਨਾਂ ਵਿਚ ਰੱਖਕੇ ਬੱਚੇ ਨੂੰ ਮਹਾਰਾਜ ਜੀ ਅੱਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਸਨੂੰ ਤੰਦਰੁਸਤੀ ਬਖਸ਼ੋ ਇਸ ਦੀ ਤਕਲੀਫ਼ ਸਾਥੋਂ ਸਹਾਰੀ ਨਹੀਂ ਜਾਂਦੀ। ਮਹਾਰਾਜ ਮੋਤੀ ਸਿੰਘ ਦੇ ਪਰਿਵਾਰ ਦੀ ਫੁਲਵਾੜੀ ਸਮਝਕੇ ਝੱਟ-ਪੱਟ ਮਿਹਰ ਦੀ ਨਿਗਾਹ ਕੀਤੀ। ਮਹਾਰਾਜ ਜੀ ਦੇ ਪਲੰਘ ਹੇਠ ਪਾਣੀ ਦੀਆਂ ਚਾਰ ਦੌਰੀਆਂ ਭਰੀਆਂ ਰਹਿੰਦੀਆਂ ਸਨ। ਅਜੇ ਵੀ ਕਰਤਾਰ ਸਿੰਘ ਦੇ ਘਰ ਉਸੇ ਤਰਾਂ ਪਈਆਂ ਹਨ। ਉਨ੍ਹਾਂ ਦੌਰੀਆਂ ਵਿਚੋਂ ਪਾਣੀ ਲੈ ਕੇ ਇਸ਼ਨਾਨ ਕਰਾਉਣ ਦਾ ਹੁਕਮ ਦਿੱਤਾ। ਜਦੋਂ ਉਸ ਦੌਰੀ ਦੇ ਪਾਣੀ ਨਾਲ ਕਰਤਾਰ ਸਿੰਘ ਦੇ ਘਰ ਆ ਕੇ ਨਲ੍ਹਾਇਆ ਪਤਾ ਨਹੀਂ ਉਸ ਪਾਣੀ ਵਿਚ ਕੀ ਅੰਮ੍ਰਿਤ ਭਰਿਆ ਹੋਇਆ ਸੀ। ਇਕ ਪਲ ਵਿਚ ਬੱਚੇ ਦਾ ਦੁੱਖ ਦੂਰ ਹੋ ਗਿਆ। ਚਿਹਰਾ ਟਹਿ-ਟਹਿ ਕਰਨ ਲੱਗਾ, "ਦੁੱਖ ਭੰਜਨ ਤੇਰਾ ਨਾਉ' ਇਵੇਂ ਹੀ ਦਰਸ਼ਨਾਂ ਵਿਚ ਬਰਕਤਾਂ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਮਸਤ ਪਟਿਆਲੇ ਵਾਲੇ ਸਾਹਿਬ ਦਾਸ ਜੀ ਦੇ ਜੋਤੀ-ਜੋਤ ਸਮਾਉਣ ਦੀ ਚੱਲੀ

ਇਕ ਦਿਨ ਦੀ ਗੱਲ ਹੈ ਮਹਾਰਾਜ ਜੀ ਨੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਖੂਹੀ ਤੇ ਇਸ਼ਨਾਨ ਕੀਤਾ। ਹਰਨਾਮ ਸਿੰਘ ਨੇ ਇਸ਼ਨਾਨ ਕਰਵਾਇਆ। ਫਿਰ ਗੁਰਦੁਆਰੇ ਦੇ ਅੰਦਰ ਚਲੇ ਗਏ। ਕੁੱਝ ਦੇਰ ਬੈਠੇ ਸਮਾਧੀ ਵਿਚ ਜੁੜ ਗਏ। ਚਾਰ ਕੁ ਵਜੇ ਦਿਨ ਦੇ ਬਹੁਤ ਡਰੇ। ਮਹਾਰਾਜ ਉੱਠਕੇ ਫਟਾਫਟ ਦਰਿਆ ਵੱਲ੍ਹ ਨੂੰ ਰਵਾਨਾ ਹੋ ਗਏ। ਬਹੁਤ ਤੇਜ ਰਫ਼ਤਾਰ ਨਾਲ ਚਲੇ। ਇੰਦਰ ਸਿੰਘ, ਹਰਨਾਮ ਸਿੰਘ, ਸੁੰਦਰ ਸਿੰਘ ਹੋਰ ਵੀ ਕਈ ਸੇਵਾਦਾਰ ਸਿੱਖ ਸੇਵਕ ਮਗਰ ਨੱਠੇ ਗਏ। ਮਹਾਰਾਜ ਜੀ ਜਦੋਂ ਮੰਡ ਵਿਚ ਗਏ ਤਾਂ ਸੂਰਜ ਡੁੱਬ ਗਿਆ। ਚਾਰੇ ਪਾਸੇ ਹਨ੍ਹੇਰ ਹੀ ਹਨ੍ਹੇਰ ਛਾ ਗਿਆ। ਡਰਾਉਣੀ ਰਾਤ, ਮੰਡ ਸਾਂ-ਸਾਂ ਕਰਨ ਲੱਗਾ। ਸੁੰਦਰ ਸਿੰਘ ਤੇ ਉੱਥੇ ਹੀ ਮਹਾਰਾਜ ਜੀ ਨਾਲੋਂ ਕਿੱਧਰੇ ਭੁੱਲ ਗਿਆ, ਸਾਰੇ ਹੀ ਬੰਦੇ

ਇੱਧਰ ਉੱਧਰ ਖਿਲਰ ਗਏ। ਕਿਸੇ ਨੂੰ ਕੋਈ ਪਤਾ ਨਹੀਂ ਲੱਗਦਾ, ਮਹਾਰਾਜ ਜੀ ਕਿੱਧਰ ਚਲੇ ਗਏ? ਇਕ ਹਰਨਾਮ ਸਿੰਘ ਹੀ ਮਹਾਰਾਜ ਜੀ ਦੇ ਨਾਲ ਚੱਲਦਾ ਗਿਆ। ਦਰਿਆ ਦੇ ਕੰਢੇ ਤੇ ਪਹੁੰਚੇ। ਪਾਣੀ ਠਾਠਾਂ ਮਾਰਦਾ ਹੋਇਆ ਵਾਹੋਦਾਹੀ ਆਪਣੇ ਅਸਲੀ ਰੂਪ ਵੱਲ੍ਹ ਨੂੰ ਜਾ ਰਿਹਾ ਸੀ। ਮਹਾਰਾਜ ਜੀ ਪਾਣੀ ਦੀ ਭਹਿ ਤੇ ਐਸੇ ਦਵਾ ਦਵ ਤੁਰੇ ਜਾਂਦੇ ਸਨ ਜਿਵੇਂ ਕੋਈ ਫ਼ਰਸ਼ ਤੇ ਤੁਰਿਆ ਜਾਵੇ ਆਪ ਜੀ ਅਗਲੇ ਕਿਨਾਰੇ ਜਾ ਨਿਕਲੇ ਪਿੱਛੋਂ ਸਿਦਕੀ ਸੱਚਾ ਪ੍ਰੇਮੀ ਹਰਨਾਮ ਸਿੰਘ ਵੀ ਮਗਰੇ ਹੀ ਠਿਲ੍ਹ ਪਿਆ। ਇਕ ਵਾਰ ਹਰਨਾਮ ਸਿੰਘ ਨੂੰ ਆਖਿਆ, "ਨਾਮਾ! ਪਿਛੇ ਮੁੜ ਜਾਓ ਡੁੱਬ ਜਾਏਂਗਾ, ਪਾਣੀ ਬਹੁਤ ਹੈ।" ਹਰਨਾਮ ਸਿੰਘ ਕਹਿੰਦਾ, "ਮੁੜਾਂਗਾ ਨਹੀਂ, ਬੇਸ਼ਕ ਡੁੱਬ ਜਾਵਾਂ। ਆਪੇ ਬੇੜੀ ਆਪੇ ਤੁੱਲਾ ਆਪੇ ਪਾਰ ਲੰਘਾਉਂਦਾ।" ਦਰਿਆਵਾਂ ਦੇ ਵਿਚਕਾਰ ਮੰਡ ਵਿਚ ਜਾ ਬੈਠੇ। ਹਰਨਾਮ ਸਿੰਘ ਨੂੰ ਆਖਿਆ, "ਨਾਮਾ! ਪਿੱਛੇ ਜਾਓ, ਸਾਡਾ ਕੀ ਹੈ? ਸਾਧੂ ਤੇ ਭਾਵੇਂ ਕਿੱਧਰੇ ਚਲਾ ਜਾਵੇ, ਸਾਧੂ ਦਾ ਕੋਈ ਦੇਸ਼ ਨਹੀਂ ਹੈ, ਨਾ ਹੀ ਕੋਈ ਘਾਟ ਹੈ, ਅਸੀਂ ਕਿਸੇ ਕੰਮ ਜਾ ਰਹੇ ਹਾਂ, ਜਾਣਾ ਬਹੁਤ ਜਲਦੀ ਹੈ।" ਰਾਤ ਸ਼ੁਕਦੇ ਮੰਡ ਵਿਚ ਕਟੀ ਤਾਂ ਕੋਈ ੧੧ ਵਜੇ ਮਹਾਰਾਜ ਕਹਿੰਦੇ, "ਦੇਖ ਨਾਮਾ। ਕਰਤਾ ਦੇ ਰੰਗ।" ਇੱਕ ਨੇੜੇ ਹੀ ਪਿੰਡ ਗੋਲੀ ਚਲ ਪਈ, ਉਸ ਪਿੰਡ ਵਿਚ ਡਾਕਾ ਪੈ ਰਿਹਾ ਸੀ। ਰਾਤ ਡਰਾਉਣੀ ਮੰਡ ਦੇ ਸੂਰ ਘੁਰ-ਘੁਰ ਕਰਦੇ ਫਿਰ ਰਹੇ ਸਨ, ਰਾਤ ਬੀਤ ਗਈ, ਪਹੁ ਫਟਣ ਵਾਲੀ ਸੀ, ਹਰਨਾਮ ਸਿੰਘ ਨੂੰ ਪਿਛੇ ਮੋੜਕੇ ਆਪ ਇਕ ਮਿੰਟ ਵਿਚ ਅਲੋਪ ਹੋ ਗਏ। ਇਕ ਸੈਕਿੰਡ ਅੱਖ ਮੀਟਣ ਅਤੇ ਉਘਾੜਨ ਤੇ ਨਾਲ ਹੀ ਪਟਿਆਲੇ ਪਹੁੰਚ ਗਏ। ਅੱਗੇ ਮਸਤ ਸਾਹਿਬ ਦਾਸ ਜੀ ਨੇ ਬੂਹੇ ਬੰਦ ਕੀਤੇ ਹੋਏ ਸਨ। ਆਪਣੇ ਭੰਡਾਰੇ ਦੇ ਮਾਲਿਕ ਨੂੰ ਉਡੀਕ ਰਹੇ ਸਨ। ਮਹਾਰਾਜ ਜੀ ਦੇ ਜਾਣ ਤੇ ਸਭ ਦਰਵਾਜ਼ੇ ਖੋਲ੍ਹ ਦਿੱਤੇ ਗਏ। ਆਪ ਜੀ ਅੰਦਰ ਗਏ ਕੁੱਝ ਪਤਾ ਨਹੀਂ ਕੀ ਕੁੱਝ ਬਚਨ ਕੀਤੇ, ਸੇਵਾਦਾਰਾਂ ਨੂੰ ਹੁਕਮ ਕੀਤਾ ਲੇਪਨ ਕਰੋ। ਸੁੱਚੇ ਜਲ ਦੀ ਗਾਗਰ ਮੰਗਾ ਕੇ ਚੌਕੀ ਤੇ ਬੈਠ ਕੇ ਇਸ਼ਨਾਨ ਕੀਤਾ। ਸਫ਼ੈਦ ਲੱਠੇ ਦੀ ਚਾਦਰ ਮੰਗਵਾਈ ਕੁਸ਼ਾਂ ਦਾ ਆਸਣ ਵਿਛਾ ਕੇ ਜਿਵੇਂ ਸੱਪ ਕੁੰਜ ਛੱਡ ਕੇ ਚਲਾ ਜਾਂਦਾ ਹੈ। ਇਸੇ ਹੀ ਤਰਾਂ ਚੋਲੇ ਨੂੰ ਛੱਡਕੇ ਸੱਚ ਖੰਡ ਚਲੇ ਗਏ। ਆਖ਼ਿਰੀ ਆਪਣੇ ਪਿਆਰੇ ਨਾਲੇ ਨਾਲ ਮੁਲਾਕਾਤ ਕਰਕੇ ਜੀਵਨ ਯਾਤਰਾ ਖ਼ਤਮ ਕਰਕੇ

ਨਿੱਜ ਸਰੂਪ ਵਿਖੇ ਜਾ ਸਮਾਏ। ਪਿਛੋਂ ਮਹਾਰਾਜ ਜੀ ਨੇ ਸਸਕਾਰ ਦੀ ਸਮਗਰੀ ਮੰਗਵਾ ਕੇ, ਜਿਥੇ ਮਸਤਾਂ ਨਾਲ ਮਹਾਰਾਜ ਜੀ ਨੇ ਗੱਲ ਕੀਤੀ ਸੀ, ਉਸੇ ਹੀ ਥਾਂ ਚਿਖਾ ਬਣਾਈ। ਜਦੋਂ ਸ਼ਹਿਰ ਦੇ ਲੋਕਾਂ ਨੂੰ ਪਤਾ ਲੱਗਾ ਕਿ ਮਸਤ ਸਾਹਿਬ ਦਾਸ ਜੀ ਜੋਤੀ-ਜੋਤ ਸਮਾ ਗਏ ਹਨ, ਸਾਰਾ ਸ਼ਹਿਰ ਮੇਵਿਆਂ ਦੀਆਂ ਪਰਾਤਾਂ ਭਰ ਕੇ ਲਿਆਉਣ ਲੱਗੇ। ਮਹਾਰਾਜਾ ਪਟਿਆਲਾ ਨੇ ਚੰਦਨ ਦੀ ਲੱਕੜ ਵੀ ਲਿਆ ਕੇ ਚਿਖਾ ਵਿਚ ਰੱਖੀ। ਕਾਫ਼ੀ ਰਾਜੇ, ਮਹਾਰਾਜੇ, ਸੇਠ ਆਪ ਜੀ ਦੇ ਸੇਵਕ ਸਨ। ਸਭ ਰਾਣੀਆਂ, ਸੇਠਾਣੀਆਂ ਥਾਲਾਂ ਦੇ ਥਾਲ ਗਿਰੀ ਛੁਹਾਰਿਆਂ ਦੇ ਲਿਆ ਕੇ ਅੰਗੀਠੇ ਵਿਚ ਪਾ ਰਹੀਆਂ ਸਨ। ੨੧ ਕਨੱਸਤਰ ਘਿਓ ਦੇ ਇਕੱਠੇ ਹੋ ਗਏ। ਮਸਤਾਂ ਦਾ ਅੰਗੀਠਾ ਇਕ ਹਵਨ ਕੁੰਡ ਬਣ ਗਿਆ। ਚੰਦਨ ਦੀ ਚਿਖਾ ਚਿਣ ਕੇ ਮਸਤਾਂ ਦਾ ਇਸ਼ਨਾਨ ਗੁਲਾਬ ਆਦਿ ਚੀਜਾਂ ਪਾ ਕੇ ਕਰਵਾਇਆ ਗਿਆ। ਨਾਭ ਕੰਵਲ ਰਾਜਾ ਸਾਹਿਬ ਜੀ ਦੇ ਹੁਕਮ ਨਾਲ ਸੁੱਚੇ ਪਸ਼ਮੀਨੇ ਦੀ ਗੱਲ ਅਲਫ਼ੀ ਪਾਈ ਗਈ। ਸ਼ਹਿਰ ਦੇ ਵਿਚ ਬਹੁਤ ਭਾਰੀ ਜਲੂਸ ਨਿਕਲਿਆ। ਮਸਤਾਂ ਦੀ ਪਾਵਨ ਦੇਹ ਪਾਲਕੀ ਵਿਚ ਪਾ ਕੇ ਸਾਰੇ ਸ਼ਹਿਰ ਦੀ ਪਰਕਰਮਾਂ ਕੀਤੀ। ਪਰਿਕਰਮਾਂ ਤੋਂ ਬਾਅਦ ਕਾਠ ਦੀ ਘੋੜੀ ਤੇ ਚੁੱਕਕੇ ਫੁੱਲਾਂ ਵਰਗੀ ਦੇਹ ਨੂੰ ਚਿਖਾ 'ਤੇ ਰੱਖਕੇ ਲਾਂਬੂ ਲਾ ਦਿੱਤਾ। ਸਸਕਾਰ ਕਰਕੇ ਮਹਾਰਾਜ ਜੀ ਫਿਰ ਝਿਗੜੀਂ ਹੀ ਆ ਗਏ। ਆ ਕੇ ਸਮਾਧਾਂ ਵਿਚ ਧੂਹੀ ਲਗਵਾਈ, ਤੀਜੇ ਹੀ ਦਿਨ ਆਪ ਪਟਿਆਲੇ ਤੋਂ ਵਾਪਿਸ ਆ ਗਏ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਮਜਾਰਾ ਵਿਖੇ ਲੰਗਰ ਦਾ ਨਕਸ਼ਾ ਬਣਾਉਣ ਦੀ ਚੱਲੀ

ਇਕ ਦਿਨ ਮਹਾਰਾਜ ਜੀ ਟਹਿਲਦੇ ਟਹਿਲਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਅੰਦਰ ਆ ਕੇ ਬੈਠ ਗਏ। ਸੰਗਤ ਦਰਸ਼ਨ ਵਾਸਤੇ ਆਉਣ ਲੱਗੀ। ਪਿੰਡ ਮੂਸਾ ਪੁਰ ਤੋਂ ਮਿਸਤਰੀ ਕਰਤਾਰ ਸਿੰਘ ਦਰਸ਼ਨ ਵਾਸਤੇ ਆਇਆ। ਆਪ ਜੀ ਦੇ ਮੋਹਰੇ ਸੰਗਤ ਕਾਫ਼ੀ ਬੈਠੀ ਸੀ, ਮਹਾਰਾਜ ਜੀ ਨਾਮ-ਜਪਣਾ, ਧਰਮ ਦੀ ਕਿਰਤ ਕਰਨੀ, ਵੰਡਕੇ ਛਕਣਾ, ਆਏ ਸਾਧੂ ਸੰਤ ਦੀ ਸੇਵਾ

ਕਰਨ ਦਾ ਉਪਦੇਸ਼ ਦੇ ਰਹੇ ਸਨ। ਕਰਤਾਰ ਸਿੰਘ ਮੁਸਾਪੁਰੀਏ ਨੂੰ ਹੁਕਮ ਕੀਤਾ, ਲੰਗਰ ਦਾ ਨਕਸ਼ਾ ਬਣਾਉ। ਕਰਤਾਰ ਸਿੰਘ ਨੇ ਕਾਗਜ਼ ਲੈ ਕੇ ਨਕਸ਼ਾ ਬਣਾਕੇ ਚਰਨਾਂ ਅੱਗੇ ਰੱਖਕੇ ਨਮਸਕਾਰ ਕੀਤੀ। ਨਕਸ਼ਾ ਬਣਿਆ ਹੋਇਆ ਤੱਕਿਆ, ਪਾੜ ਦਿੱਤਾ। ਬਾਬੇ ਨੂੰ ਹੁਕਮ ਕੀਤਾ, "ਮਾਨਾ! ਚੁੱਕ ਭਾਂਡੇ, ਕਰਮ ਸਿੰਘ ਦੇ ਖੇਤ ਵਿਚ ਲੰਗਰ ਖਾਨਾ ਬਣਾ ਦੇਈਏ।" ਕਰਮ ਸਿੰਘ ਨੂੰ ਬੁਲਾ ਕੇ ਆਖਿਆ, "ਕਰਮ ਸਿੰਘ! ਲੰਗਰ ਵਾਸਤੇ ਖੇਤ ਦਮਦਮਾ ਸਾਹਿਬ ਦੇ ਨਾਲ ਦਾ ਛੱਡ ਦੇਹ ਸੰਗਤ ਦੇ ਆਰਾਮ ਵਾਸਤੇ, ਪਿਆਸੇ ਰਾਹੀਆਂ ਦੇ ਪਾਣੀ ਪੀਣ ਦੀ ਜਗ੍ਹਾ ਬਣਾ ਲਈਏ।" ਕਰਮ ਸਿੰਘ ਅਤੇ ਜਵਾਹਰ ਸਿੰਘ ਨੇ ਖੇਤ ਛੱਡ ਦਿੱਤਾ। ਮਾਨੇ ਕੋਲੋਂ ਭਾਂਡੇ ਰਖਵਾ ਦਿੱਤੇ। ਜਗਤ ਸਿੰਘ ਨੇ ਪ੍ਰੀਤਮ ਸਿੰਘ ਨੂੰ ਸਿਖਾਲਕੇ ਆਪਣੀ ਪਾਰਟੀ ਵਿਚ ਲੈ ਆਂਦਾ। ਕਰਮ ਸਿੰਘ ਨੂੰ ਆਖਿਆ, "ਹਾਲੇ ਤਾਂ ਸਾਡਾ ਸੁਰਮਾ ਪਾਇਆ ਹੋਇਆ ਨਹੀਂ ਨਿਕਲਦਾ। ਤੁਸੀਂ ਹੋਰ ਨਵਾਂ ਪਾਈ ਜਾਂਦੇ ਹੋ।" ਜਗਤ ਸਿੰਘ ਉਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਤੋਂ ਖ਼ਿਲਾਫ਼ ਚੱਲਦਾ ਸੀ। ਮੋਤੀ ਸਿੰਘ ਵੀ ਗੁਰਦੁਆਰੇ ਵਾਸਤੇ ਦਿੱਤੀ ਜਗ੍ਹਾ ਤੇ ਵੀ ਆਪਣਾ ਹੱਕ ਕਰਨਾ ਚਾਹੁੰਦਾ ਸੀ। ਇਸ ਕਰਕੇ ਕਰਮ ਸਿੰਘ ਨੂੰ ਖੇਤ ਲੰਗਰ ਵਾਸਤੇ ਨਾ ਦੇਣ ਲਈ ਆਖਿਆ। ਜ਼ਿਆਦਾ ਕਹਿਣ ਤੋਂ ਕਰਮ ਸਿੰਘ ਬਾਬੇ ਮਾਨੇ ਨੂੰ ਜਾ ਕੇ ਕਹਿਣ ਲੱਗਾ, "ਸਾਡੇ ਘਰ ਦੇ ਨਹੀਂ ਮੰਨਦੇ। ਕਹਿੰਦੇ ਨੇ, ਅਸੀਂ ਨਹੀਂ ਖੇਤ ਲੰਗਰ ਵਾਸਤੇ ਦੇਣਾ। ਇਥੇ ਰਸੋਖਾਨਾ ਨਾ ਬਣਾਓ, ਹੋਰ ਕਿਸੇ ਦੇ ਖੇਤ ਵਿਚ ਬਣਾ ਲਵੋ।" ਇਹ ਕਰਮ ਸਿੰਘ ਵਾਲੀ ਗੱਲ ਬਾਬੇ ਮਾਨੇ ਜੀ ਨੇ ਨਾਭ ਕੰਵਲ ਰਾਜਾ ਸਾਹਿਬ ਜੀ ਨੂੰ ਦੱਸੀ। ਮਹਾਰਾਜ ਜੀ ਨੇ ਤਾਂ ਪਹਿਲਾਂ ਹੀ ਨਕਸ਼ਾ ਬਣਵਾ ਕੇ ਪਾੜ ਦਿੱਤਾ ਸੀ। ਹੁਕਮ ਕੀਤਾ ਕਿ, "ਮਾਨਾ! ਚੁੱਕ ਭਾਂਡੇ ਅੱਗੇ ਚਲਦੇ ਹਾਂ।' ਚਲਦੇ ਚਲਦੇ ਜਿਸ ਜਗ੍ਹਾ ਹੁਣ ਮਜਾਰੇ ਲੰਗਰ ਖਾਨਾ ਪਕਾ ਕੇ ਰੱਖਿਆ ਜਾਂਦਾ ਹੈ, ਪਿੰਡ ਵੱਲ੍ਹ ਦੇ ਪਾਸੇ ਸੰਨ 1916 ਵਿਚ ਜੇਠ ਦੇ ਦਿਨੀਂ ਇਕ ਰੀਸ ਦੇ ਬੂਟੇ ਹੇਠ ਮਾਨੇ ਨੂੰ ਬੈਠ ਜਾਣ ਦਾ ਹੁਕਮ ਕੀਤਾ। ਤਵਾ ਪਰਾਤ ਰਖਵਾਕੇ ਆਖਿਆ, "ਆਏ ਗਏ ਨੂੰ ਕਿਸੇ ਭੁੱਖੇ ਪਿਆਸੇ ਨੂੰ ਇਥੇ ਬੈਠਕੇ ਅੰਨ ਪਾਣੀ ਛਕਾ ਦਿਆ ਕਰੋ।" ਆਪ ਘਟਾਰੋਂ ਵੱਲ੍ਹ ਦੇ ਲਟੇ ਨੂੰ ਜਾ ਨਿਕਲੇ। ਬਾਬਾ ਮੂਲਾ ਘਟਾਰੋਂ ਰਹਿੰਦਾ ਸੀ, ਮੂਲੇ ਦੇ ਘਰੋਂ ਸਾਰਾ ਸੀਧਾ ਲੰਗਰ ਦਾ ਸਮਾਨ ਦਾ ਇਕ ਬੋਰੇ ਵਿਚ

ਪਾ ਕੇ ਪੰਡ ਬੰਨ੍ਹ ਕੇ ਲੰਗਰ ਦੀ ਸਮੱਗਰੀ ਦੇ ਕੇ ਤੋਰ ਦਿੱਤਾ। ਆਪ ਪਿੰਡ ਝਿਗੜੀਂ ਆ ਕੇ ਭਾਈ ਜਵਾਹਰ ਸਿੰਘ ਜੀ ਦੇ ਸਪੁੱਤਰ ਭਾਈ ਇੰਦਰ ਸਿੰਘ ਨੂੰ ਹੁਕਮ ਕੀਤਾ, "ਚੱਲ ਇੰਦਰ! ਅੱਜ ਆਪਣੇ ਹੱਥੀਂ ਲੰਗਰ ਦਾ ਮਹੂਰਤ ਕਰ। ਨੱਥੂ ਦੇ (ਆਪ ਜੀ ਦੇ ਘਰ) ਘਰੋਂ ਤਵਾ ਪਰਾਤ ਤੇ ਹੋਰ ਲੰਗਰ ਵਾਸਤੇ ਭਾਂਡੇ ਲੈ ਆਉਣੇ।" ਇੰਦਰ ਸਿੰਘ ਨੇ ਹੁਕਮ ਪਾ ਕੇ ਉਸ ਗੀਸ ਦੇ ਥੱਲੇ ਚੁੱਲ੍ਹਾ ਭੱਠੀ ਬਣਾ ਕੇ ਪਹਿਲਾਂ-ਪਹਿਲ ਲੰਗਰ ਤਿਆਰ ਕੀਤਾ, ਛੋਟੇ ਛੋਟੇ ਬੱਚਿਆਂ ਨੂੰ ਛਕਾਇਆ। ਬਾਬੇ ਮਾਨੇ ਨੂੰ ਲੰਗਰ ਦੀ ਸੇਵਾ ਦੀ ਡਿਊਟੀ ਸੰਭਾਲ, ਇਹ ਜਗ੍ਹਾ ਸਾਰੇ ਪਿੰਡ ਦੀ ਸਾਂਝੀ ਸ਼ਾਮ ਲਾਟ ੧੦ ਕਨਾਲ ਪਈ ਸੀ। ਆਪ ਮਹਾਰਾਜ ਜੀ ਜ਼ਿਆਦਾ ਵਰਿਆਮ ਸਿੰਘ ਦੇ ਖੂਹ ਤੇ ਹੀ ਰਿਹਾ ਕਰਦੇ ਸਨ। ਪਹਿਲਾਂ ਇਕ ਥੜ੍ਹਾ ਬੱਝਾ ਹੋਇਆ ਸੀ, ਉਸਤੇ ਬੈਠ ਰਹਿੰਦੇ ਸਨ। ਫਿਰ ਇੱਕ ਛੋਟਾ ਜਿਹਾ ਦੋ ਖਾਨੇ ਦਾ ਕਮਰਾ ਬਣਾ ਕੇ ਰਹਿੰਦੇ ਰਹੇ। ਇਥੇ ਹੀ ਮਹਾਰਾਜ ਨਾਲ ਉਨ੍ਹਾਂ ਹੀ ਦਿਨਾਂ ਵਿਚ ਆਪ ਜੀ ਨਾਲ ਕੁੱਤੇ ਰਹਿਣ ਲੱਗ ਪਏ। ਇਕ ਪਲੰਘ ਇਸੇ ਹੀ ਸਾਂਝੀ ਜਗ੍ਹਾ ਵਿਚ ਜਿਥੇ ਹੁਣ ਸਮਾਧ ਬਣੀ ਹੋਈ ਹੈ, ਇਕ ਕਮਰਾ ਬਣਾ ਕੇ ਰੱਖਵਾ ਦਿੱਤਾ, ਕਈ ਵਾਰੀ ਸਿੱਖ ਸੇਵਕਾਂ ਨੂੰ ਇਸ ਪਲੰਘ ਵੱਲ੍ਹ ਨਮਸਕਾਰ ਕਰਨ ਵਾਸਤੇ ਭੇਜ ਦਿੰਦੇ ਸਨ। ਕਦੀ-ਕਦੀ ਆਪ ਵੀ ਬਿਰਾਜਦੇ ਸਨ। ਇਸਨੂੰ ਮਹਾਰਾਜ ਅਕਾਲ ਤਖ਼ਤ ਆਖ ਕੇ ਬੁਲਾਇਆ ਕਰਦੇ ਸਨ। ਹੌਲੀ-ਹੌਲੀ ਇਸ ਗਸੋਖਾਨੇ ਦੀ ਬਹੁਤ ਚੜ੍ਹਦੀ ਕਲਾ ਹੋ ਗਈ। ਪਹਿਲਾਂ-ਪਹਿਲਾਂ ਕਈ ਵਾਰੀ ਬਾਬੇ ਮਾਨੇ ਨੇ ਇਸ ਸੇਵਾ ਨੂੰ ਛੱਡਕੇ ਘਰ ਚਲੇ ਜਾਣਾ, ਕਿਉਂਕਿ ਇੱਥੇ ਅੱਕ ਪਲਾਹ ਗਰੂਨਿਆਂ ਦੇ ਬੂਟੇ ਜਿਹੇ ਹੁੰਦੇ ਸਨ। ਜਦੋਂ ਮਾਨੇ ਨੇ ਇਸ ਸੇਵਾ ਨੂੰ ਛੱਡਕੇ ਘਰ ਚਲੇ ਗਿਆ ਤਾਂ ਮਾਨੇ ਦਾ ਸਿਰ ਦੁਖਣਾ ਸ਼ੁਰੂ ਹੋ ਗਿਆ। ਬਹੁਤ ਇਲਾਜ ਕਰਨ ਤੇ ਵੀ ਸਿਰ ਨਾ ਹਟਿਆ। ਇਕ ਦਿਨ ਸਿਰ ਬਹੁਤ ਦਰਦ ਕਰ ਰਿਹਾ ਸੀ, ਮਹਾਰਾਜ ਜੀ ਦੇ ਦਰਸ਼ਨ ਨੂੰ ਉੱਠ ਕੇ ਤੁਰ ਪਿਆ। ਆਪ ਜੀ ਪਿੰਡ ਲੜੋਏ ਦੇ ਟਿੱਬਿਆਂ ਵਿਚ ਬੈਠੇ ਸੀ, ਕੋਲ ਚਰਨ ਸਿੰਘ ਜਿਸਨੂੰ ਆਪ ਬੂਝਾ ਆਖਕੇ ਬੁਲਾਇਆ ਕਰਦੇ ਸਨ। ਚਰਨ ਸਿੰਘ ਸਰਦਾਈ ਲੈ ਕੇ ਮਹਾਰਾਜ ਕੋਲ ਹੀ ਬੈਠਾ ਸੀ। ਇੰਨੇ ਚਿਰ ਨੂੰ ਮਾਨਾ ਦਰਸ਼ਨ ਕਰਨ ਵਾਸਤੇ ਪਿੰਡੋਂ ਨਿਕਲਿਆ, ਹਾਲੇ ਦੋ ਖੇਤ ਪਿਛੇ ਹੀ ਸੀ, ਅੱਗੋਂ ਸਤਿਗੁਰਾਂ ਹੁਕਮ ਕੀਤਾ, "ਮਾਨਾ! ਇਥੋਂ ਹੀ ਮੁੜ

ਚਲ ਰਸੋਖਾਨੇ ਚੱਲਕੇ ਆਉਂਦੇ ਜਾਂਦੇ ਸਾਧੂ ਸੰਤ ਦੀ ਸੇਵਾ ਕਰਿਆ ਕਰ, ਸਿਰ ਦਰਦ ਤਦ ਹੀ ਹਟੇਗਾ। ਮਾਨਾ ਉਥੋਂ ਹੀ ਸਲਾਮ ਕਰਨ ਲੱਗਾ, ਸਿਰ ਦਰਦ ਪਤਾ ਨਹੀਂ ਕਿੱਧਰ ਉਡ ਗਿਆ। ਮੁੜ ਕਦੀ ਫਿਰ ਸਿਰ ਨਹੀਂ ਦੁਖਿਆ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਸੌਣਮਲ ਦੇ ਪ੍ਰਥਾਇ ਚੱਲੀ

ਸੌਣਮਲ ਪਿੰਡ ਗੁਣਾਚੌਰ ਦਾ ਖੱਤਰੀ, ਬਹੁਤ ਵੱਡਾ ਸੇਠ ਸੀ। ਜਾਇਦਾਦ ਬਹੁਤ ਸੀ। ਕਾਫ਼ੀ ਸ਼ਹਿਰਾਂ ਵਿਚ ਦੁਕਾਨਾਂ ਕਿਰਾਏ ਤੇ ਚਲ ਰਹੀਆਂ ਸਨ। ਮਹਾਰਾਜ ਜੀ ਦੇ ਲੰਗਰ ਤੋਂ ਲਹਿੰਦੇ ਪਾਸੇ, ਪਿੰਡ ਤੱਕ ਸੌਣਮਲ ਦਾ ਬਾਗ ਲੱਗਾ ਹੋਇਆ ਸੀ। ਹਰ ਤਰਾਂ ਦੇ ਫ਼ਲ ਲੱਗੇ ਹੋਏ ਸਨ। ਇਕ ਵਿਚ ਕੋਠੀ ਵੀ ਬਣੀ ਹੋਈ ਸੀ। ਮਹਾਰਾਜ ਜੀ ਦੇ ਇੱਥੇ ਰਹਿਣ ਨਾਲ ਸੰਗਤ ਦੀ ਅਵਾਜਾਈ ਬਹੁਤ ਵਧ ਗਈ। ਇਹ ਸੌਣਮਲ ਕਾਫ਼ੀ ਨਾਸਤਿਕ ਖਿਆਲਾਂ ਦਾ ਸੀ। ਆਈ ਸੰਗਤ ਨੂੰ ਬਹੁਤ ਨਫ਼ਰਤ ਦੀ ਨਿਗਾਹ ਨਾਲ ਦੇਖਦਾ ਸੀ, ਕਈ ਵਾਰੀ ਸੰਗਤ ਨੂੰ ਕੌੜੇ ਬਚਨ ਆਖਦਾ ਰਹਿੰਦਾ ਸੀ। ਇਕ ਵਾਰੀ ਪਹਿਲਾਂ ਦੀ ਗੱਲ ਹੈ ਬਾਬਾ ਸਾਹਿਬ ਦਿਆਲ ਨੇ ਇਸਦੇ ਬਾਗ ਦੇ ਹਲਟ ਦੀ ਟਿੰਡ ਤੋਂ ਪਾਣੀ ਜਾ ਪੀਤਾ। ਇੰਨੇ ਚਿਰ ਨੂੰ ਸੌਣਮਲ ਆ ਗਿਆ। ਆ ਕੇ ਸਾਹਿਬ ਦਿਆਲ ਨੂੰ ਬਹੁਤ ਗਾਲਾਂ ਕੱਢੀਆਂ। ਕਹਿਣ ਲੱਗੀ, "ਮੇਰੀ ਟਿੰਡ ਭਿੱਟ ਦਿੱਤੀ ਹੈ।" ਮਿੱਟੀ ਦੀਆਂ ਟਿੰਡਾਂ ਵਾਲਾ ਹਲਟ ਸੀ। ਉਸ ਨੇ ਭਿੱਟੀ ਹੋਈ ਟਿੰਡ ਦੇ ੫ ਰੁਪਏ ਲੈ ਕੇ ਸਾਹਿਬ ਦਿਆਲ ਨੂੰ ਛੱਡਿਆ। ਜਦੋਂ ਇਸ ਗੱਲ ਦਾ ਮਹਾਰਾਜ ਜੀ ਨੂੰ ਪਤਾ ਲੱਗਾ। ਆਪਣੇ ਪਿਆਰੇ ਭਗਤ ਦੀ ਹਾਨੀ ਹੋਈ ਸੁਣੀ, ਬਾਗ ਵਿਚ ਆ ਕੇ ਹੁਕਮ ਕੀਤਾ, "ਇਥੇ ਕਿਸੇ ਦਾ ਬਾਗ ਹੀ ਨਹੀਂ ਹੈ।" ਮਜਾਰੇ ਦੇ ਕਈ ਬੰਦੇ ਨਾਲ ਵੀ ਸਨ। ਇਹ ਬਚਨ ਕੀਤੇ ਕਿ "ਸੌਣਮਲ ਦਾ ਤਾਂ ਇਥੇ ਨਾਮ ਨਿਸ਼ਾਨ ਹੀ ਨਹੀਂ ਹੈ। ਲਿਆਓ ਹਲ ਵਾਹਕੇ ਬਾਗ ਪੁਟਕੇ ਫ਼ਸਲਾਂ ਬੀਜੋ।" ਦੱਸ ਕੁ ਮਰਲੇ ਦਾ ਬਾਗ ਵਿਚ ਤਮਾਕੂ ਲੱਗਾ ਹੋਇਆ ਸੀ, ਸਾਰਾ ਹੀ ਪੁਟਾ ਸੁਟਿਆ। ਬੱਸ ਤਮਾਕੂ ਨੂੰ ਮੁੱਖ ਰੱਖਕੇ ਸੌਣਮਲ ਦੀਆਂ ਸਾਰੇ ਪਾਸਿਆਂ ਤੋਂ ਜੜ੍ਹਾਂ ਪੁੱਟ ਸੁਟੀਆਂ।

ਸੌਣਮਲ ਦੇ ਬਾਗ ਦੇ ਮਾਲੀ ਨੇ ਸਾਰਾ ਹਾਲ ਆਖ ਸੁਣਾਇਆ

'ਗਈ ਰੂਹ ਕਲਬੂਤੋਂ, ਕਮਾਨ ਥੀਂ ਤੀਰ ਛੁੱਟਾ,
ਇਹ ਮੁੜ ਕੇ ਫੇਰ ਨਾ ਆਂਵਦੇ ਨੇ।'

ਮਹਾਂਪੁਰਸ਼ਾਂ ਦੀ ਰਸਨਾ ਤੋਂ ਜੋ ਵੀ ਕੁੱਝ ਨਿਕਲ ਜਾਂਦਾ ਹੈ, ਹਾਲੇ ਤਕ ਕੋਈ ਸ਼ਕਤੀ ਨਹੀਂ ਬਣੀ ਸਾਧੂ ਦੀ ਕਲਮ ਵਗੀ ਹੋਈ ਨੂੰ ਮੋੜ ਸਕੇ। ਸੂਰਜ ਚੜ੍ਹਨ ਤੋਂ ਰੁਕ ਸਕਦਾ ਹੈ, ਦਰਿਆ ਚੜ੍ਹਦੀ ਵੱਲ੍ਹ ਨੂੰ ਵਗ ਸਕਦੇ ਹਨ ਪਰ ਸਾਧੂ ਦੇ ਬੋਲ ਕਦੀ ਵਿਰਥੇ ਨਹੀਂ ਜਾ ਸਕਦੇ 'ਸਾਧੂ ਬੋਲੇ ਸਹਿਜ ਸੁਭਾਇ ਸਾਧੂ ਦਾ ਬੋਲਿਆ ਬਿਰਥਾ ਨਾ ਜਾਇ।' ਸਾਧੂ ਦੀ ਰਮਜ਼ ਕਰਤਾਰ ਦੀ ਰਮਜ਼ ਮੰਨੀ ਜਾਂਦੀ ਹੈ। ਮਹਾਰਾਜ ਜੀ ਦੀ ਰਸਨਾ ਤੋਂ ਜੋ ਸੌਣਮਲ ਦੇ ਬਾਰੇ ਬਚਨ ਨਿਕਲੇ ਸਨ, ਉਹ ਪੂਰੇ ਹੋ ਗਏ। ਸੌਣਮਲ ਸੇਠ ਦੀ ਕਿਸਮਤ ਦਾ ਸੂਰਜ ਛਿਪ ਗਿਆ। ਧੂਣੀ ਹੀ ਬੁੱਝ ਗਈ। ਜੋ ਸ਼ਹਿਰਾਂ ਵਿਚ ਦੁਕਾਨਾਂ ਸਨ, ਸਭ ਵਰੋਲੇ ਬਣ ਬਣ ਕੇ ਉਡ ਗਈਆਂ। ਇਹੋ ਹੀ ਪਤਾ ਲੱਗਣਾ ਕਿ ਅੱਜ ਪਟਿਆਲੇ ਵਿਚ ਸੌਣਮਲ ਦੀਆਂ ਦੁਕਾਨਾਂ ਦੀ ਨਿਲਾਮੀ ਹੋ ਗਈ ਹੈ। ਜਾਇਦਾਦ ਵੀ ਸਾਰੀ ਪਤਾ ਨਹੀਂ ਦਿਨਾਂ ਵਿਚ ਹੀ ਖ਼ਤਮ ਹੋ ਗਈ। ਪਹਿਲਾਂ ਜਦੋਂ ਸੌਣਮਲ ਕਿਤੇ ਬਾਹਰ ਸੈਰ ਕਰਨ ਲਈ ਨਿਕਲਦਾ ਸੀ, ਲੋਕੀ ਉੱਠ ਕੇ ਖੜ੍ਹੇ ਹੋ ਜਾਂਦੇ ਸਨ। ਰੱਥ ਵਿਚ ਬੈਠ ਕੇ ਜਾਇਆ ਕਰਦਾ ਸੀ। ਫਿਰ ਉਸੇ ਸੌਣਮਲ ਦਾ ਕੋਈ ਬਾਗ ਰਿਹਾ ਨਾ ਧੰਨ ਦੌਲਤ ਰਹੀ, ਨਾ ਕੋਈ ਦੁਕਾਨ ਰਹੀ, ਨਾ ਖੂਹ ਰਿਹਾ, ਨਾ ਬਾਗ ਰਿਹਾ, ਨਾ ਜ਼ਮੀਨ ਰਹੀ। ਬਹੁਤ ਬੁਰੇ ਹਾਲੀਂ ਹੋ ਕੇ ਮੰਗਤਾ ਬਣ ਗਿਆ। ਇਕ ਦਿਨ ਆਪਣੀ ਨੌਜਵਾਨ ਲੜਕੀ ਮਹਾਰਾਜ ਜੀ ਪਾਸ ਭੇਜੀ ਕਿ ਕਿਤੇ ਮੁੜ ਫਿਰ ਮਿਹਰ ਦੀ ਨਿਗਾਹ ਕਰ ਦੇਣ, ਮੁੜਕੇ ਚਰਨ ਫੜੇ। ਲੜਕੀ ਨੇ ਜਾ ਕੇ ਬਹੁਤ ਬੇਨਤੀਆਂ ਕੀਤੀਆਂ, ਬੂਹਾ ਬੰਦ ਸੀ। ਆਪ ਜੀ ਨੇ ਕੋਈ ਜਵਾਬ ਹੀ ਨਹੀਂ ਦਿੱਤਾ। ਸੌਣਮਲ ਦੇ ਘਰ ਵਾਲੇ ਬਥੇਰੇ ਨੱਕ ਰਗੜ ਰਹੇ ਸਨ। ਮਹਾਰਾਜ ਨੇ ਕੋਈ ਜਵਾਬ ਹੀ ਨਾ ਦੇਣਾ। ਇਕ ਦਿਨ ਬਹੁਤ ਅਰਜ਼ਾਂ ਕਰਨ ਲੱਗੀ ਤਾਂ ਅੱਗੋਂ ਪਾਤਸ਼ਾਹ ਬੋਲੇ, "ਕਿਸੇ ਸਾਧੂ ਦੀ ਵੱਗ ਗਈ ਹੋਣੀ ਏ।" ਬੱਸ ਹੌਲੀ-ਹੌਲੀ ਸਭ ਮਾਲ ਧਨ ਤੇ ਆਪ ਵੀ ਇਸ ਸੰਸਾਰ ਤੋਂ ਅੱਖਾਂ ਮੀਟ ਗਿਆ। ਲੜਕੇ ਨੂੰ ਕਿੱਧਰੇ ਸਜਾ ਹੋ ਗਈ ਹੈ, ਉਸਦਾ ਕੋਈ ਪਤਾ ਨਹੀਂ ਹੈ ਵੀ ਨਹੀਂ। ਇਸ ਵੇਲੇ ਸਾਰੇ

ਬਾਗ ਦੀ ਜਗ੍ਹਾ ਰਸੋਖਾਨੇ ਦੀਆਂ ਕੰਧਾਂ ਤੱਕ ਦੀ ਸਾਰੀ ਜ਼ਮੀਨ ਵਿਚ ਮਜਾਰੇ ਦੇ ਜ਼ਿਮੀਦਾਰਾਂ ਦੇ ਹੱਲ ਚਲ ਰਹੇ ਹਨ। ਇਹ ਫਲ ਸੌਣਮਲ ਦੀਆਂ ਹੋਰ ਵੀ ਕੁਲਾਂ ਨੂੰ ਸੰਤ ਦੇ ਦੋਖੀ ਹੋਣ ਦਾ ਮਿਲਿਆ। ਸਾਧ ਸੰਗਤ ਦਾ ਅਪਮਾਨ ਕਰਨ ਦਾ ਮਿਲਿਆ। ਤਦੋਂ ਹੀ ਸ਼ਾਸਤਰਾਂ ਵਿਚ ਲਿਖਿਆ ਹੈ ਕਿ 'ਸੰਤਾ ਸੇਤੀ ਮਸਕਰੀ ਕੁਲ ਡੋਬਣ ਦੀ ਗੀਤ' ਯਾਦਵਾਂ ਨੇ ਦੁਰਬਾਸ਼ਾ ਰਿਸ਼ੀ ਨੂੰ ਮਖੌਲ ਕੀਤਾ ਸੀ, ਸਾਰੀ ਕੁਲ ਦਾ ਨਾਸ ਹੋਇਆ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਜਗਤ ਸਿੰਘ ਦੇ ਪ੍ਰਥਾਇ ਚੱਲੀ

ਜਗਤ ਸਿੰਘ ਸਰਦਾਰ ਮੋਤੀ ਸਿੰਘ ਦਾ ਵੱਡਾ ਪੁੱਤਰ ਸੀ। ਜਗਤ ਸਿੰਘ ਦੇ ਖ਼ਿਆਲ ਕੁੱਝ ਨਾਸਤਿਕ ਜਿਹੇ ਸਨ। ਜੈਲਦਾਰ ਬਿਸ਼ਨ ਸਿੰਘ ਪਿੰਡ ਰਾਏਪੁਰ ਡੱਬਾ ਵਾਲੇ ਦੀ ਸਿਖਾਲਤ ਨਾਲ ਗੁਰਦੁਆਰਾ ਦੁੱਖ ਨਿਵਾਰਨ ਤੇ ਆਪਣੀ ਜਾਇਦਾਦ ਵਿਚ ਬਣਿਆ ਹੋਇਆ, ਸਮਝਕੇ ਆਪਣਾ ਹੱਕ ਰੱਖਦਾ ਸੀ। ਇਸੇ ਹੀ ਕਰਕੇ ਗੁਰਦੁਆਰੇ ਉਤੇ ਗੁੰਬਦ ਨਹੀਂ ਸੀ ਬਣਨ ਦਿੱਤਾ। ਉਸ ਵੇਲੇ ਬਚਨ ਦਿੱਤਾ ਕਿ ਗੁਰਦੁਆਰਾ ਸਾਬਤ ਨਾ ਹੋਵੇ, ਕੋਠੀ ਹੀ ਰਹੇ। ਹੌਲੀ-ਹੌਲੀ ਝਗੜਾ ਵੱਧ ਗਿਆ, ਮਹਾਰਾਜ ਜੀ ਦਾ ਹੱਕ ਤੁੜਾਉਣ ਵਾਸਤੇ ਮੁਕੱਦਮਾ ਕਰ ਦਿੱਤਾ। ਗੁਰਦੁਆਰੇ ਨੂੰ ਜਿੰਦਰਾ ਲਾ ਦਿੱਤਾ, ਕਿਸੇ ਨੂੰ ਕੜਾਹ ਪ੍ਰਸ਼ਾਦ ਵੀ ਨਹੀਂ ਸਨ ਵੰਡਣ ਦਿੰਦੇ। ਇਸ ਕਰਕੇ ਕਿ ਗੁਰਦੁਆਰਾ ਸਾਬਿਤ ਨਾ ਹੋਵੇ। ਜਗਤ ਸਿੰਘ ਦਾ ਮਾਮਾ ਈਸ਼ਰ ਸਿੰਘ ਸਾਧੂ ਬਣਿਆ ਹੋਇਆ ਸੀ। ਜਗਤ ਸਿੰਘ ਨੇ ਉਸਨੂੰ ਲਿਆ ਕੇ ਬਿਠਾ ਦਿੱਤਾ। ਆਪਣਾ ਕਬਜਾ ਰੱਖਣ ਦੇ ਮਾਰਿਆਂ ਨੇ ਆਪਣਾ ਹੀ ਬੰਦਾ ਲਿਆ ਕੇ ਬਿਠਾ ਦਿੱਤਾ। ਜਦੋਂ ਚਾਰ ਕੁ ਦਿਨ ਈਸ਼ਰ ਸਿੰਘ ਬੈਠੇ ਨੂੰ ਹੋਏ ਆਪ ਸਭ ਘਟ-ਘਟ ਦੇ ਜਾਨਣਹਾਰੇ ਦਰਿਆ ਵਲੋਂ ਟਹਿਲਦੇ-ਟਹਿਲਦੇ ਗੁਰਦੁਆਰੇ ਅੰਦਰ ਆਏ। ਜਗਤ ਸਿੰਘ ਦੇ ਮਨ ਦੀ ਕੁਟਲਤਾ ਜਾਣਕੇ ਗੁਰਦੁਆਰੇ ਆ ਬੈਠੇ। ਜਿੰਦਰਾ ਖੋਹਲਕੇ ਕੜਾਹ ਪ੍ਰਸ਼ਾਦ ਦੀ ਦੇਗ ਬਣਾਕੇ ਆਪਣੇ ਹੱਥੀਂ ਵਰਤਾਈ। ਗੁਰਬਖਸ਼ ਸਿੰਘ ਨੂੰ ਹੁਕਮ ਕੀਤਾ ਕਿ ਜਗਤੇ ਨੂੰ ਬੁਲਾਕੇ ਲੈ ਆਓ।

ਮਾਨੇ ਨੂੰ ਮਹਾਰਾਜ ਜੀ ਨੇ ਪਿੰਡ ਹੇੜੀਆਂ ਵਾਲੇ ਸੂਬੇਦਾਰ ਬਿਸ਼ਨ ਸਿੰਘ ਨੂੰ ਸੱਦਣ ਵਾਸਤੇ ਕਿਹਾ, "ਮਾਨਾ! ਜਾਓ ਬਿਸ਼ਨ ਸਿੰਘ ਨੂੰ ਲੈ ਆਓ, ਹਮਨੇ ਸਭ ਗੁਰਦੁਵਾਰਿਆਂ ਵਿਚ ਕਮੇਟੀਆਂ ਬੰਨ੍ਹਣ ਦਾ ਕਾਨੂੰਨ ਜਾਰੀ ਕਰ ਦਿੱਤਾ ਹੈ। ਬਿਸ਼ਨੇ ਨੂੰ ਜਾ ਕੇ ਆਖ ਆਓ ਕਿ ਅੰਮ੍ਰਿਤਸਰ ਸਭ ਗੁਰਦੁਆਰਿਆਂ ਦੇ ਬੰਦੋਬਸਤ ਵਾਸਤੇ ਕਮੇਟੀਆਂ ਬੰਨ੍ਹੋ।" ਗੁਰਬਖਸ਼ ਸਿੰਘ, ਜਗਤ ਸਿੰਘ ਨੂੰ ਲੈ ਆਇਆ। ਜਗਤ ਸਿੰਘ ਮਹਾਰਾਜ ਜੀ ਦੇ ਸਾਹਮਣੇ ਆਇਆ, ਜਗਤ ਸਿੰਘ ਨੂੰ ਹੁਕਮ ਕੀਤਾ, "ਜਗਤਾ! ਇਹੋ ਜਿਹੇ ਆਦਮੀ ਨਹੀਂ ਇਥੇ ਰੱਖੀਦੇ। ਇਸਨੂੰ ਕੰਨੋਂ ਫੜ੍ਹਕੇ ਬਾਹਰ ਕੱਢਦੇ।" ਜਗਤ ਸਿੰਘ ਨਾ ਤਾਂ ਮਹਾਰਾਜ ਜੀ ਦਾ ਹੁਕਮ ਮੋੜ ਸਕੇ, ਆਪ ਜੀ ਦੇ ਸਾਹਮਣੇ ਆਉਣ ਨਾਲ ਹੀ ਬੰਦੇ ਦੇ ਹੋਸ਼ ਗੁੰਮ ਹੋ ਜਾਂਦੇ ਸਨ। ਮਹਾਰਾਜ ਦੇ ਚਿਹਰੇ ਦਾ ਜਲਾਲ ਬੰਦੇ ਦੇ ਨੇਤਰ ਨਹੀਂ ਸਨ ਸਹਾਰ ਸਕਦੇ, ਇੰਨਾ ਜਲਾਲ ਸੀ। ਜਗਤ ਸਿੰਘ ਆਪਣੇ ਮਾਮੇ ਨੂੰ ਮੋਢਿਆਂ ਤੋਂ ਫੜਕੇ ਬਾਹਰ ਨੂੰ ਧੱਕਣ ਲੱਗਾ, ਨਾਲੇ ਕੰਨ ਵਿਚ ਹੌਲੀ-ਹੌਲੀ ਆਖਦਾ ਹੈ, "ਹੁਣ ਚਲਿਆ ਜਾ, ਫਿਰ ਆ ਜਾਵੀਂ।" ਈਸ਼ਰ ਸਿੰਘ ਬੜਾ ਸ਼ਰਮਿੰਦਾ ਹੋ ਕੇ ਜਗਤ ਸਿੰਘ ਨੂੰ ਆਖਣ ਲੱਗਾ, "ਮੈਨੂੰ ਪਹਿਲਾਂ ਇਥੇ ਕਿਉਂ ਲਿਆਂਦਾ ਸੀ? ਜੇਕਰ ਅੱਜ ਤੁਸੀਂ ਮੈਨੂੰ ਨਹੀਂ ਰੱਖ ਸਕਦੇ ਤਾਂ ਫਿਰ ਨਹੀਂ ਆਵਾਂਗਾ।" ਜਗਤ ਸਿੰਘ ਕਹਿੰਦਾ, "ਮਾਮਾ ਜੀ! ਤੁਸੀਂ ਚਲੇ ਜਾਵੋ, ਫਿਰ ਜਿਵੇਂ ਮਰਜੀ ਕਰਿਉ।" ਈਸ਼ਰ ਸਿੰਘ ਤੇ ਜਗਤ ਸਿੰਘ ਚੁੱਪ-ਚਾਪ ਗੁਰਦੁਆਰੇ ਤੋਂ ਬਾਹਰ ਹੋ ਗਏ। ਫਿਰ ਕਦੀ ਜਿੰਦਰਾ ਨਹੀਂ ਲਾਇਆ, ਨਾ ਹੀ ਕਦੇ ਕਿਸੇ ਨੂੰ ਕੜਾਹ ਪ੍ਰਸ਼ਾਦ ਵੰਡਣ ਤੇ ਚੜ੍ਹਾਉਣ ਤੋਂ ਰੋਕਿਆ। ਆਪ ਜੀ ਤਾਂ ਮਸਤ ਖ਼ਿਆਲਾਂ ਵਿਚ ਰਹਿੰਦੇ ਸਨ। ਕਦੀ ਇਹੋ ਜਿਹੇ ਕੰਮਾਂ ਵਿਚ ਦਖ਼ਲ ਨਹੀਂ ਸਨ ਦਿੰਦੇ। ਜਗਤ ਸਿੰਘ ਇਹ ਨਹੀਂ ਸੀ ਜਾਣਦਾ ਕਿ ਇਹ ਤਾਂ ਦਰਗਾਹੀ ਘਰ ਰਹਿੰਦੀ ਦੁਨੀਆਂ ਤੱਕ ਬੰਨ੍ਹ ਦਿੱਤਾ ਹੈ, ਇਹ ਕਿਸੇ ਘਰ ਦਾ ਨਹੀਂ ਰਿਹਾ। ਇਸ ਘਰ ਦੇ ਮੁਨਾਰੇ ਰਹਿੰਦੀ ਦੁਨੀਆਂ ਵਿਚ ਚਮਕਣੇ ਹਨ, ਇਸ ਨੂੰ ਕੋਈ ਆਪਣਾ ਘਰ ਨਹੀਂ ਆਖ ਸਕਦਾ। ਕੋਈ ਚੁਰਾ ਨਹੀਂ ਸਕਦਾ, ਇਹ ਤਾਂ ਅਮਰ ਹੋ ਚੁੱਕਾ ਹੈ। ਇਹ ਦੁਨੀਆਂ ਨੂੰ ਵੀ ਅਮਰ ਕਰਿਆ ਕਰੇਗਾ। ਇਹ ਗੰਗਾ, ਜਮਨਾ, ਪਰਾਗ, ਤ੍ਰਿਵੈਣੀ, ਮੱਕਾ-ਮਦੀਨਾ, ਹਜ਼ੂਰ, ਖਡੂਰ ਦੁਨੀਆਂ ਦਾ ਕਲਿਆਣ ਘਰ ਬਣ ਗਿਆ ਹੈ। ਇਥੇ ਵੱਡੇ-ਵੱਡੇ

ਅਸਾਧ ਰੋਗੀ ਰਾਜ਼ੀ ਹੋ ਕੇ ਜਾਇਆ ਕਰਨਗੇ। 'ਐਸਾ ਦਰ ਤੇਰਾ ਜਿਹੜਾ ਪਾਪੀਆਂ ਨੂੰ ਤਾਰਦਾ' ਅਕਾਲੀ ਲਹਿਰ 1927 ਵਿਚ ਸ਼ੁਰੂ ਹੋਈ। ਸਭ ਗੁਰਦੁਆਰਿਆਂ ਵਿਚ ਕਮੇਟੀਆਂ ਬੰਨ੍ਹਕੇ ਪੁਜਾਰੀਆਂ ਕੋਲੋਂ ਖੋਹਣੇ ਸ਼ੁਰੂ ਕਰ ਦਿੱਤੇ ਸਨ। ਆਉਣ ਵਾਲੀਆਂ ਘਟਨਾਵਾਂ ਮਾਤ ਲੋਕ ਵਿਚ ਦਸ ਛੱਡਦੇ ਸਨ, ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਕੋਠੇ ਉੱਪਰ ਚੜ੍ਹਕੇ ਆਖਿਆ ਸੀ। ਮੈਂ ਆਪਣੇ ਟੋਪੀ ਵਾਲੇ ਸਿੱਖ ਨੂੰ ਉਡੀਕ ਰਿਹਾ ਹਾਂ। ਐਸੇ ਹੀ ਮਹਾਰਾਜ ਨੇ ਪਹਿਲਾਂ ਹੀ ਹੁਕਮ ਸੁਣਾ ਦਿੱਤਾ ਸੀ। ਗੁਰਦੁਆਰਿਆਂ ਵਿਚ ਕਮੇਟੀਆਂ ਬੰਨ੍ਹ ਦਿੱਤੀਆਂ, ਅੰਗਰੇਜ਼ ਦੇ ਹਿੰਦੁਸਤਾਨ ਛੱਡਣ ਤੋਂ ੧੦ ਸਾਲ ਪਹਿਲਾਂ ਇਕ ਹੁਕਮ ਕੀਤਾ, "ਜਾਓ! ਬੰਗੀ ਡੌਂਡੀ ਕਰ ਆਉਣੀ ਸੀ। ਟੋਪੀ ਵਾਲੇ ਨੂੰ ਆਖਣਾ ਕਿ ਹਿੰਦੁਸਤਾਨ ਛੱਡਕੇ ਚਲੇ ਜਾਵੇ।" ਇਹ ਹੁਕਮ ਦਰਗਾਹੀ ਹੁਕਮ ਸੀ, ਮਾਤ ਲੋਕ ਦੇ ਅਵਤਾਰ ਮੌਕੇ ਦੇ ਮਾਲਿਕ ਹੁੰਦੇ ਹਨ। ਜੋ ਦਰਗਾਹ ਦਾ ਕਾਨੂੰਨ ਬਣਦਾ ਹੈ, ਉਹ ਅਵਤਾਰਾਂ ਦੇ ਹੱਥੀਂ ਹੀ ਬਣਦਾ ਹੈ, ਜਿਵੇਂ ਸ੍ਰੀ ਰਾਮ ਚੰਦਰ ਜੀ ਦੇ ਆਉਣ ਦੀ ਕਹਾਣੀ ਸ੍ਰੀ ਬਾਲਮੀਕ ਰਿਸ਼ੀ ਨੇ ਪਹਿਲਾਂ ਹੀ ਲਿਖ ਛੱਡੀ ਸੀ। ਜਿਵੇਂ ਗੁਰੂ ਨਾਨਕ ਦੇਵ ਜੀ ਦੇ ਆਵਣ ਦੀ ਕਥਾ 'ਭਵਿਸ਼ਤ ਪ੍ਰਾਣ' ਵਿਚ ਲਿਖੀ ਸੀ। ਕਈ ਵਾਰੀ ਆਪ ਜੀ ਆਖਦੇ ਹੁੰਦੇ ਸਨ, ਖੱਡੀਆਂ ਤੇ ਵੀ ਟੈਕਸ ਲਾ ਦਿੱਤੇ ਹਨ। ਚੁੱਲ੍ਹਿਆਂ ਨੂੰ ਵੀ ਟੈਕਸ ਲਾ ਦਿੱਤੇ ਹਨ। ਸਾਈਕਲਾਂ ਨੂੰ ਵੀ ਟੈਕਸ, ਦੁਕਾਨਾਂ ਨੂੰ ਵੀ ਟੈਕਸ ਉਹ ਹੁਣ ਸਭ ਗੱਲਾਂ ਪੂਰੀਆਂ ਹੋ ਰਹੀਆਂ ਹਨ, ਜੋ ਕਰਤਾਰ ਦੀ ਦਰਗਾਹ ਵਿਚ ਕਾਨੂੰਨ ਬਣਦਾ ਹੈ, ਵੱਡੀਆਂ-ਵੱਡੀਆਂ ਹਸਤੀਆਂ ਮੌਕੇ ਦੇ ਗੁਰੂ ਪੀਰ ਉਸ ਵਿਚ ਸ਼ਾਮਿਲ ਹੁੰਦੇ ਹਨ। ਜਿਵੇਂ ਗੌਰਮਿੰਟ ਪੰਜ ਸਾਲਾ ਯੋਜਨਾ ਬਣਾਕੇ ਕਦੀ ਕੋਈ ਕੰਮ ਸ਼ੁਰੂ ਕਰਦੀ ਹੈ, ਕਦੀ ਕੋਈ ਕਰ ਦਿੰਦੀ ਹੈ। ਇਸੇ ਤਰਾਂ ਹੀ ਕਰਤਾਰ ਦੀ ਦਰਗਾਹ ਵਿਚ ਹਜ਼ਾਰਾਂ ਸਾਲਾਂ ਪਹਿਲਾਂ ਆਉਣੇ ਵਾਲੇ ਸਮੇਂ ਦੀਆਂ ਮਿਸਲਾਂ ਲਿਖੀਆਂ ਜਾਂਦੀਆਂ ਹਨ। ਉਹ ਅਸੈਂਬਲੀ ਵਿਚ ਕੰਮ ਕਰਨ ਵਾਲੇ ਮਹਾਂਪੁਰਸ਼, ਕਰਤਾਰ ਦੇ ਸਲਾਹਕਾਰ, ਮਾਤ ਲੋਕ ਵਿਚ ਬਣੇ ਕਾਨੂੰਨ ਨੂੰ ਪ੍ਰਗਟ ਕਰ ਦਿੰਦੇ ਹਨ। ਕਈ ਗਰੰਥਾਂ ਵਿਚ ਵੀ ਤੇ ਸ਼ਾਸਤਰਾਂ ਵਿਚ ਲਿਖ ਜਾਂਦੇ ਹਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਸਮਾਧਾਂ ਵਿਚ ਖੂਹੀ ਲਗਵਾਉਣੇ ਦੀ ਚੱਲੀ

ਇਕ ਦਿਨ ਮਹਾਰਾਜ ਜੀ ਮੂਸਾਪੁਰ ਵਲੋਂ ਟਹਿਲਦੇ-ਟਹਿਲਦੇ ਹੇੜੀਆਂ ਦੇ ਟਿੱਬਿਆਂ ਵੱਲ੍ਹ ਦੀ ਹੁੰਦੇ ਸਮਾਧੀ ਆਣ ਨਿਕਲੇ, ਹਰਨਾਮ ਸਿੰਘ ਨਾਲ ਹੀ ਸੀ। ਸਮਾਧ ਅੰਦਰ ਆ ਕੇ ਕਹਿਣ ਲੱਗੇ, "ਨਾਮਾ! ਇਕ ਸਮਾਧਾਂ ਤੋਂ ਬਾਹਰਲੇ ਪਾਸੇ ਇੱਕ ਹੋਰ ਖੂਹੀ ਲਾਉਣੀ ਚਾਹੀਦੀ ਹੈ। ਪਹਿਲੀ ਖੂਹੀ ਲਾਲਾ ਦੇ ਦਰਬਾਰ ਦੇ ਮੋਹਰੇ ਹੈ। ਜਿਸ ਵਿਚੋਂ ਦੁਖੀ ਲੋਕ ਅੰਮ੍ਰਿਤ ਲਿਜਾਂਦੇ ਹਨ, ਬਾਹਰ ਖੁੱਲ੍ਹੇ ਪਾਣੀ ਨਾਲ ਇਸ਼ਨਾਨ ਵਾਸਤੇ ਅਤੇ ਵਰਤਣ ਲਈ ਹੋਰ ਖੂਹੀ ਲਾਉਣੀ ਚਾਹੀਦੀ ਹੈ। ਮਹਾਰਾਜ ਦੇ ਹੁਕਮ ਮਿਲਣ ਦੀ ਦੇਰ ਹੀ ਸੀ ਕਿ ਸੇਵਾਦਾਰ ਨੇ ਸਲਾਹ ਕਰਕੇ ਇੱਟਾਂ ਸਿੱਟਣੀਆਂ ਸ਼ੁਰੂ ਕਰ ਦਿੱਤੀਆਂ। ਹੋਰ ਸਮੱਗਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਪਾੜ ਪੱਟਣ ਦਾ ਦਿਨ ਨਿਯਤ ਕਰਕੇ ਸਾਰੇ ਪਿੰਡ ਦੀ ਸੰਗਤ ਨੇ ਇਕੱਠੀ ਹੋ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, ਸਭ ਸਮੱਗਰੀ ਤਿਆਰ ਹੈ, "ਆਪ ਚੱਲਕੇ ਟੱਪਾ ਲਾਓ।" ਹਰਨਾਮ ਸਿੰਘ ਦੇ ਦਿਲ ਵਿਚ ਸੀ, ਖੂਹ ਲੱਗੇ ਤਾਂ ਗੁਰਬਖਸ਼ ਸਿੰਘ ਦੇ ਖੇਤ ਵਿਚ ਲੱਗੇ। ਖੂਹ ਲੱਗ ਤਾਂ ਸੰਗਤ ਦੇ ਪੈਸਿਆਂ ਨਾਲ ਜਾਣਾ ਸੀ, ਸੇਵਾਦਾਰਾਂ ਨੇ ਸੇਵਾ ਕਰ ਦੇਣੀ ਹੈ, ਗੁਰਬਖਸ਼ ਸਿੰਘ ਦੇ ਛੇ ਖੇਤ ਨਾਲ ਲਗਦੇ ਸਨ, ਇਸਦੇ ਖੇਤ ਵਿਚ ਹੋਵੇਗਾ ਆਪਣੇ ਖੇਤਾਂ ਨੂੰ ਪਾਣੀ ਲਾ ਲਿਆ ਕਰੇਗਾ। ਹੋਰ ਪਿੰਡ ਦੀ ਸੰਗਤ ਸੀ ਉਹ ਚਾਹੁੰਦੇ ਸਨ ਕਿ ਖੂਹ ਲੱਗੇ ਤਾਂ ਸਾਂਝੀ ਜਗ੍ਹਾ ਵਿਚ ਲੱਗੇ ਕਿਸੇ ਦੀ ਮਲਕੀਅਤ ਨਾ ਬਣੇ। ਜੇ ਕਿਸੇ ਦੇ ਖੇਤ ਵਿਚ ਲੱਗੇਗਾ ਤਾਂ ਮਾਲਿਕ ਖੇਤ ਵਾਲਾ ਹੀ ਰਹੇਗਾ। ਇਸ ਤਰਾਂ ਪਿੰਡ ਦੀ ਸੰਗਤ ਦੀ ਖਿੱਚੋਤਾਣ ਬਣ ਗਈ। ਇਹ ਸੁਆਲ ਪਿੰਡ ਵਾਲੀ ਸੰਗਤ ਨੇ ਮਹਾਰਾਜ ਅੱਗੇ ਪੇਸ਼ ਕਰ ਦਿੱਤਾ। ਖੂਹ ਲੱਗੇ ਤਾਂ ਸਾਂਝੀ ਜਗ੍ਹਾ ਵਿਚ ਲੱਗੇ ਨਹੀਂ ਤਾਂ ਸਾਡੀ ਨਰਾਜ਼ਗੀ ਹੈ। ਇਕ ਅਤਰ ਸਿੰਘ ਨਾਂ ਦਾ ਬੰਦਾ ਕਹਿੰਦਾ, "ਖੂਹ ਲੱਗੇਗਾ ਤਾਂ ਸਮਾਧਾਂ ਦੇ ਨਾਲ ਸਾਂਝੀ ਜਗ੍ਹਾ ਵਿਚ ਲੱਗੇਗਾ ਨਹੀਂ ਤਾਂ ਇਥੇ ਵੀ ਸੁੱਜੋਂ ਵਾਂਗ ਹੋਵੇਗੀ।" ਜਦੋਂ ਇੰਨੀ ਗੱਲ ਅਤਰ ਸਿੰਘ ਨੇ ਆਖੀ ਤਾਂ ਮਹਾਰਾਜ ਸੋਟੀ ਲੈ ਕੇ ਸਾਰਿਆਂ ਨੂੰ ਮਾਰਨ ਲੱਗੇ, ਹੋਰ ਤਾਂ ਸਭ ਉੱਠਕੇ ਨੱਠ ਪਏ ਪਰ ਭੁੱਲਾ ਲੰਬੜਦਾਰ ਮਹਾਰਾਜ ਜੀ ਦੇ ਕਾਬੂ ਆ ਗਿਆ, ਭੁੱਲੇ ਦੇ ਦੁਆਲੇ

ਦੇਹ ਲੱਤ ਤੇ ਲੱਤ, ਲੱਤਾਂ ਨਾਲ ਮਹਾਰਾਜ ਜੀ ਨੇ ਭੁੱਲੇ ਨੂੰ ਮਾਰਿਆ। ਫਿਰ ਆਖਣ ਲੱਗੇ, "ਫਿਰ ਇਨ੍ਹਾਂ ਨੂੰ ਲੈ ਕੇ ਤੁਰੇਗਾ।" ਭੁੱਲਾ ਲੰਮਾਂ ਪਿਆ ਹੀ ਵਾਸਤੇ ਪਾਵੇ, ਭੁੱਲੇ ਨੇ ਲੰਮੇ ਪਏ ਨੇ ਹੀ ਕੰਨ ਫੜੇ ਹੋਏ ਸਨ, ਬਾਕੀ ਕੋਈ ਖੇਤ, ਕੋਈ ਦੋ ਖੇਤ ਜਾ ਕੇ ਖੜ੍ਹ ਗਏ, ਫਿਰ ਡਰਦਾ ਮਾਰਿਆ ਕੋਈ ਨੇੜੇ ਨਾ ਆਵੇ। ਇੱਧਰ ਪਿੰਡ ਮਜਾਰੇ ਪੰਜਾਬ ਸਿੰਘ ਦੇ ਖੂਹ ਤੇ ਪਿੰਡ ਤੇ ਝਿਗੜਾ ਦੀ ਪੰਚਾਇਤ ਦੇ ਮਗਰ ਫਿਰਦੇ ਹਨ ਤੇ ਇਨ੍ਹਾਂ ਨਾਲ ਇਹੋ ਜਿਹੀ ਖੇਡ ਹੋ ਰਹੀ ਸੀ। ਪਿੰਡ ਝਿਗੜੀਂ ਸਮਾਧੀਂ ਆ ਕੇ ਉਸੇ ਹੀ ਸਮੇਂ ਖੂਹ ਦਾ ਟੱਪਾ ਆਪਣੇ ਹੱਥੀਂ ਲਾ ਕੇ ਚਲੇ ਵੀ ਗਏ। ਜਦੋਂ ਪੰਚਾਇਤ ਆ ਕੇ ਦੇਖੇ ਤਾਂ ਪਾੜ ਪੱਟ ਹੋਵੇ, ਜਿਸ ਜਗ੍ਹਾ ਪਿੰਡ ਦੀ ਸੰਗਤ ਰਾਜ਼ੀ ਸੀ, ਉਸ ਜਗ੍ਹਾ ਪਾੜ ਪਟਾਉਣਾ ਸ਼ੁਰੂ ਕਰ ਗਏ। ਇਸ ਕੌਤਕ ਨੂੰ ਦੇਖ ਕੇ ਸਾਰੇ ਲੋਕ ਹੈਰਾਨ ਰਹਿ ਗਏ। ਦੋਨੋਂ ਪਾਸੀਂ ਇਕ ਸਮੇਂ ਦਰਸ਼ਨ ਦੇਣ ਦੀ ਗੱਲ ਸੁਣਕੇ ਧੰਨ-ਧੰਨ ਹੋਣ ਲੱਗੀ। ਇਕ ਵਾਰੀ ਤਲਾਅ ਦੀ ਪੁਟਾਈ ਹੋ ਰਹੀ ਸੀ, ਤਲਾਅ ਤੇ ਸੰਗਤ ਨੂੰ ਦਰਸ਼ਨ ਦਿੱਤੇ। ਉਸੇ ਹੀ ਸਮੇਂ ਪਿੰਡ ਵਿਚ ਵੀ ਦਰਸ਼ਨ ਦਿੰਦੇ ਰਹੇ। ਇਹ ਤਾਂ ਛੋਟੀ ਜਿਹੀ ਗੱਲ ਹੈ ਬਾਹਰਲੇ ਮੁਲਕਾਂ ਵਿਚ ਆਪਣੇ ਸਿੱਖਾਂ ਸੇਵਕਾਂ ਨੂੰ ਦਰਸ਼ਨ ਜਾ ਦਿੰਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਹੀਰਾ ਸਿੰਘ ਨੂੰ ਕਨੇਡਾ ਵਿਚ ਦਰਸ਼ਨ ਦੇਣ ਦੀ ਚੱਲੀ

ਹੀਰਾ ਸਿੰਘ ਪਿੰਡ ਰਹਿਪੇ ਦਾ ਸੀ। ਇਹ ਕਨੇਡਾ ਵਿਚ ਗਿਆ ਹੋਇਆ ਸੀ। ਪਹਿਲਾਂ ਹੀਰਾ ਸਿੰਘ ਤੇ ਬਹੁਤ ਗਰੀਬੀ ਹੁੰਦੀ ਸੀ। ਕਾਫ਼ੀ ਸਾਲ ਕਨੇਡਾ ਵਿਚ ਸਫ਼ਰ ਲਾਇਆ। ਇੱਕ ਦਿਨ ਹੀਰਾ ਸਿੰਘ ਘੋੜਿਆਂ ਨਾਲ ਹਲ ਵਾਹ ਰਿਹਾ ਸੀ। ਨਾਭ ਕੰਵਲ ਰਾਜਾ ਸਾਹਿਬ ਜੀ ਚਿੱਟੇ ਚਾਦਰੇ ਦੀ ਗਿਲਤੀ ਮਾਰੀ ਹੋਈ ਹੱਥ ਵਿਚ ਸੋਟੀ ਗੰਡੇ ਦੀ ਜਿਹੜੀ ਹਿੰਦੁਸਤਾਨ ਵਿਚ ਹੱਥ ਵਿਚ ਰਖਦੇ ਸਨ, ਫੜੀ ਹੋਈ ਸੀ। ਚਿਹਰੇ ਦਾ ਹੁਸਨ ਉਸ ਵੇਲੇ ਇਸ ਤਰਾਂ ਝਲ੍ਹਕਾਂ ਮਾਰ ਰਿਹਾ ਸੀ, ਚੰਦ ਸੂਰਜ ਨੂੰ ਵੀ ਮਾਤ ਪਾਉਂਦਾ ਸੀ। ਉਸ ਵਕਤ ਇੰਨਾਂ ਆਪ ਜੀ ਤੇ ਰੰਗ ਸੀ ਇਨਸਾਨ ਦੀ ਕਲਮ ਲਿਖ ਨਹੀਂ ਸਕਦੀ। ਚੌਦਵੀਂ ਦੇ ਚੰਦ ਵਾਂਗਰ ਸੀਤਲਤਾ ਭਰੀਆਂ ਕਿਰਨਾਂ ਜਿਸ

'ਤੇ ਪੈ ਜਾਂਦੀਆਂ ਸਨ, ਭਵਸਾਗਰ ਤੋਂ ਪਾਰ ਕਰ ਜਾਂਦੀਆਂ ਸਨ। ਇਸੇ ਰੰਗ ਵਿਚ ਹੀਰਾ ਸਿੰਘ ਨੂੰ ਜਾ ਦਰਸ਼ਨ ਦਿੱਤੇ। ਹੀਰਾ ਸਿੰਘ ਦੇਖ ਕੇ ਬਹੁਤ ਹੈਰਾਨ ਤੇ ਖੁਸ਼ ਹੋਇਆ ਦੌੜ ਕੇ ਚਰਨਾਂ ਤੇ ਢਹਿ ਪਿਆ। ਮਹਾਰਾਜ ਜੀ ਨੇ ਸਿਰ ਤੇ ਹੱਥ ਰੱਖਿਆ। ਹੀਰਾ ਸਿੰਘ ਦੇ ਸਭ ਰੋਗ-ਸੋਗ ਦੂਰ ਕਰ ਦਿੱਤੇ। ਹੀਰਾ ਸਿੰਘ ਦੀਆਂ ਅੱਖਾਂ ਨਸ਼ੇ ਨਾਲ ਮਿਲਦੀਆਂ ਜਾਂਦੀਆਂ, ਇੰਨਾਂ ਪ੍ਰੇਮ ਦਾ ਸਰੂਰ ਚੜ੍ਹਿਆ। ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਮੇਰੀ ਝੁੱਗੀ ਵਿਚ ਚੱਲੋ, ਜਿਵੇਂ ਬਿਦਰ ਦਾ ਭਲਾ ਕੀਤਾ, ਮੇਰਾ ਵੀ ਕਰੋ। ਜਿਵੇਂ ਭਾਈ ਲਾਲੋ ਨੂੰ ਗੁਰੂ ਨਾਨਕ ਜੀ ਨੇ ਤਾਰਿਆ, ਝਿੰਡੋਵਾਣੀ ਨੂੰ ਮਾਣ ਬਖਸ਼ਿਆ, ਮੇਰਾ ਪਾਪੀ ਦਾ ਵੀ ਭਵਸਾਗਰ ਤੋਂ ਬੇੜਾ ਪਾਰ ਕਰੋ।" ਮਹਾਰਾਜ ਕਹਿੰਦੇ, "ਹੀਰਾ! ਐਵੀਂ ਕਿਤੇ ਮਨ ਵਿਚ ਰਹਿਪੇ ਦੇ ਲੋਕਾਂ ਦੀ ਯਾਦ ਆ ਜਾਂਦੀ ਹੈ। ਸਰਮੁਖ ਸਿੰਘ ਦਾ ਪਿਆਰ ਦੇਖਕੇ ਰਹਿਪਾ ਨਗਰ ਦੇ ਸਾਰੇ ਜੀਵਾਂ ਦਾ ਧਿਆਨ ਰੱਖੀਦਾ ਹੈ, ਭਲਾ ਕਰਨਾ ਹੀ ਪੈਦਾ ਹੈ। ਰਹਿਪੇ ਦੇ ਜਿੰਨੇ ਜੀਵ ਜੰਤੂ ਹਨ, ਸਭ ਦੀ ਮਿਸਲ ਹੀਰਾ ਹਮਾਰੇ ਹੀ ਪਾਸ ਹੈ। ਰਹਿਪੇ ਦੇ ਤਾਂ ਸਾਨੂੰ ਪਸ਼ੂ ਪੰਛੀ ਵੀ ਤਾਰਨੇ ਪਏ ਹਨ। ਹਾਲਾ ਜਦੋਂ ਹਿੰਦੁਸਤਾਨ ਆਵੇਂਗਾ ਤਾਂ ਲਵਾਂਗੇ।" ਇਹ ਬਚਨ ਹੀਰਾ ਸਿੰਘ ਨਾਲ ਕਰਕੇ ਦਰਸ਼ਨ ਦੇ ਕੇ ਇਕ ਮਿੰਟ ਬਿਜਲੀ ਦੀ ਲਿਸ਼ਕੋਰ ਵਾਂਗ ਅੱਖਾਂ ਦੇ ਦੇਖਦਿਆਂ-ਦੇਖਦਿਆਂ ਅਲੋਪ ਹੋ ਗਏ। ਆਪ ਜੀ ਦੇ ਦਰਸ਼ਨ ਦੀ ਐਸੀ ਝਲਕ ਪਈ ਐਸਾ ਦਿਲ ਪ੍ਰੇਮ ਦੀਆਂ ਤਲਾਵਾਂ ਨਾਲ ਖਿੱਚਿਆ ਗਿਆ ਅਤੇ ਰੋਮ-ਰੋਮ ਵਿਚ ਸੀਤਲਤਾ ਤੇ ਖਿੱਚ ਪੈਦਾ ਹੋ ਗਈ। ਮਨ ਪ੍ਰੇਮ ਦੀ ਡੋਰੀ ਨਾਲ ਖਿੱਚਿਆ ਗਿਆ। ਹੁਣ ਮਨ ਟਿਕਦਾ ਨਹੀਂ, ਤੋੜ ਲੱਗੀ ਹੋਈ ਹੈ, ਕਦੋਂ ਆਪਣੇ ਦੇਸ ਜਾ ਕੇ ਸੋਹਣੇ ਪ੍ਰੀਤਮ ਦੇ ਦਰਸ਼ਨ ਕਰਾਂ। ਪਿੰਡ ਵਾਸੀ ਲੋਕਾਂ ਨੂੰ ਇਹ ਕੌਤਕ ਚੱਲਕੇ ਦੱਸਾਂ। ਛੇ ਮਹੀਨੇ ਤੋਂ ਬਾਅਦ ਕਨੇਡਾ ਤੋਂ ਭਾਰਤ ਆ ਗਿਆ। ਪਿੰਡ ਰਹਿਪੇ ਆ ਕੇ ਸਾਰੀ ਕਹਾਣੀ ਮਹਾਰਾਜ ਦੇ ਮਿਲਾਪ ਦੀ ਆਖ ਸੁਣਾਈ। ਕੁੱਝ ਦਿਨਾਂ ਬਾਅਦ ਸਰਮੁਖ ਸਿੰਘ ਦੇ ਪੁੱਤਰ ਠਾਕਰ ਸਿੰਘ ਨੂੰ ਨਾਲ ਲੈ ਕੇ ੧੦੦ ਰੁਪਿਆ ਭੇਟਾ ਕਰਨ ਵਾਸਤੇ ਲੈ ਕੇ ਤੁਰਿਆ, 100 ਰੁਪਿਆ ਬਾਸਨੀ ਵਿਚ ਪਾ ਕੇ ਬਾਸਨੀ ਲੱਕ ਨਾਲ ਬੰਨ੍ਹ ਲਈ। ਮਹਾਰਾਜ ਕਰਤਾਰ ਸਿੰਘ ਦੇ ਘਰ ਬੈਠੇ ਸਨ, ਚਰਨਾਂ ਵਿਚ ਜਾ ਕੇ ੧੦੦ ਰੁਪਿਆ ਅੱਗੇ ਧਰਕੇ ਮੱਥਾ ਟੇਕਿਆ। ਮਹਾਰਾਜ ਜੀ ਅੱਗੋਂ ਆਖਣ ਲੱਗੇ, "ਹੀਰਾ! ਅਸੀਂ ਕੀ ਕਰਨੇ ਹਨ, ਪੈਸੇ ਮੋੜ ਕੇ ਘਰ ਹੀ ਲੈ ਜਾਉ ਤੇਰੇ ਕੰਮ ਆਉਣਗੇ। ਹੀਰਾ! ਪਹਿਲਾਂ

ਤੈਨੂੰ ਲੰਗੋਟ ਵੀ ਨਹੀਂ ਸੀ ਬੰਨ੍ਹਣੀ ਆਉਂਦੀ, ਹੀਰਾ ਸਿੰਘ ਨਾ ਬਣ ਸਕਿਆ, ਹੀਰਾ ਹੀ ਰਹਿ ਗਿਆ।" ਭੇਟਾ ਮਨਜ਼ੂਰ ਨਾ ਕੀਤੀ। ਉਸੇ ਤਰਾਂ ਪਿਛੇ ਮੋੜ ਦਿੱਤਾ। ਉਸ ਸਾਲ ਪਿੰਡ ਰਹਿਪੇ ਰਹਿਕੇ ਫਿਰ ਘਰਦਿਆਂ ਨਾਲ ਗੁੱਸੇ ਹੋ ਕੇ ਚੁੱਪਚਾਪ ਹੀ ਰਾਤ ਨੂੰ ਕੁੱਝ ਥੋੜ੍ਹੇ ਹੀ ਪੈਸੇ ਕੋਲ ਸਨ, ਉਹੋ ਹੀ ਥੋੜ੍ਹਾ ਖਰਚ ਲੈ ਕੇ ਮੁੜ ਕਨੇਡਾ ਵਿਚ ਚਲੇ ਗਿਆ। ਪਤਾ ਨਹੀਂ ਉਸ ਵਕਤ ਕਨੇਡਾ ਵਿਚ ਕੋਈ ਰਹਿਮਤ ਭਰੀਆਂ ਨਜ਼ਰਾਂ ਕਰਨ ਗਏ ਸਨ। ਹੀਰਾ ਸਿੰਘ ਚੀਜ ਲੈ ਨਾ ਸਕਿਆ। ਤਦੇ ਹੀ ਆਖਿਆ ਸੀ ਕਿ ਹੀਰਾ ਸਿੰਘ ਨਾ ਬਣਿਆ ਹੀਰਾ ਹੀ ਰਹਿ ਗਿਆ ਪਰ ਆਉਣ ਤੇ ਪੂਰਾ ਮਾਣ ਵੀ ਘਰਦਿਆਂ ਵਲੋਂ ਨਾ ਮਿਲਿਆ। ਸਾਰੇ ਅੰਗਾਂ ਸਾਕਾਂ ਭੈਣ ਭਾਈਆਂ ਤੋਂ ਨਿਰਾਸ਼ ਹੋ ਕੇ ਕਨੇਡਾ ਚਲੇ ਗਿਆ। ਮਹਾਂਪੁਰਸ਼ਾਂ ਦੀਆਂ ਰਮਜ਼ਾਂ ਹੁੰਦੀਆਂ ਹਨ, ਜੋ ਬੰਦਾ ਸਮਝ ਜਾਂਦਾ ਹੈ, ਉਸਦਾ ਬੇੜਾ ਪਾਰ ਲੱਗ ਜਾਂਦਾ ਹੈ। ਹੀਰਾ ਸਿੰਘ ਕੁੱਝ ਦੇਰ ਕਨੇਡਾ ਵਿਚ ਰਹਿ ਕੇ ਕਾਲਵਾਸ ਹੋ ਗਏ। ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਐਸੀਆਂ ਸ਼ਕਤੀਆਂ ਦੇ ਮਾਲਿਕ ਸਨ, ਜਿਥੇ ਵੀ ਕੋਈ ਯਾਦ ਕਰਦਾ ਸੀ, ਇਕ ਮਿੰਟ ਵਿਚ ਸਹਾਇਤਾ ਕਰਦੇ ਸਨ, ਦਰਸ਼ਨ ਜਾ ਦਿੰਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਮੂਸਾਪੁਰੀਏ ਮੁੰਦਰ ਸਿੰਘ ਨਾਲ ਹੋਈ

ਇਕ ਦਿਨ ਮਹਾਰਾਜ ਪਿੰਡ ਮਜਾਰੇ ਦਰਵਾਜ਼ੇ ਦੇ ਸਾਹਮਣੇ ਕਰਮੀ ਦੇ ਘਰ ਬੈਠੇ ਸਨ। ਮੁੰਦਰ ਸਿੰਘ ਮੂਸਾਪੁਰ ਤੋਂ ਦਰਸ਼ਨ ਵਾਸਤੇ ਆਇਆ। ਮੁੰਦਰ ਸਿੰਘ ਨਮਸਕਾਰ ਕਰਕੇ ਚਰਨਾਂ ਵਿਚ ਹੀ ਬੈਠ ਗਿਆ। ਇੰਨੇ ਚਿਰ ਨੂੰ ਇਕ ਦਸ ਬਾਰਾਂ ਸਾਲ ਦਾ ਮੁੰਡਾ ਮੱਥਾ ਟੇਕਣ ਆਇਆ, ਉਸ ਲੜਕੇ ਦੇ ਗਲ ਬਹੁਤ ਹਲਕੇ-ਹਲਕੇ ਚੌਂਸੀ ਜਿਹੀ ਦੇ ਕੱਪੜੇ ਪਾਏ ਹੋਏ ਸਨ, ਕੋਈ ਦੁਆਨੀ ਗਜ਼ ਦੀ ਖੱਦਰ ਚੌਂਸੀ ਜਿਹੀ। ਮੁੰਡਾ ਕਿਸੇ ਗਰੀਬ ਘਰ ਦਾ ਸੀ। ਮਹਾਰਾਜ ਉਸ ਬੱਚੇ ਦੇ ਗਲ ਪਏ ਕੱਪੜੇ ਨੂੰ ਫੜਕੇ ਮੁੰਦਰ ਸਿੰਘ ਵੱਲ੍ਹ ਇਸ਼ਾਰਾ ਕੀਤਾ, ਕਹਿੰਦੇ, "ਮੁੰਦਰ! ਇਹੋ ਜਿਹੇ ਕੱਪੜੇ ਪਾ ਕੇ ਗੁਜ਼ਾਰਾ ਕਰ ਲਈ ਦਾ ਹੈ।" ਮੁੰਦਰ ਸਿੰਘ, ਬਸੰਤ ਸਿੰਘ, ਸੁੰਦਰ ਸਿੰਘ, ਵਜ਼ੀਰ ਸਿੰਘ ਦੇ ਸਪੁੱਤਰ ਸਨ 70 ਘੁਮਾਂ ਜ਼ਮੀਨ ਦਾ

ਮਾਲਿਕ ਸਨ, ਘੋੜੀਆਂ ਰੱਖਿਆ ਕਰਦੇ ਸਨ। ਨਾਭੇ ਪਟਿਆਲੇ ਵਿਚ ਇਨ੍ਹਾਂ ਦੀਆਂ ਕਈ ਦੁਕਾਨਾਂ ਵੀ ਸਨ, ਠੇਕੇਦਾਰੀ ਵੀ ਕਰਦੇ ਸੀ। ਮਹਾਰਾਜ ਦੇ ਪ੍ਰੇਮੀ ਬਹੁਤ ਸਨ। ਜਿਸ ਦਿਨ ਤੋਂ ਮਹਾਰਾਜ ਜੀ ਨੇ ਉਸ ਗਰੀਬ ਬੱਚੇ ਨੂੰ ਆਪਣੇ ਹੱਥਾਂ ਦੀ ਛੋਹ ਨਾਲ ਅਮੀਰ ਬਣਾ ਦਿੱਤਾ, ਮੁੰਦਰ ਸਿੰਘ ਦੇ ਘਰ ਗਰੀਬੀ ਨੇ ਡੇਰਾ ਲਾ ਲਿਆ, ਹੌਲੀ-ਹੌਲੀ ਸਾਰੀਆਂ ਦੁਕਾਨਾਂ ਰਹਿਨ ਕਰ ਦਿੱਤੀਆਂ। ਜ਼ਮੀਨ ਵੀ ਸਾਰੀ ਰਹਿਨ ਹੋ ਗਈ। ਸਭ ਚੀਜ਼ਾਂ ਗਰੀਬੀ ਦੇ ਤੱਕੜ ਵਿਚ ਤੁੱਲ ਗਈਆਂ। ਗਰੀਬੀ ਦਾ ਵਗਦਾ ਦਰਿਆ ਸਭ ਕੁੱਝ ਹੜ੍ਹਾ ਕੇ ਲੈ ਗਿਆ। ਮੁੰਦਰ ਸਿੰਘ ਦੇ ਘਰੋਂ ਅਮੀਰੀ ਆਪਣੇ ਵਿਛਾਉਣੇ ਚੁੱਕਕੇ ਪਤਾ ਨਹੀਂ ਕਿੱਧਰ ਚਲੇ ਗਈ। ਪੱਤਝੜ ਉਦਾਸੀ ਨੇ ਘਰ ਵਿਚ ਸਫਾ ਆਣ ਵਿਛਾਈਆਂ। ਮੁੰਦਰ ਸਿੰਘ ਦੇ ਮਨ ਵਿਚੋਂ ਅਮੀਰੀ ਦੇ ਜਜ਼ਬਾਤ ਸੁਫ਼ਨੇ ਬਣਕੇ ਉੱਡ ਗਏ। ਹਾਲਤ ਬੜੀ ਨਾਜ਼ੁਕ ਹੋ ਗਏ ਗਰੀਬੀ ਨੇ ਮੁੰਦਰ ਸਿੰਘ ਕੁਠਾਲੀ ਵਿਚ ਪਾ ਕੇ ਢਾਲ ਦਿੱਤਾ। ਇਹੋ ਜਿਹੀ ਹਾਲਤ ਵਿਚ ਵੀ ਇਹ ਪੂਰੇ ਸਿਦਕੀ ਸਿੱਖ ਆਪਣੇ ਕਾਲਮਪੀਰ ਦੀ ਸੇਵਾ ਵਲੋਂ ਭਰੋਸੇ ਵਲੋਂ ਢਿੱਲੇ ਨਹੀਂ ਪਏ।

ਭਗਵਾਨ ਦਾਸ ਗੁਰੁ ਚਾਹੀਏ ਜੈਸੇ ਆਹਨਗਰ,
ਪਕੜ ਹਥੌੜਾ ਗਿਆਨ ਕਾ ਸਿਧੇ ਦੇਵੇ ਕਰ॥

ਗਿਆਨ ਰੂਪੀ ਹਥੌੜਾ, ਅਹਿਰਨ ਰੂਪੀ ਧੀਰਜ ਬਖਸ਼ਕੇ, ਭਰੋਸਾ ਬਖਸ਼ਕੇ ਆਪਣੇ ਸਿੱਖਾਂ ਸੇਵਕਾਂ ਨੂੰ ਪਾਰ ਕਰਨਾ ਸੀ।

'ਫ਼ਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥

ਜਦੋਂ ਮਨ ਸ਼ੁੱਧ ਹੋ ਜਾਵੇ ਤਾਂ ਹੀ ਸ਼ੁੱਧ ਵਸਤੂ ਪਾਈ ਜਾਂਦੀ ਹੈ। ਸਿਆਣੇ ਲੋਕ ਆਖਦੇ ਹਨ, ਸ਼ੇਰਨੀ ਦਾ ਦੁੱਧ ਸੋਨੇ ਦੇ ਪਾਤਰ ਵਿਚ ਹੀ ਰਹਿੰਦਾ ਹੈ, ਹੋਰ ਕਿਸੇ ਧਾਤੂ ਦੇ ਭਾਂਡੇ ਵਿਚ ਨਹੀਂ ਪਾਇਆ ਜਾਂਦਾ ਹੈ। ਕਾਮਿਲਪੀਰ ਵਿਚ ਇਹ ਸ਼ਕਤੀ ਹੁੰਦੀ ਹੈ, ਜਿਵੇਂ ਲੁਹਾਰ ਸੰਨ੍ਹੀ ਨਾਲ ਪਕੜ ਕਰੇ ਉਪਰੋਂ ਹਥੌੜਾ ਮਾਰ ਕੇ ਲੋਹੇ ਨੂੰ ਸਿੱਧਾ ਕਰ ਦਿੰਦਾ ਹੈ, ਇਵੇਂ ਹੀ ਪੂਰਨ ਗੁਰੂ ਸੇਵਕ ਨੂੰ ਜਦੋਂ ਕਸੌਟੀ

ਉਤੇ ਲਾਉਂਦਾ ਹੈ, ਅੰਦਰੂਨੀ ਪ੍ਰੇਮ ਦੇ ਤੰਦ ਨਾਲ ਸੇਵਕ ਨੂੰ ਨਿਸ਼ੁਦਕ ਵੀ ਨਹੀਂ ਹੋਣ ਦਿੰਦਾ। ਸ਼ਕਤੀ ਸਹਾਰਨ ਦਾ ਬਲ ਬਖਸ਼ ਕੇ ਪਾਸ ਕਰ ਲੈਂਦੇ ਹਨ।

'ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥

ਜਿਸ ਤਰਾਂ ਕਿਸਾਨ ਬਣੀ ਹੋਈ ਪੈਲੀ ਦੇਖਕੇ ਝੱਟ ਬੀਜ ਬੋਅ ਦਿੰਦਾ ਹੈ। ਪਹਿਲੇ ਅੰਦਰ ਪੈਦਾ ਹੋਏ ਵਿਕਾਰ, ਈਰਖਾ, ਕਾਮ, ਕ੍ਰੋਧ, ਆਧੀਆਂ-ਵਿਆਧੀਆਂ ਆਦਿ ਮਨ ਵਿਚੋਂ ਭੈੜੇ ਸੰਕਲਪ ਖ਼ਤਮ ਹੋ ਜਾਣ, ਅਤੇ ਜਗਿਆਸੂ ਅੰਦਰ ਪੂਰੀ ਸਫ਼ਾਈ ਦੇਖਣ ਉਪਰੰਤ, ਮਿਹਰ ਦੀ ਨਿਗਾਹ ਕਰਕੇ ਨਿਹਾਲ ਕਰ ਦਿੰਦਾ ਹੈ। ਮੁੰਦਰ ਸਿੰਘ ਗਰੀਬੀ ਦੀ ਹਾਲਤ ਵਿਚ ਵੀ ਧਰਮ ਤੋਂ ਨਹੀਂ ਹਾਰਿਆ। ਗਰੀਬੀ ਦੇ ਦਿਨਾਂ ਵਿਚ ਲੰਗਰ ਦੀ ਸੇਵਾ ਕਰਨ ਲੱਗਾ। ਸੱਚੇ ਦਿਲ ਨਾਲ ਸੇਵਾ ਕੀਤੀ। ਪੰਦਰਾਂ ਸਾਲ ਜਦੋਂ ਸੇਵਾ ਕਰਦਿਆਂ ਨੂੰ ਗੁਜਰ ਗਏ। ਸਰਦੀ ਦੇ ਦਿਨ ਸਨ ਇਕ ਦਿਨ ਮਹਾਰਾਜ ਜੀ ਰਸੋਖਾਨੇ ਇਕ ਦੋ ਖਣ ਦਾ ਕਮਰਾ ਸੀ, ਉਸ ਵਿਚ ਬਿਰਾਜ ਗਏ। ਅੱਧੀ ਰਾਤ ਤੋਂ ਬਾਅਦ ਰਾਤ ਢਲੀ ਮਹਾਰਾਜ ਜੀ ਨੇ ਅਵਾਜ਼ ਦਿੱਤੀ, "ਮੁੰਦਰ! ਅੱਜ ਜੇ ਕੋਈ ਸੁਣਦਾ ਹੋਵੇ ਤਾਂ ਪੇਸ਼ ਹੋਵੇ ਮਿਸਲ ਪੇਸ਼ ਹੈ। ਕਰਤਾਰ ਵਲੋਂ ਹੁਕਮ ਹੋ ਰਿਹਾ ਹੈ, ਅੱਜ ਜੇ ਕੋਈ ਪੇਸ਼ ਹੋ ਜਾਵੇ ਤਾਂ ਰੰਗਿਆ ਜਾਵੇਗਾ।" ਮੁੰਦਰ ਸਿੰਘ ਰਜਾਈ ਵਿਚ ਹੀ ਪਿਆ ਕਹੀ ਜਾਂਦਾ, "ਮੈਨੂੰ ਤੇ ਮਾਇਆ ਦੀ ਜ਼ਰੂਰਤ ਹੈ, ਨਾਮ ਦਾ ਰੰਗ ਕਿਸੇ ਹੋਰ ਨੂੰ ਦੇ ਦਿਓ। ਆਪ ਜੀ ਦੇ ਸਾਹਮਣੇ ਨਹੀਂ ਹੋਵਾਂਗਾ। ਨਾਮ ਦੇ ਰੰਗਣ ਵਿਚ ਰੰਗ ਕੇ ਮੇਰੀ ਬੁੱਧੀ ਬਦਲ ਦਿਓਗੇ। ਮੈਨੂੰ ਹੋਰ ਕੁੱਝ ਨਹੀਂ ਚਾਹੀਦਾ, ਮਾਇਆ ਦਾ ਗੱਫਾ ਬਖਸ਼ੋ। ਮੇਰੇ ਮਨ ਵਿਚ ਮਾਇਆ ਦੀ ਪਿਆਸ ਹੈ।" ਮਹਾਰਾਜ ਜੀ ਨੇ ਬਹੁਤ ਆਖਿਆ ਮੁੰਦਰ ਮਾਇਆ ਦਾ ਕੀ ਲੈਣਾ ਹੈ, ਨਾਮ ਰੂਪੀ ਧੰਨ ਲੈ ਜਿਸ ਧਨ ਤੇ ਸਭ ਕੋ ਵਰਸਾਵੈ। ਤੇਰੀ ਵੀ ਕਲਿਆਣ ਹੋਵੇਗੀ ਤੇ ਹੋਰ ਵੀ ਅਨੇਕ ਤਰ ਜਾਣਗੇ। ਇਸੇ ਧਨ ਦੀ ਮਨ ਵਿਚ ਚਾਹ ਕਰ। ਪਰ ਵਾਰ-ਵਾਰ ਇਹੋ ਹੀ ਮੰਗ ਕਰੀ ਗਿਆ। ਮਹਾਰਾਜ ਕਹਿੰਦੇ, "ਜਾਹ ਮੁੰਦਰ! ਕਿੰਨੀ ਕੁ ਮਾਇਆ ਚਾਹੀਦੀ ਹੈ, ਇਕ ਲੱਖ ਦੇ ਦੇਈਏ।" ਮੁੰਦਰ "ਨਹੀਂ ਜੀ! ਇਕ ਲੱਖ ਨਾਲ ਮੇਰਾ ਕੀ ਬਣਨਾ ਹੈ।" ਮਹਾਰਾਜ ਕਹਿੰਦੇ, "ਦੋ ਦੇ ਦੇਈਏ।" "ਨਹੀਂ ਜੀ, ਹੋਰ ਮੇਰਾ ਲੱਖਾਂ

ਦਾ ਹਿਸਾਬ ਚੱਲੇ ਤਾਂ ਮੇਰੇ ਮਨ ਦੀ ਭੁੱਖ ਪੂਰੀ ਹੋਵੇਗੀ। ਮੈਂ ਤੇਰੇ ਸਾਰੇ ਮੰਦਰ ਬਣਾਵਾਂਗਾ।" ਚੰਗਾ ਕਹਿੰਦੇ, "ਮੁੰਦਰ! ਤੈਨੂੰ ਲੱਖਾਂ ਹੀ ਦਿੱਤੇ।" ਬਸ ਉਸੇ ਹੀ ਦਿਨ ਤੋਂ ਮੁੰਦਰ ਸਿੰਘ ਦੇ ਘਰ ਲੱਛਮੀ ਦਾ ਵਾਸਾ ਹੋ ਗਿਆ, ਵਿਗੜੇ ਕੰਮ ਸੁਧਰਨ ਲੱਗੇ। ਦਿਨ ਪ੍ਰਤੀ ਦਿਨ ਕਿਸਮਤ ਦਾ ਸੂਰਜ ਚਮਕਣ ਲੱਗਾ। ਖੂਹਾਂ ਦੇ ਖੂਹ ਜਿਹੜੇ ਗਹਿਣੇ ਰੱਖੇ ਹੋਏ ਸਨ, ਛੁਡਾ ਲਏ ਗਏ। ਦੁਕਾਨਾਂ ਫਿਰ ਮੁੜ ਵਾਪਿਸ ਲੈ ਲਈਆਂ। ਠੇਕੇਦਾਰੀ ਦਾ ਕੰਮ ਫਿਰ ਸ਼ੁਰੂ ਹੋ ਗਿਆ। ਮੁੜ ਫਿਰ ਸ਼ਾਹੀ ਚੱਲ ਪਈ। ਕੱਚਿਆਂ ਕੋਠਿਆਂ ਦੇ ਥਾਂ ਪੱਕੀਆਂ ਕੋਠੀਆਂ ਬਣਨੀਆਂ ਸ਼ੁਰੂ ਹੋ ਗਈਆਂ। ਲੱਖਾਂ ਹੀ ਰੁਪਏ ਠੇਕਿਆਂ ਵਿਚੋਂ ਬਚਣ ਲੱਗ ਪਏ। ਉਹ ਬਚਨ ਜਿਹੜੇ ਕਦੀ ਕੱਚੇ ਕੋਠੇ ਤੇ ਬੈਠਿਆਂ ਨੇ ਕਿਹੇ ਸਨ, ਇਹ ਕੱਚੇ ਕੋਠੇ ਨਹੀਂ ਇਹ ਤਾਂ ਕੋਠੀਆਂ ਬਣੀਆਂ ਹੋਈਆਂ ਹਨ, ਸਭ ਪੂਰੇ ਹੋਏ। ਮਹਾਰਾਜ ਜੀ ਦੇ ਮੰਦਰ ਦੀ ਸੇਵਾ ਵੀ ਮੁੰਦਰ ਸਿੰਘ ਦੇ ਪਰਿਵਾਰ ਨੇ ਹੀ ਕੀਤੀ। ਗੁੰਬਦ ਸਮਾਧ ਉੱਪਰ ਇਨ੍ਹਾਂ ਨੇ ਹੀ ਬੰਨ੍ਹਿਆ। ਗੁੰਬਦ ਤਿਆਰ ਕਰਕੇ ਉੱਪਰ ਕਲਸ ਬਜ਼ਰੀ ਦਾ ਬਣਾ ਕੇ ਰੱਖਣ ਲੱਗੇ ਮੁੰਦਰ ਸਿੰਘ ਦੇ ਭਤੀਜੇ ਨੂੰ ਮਹਾਰਾਜ ਜੀ ਨੇ ਆ ਕੇ ਦਰਸ਼ਨ ਦਿੱਤੇ ਨਾਲੇ ਅਵਾਜ਼ ਦਿੱਤੀ, "ਸਾਡੇ ਸਿਰ ਤੇ ਪਾਥੀ ਬਣਾ ਕੇ ਰੱਖਣ ਲੱਗਾ ਹੈ, ਸੋਨੇ ਦਾ ਕਲਸ ਬਣਾ ਕੇ ਚੜ੍ਹਾ।" ਉਸੇ ਹੀ ਦਿਨ ਅੰਮ੍ਰਿਤਸਰ ਜਾ ਕੇ ਮਿਲਖਾ ਸਿੰਘ, ਸੋਨੇ ਦਾ ਕਲਸ ਬਣਾ ਕੇ ਲੈ ਆਇਆ। ਇਸ ਵੇਲੇ ਮੁੰਦਰ ਸਿੰਘ ਦੇ ਪਰਿਵਾਰ ਕਰੋੜਾਂ ਰੁਪਿਆਂ ਵਿਚ ਖੇਡਦੇ ਹਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਮਾਲੀ ਰਾਮ ਖਟਕੜਾਂ ਵਾਲੇ ਨਾਲ ਹੋਈ

ਮਾਲੀ ਰਾਮ ਪਿੰਡ ਖਟਕੜ ਕਲਾਂ ਝੰਡਾ ਜੀ ਦੇ ਰਹਿਣ ਵਾਲਾ ਸੀ। ਸ. ਭਗਤ ਸਿੰਘ ਸ਼ਹੀਦੇ ਆਜ਼ਮ ਦੇ ਖਾਨਦਾਨ ਵਿਚੋਂ ਸੀ। ਘਰ ਵਿਚ ਪਦਾਰਥ ਮਾਇਆ, ਜਾਇਦਾਦ ਕਾਫ਼ੀ ਸੀ। ਮਾਇਆ ਦਾ ਨਸ਼ਾ ਬੰਦੇ ਨੂੰ ਹਉਮੈ ਦਾ ਰੋਗੀ ਬਣਾ ਛੱਡਦਾ ਹੈ। 'ਮਾਇਆਧਾਰੀ ਅਤਿ ਅੰਨ੍ਹਾ ਬੋਲਾ' ਦਾਤਾਂ ਦੇਣ ਵਾਲੇ ਨੂੰ ਇਨਸਾਨ ਭੁੱਲ ਜਾਂਦਾ ਹੈ। ਆਪਣੀ ਸਿਆਣਪ ਨੂੰ ਵੱਡੀ ਸਮਝ ਬੈਠਦਾ ਹੈ।

ਦੁਨੀਆਂ ਵਾਲੇ ਆਪ ਜੀ ਦੇ ਕੌਤਕ ਦੇਖ ਕੇ ਹੈਰਾਨ ਸਨ। ਮਾਲੀ ਰਾਮ ਦੇ ਘਰੋਂ ਹਰਨਾਮ ਕੌਰ ਨੂੰ ਵੀ ਦਰਸ਼ਨਾਂ ਦੀ ਤਾਂਘ ਉੱਠੀ। ਅਮੀਰ ਹੋਣ ਦੇ ਨਾਤੇ ਕਦੀ ਘਰੋਂ ਬਾਹਰ ਪੈਰ ਨਹੀਂ ਸੀ ਪਾਇਆ। 'ਜਿਨ੍ਹਾਂ ਨੂੰ ਲੱਗੇ ਪ੍ਰੇਮ ਤਮਾਚੇ ਬਾਹਰ ਦੇ ਕੰਮੋਂ ਗਈਆਂ।' ਮਾਲੀ ਰਾਮ ਤੋਂ ਚੋਰੀ ਕਦੀ-ਕਦੀ ਦਰਸ਼ਨ ਕਰਦੀ ਰਹਿੰਦੀ। ਹੌਲੀ-ਹੌਲੀ ਮਾਲੀ ਰਾਮ ਨੂੰ ਵੀ ਪਤਾ ਲੱਗਾ। ਹਰਨਾਮ ਕੌਰ ਮਜਾਰੇ ਰਾਜਾ ਸਾਹਿਬ ਦੇ ਜਾਂਦੀ ਹੈ। ਮਾਲੀ ਰਾਮ ਨੇ ਕਦੀ ਸਾਧੂ ਸੰਗਤ ਨਹੀਂ ਸੀ ਕੀਤੀ। ਸਾਧੂ ਦੀ ਸੰਗਤ ਤੋਂ ਬਿਨਾਂ ਗਿਆਨ ਰੂਪੀ ਚਿਰਾਗ ਨਹੀਂ ਜਗਦਾ। ਗਿਆਨ ਤੋਂ ਬਿਨਾਂ ਪਾਪ, ਪੁੰਨ ਦੀ ਵਿਚਾਰ ਨਹੀਂ ਹੁੰਦੀ। ਮਾਲੀ ਰਾਮ ਕਈ ਵਾਰ ਇਸ ਗੱਲ ਦਾ ਕਲੇਸ਼ ਵੀ ਕਰਦਾ ਰਿਹਾ। ਹਰਨਾਮ ਕੌਰ, ਮੀਰਾਂ ਬਾਈ ਦੀ ਤਰਾਂ ਨਾਮ ਦੇ ਰੰਗ ਵਿਚ ਰੰਗੀ ਗਈ। ਹਰਨਾਮ ਕੌਰ ਦੀ ਵੱਡੀ ਲੜਕੀ ਹਰਬੰਸ ਕੌਰ ਦਰਸ਼ਨ ਨੂੰ ਜਾਂਦੀ ਸੀ। ਚਾਰ ਲੜਕੀਆਂ ਸਨ। ਇਕ ਦਿਨ ਆਪ ਜੀ ਨੇ ਚਾਰ ਆਨੇ ਦਿੱਤੇ ਅਤੇ ਨਾਲ ਹੀ ਹੁਕਮ ਕੀਤਾ, "ਚਾਰ-ਚਾਰ ਆਨੇ ਦੇ ਚਾਰੇ ਲੜਕੀਆਂ ਦੇ ਨਾਂ ਤੇ ਪਤਾਸੇ ਵੰਡ ਦੇਵੀਂ।" ਪਤਾ ਨਹੀਂ ਕੀ ਕਾਰਨ ਸੀ ਜਾਂ ਇਸ ਵਿਚ ਕਿਹੜੀਆਂ ਬਰਕਤਾਂ ਸਨ? ਰਸਤੇ ਜਾਂਦੀ ਨੇ ਚਾਰ ਆਨੇ ਦੀ ਭੌਂਡੀ ਲੈ ਲਈ ਮਿੱਟੀ ਦਾ ਭਾਂਡਾ ਲੈ ਕੇ ਇਕ ਪਾਸੇ ਰੱਖਿਆ ਤਾਂ ਭੌਂਡੀ ਠਾਹ ਕਰਦੀ ਟੁੱਟ ਗਈ। ਇਹ ਕੌਤਕ ਦੇਖ ਕੇ ਬਹੁਤ ਡਰੀ ਹੁਕਮ ਨਾ ਮੰਨ ਹੋਇਆ। ਹਰਬੰਸ ਕੌਰ ਕਹਿੰਦੀ, "ਮਾਤਾ ਜੀ! ਮਹਾਰਾਜ ਜੀ ਨੂੰ ਕਿਹੜਾ ਕਿਸੇ ਨੇ ਚਾਰ ਧੀਆਂ ਦੱਸੀਆਂ ਸਨ, ਆਪ ਹੀ ਜਾਣੀ ਜਾਣ ਸਾਡਾ ਭਲਾ ਕਰ ਰਹੇ ਸਨ।" ਜਦੋਂ ਫਿਰ ਕਿਤੇ ਦੁਬਾਰਾ ਦਰਸ਼ਨ ਨੂੰ ਗਈਆਂ ਅੱਗੋਂ ਅਵਾਜ਼ ਦਿੱਤੀ, "ਅੱਗੇ ਆ ਜਾਓ ਭੌਂਡੀ ਵਾਲੀ ਹਰਬੰਸ ਕੌਰ।" ਉਹ ਪਿਛਲੀ ਗੱਲ ਜੋ ਭੌਂਡੀ ਲਈ ਹੋਈ ਟੁੱਟ ਗਈ ਸੀ। ਇਸੇ ਤਰਾਂ ਬੇਅੰਤ ਕੌਤਕ ਦੇਖਣ ਨਾਲ ਪ੍ਰੇਮ ਦੇ ਰੰਗ ਵਿਚ ਰੰਗੀਆਂ ਗਈਆਂ। ਇਕ ਦਿਨ ਮਾਲੀ ਰਾਮ ਕਹਿੰਦਾ ਮੈਂ ਆਪ ਦੇਖਾਂਗਾ ਕਿ ਅੰਤਰਯਾਮੀ ਹਨ ਜਾਂ ਨਹੀਂ। ਸਵੇਰੇ ਉੱਠ ਕੇ ਆਪਣੀ ਮੱਝ ਚੋਅ ਲਈ। ਮੇਲੇ ਝੀਰ ਦੀ ਬੱਕਰੀ ਚੋਅ ਲਈ। ਜਗਦੀਸ਼ ਬ੍ਰਾਹਮਣ ਦੀ ਗਊ ਚੋਅ ਲਈ। ਤਿੰਨੇ ਦੁੱਧ ਚੋਅ ਕੇ ਬਾਲਟੀ ਭਰ ਕੇ ਤੁਰ ਪਿਆ। ਪਿੰਡ ਮਜਾਰੇ ਆਪ ਜੀ ਦੇ ਦਰਸ਼ਨ ਕੀਤੇ, ਸੰਗਤ ਕਾਫ਼ੀ ਸੀ, ਆਪ ਪਿੱਛੇ ਚੁੱਪ ਕਰਕੇ ਖਲੋ ਗਿਆ। ਮਨ ਵਿਚ ਕਰਦਾ, ਜੇਕਰ

ਤਿੰਨਾਂ ਕਿਸਮਾਂ ਦੁੱਧ ਦੱਸ ਦੇਣਗੇ ਤਾਂ ਮੈਂ ਮੰਨਾਂਗਾ। ਅੱਗੋਂ ਸਤਿਗੁਰੂ ਅਵਾਜ਼ ਦੇ ਕੇ ਕਹਿਣ ਲੱਗੇ, ਤਿੰਨਾਂ ਦੁੱਧਾਂ ਵਾਲਿਆ ਤੂੰ ਵੀ ਅੱਗੇ ਆ ਜਾ। ਜਦੋਂ ਇਸ ਤਰਾਂ ਸੁਣਿਆ ਤਾਂ ਉਸਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ ਤੇ ਥਰ ਥਰ ਕੰਬਣ ਲੱਗਾ। ਹੰਕਾਰ ਦਾ ਬੁਰਜ ਢਹਿ ਗਿਆ। ਅੱਗੇ ਵਧਿਆ ਤੇ ਚਰਨਾਂ ਵਿਚ ਨਮਸਕਾਰ ਕੀਤੀ, ਹੁਕਮ ਹੋਇਆ, "ਮਾਲੀ ਦੁੱਧ ਕੁੱਤਿਆਂ ਨੂੰ ਪਾ ਦਿਓ। ਇਕ ਸੇਰ ਦੁੱਧ ਰੱਖ ਲਈ। ਝਿਗੜਾਂ ਵਿਖੇ ਹੋਰ ਪਾਣੀ ਪਾ ਕੇ ਸਮਾਧਾਂ ਦੇ ਇਸ਼ਨਾਨ ਕਰਵਾ ਕੇ ਆਓ।" ਆਪ ਜੀ ਦਾ ਸਦਾ ਵਾਸਤੇ ਸੇਵਕ ਬਣ ਗਿਆ। ਜਦੋਂ ਵੀ ਜਾਣਾ ਨਵਾਂ ਨਜ਼ਾਰਾ ਦੇਖਣਾ। ਸੀਨਾ ਸਾਫ਼ ਹੋ ਗਿਆ। ਬਾਕੀ ਸਾਰੀ ਜ਼ਿੰਦਗੀ ਆਪ ਜੀ ਦੀ ਸੇਵਾ ਵਿਚ ਲਾ ਕੇ ਜਨਮ ਸੁਖਾਲਾ ਕੀਤਾ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਮਾਨ ਸਿੰਘ ਮੰਡੇਰਾਂ ਨਾਲ ਹੋਈ

ਮਾਨ ਸਿੰਘ ਮੰਡੇਰਾਂ ਦਾ ਰਹਿਣ ਵਾਲਾ, ਜਾਤ ਦਾ ਜੱਟ ਸੀ। ਗ੍ਰਿਹਸਥ ਆਸ਼ਰਮ ਵਿਚ ਰਹਿੰਦੇ ਹੋਏ ਸਾਧੂਆਂ ਵਾਲੀ ਜ਼ਿੰਦਗੀ ਬਸਰ ਕਰਨੀ, ਪਵਿੱਤਰ ਆਤਮਾ, ਧਰਮ ਦੀ ਕਿਰਤ ਕਰਨੀ। ਮਾਨ ਸਿੰਘ ਦੇ ਪਰਿਵਾਰ ਦਾ ਆਪ ਤੇ ਬਹੁਤ ਭਰੋਸਾ ਸੀ। ਮਾਨ ਸਿੰਘ ਦਾ ਪੁੱਤਰ ਚੈਨ ਸਿੰਘ ਬਿਮਾਰ ਹੋ ਗਿਆ। ਪਿਛਲੇ ਜ਼ਮਾਨੇ ਵਿਚ ਬੱਚਿਆਂ ਨੂੰ ਬਗਲਾਂ ਦੀ ਤੇ ਨਮੂਨੀਆਂ ਦੀ ਬਿਮਾਰੀ ਬਹੁਤ ਹੋਇਆ ਕਰਦੀ ਸੀ। ਕਈ ਕੁੱਝ ਕੀਤਾ, ਬਾਰਾ ਸਿੰਗਾਂ ਨਮਦਾ ਬੰਨ੍ਹਿਆ ਪਰ ਦੁਖ ਵਧਦਾ ਹੀ ਗਿਆ। ਸਰਦੀ ਦਾ ਮੌਸਮ ਸੀ। ਅੱਗੇ ਰਾਤ ਪੈ ਰਹੀ ਸੀ। ਪੁੱਤਰ ਦੀ ਤਕਲੀਫ਼ ਮਾਤਾ-ਪਿਤਾ ਤੋਂ ਨਹੀਂ ਝੱਲੀ ਜਾਂਦੀ। ਦਸ਼ਰਥ, ਸਰਵਣ ਦੇ ਮਾਤਾ-ਪਿਤਾ, ਪੁੱਤਰ ਦੇ ਵਿਛੋੜੇ ਵਿਚ ਮਰ ਗਏ ਸਨ। ਹਜ਼ਰਤ ਇਬਰਾਹੀਮ ਪੁੱਤਰ ਦੀ ਕੁਰਬਾਨੀ ਨਹੀਂ ਸੀ ਦੇਖ ਸਕਿਆ। ਪੁੱਤਰ ਸਭ ਤੋਂ ਮਿੱਠਾ ਫਲ ਹੈ। ਇਕ ਵਾਰ ਅਕਬਰ ਨੇ ਬੀਰਬਲ ਤੋਂ ਪੁੱਛਿਆ, 'ਹਿੰਦੂ ਗ੍ਰੰਥਾਂ ਵਿਚ ਕਈ ਥਾਂਈ ਲਿਖਿਆ ਹੈ ਕਿ ਭਗਵਾਨ ਆਪਣੇ ਪਿਆਰੇ ਭਗਤਾਂ ਦੀ ਰੱਖਿਆ ਕਰਨ ਵਾਸਤੇ ਨੰਗੀ ਪੈਰੀਂ ਦੌੜੇ ਸਨ ਕੀ ਕੋਲ ਉਨ੍ਹਾਂ ਕੋਈ ਹੋਰ ਸੇਵਕ ਜਾਂ ਨੌਕਰ ਨਹੀਂ

ਸੀ ਰੱਖਿਆ ਕਰਨ ਵਾਸਤੇ?' ਬੀਰਬਲ ਨੂੰ ਕਿਹਾ ਕਿ ਇਸ ਗੱਲ ਦਾ ਜਵਾਬ ਦਿਓ। ਬੀਰਬਲ ਕਹਿੰਦਾ ਕੁੱਝ ਦਿਨਾਂ ਤੱਕ ਦੇਵਾਂਗਾ ਬੀਰਬਲ ਨੇ ਕਿਸੇ ਮਸੱਵਰ ਕੋਲੋਂ ਅਕਬਰ ਦੇ ਪੁੱਤਰ ਸਲੀਮ ਵਰਗਾ ਬੁੱਤ ਤਿਆਰ ਕਰਵਾ ਲਿਆ। ਸਲੀਮ ਦੇ ਨਕਲੀ ਬੁੱਤ ਨੂੰ ਰੱਖ ਕੇ ਸਲੀਮ ਨੂੰ ਆਖਿਆ, ਜਦੋਂ ਬਾਦਸ਼ਾਹ ਬਾਗ ਵਿਚ ਤਲਾਅ ਦੇ ਕਿਨਾਰੇ ਬੈਠੇ ਹੋਣਗੇ। ਬਾਦਸ਼ਾਹ ਦੇ ਦੇਖਦਿਆਂ ਆਪਣਾ ਪੈਰ ਤਿਲ੍ਹਕਾ ਕੇ ਇਸ ਬੁੱਤ ਨੂੰ ਪਾਣੀ ਵਿਚ ਸੁੱਟ ਦੇਣਾ ਹੈ। ਆਪ ਪਿਛਾਂਹ ਲੁਕ ਜਾਣਾ। ਜਦੋਂ ਬੁੱਤ ਡਿੱਗਿਆ, ਬਾਦਸ਼ਾਹ ਦੇਖ ਰਿਹਾ ਸੀ, ਉਸਨੇ ਨੰਗੀ ਪੈਰੀਂ ਉੱਠ ਕੇ ਬੁੱਤ ਨੂੰ ਜਾ ਫੜਿਆ। ਬੁੱਤ ਨਕਲੀ ਸੀ, ਬਾਦਸ਼ਾਹ ਬਹੁਤ ਸ਼ਰਮਿੰਦਾ ਹੋਇਆ। ਉਸ ਦਿਨ ਬੀਰਬਲ ਨੇ ਬਾਦਸ਼ਾਹ ਨੂੰ ਪੁੱਛਿਆ ਕਿ ਆਪ ਜੀ ਨੰਗੇ ਪੈਰੀਂ ਤੇ ਕੱਪੜਿਆਂ ਸਣੇ ਪਾਣੀ ਵਿਚ ਕਿਉਂ ਜਾ ਵੜੇ, ਆਪ ਜੀ ਦੇ ਕੋਲ ਅਨੇਕਾਂ ਹੀ ਸੇਵਕ ਬੈਠੇ ਸਨ। ਤੁਸੀਂ ਉਨ੍ਹਾਂ ਨੂੰ ਹੁਕਮ ਕਿਉਂ ਨਾ ਕੀਤਾ, ਬਾਦਸ਼ਾਹ ਕਹਿੰਦਾ ਇੰਨਾ ਸਮਾਂ ਨਹੀਂ ਸੀ। ਬੀਰਬਲ ਨੇ ਕਿਹਾ ਇਸੇ ਤਰਾਂ ਹੀ ਸਾਡੇ ਭਗਵਾਨ ਜੀ ਦੀ ਗੱਲ ਹੈ। ਮਾਨ ਸਿੰਘ ਦੇ ਘਰ ਵਾਲੀ ਕਰਤਾਰ ਕੌਰ ਕਹਿਣ ਲੱਗੀ ਵੱਡੇ ਡਾਕਟਰਾਂ ਦੇ ਮਾਲਿਕ ਰਾਜਾ ਬਲੀ ਦੇ ਬੂਹੇ ਤੇ ਚੱਲੀਏ, ਜੇ ਖੈਰ ਪੈ ਜਾਵੇ। ਬੱਚਾ ਚੁੱਕ ਕੇ ਮੀਆਂ-ਬੀਵੀ ਰਾਤ ਦੇ ਹਨ੍ਹੇਰੇ ਵਿਚ ਮਜਾਰੇ ਵੱਲ੍ਹ ਤੁਰ ਪਏ, ਡਰਾਉਣੀ ਰਾਤ ਸੀ। ਸਭ ਪਾਸੀਂ ਚੁੱਪ ਛਾਈ ਹੋਈ ਸੀ, ਕੁੱਤੇ ਭੌਂਕ ਰਹੇ ਸਨ। ਕਰਤਾਰ ਕੌਰ ਦਾ ਦਿਲ ਡਰਨ ਲੱਗਾ ਕਿ ਡਾਕੂ ਚੋਰ ਮਾਰ ਦੇਣਗੇ। ਕੁੱਤੇ ਬਿੱਲੇ ਖਾ ਜਾਣਗੇ, ਚਰਨਾਂ ਦਾ ਧਿਆਨ ਧਰਦੀ ਹੋਈ, ਰਾਜਾ, ਰਾਜਾ ਕਰਦੀ ਹੈ। ਕੀ ਦੇਖਦੀ ਹੈ? ਸੱਚੇ ਪਾਤਸ਼ਾਹ ਨਾਲ ਨਾਲ ਤੁਰੇ ਜਾਂਦੇ ਹਨ। ਕੁੱਤੇ ਵੀ ਆਪ ਜੀ ਦੇ ਨਾਲ ਹੀ ਸਨ। ਚਾਰ ਕੁ ਫੁੱਟ ਦੀ ਸੋਟੀ ਕੋਲ ਫੜੀ ਹੋਈ ਸੀ, ਆਪ ਜੀ ਕਦੇ ਅੱਗੇ, ਕਦੇ ਬਰਾਬਰ ਹੋ ਜਾਂਦੇ ਹਨ। ਮਾਨ ਸਿੰਘ ਨੂੰ ਦੱਸਿਆ ਸੱਚੇ ਪਾਤਸ਼ਾਹ ਨਾਲ ਹੀ ਜਾ ਰਹੇ ਹਨ। ਮਜਾਰੇ ਗਏ ਤਾਂ ਆਪ ਜੀ ਕਿਰਪੇ ਦੇ ਚੁਬਾਰੇ ਵਿਚ ਟਹਿਲ ਰਹੇ ਸਨ। ਉਹੀ ਸੋਟੀ ਹੱਥ ਵਿਚ ਫੜੀ ਹੋਈ ਸੀ। ਚੈਨ ਨੂੰ ਚਰਨਾਂ ਵਿਚ ਰੱਖ ਕੇ ਅੱਥਰੂ ਵਗਾ ਕੇ ਨਮਸਕਾਰ ਕੀਤੀ, ਸਤਿਗੁਰੂ ਮਿਹਰਵਾਨ ਹੋ ਕੇ ਬੋਲੇ, "ਰਸੋਖਾਨੇ ਚੱਲ ਕੇ ਪਹਿਲੀ ਖੂਹੀ ਵਿਚੋਂ ਜਲ ਕੱਢ ਕੇ ਕਾਕੇ ਨੂੰ ਇਸ਼ਨਾਨ ਕਰਾ ਦਿਓ।" ਲੰਗਰ ਵਿਚ ਜਾ ਕੇ ਇਸ਼ਨਾਨ ਕਰਵਾਇਆ। ਚੈਨ

ਗੁਲਾਬ ਦੇ ਫੁੱਲ ਵਾਂਗ ਟਹਿਕ ਉਠਿਆ। ਪੁੱਤਰ ਨੂੰ ਰਾਜ਼ੀ ਕਰਕੇ ਘਰ ਆਏ। ਮਾਨ ਸਿੰਘ ਦੇ ਪੋਤਰਿਆਂ ਦਾ ਜਨਮ ਵੀ ਆਪ ਜੀ ਦੇ ਹੁਕਮ ਨਾਲ ਹੀ ਹੋਇਆ। ਇਸ ਵਕਤ ਵੀ ਆਪ ਜੀ ਤੇ ਬਹੁਤ ਭਰੋਸਾ ਰੱਖਦੇ ਹਨ। ਚੈਨ ਸਿੰਘ ਤੇ ਕਤਲ ਦਾ ਕੇਸ ਦੁਬਈ ਵਿਚ ਬਣ ਗਿਆ। ਰਹਿਪੇ ਗੁਰਦੁਆਰੇ ਅਖੰਡ ਪਾਠ ਸੁੱਖਿਆ ਅਤੇ ਬਰੀ ਹੋ ਗਿਆ। ਚੈਨ ਸਿੰਘ ਦਾ ਕਾਕਾ ਬਲਵਿੰਦਰ ਬਹੁਤ ਬਿਮਾਰ ਹੋ ਗਿਆ। ਪ੍ਰੀਤਮ ਕੌਰ ਮਾਨ ਸਿੰਘ ਦੀ ਨੂੰਹ ਨੇ ਅਰਦਾਸ ਕੀਤੀ ਅਖੰਡ ਪਾਠ ਕਰਵਾਵਾਂਗੇ। ਬੱਚਾ ਰਾਜ਼ੀ ਹੋ ਗਿਆ। ਸਭ ਜੀਵਾਂ ਦੇ ਕਰਮਾਂ ਦੀ ਗਤੀ ਆਪ ਜੀ ਦੀ ਮੁੱਠੀ ਵਿਚ ਹੈ। ਉਧਮ ਸਿੰਘ ਸਾਧਪੁਰ ਵਾਲਾ ਦਰਸ਼ਨ ਵਾਸਤੇ ਆਇਆ, ਹੁਕਮ ਹੋਇਆ, "ਕਾਕਾ ਘਰ ਚਲ। ਘਰ ਪਰਾਹੁਣਾ ਆਇਆ ਹੋਇਆ ਹੈ। ਨਾਮ ਵੀ ਗੁਰਨਾਮ ਰੱਖ ਲਈ।" ਉਧਮ ਸਿੰਘ ਘਰ ਆਇਆ ਲੋਕੀ ਵਧਾਈਆਂ ਦੇਣ। ਉਧਮ ਸਿੰਘ ਕਹਿੰਦਾ ਵਧਾਈਆਂ ਤਾਂ ਰਾਜਾ ਨੇ ਮਜਾਰੇ ਬੈਠਿਆਂ ਨੇ ਹੀ ਦੱਸ ਦਿੱਤੀਆਂ ਸਨ, ਨਾਮ ਵੀ ਰੱਖ ਦਿੱਤਾ। ਗੁਰਨਾਮ ਵੱਡਾ ਹੋ ਕੇ ਕਨੇਡਾ ਚਲਾ ਗਿਆ, ਘਰ ਵਿਚ ਨੌਂ ਨਿਧਾਂ ਬਾਰਾਂ ਸਿਧਾਂ ਹੋ ਗਈਆਂ। ਸਾਰਾ ਪਰਿਵਾਰ ਸੁਖੀ ਜੀਵਨ ਬਤੀਤ ਕਰ ਰਿਹਾ ਹੈ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਕਰਮ ਸਿੰਘ ਰਾਏਪੁਰ ਡੱਬੇ ਵਾਲੇ ਨਾਲ ਹੋਈ

ਪੋਹ ਮਾਘ ਦੇ ਦਿਨ ਸਨ, ਸਰਦੀ ਕਹਿਰ ਦੀ ਪੈ ਰਹੀ ਸੀ, ਟੋਭਿਆਂ ਦੇ ਪਾਣੀ ਕੋਰੇ ਨਾਲ ਜੰਮੇ ਹੋਏ ਸਨ। ਜਾਨਵਰ ਪਾਲੇ ਨਾਲ ਮਰ ਰਹੇ ਸਨ। ਸਭ ਜੀਵ ਘਰਾਂ ਵਿਚ ਵੜ ਕੇ ਗਦੋਲਿਆਂ ਵਿਚ ਲੁਕੇ ਹੋਏ ਸਨ।

ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਣਿ ਸੰਤ ਜਨਾ ਮੇਰੇ ਰਾਮ ਪਿਆਰੇ॥

ਹਨ੍ਹੇਰੀਆਂ ਰਾਤਾਂ ਵਿਚ ਹਕੀਕੀ ਇਸ਼ਕ ਵਿਚ ਰੰਗੇ ਹੋਏ ਰਾਤ ਖੇਤਾਂ ਵਿਚ, ਨਿਰੰਕਾਰ ਨਾਲ ਲਿਵ ਲਾ ਕੇ ਬੈਠੇ ਰਹੇ। ਚਾਰ ਦੇ ਟਾਇਮ ਕਰਮ ਸਿੰਘ

ਦੇ ਵਾੜੇ ਵਿਚ ਜਾ ਖੜ੍ਹੇ। ਕਰਮ ਸਿੰਘ ਦਾ ਪਿਤਾ ਹਾਕਮ ਸਿੰਘ ਵੇਲਣਾ ਚਲਾ ਰਿਹਾ ਸੀ। ਜਦੋਂ ਆਪ ਜੀ ਦਾ ਦਰਸ਼ਨ ਕੀਤਾ, ਭਗਤ ਬਿਦਰ ਦੀ ਤਰਾਂ ਪ੍ਰੇਮ ਨਾਲ ਖੀਵਾ ਹੋਈ ਫਿਰਦਾ। ਮੰਜੀ ਡਾਹ ਦਿੱਤੀ, ਆਪ ਜੀ ਬੈਠ ਗਏ। ਬੇਨਤੀ ਕੀਤੀ, "ਅੱਗ ਬਾਲ ਦੇਈਏ ਸਰਦੀ ਬਹੁਤ ਹੈ।" ਕਹਿੰਦੇ, "ਕੋਈ ਲੋੜ ਨਹੀਂ ਆਪਣਾ ਕੰਮ ਕਰੀ ਚੱਲੋ।" ਕਰਮ ਸਿੰਘ ਮੱਝ ਚੋਅ ਕੇ ਦੁੱਧ ਦੀ ਬਾਲਟੀ ਰੱਖੀ। ਛਕਣ ਵਾਸਤੇ ਬੇਨਤੀ ਕੀਤੀ, ਧੰਨ ਭਾਗ ਆਪ ਜੀ ਨੇ ਦਰਸ਼ਨ ਦਿੱਤੇ ਹਨ। ਇੰਨੇ ਚਿਰ ਨੂੰ ਰਸ ਦੀ ਮੱਟੀ ਭਰ ਗਈ ਭਾਂਡਾ ਚੁਕਵਾ ਕੇ ਆਪਣੀ ਮੰਜੀ ਕੋਲ ਰੱਖਵਾ ਲਿਆ, ਵਿਚੇ ਹੀ ਦੁੱਧ ਦੀ ਭਰੀ ਹੋਈ ਬਾਲਟੀ ਪਵਾ ਦਿੱਤੀ। ਹਾਕਮ ਸਿੰਘ ਨੂੰ ਗੜਵੀ ਲੈ ਕੋਲ ਬਿਠਾ ਦਿੱਤਾ। ਇੰਨੇ ਚਿਰ ਨੂੰ ਦਿਨ ਚੜ੍ਹਨ ਵਾਲਾ ਹੋ ਗਿਆ। ਜਾਨਵਰ ਖੁਸ਼ੀ ਦੇ ਗੀਤ ਗਾਉਣ ਲੱਗੇ। ਪਿੰਡ ਦੇ ਲੋਕੀ ਸਭ ਕੰਮ ਨੂੰ ਚਲ ਪਏ। ਮੁਟਿਆਰਾਂ ਦੁੱਧ ਰਿੜਕ ਰਹੀਆਂ ਸਨ, ਧਾਰਾਂ ਚੋਅ ਰਹੀਆਂ ਸਨ। ਪਿੰਡ ਵਿਚ ਪਤਾ ਲੱਗ ਗਿਆ। ਆਪ ਜੀ ਹਾਕਮ ਸਿੰਘ ਦੇ ਵਾੜੇ ਵਿਚ ਬੈਠੇ ਸਨ। ਪਿੰਡੋਂ ਸੰਗਤ ਦਰਸ਼ਨ ਨੂੰ ਆਉਣ ਲੱਗੀ। ਹਾਕਮ ਸਿੰਘ ਨੂੰ ਹੁਕਮ ਕੀਤਾ, "ਆਈ ਸੰਗਤ ਨੂੰ ਰਸ ਪਿਲਾਓ।" ਸਾਰਾ ਪਿੰਡ ਦਰਸ਼ਨ ਵਾਸਤੇ ਆਇਆ। ਕਾਫ਼ੀ ਦਿਨ ਚੜ੍ਹਨ ਤੱਕ ਇਕ ਮੱਟੀ ਰਸ ਦੀ ਨਹੀਂ ਮੁੱਕੀ। ਵੰਡ ਕੇ ਛੱਕਣਾ, ਆਏ ਗਏ ਦੀ ਸੇਵਾ ਕਰਨੀ, ਸਭ ਜੀਵਾਂ ਵਿਚ ਇਕ ਨੂਰ ਦਾ ਕਰਿਸ਼ਮਾ ਦੱਸ ਕੇ ਧਰਮ ਦੀ ਕਿਰਤ ਕਰਨੀ, ਐਸਾ ਉਪਦੇਸ਼ ਕਰਕੇ ਪਿੰਡ ਮਜਾਰੇ ਕਰਤਾਰ ਸਿੰਘ ਦੇ ਘਰ ਆ ਬੈਠੇ। ਕੁੱਝ ਦਿਨਾਂ ਬਾਅਦ ਕਰਮ ਸਿੰਘ, ਬੇਅੰਤ ਸਿੰਘ, ਬਾਬੂ ਪ੍ਰੀਤਮ ਸਿੰਘ ਜਲੰਧਰ ਜਾ ਰਹੇ ਸਨ, ਰਸਤੇ ਵਿਚ ਜਾਂਦਿਆਂ-ਜਾਂਦਿਆਂ ਕਰਮ ਸਿੰਘ, ਬੇਅੰਤ ਸਿੰਘ ਕਹਿਣ ਲੱਗੇ ਰਾਜਾ ਸਾਹਿਬ ਦੇ ਦਰਸ਼ਨ ਕਰਕੇ ਅੱਗੇ ਜਾਣਾ ਹੈ। ਬਾਬੂ ਪ੍ਰੀਤਮ ਸਿੰਘ ਸਿਰੋਂ ਰੋਡਾ ਸੀ, ਨਾਲ ਦਿਆਂ ਨੂੰ ਉਪਦੇਸ਼ ਕਰਨ ਲੱਗਾ, ਕੇਸ ਮੁਨਾ ਕੇ ਰੱਖਣੇ ਚਾਹੀਦੇ ਹਨ, ਕਾਫ਼ੀ ਉਪਦੇਸ਼ ਕਰਦਾ ਗਿਆ। ਜਦੋਂ ਆਪ ਜੀ ਦੇ ਸਾਹਮਣੇ ਗਏ ਕਰਮ ਸਿੰਘ, ਬੇਅੰਤ ਸਿੰਘ ਨੂੰ ਆਪਣੇ ਕੋਲ ਬਿਠਾ ਲਿਆ। ਬਾਬੂ ਜੀ ਨੂੰ ਪਿੱਛੇ ਮੋੜ ਦਿੱਤਾ। ਕਹਿੰਦੇ ਚਲੋ ਇਥੇ ਰੋਡਿਆਂ ਦਾ ਕੰਮ ਨਹੀਂ ਹੈ। ਬਾਬੂ ਜੀ ਬਾਹਰ ਚਲੇ ਗਏ, ਪਿੱਛੋਂ ਕਹਿਣ ਲੱਗੇ ਕਿਸੇ ਦਾ ਕਹਿਣਾ ਨਹੀਂ ਮੰਨੀਦਾ। ਧਰਮ ਤੇ ਪੱਕੇ ਰਹੀਦਾ ਹੈ। ਸਵੇਰੇ ਇਸ਼ਨਾਨ ਕਰਕੇ ਜਪੁਜੀ

ਸਾਹਿਬ ਦਾ ਪਾਠ ਕਰੀਦਾ ਹੈ। ਇਕ ਵਾਰ ਫਿਰ ਦੀ ਗੱਲ ਹੈ। ਕਰਮ ਸਿੰਘ, ਸਾਧੂ ਸਿੰਘ ਤੇ ਬੇਅੰਤ ਸਿੰਘ ਪ੍ਰਤਾਪੂ ਦੇ ਖੇਤਾਂ ਵਿਚ ਦੀ ਲੰਘੇ ਜਾਂਦੇ ਸਨ। ਪ੍ਰਤਾਪੂ ਦਾ ਲੜਕਾ ਘੁੱਗੀ ਇਨ੍ਹਾਂ ਬੰਦਿਆਂ ਨਾਲ ਲੜ ਪਿਆ, ਕਰਮ ਸਿੰਘ ਦੀ ਪੱਗ ਡਿੱਗ ਪਈ। ਘੁੱਗੀ ਨੇ ਪੱਗ ਨਾ ਦਿੱਤੀ। ਕਰਮ ਸਿੰਘ ਦੇ ਮਨ ਵਿਚ ਬਹੁਤ ਹਿਰਖ ਹੋਇਆ। ਆਪ ਜੀ ਦੇ ਦਰਸ਼ਨਾਂ ਨੂੰ ਆਇਆਂ ਦੇ ਨਾਲ ਐਸਾ ਸਲੂਕ ਕੀਤਾ। ਜਦੋਂ ਆਪ ਜੀ ਦੇ ਚਰਨਾਂ ਵਿਚ ਜਾ ਕੇ ਨਮਸਕਾਰ ਕੀਤੀ, ਦੋ ਰੁਪਏ ਦੇ ਕੇ ਹੁਕਮ ਕੀਤਾ, "ਕਾਕਾ, ਪੱਗ ਲੈ ਲਈਦੀ ਹੈ। (ਉਸ ਵੇਲੇ ਦੋ ਰੁਪਏ ਦੀ ਸੋਹਣੀ ਪੱਗ ਆ ਜਾਂਦੀ ਸੀ) ਇਨ੍ਹਾਂ ਨੂੰ ਤਾਂ ਪਤਾ ਨਹੀਂ ਤਾਂ ਇਥੇ ਤਾਂ ਸੜਕ ਨਿਕਲ ਜਾਣੀ ਹੈ।" ਪਹਿਲਾਂ ਲੰਘਣ ਨੂੰ ਰਸਤਾ ਨਹੀਂ ਸੀ, ਉਸ ਥਾਂ ਹੁਣ ਸੜਕ ਨਿਕਲੀ ਹੋਈ ਹੈ। ਆਪ ਜੀ ਦੇ ਬਚਨ ਸਭ ਸੱਚ ਹੋ ਗਏ। ਇਹੋ ਜਿਹੇ ਕੌਤਕ ਹਜ਼ਾਰਾਂ ਹੀ ਲੋਕਾਂ ਨੂੰ ਦਿਖਾ ਦਿੰਦੇ ਸਨ। ਇਕ ਦਿਨ ਆਪ ਜੀ ਗੁਣਾਚੌਰ ਦੇ ਪੂਰਬ ਵੱਲ੍ਹ ਦੇ ਪਾਸੇ ਰੌਲੀ ਵੱਲ੍ਹ ਦੀ ਖੂਹੀ ਤੇ ਪਿੱਪਲ ਦੇ ਥੱਲੇ ਬੈਠੇ ਸਨ। ਗਰਮੀਆਂ ਦੇ ਦਿਨ ਸਨ ਤੇ ਚਾਰ ਪੰਜ ਦਾ ਟਾਇਮ ਸੀ। ਇਕ ਜੰਞ ਕਿਤਿਓਂ ਵਿਆਹ ਕੇ ਡੋਲਾ ਲੈ ਕੇ ਆ ਰਹੇ ਸਨ। ਗਹਿਣਿਆਂ ਦੀ ਪੋਟਲੀ ਵਿਚੋਲੀ ਕੋਲ ਬੰਨ੍ਹੀ ਹੋਈ ਸੀ। ਗਹਿਣਿਆਂ ਦੀ ਪੋਟਲੀ ਲੈ ਕੇ ਖੂਹੀ ਵਿਚ ਸੁਟਾ ਦਿੱਤੀ। ਵਿਚੋਲੀ ਨੂੰ ਲੱਗੀਆਂ ਕੱਚੀਆਂ ਤਰੇਲੀਆਂ ਆਉਣ। ਸਾਹਮਣੇ ਕੌਣ ਜਾਵੇ? ਸ਼ੇਰ ਦੀ ਮੁੱਛ ਨੂੰ ਹੱਥ ਲਾਉਣਾ, ਮੌਤ ਨੂੰ ਜੱਫੀ ਪਾਉਣ ਵਾਲੀ ਗੱਲ ਹੈ। 'ਆਸ਼ਕ ਭੌਰ ਫਕੀਰ ਤੇ ਨਾਗ ਕਾਲੇ ਬਾਝ ਮੰਤਰਾਂ ਮੂਲ ਨਾ ਕੀਲੀਏ ਜੀ' ਬੁੱਢੀ ਘਰ ਗਈ ਜਾ ਕੇ ਉਸਦੀ ਸੱਸ ਨੂੰ ਨਾਲ ਲੈ ਕੇ ਫਿਰ ਆਪ ਜੀ ਦੇ ਚਰਨਾਂ ਵਿਚ ਬੇਨਤੀਆਂ ਕੀਤੀਆਂ। ਆਪ ਜੀ ਵਲੋਂ ਹੁਕਮ ਹੋਇਆ, "ਨੱਠ ਚੱਲ! ਪਿੱਛੇ ਮੁੜ ਕੇ ਨਹੀਂ ਦੇਖਣਾ ਤੇ ਕਦੀ ਗਹਿਣਾ ਲੈ ਕੇ ਨਹੀਂ ਤੁਰਨਾ।" ਕਈ ਵਾਰ ਇਸ ਤਰਾਂ ਦੇ ਕੌਤਕ ਦੇਖੇ, ਗਹਿਣੇ ਲੁਹਾ ਕੇ ਸੁੱਟ ਖੂਹ ਵਿਚ ਦੇਣੇ। ਬੇਨਤੀਆਂ ਕਰਨ ਤੇ ਸਰ੍ਹਾਣੇ ਹੇਠੋਂ ਕੱਢ ਦੇਣੇ, ਇਹੋ ਜਿਹੇ ਕੌਤਕ ਦੇਖਣ ਵਿਚ ਆਏ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਪਾਖਰ ਸਿੰਘ ਝਿਗੜਾਂ ਵਾਲੇ ਨਾਲ ਹੋਈ

ਇਕ ਦਿਨ ਨਾਭ ਕੰਵਲ ਰਾਜਾ ਸਾਹਿਬ ਜੀ ਪਿੰਡ ਮਜਾਰੇ ਤੋਂ ਉੱਠਕੇ ਖੇਤੋ ਖੇਤੀ ਟਹਿਲਦੇ-ਟਹਿਲਦੇ ਪਿੰਡ ਝਿਗੜਾਂ ਦੇ ਲਹਿੰਦੇ ਪਾਸੇ ਜਾ ਨਿਕਲੇ। ਫੱਗਣ ਦੇ ਦਿਨ ਸਨ, ਠੰਡੀ-ਠੰਡੀ ਪੌਣ ਵਗ ਰਹੀ ਸੀ। ਆਕਾਸ਼ ਨਿਰਮਲ ਸੀ। ਬਾਰਿਸ਼ ਵਰ੍ਹ ਕੇ ਬੰਦ ਹੋ ਚੁੱਕੀ ਸੀ, ਫ਼ਸਲਾਂ ਤੇ ਨੂਰ ਬਰਸ ਰਿਹਾ ਸੀ। ਸਰ੍ਹੋਂ ਦੇ ਫੁੱਲ ਖਿੜੇ ਹੋਏ ਸਨ। ਕਣਕਾਂ ਤੇ ਜੋਬਨ ਦਾ ਖੇੜਾ ਕਹਿਰ ਦਾ ਖਿੜਿਆ ਹੋਇਆ ਸੀ। ਖ਼ਿਜ਼ਾ ਤੋਂ ਬਾਅਦ ਬਹਾਰ ਆ ਰਹੀ ਸੀ। ਪੱਤਝੜ ਤੋਂ ਬਾਅਦ ਲਗਰਾਂ ਨਿਕਲ ਰਹੀਆਂ ਸਨ। ਸਭ ਪਾਸੀਂ ਹਰਿਆਵਲ ਹੀ ਨਜ਼ਰੀ ਪੈ ਰਹੀ ਸੀ। ਬਸੰਤ ਰੁੱਤ ਛੇਆਂ ਰੁੱਤਾਂ ਦੀ ਵੱਡੀ ਭੈਣ ਬਸੰਤੀ ਸੂਟ ਪਾ ਕੇ ਖੇਤਾਂ ਦੇ ਬੰਨੇ ਬੰਨੇ ਫਿਰ ਰਹੀ ਸੀ। ਇਸਦੇ ਹੁਸਨ ਨੂੰ ਕਹਿਰ ਆਇਆ ਹੋਇਆ ਸੀ। ਨੂਰ ਛੁੱਲ੍ਹ ਛੁੱਲ੍ਹ ਪੈਂਦਾ ਸੀ। ਦਿਨ ਢਾਲੇ ਪੈ ਗਿਆ। ਸਾਗ ਤੋੜਨ ਵਾਸਤੇ ਟੋਲੇ ਬੰਨ੍ਹ ਬੰਨ੍ਹ ਕੇ ਮੁਟਿਆਰਾਂ ਖੇਤਾਂ ਵੱਲ੍ਹ ਚੱਲੀਆਂ। ਖੇਤਾਂ ਦੇ ਰਾਖੇ ਵੀ ਪਹਿਰੇ ਲਾ ਕੇ ਬੈਠੇ ਸਨ। ਪਾਖਰ ਸਿੰਘ ਆਪਣੀ ਪੈਲੀ ਦੀ ਰਾਖੀ ਬੈਠਾ ਸੀ। ਉਸ ਪਾਸੇ ਕੋਈ ਅਰਸ਼ਾਂ ਫ਼ਰਸ਼ਾਂ ਦਾ ਮਾਲਿਕ ਅਨੋਖੀ ਹੀ ਚਾਲ ਵਾਲਾ ਬਰਕਤਾਂ ਦਾ ਮਾਲਿਕ ਨੂਰ ਦਾ ਸਿਤਾਰਾ, ਜਿਸ ਦਾ ਨੂਰ ਛਲ੍ਹਕਾਂ ਮਾਰਦਾ, ਅਰਸ਼ੀ ਪ੍ਰੀਤਮ ਜੀ ਆ ਨਿਕਲੇ। ਪਾਖਰ ਸਿੰਘ ਨੇ ਨਮਸਕਾਰ ਕੀਤੀ, ਹਸਮੁੱਖ ਚਿਹਰੇ ਫੁੱਲਾਂ ਵਰਗੇ ਖਿੜੇ ਹੋਏ। ਮੋਤੀਆ ਵਰਗੇ ਬਚਨ ਬੋਲੇ, "ਕਾਕਾ ਕਿਸ ਦਾ ਪੁੱਤਰ ਹੈ?" ਮੁੰਡਾ- "ਜੀ ਹਰਨਾਮ ਸਿੰਘ ਦਾ ਪੁੱਤਰ ਹਾਂ।" ਮਹਾਰਾਜ- "ਕਾਕਾ ਇਥੇ ਕਿਉਂ ਬੈਠਾ ਹੈਂ?" ਪਾਖਰ- "ਜੀ ਸਾਗ ਦੀ ਰਾਖੀ ਬੈਠਾ ਹਾਂ।" ਮਹਾਰਾਜ- "ਕਾਕਾ ਸਾਗ ਹੋਰ ਕਿਸੇ ਨੂੰ ਤੋੜ ਲੈਣ ਦੇਈ ਦਾ। ਗਰੀਬ ਜਨਤਾ ਨੇ ਵੀ ਕਿਤਿਓਂ ਖਾਣਾ ਹੈ।" ਇੰਨੇ ਬਚਨ ਪਾਖਰ ਸਿੰਘ ਨਾਲ ਕਰਕੇ ਪਿੰਡ ਵੱਲ੍ਹ ਨੂੰ ਚਲ ਪਏ। ਰਸਤੇ ਵੱਲ੍ਹ ਦੇ ਪਾਸੇ ਬੇਰੀ ਦੇ ਛਾਪਿਆਂ ਦੀ ਬਾੜ ਕੀਤੀ ਹੋਈ ਸੀ। ਛਾਪੇ ਵੀ ਤਾਜੇ ਵੱਢਕੇ ਗੱਡੇ ਹੋਏ ਸਨ, ਕਿੱਕਰ ਦੀਆਂ ਸੂਲਾਂ ਵੀ ਸਨ। ਮਹਾਰਾਜ ਜੀ ਨੰਗੇ ਪੈਰੀਂ ਛਾਪੇ ਉੱਪਰ ਪੈਰ ਰੱਖਕੇ ਰਾਹ ਵੱਲ੍ਹ ਨੂੰ ਲੰਘ ਗਏ। ਪਾਖਰ ਹੈਰਾਨ ਹੋਇਆ। ਨੰਗੇ ਪੈਰ ਸੂਲਾਂ ਉੱਪਰ ਰੱਖਕੇ ਪਾਤਸ਼ਾਹ ਅੱਗੇ ਲੰਘੇ, ਕੰਢੇ ਚੁੱਭੇ ਨਹੀਂ ਫੁੱਲਾਂ ਵਰਗੇ ਕੋਮਲ

ਚਰਨ ਆਪ ਜੀ ਦੇ ਹਨ? ਜਿਸ ਥਾਂ ਮਹਾਰਾਜ ਜੀ ਚਰਨ ਰੱਖਕੇ ਲੰਘੇ ਸੀ, ਕੰਡੇ ਸਾਗ ਦੀਆਂ ਗੰਦਲਾਂ ਵਰਗੇ ਨਰਮ ਰੇਸ਼ਮ ਦਾ ਰੂਪ ਧਾਰਨ ਕਰ ਗਏ। ਪਾਖਰ ਸਿੰਘ ਨੇ ਆਪਣੇ ਪਿਤਾ ਹਰਨਾਮ ਸਿੰਘ ਨੂੰ ਸਾਰੀ ਕਹਾਣੀ ਕਹਿ ਸੁਣਾਈ, ਹਰਨਾਮ ਸਿੰਘ ਕਹਿੰਦਾ, "ਕਾਕਾ! ਮਹਾਰਾਜ ਜੀ ਦੇ ਕੰਢੇ ਕੀ ਲੱਗਣੇ ਹਨ? ਕੰਡਿਆਂ ਨੂੰ ਬਣਾਉਣ ਵਾਲਾ ਵੀ ਆਪ ਹੀ ਹੈ। ਸਰਿਸ਼ਟੀ ਦੇ ਮਾਲਿਕ ਜੁ ਹੋਏ।" ਅੱਗੇ ਜਾ ਕੇ ਮਹਾਰਾਜ ਜੀ ਬਿਸ਼ਨ ਸਿੰਘ ਦੇ ਵਾੜੇ ਵਿਚ ਜਾ ਬੈਠੇ। ਸਾਰੇ ਪਿੰਡ ਵਿਚ ਮਹਾਰਾਜ ਜੀ ਦੇ ਆਉਣ ਦੀ ਖ਼ਬਰ ਬਿਜਲੀ ਦੇ ਕਰੰਟ ਵਾਂਗ ਫੈਲ ਗਈ। ਸਭ ਮਾਈ-ਭਾਈ ਦਰਸ਼ਨ ਵਾਸਤੇ ਨੱਠੇ ਆਉਣ। ਇਕ ਜੱਟ ਬੰਗਿਆਂ ਦੀ ਮੰਡੀ ਕਣਕ ਵੇਚ ਕੇ ਆਇਆ, ਉਸਦੇ ਕੋਲ ਚਾਂਦੀ ਦੇ ਰੁਪਏ ਬੰਨ੍ਹੇ ਹੋਏ ਸਨ। ਉਸਨੇ ਵੀ ਸਲਾਮ ਕੀਤੀ; ਉਸਦੇ ਸਾਰੇ ਰੁਪਏ ਰਖਾ ਲਏ। ਮੁੱਠਾਂ ਭਰ-ਭਰ ਕੇ ਰਾਹ ਵਿਚ ਸੁੱਟ ਦਿੱਤੇ। ਨਿਆਣੇ ਚੁੱਕ-ਚੁੱਕ ਕੇ ਲੈ ਗਏ। ਦੋ ਰੁਪਏ ਪਾਖਰ ਸਿੰਘ ਨੇ ਵੀ ਚੁੱਕ ਲਏ। ਪਾਖਰ ਸਿੰਘ ਨੇ ਘਰ ਜਾ ਕੇ ਆਪਣੇ ਪਿਤਾ ਨੂੰ ਦਿੱਤੇ, ਹਰਨਾਮ ਸਿੰਘ ਨੇ ਦੋ ਰੁਪਏ ਵਿਚ ਹੋਰ ਪਾ ਕੇ ਚਾਰ ਰੁਪਿਆਂ ਦੀ ਨਿਆਜ਼ ਬਣਾਕੇ ਗੁਰਦੁਆਰੇ ਜਾ ਕੇ ਨਿਆਣਿਆਂ ਨੂੰ ਵੰਡ ਦਿੱਤੀ। ਪਾਖਰ ਸਿੰਘ ਨੂੰ ਆਖਿਆ ਕਿ "ਕਾਕਾ! ਅੱਗੇ ਵਾਸਤੇ ਮਹਾਰਾਜ ਜੀ ਮੁਹਰਿਉਂ ਪੈਸੇ ਨਹੀਂ ਚੁਕਣੇ, ਘਰ ਵਿਚ ਬਹੁਤ ਕੁੱਝ ਦਿੱਤਾ ਹੋਇਆ।"

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਸੁੰਦਰ ਪਿੰਡ ਮਜਾਰੇ ਵਾਲੇ ਨਾਲ ਹੋਈ

ਸੁੰਦਰ ਪਿੰਡ ਮਜਾਰੇ ਦੇ ਰਹਿਣ ਵਾਲਾ ਸੀ, ਜ਼ਿੰਮੀਦਾਰ ਜੱਟ ਖੇਤੀ ਦਾ ਕੰਮ ਕਰਿਆ ਕਰਦਾ ਸੀ। ਸੁੰਦਰ ਦੀ ਉਮਰ ੬੦ ਸਾਲ ਦੀ ਹੋ ਗਈ, ਘਰ ਕੋਈ ਔਲਾਦ ਨਾ ਹੋਈ। ੨੫ ਖੇਤ ਜ਼ਮੀਨ ਦੇ ਪੁੱਤਰ ਬਿਨਾਂ ਵੱਢ-ਵੱਢ ਖਾਂਦੇ ਸਨ। ਪੁੱਤਰਾਂ ਤੋਂ ਬਿਨਾਂ ਘਰਾਂ ਦੇ ਸਭ ਪਦਾਰਥ ਜ਼ਹਿਰ ਲੱਗਣ ਲੱਗਦੇ ਅਤੇ ਬੇਕਾਰ ਹੋ ਜਾਂਦੇ ਹਨ।

'ਜਿਸ ਘਰ ਦੀਪਕ ਨਾ ਬਲੇ ਬਾਲ ਨਾ ਖੇਡੇ ਬਾਰ
ਤਿਸ ਕਾ ਕਿਆ ਡੰਨਨਾ ਸੋ ਡੰਨਿਆ ਕਰਤਾਰ।'

ਇਕ ਵਾਰੀ ਅਕਬਰ ਨੇ ਬੀਰਬਲ ਤੇ ਹੋਰ ਦਰਬਾਰੀਆਂ ਕੋਲ ਸੁਆਲ ਕੀਤਾ, ਸਾਰੀ ਦੁਨੀਆਂ ਵਿਚ ਸਾਰਿਆਂ ਫ਼ਲਾਂ ਵਿਚੋਂ ਕਿਹੜਾ ਫ਼ਲ ਮਿੱਠਾ ਹੈ? ਕਿਸੇ ਅੰਬ ਆਖਿਆ, ਕਿਸੇ ਨੇ ਕੇਲਾ ਆਖਿਆ। ਬੀਰਬਲ ਨੇ ਪੁੱਤਰ ਦਾ ਫਲ ਸਭ ਤੋਂ ਮਿੱਠਾ ਦੱਸਿਆ। ਕਿਉਂਕਿ ਹੋਰ ਫਲ ਖਾਣ ਨਾਲ ਮਨ ਨੂੰ ਸ਼ਾਂਤੀ ਆਵੇਗੀ, ਪੁੱਤਰ ਦੇ ਪਿੱਠ ਪਿੱਛੇ ਹੋਣ ਤੇ, ਸੀਨੇ ਨਾਲ ਲੱਗ ਜਾਣ ਤੇ ਕਲੇਜੇ ਵਿਚ ਠੰਢ ਪੈ ਜਾਂਦੀ ਹੈ। ਅੱਖੀਂ ਦੇਖਣ ਨਾਲ ਹੀ ਸੀਨਾ ਸਰਦ ਹੋ ਜਾਂਦਾ ਹੈ। ਸੁੰਦਰ ਦੇ ਤਿੰਨ ਭਾਈ ਹੋਰ ਸਨ, ਬਾਕੀ ਦਿਆਂ ਦੇ ਲਾਣੇ ਚਲਦੇ ਸਨ। ਇਹ ਇਕੱਲਾ ਹੀ ਠੇਡੇ ਖਾਂਦਾ ਫਿਰਦਾ ਸੀ। ਇਕ ਦਿਨ ਸੁੰਦਰ ਕਰਨਾਣੇ ਵੱਲ੍ਹ ਦੇ ਖੇਤਾਂ ਵੱਲ੍ਹ ਹਲ ਵਾਹ ਰਿਹਾ ਸੀ। ਦੁਖੀਆਂ ਦੇ ਦੁੱਖ ਦੂਰ ਕਰਨ ਹਾਰੇ ਮਿਹਰਾਂ ਦੇ ਦਾਤੇ ਗਿਆਰਾਂ ਵਜੇ ਦਿਨ ਦੇ ਅੰਬ ਵਾਲੇ ਖੂਹ ਤੇ ਆਣ ਬੈਠੇ। ਇਸ ਖੂਹ ਤੇ ਵੀ ਮਹਾਰਾਜ ਬਹੁਤ ਦੇਰ ਰਹਿੰਦੇ ਰਹੇ। ਸੁੰਦਰ ਹਲ ਮਗਰ ਬਿਰਧ ਅਵਸਥਾ ਵਿਚ ਖਿੱਚ ਹੁੰਦਾ ਫਿਰਦਾ। ਪੁੱਤਰ ਦੀ ਕਮੀ ਨੇ ਮਨ ਵਿਚ ਬੜੀ ਕਮਜ਼ੋਰੀ ਕੀਤੀ ਹੋਈ ਸੀ। ਹਲ ਖੜ੍ਹਾ ਕਰਕੇ ਮਹਾਰਾਜ ਜੀ ਦੇ ਚਰਨਾਂ ਤੇ ਆਣ ਸਿਰ ਰੱਖਿਆ; ਮੂੰਹੋਂ ਤਾਂ ਕੁੱਝ ਨਹੀਂ ਬੋਲਿਆ, ਮਨ ਵਿਚ ਬੇਨਤੀਆਂ ਕਰਦਾ ਸੀ, "ਜਿਵੇਂ ਹੋਰਾਂ ਦੇ ਬੇੜੇ ਪਾਰ ਕੀਤੇ ਹਨ, ਮੇਰੇ ਪਾਪੀ ਦਾ ਬੇੜਾ ਵੀ ਕਿਤੇ ਪਾਰ ਲਾ ਦੇਵੋ, ਮੇਰਾ ਘਰ ਵੀ ਵਸ ਜਾਵੇ।" ਸੁੰਦਰ ਦੀ ਇਸ ਨਿਮਰਤਾ ਨੂੰ ਤਕ ਕੇ, ਮਹਾਰਾਜ ਰਹਿਮਤ ਭਰੀ ਨਿਗਾਹ ਨਾਲ ਸੁੰਦਰ ਵੱਲ੍ਹ ਤੱਕਿਆ। ਹੁਕਮ ਕੀਤਾ, "ਸੁੰਦਰ! ਦੋ ਕਨਾਲੀ ਜਗ੍ਹਾ ਸੰਗਤ ਦੇ ਆਰਾਮ ਕਰਨ ਵਾਸਤੇ ਛੱਡਦੇ।" ਸੁੰਦਰ, "ਜੀ ਮੈਂ ਆਪਣੇ ਭਾਏ ਨੂੰ ਪੱਛ ਕੇ ਛਡਾਂਗਾ।" ਸੁੰਦਰ ਆਪਣੇ ਭਾਏ ਕੋਲ ਚਲਾ ਗਿਆ। ਮਹਾਰਾਜ ਜੀ ਦਾ ਹੁਕਮ ਨਾਮਾ ਸੁਣਾਇਆ, ਸੁੰਦਰ ਸਿੰਘ ਦਾ ਭਾਇਆ ਇਹ ਹੁਕਮ ਸੁਣਕੇ ਸੁੰਦਰ ਨੂੰ ਆਖਣ ਲੱਗਾ, "ਸੁੰਦਰ ਨੱਠ ਜਾਹ ਇਹ ਮੌਕਾ ਹੀ ਹੁੰਦਾ ਹੈ, ਜੋ ਕੁੱਝ ਮਹਾਰਾਜ ਆਖਦੇ ਹਨ, ਉਹ ਕਰਦੇ। ਉਂਜ ਵੀ ਸਾਰਾ ਰਕਬਾ ਐਂਵੀ ਜਾਣਾ ਹੈ। ਸ਼ਾਇਦ ਇਸ ਪਿਛੇ ਕੋਈ ਜੜ੍ਹ ਲੱਗ ਜਾਵੇ।" ਸੁੰਦਰ

ਨੇ ਗੱਲ ਪੱਲਾ ਪਾ ਕੇ ਬੇਨਤੀ ਕੀਤੀ, "ਮੈਂ ਦੋ ਕਨਾਲੀ ਜਗ੍ਹਾ ਛੱਡਦਾ ਹਾਂ।" ਜਿਸ ਪਾਸੇ ਲੰਗਰ ਪਕਾ ਕੇ ਰੱਖਿਆ ਜਾਂਦਾ ਹੈ, ਉਸ ਪਾਸੇ ਸੁੰਦਰ ਦਾ ਖੇਤ ਸੀ, ਦੋ ਕਨਾਲੀ ਜਗ੍ਹਾ ਲੰਗਰ ਵਾਸਤੇ ਛੱਡ ਦਿੱਤੀ। ਇਕ ਪੁੱਤਰ ਪੈਦਾ ਹੋਣ ਦਾ ਵਰ ਸਤਿਗੁਰਾਂ ਵਲੋਂ ਮਿਲ ਗਿਆ। ੬੦ ਸਾਲ ਦੀ ਉਮਰ ਹੋਣ ਤੇ ਪੁੱਤਰ ਘਰ ਪੈਦਾ ਹੋਇਆ। ਉਹ ਖੁਸ਼ੀ ਭਰਿਆ ਦਿਨ ਸਤਿਗੁਰਾਂ ਦੀ ਮਿਹਰ ਨਾਲ ਦੇਖ ਲਿਆ। ਪੁੱਤਰ ਦਾ ਜਨਮ ਹੋਇਆ। ਸਤਿਗੁਰਾਂ ਦੀ ਬਖਸ਼ਿਸ਼ ਨਾਲ ਪੁੱਤਰ ਮਿਲਿਆ ਸੀ, ਨਾਮ ਵੀ ਬਖਸ਼ੀ ਰੱਖਿਆ। ਬਖਸ਼ੀ ਹੌਲੀ-ਹੌਲੀ ਜਵਾਨ ਹੋ ਗਿਆ। ਇਕ ਪੁੱਤਰ ਦਾ ਬਾਪੂ ਕਦੇ ਉੱਚਾ ਸਾਹ ਨਹੀਂ ਸੀ ਲੈ ਸਕਦਾ। ਹਰ ਵਕਤ ਦੁਸ਼ਮਣ ਦਾ ਭੈਅ ਰਹਿੰਦਾ ਸੀ। ਬਾਕੀ ਸੁੰਦਰ ਦਾ ਸ਼ਰੀਕਾ ਕਈ ਵਾਰੀ ਦਬਕੇ ਮਾਰਕੇ ਡਰਾ ਦਿੰਦੇ ਸਨ। ਸੁੰਦਰ ਦਾ ਇਕ ਪੁੱਤਰ ਹੈ, ਸਾਡਾ ਜੀਅ ਚਾਹੇ ਜਦੋਂ ਮਰਜੀ ਧੂਣੀ ਬੁਝਾ ਦਿਆਂਗੇ। ਸੁੰਦਰ ਇਸ ਗੱਲ ਤੋਂ ਡਰਦਾ ਬਖਸ਼ੀ ਨੂੰ ਪਿੰਡ ਧੁਲੇਤੇ ਬਖਸ਼ੀ ਦੀ ਭੈਣ ਕੋਲ ਛੱਡ ਰੱਖਦਾ ਸੀ। ਇਕ ਦਿਨ ਸੁੰਦਰ ਵੀ ਆਪਣੇ ਭਰਾਵਾਂ ਨਾਲ ਲੜ ਪਿਆ। ਬਾਕੀ ਭਰਾ ਆਖਣ ਲੱਗੇ, "ਕਿਉਂ ਔਖਾਂ ਹੋਣ ਲੱਗਾ ਹੈ? ਤੇਰੀ ਤਾਂ ਧੂਣੀ ਬੁਝਾ ਦਿਆਂਗੇ, ਤੇਰਾ ਦੀਵਾ ਗੁਲ ਕਰਕੇ ਛੱਡਾਂਗੇ।" ਸੁੰਦਰ ਵਿਚਾਰੇ ਇਕਲੌਤੇ ਪੁੱਤਰ ਦੇ ਬਾਪੂ ਦਾ ਕਲੇਜਾ ਬਾਹਰ ਨੂੰ ਆਉਣ ਲੱਗਾ। ਹਰ ਵਕਤ ਦਿਲ ਧੜਕ ਧੜਕ ਕਰਦਾ ਰਹਿੰਦਾ ਸੀ, ਇੰਨੇ ਦਬਕੇ ਨਾਲ ਹੀ ਪਿੰਡੋਂ ਚੋਰੀ ਚੋਰੀ ਖੇਤੋਂ ਖੇਤੀ ਧੁਲੇਤੇ ਨੂੰ ਚਲਿਆ ਗਿਆ। ਧੁਲੇਤੇ ਗਿਆ ਤਾਂ ਅੱਗੋਂ ਪਤਾ ਲੱਗਾ ਬਖਸ਼ੀ ਪਿੰਡ ਲੜੋਏ ਸਹੁਰੇ ਘਰ ਗਿਆ ਹੋਇਆ ਸੀ। ਸੁੰਦਰ ਦੇ ਦਿਲ ਦੀ ਧੜਕਣ ਹੋਰ ਵਧ ਗਈ, ਧੁਲੇਤੇ ਤੋਂ ਉਨ੍ਹੀਂ ਪੈਰੀਂ ਲੜੋਏ ਨੂੰ ਨੱਠ ਪਿਆ। ਹਾਏ! ਪੁੱਤਰ ਕਿਤੇ ਪਿੰਡ ਨਾ ਚਲਿਆ ਜਾਵੇ। ਇਸ ਤਰਾਂ ਪਾਗਲਾਂ ਵਾਂਗ ਆਪਣੇ ਆਪ ਨਾਲ ਹੀ ਗੱਲਾਂ ਕਰਦਾ ਭੱਜਾ ਜਾਂਦਾ ਸੀ। ਜਿਵੇਂ ਰਾਮ ਜੀ ਦੇ ਵਿਛੋੜੇ ਤੇ ਮਹਾਰਾਜ ਦਸ਼ਰਥ ਪਰਾਣ ਛੱਡ ਗਿਆ ਸੀ। ਸਰਵਣ ਦੇ ਨੇਤਰਹੀਣ ਮਾਤਾ-ਪਿਤਾ ਅੰਧਲੀ ਅੰਧਲੇ ਦੇ ਪਰਾਣ ਨਿਕਲ ਗਏ ਸਨ, ਇਸ ਤਰਾਂ ਦਾ ਹਾਲ ਸੁੰਦਰ ਦਾ ਹੋ ਰਿਹਾ ਸੀ। ਸੁੰਦਰ ਖੇਤਾਂ ਵਿਚਦੀ ਨੱਠਾ ਜਾ ਰਿਹਾ ਸੀ। ਅੱਗੇ ਕੀ ਦੇਖਦਾ ਹੈ ਕਿ ਮਹਾਰਾਜ ਲਾਲੋਂ ਮਜਾਰੇ ਦੀ ਜੂਹ ਵਿਚ ਬੈਠੇ ਸਨ। ਪਿਓ ਪੁੱਤਰ ਮਹਾਰਾਜ ਜੀ ਦੇ ਕੋਲ ਇਕੱਠੇ ਹੋ ਗਏ।

ਬਖਸ਼ੀ ਵੀ ਰਾਹ ਛੱਡ ਕੇ ਮਹਾਰਾਜ ਜੀ ਦੇ ਦਰਸ਼ਨਾਂ ਲਈ ਉੱਧਰ ਨੂੰ ਨਿਕਲ ਆਇਆ, ਸੁੰਦਰ ਦਾ ਹਾਲ ਦੇਖ ਕੇ ਮਹਾਰਾਜ ਜੀ ਨੇ ਹੁਕਮ ਕੀਤਾ, "ਸੁੰਦਰ! ਚਲ ਰਾਮ ਨਾਲ ਘਰ ਬੈਠ, ਰਾਹਾਂ ਵਿਚ ਨਹੀਂ ਨੱਠੇ ਫਿਰੀਦਾ। ਮੇਰੇ ਲਾਏ ਬੂਟੇ ਨੂੰ ਕੋਈ ਪੁੱਟ ਨਹੀਂ ਸਕਦਾ, ਮੇਰੇ ਹੁੰਦਿਆਂ ਕੋਈ ਮਾਰ ਨਹੀਂ ਸਕਦਾ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੁ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮ ਲਗੈ ਨ ਤਤੀ ਵਾਉ॥

ਮਹਾਰਾਜ ਦਾ ਹੁਕਮ ਪਾ ਕੇ ਸੁੰਦਰ ਨਿਰਭੈ ਹੋ ਕੇ ਬਖਸ਼ੀ ਨੂੰ ਪਿੰਡ ਰੱਖਣ ਲੱਗਾ। ਕਦੇ ਵੀ ਕੋਈ ਵਾਲ ਵਿੰਗਾ ਨਾ ਕਰ ਸਕਿਆ। ਸੰਤਾਲੀ ਦੀਆਂ ਬਾਰਿਸ਼ਾਂ ਵਿਚ ਬਖਸ਼ੀ ਆਪਣੀ ਹਵੇਲੀ ਅੰਦਰ ਸੁੱਤਾ ਪਿਆ, ਅੱਧੀ ਰਾਤ ਕੋਠੇ ਦੀ ਛੱਤ ਡਿੱਗ ਪਈ, ਬਖਸ਼ੀ ਮਿੱਟੀ ਤੇ ਲੱਕੜਾਂ ਦੇ ਹੇਠ ਆ ਗਿਆ। ਕੋਈ ਕਿਸੇ ਪਾਸੇ ਅਵਾਜ਼ ਨਾ ਸੁਣੇ। ਬਾਰਿਸ਼ ਜੋਰ ਦੀ ਪੈ ਰਹੀ ਸੀ, ਹਨ੍ਹੇਰੀ ਵਗ ਰਹੀ ਸੀ, ਮੰਜਾ ਸਾਰਾ ਚੂਰ ਚੂਰ ਹੋ ਗਿਆ। ਸਿਰਹਾਣੇ ਬਾਲਟੀ ਪਈ ਵੀ ਟੁੱਟ ਗਈ ਪਰ ਬਖਸ਼ੀ ਦੇ ਉਤੇ ਲਕੜਾਂ ਅਤੇ ਸਮਾਨ ਫੁੱਲਾਂ ਵਾਂਗ ਪਿਆ। ਸੱਟ ਚੋਟ ਨਾ ਲੱਗੀ ਪਰ ਕਿਸੇ ਪਾਸੇ ਨਿਕਲ ਨਾ ਸਕੇ। ਉਸ ਵੇਲੇ ਰਾਜਾ ਨੂੰ ਯਾਦ ਕੀਤਾ, ਧਾਹਾਂ ਨਿਕਲ ਗਈਆਂ, "ਤੁਸੀਂ ਤਾਂ ਕਹਿੰਦੇ ਸੀ ਕਿ ਮੇਰੇ ਹੁੰਦਿਆਂ ਕੋਈ ਮਾਰ ਨਹੀਂ ਸਕਦਾ ਮੈਂ ਤਾਂ ਅਣਿਆਈ ਮੌਤੇ ਚੱਲਿਆਂ।" ਇਨੇ ਚਿਰ ਨੂੰ ਬਲ-ਬਲ ਦੀ ਅਵਾਜ਼ ਕੰਨੀਂ ਪਈ। ਨੈਣਾਂ ਮੋਹਰੇ ਦੀ ਦਰਸ਼ਨਾਂ ਦੀ ਝਲਕ ਪਈ। ਯਕੀਨ ਹੋ ਗਿਆ ਕਿ ਸਤਿਗੁਰੂ ਆ ਗਏ ਹਨ। ਇਨੇ ਚਿਰ ਨੂੰ ਦੂਜੇ ਅੰਦਰ ਪਿਆ ਨੌਕਰ ਜਾਗ ਪਿਆ, ਉੱਠਕੇ ਦੇਖੇ ਤਾਂ ਸਾਰਾ ਹੀ ਮਕਾਨ ਡਿੱਗਿਆ ਹੋਇਆ, ਰੌਲਾ ਪਾਇਆ; ਲੋਕੀ ਇਕੱਠੇ ਹੋਏ। ਸਾਰਾ ਸਮਾਨ ਚੁੱਕ ਕੇ ਹੇਠੋਂ ਬਖਸ਼ੀ ਨੂੰ ਕੱਢਿਆ, ਦੇਹ ਤੇ ਝਰੀਟ ਸਾਰਖੀ ਨਹੀਂ ਲੱਗੀ ਸੀ। ਇਸ ਤਰਾਂ ਹੱਥ ਦੇ ਕੇ ਰੱਖ ਲਿਆ। ਇਹ ਕਹਾਣੀ ਕੋਠੇ ਹੇਠ ਆਉਣ ਦੀ ਮਹਾਰਾਜ ਜੀ ਦੇ ਜੋਤੀ-ਜੋਤ ਸਮਾਉਣ

ਤੋਂ ਅੱਠ ਸਾਲ ਪਿੱਛੋਂ ਹੋਈ। ਸੱਚ ਖੰਡ ਤੋਂ ਆ ਕੇ ਸਿੱਖਾਂ ਸੇਵਕਾਂ ਦੀ ਰੱਖਿਆ ਕਰਦੇ ਰਹਿੰਦੇ ਹਨ। ਜਿੱਥੇ ਵੀ ਕੋਈ ਯਾਦ ਕਰੇ ਜਿਵੇਂ ਇਕ ਪਲ ਵਿਚ ਤੈਦੂਏ ਦੀਆਂ ਤਾਰਾਂ ਕੱਟ ਕੇ ਐਰਾਪਤ ਹਾਥੀ ਨੂੰ ਬਚਾ ਲਿਆ ਸੀ, ਉੱਥੇ ਆਪਣੇ ਸਿੱਖਾਂ ਸੇਵਕਾਂ ਨੂੰ ਬਚਾ ਲੈਂਦੇ ਹਨ। ਬੋਲੋ ਭਾਈ!! ਰਾਜਾ ਸਾਹਿਬ ਦੀ ਜੈ॥

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਇੰਦਰ ਕੁੱਬੇ ਨੂੰ ਪੁੱਤਰ ਬਖਸ਼ਣ ਦੀ ਹੋਈ

ਇੰਦਰ ਪਿੰਡ ਮਜਾਰੇ ਦਾ ਰਹਿਣ ਵਾਲਾ ਸੀ। ਇੰਦਰ ਜਾਤ ਦਾ ਜੱਟ ਸੀ। ਇਸਨੇ ਪੰਜ ਵਿਆਹ ਕਰਵਾਏ। ਜਿਹੜੀ ਸ਼ਾਦੀ ਕਰਵਾਵੇ, ਵਿਆਹ ਕਰਵਾਉਣ ਤੇ ਹੀ ਇਸਦੀ ਵਿਆਹੁਤਾ ਮਰ ਜਾਇਆ ਕਰੇ। ਪਹਿਲਾਂ ਦੋ ਸ਼ਾਦੀਆਂ ਇਕੋ ਪਿੰਡ ਗੋਇੰਦਪੁਰ ਵਿਖੇ ਹੋਈਆਂ, ਤੀਜੀ ਪਿੰਡ ਢੰਡਵਾੜੀ, ਚੌਥੀ ਸਰਨਪੁਰ ਗੜ੍ਹੀ, ਉਹ ਵੀ ਮਰ ਗਈ। ਉਸ ਤੋਂ ਬਾਅਦ ਫਿਰ ਕੋਈ ਮੁੱਲ ਵੱਟੇ ਤੇ ਵੀ ਰਿਸ਼ਤਾ ਨਾ ਕਰੇ, ਕਿਉਂਕਿ ਜਿਹੜੀ ਵਿਆਹੁਤਾ ਸੀ, ਮਰ ਜਾਂਦੀ ਸੀ। ਉਮਰ ੬੦ ਸਾਲ ਦੀ ਹੋ ਗਈ। ਬਹੁਤ ਕੋਸ਼ਿਸ਼ ਕੀਤੀ, ਪਰ ਕੰਮ ਕਿਤੋਂ ਨਾ ਬਣਿਆ। ਆਖ਼ਿਰ ਰਾਜਾ ਸਾਹਿਬ ਜੀ ਦੇ ਚਰਨੀ ਆ ਡਿੱਗਿਆ। ਰਾਤ ਨੂੰ ਬੂਹੇ ਅੱਗੇ ਹੱਥ ਬੰਨ੍ਹਕੇ ਖੜ੍ਹੇ ਰਹਿਣਾ। ਇਕ ਦਿਨ ਮਹਾਰਾਜ ਜੀ ਕਹਿਣ ਲੱਗੇ, "ਇੰਦਰ ਕਿਉਂ ਲੋਕਾਂ ਦੀਆਂ ਕੁੜੀਆਂ ਮਾਰਨ ਲੱਗਾ ਹੋਇਆ ਹੈ? ਹੁਣ ਰਾਮ ਕਰ?" ਇੰਦਰ ਕਹਿੰਦਾ, "ਜੇ ਆਪ ਵਰਗਿਆਂ ਦੇ ਹੁੰਦਿਆਂ ਹੋਇਆਂ ਵੀ ਮੈਂ ਦੁਨੀਆਂ 'ਚੋਂ ਔਤਰਾ ਹੀ ਗਿਆ ਤਾਂ ਤੁਹਾਡੇ ਨਾਮ ਨੂੰ ਹੀ ਲਾਜ ਲੱਗੇਗੀ, ਮੇਰਾ ਗਰੀਬ ਦਾ ਕੀ ਜਾਣਾ ਹੈ?" ਮਹਾਰਾਜ ਜੀ ਨੇ ਹੁਕਮ ਕੀਤਾ, "ਜਾ, ਰਾਹੋਂ ਦੇ ਟਿੱਲਿਆਂ ਵਿਚ ਵਿਆਹ ਕਰਵਾ ਲਵੀਂ।" ਦਰਗਾਹੀ ਹੁਕਮ ਹੋ ਗਿਆ, ਹੌਲੀ-ਹੌਲੀ ਗੱਲ ਬਣਦੀ ਬਣਦੀ ਬਣ ਗਈ। ਇਕ ਰਿਸ਼ਤਾ ਰਾਹੋਂ ਤੋਂ ਹੋ ਗਿਆ। ਜੋਤਸ਼ੀਆਂ ਨੇ ਇੰਦਰ ਨੂੰ ਦੱਸਿਆ ਕਿ ਜਦੋਂ ਪਹਿਲਾਂ ਭੋਲਾ ਵਿਆਹ ਕੇ ਲਿਆਵੇਂ ਤਾਂ ਆਪਣੇ ਘਰ ਨਾ ਲਿਜਾਵੀਂ, ਪਹਿਲਾਂ ਹੋਰ ਕਿਸੇ ਦੇ ਘਰ ਲਿਜਾਕੇ ਫਿਰ ਆਪਣੇ ਘਰ ਆਵੀਂ। ਇਹ ਵਿਧੀ ਜੋਤਸ਼ੀਆਂ ਕੋਲੋਂ ਪੁੱਛਕੇ

ਵਿਆਹ ਕਰਵਾ ਕੇ ਲਿਆਇਆ, ਫਿਰ ਸੋਚਣ ਲੱਗਾ ਪਹਿਲਾਂ ਕਿਸੇ ਦੇ ਘਰ ਡੋਲਾ ਲਿਜਾਈਏ। ਮਨ ਅੰਦਰ ਆਈ ਪਹਿਲਾਂ ਮਹਾਰਾਜ ਜੀ ਦੇ ਦਰਸ਼ਨ ਕਰਨ ਦੇ ਬਹਾਨੇ ਹੋਰ ਕਿਸੇ ਦੇ ਘਰ ਜਾਇਆ ਜਾਵੇਗਾ। ਮਹਾਰਾਜ ਮਿਸਤਰੀ ਕਰਤਾਰ ਸਿੰਘ ਦੇ ਘਰ ਬੈਠੇ ਸੀ। ਇੰਦਰ ਨਵੀਂ ਵਿਆਹੁਤਾ ਨੂੰ ਨਾਲ ਲੈ ਕੇ ਮਿਸਤਰੀਆਂ ਦੇ ਘਰ ਨੂੰ ਤੁਰ ਪਏ। ਮਹਾਰਾਜ ਜੀ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਹੀ ਘਰੋਂ ਬਾਹਰ ਉੱਠਕੇ ਗਲੀ ਵਿਚ ਚਲੇ ਗਏ। ਖੂੰਡਾ ਆਪ ਜੀ ਕੋਲ ਸੀ ਆਉਂਦੇ, ਇੰਦਰ ਦੇ ਮਗਰ ਵਰ੍ਹਾਉਣ ਲੱਗੇ। ਕਹਿੰਦੇ "ਹੋਰਨਾਂ ਦੇ ਘਰ ਤੀਵੀਆਂ ਵਾਧੂ ਹਨ, ਮਾਰਨ ਵਾਸਤੇ, ਦੌੜ! ਚਲ ਪਿੱਛੇ।" ਇਹ ਗੱਲ ਇੰਦਰ ਨੂੰ ਹੀ ਪਤਾ ਸੀ, ਹੋਰ ਕਿਸੇ ਨੂੰ ਖ਼ਬਰ ਨਹੀਂ ਸੀ। ਇੰਦਰ ਮੁੜ ਕੇ ਰਾਜੂ ਲੰਬੜਦਾਰ ਦੀ ਪੌੜੀ ਚੜ੍ਹਕੇ ਉਸਦੇ ਘਰ ਆਪਣੀ ਤੀਵੀਂ ਨੂੰ ਲਿਜਾ ਕੇ ਫਿਰ ਆਪਣੇ ਘਰ ਚਲਾ ਗਿਆ। ਕੁੱਝ ਦਿਨਾਂ ਬਾਅਦ ਬਾਰ ਦੇਸ਼ ਵਿਚ ਰਾਜੂ ਦੇ ਘਰ ਵਾਲੀ ਮਰ ਗਈ। ਪਹਿਲਾਂ ਘਰ ਪੈਰ ਪਾਉਣ ਨਾਲ ਇੰਦਰ ਦੀ ਪੰਜਵੀਂ ਵਿਆਹੁਤਾ ਬਚ ਗਈ, ਫਿਰ ਘਰ ਔਲਾਦ ਨਾ ਹੋਵੇ, ਫਿਰ ਜੋਤਸ਼ੀਆਂ ਤੋਂ ਪੁੱਛਿਆ, ਜੋਤਸ਼ੀਆਂ ਨੇ ਵਿਧੀ ਦੱਸੀ, ਇਕ ਕਪਲ ਗਊ ਦਾਨ ਕੀਤੀ ਜਾਵੇ, ਤਰਵੈਣੀ ਨਾਲ ਫੇਰੇ ਲਏ ਜਾਣ, ਗਿੱਟਿਆਂ ਨੂੰ ਸੰਗਲ ਪਾ ਕੇ ਪੁੱਠਾ ਖੂਹ ਵਿਚ ਲਟਕੇ, ਅਸੀਂ ਮੰਤਰ ਪੜ੍ਹ ਪੜ੍ਹ ਕੇ ਔਤੀਆਂ ਪਾਵਾਂਗੇ ਤਾਂ ਘਰ ਔਲਾਦ ਹੋਵੇਗੀ। ਜੋਤਸ਼ੀਆਂ ਦੇ ਕਹਿਣ ਮੁਤਾਬਿਕ ਸਾਰੀ ਸਮੱਗਰੀ ਹਵਨ ਦੀ ਇਕੱਠੀ ਕੀਤੀ ਗਈ, ਜਦੋਂ ਇੰਦਰ ਨੂੰ ਪੁੱਠਾ ਕਰਕੇ ਖੂਹ ਵਿਚ ਲਟਕਾਉਣ ਲੱਗੇ। ਇੰਦਰ ਘਬਰਾ ਗਿਆ, ਚੀਕਾਂ ਮਾਰਨ ਲੱਗਾ, ਦੁਹਾਈ ਪਾਉਣ ਲੱਗਾ। ਕਹਿੰਦਾ "ਮੈਨੂੰ ਛੱਡ ਦਿਓ, ਮੈਂ ਨਹੀਂ ਕੁੱਝ ਵੀ ਕਰਨਾ, ਜੇ ਮੇਰੀ ਜਾਨ ਨਾ ਬਚੀ ਤਾਂ ਮੈਂ ਪੁੱਤਰ ਦਾ ਮੂੰਹ ਕਦੋਂ ਦੇਖਣਾ?" ਖੂਹ ਵਿਚ ਪੁੱਠਾ ਲਟਕਾਇਆ ਹੋਇਆ ਮੈਂ ਮਰ ਜਾਵਾਂਗਾ, ਬਚਾਂਗਾ ਨਹੀਂ।" ਉਥੋਂ ਹੀ ਉੱਠ ਕੇ ਮਹਾਰਾਜ ਜੀ ਦੀ ਸ਼ਰਨ ਪੈਣ ਲਈ ਤੁਰ ਪਿਆ। ਉਸੇ ਹੀ ਦਿਨ ਮਹਾਰਾਜ ਵਰਿਆਮ ਸਿੰਘ ਦੇ ਖੂਹ ਤੇ ਬੈਠੇ ਸਨ। ਛੋਟੀ ਜਿਹੀ ਕੁਟੀਆ ਨੂੰ ਕੁੰਡੀ ਲਾ ਕੇ ਬੈਠੇ ਸਨ। ਸੂਰਜ ਅਲੋਪ ਹੋ ਚੁੱਕਾ ਸੀ, ਰਾਤ ਹਨੇਰੀ ਹੋ ਗਈ ਸਭ ਪਾਸੀਂ ਹਨ੍ਹੇਰ ਹੀ ਹਨ੍ਹੇਰ ਛਾ ਰਿਹਾ ਸੀ। ਇੰਦਰ ਨੇ ਅੱਠ, ਨੌਂ ਵਜੇ ਰਾਤ ਦੇ ਅਲਖ ਜਗਾਈ। ਬਾਹਰੋਂ ਬੂਹੇ ਦੀ ਸਰਦਣ ਨੂੰ ਸਲਾਮ ਕਰਕੇ ਅਵਾਜ਼

ਦਿੱਤੀ। ਅੰਦਰੋਂ ਮਹਾਰਾਜ ਜੀ ਬੋਲੇ, "ਇੰਦਰ! ਇਸ ਵੇਲੇ ਕਿੱਧਰ ਫਿਰ ਰਿਹਾ ਹੈਂ।" ਇੰਦਰ ਬਹੁਤ ਦੁਖੀ ਤੇ ਦਰਦ ਭਰੀ ਅਰਜੋਈ ਨਾਲ ਬੋਲਿਆ, "ਸੱਚੇ ਪਾਤਸ਼ਾਹੋ! ਮੇਰਾ ਨਿਕਿਸਮਤੇ ਦਾ ਇਹੋ ਹੀ ਹਾਲ ਹੋਵੇਗਾ? ਆਪ ਹੁੰਦਿਆਂ ਮੈਂ ਦੁਨੀਆਂ ਤੋਂ ਔਤਰਾ ਜਾਵਾਂਗਾ, ਜਾਂ ਤੇ ਅੱਜ ਮੈਨੂੰ ਪੁੱਤਰ ਬਖਸ਼ੋ ਨਹੀਂ ਤੇ ਅੱਜ ਘਰ ਨੂੰ ਜਿਉਂਦਾ ਮੁੜਕੇ ਨਹੀਂ ਜਾਵਾਂਗਾ। ਹੋਰ ਅਨੇਕਾਂ ਹੀ ਉੱਜੜੇ ਹੋਏ ਘਰ ਵਸਾ ਦਿੱਤੇ ਹਨ, ਮੇਰਾ ਪਾਪੀ ਦਾ ਵੀ ਕਿਤੇ ਬੇੜਾ ਪਾਰ ਕਰੋ।" ਇੰਦਰ ਦੇ ਬਹੁਤ ਬੇਨਤੀਆਂ ਕਰਨ ਤੇ ਆਪ ਨੇ ਹੁਕਮ ਕੀਤਾ। ਇਕ ਜਲ ਦੀ ਗਾਗਰ ਭਰ ਕੇ ਲੈ ਆਉ। ਇੰਦਰ ਪਿਛੋਂ ਗਾਗਰ ਪਾਣੀ ਦੀ ਭਰ ਕੇ ਝੱਟ ਪੱਟ ਲੈ ਆਇਆ। ਬੂਹੇ ਅੱਗੇ ਜਾ ਕੇ ਅਵਾਜ਼ ਦਿੱਤੀ। ਅੱਗੋਂ ਮਹਾਰਾਜ ਚੁੱਪ-ਚਾਪ ਦੂਜੇ ਪਾਸੇ ਨੂੰ ਮੁਖ ਕਰਕੇ ਮੰਜੀ ਤੇ ਲੇਟ ਗਏ। ਇੰਦਰ ਨੇ ਦੁਬਾਰਾ ਅਵਾਜ਼ ਨਹੀਂ ਕੀਤੀ। ਗਾਗਰ ਲੈ ਕੇ ਸਾਰੀ ਰਾਤ ਖੜ੍ਹਾ ਰਿਹਾ, ਇੰਦਰ ਦਾ ਸਰੀਰ ਸੁੰਨ ਹੋ ਗਿਆ, ਸਰਦੀ ਨਾਲ ਖ਼ੂਨ ਜੰਮ ਗਿਆ। ਜਦੋਂ ਦਿਨ ਦਾ ਚੜ੍ਹਾਅ ਹੋਇਆ। ਪੂਰਬ ਵੱਲ੍ਹ ਆਕਾਸ਼ ਨੇ ਲਾਲੀ ਫੜੀ ਰਾਤ ਆਪਣੀ ਸਫ਼ ਲਪੇਟ ਕੇ ਅੱਗੇ ਨੂੰ ਚਾਲੇ ਪਾ ਗਈ, ਜਾਨਵਰਾਂ ਨੇ ਚੀਂ ਚੀਂ ਦੇ ਸ਼ਬਦ ਗਾਉਣ ਸ਼ੁਰੂ ਕੀਤੇ। ਮਹਾਰਾਜ ਜੀ ਨੇ ਪਾਸਾ ਪਲਟ ਕੇ ਆਖਿਆ, "ਉਹੋ! ਉਹ! ਇੰਦਰ ਖੜ੍ਹਾ ਹੀ ਹੈ?" ਮਹਾਰਾਜ ਜੀ ਨੇ ਖੁਦਾ-ਖੁਦਾ ਦੀ ਅਵਾਜ਼ ਕੀਤੀ, ਇੰਦਰ ਨੂੰ ਹੁਕਮ ਕੀਤਾ ਲਿਆ ਪਾਣੀ ਦੀ ਗਾਗਰ ਇਸ਼ਨਾਨ ਕਰ ਲਈਏ। ਖ਼ੂਹ ਤੋਂ ਕੁੱਝ ਦੂਰ ਬੇਰੀ ਦਾ ਬੂਟਾ ਸੀ, ਇਸ਼ਨਾਨ ਕਰਕੇ ਇੰਦਰ ਨੂੰ ਹੁਕਮ ਕੀਤਾ "ਚਲ ਇੰਦਰ! ਬੇਰੀ ਥੱਲੇ ਚਲਿਆ ਚਲ।" ਇੰਦਰ ਜਦੋਂ ਬੇਰੀ ਥੱਲੇ ਗਿਆ ਤਾਂ ਕੀ ਦੇਖੇ ਕਿ ਦੋ ਖੱਫ਼ਪੇ ਸੱਪ ਬਹੁਤ ਭਾਰੇ ਲੜ ਰਹੇ ਹਨ। ਇੰਦਰ ਚੀਕਾਂ ਮਾਰਦਾ ਪਿੱਛੇ ਨੂੰ ਨੱਠਣ ਲੱਗਾ। ਮਹਾਰਾਜ ਕਹਿੰਦੇ, "ਇੰਦਰ! ਡਰ ਨਾ ਇਹ ਦੋਵੇਂ ਨਾਗ ਜੱਫੀ ਵਿਚ ਪਾ ਕੇ ਚੁੱਕ ਲੈ, ਕੁੱਝ ਨਹੀਂ ਕਹਿੰਦੇ।" "ਸੱਚੇ ਪਾਤਸ਼ਾਹੋ! ਮੈਥੋਂ ਨਹੀਂ ਚੁੱਕੇ ਜਾਂਦੇ ਮੇਰੇ ਦੁਖੀ ਤੇ ਮਿਹਰ ਦੀ ਨਿਗਾਹ ਕਰੋ। ਦੋ ਫੁੱਟ ਉਚੇ ਖੜ੍ਹੇ ਸੱਪ ਲੜ ਰਹੇ ਹਨ, ਮੈਂ ਨਹੀਂ ਚੁੱਕ ਸਕਦਾ।" ਮਹਾਰਾਜ ਕਹਿੰਦੇ, "ਜਾ ਦੇਖ ਹੁਣ ਕੀ ਹੈ?" ਜਦੋਂ ਦੂਜੀ ਵਾਰ ਦੇਖਣ ਲੱਗਾ ਤਾਂ ਉੱਥੇ ਕੁੱਝ ਵੀ ਨਜ਼ਰ ਨਾ ਆਇਆ। ਮਹਾਰਾਜ ਕਹਿਣ ਲੱਗੇ, "ਇੰਦਰ ਪਿਛਲੀ ਕੋਠੜੀ ਘਰ ਵਿਚ ਦੀਵਾ ਕਰਿਆ ਕਰੋ, ਨਾਲੇ ਅਦਬ ਵੀ

ਰਖਿਆ ਕਰੋ, ਉਸ ਜਗ੍ਹਾ ਦਾ ਇਕ ਲੜਕਾ ਤੇਰੇ ਘਰ ਹੋਵੇਗਾ।" ਲੜਕਾ ਪਾਤਸ਼ਾਹ ਦੀ ਕਿਰਪਾ ਨਾਲ ਘਰ ਜਨਮਿਆ। ਕੁੱਝ ਦਿਨਾਂ ਦਾ ਹੋਣ ਤੇ ਮਹਾਰਾਜ ਜੀ ਦੇ ਮੱਥਾ ਟਿਕਾਉਣ ਵਾਸਤੇ ਗਏ। ਪਹਿਲਾਂ ਮਹਾਰਾਜ ਜੀ ਗੋਬਿੰਦ ਨਾਮ ਰੱਖਿਆ ਸੀ, ਪਿੱਛੋਂ ਘਰਦੀਆਂ ਨੇ ਹੀ ਤਰਸੇਵੇਂ ਦਾ ਹੋਣ ਕਰਕੇ ਤਰਸੇਮ ਰੱਖਿਆ। ਇੰਦਰ ਦੇ ਘਰ ਪਿਛਲੀ ਕੋਠੜੀ ਇਕ ਵਰਮੀ ਹੈ, ਉਸ ਵਿਚ ਕੋਈ ਇਛਿਆਧਾਰੀ ਨਾਗ ਰਹਿੰਦੇ ਸਨ, ਇਨ੍ਹਾਂ ਦੇ ਕਰੂਪ ਹੋਣ ਕਰਕੇ ਘਰ ਆਬਾਦ ਨਹੀਂ ਸੀ ਹੁੰਦਾ। ਇੰਦਰ ਨੂੰ ਨਾਗ ਲੜਨ ਦਾ ਜਲਵਾ ਇਹੋ ਹੀ ਦਿਖਾਇਆ ਸੀ ਇਹ ਗੁਪਤ ਰੂਹਾਂ ਪਸ਼ੂ, ਪੰਛੀ, ਨਾਗ ਆਦਿਕ ਸਭ ਜੀਵ ਆਪ ਜੀ ਦੇ ਹੁਕਮ ਵਿਚ ਚਲਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਪਿੰਡ ਗੁਣਾਚੌਰ ਦੇ ਮਾਮਦੀਨ ਰਾਜਪੂਤ ਦੀ ਚੱਲੀ

ਸੋਧੇ ਖਾਂ ਦੇ ਤਿੰਨ ਪੁੱਤਰ ਮਾਮਦੀਨ, ਬਾਬੂ ਖਾਂ, ਗਾਮੇ ਖਾਂ ਸਨ। ਇਨ੍ਹਾਂ ਦੇ ਘਰ ਤਿੰਨ ਔਰਤਾਂ ਸਨ, ਪੁੱਤਰ ਕਿਸੇ ਦੇ ਵੀ ਪੇਟੋਂ ਨਾ ਹੋਇਆ। ਉਮਰ ੬੦ ਸਾਲ ਦੀ ਹੋ ਗਈ। ਤਿੰਨ ਸੌ ਘੁਮਾਂ ਦੇ ਮਾਲਿਕ ਘਰ ਔਲਾਦ ਤੋਂ ਬਿਨਾਂ ਸੱਖਣਾ ਵੱਢ-ਵੱਢ ਖਾਂਦਾ ਸੀ। ਵੱਡੀਆਂ-ਵੱਡੀਆਂ ਹਵੇਲੀਆਂ ਡਰਾਉਣੀਆਂ ਲੱਗਦੀਆਂ ਸਨ। ਮਾਮਦੀਨ ਦਾ ਦਿਲ ਪੁੱਤਰ ਦੀ ਕਮੀ ਹੋਣ ਕਰਕੇ ਮੁਰਝਾਇਆ ਰਹਿੰਦਾ ਸੀ। ਦੁਨੀਆਂ ਭਰ ਦੇ ਸਭ ਪਦਾਰਥ ਚੰਗੇ ਨਹੀਂ ਸਨ ਲਗਦੇ। ਕਾਫ਼ੀ ਕੁੱਝ ਕਰਨ ਤੇ ਵੀ, ਕਿਤਿਓਂ ਵੀ ਖੈਰ ਨਾ ਪਈ। ਕਾਜੀਆਂ, ਸੱਯਦਾਂ ਨੇ ਬਥੇਰੇ ਟੂਣੇ, ਹਵਨ ਕੀਤੇ, ਸਾਰੇ ਪਾਸਿਆਂ ਤੋਂ ਨਿਰਾਸ਼ ਹੋ ਕੇ ਪੀਰਾਂ ਦੇ ਪੀਰ ਅਨਾਥਾਂ ਦੇ ਨਾਥ, ਨਿਥਾਵਿਆਂ ਦੇ ਥਾਉਂ, ਨਿਆਸਰਿਆਂ ਦੇ ਆਸਰੇ, ਨਾ ਚੀਜ਼, ਬੇਘਰਿਆਂ ਨੂੰ ਘਰ ਬਖਸ਼ਣ ਹਾਰੇ, ਮਿਹਰਾਂ ਦੇ ਸਾਈਂ, ਹਿੰਦੂ ਮੁਸਲਮਾਨ ਖੱਤਰੀ ਬ੍ਰਾਹਮਣ ਊਚ ਨੀਚ ਸਭ ਦੇ ਨਿਵਾਜਕ, ਸਭ ਦੇ ਤਾਰਕ, ਜਿਸਦੇ ਨੈਣਾਂ ਦੀ ਝਲਕ ਨਾਲ ਲੱਖਾਂ ਹੀ ਤਰ ਜਾਂਦੇ ਸਨ, ਉਸ ਨਾਭ ਕੰਵਲ ਰਾਜਾ ਸਾਹਿਬ ਜੀ ਬੂਹੇ ਦੀ ਓਟ ਲੈ ਕੇ ਯਕੀਨ ਨਾਲ ਚਰਨ ਫੜ ਲਏ। ਰਾਜਪੂਤਣੀਆਂ ਵੀ ਅੱਲਾ ਬਲੀ ਸਮਝਕੇ

ਮਹਾਰਾਜ ਦੇ ਹਰ ਰੋਜ਼ ਦਰਸ਼ਨ ਕਰਿਆ ਕਰਦੀਆਂ, ਘਰੋਂ ਤੁਰਨ ਲੱਗਿਆਂ ਸੱਤ-ਸੱਤ ਸਲਾਮਾਂ ਕਰਕੇ ਤੁਰਨਾਂ। ਸ਼ਿਕਾਰ ਖੇਡਣਾ ਛੱਡ ਦਿੱਤਾ ਸਾਧੂਆਂ ਵਰਗੀ ਬਿਰਤੀ ਧਾਰਨ ਕਰ ਲਈ। ਰੱਬ ਦੀ ਸੇਵਾ ਕੀਤੀ ਹੋਈ ਬਿਰਥੀ ਨਹੀਂ ਜਾਂਦੀ।

ਕਬੀਰ ਕਮਾਈ ਆਪਣੀ ਨਿਹਫਲ ਕਦੇ ਨਾ ਜਾਇ
ਸਤ ਸਮੁੰਦਰ ਟੱਪ ਕੇ ਫਿਰ ਮਿਲੇਗੀ ਆਇ॥

ਮਹਾਂਪੁਰਸ਼ਾਂ ਦੀ ਸੇਵਾ ਦਾ ਕੋਈ ਮੁੱਲ ਨਹੀਂ ਪਾ ਸਕਦਾ। ਸਾਧ ਦੀ ਸੇਵਾ ਕਰਨ ਤੇ ਚਾਰ ਪਦਾਰਥ ਜੋ ਮਿਲ ਜਾਂਦੇ ਹਨ, 'ਚਾਰ ਪਦਾਰਥ ਜੇ ਕੋਈ ਮਾਂਗੈ ਸਾਧ ਜਨਾ ਕੀ ਸੇਵਾ ਲਾਗੈ।' ਇਕ ਦਿਨ ਮਹਾਰਾਜ ਜੀ ਜਿਥੇ ਹੁਣ ਤਲਾਅ ਪੁੱਟਿਆ ਹੋਇਆ ਹੈ, ਉਸ ਖੇਤ ਵਿਚ ਜਾ ਬੈਠੇ। ਮਾਮਦੀਨ ਹੋਰਾਂ ਨੂੰ ਪਤਾ ਲੱਗਾ ਛੋਟੀ ਔਰਤ ਨੂੰ ਨਾਲ ਲੈ ਕੇ ਮਹਾਰਾਜ ਜੀ ਦੇ ਚਰਨੀ ਆ ਮੱਥਾ ਟੇਕਿਆ। ਇਹ ਮੰਗਤੀ ਜੋੜੀ ਦੇ ਅੰਦਰੂਨੀ ਫੁਰਨੇ ਨੂੰ ਮਹਾਰਾਜ ਨੇ ਪੂਰਾ ਕੀਤਾ। "ਮਾਮੂ! ਇਹ ਖੇਤ ਛੱਡ ਦੇਹ, ਇੱਥੇ ਜਾਨਵਰਾਂ ਦੇ ਪਾਣੀ ਪੀਣ ਵਾਸਤੇ ਮੱਠ ਦੇ ਨਾਂ ਤੇ ਟੋਭਾ ਪਟਾ ਦੇਈਏ।" ਮਾਮਦੀਨ ਹੱਥ ਬੰਨ੍ਹ ਕੇ ਕਹਿਣ ਲੱਗਾ "ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ।' ਉਹ ਸਾਰਾ ਹੀ ਖੇਤ ਮਾਮਦੀਨ ਦੇ ਧਰਮ ਅਰਥ ਸਤਿਗੁਰਾਂ ਦੇ ਹੁਕਮ ਨਾਲ ਛੱਡ ਦਿੱਤਾ। ਇਕ ਪੁੱਤਰ ਦਾ ਵਰ ਦਿੱਤਾ। ਇੰਨੇ ਚਿਰ ਨੂੰ ਬੰਗਿਆਂ ਤੋਂ ਇਕ ਲਾਲਾ ਇੱਕ ਫ਼ਲਾਂ ਦੀ ਟੋਕਰੀ ਲੈ ਕੇ ਆਇਆ। ਇਕ ਸੇਬ ਉਸ ਵਿਚੋਂ ਚੁੱਕ ਕੇ ਮਾਮਦੀਨ ਦੀ ਘਰਵਾਲੀ ਦੇ ਹੱਥਾਂ ਤੇ ਰੱਖਿਆ, ਛਕਣ ਦਾ ਹੁਕਮ ਕੀਤਾ। ਉਹ ਸ਼ੁਕਰ-ਸ਼ੁਕਰ ਕਰਕੇ ਛਕ ਗਈ, "ਜਾਓ! ਤੁਮਹਾਰੀ ਆਸ ਖੁਦਾ ਪੂਰੀ ਕਰੇਗਾ।" ਇਕ ਸਾਲ ਦੇ ਅੰਦਰ ਅੰਦਰ ਹੀ ਪੁੱਤਰ ਘਰ ਪੈਦਾ ਹੋ ਗਿਆ। ਉਸ ਬੱਚੇ ਦਾ ਨਾਂ ਖਾਲਕ ਖਾਂ ਰੱਖਿਆ। ਖਾਲਕ ਖਾਂ ਵੀ ਮਹਾਰਾਜ ਜੀ ਦੇ ਘਰ ਦਾ ਬਹੁਤ ਪ੍ਰੇਮੀ ਹੋਇਆ। ਜਦੋਂ ਸੰਨ 1947 ਵਿਚ ਮੁਲਕ ਵਿਚ ਅਦਲਾ ਬਦਲੀ ਹੋਈ, ਤਾਂ ਸਾਰਾ ਪਰਿਵਾਰ ਰਾਜਾ ਸਾਹਿਬ ਜੀ ਦੇ ਗੁਰਦੁਆਰੇ ਸਮਾਧ ਮੋਹਰੇ ਜਾ ਕੇ ਬੈਠ ਗਏ। ਆਪਣੇ ਘਰਾਂ ਦੇ ਸਮਾਨ ਵੀ, ਕਣਕ ਦੀਆਂ ਬੋਰੀਆਂ ਵੀ ਲੰਗਰ ਵਾਸਤੇ ਜਾਂਦੇ-ਜਾਂਦੇ ਸੁੱਟ ਗਏ। ਇਕ ਇਸ ਹੀ ਖਾਨਦਾਨ ਵਿਚੋਂ ਹਾਦੀਂ ਖਾਂ ਮੁੰਡਾ ਸੀ, ਜਿਸਨੂੰ ਮਹਾਰਾਜ ਨੈਬ ਆਖਕੇ ਬੁਲਾਇਆ ਕਰਦੇ

ਸਨ। ਇਕ ਦਿਨ ਨੈਬ ਖਾਂ ਦੇ ਨਾਲ ਇਕ ਹੋਰ ਮੁੰਡਾ ਦਰਸ਼ਨਾਂ ਨੂੰ ਗਿਆ, ਰਾਹ ਵਿਚ ਗੱਲਾਂ ਕਰਨ ਲੱਗਾ, ਜੇ ਸਾਡੇ ਘਰੀਂ ਰਾਜਾ ਸਾਹਿਬ ਬੈਠੇ ਹੋਵਣ। ਅਸੀਂ ਬਾਹਰਲੇ ਲੋਕਾਂ ਨੂੰ ਤਾਂ ਘਰੀਂ ਨਾ ਵੜਨ ਦੇਈਏ। ਜਦੋਂ ਮਹਾਰਾਜ ਦੇ ਗਏ ਜਾਂ ਨਮਸਕਾਰ ਕੀਤੀ। ਮਹਾਰਾਜ ਗਾਲੀਂ ਉਤਰ ਪਏ। ਕਹਿਣ ਲੱਗੇ, "ਨੱਠ ਜਾਓ! ਤੁਹਾਡੇ ਘਰੀਂ ਸੱਤਰ ਹੈ ਤੇ ਸਾਡੇ ਘਰੀਂ ਵੀ ਸੱਤਰ ਹੈ।" ਉਸ ਨੂੰ ਦਬਕਾ ਮਾਰਿਆ ਕਿ ਗੁਣਾਚੌਰ ਦੇ ਕਿਸੇ ਬੰਦੇ ਨੂੰ ਅੰਦਰ ਨਹੀਂ ਵੜਨ ਦੇਣਾ, ਧੱਕੇ ਮਾਰਕੇ ਬਾਹਰ ਕੱਢ ਦੇਵੋ। ਹਾਦੀ ਖਾਂ ਬਹੁਤ ਡਰਿਆ ਕੰਨ ਫੜ ਕੇ ਬੇਨਤੀਆਂ ਕਰਨ ਲੱਗਾ, "ਸੱਚੇ ਪਾਤਸ਼ਾਹੋ! ਮੈਂ ਫਿਰ ਕਦੇ ਇਹੋ ਜਿਹੀ ਗੱਲ ਨਹੀਂ ਸੁਣਾਂਗਾ।" ਮਹਾਰਾਜ ਦੇ ਹਜ਼ੂਰ ਕਾਫ਼ੀਆ ਗਾਉਂਦਾ ਸੀ। ਇਹੋ ਜਿਹੀ ਦਿਲ ਦੀ ਗੱਲ ਦੱਸੀ ਤਾਂ ਹੋਰ ਜ਼ਿਆਦਾ ਪ੍ਰੇਮ ਪੱਕਾ ਹੋ ਗਿਆ। ਘਰ ਦਾ ਕੰਮ ਵੀ ਛੱਡ ਦਿੱਤਾ, ਹਰ ਰੋਜ਼ ਦਰਸ਼ਨ ਕਰਿਆ ਕਰਦਾ ਸੀ। ਇਕ ਦਿਨ ਮਹਾਰਾਜ ਨੇ ਆਪਣੇ ਬਸਤਰ ਦਿੱਤੇ, ਨਾਲੇ ਹੁਕਮ ਕੀਤਾ, "ਹਾਦੀ ਖਾਂ ਤੁਮਾਰੇ ਲਈ ਹਮਨੇ ਪਾਕਿਸਤਾਨ ਬਨਾ ਦੀਆ ਹੈ' ਹੁਣ ਤੁਸੀਂ ਪਾਕਿਸਤਾਨ ਚਲੇ ਜਾਓ ਘਬਰਾਉਣਾ ਨਹੀਂ, ਸਾਨੂੰ ਸਦਾ ਅੰਗ ਸੰਗ ਸਮਝਣਾ। ਤੇਰੀ ਜਾਇਦਾਦ ਵੀ ਪਾਕਿਸਤਾਨ ਵਿਚ ਬਣਾ ਦਿੱਤੀ ਹੈ।" ਬਾਕੀ ਇਸੇ ਹੀ ਰੌਲੇ ਵਿਚ ਪਰਿਵਾਰ ਦੇ ਜੀਅ ਮਰ ਮੁੱਕ ਗਏ। ਹਾਦੀ ਖਾਂ ਸਾਰੀ ਜਾਇਦਾਦ ਦਾ ਮਾਲਿਕ ਬਣ ਗਿਆ। ਇਹ ਹੁਕਮ ਦਸ ਸਾਲ ਪਹਿਲਾਂ ਪਾਕਿਸਤਾਨ ਬਣਨ ਤੋਂ ਪਹਿਲਾਂ ਕੀਤੀ ਸੀ, ਇਹ ਸਾਖੀ ਬਿਸ਼ਨ ਸਿੰਘ ਗੁਣਾਚੌਰ ਦੇ ਚੌਕੀਦਾਰ ਨੇ ਸੁਣਾਈ ਸੀ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਮਹਿੰਗੇ ਨਾਲ ਹੋਈ

ਇਕ ਦਿਨ ਦੀ ਗੱਲ ਹੈ, ਮਹਾਰਾਜ ਜੀ ਚਾਰ ਕੁ ਵਜੇ ਦਿਨ ਦੇ ਪਿੰਡੋਂ ਉੱਠ ਕੇ ਚੜ੍ਹਦੀ ਵੱਲ੍ਹ ਨੂੰ ਤੁਰ ਪਏ। ਪਿੰਡ ਮਜਾਰੇ ਦਾ ਮਹਿੰਗਾ ਦਾਤੀ, ਦੌੜੀ ਲੈ ਕੇ ਪੱਠੇ ਵੱਢਣ ਨੂੰ ਜਾ ਰਿਹਾ ਸੀ, "ਮਹਿੰਗਿਆ! ਚੱਲ ਮੀਆਂ ਸਾਹਿਬ ਦੇ ਜਾ ਆਈਏ।" ਮਹਿੰਗੇ ਨੂੰ ਨਾਲ ਲੈ ਕੇ ਮੀਆਂ ਸਾਹਿਬ ਦੀ ਕਬਰ ਤੇ ਚਲੇ ਗਏ। ਇਹੀ ਮੀਆਂ ਸਾਹਿਬ ਕੋਈ ਮੁਸਲਮਾਨ ਫ਼ਕੀਰ ਚੰਗੀ ਪਹੁੰਚ ਵਾਲਾ ਹੋਇਆ ਹੈ। ਪਿੰਡ ਕਰਨਾਣੇ

ਦੀ ਜੂਹ ਵਿਚ ਇਨ੍ਹਾਂ ਦੀ ਖ਼ਾਨਗਾਹ ਬਣੀ ਹੋਈ ਹੈ, ਜਦੋਂ ਮੀਆਂ ਸਾਹਿਬ ਦੀ ਸਮਾਧ ਕੋਲ ਗਏ। ਮਹਾਰਾਜ, ਮਹਿੰਗੇ ਨੂੰ ਆਖਿਆ, "ਮਹਿੰਗਾ! ਮੀਆਂ ਅਜੇ ਆਇਆ ਨਹੀਂ ਪਰ ਮੀਏਂ ਦੀ ਕਬਰ ਨੂੰ ਸਲਾਮ ਕਰ ਦੇਹ, ਮੀਆਂ ਚੰਗਾ ਇਮਾਨਦਾਰ ਆਦਮੀ ਸੀ।" ਮਹਿੰਗਾ ਕਹਿੰਦਾ "ਨਾਲੇ ਹੁਕਮ ਕਰਦੇ ਹੁੰਦੇ ਹੋ ਮੈਥੋਂ ਬਿਨਾਂ ਹੋਰ ਕਿਸੇ ਨੂੰ ਮੰਨਣਾ ਨਹੀਂ, ਜਿੰਨੇ ਅਵਤਾਰੀ ਆਇਆ ਹਾਂ ਮੈਂ ਹੀ ਆਇਆ ਹਾਂ।" ਮਹਾਰਾਜ ਬੈਠ ਗਏ ਤੇ ਕਹਿਣ ਲੱਗੇ, "ਕਾਕਾ, ਜਿਹੜਾ ਬੰਦਾ ਬੰਦੇ ਨਾਲ ਹਮਦਰਦੀ ਨਾਲ ਇਕ ਪੈਰ ਵੀ ਭੁਰਿਆ ਹੋਵੇ ਉਸ ਦਾ ਮਾਣ ਕਰਨਾ ਚਾਹੀਦਾ ਹੈ, ਭਾਵੇਂ ਛੋਟਾ ਹੀ ਹੋਵੇ। ਮਹਿੰਗਾ! ਮੈਂ ਬੇਈਂ ਤਾਈਂ ਸਾਰੀ ਲੀਕ ਚੁੱਕ ਦੇਣੀ ਹੈ। ਮਹਿੰਗਾ! ਮੈਂ ਸਤਲੁਜ ਨੂੰ ਗੁੱਸੇ ਹੋਣ ਤੇ ਵੱਡੇ-ਵੱਡੇ ਵਿਅਕਤੀਆਂ ਨਾਲ ਮੀਟਿਗ ਕੀਤੀ। ਸਾਰੀਆਂ ਅਵਤਾਰ ਹਸਤੀਆਂ ਨੇ ਇਕੱਠੀਆਂ ਹੋ ਕੇ ਦਰਿਆ ਨੂੰ ਆਖਿਆ, ਇਹ ਕੰਮ ਨਾ ਕਰ, ਸਭ ਦੇ ਕਹਿਣ ਤੇ ਵੀ ਦਰਿਆ ਨਾ ਮੰਨਿਆ। ਮੈਂ ਆਖਿਆ, "ਮੈਂ ਨਹੀਂ ਇਕ ਰੇੜੀ ਮਿੱਟੀ ਦੀ ਪੁੱਟਣ ਦੇਣੀ, ਦੁਆਬਾ ਤਾਂ ਹਮ ਨੇ ਹੀ ਆਬਾਦ ਕੀਤਾ ਸੀ। ਮੈਂ ਇਸ ਦਾ ਇਕ ਭੋਰਾ ਥਲ ਵੀ ਨਹੀਂ ਪੁੱਟਣ ਦੇਵਾਂਗਾ। ਸਤਲੁਜ ਸਭ ਤੋਂ ਆਕੀ ਹੋ ਕੇ ਭੁਰ ਪਿਆ, ਉਸ ਵੇਲੇ ਸਭ ਤੋਂ ਅੱਗੇ ਹੋ ਕੇ ਮੀਆਂ ਸਾਹਿਬ ਸਾਡੇ ਨਾਲ ਬੰਨ੍ਹ ਲਾਉਣ ਲਈ ਭੁਰਿਆ ਸੀ। ਇਸ ਕਰਕੇ ਮੈਂ ਮੀਏਂ ਦੀ ਇੱਜ਼ਤ ਕਰਦਾ ਹਾਂ। ਸਾਡਾ ਬੰਨ੍ਹ ਲਾਇਆ ਹੋਇਆ ਸਤਲੁਜ ਦਰਿਆ ਤੋੜ ਨਾ ਸਕਿਆ। ਜਦੋਂ ਸਰਵਾ ਕੀਤਾ ਸੀ, ਉਸ ਵੇਲੇ ਵੀ ਮੀਆਂ ਨਾਲ ਹੀ ਸੀ।" ਇਹ ਬਚਨ ਮਹਾਰਾਜ ਜੀ ਨੇ ਬਹੁਤ ਸਾਲ ਪਹਿਲਾਂ ਹੀ ਕੀਤੇ ਸਨ। ਨਹਿਰਾਂ ਦੁਆਬੇ ਵਿਚ ਬਹੁਤ ਦੇਰ ਨਾਲ ਆਈਆਂ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਮੌਲਾ ਬਖਸ਼ ਸੁਆਮੀ ਦੇ ਪ੍ਰਥਾਏ ਚੱਲੀ

ਇਹ ਮੌਲਾ ਬਖਸ਼ ਜਾਤ ਦਾ ਰੌਲ ਜ਼ਿਲ੍ਹਾ ਕੈਮਲਪੁਰ ਦਾ ਸੀ। ਇਹ ਸੀ.ਆਈ.ਡੀ. ਦਾ ਇੰਸਪੈਕਟਰ ਸੀ। ਇਹ ਜ਼ਿਲ੍ਹੇ ਜਲੰਧਰ ਵਿਚ ਲੱਗਾ ਹੋਇਆ ਸੀ। ਮਹਾਰਾਜ ਨਾਭ ਕੰਵਲ ਦਾ ਜਲੌਅ ਦੇਖਕੇ ਆਪ ਸਾਧ ਬਣਕੇ ਇਨ੍ਹਾਂ ਦਾ ਮਹੌਲ ਦੇਖਣ ਵਾਸਤੇ ਪਿੰਡ ਮਜਾਰੇ ਆਇਆ। ਮਹਾਰਾਜ ਪਿੰਡੋਂ ਚੜ੍ਹਦੇ ਪਾਸੇ

ਦਰਵਾਜ਼ੇ ਮੋਹਰੇ ਬੈਠੇ ਸਨ। ਇਸ ਮੌਲਾ ਬਖਸ਼ ਨੇ ਪੂਰਾ ਸਾਧਾਂ ਦਾ ਰੂਪ ਧਾਰਨ ਕੀਤਾ ਹੋਇਆ ਸੀ, ਗੱਲ ਤਸਬੀ, ਹੱਥ ਵਿਚ ਚਿੱਪੀ, ਤਾਜ਼ੀ-ਤਾਜ਼ੀ ਹਜ਼ਾਮਤ ਸਿਰ ਮੂੰਹ ਮੁੰਨ ਕੇ ਪੂਰਾ ਪਰਮਹੰਸ ਬਣਿਆ ਹੋਇਆ ਸੀ। ਜਦੋਂ ਮਹਾਰਾਜ ਜੀ ਦੇ ਸਾਹਮਣੇ ਆਇਆ, ਆ ਕੇ ਸਲਾਮ ਕੀਤਾ ਬੋਲੇ "ਮੌਲਾ ਕੈਮਲਪੁਰ ਵੀ ਰਾਜਾ ਦੇ ਨਾਂ ਤੇ ਵਸਿਆ। ਅਟਕ ਦਰਿਆ ਵੀ ਰਾਜਾ ਦੇ ਹੁਕਮ ਵਿਚ ਵਗਦਾ ਹੈ। ਮੌਲਾ! ਕੁੱਝ ਨਜ਼ਾਰਾ ਦੇਖਣਾ?" ਇੰਨੇ ਹੀ ਬਚਨ ਕਹਿਣ ਦੇ ਨਾਲ ਮੌਲੇ ਦੀ ਸੁਰਤ ਗੁੰਮ ਹੋ ਗਈ। ਬਸੰਤ ਰੁੱਤ ਦੇ ਆਕਾਸ਼ ਵਾਂਗ ਹਿਰਦਾ ਨਿਰਮਲ ਹੋ ਗਿਆ। ਰਿਧੀਆਂ-ਸਿਧੀਆਂ ਪ੍ਰਗਟ ਹੋ ਗਈਆਂ। ਮੌਲੇ ਨੂੰ ਕੋਈ ਪਤਾ ਨਹੀਂ ਰਿਹਾ ਸੀ.ਆਈ.ਡੀ. ਦੇ ਕੰਮਾਂ ਦਾ ਇਕੋ ਹੀ ਨੈਣਾਂ ਦੇ ਵਾਰ ਨਾਲ ਸੈਅਦ ਖਾਂ ਦੀ ਤਰਾਂ ਮੁਰੀਦ ਬਣ ਗਿਆ।

'ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰ ਪਰਿਆ ਪਰਾ ਕਰੇਜੇ ਛੇਕੁ॥

ਆਇਆਂ ਤਾਂ ਦੁਨੀਆਂ ਦੇ ਵਾਲੀ ਨੂੰ ਪਰਖਣ ਸੀ ਪਰ ਪਰਖਿਆ ਆਪ ਹੀ ਗਿਆ। ਇਹ ਮੌਲਾ ਬਖਸ਼ ਮਾਧੋ ਦਾਸ ਬੈਰਾਗੀ ਦੀ ਤਰਾਂ ਪਹਿਲਾਂ ਵੀ ਚੰਗਾ ਜਾਦੂਗਰ ਸੀ। ਕਾਫ਼ੀ ਹੇਰ-ਫੇਰ ਕਰਨ ਜਾਣਦਾ ਸੀ, ਬਹੁਤ ਹੁਸ਼ਿਆਰ ਮੰਨਿਆ ਜਾਂਦਾ ਸੀ ਪਰ ਪੀਰਾਂ ਦੇ ਪੀਰ ਦੇ ਸਾਹਮਣੇ ਆਉਣ ਦੇ ਨਾਲ ਸਾਰੀਆਂ ਜਾਦੂਗਰਾਂ ਵਾਲੀਆਂ ਸਿਫ਼ਤਾਂ ਗੁੰਮ ਹੋ ਗਈਆਂ। ਬੰਦੇ ਬਹਾਦਰ ਦੀ ਤਰਾਂ ਬੰਦਾ ਬਣ ਗਿਆ। ਹੁਣ ਕੀਲੇ ਹੋਏ ਸੱਪ ਵਾਂਗ ਮਜਾਰੇ ਦੀ ਜੂਹ ਤੋਂ ਬਾਹਰ ਨਹੀਂ ਜਾ ਸਕਦਾ ਸੀ। ਅਫ਼ਸਰੀਆਂ ਸਭ ਰੁੜ੍ਹ ਗਈਆਂ। ਹੁਣ ਕੋਈ ਪਤਾ ਨਹੀਂ ਕਿਧਰ ਹਮਾਰਾ ਦੇਸ਼ ਰਹਿ ਗਿਆ? ਕਿਧਰ ਅਟਕ ਦਰਿਆ ਵਗਦੇ ਹਨ? ਇਕ ਦਿਨ ਮੌਲੇ ਨੂੰ ਹੁਕਮ ਕੀਤਾ। ਇਕ ਕਾਲੇ ਜਿਹੇ ਰੰਗ ਦੀ ਦੋ ਢਾਈ ਫੁੱਟ ਦੀ ਸੋਟੀ ਦੇ ਕੇ ਆਖਿਆ, "ਲਉ ਮੌਲਾ! ਇਸ ਕੋਲੋਂ ਜੋ ਕੁੱਝ ਮਰਜੀ ਕਰਾਈ ਜਾਣਾ।" ਸੋਟੀ ਦੇ ਕੇ ਤੋਰ ਦਿੱਤਾ ਮੌਲੇ ਦੀ ਅੰਤਰਯਾਮਤਾ ਦੀ ਸਭ ਪਾਸੇ ਧਾਕ ਪੈ ਗਈ। ਵਾਕ ਸਿੱਧੀ ਚਲ ਪਈ। ਜੋ ਕੁੱਝ ਵੀ ਜ਼ੁਬਾਨ ਤੋਂ ਨਿਕਲ ਜਾਵੇ, ਸਭ ਸੱਚ ਹੋ ਜਾਂਦਾ ਸੀ। ਜਿੱਧਰ ਜਾਵੇ ਲੋਕ ਮਗਰ ਨੱਠੇ ਫਿਰਿਆ ਕਰਨ।

ਤਲਾਅ ਉੱਪਰ ਚੁਬਾਰਾ ਬਣਾ ਕੇ ਬੈਠ ਗਿਆ। ਕਈ ਘੋੜੀਆਂ ਲੋਕਾਂ ਨੇ ਚੜ੍ਹਨ ਵਾਸਤੇ ਦਿੱਤੀਆਂ। ਜਿੱਧਰ ਜਾਵੇ ਝੱਟ ਮਾਇਆ ਇਕੱਠੀ ਕਰ ਲਿਆਵੇ, ਕਿਸੇ ਨੂੰ ਦੁੱਧ, ਕਿਸੇ ਨੂੰ ਪੁੱਤਰ, ਕਿਸੇ ਨੂੰ ਮਾਇਆ ਦੇ ਗੱਫੇ ਬਖਸ਼ਣ ਲੱਗਾ। ਆਪਣੇ ਹੱਥ ਨਾਲ ਵੱਡੇ-ਵੱਡੇ ਅਸਾਧ ਰੋਗੀਆਂ ਨੂੰ ਇਕ ਚੁਟਕੀ ਰਾਖ ਦੀ ਦੇ ਕੇ ਰਾਜ਼ੀ ਕਰ ਦਿਆ ਕਰੇ। ਜੋ ਵੀ ਬਚਨ ਕਿਸੇ ਨੂੰ ਦੇਵੇ ਸਤ ਹੋ ਜਾਵੇ। ਇਕ ਦਿਨ ਪਿੰਡ ਮਜਾਰੇ ਮੁਨਿਆਦੀ ਕਰਾਈ ਅੱਜ ਕੋਈ ਕੰਮ ਨਾ ਕਰੇ। ਸੰਗਰਾਂਦ ਦਾ ਦਿਨ ਸੀ ਜਿਹੜਾ ਕੰਮ ਕਰੇਗਾ ਉਸਦੇ ਸੱਪ ਲੜ ਜਾਵੇਗਾ। ਇਕ ਮੁੰਡਾ ਮਜਾਰੇ ਦਾ ਕੰਮ ਕਰਨ ਜਾਣ ਲੱਗਾ, ਸੱਚਮੁਚ ਹੀ ਉਸਦੇ ਸੱਪ ਲੜਿਆ। ਸੱਪ ਲੜਨ ਤੋਂ ਬਾਅਦ ਉਸੇ ਵੇਲੇ ਸੁਆਮੀ ਕੋਲ ਲੈ ਆਏ, ਸੁਆਮੀ ਉਸ ਵੇਲੇ ਰਸੋਖਾਨੇ ਬੈਠਾ ਸੀ। ਸੁਆਮੀ ਨੇ ਇਕ ਕੱਚ ਦੇ ਗਿਲਾਸ ਵਿਚ ਸੰਗਤਰੇ ਦਾ ਰੱਸ ਨਿਚੋੜ ਕੇ ਆਪਣੇ ਹੱਥ ਨਾਲ ਉਸ ਲੜਕੇ ਨੂੰ ਪਿਲਾ ਦਿੱਤਾ। ਉਸ ਵੇਲੇ ਜ਼ਹਿਰ ਪਤਾ ਨਹੀਂ ਅੰਮ੍ਰਿਤ ਦਾ ਰੂਪ ਧਾਰਨ ਕਰ ਗਈ। ਲੜਕੇ ਦਾ ਵਾਲ ਵਿੰਗਾ ਨਾ ਹੋਇਆ। ਇਹ ਸਾਖੀ ਮੇਰੇ ਦੇਖਣ ਦੀ ਹੈ। ਦਾਸ ਵੀ ਸੰਤ ਜੀ ਦੇ ਦਰਸ਼ਨ ਕਰਨ ਗਿਆ ਹੋਇਆ ਸੀ। ਮਿੱਟੀ ਦੀ ਡਲੀ ਨੂੰ ਸੋਨਾ ਬਣਾ ਦਿੰਦਾ ਸੀ। ਇਕ ਵਾਰ ਰਾਜਾ ਸਾਹਿਬ ਜੀ ਨੇ ਠਾਕਰ ਸਿੰਘ ਰਹਿਪੇ ਵਾਲੇ ਨੂੰ ਹੁਕਮ ਕੀਤਾ, "ਠਾਕਰ! ਰਹਿਪੇ ਵੱਲ੍ਹ ਹਾਲਾ ਬਹੁਤ ਜ਼ਿਆਦਾ ਹੋਇਆ ਹੈ, ਕਈਆਂ ਵੱਲ੍ਹ ਤਾਂ ਦੋ ਦੋ ਹਜ਼ਾਰ ਹੋ ਗਿਆ ਹੈ ਲੋਕਾਂ ਨੂੰ ਕਹਿਣਾ ਸੀ, ਸਾਡਾ ਹਾਲਾ ਦੇ ਜਾਣ ਜਾਂ ਘਰ ਪਰਤੀ ੨੦ ਸੇਰ ਦਾਣੇ ਇਕੱਠੇ ਕਰਕੇ ਵਹਿੰਗੀਆਂ ਵਿਚ ਪਾ ਕੇ ਰਸੋਖਾਨੇ ਛੱਡ ਜਾਣ। ਇਹ ਗੱਲ ਪਿੰਡ ਜਾ ਕੇ ਕਹਿ ਦੇਣੀਂ। ਚੌਕੀਦਾਰ ਦਾ ਕੰਮ ਹੋਕਾ ਦੇਣਾ ਹੈ। ਜੇ ਨਾ ਦੇਣਗੇ ਤਾਂ ਚੜ੍ਹਦੇ ਅੱਸੂ ਹਾਲਾ ਲੈ ਲਵਾਂਗੇ। ਪਹਿਲਾ ਸਭ ਤੋਂ ਬਛੂਆਂ ਤੋਂ ਲਵਾਂਗੇ, ਇਹ ਘਰ ਦੀ ਗੱਲ ਹੈ।" ਖੇਰ ਭਾਈਆ ਜੀ ਨੇ ਆ ਕੇ ਦੱਸਿਆ ਕਿ ਇਹ ਹੁਕਮਨਾਮਾ ਮਹਾਰਾਜ ਜੀ ਦਾ ਹੈ, ਲੋਕਾਂ ਨੇ ਪੂਰਾ ਧਿਆਨ ਨਾ ਦਿੱਤਾ। ਚੜ੍ਹਦੇ ਅੱਸੂ ਪਹਿਲਾਂ ਬਛੂਆਂ ਦੇ ਕਈ ਪਸ਼ੂ ਮਰੇ, ਪਸ਼ੂ ਬਹੁਤ ਥੋੜ੍ਹੇ ਸਮੇਂ ਵਿਚ ਮਰ ਗਏ। ਪਿੰਡ ਵਿਚ ਹਨ੍ਹੇਰੀ ਉੱਠ ਖੜ੍ਹੀ ਬਹੁਤ ਸਾਰੇ ਲੋਕੀ ਠਾਕੁਰ ਸਿੰਘ ਕੋਲ ਇਕੱਠੇ ਹੋ ਕੇ ਆਏ ਨਾਭ ਕੰਵਲ ਰਾਜਾ ਸਾਹਿਬ ਕੋਲ ਜਾ ਕੇ ਬੇਨਤੀ ਕਰੋ, ਸਾਡਾ ਬਹੁਤ ਨੁਕਸਾਨ ਹੋ ਰਿਹਾ ਹੈ। ਠਾਕਰ ਸਿੰਘ ਲੋਕਾਂ ਦੇ ਕਹਿਣ ਤੇ ਪਿੰਡ ਮਜਾਰੇ ਗਿਆ। ਸੁਆਮੀ

ਕੋਲ ਅਰਜ ਕੀਤੀ, ਸੁਆਮੀ ਨੇ ਦੋ ਮੁੱਠਾਂ ਧੂੜੇ ਦੀਆਂ ਲੰਗਰ ਵਿਚੋਂ ਠਾਕਰ ਸਿੰਘ ਦੇ ਲੜ ਬੰਨ੍ਹ ਦਿੱਤੀਆਂ ਇਉਂ ਆਖਿਆ ਜਾ ਕੇ ੨੦ ਸੇਰ ਆਟੇ ਵਿਚ ਮਿਲਾ ਕੇ ਘਰ ਪਰਤੀ ਦੋ ਚਮਚੇ ਦੇ ਦੇਣੇ। ਲੋਕਾਂ ਨੂੰ ਆਖਣਾ ਕਿ ਇਸ ਵਿਚ ਹੋਰ ਆਟਾ ਮਿਲਾ ਕੇ ਇਹ ਪੇੜੀ ਬਣਾਂਕੇ ਪਸ਼ੂਆਂ ਨੂੰ ਦੇ ਦੇਣੀ। ਐਸਾ ਕਰਨ ਨਾਲ ਪਸ਼ੂ ਮਰਨ ਤੋਂ ਉਸੇ ਦਿਨ ਹਟਕੇ ਤੇ ਰਾਜ਼ੀ ਹੋ ਗਏ। ਇਸ ਗੱਲ ਦਾ ਬਹੁਤ ਅਸਰ ਪਿਆ, ਇਕ ਬਲਦ ਨੱਥਾ ਸਿੰਘ ਦਾ ਬਿਮਾਰ ਹੋ ਗਿਆ। ਨੱਥਾ ਸਿੰਘ ਠਾਕਰ ਸਿੰਘ ਨੂੰ ਆਖਣ ਲੱਗਾ, "ਸਾਡਾ ਬਲਦ ਰਾਜ਼ੀ ਨਹੀਂ ਹੋਇਆ। ਤੁਸੀਂ ਇਕ ਵਾਰ ਸੁਆਮੀ ਕੋਲ ਫਿਰ ਜਾਓ। ਠਾਕੁਰ ਸਿੰਘ ਫਿਰ ਮਜਾਰੇ ਗਿਆ ਮੌਲੇ ਦਾ ਪਤਾ ਕੀਤਾ। ਸੁਆਮੀ ਗੁਣਾਚੌਰ ਗਿਆ ਹੋਇਆ ਸੀ। ਠਾਕਰ ਸਿੰਘ ਮਨ ਵਿਚ ਸੋਚਣ ਲੱਗਾ ਕਿ ਪਹਿਲਾਂ ਦਰਸ਼ਨ ਰਾਜਾ ਸਾਹਿਬ ਦੇ ਕਰਕੇ ਜਾਂਦਾ, ਸੁਆਮੀ ਨੂੰ ਬਾਅਦ ਵਿਚ ਮਿਲ ਲਵਾਂਗਾ। ਜਦੋਂ ਮਹਾਰਾਜ ਦੇ ਸਾਹਮਣੇ ਗਿਆ, "ਠਾਕਰਾ! ਚੱਲ ਪਿੰਡ ਨੱਠ ਚਲ! ਅੱਜੇ ਬਲੋਆਲ ਵੱਲ੍ਹ ਦੇ ਖੂਹ ਵਾਲਿਆਂ ਦਾ ਹਾਲਾ ਰਹਿੰਦਾ ਹੈ ਤੇ ਸੁਆਮੀ ਕੋਲ ਜਾ ਕੇ ਕੀ ਲੈਣਾ ਹੈ? ਪਹਿਲਵਾਨ ਦੇ ਤਾਂ ਹੱਥ ਹੀ ਦੋ ਹੁੰਦੇ ਹਨ।" ਠਾਕਰ ਸਿੰਘ ਦੇ ਮਨ ਦੀ ਸ਼ੰਕਾ ਦੂਰ ਕਰ ਦਿੱਤੀ ਕਿ ਜੋ ਤਾਕਤ ਕੰਮ ਕਰ ਰਹੀ ਹੈ, ਸੁਆਮੀ ਵਿਚ ਉਹ ਸਾਡੀ ਹੀ ਸ਼ਕਤੀ ਕੰਮ ਕਰ ਰਹੀ ਹੈ। ਫਿਰ ਠਾਕਰ ਸਿੰਘ ਸੁਆਮੀ ਨੂੰ ਨਹੀਂ ਮਿਲਿਆ। ਆਉਂਦੇ ਨੂੰ ਨੱਥਾ ਸਿੰਘ ਦਾ ਬਲਦ ਮਰ ਚੁੱਕਾ ਸੀ। ਇਕ ਦਿਨ ਸੁਆਮੀ ਪਿੰਡ ਰਾਏਪੁਰ ਡੱਬਾ ਗਿਆ, ਥੋੜ੍ਹੇ ਟਾਇਮ ਨਾਲ ਹੀ ੫੦੦ ਰੁਪਿਆ ਇਕੱਠਾ ਕਰ ਲੈ ਆਇਆ। ਮੁੜਕੇ ਆਇਆ ਘੋੜੀ ਤੇ ਅਸਵਾਰ ਸੀ, ਰਸੋਖਾਨੇ ਆਣ ਕੇ ਕਹਿਣ ਲੱਗਾ, "ਦੇਖੋ ਹਮਾਰੀ ਕਰਾਮਾਤ, ਜਾਂਦਾ-ਜਾਂਦਾ ੫੦੦ ਰੁਪਿਆ ਲੈ ਆਇਆ ਹਾਂ।" ਮੁੰਦਰ ਸਿੰਘ ਕਹਿੰਦਾ, "ਮੌਲਾ ਬਖ਼ਸਾ! ਤੇਰੇ ਵਿਚ ਕੀ ਸ਼ਕਤੀ ਹੈ? ਇਹ ਰਾਜਾ ਦੀ ਛਿਟੀ ਦਿੱਤੀ ਹੋਈ ਕੰਮ ਕਰੀ ਜਾਂਦੀ ਹੈ।" ਮੌਲੇ ਛਿਟੀ ਸੁੱਟ ਦਿੱਤੀ ਕਹਿੰਦਾ, "ਜੋ ਕੁਛ ਕਰ ਰਿਹਾ ਹਾਂ, ਮੈਂ ਖ਼ੁਦ ਕਰ ਰਿਹਾ ਹਾਂ।" ਸੁਆਮੀ ਨੂੰ ਮਾਣ ਹੋ ਗਿਆ। ਮਾਣ ਸਭ ਕੁੱਝ ਨਸ਼ਟ ਕਰ ਦਿੰਦਾ ਹੈ। ਜਿਵੇ

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥

ਜਦੋਂ ਹੰਕਾਰ ਹੋ ਜਾਂਦਾ ਹੈ ਤਾਂ ਪਤਨ ਸ਼ੁਰੂ ਜਾਂਦਾ ਹੈ। ਵੱਡੇ-ਵੱਡੇ ਰਿਖੀ-

ਮੁਨੀ, ਪੀਰ-ਪੈਗੰਬਰ ਜਦੋਂ ਵੀ ਕਦੀ ਕਿਸੇ ਵਿਚ ਮਾਣ ਆਏ, ਬੱਸ ਫਿਰ ਖ਼ਤਮ ਹੋ ਗਏ। ਇਹ ਮੌਲਾ ਬਖ਼ਸ਼ ਨੂੰ ਜਦੋਂ ਕੁੱਝ ਰੌਸ਼ਨੀ ਹੋਈ ਦੁਨੀਆਂ ਨੂੰ ਸ਼ਕਤੀਆਂ ਦਿਖਾਉਣ ਲੱਗਾ ਤਾਂ ਇਸਨੂੰ ਸੁਆਮੀ ਜੀ ਆਖਕੇ ਬੁਲਾਉਣ ਲੱਗ ਪਏ ਸਨ। ਇਕ ਦਿਨ ਚਾਰ ਸੇਠ ਦਿੱਲੀ ਵਲੋਂ ਲੈ ਆਇਆ, ਮਹਾਰਾਜ ਦੇ ਪੇਸ਼ ਹੋਏ, ਅਰਜ ਕੀਤੀ, "ਸੱਚੇ ਪਾਤਸ਼ਾਹੋ! ਇਹ ਚਾਰ ਸੇਠ ਮੈਂ ਦਿਲੀਉਂ ਲੈ ਆਇਆ। ਇਹ ਇਕ ਵਾਰੀ ਸਰੋਵਰ ਦੇ ਪੱਕੀ ਕਰਨ ਦੀ ਇਜਾਜ਼ਤ ਮੰਗਦੇ ਹਨ।" ਹਜ਼ੂਰ ਦਾ ਹੁਕਮ ਅੱਗੋਂ ਆਇਆ, "ਮੌਲਾ ਬਖਸ਼! ਇਹ ਤਾਂ ਮੈਂ ਜਾਨਵਰਾਂ ਦੇ ਪਾਣੀ ਪੀਣ ਵਾਸਤੇ ਮਣੇ ਦੇ ਨਾਂ ਤੇ ਟੋਭਾ ਪਟਵਾਇਆ ਸੀ। ਸਰੋਵਰ ਤਾਂ ਸਾਡਾ ਗਾਗਰ ਮੱਲ ਆ ਕੇ ਬਣਾਵੇਗਾ। ਇਹ ਗਾਗਰ ਮਲ ਮਾਰਵਾੜ ਦੇਸ਼ ਦਾ ਹੋਵੇਗਾ, ਹਾਲੇ ਟਾਇਮ ਨਹੀਂ ਹੈ। ਪਹਿਲਾਂ ਅਸੀਂ ਸਰਵਾ ਕਰਨਾ ਹੈ।" ਉਸ ਵੇਲੇ ਸੰਤ ਜੀ ਮਹਾਰਾਜ ਜੀ ਦੇ ਦਰਸ਼ਨ ਨੂੰ ਆਏ ਹੋਏ ਸਨ। ਇਹ ਸੁਆਮੀ ਨਾਲ ਬਚਨ ਜੋ ਪਾਤਸ਼ਾਹ ਨੇ ਕੀਤੇ ਉਸ ਵੇਲੇ ਸੰਤ ਅਵੁਧੂਤ ਜੀ ਵੀ ਕੋਲ ਖੜ੍ਹੇ ਸਨ। ਉਸ ਤੋਂ ਬਾਅਦ ਸੁਆਮੀ ਜ਼ਿਆਦਾ ਹੀ ਮਾਣ ਵਿਚ ਹੋ ਗਿਆ, ਕਈਆਂ ਦੇ ਗਹਿਣੇ ਵੀ ਲੁਹਾ ਕੇ ਖਾ ਪੀ ਜਾਂਦਾ ਸੀ। ਨਾਲ ਅਮਲ ਖਾਣ ਵਾਲੀ ਪਾਰਟੀ ਰੱਖਣ ਲੱਗ ਪਿਆ। ਇਕ ਦਿਨ ਸਤਿਗੁਰਾਂ ਦੇ ਦਰਸ਼ਨਾਂ ਨੂੰ ਗਿਆ। ਨਾਭ ਕੰਵਲ ਰਾਜਾ ਸਾਹਿਬ ਜੀ ਆਪਣੇ ਘਰ ਪਲੰਘ ਉਤੇ ਬੈਠੇ ਸਨ। ਸੁਆਮੀ ਨੇ ਜਦੋਂ ਸਲਾਮ ਕੀਤਾ, ਉਹ ਕਾਲੇ ਰੰਗ ਦੀ ਸੋਟੀ ਜਿਹੜੀ ਬਖਸ਼ਿਸ਼ ਕੀਤੀ ਹੋਈ ਸੀ, ਜਿਸ ਵਿਚ ਅਠਾਰਾਂ ਪ੍ਰਕਾਰ ਦੀਆਂ ਰਿਧੀਆਂ-ਸਿਧੀਆਂ ਬੰਦ ਕਰਕੇ ਦਿੱਤੀਆਂ ਹੋਈਆਂ ਸਨ। ਉਹ ਸੋਟੀ ਆਪ ਜੀ ਨੇ ਇਕ ਵਾਰ ਆਪਣੇ ਹੱਥ ਵਿਚ ਫੜਕੇ ਮੁੜਕੇ ਫਿਰ ਸੁਆਮੀ ਨੂੰ ਦਿੱਤੀ ਨਾਲ ਆਖਿਆ, "ਲੈ ਮੌਲਾ ਹੁਣ ਇਸ ਵਿਚ ਰੋਟੀ ਦਾ ਗੁਜ਼ਾਰਾ ਹੈ" ਬੱਸ ਜੋ ਅੰਦਰ ਗਿਆਨ ਦਾ ਚਿਰਾਗ ਜਗ ਰਿਹਾ ਸੀ, ਸਭ ਬੁਝ ਗਿਆ। ਜਦੋਂ ਅਗਿਆਨਤਾ ਦੀ ਹਨ੍ਹੇਰੀ ਚਲਦੀ ਹੈ, ਗਿਆਨ ਰੂਪੀ ਚਿਰਾਗ ਬੁਝ ਜਾਂਦਾ ਹੈ। ਇਹ ਹੰਕਾਰ ਇਨਸਾਨ ਨੂੰ ਅਰਸ਼ਾਂ ਤੋਂ ਫਰਸ਼ਾਂ ਤੇ ਡੇਗ ਦਿੰਦਾ ਹੈ। ਲੱਖਾਂ ਹੀ ਲੋਕ ਹੰਕਾਰ ਦੇ ਮਾਰੇ ਹੋਏ ਠੇਡੇ ਖਾਂਦੇ ਦੇਖੇ। ਰਾਵਣ ਵਰਗੇ ਚਾਰ ਵੇਦਾਂ ਦੇ ਵਕਤੇ ਹੰਕਾਰ ਦੀ ਨਦੀ ਵਿਚ ਰੁੜ੍ਹਦੇ ਦੇਖੇ। ਦਰਯੋਧਨ ਵਰਗੇ ਸ਼ਸਤਰਧਾਰੀ ਭੀਮ ਤੋਂ ਠੇਡੇ ਖਾਂਦੇ ਦੇਖੇ। 'ਬਾਰਾਂ ਯੋਜਨ ਛਤਰ

ਝੂਲੇ ਦੇਹ ਗਿਰਝ ਨ ਖਾਈ।' ਕੰਸ ਵਰਗੇ ਮਹਾਂਬਲੀ ਇਕ ਛਿਨ ਵਿਚ ਖਾਕ ਕਰ ਦਿੱਤੇ, ਹਰਨਾਖਸ਼ ਜਿਹੇ ਦੈਂਤ ਮਾਣ ਨੇ ਘਰੋਂ ਬੇਘਰ ਕੀਤੇ। ਮੌਲਾ ਇਹ ਨਾ ਸਮਝ ਸਕਿਆ ਕਿ ਜੋ ਤਾਕਤ ਕੰਮ ਕਰ ਰਹੀ ਹੈ। ਇਸ ਦਾ ਮਾਲਿਕ ਕੋਈ ਹੋਰ ਹੈ, ਜਿਸ ਦੀ ਤਾਕਤ:-

- *'ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੈ॥*
- *ਖਿਨ ਮਹਿ ਨੀਚ ਕੀਟ ਕਉ ਰਾਜ॥ ਪਾਰਬ੍ਰਹਮ ਗਰੀਬ ਨਿਵਾਜ॥*

ਨਜ਼ਰ ਕਰਕੇ ਹੀ ਗੂੰਗਿਆਂ ਨੂੰ ਗਿਆਨ ਬਖਸ਼ਕੇ ਪੰਡਿਤ ਬਣਾ ਦੇਵੇ

- *'ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥*
- *ਹਰਨ ਭਰਨ ਜਾ ਕਾ ਨੇਤ੍ਰ ਫੋਰ॥ ਤਾ ਕਾ ਮੰਤ੍ਰ ਨਾ ਜਾਨੈ ਹੋਰੁ॥*

ਜਿਹੜਾ ਇਕ ਛਿਨ ਵਿਚ ਖੰਡ ਬ੍ਰਹਿਮੰਡ ਸਾਜ ਸਕਦਾ ਹੈ ਤੇ ਲੈ ਵੀ ਸਕਦਾ ਹੈ। ਉਸ ਮਹਾਂਬਲੀ ਅਵਤਾਰ ਹਸਤੀ, ਬ੍ਰਹਮ, ਗਿਆਨੀ, ਆਪ ਪਰਮੇਸ਼ਵਰ, ਇੰਨੀ ਬਰਕਤਾਂ ਦਾ ਮਾਲਿਕ, ਇਕ ਜੀਵ ਨੂੰ ਕਲਾ ਦੇਣ ਲੈਣ ਵਿਚ ਕੀ ਦੇਰ ਕਰ ਸਕਦਾ ਹੈ? ਸੁਆਮੀ ਜੀ ਦੀ ਕਿਸਮਤ ਦਾ ਸੂਰਜ ਛਿਪ ਗਿਆ। ਸਰੀਰ ਦਾ ਭਾਗ ਜਾਂਦਾ ਰਿਹਾ। ਸੁਆਮੀ ਦੇ ਸੁੱਖਾਂ ਦੇ ਸਵਰਗੀ ਹੁਲਾਰੇ, ਸਭ ਵਰੋਲੇ ਬਣ ਕੇ ਅਸਮਾਨੀ ਜਾ ਚੜ੍ਹੇ। ਮੌਲੇ ਦੀ ਇਸ ਤਰਾਂ ਦੀ ਦਸ਼ਾ ਹੋ ਗਈ ਜਿਵੇਂ ਗੁਲਾਬ ਦੇ ਫੁੱਲਾਂ ਦਾ ਅਰਕ ਕੱਢ ਕੇ ਪਿੱਛੋਂ ਫੋਟਕ ਦੀ ਦਸ਼ਾ ਹੋ ਜਾਂਦੀ ਹੈ। ਨਿਚੋੜੇ ਹੋਏ ਨਿੰਬੂ ਵਾਂਗ ਹੋ ਗਿਆ। ਉਹ ਮੌਲਾ ਜਿਸ ਨੂੰ ਲੋਕ ਲੱਖ ਲੱਖ ਸਿਜਦੇ ਕਰਦੇ ਸਨ, ਉਹੀ ਮੌਲਾ ਜਿਸ ਦੀਆਂ ਧੂੰਮਾਂ ਸਾਰੇ ਮੁਲਕ ਵਿਚ ਰਹੀਆਂ ਸਨ। ਇਹ ਉਹੀ ਇੰਸਪੈਕਟਰ ਹੈ, ਜਿਸ ਨੂੰ ਅੰਗਰੇਜ਼ ਸਰਕਾਰ ਨੇ ਇਕ ਲਾਇਕ ਅਫ਼ਸਰ ਸਮਝਕੇ ਸੀ.ਆਈ.ਡੀ. ਰੈਜੀਮੈਂਟ ਦੀ ਬਖਸ਼ਿਸ਼ ਕੀਤੀ ਹੋਈ ਸੀ। ਹੁਣ ਰਾਜਾ ਰਾਮ ਮਾਇਆ ਫੇਰੀ, ਨਾ ਅਫ਼ਸਰ ਰਿਹਾ, ਨਾ ਸਾਧੂ ਰਿਹਾ, ਅੱਜ ਮੌਲਾ ਰੋਟੀ ਤੋਂ ਵੀ ਅਵਾਜ਼ਾਰ ਫਿਰਨ ਲੱਗਾ। ਮਹਾਰਾਜ ਦੇ ਲੰਗਰ ਵਿਚ ਸੰਗਤਾਂ ਦੇ ਜੋੜਿਆਂ ਵਿਚ ਬੈਠਾ ਹੱਥ ਮਿੱਟੀ ਦਾ ਪਿਆਲਾ ਮੰਗਤਿਆਂ ਦੀ ਦਸ਼ਾ ਵਿਚ ਦੇਖਿਆ, ਕੋਈ ਦੋ ਕੁ ਦਿਨ ਇਸ ਤਰਾਂ ਹੀ ਫਿਰਦਾ ਰਿਹਾ। ਫਿਰ ਪਤਾ ਨਹੀਂ ਕਿੱਧਰ ਚਲੇ ਗਿਆ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਰਸੂਲਪੁਰ ਦੀ ਸੰਗਤ ਦਾ ਕੋਹੜ ਦੂਰ ਕਰਨ ਦੀ ਚੱਲੀ

ਇਕ ਦਿਨ ਕਰਨ ਕਾਰਨ, ਭਗਤ ਵਛਲ, ਅਨਾਥਾਂ ਦੇ ਨਾਥ, ਪਰੀ-ਪੂਰਨ, ਸਰਬ ਕਲਾ ਸਮਰਥ, ਵੱਡੇ-ਵੱਡੇ ਰੋਗੀਆਂ ਦਾ ਰੋਗ ਦੂਰ ਕਰਨ ਹਿੱਤ, ਪਾਪੀ ਜੀਵਾਂ ਦਾ ਉਦਾਰ ਕਰਦੇ, ਪਸ਼ੂ-ਪੰਛੀਆਂ ਦਾ ਉਦਾਰ ਕਰਦੇ, ਪੱਥਰਾਂ ਨੂੰ ਤਾਰਦੇ ਹੋਏ, ਮਜਾਰੇ ਤੋਂ ਉੱਠਕੇ ਟਹਿਲਦੇ ਟਹਿਲਦੇ ਦਸ ਕੁ ਵਜੇ ਦਿਨ ਦੇ, ਖੇਤੋਂ ਖੇਤੀ ਸਿੱਧੇ ਪਿੰਡ ਰਸੂਲਪੁਰ ਦੀ ਜੂਹ ਵਿਚ ਜਾ ਵੜੇ। ਅੱਗੇ ਪਸ਼ੂ ਚਾਰਦੇ ਬਾਲ-ਬੱਚੇ ਮਹਾਰਾਜ ਜੀ ਦੀ ਸ਼ਰਨ ਆਣ ਲੱਗੇ। ਪਰ ਖਾਰਿਸ਼ ਦੀ ਬਿਮਾਰੀ ਜਿਸਨੂੰ ਪਾਵ ਵੀ ਆਖਦੇ ਹਨ, ਕਈਆਂ ਦੇ ਪਾਕ ਵੀ ਚਲਦੀ ਸੀ। ਪਿੰਡ ਰਸੂਲਪੁਰ ਵਿਚ ਕੋਹੜ ਦੀ ਸ਼ਿਕਾਇਤ ਬਹੁਤ ਸੀ। ਅਠਾਰਾਂ ਪ੍ਰਕਾਰ ਦਾ ਕੋਹੜ ਸ਼ਾਸਤਰਾਂ ਵਿਚ ਲਿਖਿਆ ਹੈ। ਜਿਸ ਵਿਚ ਖਾਰਿਸ਼ ਵੀ ਸ਼ਾਮਿਲ ਹੈ, ਇਸਨੂੰ ਵੀ ਕੋਹੜ ਹੀ ਆਖਿਆ ਜਾਂਦਾ ਹੈ। ਖਾਰਿਸ਼ ਨਾਲ ਦੁਖੀ ਹੋਏ ਜੀਵ ਕੁਰਲਾ ਰਹੇ ਸਨ। ਬਖਸ਼ੀਸ਼ ਸਿੰਘ ਨੇ ਹੱਥ ਜੋੜ ਕੇ ਬਹੁਤ ਅਧੀਨਗੀ ਨਾਲ ਬੇਨਤੀ ਕੀਤੀ ਕਿ, "ਹੇ ਸੱਚੇ ਪਾਤਸ਼ਾਹੋ! ਸਾਡੇ ਪਿੰਡ ਖਾਰਸ਼ ਨਾਲ ਲੋਕੀ ਬਹੁਤ ਹੀ ਤੰਗ ਹਨ। ਸਰੀਰ ਦੋਜਖ ਦੀ ਅੱਗ ਵਿਚ ਸੜ ਰਹੇ ਹਨ। ਰਾਤ ਦਿਨ ਜੀਵ ਕੁਰਲਾ ਰਹੇ ਹਨ। ਸੱਚੇ ਪਾਤਸ਼ਾਹੋ! ਜਿਵੇਂ ਰਾਜਾ ਜਨਕ ਜੀ ਨੇ ਕੁੰਭੀ ਨਰਕ ਦੇ ਸੜਦੇ ਜੀਆਂ ਦੇ ਹਾਲ ਤੇ ਤਰਸ ਕੀਤਾ ਸੀ, ਇਸੇ ਤਰਾਂ ਹੀ ਸਾਡੇ ਪਾਪੀ ਜੀਵਾਂ ਦੇ ਹਾਲ 'ਤੇ ਮਿਹਰ ਕਰਕੇ, ਵਿਗੜੇ ਹੋਏ ਖੂਨ ਨੂੰ ਸਾਫ਼ ਕਰਕੇ, ਸਾਨੂੰ ਤੰਦਰੁਸਤੀ ਬਖਸ਼ੋ ਜੀ। ਜਿੰਵੇਂ ਰਜਨੀ ਦੇ ਪਿੰਗਲੇ ਪਤੀ ਦਾ ਉਦਾਰ ਕੀਤਾ ਸੀ, ਐਸੇ ਹੀ ਕਿਸੇ ਛੱਪੜ ਟੋਬੇ ਨੂੰ ਭਾਗ ਲਾ ਕੇ ਸਾਡਾ ਕਲਿਆਣ ਕਰੋ।" ਮਹਾਰਾਜ ਜੀ ਮਿਹਰਾਂ ਦੇ ਦਾਤੇ ਝੱਟ ਮਿਹਰ ਦੇ ਘਰ ਆ ਗਏ, ਹੁਕਮ ਕੀਤਾ, "ਚੱਲੋ ਨੱਠੋ ਚੱਲੋ। ਪਿੰਡ ਕਾਹਮੇਂ ਦੀ ਢਾਬ ਵਿਚ ਇਸ਼ਨਾਨ ਕਰੋ, ਜਿਹੜਾ ਵੀ ਇਸ਼ਨਾਨ ਕਰੇਗਾ ਆਰਾਮ ਆਉਂਦਾ ਜਾਵੇਗਾ।" ਬੱਸ ਹੁਕਮ ਦੀ ਦੇਰ ਸੀ, ਪਿੰਡੋਂ ਜਿਵੇਂ ਜਿਵੇਂ ਲੋਕਾਂ ਨੂੰ ਮਹਾਰਾਜ ਜੀ ਦੇ ਹੁਕਮ ਦਾ ਪਤਾ ਲੱਗਾ ਤਾਂ ਲੋਕੀ ਸਭ ਕੰਮ ਕਾਰ ਛੱਡਕੇ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਸ਼ਨਾਂ ਵਾਸਤੇ ਆਉਣ ਲੱਗੇ। ਮਹਾਰਾਜ ਸਭ ਨੂੰ ਪਿੰਡ ਕਾਹਮੇ ਦੀ ਢਾਬ ਵੱਲ੍ਹ ਤੋਰੀ ਜਾਂਦੇ ਸਨ। ਇਸ਼ਨਾਨ ਕਰਕੇ ਸਭ ਲੋਕਾਂ ਦੀ ਦੇਹ ਕੰਗਣ ਵਰਗੀ ਹੋ ਗਈ ਸੀ। ਸਭ ਲੋਕੀ 'ਧੰਨ-ਧੰਨ ਮਹਾਰਾਜ ਜੀ' ਉਚਾਰਦੇ ਖੁਸ਼ੀ ਨਾਲ

ਨੱਚਦੇ-ਟੱਪਦੇ ਆਪਣੇ ਘਰੀਂ ਜਾ ਰਹੇ ਸਨ। ਮਹਾਰਾਜ ਜੀ ਸਸਤਾ ਹੀ ਸੌਦਾ ਦੇ ਕੇ ਸਭ ਨੂੰ ਰੋਗਾਂ ਤੋਂ ਅਰੋਗ ਕਰ ਗਏ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਅਮਰ ਚੰਦ ਬਠੱਲਾ ਵਾਲੇ ਨਾਲ ਹੋਈ

ਮੁਸਾਪੁਰ, ਰਸੂਲਪੁਰ ਵੱਲ੍ਹ ਦੀ ਹੁੰਦੇ ਹੋਏ ਮਹਾਰਾਜ ਨਾਭ ਕੰਵਲ ਪਿੰਡ ਨਾਗਰੀਂ, ਇਕ ਜ਼ਿਮੀਦਾਰ ਜੱਟ ਦੇ ਕੋਠੇ ਤੇ ਜਾ ਬੈਠੇ। ਪਿੰਡ ਨਿਵਾਸੀ ਸਭ ਦਰਸ਼ਨਾਂ ਨੂੰ ਆਉਣ ਲੱਗੇ। ਕੋਈ ਦੁੱਧ, ਕੋਈ ਦਹੀਂ, ਕੋਈ ਮੱਖਣ ਦੇ ਪੇੜੇ, ਆਦਿਕ ਸੋਹਣੇ ਪ੍ਰੀਤਮ ਦੀ ਭੇਂਟ ਕਰ ਰਹੇ ਸਨ। ਅੱਗੇ ਬੈਠੇ ਹੋਏ ਸੋਹਣੇ ਮਾਹੀ ਦੇ ਨੈਣ ਨੂਰ ਨਾਲ ਭਰੇ ਹੋਏ, ਜਿਸ ਵੱਲ੍ਹ ਜਰਾ ਰਹਿਮਤ ਭਰੀ ਨਜ਼ਰ ਨਾਲ ਤੱਕ ਲੈਂਦੇ ਸਨ, ਬਸ ਮੁਕਤੀ ਤੇ ਭਗਤੀ ਦੀਆਂ ਝੋਲੀਆਂ ਭਰ ਜਾਂਦੇ ਸਨ। ਚੌਗਿਰਦੇ ਬੈਠੀਆਂ ਬੁਲਬੁਲਾਂ ਫੁੱਲਾਂ ਵਰਗੇ ਸੋਹਣੇ ਪ੍ਰੀਤਮ ਦੀਆਂ ਚੰਦ ਵਰਗੇ ਠੰਡੇ-ਠੰਡੇ ਮੁਖੜੇ ਦੀਆਂ ਅੰਮ੍ਰਿਤ ਕਿਰਨਾਂ ਦੀ ਸੀਤਲਤਾ ਲੈ ਰਹੀਆਂ ਸਨ। ਸੂਰਜ ਭਗਵਾਨ ਵੀ ਤੇਜੀ ਫੜਦਾ ਜਾ ਰਿਹਾ ਸੀ। ਨਾਮ ਦੇ ਰਸੀਏ ਬੈਠੇ ਖੁਸ਼ੀ ਦੇ ਗੀਤ ਗਾ ਰਹੇ ਸਨ। ਗਰਮੀ ਦੇ ਤੁਪਕੇ ਮੋਤੀਆਂ ਵਾਂਗ ਮਸਤਕ ਉੱਤੇ ਚਮਕ ਰਹੇ ਸਨ। ਇੰਨੇ ਚਿਰ ਨੂੰ ਦੋ ਬੰਦੇ (ਇਕ ਨੌਜਵਾਨ ਪਿੰਡ ਜੱਬੋਵਾਲ ਦਾ ਰਹਿਣ ਵਾਲਾ ਸੀ, ਦੂਜਾ ੪੦ ਕੁ ਸਾਲ ਦਾ ਅਮਰ ਚੰਦ ਬਠੱਲਾ ਦਾ ਜੋ ਚੰਨਣ ਦਾ ਫੁੱਫੜ ਲੱਗਦਾ ਸੀ) ਦੋਵੇਂ ਪਿੰਡ ਨਾਗਰਿਆਂ ਤੋਂ ਗੱਡੇ ਤੇ ਲੱਕੜਾਂ ਲੈਣ ਵਾਸਤੇ ਆਏ ਸਨ। ਜਦੋਂ ਚੰਨਣ ਤੇ ਅਮਰ ਚੰਦ ਨੂੰ ਮਹਾਰਾਜ ਜੀ ਦਾ ਪਤਾ ਲੱਗਾ ਪਈ ਪਿੰਡ ਨਾਗਰਾ ਇਕ ਕੋਠੇ ਤੇ ਪਾਤਸ਼ਾਹ ਬੈਠੇ ਹਨ। ਗੱਡਾ ਛੱਡਕੇ, ਪਸ਼ੂ ਬੰਨ੍ਹਕੇ, ਦੋਵੇਂ ਰਾਜਾ ਜੀ ਦੇ ਦਰਸ਼ਨਾਂ ਵਾਸਤੇ ਆ ਪਹੁੰਚੇ। ਬੜੇ ਪਿਆਰ ਨਾਲ ਗਲ ਵਿਚ ਪੱਲਾ ਪਾ ਕੇ ਚਰਨੀ ਢਹਿ ਪਏ। ਨਮਸਕਾਰ ਕਰਕੇ ਪਿੱਛੇ ਹੋ ਕੇ ਬੈਠ ਗਏ। ਹਜ਼ੂਰ ਦਾ ਹੁਕਮ ਹੋਇਆ, ਇਕ ਸੇਵਾਦਾਰ ਵੱਲ੍ਹ ਇਸ਼ਾਰਾ ਕੀਤਾ, ਝੱਟ ਪੱਟ ਮੰਜੀ ਆਣ ਰਖੀ। ਮੰਜੀ ਡਾਹਕੇ ਅਮਰ ਚੰਦ ਨੂੰ ਮੰਜੀ 'ਤੇ ਬੈਠਣ ਦਾ ਹੁਕਮ ਕੀਤਾ। ਅਮਰ ਚੰਦ ਕਹਿੰਦਾ, "ਜੀ ਸੱਚੇ ਪਾਤਸ਼ਾਹ, ਮੈਂ ਆਪ ਦੇ ਬਰਾਬਰ ਮੰਜੀ ਤੇ

ਕਿਵੇਂ ਬੈਠ ਸਕਦਾ ਹਾਂ। ਮੈਂ ਮੰਜੀ ਦੇ ਲਾਇਕ ਨਹੀਂ ਹਾਂ।" ਸਰਕਾਰ ਦਾ ਹੁਕਮ ਫਿਰ ਹੋਇਆ, "ਅੱਜ ਤੈਨੂੰ ਮੰਜੀ ਦੇ ਲਾਇਕ ਬਣਾ ਦੇਣਾ, ਅੱਜ ਤੈਨੂੰ ਮੰਜੀ ਦੇ ਲਾਇਕ ਬਣਾਇਆ ਹੈ। ਅੱਜ ਤੋਂ ਨਾਂ ਵੀ ਬ੍ਰਹਮਾ ਦਾਸ ਹੀ ਰੱਖ ਦਿੱਤਾ ਹੈ।" ਜਦੋਂ ਮਹਾਰਾਜ ਜੀ ਨੇ ਦੂਜੀ ਵਾਰ ਹੁਕਮ ਕੀਤਾ ਤਾਂ ਅਮਰ ਚੰਦ ਉੱਠਕੇ ਮੰਜੀ ਉੱਤੇ ਬੈਠ ਗਿਆ। ਨਾਲ ਚੰਨਣ ਵੀ ਉੱਠਕੇ ਬੈਠਣ ਲੱਗਾ ਤਾਂ ਮਹਾਰਾਜ ਨੇ ਚੰਨਣ ਨੂੰ ਆਖਿਆ, "ਪਿੱਛੇ ਹਟ ਕੇ ਬੈਠ ਜਾ, ਸਾਧੂਆਂ ਦੇ ਬਰਾਬਰ ਨਹੀਂ ਬੈਠੀ ਦਾ।" ਚੰਨਣ ਪਿੱਛੇ ਹਟ ਕੇ ਬੈਠ ਗਿਆ। ਕੁੱਝ ਚਿਰ ਅਮਰ ਚੰਦ ਨੂੰ ਬਿਠਾ ਛੱਡਿਆ, ਆਪ ਮਹਾਰਾਜ ਜੀ ਕਈ ਹੋਰਨਾਂ ਲੋਕਾਂ ਨਾਲ ਵੀ ਗੱਲਾਂ ਕਰ ਰਹੇ ਸਨ। ਜਿਵੇਂ ਕੋਈ ਜੱਜ ਬੈਠਾ ਹੁਕਮ ਲਗਾਏ ਇਵੇਂ ਹੀ ਮਿਸਲ ਲਿਖਕੇ ਅਮਰ ਚੰਦ ਨੂੰ ਤੋਰ ਦਿੱਤਾ। ਅਮਰ ਚੰਦ ਲੱਕੜੀ ਲੱਦ ਕੇ ਪਿੰਡ ਬਠੱਲੀ ਚਲੇ ਗਏ। ਕੁੱਝ ਦਿਨ ਹੋਏ ਪਿੰਡ ਸ਼ਾਮ ਚੁਰਾਸੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅਮਰ ਚੰਦ ਦਾ ਚਾਚਾ ਇਕ ਕਾਫ਼ੀ ਵੱਡੇ ਡੇਰੇ ਦਾ ਮਾਲਿਕ ਸੀ। ਸੋ ਘੁਮਾਂ ਰਕਬਾ ਜ਼ਮੀਨ ਦਾ ਸੀ, ਬਿਰਧ ਹੋਣ ਦੇ ਅਸਰ ਅਧੀਨ ਆਪਣੇ ਭਤੀਜੇ ਨੂੰ ਕੋਲ ਰੱਖ ਕੇ ਆਪਣੇ ਥਾਂ ਗੱਦੀ ਦਾ ਮਹੰਤ ਟਿਕਾ ਦਿੱਤਾ। ਗੱਦੀ ਤੇ ਬਿਠਾ ਕੇ ਉਦਾਸੀ ਸਾਧੂਆਂ ਦਾ ਡੇਰਾ ਹੋਣ ਕਰਕੇ ਨਾਂ ਵੀ ਬ੍ਰਹਮ ਦਾਸ ਰੱਖ ਦਿੱਤਾ। ਉਸ ਦਿਨ ਅਮਰ ਚੰਦ ਨੂੰ ਮੰਜੀ ਤੇ ਬਿਠਾਲਣ ਦੇ ਫਲ ਦਾ ਪਤਾ ਲੱਗਾ। ਅਮਰ ਚੰਦ ਤੋਂ ਬ੍ਰਹਮ ਦਾਸ ਹੋਇਆ। ਕਾਇਆ ਹੋਰ ਹੀ ਹੋਰ ਹੋ ਗਈ। ਅਮਰ ਚੰਦ, ਬ੍ਰਹਮ ਦਾਸ ਹੋ ਕੇ ਇਸ ਵੇਲੇ ਸ਼ਾਮ ਚੁਰਾਸੀ ਬੈਠਾ ਹੈ।

ਖਿਨ ਮਹਿ ਨੀਚ ਕੀਟ ਕਉ ਰਾਜ॥ ਪਾਰਬ੍ਰਹਮ ਗਰੀਬ ਨਿਵਾਜ॥

ਧੰਨ ਰਾਜਾ ਜੀ ਤੇਰੀ ਲੀਲ੍ਹਾ ਨਿਆਰੀ। ਕਿੱਥੇ ਕੋਈ ਅਮਰ ਚੰਦ ਨੂੰ ਜਾਣੇ ਬੁਝੇ ਨਾ ਅੱਜ ਦੁਨੀਆਂ ਨਮਸਕਾਰ ਕਰਦੀ ਫਿਰਦੀ ਹੈ "ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ" ਇਕ ਹਫ਼ਤੇ ਤੋਂ ਪਹਿਲਾਂ-ਪਹਿਲਾਂ ਗੱਦੀ ਦਾ ਨਸ਼ੀਨ ਚੰਨਣ ਦਾ ਫੁੱਫੜ ਬਣ ਗਿਆ। ਚੰਨਣ ਦੇ ਦਿਲ ਵਿਚ ਚਾਹ ਹੋਈ ਪਈ ਮੈਂ ਫਿਰ ਕਿਤੇ ਦਰਸ਼ਨ ਕਰਨ ਲਈ ਜਾਵਾਂ। ਇਕ ਦਿਨ ਚੰਨਣ ਛੋਕਰਾਂ ਤੋਂ ਪਿੰਡ ਨੂੰ ਲੱਕੜ ਲਈ ਜਾਂਦਾ ਸੀ। ਮਹਾਰਾਜ ਜੀ ਦੇ ਦਰਸ਼ਨ ਕਰਨ ਪਿੰਡ ਮਜਾਰੇ ਗਿਆ। ਅੱਗੇ ਪਤਾ ਲੱਗਾ ਕਿ ਮਹਾਰਾਜ ਜੀ ਤਾਂ ਭਰੋ ਮਜਾਰੇ

ਦੇ ਖੇਤਾਂ ਵਿਚ ਬੈਠੇ ਹਨ। ਚੰਨਣ ਭਰੋ ਮਜਾਰੇ ਵੱਲ੍ਹ ਮੁੜ ਗਿਆ। ਪਿੰਡ ਜਾ ਕੇ ਪਤਾ ਕੀਤਾ ਤਾਂ ਪਤਾ ਲੱਗਾ ਪਈ ਮਹਾਰਾਜ ਜੀ ਇਕ ਮੱਕੀ ਅਤੇ ਕਮਾਦੀਆਂ ਵਿਚ ਬੈਠੇ ਹਨ। ਜਦੋਂ ਪਹਿਲਾਂ ਅਮਰ ਚੰਦ ਨੂੰ ਮੰਜੀ ਸੌਂਪੀ ਸੀ ਤਾਂ ਜੇਠ ਹਾੜ ਦੇ ਦਿਨ ਸਨ, ਸਾਉਣ ਭਾਦੋਂ ਦੇ ਦਿਨ ਸਨ, ਗਰਮੀ ਵੀ ਕਹਿਰ ਦੀ ਪੈਂਦੀ ਸੀ। ਦੁਪਹਿਰ ਢਲ ਚੁੱਕੀ ਸੀ। ਦੋ ਢਾਈ ਦਾ ਟਾਇਮ ਸੀ, ਭਾਦਰੋਂ ਦੀ ਧੁੱਪ ਹਰਨਾਂ ਦੀਆਂ ਪਿੱਠਾਂ ਕਾਲੀਆਂ ਕਰ ਰਹੀ ਸੀ। ਧਰਤੀ ਤਵੇ ਵਾਂਗ ਤਪ ਰਹੀ ਸੀ, ਜੀਵ ਜੰਤ ਸਭ ਤੜਫ ਰਹੇ ਸਨ, ਫ਼ਸਲਾਂ ਨੂੰ ਵੱਟ ਚੜ੍ਹਦਾ ਜਾ ਰਿਹਾ ਸੀ। ਛਾਵੇਂ ਬੈਠੇ ਨਾਭ ਕੰਵਲ ਰਾਜਾ ਸਾਹਿਬ ਜੀ ਇਕ ਕਮਾਦੀ ਦੇ ਖੇਤ ਦੇ ਵਿਚਾਲੇ ਚੌਕੜਾ ਲਾਈ ਬੈਠੇ ਸਨ। ਚੰਨਣ ਪਿੰਡ ਜੱਬੋਵਾਲ ਦਾ ਪੁੱਛਦਾ-ਪੁੱਛਦਾ ਇਕ ਖੂਹ ਤੇ ਪਹੁੰਚ ਗਿਆ ਅਤੇ ਇਕ ਨੌਜਵਾਨ ਜੱਟਾਂ ਦਾ ਮੁੰਡਾ ਖੂਹ ਤੇ ਹਲਟ ਚਲਾ ਰਿਹਾ ਸੀ। ਉਸ ਜ਼ਿੰਮੀਦਾਰ ਕੋਲੋਂ ਮਹਾਰਾਜ ਜੀ ਦਾ ਪੂਰਾ ਪਤਾ ਲੱਗਾ। ਮਹਾਰਾਜ ਜੀ ਖੂਹ ਤੋਂ ਅੱਗੇ ਕਮਾਦੀ ਦਾ ਖੇਤ ਸੀ, ਜਿਸ ਵਿਚ ਆਪ ਜੀਵਾਂ ਦੇ ਉਦਾਰ ਹਿਤ ਘੋਰ ਤਪੱਸਿਆ ਕਰ ਰਹੇ ਸਨ। ਚੰਨਣ ਦੇ ਕੋਲ ਤਿੰਨ ਕੁੱਕੜਾਂ ਦੀਆਂ ਲੱਤਾਂ ਬੰਨ੍ਹੀਆਂ ਹੋਈਆਂ ਸਨ। ਚੰਨਣ ਕੁੱਕੜਾਂ ਨੂੰ ਖੂਹ ਤੇ ਇਕ ਤੂਤ ਨਾਲ ਬੰਨ੍ਹ ਗਿਆ ਕਿ ਮਹਾਰਾਜ ਗੁੱਸੇ ਹੋਣਗੇ, ਜਦੋਂ ਪਾਤਸ਼ਾਹ ਦੇ ਦਰਸ਼ਨਾਂ ਨੂੰ ਅੱਗੇ ਗਿਆ ਤਾਂ ਅੱਗੋਂ ਗਾਲ੍ਹਾਂ ਪਈਆਂ ਤੇ ਬੋਲੇ, "ਸਾਧਪੁਣਾ ਕਿਤੇ ਨੇੜੇ ਪਇਆ ਹੈ, ਚੱਲ ਝੱਟ ਪਿਛੇ ਮੁੜ ਜਾ, ਜਿਹੜੇ ਤੂਤ ਨਾਲ ਟੰਗ ਆਇਆ ਹੈਂ, ਉਨ੍ਹਾਂ ਪਾਸੋਂ ਕੀ ਗੁਨਾਹ ਹੋ ਗਿਆ ਹੈ? ਜੀਵਾਂ ਤੇ ਰਹਿਮ ਕਰੀਦਾ ਹੈ।" ਅੱਗੋਂ ਜਦੋਂ ਮਹਾਰਾਜ ਜੀ ਨੇ ਠੋਕਰ ਮਾਰੀ ਤਾਂ ਚੰਨਣ ਦਾ ਸਰੀਰ ਥਰ-ਥਰ ਕੰਬਣ ਲੱਗ ਪਿਆ। ਮਹਾਰਾਜ ਜੀ ਨੇ ਪਹਿਲਾਂ ਚੰਨਣ ਨੂੰ ਪਿਛੇ ਰਹਿ ਕੇ ਨਮਸਕਾਰ ਕਰਨ ਦਾ ਹੁਕਮ ਦਿੱਤਾ। ਚੰਨਣ ਸੋਚਦਾ ਸੀ ਕਿ ਮੈਂ ਚਰਨਾਂ ਤੇ ਹੱਥ ਧਰਕੇ ਨਮਸਕਾਰ ਕਰਨੀ ਹੈ। ਪਿੱਛੇ ਮਹਾਰਾਜ ਜੀ ਨੇ ਕੁੱਕੜ ਟੰਗੇ ਹੋਏ ਦਸਕੇ ਹੌਲਾ ਕੀਤਾ। ਚੰਨਣ ਹੌਲੀ-ਹੌਲੀ ਘਰ ਵੱਲ੍ਹ ਰਵਾਨਾ ਹੋਇਆ। ਰਾਜਾ ਜੀ ਫਿਰ ਨਿਰੰਕਾਰ ਨਾਲ ਲਿਵਲੀਨ ਹੋ ਗਏ। ਚੰਨਣ ਪਹਿਲਾਂ ਡਾਕੂ ਸੀ, ਉਸ ਠੋਕਰ ਨੇ ਵੇਦ ਪਾਠੀ ਬਣਾ ਦਿੱਤਾ। ਸਾਧੂ ਦੀ ਨਿਗਾਹ ਪਾਰਸ ਬਣਾ ਜਾਂਦੀ ਹੈ, ਜਿਸ ਉਤੇ ਰਹਿਮ ਭਰੀ ਪੈ ਜਾਵੇ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਭਰੋ ਮਜਾਰੇ ਦੇ ਜੱਟ ਮੱਲੂ ਨਾਲ ਹੋਈ

ਅੱਗੇ ਮਹਾਰਾਜ ਜੀ ਦੂਜੇ ਦਿਨ ਕਮਾਦੀ ਦੇ ਖੇਤ ਵਿਚੋਂ ਉੱਠਕੇ ਪਿੰਡ ਗੌਸਲਾ ਵੱਲ੍ਹ ਨੂੰ ਟਹਿਲਦੇ ਨਿਕਲ ਗਏ। ਅੱਗੇ ਪਿੰਡੋਂ ਕਾਫ਼ੀ ਦੂਰ ਲਹਿੰਦੇ ਪਾਸੇ ਮਲੂ ਖੇਤ ਵਾਹੁੰਦਾ ਸੀ, ਜੋ ਉਸਨੇ ਹਾਲੇ ਤੇ ਲਿਆ ਹੋਇਆ ਸੀ। ਤਿੰਨ ਘੁਮਾਂ ਜ਼ਮੀਨ ਸੀ, ਦੋ ਸਾਲ ਤੋਂ ਮੱਲੂ ਹੀ ਵਾਹ ਰਿਹਾ ਸੀ। ਜਦੋਂ ਮਹਾਰਾਜ ਜੀ ਹਲ ਵਾਹੁੰਦੇ ਮੱਲੂ ਦੇ ਕੋਲ ਪਹੁੰਚੇ ਤਾਂ ਮੱਲੂ ਨੇ ਹਲ ਖੜ੍ਹਾ ਕਰਕੇ ਨਮਸਕਾਰ ਕੀਤੀ। ਅੱਗੋਂ ਮਹਾਰਾਜ ਜੀ ਬੋਲੇ, "ਮੱਲੂ! ਤੈਨੂੰ ਇਹ ਖੇਤ ਪਾ ਦਿੱਤੇ ਹਨ।" ਉਸ ਵੇਲੇ ਸਾਰੀ ਜ਼ਮੀਨ ਵੀਰਾਨ ਪਈ ਸੀ, ਕੋਈ ਖੂਹ ਨਹੀਂ ਸੀ। ਮੱਲੂ ਕਹਿੰਦਾ, "ਖੂਹ ਤੋਂ ਬਿਨਾਂ ਫ਼ਸਲ ਕਿਵੇਂ ਹੋਵੇਗੀ।" ਫਿਰ ਹੁਕਮ ਹੋਇਆ "ਖੂਹ ਲਾ ਲਵੀਂ" ਪਿਛੋਂ ਉਸੇ ਵੇਲੇ ਆਖ ਦਿੱਤਾ "ਖੂਹ ਦੋ ਲਾ ਦਿਓ!" ਮਹਾਰਾਜ ਹੁਕਮ ਕਰਕੇ ਅੱਗੇ ਗੌਸਲਾਂ ਵੱਲ੍ਹ ਚਲੇ ਗਏ। ਕੁੱਝ ਦੇਰ ਬਾਅਦ ਪਿੰਡ ਭਰੋ ਮਜਾਰੇ ਇਸਤੇਮਾਲ ਸ਼ੁਰੂ ਹੋ ਗਿਆ। ਪਹਿਲਾਂ ਮੱਲੂ ਦੀ ਜ਼ਮੀਨ ਕਈ ਪਾਸੀਂ ਪਿੰਡ ਦੇ ਸੀ, ਫਿਰ ਇਸਤੇਮਾਲ ਵਿਚ ਸਾਰੀ ਮੁਕੰਦਪੁਰ ਤੋਂ ਬੰਗਾ ਵਾਲੀ ਸੜਕ ਦੇ ਨਾਲ ਨਾਲ ਇਕੱਠੀ ਹੋ ਗਈ। ਜ਼ਮੀਨ ਤਾਂ ਇਕੱਠੀ ਹੋ ਗਈ। ਖੂਹ ਦੀ ਕਮੀਂ ਪੂਰੀ ਕਰਨ ਲਈ ਸੜਕ ਦੇ ਲਹਿੰਦੇ ਪਾਸੇ ਖੂਹ ਲਾਉਣ ਲੱਗਾ। ਮੱਲੂ ਦੇ ਲੜਕਿਆਂ ਦੀ ਆਪਸ ਵਿਚ ਅਣ-ਬਣ ਹੋ ਗਈ, ਇਕ ਤੋਂ ਦੋ ਖੂਹ ਲਾਉਣ ਦੀ ਸਲਾਹ ਬਣ ਗਈ। ਬਖਸ਼ੀ ਭਲਵਾਨ ਨੇ ਸੜਕ ਤੋਂ ਪਿੰਡ ਵੱਲ੍ਹ ਖੂਹ ਲਾਇਆ। ਨਾਮੂੰ ਨੇ ਸੜਕ ਤੋਂ ਲਹਿੰਦੇ ਪਾਸੇ ਲਾਇਆ, ਜਿੱਥੇ ਖੜ੍ਹੇ ਹੋ ਕੇ ਮਹਾਰਾਜ ਬੈਠੇ ਦਾ ਹੁਕਮ ਲਾ ਗਏ ਸਨ, ਉਸੇ ਹੀ ਜਗ੍ਹਾ ਬੈਠਾ ਪਾ ਗਏ ਸਨ। ਦੋ ਖੂਹ ਲਾਉਣ ਦਾ ਹੁਕਮ ਕਰ ਗਏ ਸਨ, ਦੋ ਖੂਹ ਚਲਦੇ ਹਨ। ਇਸੇ ਹੀ ਤਰਾਂ ਸਹਿਜ ਹੀ ਤੁਰੇ ਜਾਂਦੇ-ਜਾਂਦੇ, ਰੇਖ ਵਿਚ ਮੇਖ ਮਾਰ ਜਾਂਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਦੂਜੀ ਸਾਖੀ ਮੱਲੂ ਨਾਲ ਤੇ ਬਖਸ਼ੀ ਭਲਵਾਨ ਨਾਲ ਹੋਈ

ਦੂਜੀ ਸਾਖੀ ਮੱਲੂ ਨਾਲ ਤੇ ਬਖਸ਼ੀ ਪਹਿਲਵਾਨ ਨਾਲ ਇਸ ਤਰਾਂ ਹੋਈ ਕਿ ਇਕ ਦਿਨ ਫਿਰ ਮਹਾਰਾਜ ਜੀ ਦੂਜੇ ਸਾਲ ਜੇਠ ਹਾੜ੍ਹ ਦੇ ਦਿਨਾਂ ਵਿਚ ਭਰੋ ਮਜਾਰੇ ਦੀ ਢੱਕੀ ਵਿਚ ਟਹਿਲਦੇ ਫਿਰਦੇ ਸਨ। ਦੁਪਹਿਰਾ ਟਿਕਿਆ ਹੋਇਆ ਸੀ। ਜ਼ਿੰਮੀਦਾਰ ਕਣਕਾਂ ਦੀ ਗਹਾਈ ਕਰਦੇ ਸਨ। ਮੱਲੂ ਦੇ ਵੱਡੇ ਲੜਕੇ ਨਾਮੂੰ ਨੇ ਮਹਾਰਾਜ ਨੂੰ ਸ਼ਿਸ਼ਿਰਆ ਪਲਾਹਾਂ ਵਿਚ ਦੇਖਿਆ ਤਾਂ ਆਪਣੇ ਬਾਪੂ ਮੱਲੂ ਨੂੰ ਮਹਾਰਾਜ ਜੀ ਬਾਰੇ ਦੱਸਿਆ ਕਿ ਉਹ ਢੱਕੀ ਵਿਚ ਹਨ। ਤੁਸੀਂ ਜਾ ਕੇ ਪੁੱਛ ਲਵੋ, ਆਪਣੀਆਂ ਭਰੀਆਂ ਕਿਸਨੇ ਚੁੱਕੀਆਂ ਹਨ? ਮੱਲੂ ਲਾਹਣ ਖਿਲਾਰਦਾ-ਖਿਲਾਰਦਾ ਤੰਗਲੀ ਹੱਥ ਵਿਚ ਲੈ ਕੇ ਮਹਾਰਾਜ ਜੀ ਪਾਸ ਪਹੁੰਚਕੇ ਬੇਨਤੀ ਕੀਤੀ ਕਿ, "ਮਹਾਰਾਜ! ਮੇਰੀ ਇਕ ਅਰਜ ਸੁਣਿਉਂ।" ਅੱਗੋਂ ਮਹਾਰਾਜ ਜੀ ਦਾ ਹੁਕਮ ਹੋਇਆ ਕਿ ਮੱਲੂ ਪਿੱਛੇ ਹੱਟ ਜਾ ਸਾਨੂੰ ਕਿਸੇ ਨਾਲ ਗੱਲ ਕਰਨ ਦੇਹ। ਕੋਈ ਗੁਪਤ ਰੂਹਾਂ ਨਾਲ ਬਚਨ ਕਰਦੇ-ਕਰਦੇ ਢੱਕੀ ਵਿਚ ਦੋ ਛੋਟੇ-ਛੋਟੇ ਛੱਪੜ ਸਨ! ਇਕ ਨੂੰ ਮਹਾਰਾਜ ਜੀ ਮਡਿਆਲੀਆਣਾ ਆਖਦੇ ਸਨ ਤੇ ਦੂਜੇ ਨੂੰ ਫੱਤੂਆਣਾਂ। ਆਪ ਕਈ ਵਾਰ ਇੱਥੇ ਇਸ਼ਨਾਨ ਕਰਿਆ ਕਰਦੇ ਸਨ। ਹੋਰ ਲੋਕਾਂ ਨੂੰ ਵੀ ਇੱਥੇ ਇਸ਼ਨਾਨ ਕਰਨ ਲਈ ਹੁਕਮ ਕਰਦੇ ਰਹਿੰਦੇ ਸਨ। ਮੱਲੂ ਨੂੰ ਆਖਿਆ, "ਤੂੰ ਫੱਤੂਆਣੇ ਦੇ ਟੋਭੇ ਵਿਚ ਇਸ਼ਨਾਨ ਕਰ ਲੈ ਹੋਰ ਵੀ ਕਿਸੇ ਸੁਣਦੇ ਗਿਣਦੇ ਨੂੰ ਦਸ ਦਿਆ ਕਰ ਆਪ ਵੀ ਇਸ਼ਨਾਨ ਕਰਿਆ ਕਰ।" ਮੱਲੂ ਨੂੰ ਤਾਂ ਆਪਣੀਆਂ ਭਰੀਆਂ ਦੀ ਪਈ ਹੋਈ ਸੀ, ਪਈ ਕਿਤੇ ਭਰੀਆਂ ਦਾ ਪਤਾ ਦੱਸਣ ਤਾਂ ਚੰਗੀ ਗੱਲ ਹੈ। ਮੁੜ-ਮੁੜ ਇਹੋ ਹੀ ਪੁੱਛੀ ਜਾਵੇ ਜੀ ਭਰੀਆਂ ਦੱਸੋ ਕਿਸਨੇ ਚੁੱਕੀਆਂ ਹਨ? ਜ਼ਿਆਦਾ ਪੁੱਛਣ ਤੇ ਮਹਾਰਾਜ ਜੀ ਬੋਲੇ, "ਮੱਲੂ! ਕਿਉਂ ਸਾਡੇ ਪਿੱਛੇ ਪਿਆ ਹੋਇਆ ਹੈਂ, ਪੂਲੇ ਤਾਂ ਚਾਰ ਹੀ ਹਨ, ਕੋਈ ਲੰਗੜਾ ਚੂੜ੍ਹਾ ਚੁੱਕ ਕੇ ਲੈ ਗਿਆ ਸੀ, ਕਿਸੇ ਜੱਟ ਨੇ ਚੁਕਾ ਦਿੱਤੀਆਂ ਹਨ ਤਾਂ ਆਪੇ ਹੀ ਜੇਲ ਜਾਣਗੇ। ਚਲ ਨੱਠ ਜਾ ਆਪਣਾ ਕੰਮ ਕਰ।" ਮੱਲੂ ਦੀ ਚੰਗੀ ਨਿਸ਼ਾ ਕੀਤੀ। ਜਦੋਂ ਚਾਰ ਪੂਲਿਆਂ ਦਾ ਨਾਂ ਲਿਆ ਤਾਂ ਮੱਲੂ ਦੀ ਦੇਹ ਕੰਬਣ ਲੱਗੀ। ਚਾਰੇ ਭਰੀਆਂ ਚੁੱਕੀਆਂ ਸਨ। ਮੱਲੂ ਨਮਸਕਾਰ ਕਰਕੇ ਪਿਛੇ ਮੁੜਿਆ ਤਾਂ ਬਖਸ਼ੀ

ਭਲਵਾਨ ਨੇ ਆ ਕੇ ਮੱਥਾ ਟੇਕਿਆ ਤਾਂ ਅੱਗੋਂ ਮਹਾਰਾਜ ਜੀ ਨੇ ਬਖਸ਼ੀ ਨੂੰ ਆਖਿਆ, "ਘੜੀ ਗੁੱਟ ਨਾਲ ਲਾਈ ਹੋਈ ਬਹੁਤ ਸਜਦੀ ਹੈ, ਲਾਹ ਲੈਣੀ ਸੀ।" ਭਲਵਾਨ ਗੁਣਾਚੌਰ ਤੋਂ ਕਿਸੇ ਸੁੱਤੇ ਪਏ ਦੀ ਘੜੀ ਲਾਹ ਕੇ ਲਿਆਇਆ ਸੀ। ਮਹਾਰਾਜ ਜੀ ਭਲਵਾਨ ਨੂੰ ਆਖਿਆ, "ਕਿਸੇ ਦਾ ਹੱਕ ਖਾਣਾ ਹਰਾਮ ਹੁੰਦਾ ਹੈ। ਚੋਰੀ ਕਦੇ ਕਰੀ ਦੀ ਨਹੀਂ, ਚੋਰੀ ਯਾਰੀ ਬੁਰੇ ਕੰਮ, ਨਿੰਦਿਆ, ਝੂਠ, ਵਿਸ਼ਵਾਸਘਾਤ, ਪਾਪ ਦੇ ਪੈਰੋਕਾਰ ਹਨ, ਇਨ੍ਹਾਂ ਤੋਂ ਬਚਕੇ ਰਹੀਦਾ ਹੈ। ਜਿਹੜਾ ਇਨ੍ਹਾਂ ਤੋਂ ਬਚ ਜਾਂਦਾ ਹੈ, ਉਸਦਾ ਮਾਨਸ ਜਨਮ ਸਫ਼ਲ ਹੋ ਜਾਂਦਾ ਹੈ। ਸੀਲ ਸੰਜਮ ਪ੍ਰਿਅ ਆਗਿਆ ਮਾਨੇ ਤਿਸੁ ਨਰ ਕੋ ਦੁਖ ਨਾ ਜਮਾਨੇ। ਜਬ ਇੰਦਰੀਆਂ ਸੰਜਮ ਕਰ ਲੈਣ ਤੇ ਤਬ ਸਾਧੂ ਬਨ ਜਾਤਾ, ਸਬ ਵੈਰ ਵਿਰੋਧ, ਬੈਰਾਗ ਜਤ ਸਤ ਦਿਮਾਗ ਮੇਂ ਆ ਜਾਤਾ ਹੈ, ਤਬ ਸਾਧੂ ਬਨ ਜਾਤਾ ਹੈ, ਪਾਕ ਹੋ ਜਾਤਾ ਹੈ।" ਜਦੋਂ ਭਲਵਾਨ ਨੂੰ ਇਹ ਉਪਦੇਸ਼ ਕੀਤਾ ਤਾਂ ਬਖਸ਼ੀ ਨੇ ਘੜੀ ਜੇਬ ਵਿਚੋਂ ਕੱਢ ਕੇ ਮਹਾਰਾਜ ਜੀ ਮੋਹਰੇ ਧਰ ਦਿੱਤੀ, ਨਾਲ ਕੰਨ ਫੜੇ, "ਪ੍ਰਭੂ ਜੀ! ਮੈਂ ਫਿਰ ਕਦੀ ਚੋਰੀ ਨਾ ਕਰਾਂਗਾ, ਹੁਣ ਖ਼ਿਮਾ ਕੀਜੀਏ, ਮੈਂ ਮੂੜ ਭੁਲਣਹਾਰ ਹਾਂ ਜੀ।" ਮਹਾਰਾਜ ਜੀ ਭਲਵਾਨ ਨੂੰ ਸੱਚਾ ਉਪਦੇਸ਼ ਦੇ ਕੇ ਤੇ ਹੋਰ ਕਣਕ ਗਾਹੁੰਦੇ ਜ਼ਿੰਮੀਦਾਰਾਂ ਨੂੰ ਫੱਤੂਆਣੇ ਇਸ਼ਨਾਨ ਕਰਨ ਦਾ ਹੁਕਮ ਦੇ ਕੇ ਅੱਗੇ ਚਲਦੇ ਰਹੇ। ਬੋਲੋ ਭਾਈ ਮਹਾਰਾਜਾ ਸਾਹਿਬ ਜੀ ਕੀ ਜੈ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਨਾਗਰਿਆਂ ਦੇ ਲੋਕਾਂ ਨਾਲ ਹੋਈ

ਭਰੋਮਜਾਰੇ ਦੀ ਢੱਕੀ ਵਿਚੋਂ ਉੱਠਕੇ ਮਹਾਰਾਜ ਜੀ ਪਿੰਡ ਨਾਗਰੀਂ ਪਿੰਡੋਂ ਚੜ੍ਹਦੀ ਵੱਲ੍ਹ ਜਾ ਖੜ੍ਹੇ ਹੋਏ। ਚੰਨਣ ਸਿੰਘ ਨਾਂ ਦੇ ਬੰਦੇ ਨੂੰ ਬੁਲਾਇਆ। ਚੰਨਣ ਸਿੰਘ ਨੇ ਹੁਕਮ ਸੁਣਦੇ ਸਾਰ ਹੀ ਹਵਾ ਵਾਂਗ ਮਹਾਰਾਜ ਜੀ ਦੇ ਚਰਨੀਂ ਆ ਨਮਸਕਾਰ ਕੀਤੀ। ਗਲ ਪੱਲਾ ਪਾ ਕੇ ਬੇਨਤੀ ਕੀਤੀ ਕਿ "ਕੀ ਹੁਕਮ ਹੈ ਦਾਸ ਨੂੰ?" ਮਹਾਰਾਜ ਜੀ ਦਾ ਹੁਕਮ ਹੋਇਆ, "ਚੰਨਣਾ! ਹੋਰ ਬੰਦੇ ਪਿੰਡ ਵਿਚੋਂ ਬੁਲਾ ਲੈ।" ਚੰਨਣ ਸਿੰਘ ਝੱਟ-ਪੱਟ ਹਰਕਾਰੇ ਦਾ ਰੂਪ ਬਣਕੇ ਪਿੰਡ ਵਿਚ ਜਾ

ਢਿੰਢੋਰਾ ਫੇਰਿਆ- ਜਿਹੜਾ ਵੀ ਮਹਾਰਾਜ ਜੀ ਦੇ ਆਉਣ ਦੀ ਖ਼ਬਰ ਸੁਣੇ ਬੱਸ ਨੱਠ ਪਵੇ। ਲੋਕੀਂ ਮਨ ਵਿਚ ਦਰਸ਼ਨਾਂ ਦੀ ਤ੍ਰਿਸ਼ਨਾ ਰੱਖਦੇ ਸਨ, ਬਲੀ ਅਵਤਾਰਾਂ ਦੇ ਦਰਸ਼ਨ ਵੀ ਭਾਗਾਂ ਨਾਲ ਹੀ ਹੁੰਦੇ ਹਨ। ਦਰਸ਼ਨਾਂ ਦੇ ਪਿਆਸੇ ਵਾਹੋ-ਦਾਹੀ ਸੋਹਣੇ ਪ੍ਰੀਤਮ ਵੱਲ੍ਹ ਇਸ ਤਰਾਂ ਭੱਜੇ ਅੰਮ੍ਰਿਤ ਦੇ ਸੋਮੇ 'ਤੇ ਤੇਤੀ ਕਰੋੜ ਦੇਵਤਿਆਂ ਦਾ ਇਕੱਠ ਹੋ ਜਾਂਦਾ ਸੀ। ਅੱਗੇ ਨਾਭ ਕੰਵਲ ਰਾਜਾ ਸਾਹਿਬ ਜੀ:

- *ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*
- *ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥*

ਇਹੋ ਜਿਹੀਆਂ ਰੰਗ ਫੇਰੀਆਂ ਕਰਨਹਾਰ, ਦਾਤਾਂ ਦੇ ਮਾਲਿਕ ਪਿੰਡ ਭੂਖੜੀ ਵੱਲ੍ਹ ਇਕ ਬਰੋਟੇ ਦੇ ਹੇਠ ਜਾ ਖੜ੍ਹੇ ਹੋਏ। ਕਾਫ਼ੀ ਲੋਕ ਜਾਚਕਾਂ ਦੇ ਰੂਪ ਵਿਚ ਹੱਥ ਬੰਨ੍ਹੀ ਸੋਹਣੇ ਮਾਹੀ ਦੇ ਚੰਨ ਵਰਗੇ ਸੋਹਣੇ ਮੁਖੜੇ ਵੱਲ੍ਹ ਤੱਕ ਰਹੇ ਸਨ, ਬੁੱਲ੍ਹਾਂ ਦੀ ਫੁਰਕਾਰ ਵੱਲ੍ਹ ਤੱਕ ਰਹੇ ਸਨ, ਪਈ ਪਤਾ ਨਹੀਂ ਅੱਜ ਕੀ ਬਖਸ਼ਿਸ਼ ਕਰਨਗੇ। ਪਿੰਡ ਨਾਗਰਿਆਂ ਦੀ ਸੰਗਤ ਮਹਾਰਾਜ ਜੀ ਦੀ ਬਹੁਤ ਪ੍ਰੇਮੀ ਸੀ। ਜਦੋਂ ਸਿਆਣੇ ਬੰਦੇ ਪਹੁੰਚ ਗਏ ਤਾਂ ਆਪ ਜੀ ਨੇ ਹੁਕਮ ਕੀਤਾ, "ਚੰਨਣ! ਸਮਝ ਲਉ ਅੱਜ ਨਾਗਰਿਆਂ ਦਾ ਵਸੀਮਾਂ ਇਸੇ ਜਗ੍ਹਾ ਲਾ ਦਿੱਤਾ ਹੈ, ਇਥੇ ਬੰਨਾ ਪਾ ਦੇਵੋ।" ਇਕ ਬੰਦੇ ਨੂੰ ਹੁਕਮ ਕੀਤਾ, "ਚਲ! ਇਥੇ ਸਿੱਧੀ ਲਕੀਰ ਖਿੱਚ ਦੇਹ।" ਲੋਕੀ ਕਹਿੰਦੇ, "ਮਹਾਰਾਜ ਜੀ! ਭੂਖੜੀ ਦੇ ਲੋਕ ਸਾਨੂੰ ਇਥੇ ਕਿਵੇਂ ਬੰਨਾ ਪਾ ਲੈਣ ਦੇਣਗੇ, ਭੂਖੜੀ ਦਾ ਵਸੀਮਾਂ ਤਾਂ ਸਾਡੀਆਂ ਕੰਧਾਂ ਨਾਲ ਲੱਗਦਾ ਹੈ।" ਮਹਾਰਾਜ ਜੀ ਬੋਲੇ, "ਭਾਈ! ਅੱਜ ਤੁਹਾਡਾ ਵਸੀਮਾਂ ਇਥੇ ਲਾ ਦਿੱਤਾ ਹੈ।" ਏਨਾ ਹੁਕਮ ਕਰਕੇ ਮਹਾਰਾਜ ਜੀ ਚਲੇ ਗਏ। ਪਿਛੋਂ ਲੋਕੀ ਹੈਰਾਨ ਸਨ ਪਈ ਇਥੇ ਸਾਡੇ ਪਿੰਡ ਦਾ ਬੰਨਾ ਕਿਵੇਂ ਬਣੇਗਾ। ਬੱਸ ਦਰਗਾਹੀ ਹੁਕਮ ਹੋ ਚੁੱਕਾ ਸੀ ਹੌਲੀ-ਹੌਲੀ ਪਿੰਡ ਨਾਗਰਿਆਂ ਦੇ ਭੂਖੜੀ ਦੀ ਜ਼ਮੀਨ ਖਰੀਦਣ ਲੱਗ ਪਏ। ਬਾਹਰ ਚਲੇ ਗਏ। ਜਿਥੇ ਮਹਾਰਾਜ ਜੀ ਆਪ ਬੰਨੇ ਦਾ ਹੁਕਮ ਲਾ ਗਏ ਸਨ, ਉਸੇ ਹੀ ਜਗ੍ਹਾ ਤੇ ਬੰਨਾ ਚਲਿਆ ਗਿਆ। ਇਸਤੇਮਾਲ ਹੋਣ ਤੇ ਨਾਗਰਿਆਂ ਅਤੇ ਪਿੰਡ ਭੂਖੜੀ ਦਾ ਵਸੀਵਾਂ ਦੋਹਾਂ ਪਿੰਡਾਂ ਦੇ ਦਰਮਿਆਨ ਹੋ ਗਿਆ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਜਾਗਰ ਸਿੰਘ ਨਾਗਰਿਆਂ ਵਾਲੇ ਨਾਲ ਹੋਈ

ਇਕ ਦਿਨ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਨਾਗਰਿਆਂ ਦੀ ਢੱਕੀ ਵਿਚ ਬੈਠੇ ਸਨ, ਕਰਤਾਰ ਨਾਲ ਲਿਵ ਲੱਗੀ ਹੋਈ ਸੀ। ਠਾਕਰ ਸਿੰਘ ਰਹਿਪੇ ਵਾਲਾ ਕਿਸੇ ਪਸ਼ੂ ਦੀ ਭਾਲ ਕਰਦਾ ਹੋਇਆ, ਆਪ ਜੀ ਦੇ ਦਰਸ਼ਨ ਨੂੰ ਆ ਗਿਆ। ਨਮਸਕਾਰ ਕੀਤੀ ਤਾਂ ਸਤਿਗੁਰੂ ਵਲੋਂ ਹੁਕਮ ਹੋਇਆ, "ਠਾਕਰ! ਨੱਠ ਚੱਲ। ਪਿੰਡ ਨਾਗਰੀ ਨੰਬਰਦਾਰ ਜਾਗਰ ਸਿੰਘ ਨੂੰ ਆਖ ਦੋ ਸੌ ਰੁਪਿਆ ਹਾਲੇ ਦਾ ਤੇਰੇ ਵੱਲ੍ਹ ਹੈ।" ਮਹਾਰਾਜ ਜੀ ਨੇ ਪਿੱਛਿਓਂ ਅਵਾਜ਼ ਮਾਰ ਕੇ ਕਿਹਾ ਲੈ ਕੇ ਆਈਂ, ਦੋ ਸੌ ਨਾ ਦੇਵੇ ਤਾਂ ਇਕ ਸੌ ਰੁਪਿਆ ਲੈ ਕੇ ਆ ਜਾਵੀਂ, ਜੇ ਸੌ ਵੀ ਨਾ ਦੇਵੇ ਤਾਂ ਅੱਠ ਆਨੇ ਹੀ ਲੈ ਕੇ ਆ ਜਾਈਂ, ਦੋ ਆਨੇ ਤੱਕ ਵੀ ਹੁਕਮ ਕੀਤਾ। ਕਿਸੇ ਦਾ ਕੰਮ ਕਰਨਾ ਹੀ ਹੋਵੇ ਤਾਂ ਜਿਥੇ ਤਾਈਂ ਗਿਆਇਤ ਹੋ ਸਕਦੀ ਹੋਵੇ ਕਰਨੀ ਚਾਹੀਦੀ ਹੈ।" ਇਹ ਬਚਨ ਸੱਚੇ ਪਾਤਸ਼ਾਹ ਨੇ ਬੋਲੇ। ਆਪ ਜੀ ਦਾ ਹੁਕਮ ਪਾ ਕੇ ਠਾਕਰ ਸਿੰਘ ਨੇ ਪਿੰਡ ਨਾਗਰੀਂ ਜਾ ਕੇ ਜਾਗਰ ਸਿੰਘ ਨੂੰ ਆਪ ਜੀ ਦਾ ਹੁਕਮ ਕਹਿ ਸੁਣਾਇਆ। ਨੰਬਰਦਾਰ ਜੀ ਨੇ ਅੱਗੋਂ ਇਉਂ ਆਖਿਆ, "ਕੀ ਕਰਨੇ ਹਨ ਦੋ ਸੌ ਰੁਪਏ ਸਰਕਾਰ ਨੇ? ਐਵੇਂ ਨਿਆਣਿਆਂ ਨੂੰ ਹੀ ਚੁੱਕਾ ਦੇਣੇ ਹਨ।" ਹੁਕਮ ਦੀ ਪਾਲਣਾ ਨਾ ਕੀਤੀ। ਠਾਕਰ ਸਿੰਘ ਨੇ ਮੁੜ ਕੇ ਆਪ ਜੀ ਨੂੰ ਸਾਰਾ ਹਾਲ ਕਹਿ ਸੁਣਾਇਆ। ਠਾਕਰ ਸਿੰਘ ਨੂੰ ਤਿੰਨ ਵਾਰੀ ਮੋੜ ਮੋੜ ਕੇ ਭੇਜਿਆ। ਤੀਜੀ ਵਾਰੀ ਵੀ ਕੁੱਝ ਨਾ ਦਿੱਤਾ, ਅੱਛਾ ਜੀ ਕਹਿ ਕੇ ਮੋੜ ਦਿੱਤਾ। ਮੁੜ ਠਾਕਰ ਸਿੰਘ ਨੇ ਸਾਰਾ ਹਾਲ ਕਹਿ ਸੁਣਾਇਆ, ਨਾਲੇ ਬੇਤਨੀ ਕੀਤੀ ਮੇਰੇ ਕੋਲੋਂ ਦੋ ਰੁਪਏ ਲੈ ਲਵੋ। ਅੱਗੇ ਸਤਿਗੁਰੂ ਬੋਲੇ, "ਠਾਕਰਾ! ਘਰ ਨੱਠ ਚਲ। ਪਹਿਰੇਦਾਰ ਦਾ ਕੰਮ ਪਹਿਰਾ ਦੇਣਾ ਹੈ। ਘਰ ਵਾਲਾ ਜਾਗੇ ਜਾਂ ਨਾ ਜਾਗੇ ਉਹਦੀ ਮਰਜ਼ੀ, ਕਰਤਾਰ ਵਲੋਂ ਹੁਕਮ ਹੈ, ਜੀਵਾਂ ਦਾ ਭਲਾ ਕਰਨਾ, ਜੋ ਵੀ ਹੁਕਮ ਮੰਨੇਗਾ ਭਲਾ ਹੋਵੇਗਾ।" ਠਾਕਰ ਸਿੰਘ ਨਮਸਕਾਰ ਕਰ ਕੇ ਚਲੇ ਗਿਆ। ਰਾਤ ਨੂੰ ਨੰਬਰਦਾਰ ਤੇ ਉਸ ਦੀ ਘਰ ਵਾਲੀ ਦੀ ਲੜਾਈ ਹੋ ਗਈ। ਲੜਕੀ ਖੂਹ ਵਿਚ ਛਾਲ ਮਾਰ ਕੇ ਮਰ ਗਈ। ਸਾਰੇ ਪਿੰਡ ਵਿਚ ਹਾਹਾਕਾਰ ਮਚ

ਗਈ। ਨੰਬਰਦਾਰ ਤੇ ਪੁਲਿਸ ਨੇ ਆ ਕੇ ਲਾਸ਼ ਖੂਹ ਵਿਚੋਂ ਕੱਢੀ ਨਾਲੇ ੨੦੦ ਰੁਪਿਆ ਜੁਰਮਾਨਾ ਭਰਿਆ। ਪਿੰਡ ਵਿਚ ਲੋਕਾਂ ਦੀਆਂ ਮਿੰਨਤਾਂ ਕੀਤੀਆਂ, ਫਿਰ ਪਿਛੋਂ ਪਛਤਾਉਣ ਲੱਗਾ। ਉਸ ਵੇਲੇ ਸਤਿਗੁਰੂ ਦੇ ਹੁਕਮ ਦਾ ਪਤਾ ਲੱਗਾ। ੨੦੦ ਰੁਪਿਆਂ ਦਾ ਕੰਮ ਅੱਠ ਆਨੇ ਜਾਂ ਦੋ ਆਨੇ ਵਿਚ ਹੁੰਦਾ ਸੀ ਤਾਂ ਕਰਾ ਨਾ ਸਕਿਆ, ਸਤਿਗੁਰੂ ਦੀ ਰਹਿਮਤ ਨੂੰ ਸਮਝ ਨਾ ਸਕਿਆ। ਬਿਨਾਂ ਕਿਸਮਤ ਤੋਂ ਭਲੇ ਪਾਸੇ ਪੈਸਾ ਨਹੀਂ ਲਗਦਾ। ਜੀਵ ਗਫ਼ਲਤ ਦੀ ਨੀਂਦ ਵਿਚ ਸੁੱਤਾ ਪਿਆ, ਅੱਖ ਨਹੀਂ ਪੁੱਟਦਾ। ਸਮਾਂ ਬੀਤੇ ਤੋਂ ਪਛਤਾਉਂਦਾ ਹੈ। ਨਿਰੰਕਾਰ ਦੀ ਰਹਿਮਤ ਨੂੰ ਬੰਦਾ ਬਿਨਾਂ ਭਾਗਾਂ ਤੋਂ ਸਮਝਦਾ ਨਹੀਂ ਹੈ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਨਾਗਰਿਆਂ ਦੇ ਲੋਕਾਂ ਨਾਲ ਹੋਈ

ਇਕ ਦਿਨ ਭਗਤ-ਵਛਲ, ਦੁੱਖ-ਭੰਜਨਹਾਰੇ, ਅਨਾਥਾਂ ਦੇ ਨਾਥ, ਜੇਠ ਹਾੜ੍ਹ ਦੇ ਦਿਨ ਸਨ, ਇਕ ਬ੍ਰਿਛ ਦੇ ਹੇਠ ਬੈਠੇ ਰਾਗੀਆਂ ਕੋਲੋਂ ਕੀਰਤਨ ਸੁਣਦੇ ਸਨ। ਲੋਕ ਆਪ ਜੀ ਦੇ ਨੂਰੀ ਮੁਖੜੇ ਦੇ ਦਰਸ਼ਨ ਕਰਕੇ ਰਸ ਮਾਣ ਰਹੇ ਸਨ। ਇੰਨੇ ਚਿਰ ਨੂੰ ਸੰਤ ਅਵਧੂਤ ਜੀ ਦਰਸ਼ਨ ਨੂੰ ਆਏ। ਅੱਗੋਂ ਸਤਿਗੁਰੂ ਵਲੋਂ ਹੁਕਮ ਹੋਇਆ, "ਸਾਧੂ! ਚਲ ਪਿੰਡ ਨਾਗਰੀਂ ਮੁਣਸ਼ਾ ਸਿੰਘ, ਚੰਨਣ ਸਿੰਘ, ਜਾਗਰ ਸਿੰਘ ਦੋ ਦੋ ਹਜਾਰ ਰੁਪਿਆ ਇਨ੍ਹਾਂ ਵੱਲ੍ਹ ਹੈ, ਆ ਕੇ ਹਾਲਾ ਦੇ ਜਾਣ ਜਾਂ ਸਾਧੂ ਆਪ ਲੈ ਕੇ ਆਈਂ।" ਸੰਤਾਂ ਨੇ ਮਹਾਰਾਜ ਜੀ ਦਾ ਹੁਕਮ ਦੋਹਾਂ ਪਾਸਿਆਂ ਨੂੰ ਕਹਿ ਸੁਣਾਇਆ। ਸਾਰਿਆਂ ਨੇ ਹੂੰ ਹਾਂ ਕਰ ਛੱਡੀ। ਤਿੰਨ ਵਾਰੀ ਸੰਤਾਂ ਨੂੰ ਮੋੜ-ਮੋੜ ਕੇ ਭੇਜਿਆ ਦੋ ਦੋ ਹਜ਼ਾਰ ਨਹੀਂ ਦਿੱਤਾ। ਦੋ-ਦੋ ਸੌ ਹੀ ਲੈ ਕੇ ਆਓ, ਤੀਜੀ ਵਾਰ ਵੀ ਸੰਤਾਂ ਨੂੰ ਕੁੱਝ ਨਾ ਦਿੱਤਾ। ਜਦੋਂ ਵੀ ਕਿਸਮਤ ਦਾ ਪੁੱਠਾ ਚੱਕਰ ਲੱਗਦਾ ਹੈ, ਰਾਜੇ ਜਨਮੇਜੇ ਵਰਗੇ, ਦੁਰਯੋਧਨ ਵਰਗੇ ਛਤਰਧਾਰੀ, ਰਾਵਣ ਵਰਗੇ ਆਲਮ ਵੇਦਾਂ ਦੇ ਵਕਤੇ, ਯੁਧਿਸ਼ਟਰ ਵਰਗੇ ਧਰਮ ਪੁੱਤਰ ਵੀ ਰੋਏ। ਗੁਰਬਾਣੀ ਦਾ ਕਥਨ ਹੈ

"ਸਹੰਸਰ ਦਾਨ ਦੇ ਇੰਦ੍ ਰੋਆਇਆ॥ ਪਰਸ ਰਾਮੁ ਰੋਵੈ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥ ਔਸੀ ਦਰਗਾਹ ਮਿਲੈ ਸਜਾਇ॥
ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖੰਮਣੁ ਵਿਛੁੜਿ ਗਇਆ॥"

ਇਥੋਂ ਤੱਕ ਕਿ

"ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥

ਬਾਬੇ ਆਦਮ ਵਰਗੇ ਵਕਤ ਨੂੰ ਨਾ ਸੰਭਾਲ ਸਕੇ। ਹੋਰ ਜੀਵਾਂ ਦੀ ਕੀ ਗਤੀ ਹੈ? ਕੁੱਝ ਦਿਨਾਂ ਬਾਅਦ ਦੋਨਾਂ ਪਾਸਿਆਂ ਦੀ ਬਹੁਤ ਲੜਾਈ ਹੋਈ। ਦੋ ਬੰਦੇ ਲੜਾਈ ਵਿਚ ਮਾਰੇ ਗਏ। ਮੁਣਸ਼ਾਂ ਸਿੰਘ ਤੇ ਚੈਨਣ ਸਿੰਘ ਦੀ ਪਾਰਟੀ ਨੇ ਜੋ ਦਰਵਾਜ਼ੇ ਮੋਹਰੇ ਸਾਂਝੀ ਜਗ੍ਹਾ ਸੀ, ਜਿਸ ਦੀ ਵਜ੍ਹਾ ਨਾਲ ਲੜਾਈ ਹੋਈ। ਲੜਾਈ ਹੋਣ ਦੇ ਬਾਅਦ ਸਾਰੇ ਲੋਕ ਇਕੱਠੇ ਹੋ ਗਏ। ਆਪ ਜੀ ਦੇ ਚਰਨਾਂ ਵਿਚ ਲੱਗੇ ਬੇਨਤੀਆਂ ਕਰਨ, "ਕ੍ਰਿਪਾ ਕਰੋ, ਮਿਹਰਬਾਨ! ਅਸੀਂ ਭੁਲ ਗਏ, ਆਪ ਜੀ ਦਾ ਹੁਕਮ ਨਾ ਮੰਨ ਸਕੇ ਤਾਂ ਦੁੱਖ ਪਾਇਆ।" ਅੱਗੋਂ ਸਤਿਗੁਰੂ ਬੋਲੇ, "ਹੁਣ ਕੁੱਝ ਨਹੀਂ ਹੋ ਸਕਦਾ? ਦਸ-ਦਸ ਸਾਲ ਸਜ਼ਾ ਹੋਵੇਗੀ।" ਸਮੁੰਦ ਸਿੰਘ ਆਪ ਜੀ ਦੇ ਸੇਵਕ ਸਨ, ਇਸ ਨੂੰ ਪਹਿਲਾਂ ਹੀ ਕਈ ਵਾਰ ਹੁਕਮ ਕੀਤਾ, ਜਿਥੇ ਸੌ ਬੰਦਾ ਇਕੱਠਾ ਹੋਵੇ ਉੱਥੇ ਤੂੰ ਨਹੀਂ ਜਾਣਾ।" ਇਹ ਲੜਾਈ ਉਦੋਂ ਹੋਈ ਜਦੋਂ ਨਕਲਾਂ ਹੋ ਰਹੀਆਂ ਸਨ, ਬਹੁਤ ਸਾਰੇ ਬੰਦੇ ਇਕੱਠੇ ਹੋ ਕੇ ਨਕਲਾਂ ਦੇਖ ਰਹੇ ਸਨ। ਦਾਨ ਕਰਨ ਨਾਲ, ਸੇਵਾ ਕਰਨ ਨਾਲ ਆਧੀਆਂ, ਵਿਆਧੀਆਂ ਸਾਰੀਆਂ ਖ਼ਤਮ ਹੋ ਜਾਂਦੀਆਂ ਹਨ। ਇਨਸਾਨ ਦਾ ਮੁੱਖ ਧਰਮ ਹੈ ਸਤਿਗੁਰੂ ਦੇ ਹੁਕਮ ਵਿਚ ਚਲਦਾ ਰਹੇ ਤਾਂ ਸਦਾ ਸੁੱਖ ਬਣਿਆ ਰਹਿੰਦਾ ਹੈ।

ਬੋਲੋ ਭਾਈ ਵਾਹਿਗੁਰੂ॥

ਸਾਖੀ ਪੰਡਿਤ ਬਸੰਤ ਸਿੰਘ ਭਧਾਣਿਆ ਵਾਲੇ ਨਾਲ ਹੋਈ

ਪੰਡਿਤ ਬਸੰਤ ਸਿੰਘ ਜੀ ਪਿੰਡ ਭਧਾਣਿਆਂ ਦੇ ਵਾਸੀ ਸਨ। ਨਾਮਧਾਰੀਆਂ ਵਿਚ ਚੰਗੇ ਮੰਨੇ ਹੋਏ ਵਿਦਵਾਨ ਸਨ। ਪੰਡਿਤ ਜੀ ਭਰੇ ਮਜਾਰੇ ਕਿਸੇ ਆਪਣੇ ਗੁਰ ਭਾਈ ਦੇ ਘਰ ਰਾਤ ਰਹੇ। ਸਵੇਰਾ ਹੋਣ 'ਤੇ ਬਾਹਰ ਜੰਗਲ ਪਾਣੀ ਜਾ ਰਹੇ

ਸਨ। ਅੰਮ੍ਰਿਤ ਵੇਲਾ ੪ ਦਾ ਸਮੇਂ ਸੀ ਚੰਦਰਮਾ ਅਲੋਪ ਹੋਣ ਵਾਲਾ ਸੀ, ਪਹੁ ਫਟਣ ਵਾਲੀ ਸੀ, ਜਾਨਵਰ ਚੂੰ-ਚੂੰ ਦੇ ਸ਼ਬਦ ਗਾ ਰਹੇ ਸੀ, ਆਕਾਸ਼ ਵੱਲ੍ਹੋਂ ਰੋਸ਼ਨੀ ਆ ਰਹੀ ਸੀ, ਲਾਲ਼ੀ ਦਾ ਛਤਰ ਤਣਦਾ ਜਾ ਰਿਹਾ ਸੀ, ਤਾਰੇ ਅਲੋਪ ਹੋ ਰਹੇ ਸਨ। ਠੰਡੀ ਠੰਡੀ ਪੌਣ ਰੁਮ੍ਹਕ ਰਹੀ ਸੀ, ਸੁੱਤੇ ਪਏ ਪ੍ਰੇਮ ਨੂੰ ਜਗਾ ਰਹੀ ਸੀ। ਬਾਗਾਂ ਵਿਚ ਫੁੱਲਾਂ ਦੀ ਫੁਲਵਾੜੀਆਂ ਮਹਿਕ ਰਹੀਆਂ ਸਨ, ਐਸੇ ਸੋਹਣੇ ਸਮੇਂ 'ਤੇ ਪੰਡਿਤ ਜੀ ਦਾ ਦਿਲ ਕੁਦਰਤ ਦੀ ਟੱਕਰ ਖਾ ਕੇ ਕਿਸੇ ਅਨੋਖੀ ਹੀ ਰੰਗਤ ਵਿਚ ਰੰਗਿਆ ਗਿਆ। ਅੰਦਰ ਇਕ ਪ੍ਰੇਮ ਦੀ ਰੌਅ ਵਹਿ ਰਹੀ ਸੀ। ਉਸ ਪਿਆਰੇ ਪ੍ਰੀਤਮ ਦੇ ਪਿਆਰ ਵਿਚ ਐਸੀ ਲਿਵਲੀਨ ਹੋਈ ਕਿ ਰੋਮ ਰੋਮ ਪ੍ਰੀਤਮ ਜੀ ਦੀ ਯਾਦ ਵਿਚ ਜੁੜ ਗਿਆ। ਜਿਵੇਂ ਬਾਬਾ ਬੁੱਲ੍ਹੇ ਸ਼ਾਹ ਜੀ ਕਹਿੰਦੇ ਹਨ, "ਰਾਂਝਾ-ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ, ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ॥" ਪੰਡਿਤ ਜੀ ਨੇ ਮਨ ਵਿਚ ਅਰਦਾਸ ਕੀਤੀ "ਐਸੀ ਘੜੀ ਰਾਜਾ ਸਾਹਿਬ ਜੀ ਦਰਸ਼ਨ ਦੇਣ ਤਾਂ ਮੈਂ ਜਾਣਾਂ। ਆਪ ਜੀ ਨਾਨਕ ਅਵਤਾਰ ਹੋ, ਕ੍ਰਿਸ਼ਨ ਦਾ ਹੀ ਰੂਪ, ਰਾਮ ਸਿੰਘ ਦਾ ਹੀ ਰੂਪ, ਤੂੰ ਤੇ ਰਾਜਾ ਜਨਕ ਅਵਤਾਰ, ਜਦੋਂ ਪੰਡਿਤ ਜੀ ਐਸੇ ਪ੍ਰੇਮ ਵਿਚ ਮਗਨ ਹੋ ਕੇ ਇਕ ਧਾਰਨਾ ਬੋਲੀ, ਚੱਲੀ ਜਾਣ ਰਾਮਾ ਜਿੰਦ ਤੇਰੇ ਹਾਵੇ।" ਆਪ ਜੀ ਕਰਤਾਰ ਸਿੰਘ ਦੇ ਕੋਠੇ ਤੋਂ ਉਠੇ ਭੋਗਰ ਦੇ ਅੰਦਰ ਜਾ ਵੜੇ। ਅੰਦਰੋਂ ਕੁੰਡੀ ਲਾ ਕੇ ਇਕ ਪਲ ਵਿਚ ਜਿੱਥੇ ਕੋਈ ਸੱਚਾ ਪ੍ਰੇਮੀ ਪ੍ਰੇਮ ਦੇ ਬਾਣ ਨਾਲ ਜ਼ਖ਼ਮੀ ਹੋ ਕੇ ਪਿਆ ਬਲ-ਬਲ ਕਰਦੇ ਪੰਡਿਤ ਜੀ ਦੇ ਮੋਹਰੇ ਜਾ ਖੜ੍ਹੇ ਹੋਏ। ਪੰਡਿਤ ਜੀ ਚਰਨਾਂ ਵਿਚ ਢਹਿ ਪਏ। ਦੋਵੇਂ ਬਾਹਾਂ ਫੜ ਕੇ ਛਾਤੀ ਨਾਲ ਲਾਇਆ, ਤਪਦਾ ਹੋਇਆ ਸੀਨਾ ਠੰਡਾ ਕੀਤਾ, ਹੁਕਮ ਹੋਇਆ, "ਨਿਹਾਲ! ਨਿਹਾਲ! ਤੂੰ ਤਾਂ ਮੇਰਾ ਅੰਗ ਹੋ।" ਪੰਡਿਤ ਜੀ ਦੀਆਂ ਮਨੋਂ ਕਾਮਨਾਵਾਂ ਪੂਰੀਆਂ ਹੋਈਆਂ। ਪਿੰਡੋਂ ਅਨੋਖੇ ਆਦਧਰਮੀਏ ਨਾਮਧਾਰੀਏ ਨੂੰ ਸੱਦਿਆ ਸ਼ਬਦ ਪੜ੍ਹਨ ਦਾ ਹੁਕਮ ਕੀਤਾ। ਇਕ ਕਿਆਰੇ ਵਿਚ ਆਪ ਖੜ੍ਹੇ ਹੋ ਗਏ, ਦੂਜੇ ਕਿਆਰੇ ਵਿਚ ਅਨੋਖੇ ਨੂੰ ਖੜ੍ਹਾ ਕੀਤਾ। ਅਨੋਖਾ ਇਕ ਕੜਾ ਤੇ ਗਿਲਾਸ ਜਿਵੇਂ ਨਾਮ ਦੇਵ ਜੀ ਹਰ ਵਕਤ ਕੋਲ ਖੜਤਾਲਾਂ ਰਖਦੇ ਸੀ, ਇਹ ਵੀ ਆਪਣੇ ਕੋਲ ਕੜਾ ਤੇ ਗਿਲਾਸ ਰੱਖਦੇ ਸੀ। ਨਾਮਧਾਰੀਆਂ ਵਾਲੀਆਂ ਧਾਰਨਾਵਾਂ ਪੜ੍ਹਿਆ ਕਰਦੇ ਸੀ। ਆਪ ਜੀ ਨਾਲ ਨ੍ਰਿਤਕਾਰੀ ਕਰਦੇ

ਸਨ, ਨਾਲ ਇਉਂ ਧਾਰਨਾ ਬੋਲਦੇ,

ਯਾਰ ਦੇ ਬੂਹੇ ਤੇ ਮਰ ਚੱਲੀਏ ਆਸ਼ਿਕ ਨੂੰ ਲਾਜ ਨਾ ਲੱਗੇ।
ਆਸ਼ਿਕ ਆਸ਼ਿਕ ਹਰ ਕੋਈ ਕਹਿੰਦਾ ਟੇਢੀ ਪਗੜੀ ਧਰਕੇ।

ਸਿਰ ਤੋਂ ਪਰ੍ਹੇ ਇਸ਼ਕ ਦਾ ਡੇਰਾ ਜਿੱਥੇ ਬੰਦਾ ਪਹੁੰਚੇ ਮਰ ਕੇ।
ਮਾਂ ਸਮਝਾਏ ਮੁੜ ਜਾ ਹੀਰੇ ਕਲਾਂ ਜਗਾ ਨਾ ਸੁਤੀਆਂ,
ਨਹੀਂ ਤਾਂ ਪੁੱਠੀ ਖਲ ਲਹਾ ਕੇ ਤੇਰਾ ਮਾਸ ਖੁਆਵਾਂ ਕੁੱਤੀਆਂ।
ਹੱਸ ਕੇ ਅੱਗੋਂ ਹੀਰ ਪਈ ਆਖੇ
ਖਲੜੀ ਲਹਿਸੀ ਤਾਂ ਕੀ ਹੋਸੀ ਮੇਰਾ ਚਾਕ ਸੁਆਸੀ ਜੁੱਤੀਆਂ।"

ਪੰਡਿਤ ਜੀ ਨੂੰ ਦਰਸ਼ਨ ਦੇ ਕੇ, ਅਨੋਖੇ ਨੂੰ ਨਿਹਾਲ ਕਰਕੇ ਅੱਗੇ ਚਲਦੇ ਹੋਏ।
ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਪਰੀਤੇ ਮਜਾਰੇ ਵਾਲੇ ਨਾਲ ਹੋਈ

ਇਕ ਦਿਨ ਨਾਭ ਕੰਵਲ ਰਾਜਾ ਸਾਹਿਬ ਜੀ ਪਿੰਡੋਂ ਲਹਿੰਦੇ ਪਾਸੇ ਇਕ ਹਲਟ ਦੀ ਪੈੜ ਵਿਚ ਬੈਠੇ ਸਨ, ਪਿੰਡ ਕੱਟਾਂ ਤੋਂ ਬੂਝਾ ਮੱਲ ਮੱਝ ਲੈਣ ਵਾਸਤੇ ਆਇਆ। ਕਰਤਾਰ ਕੋਲੋਂ ਪਰੀਤੇ ਨੇ ਮੱਝ ਮੁੱਲ ਲੈ ਲਈ, 80 ਰੁਪੈ ਦਾ ਸੌਦਾ ਹੋਇਆ 2 ਰੁਪਏ ਦਲਾਲੀ ਦੇ ਲੈਣੇ ਕੀਤੇ। ਪਰੀਤਾ ਮੱਝ ਪਿੰਡੋਂ ਕੁੱਝ ਦੂਰ ਛੱਡ ਕੇ ਮੁੜ ਆਇਆ ਸੀ। ਆਪ ਜੀ ਵਲੋਂ ਹੁਕਮ ਹੋਇਆ, "ਇਸ ਪ੍ਰਾਹੁਣੇ ਨੂੰ ਪਿੰਡ ਛੱਡ ਕੇ ਆਓ, ਇਹਦੇ ਨਾਲ ਸਾਕਾਚਾਰੀ ਪਾ ਲੈਣੀ ਸੀ।" ਪਰੀਤਾ ਉਸ ਨੂੰ ਪਿੰਡ ਛੱਡ ਕੇ ਮੁੜ ਆਇਆ। ਉਸ ਤੋਂ ਬਾਅਦ ਬੂਝੇ ਦੀ ਸ਼ਾਦੀ ਹੋਈ। ਬੂਝੇ ਦੇ ਘਰ ਲੜਕੀ ਜਨਮੀ 50 ਸਾਲ ਤੋਂ ਬਾਅਦ ਪਰੀਤੇ ਦੇ ਲੜਕੇ ਨਾਲ ਸ਼ਾਦੀ ਹੋਈ। ਇਕ ਦਿਨ ਰਾਤ ਦੇ ਸਮੇਂ ਆਪ ਜੀ ਰਸੋਖਾਨੇ ਆਏ। ਮੁੰਦਰ ਸਿੰਘ, ਪਰੀਤਾ ਲੰਗਰ ਵਿਚ ਸੇਵਾ ਕਰਦਾ ਸੀ। ਪਾਤਸ਼ਾਹ ਜੀ ਨੇ ਮੁੰਦਰ ਸਿੰਘ ਨੂੰ ਆਖਿਆ, "ਕਹੀ ਲਿਆਓ, ਮਹਿੰਗੇ ਨੂੰ ਅੱਜ ਮਾਇਆ ਦਾ ਖਜ਼ਾਨਾ ਦੱਸ

ਦੇਈਏ, ਪਿਛਲਾ ਸਾਡਾ ਧਨ ਪਿਆ ਹੈ, ਜਦੋਂ ਅਸੀਂ ਜੰਮੂ ਦਾ ਰਾਜ ਕੀਤਾ ਸੀ।" ਦਮਦਮਾ ਸਾਹਿਬ ਵੱਲ੍ਹ ਇਸ਼ਾਰਾ ਕੀਤਾ, ਜਿਹੜਾ ਝਿਗੜਾਂ ਦੀ ਜੂਹ ਵਿਚ ਹੈ। ਚਾਰ ਖੇਤ ਤੁਰ ਕੇ ਰੁਕ ਗਏ ਕਹਿੰਦੇ, "ਮੁੰਦਰ! ਰਹਿਣ ਹੀ ਦੇਈਏ, ਦੋ ਰੁਪਏ ਪੀਤੇ ਦਾ ਖਰਚ ਹੈ।" ਰਸੋਖਾਨੇ ਦੇ ਨਾਲ ਇਕ ਰੀਸ ਦਾ ਬੂਟਾ ਸੀ, ਉਸ ਦੇ ਥੱਲਿਓਂ ਖੁੱਡ ਵਿਚੋਂ ਦੋ ਰੁਪਏ ਰੋਜ਼ ਚੁੱਕਣ ਦਾ ਹੁਕਮ ਕੀਤਾ। ਪਰੀਤਾ ਅਫ਼ੀਮ ਡੋਡਿਆਂ ਦਾ ਅਮਲੀ ਸੀ, ਕੰਮ ਕਾਰ ਕੋਈ ਨਾ ਸੀ ਕਰਦਾ, 6 ਧੀਆਂ ਸਨ, ਕੁੱਝ ਦਿਨ ਇਸੇ ਤਰਾਂ ਦੋ ਰੁਪਏ ਚੁੱਕਦਾ ਰਿਹਾ। ਇਕ ਦਿਨ ਕੀ ਦੇਖੇ ਕਿ ਚਾਂਦੀ ਦੇ ਰੁਪਿਆਂ ਦਾ ਕਾਫ਼ੀ ਢੇਰ ਲੱਗਾ ਹੋਇਆ ਸੀ। ਸਾਰੇ ਚੁੱਕ ਲਏ, ਦੂਜੇ ਦਿਨ ਗਿਆ, ਕੋਈ ਪੈਸਾ ਨਾ ਸ਼ਰਮਿੰਦਾ ਹੋ ਕੇ ਮੁੜ ਆਇਆ। ਮਹਾਰਾਜ ਜੀ ਦੇ ਚਰਨਾਂ ਵਿਚ ਆ ਕੇ ਬੇਨਤੀਆਂ ਕਰਨ ਲੱਗਾ, "ਸੱਚੇ ਪਾਤਸ਼ਾਹ! ਮੇਰਾ ਗੁਜ਼ਾਰਾ ਕਿੱਦਾਂ ਹੋਵੇਗਾ?" ਹੁਕਮ ਹੋਇਆ, "ਸਾਡੀ ਗਾਗਰ ਪਾਣੀ ਦੀ ਭਰ ਕੇ ਲੈ ਆਓ।" 2 ਰੁਪੈ ਉਸ ਦੇ ਕੋਲ ਪਏ, ਉਸ ਨੇ ਚੁੱਕ ਕੇ ਜੇਬ ਵਿਚ ਪਾ ਲਏ। ਇਕ ਮਾਈ ਹੋਰ ਦਰਸ਼ਨ ਨੂੰ ਆਈ। ਉਸ ਨੇ ਇਕ ਰੁਪਿਆ ਮੱਥਾ ਟੇਕਿਆ ਠਾਕਰ ਸਿੰਘ ਰਹਿਪੇ ਤੋਂ ਆਇਆ, ਉਸ ਨੇ ਵੀ ਇਕ ਰੁਪੈ ਨਾਲ ਮੱਥਾ ਟੇਕਿਆ, ਉਹ ਵੀ ਉਸ ਨੇ ਜੇਬ ਵਿਚ ਪਾ ਲਿਆ। ਫਿਰ ਹੁਕਮ ਹੋਇਆ, ਨਾਲੀ ਸਾਫ਼ ਕਰ। ਨਾਲੀ ਵਿਚੋਂ ਇਕ ਸੋਨੇ ਦੀ ਮੁੰਦੀ ਹੱਥ ਲੱਗੀ। ਉਸ ਵੇਲੇ ਅੰਦਰੋਂ ਅਵਾਜ਼ ਦਿੱਤੀ, "ਚੱਲ ਨੱਠ ਚੱਲ! ਤੇਰਾ ਕੰਮ ਹੋ ਗਿਆ। ਬੁੱਢੀ ਵਾਲਾ ਰੁਪਿਆ ਮੋੜ ਦੇ ਇਹ ਅਸੀਂ ਮਨਜ਼ੂਰ ਨਹੀਂ ਕੀਤਾ।" ਹਾਲਾ ਲੈ ਕੇ ਦੁਖੀ ਜੀਵਾਂ ਦਾ ਕੰਮ ਕਰਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ।

ਸਾਖੀ ਕੂਕਰ ਨਿਸਤਾਰਾ

ਇਕ ਦਿਨ ਗੁਣਾਚੌਰ ਦਾ ਸਲਾਮਤ (ਰਾਜਪੂਤਾਂ ਦਾ ਮੁੰਡਾ) ਸ਼ਿਕਾਰ ਖੇਡਦਾ-ਖੇਡਦਾ ਨਾਗਰਿਆਂ ਦੀ ਢੱਕੀ ਵੱਲ੍ਹ ਚਲਾ ਗਿਆ। ਇਕ ਬਿਰਛ ਦੇ ਥੱਲੇ ਮਹਾਰਾਜ ਜੀ ਬੈਠੇ ਸਨ। ਸਲਾਮਤ ਕੋਲ ਦੋ ਕੁੱਤੇ ਸਨ ਤੇ ਡੋਰਾਂ ਪਾ ਕੇ

ਫੜੇ ਹੋਏ ਸਨ। ਇਕ ਚਿੱਟਾ ਅਤੇ ਦੂਜੇ ਦਾ ਰੰਗ ਭੂਸਲਾ (ਪੀਲਾ) ਸੀ। ਦੋਨੋਂ ਕੁੱਤੇ ਬਹੁਤ ਸੋਹਣੇ ਅਤੇ ਸ਼ਿਕਾਰੀ ਸਨ। ਇਨ੍ਹਾਂ ਜਦੋਂ ਸਤਿਗੁਰਾਂ ਦੇ ਦਰਸ਼ਨ ਕੀਤੇ। ਨੂਰੀ ਨੈਣਾਂ ਦੀ ਝਲਕ ਇਨ੍ਹਾਂ 'ਤੇ ਪਈ ਤੇ ਚਰਨਾਂ ਵਿਚ ਲਿਟ ਗਏ। ਆਪਣੇ ਮਾਲਿਕ ਦਾ ਧਿਆਨ ਛੱਡ ਦਿੱਤਾ। ਸਲਾਮਤ ਨੇ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਾ ਉੱਠੇ। ਫਿਰ ਆਖਿਰਕਾਰ ਸਲਾਮਤ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਇਨ੍ਹਾਂ ਨੂੰ ਫਿਰ ਸ਼ਿਕਾਰ ਖੇਡਣ ਦੀ ਸਮਰੱਥਾ ਬਖਸ਼ੋ। ਮਹਾਰਾਜ ਜੀ ਬੋਲੇ "ਸਲਾਮਤ ਇਹ ਵੀ ਆਪਣਾ ਭਲਾ ਚਾਹੁੰਦੇ ਹਨ। ਪਿਛਲੇ ਜਨਮ ਘੋਰ ਪਾਪ ਕਰਨੇ ਸੇ ਇਨਕੋ ਕੂਕਰ ਜੂਨ ਮਿਲੀ, ਆਪਣੇ ਕੀਤੇ ਹੋਏ ਗੁਨਾਹਾਂ ਦੀ ਮੁਆਫੀ ਮੰਗਦੇ ਹਨ। ਇਹ ਪਿਛਲੇ ਜਨਮ ਰਾਜੇ ਹੀ ਸਨ। ਇਹ ਉਧਾਰ ਵਾਸਤੇ ਹਮਾਰੀ ਸ਼ਰਨ ਵਿਚ ਆ ਗਏ ਹਨ। ਭਲਾ ਕਰਨਾ ਹੀ ਪਵੇਗਾ।" ਇਹ ਹੁਕਮਨਾਮਾ ਸੁਣ ਕੇ ਰਾਜਪੂਤ ਚੁਪਚਾਪ ਆਪਣੇ ਘਰ ਚਲਾ ਗਿਆ। ਫਿਰ ਕੁੱਤੇ ਘਰ ਲਿਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਇੰਨੇ ਚਿਰ ਨੂੰ ਸੰਤ ਅਵਧੂਤ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ, ਅੱਗੋਂ ਸਤਿਗੁਰਾਂ ਦਾ ਹੁਕਮ ਹੋਇਆ, "ਸਾਧੂ! ਹਮਾਰੇ ਕੁੱਤਿਆਂ ਵਾਸਤੇ ਕਰਤਾਰ ਸਿੰਘ ਦੇ ਘਰੋਂ ਪ੍ਰਸ਼ਾਦਾ ਬਣਾ ਕੇ ਲੈ ਆਉ।" (ਮਹਾਰਾਜ ਜੀ ਦੇ ਚੜ੍ਹਾਈ ਕਰ ਜਾਣ ਬਾਅਦ ਅਵਧੂਤ ਜੀ ਵੀ ਇਸੇ ਘਰ ਵਿਚ ਰਹਿੰਦੇ ਸਨ। ਸੰਤ, ਕਰਤਾਰ ਸਿੰਘ ਦੇ ਭਾਵ ਮਹਾਰਾਜ ਜੀ ਦੇ ਘਰ ਗਏ।) ਬੀਬੀ ਕਰਮ ਕੌਰ ਕੋਲੋਂ ਧੜੀ ਅੰਨ ਪਕਵਾ ਕੇ ਲੈ ਆਏ। ਮਹਾਰਾਜ ਜੀ ਦੇ ਪੇਸ਼ ਹੋਏ, ਇਕ ਪਾਸੇ ਸਾਰੇ ਪ੍ਰਸ਼ਾਦੇ ਪੋਣੇ ਉਤੇ ਰੱਖ ਦੇਣ ਦਾ ਹੁਕਮ ਕੀਤਾ। ਉਨ੍ਹਾਂ ਸਾਰੇ ਪ੍ਰਸ਼ਾਦਿਆਂ ਦਾ ਸੱਥਰਾ ਇਕ ਥਾਂ ਸੰਤਾਂ ਨੇ ਪੋਣੇ ਉਤੇ ਰੱਖ ਦਿੱਤਾ। ਆਪ ਪਿੱਛੇ ਹੱਟ ਕੇ ਬੈਠ ਗਏ। ਬਸ ਮਿੰਟ ਤੋਂ ਬਾਅਦ ਪੀਲੇ ਰੰਗ ਦਾ ਕੁੱਤਾ ਸੀ, ਉਸਨੇ ਉੱਠਕੇ ਦੋ ਪ੍ਰਸ਼ਾਦੇ ਉਪਰੋਂ ਚੁਕ ਕੇ ਪਾਸੇ ਰੱਖ ਦਿੱਤੇ ਤੇ ਦੋ ਚੁਕ ਕੇ ਪਾਸੇ ਹੋ ਕੇ ਖਾਣ ਲੱਗ ਪਆ। ਜਦੋਂ ਉਸ ਕੁੱਤੇ ਨੇ ਦੋ ਪਰਸ਼ਾਦੇ ਚੁੱਕ ਕੇ ਪਿੱਛੇ ਹਟਾ ਕੇ ਖਾਣੇ ਸ਼ੁਰੂ ਕੀਤੇ ਤਾਂ ਬਾਕੀ ਸਾਰੇ ਦਸ ਬਾਰਾਂ ਕੁੱਤੇ ਜਿਹੜੇ ਵੀ ਸਨ, ਕਿਸੇ ਦੇ ਹੱਥ ਇਕ ਆ ਗਿਆ, ਕਿਸੇ ਦੇ ਦੋ। ਉਹ ਸਾਰੇ ਜਦੋਂ ਇਕ ਦੂਜੇ ਦੇ ਮੋਹਰੇ ਹੋ ਕੇ ਪਏ ਤਾਂ ਮਹਾਰਾਜ ਅਵਧੂਤ ਜੀ ਨੂੰ ਆਖਣ ਲੱਗੇ, "ਇਹ ਵੀ ਪਿਛਲੇ ਜਨਮ ਰਾਜਾ ਸੀ। ਇਸਦੀ ਸਾਰੇ ਇਜਾਜ਼ਤ ਮੰਗਦੇ ਸਨ। ਇਥ ਹੀ

ਅੱਠ ਸਾਲ ਇਹ ਦੋਵੇਂ ਕੁੱਤੇ ਆਪ ਜੀ ਦੇ ਨਾਲ ਰਹੇ। ਇਕ ਦਿਨ ਮਹਾਰਾਜ ਕਰਤਾਰ ਸਿੰਘ ਦੇ ਘਰ ਦਲਾਨ ਵਿਚ ਬੈਠੇ ਸਨ, ਇਨ੍ਹਾਂ ਦੋਹਾਂ ਕੁੱਤਿਆਂ ਨੂੰ ਅੰਦਰ ਬੁਲਾਇਆ। ਇਹ ਕੁੱਤੇ ਮਹਾਰਾਜ ਕੋਲ ਜਾ ਕੇ ਪੂਛ ਹਿਲਾਉਂਦੇ ਹੋਏ ਚਰਨਾਂ ਵਿਚ ਲਿਟ ਗਏ। ਹੁਕਮ ਕੀਤਾ, "ਅੱਜ ਜੋ ਕੁੱਝ ਵੀ ਛਕਣਾ ਛਕ ਲਵੋ। ਅੱਜ ਤੁਹਾਡੇ ਜਨਮ ਜਨਮਾਂਤਰਾਂ ਦੇ ਸੰਕਟ ਕੱਟ ਦਿੱਤੇ ਹਨ।" ਉਨ੍ਹਾਂ ਦੋਹਾਂ ਕੁੱਤਿਆਂ ਨੂੰ ਇਸ਼ਾਰਾ ਕਰਕੇ, ਤਾਕੀ ਦੇ ਮੋਹਰੇ ਅੰਦਰਲੇ ਪਾਸੇ ਪੇੜੇ ਤੇ ਛਲਾਂ ਦਾ ਢੇਰ ਲੱਗਾ ਹੋਇਆ ਸੀ, ਉਸ ਵਿਚੋਂ ਉਨ੍ਹਾਂ ਨੂੰ ਛਕਣ ਵਾਸਤੇ ਹੁਕਮ ਕੀਤਾ। ਦੋਵੇਂ ਕੁੱਤੇ ਜੋ ਕੁੱਝ ਵੀ ਉਨ੍ਹਾਂ ਦਾ ਦਿਲ ਕੀਤਾ, ਲੱਗੇ ਹੋਏ ਢੇਰ ਵਿਚੋਂ ਛਕ ਰਹੇ ਸੀ। ਚੱਕ ਕਰਾਲਾ ਵਾਲੀ ਬੰਤੋ ਜਿਸਨੂੰ ਮਹਾਰਾਜ ਜੀ ਭਗੀਰਥੀ ਆਖਿਆ ਕਰਦੇ ਸਨ, ਨੂੰ ਆਖਿਆ, "ਲੰਪ ਜਗਾਉ।" ਬੰਤੋ ਨੇ ਲੰਪ ਜਗਾਇਆ। ਅਖਣ ਲੱਗੇ, "ਇਨ੍ਹਾਂ ਦੋਹਾਂ ਕੁੱਤਿਆਂ ਦੇ ਸਿਰ ਉੱਪਰ ਦੀ ਲਾਲਟੈਨ ਫੇਰੀ ਚਲ। ਭਗੀਰਥੀ ਅੱਜ ਇਨ੍ਹਾਂ ਦਾ ਚੁਰਸੀ ਗੇੜ ਸਾਰਾ ਹੀ ਕੱਟ ਦਈਏ।" ਜਿੰਨਾ ਚਿਰ ਕੁੱਤੇ ਹੌਲੀ-ਹੌਲੀ ਕੁੱਝ ਨਾ ਕੁੱਝ ਖਾਈ ਗਏ। ਬੰਤੋ ਸਿਰ ਉੱਪਰ ਦੀ ਲਾਲਟੈਣ ਘੁਮਾਈ ਗਈ। ਕੁੱਤੇ ਛਕ ਹਟੇ, ਕੁੱਤਿਆਂ ਵੱਲ੍ਹ ਇਸ਼ਾਰਾ ਕਰਕੇ ਉਸਨੂੰ ਆਖਿਆ, "ਜਾਓ! ਤੁਹਾਡਾ ਆਉਣਾ ਜਾਣਾ ਸਭ ਖ਼ਤਮ ਕਰ ਦਿੱਤਾ ਹੈ, ਬਾਹਰ ਚਲੇ ਜਾਓ। ਦੇਹ ਛੁਟ ਜਾਏਗੀ ਕਲਿਆਣ ਹੋਵੇਗਾ।" ਬਹੁਤ ਹੀ ਪਤਿਆ ਜਿਹੇ ਨਾਲ ਪਾਤਸ਼ਾਹ ਨੇ ਦੋਵਾਂ ਹੀ ਕੁੱਤਿਆਂ ਨੂੰ ਤੋਰ ਦਿੱਤਾ। ਦੋਵੇਂ ਹੀ ਕੁੱਤੇ ਨਮਸਕਾਰ ਕਰਕੇ ਘਰੋਂ ਬਾਹਰ ਹੋਏ। ਪਿੰਡ ਮਜਾਰੇ ਦੀ ਜੂਹ ਛੱਡਕੇ ਨਾਗਰਿਆਂ ਦੀ ਜੂਹ ਵਿਚ ਜਾ ਕੇ ਦੋਹਾਂ ਦੇ ਸਰੀਰ ਛੁਟ ਗਏ। ਪਿਛਿਓਂ ਬੰਤੋ ਨੂੰ ਮਹਾਰਾਜ ਆਖਣ ਲੱਗੇ, "ਭਗੀਰਥੀ! ਇਹ ਪਿਛਲੇ ਜਨਮ ਵਿਚ ਰਾਜੇ ਸੀ। ਇਨ੍ਹਾਂ ਸਾਡਾ ਬਹੁਤ ਹੀ ਸਿਦਕ ਨਾਲ ਲੜ ਫੜਿਆ ਤਾਂ ਹੀ ਸਾਨੂੰ ਬੇੜਾ ਪਾਰ ਕਰਨਾ ਪਿਆ। ਭਗੀਰਥੀ ਜਿਨ੍ਹਾਂ ਨੇ ਸਤਿਗੁਰੂ ਨੂੰ ਜਹਾਜ਼ ਰੂਪ ਸਮਝਿਆ, ਉਹ ਭਵਸਾਗਰ ਤੋਂ ਪਾਰ ਹੋਏ।" ਇਕ ਹੋਰ ਕੁੱਤਾ ਸੀ ਬੁੱਢਾ ਹੋਣ ਤੇ ਉਸਦੇ ਜੀਅ ਪੈ ਗਏ। ਜੀਅ ਪੈਣ ਤੇ ਕਾਫ਼ੀ ਬਦਬੂ ਆਉਣ ਲੱਗੀ। ਕਰਮੀ ਨੇ ਇਕ ਦਿਨ ਕੁੱਤੇ ਨੂੰ ਘਰੋਂ ਬਾਹਰ ਕੱਢ ਦਿੱਤਾ। ਜਦੋਂ ਕੁੱਤੇ ਨੂੰ ਕਰਮੀ ਨੇ ਬਾਹਰ ਕੱਢਿਆ ਮਹਾਰਾਜ ਅੱਗੋਂ ਉੱਠਕੇ ਤੁਰ ਪਏ। ਕਰਮੀ ਨੂੰ ਆਖਣ ਲੱਗੇ, "ਲੈ ਕਰਮੀ! ਅਸੀਂ ਤਾਂ ਫਿਰ

ਚਲਦੇ ਹਾਂ।" ਜਦੋਂ ਇੰਨੀ ਗੱਲ ਕਰਮੀ ਨੇ ਮਹਾਰਾਜ ਜੀ ਦੀ ਸੁਣੀ ਕਰਮੀ ਨੇ ਸਮਝਿਆ ਕਿ ਮਹਾਰਾਜ ਨਾਰਾਜ ਹੋ ਕੇ ਜਾਣ ਲੱਗੇ ਹਨ। ਇਹ ਗੱਲ ਕਰਮੀ ਸਹਾਰ ਨਾ ਸਕੀ। ਗਲ ਵਿਚ ਪੱਲਾ ਪਾ ਕੇ ਭੁੱਬਾਂ ਮਾਰਦੀ ਹੋਈ ਮਹਾਰਾਜ ਜੀ ਦੇ ਚਰਨ ਫੜਕੇ ਬੈਠ ਗਈ। "ਸੱਚੇ ਪਾਤਸ਼ਾਹੋ! ਮੈਂ ਭੁੱਲ ਗਈ, ਮੇਰੀ ਭੁੱਲ ਮੁਆਫ਼ ਕਰੋ, ਅੱਗੇ ਵਾਸਤੇ ਮੈਂ ਕਦੀ ਵੀ ਕੁੱਤੇ ਨੂੰ ਨਫ਼ਰਤ ਦੀ ਨਿਗਾਹ ਨਾਲ ਨਾ ਦੇਖੂੰਗੀ। ਜੇ ਆਪ ਘਰੋਂ ਚਲੇ ਜਾਵੋਗੇ ਮੈਂ ਉਸੇ ਹੀ ਵੇਲੇ ਮਿੱਟੀ ਦਾ ਤੇਲ ਪਾ ਕੇ ਸੜ ਜਾਵਾਂਗੀ। ਆਪ ਜੀ ਦੀ ਨਰਾਜ਼ਗੀ ਨਹੀਂ ਸਹਾਰਾਂਗੀ।" ਜਦ ਐਸੀ ਦਸ਼ਾ ਕਰਮੀ ਦੀ ਹੋਈ ਮਹਾਰਾਜ ਬੈਠ ਗਏ। ਕੁੱਤੇ ਨੂੰ ਬਾਹਰੋਂ ਸੱਦਿਆ ਕੁੱਤਾ ਮਹਾਰਾਜ ਜੀ ਦੇ ਪਲੰਘ ਹੇਠਾਂ ਆ ਕੇ ਬੈਠ ਗਿਆ। ਇਕ ਹਫ਼ਤਾ ਮਹਾਰਾਜ ਜੀ ਇਕ ਹੀ ਥਾਂ ਇਸੇ ਹੀ ਥਾਂ ਮੰਜੀ ਉੱਪਰ ਬੈਠੇ ਰਹੇ। ਸੱਤਵੇਂ ਦਿਨ ਮੰਜੀ ਦੇ ਹੇਠਾਂ ਹੀ ਉਸ ਕੁੱਤੇ ਦੀ ਦੇਹ ਛੁੱਟੀ। ਉਸਨੂੰ ਬਾਹਰ ਚੁਕਵਾ ਕੇ ਦਬਵਾਇਆ। ਇਹੋ ਜਿਹੇ ਪਰਉਪਕਾਰੀ ਕੂਕਰਾਂ, ਸੂਕਰਾਂ, ਜਖ੍ਹਾਂ, ਕਿੰਨਰਾਂ, ਭੂਤਾਂ, ਪਰੇਤਾਂ ਦਾ ਉਦਾਰ ਕਰਨ ਹਾਰੇ ਦਿਆਲੂ, ਕਿਰਪਾਲੂ, ਮਿਹਰਾਂ ਦੇ ਦਾਤੇ, ਦਇਆ ਦੇ ਪੁੰਜ ਸਨ, ਜਿਨ੍ਹਾਂ ਦੇ ਦਰਸ਼ਨਾਂ ਦਾ ਸਦਕਾ, ਘੋਰ ਪਾਪੀ ਇਕ ਪਲ ਵਿਚ ਦਰਸ਼ਨ ਕਰਕੇ ਉਧਰ ਜਾਂਦੇ ਸਨ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਚਰਨ ਸਿੰਘ ਝਿਗੜਾਂ ਵਾਲੇ ਨਾਲ ਹੋਈ

ਚਰਨ ਸਿੰਘ, ਪਿੰਡ ਝਿਗੜਾਂ ਤੋਂ (ਭਾਈ ਜਵਾਹਰ ਸਿੰਘ ਜੀ ਦਾ ਪੋਤਰਾ ਇੰਦਰ ਸਿੰਘ ਦਾ ਪੁੱਤਰ) ਮਹਾਰਾਜ ਜੀ ਦਾ ਅਨਿਨ ਸੇਵਕ, ਹਰ ਸਮੇਂ ਨਾਮ ਦੇ ਰੰਗ ਵਿਚ ਹੀ ਰੰਗਿਆ ਰਹਿੰਦਾ। ਮਜਨੂੰ ਵਾਂਗ ਸੁਕ ਕੇ ਤਵੀਤ ਹੋਇਆ ਰਹਿੰਦਾ, ਫਰੀਦ ਜੀ ਵਾਂਗ ਪਿੰਜਰ ਸੁੱਕਾ ਹੋਇਆ। ਇਕ ਦਿਨ ਬੈਠੇ-ਬੈਠੇ ਦੇ ਮਨ ਵਿਚ ਲਾਲਾ ਹਮੀਰ ਚੰਦ ਜੀ ਦੀ ਯਾਦ ਇਉਂ ਠਾਠਾਂ ਮਾਰਨ ਲੱਗੀ, ਵਗਦੇ ਦਰਿਆ ਵਾਂਗਰ ਚਰਨ ਸਿੰਘ ਨੂੰ ਵੈਰਾਗ ਦਾ ਚੋਲਾ ਦੇ ਗਈ। ਚਰਨ ਸਿੰਘ ਲੰਮੇ ਲੰਮੇ ਸਾਹ ਲੈਣ ਲੱਗਾ। ਚਰਨ ਸਿੰਘ ਸੱਚਾ ਪ੍ਰੇਮੀ, ਮਨ ਵਿਚ ਪੱਕੀ

ਧਾਰਨਾ ਧਾਰ ਕੇ ਬੈਠ ਗਿਆ। ਲਾਲਾ ਜੀ ਸਾਖਸ਼ਾਤ ਪ੍ਰਗਟ ਹੋ ਕੇ ਦਰਸ਼ਨ ਦੇਣਗੇ ਤਾਂ ਅੰਨ ਪਾਣੀ ਛਕਾਂਗਾ ਨਹੀਂ ਤੇ ਮਰ ਜਾਵਾਂਗਾ, ਕੁੱਝ ਖਾਵਾਂ-ਪੀਵਾਂਗਾ ਨਹੀਂ। ਜਦੋਂ ਇਸੇ ਹੀ ਹਾਲਤ ਵਿਚ ਇਕ ਹਫ਼ਤਾ ਬੈਠੇ ਨੂੰ ਹੋਇਆ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਸ਼ਨਾਂ ਦੀ ਝਲਕ ਪਈ। ਝਲਕ ਐਸੀ ਸੀ ਚਰਨ ਸਿੰਘ ਖਿੱਚਿਆ ਗਿਆ। ਮਨ ਸੱਚਮੁੱਚ ਦੇ ਦਰਸ਼ਨ ਨੂੰ ਬਿਹਬਲ ਹੋ ਉੱਠਿਆ। ਮਹਾਰਾਜ ਜੀ ਅੱਗੋਂ ਪੰਜਾਬ ਸਿੰਘ ਦੇ ਖੂਹ 'ਤੇ ਬੈਠੇ ਸਨ। ਚਰਨ ਸਿੰਘ ਨਾਮ ਦੇ ਨਸ਼ੇ ਵਿਚ ਰੰਗਿਆ ਹੋਇਆ, ਦਿਲ ਤੇ ਸਰੀਰ ਹਲਕਾ ਫੁੱਲਾਂ ਵਰਗਾ, ਸੀਨਾ ਸਾਫ਼, ਅੱਖਾਂ ਮਿਲਦੀਆਂ ਜਾ ਰਹੀਆਂ ਸਨ, ਨਸ਼ੇ ਵਿਚ ਝੂਮਦਾ ਹੋਇਆ, ਸਤਿਗੁਰਾਂ ਦੇ ਸਾਹਮਣੇ ਗਿਆ। ਹਾਲੇ ਚਾਰ ਕਰਮਾਂ ਪਿੱਛੇ ਹੀ ਸੀ ਸਤਿਗੁਰੂ ਬੋਲੇ "ਬੂਝਾ! ਅੰਨ ਨਹੀਂ ਛੱਡੀਦਾ, ਮੋਰੋਂ ਵਾਲੇ ਢੱਕ ਵਿਚ ਵੀ ਅਸੀਂ ਹੀ ਫਿਰਦੇ ਹੁੰਦੇ ਸੀ।" ਲਾਲਾ ਜੀ ਪਹਿਲਾਂ-ਪਹਿਲਾਂ ਜਦੋਂ ਫਤਿਆਬਾਦ ਤੋਂ ਆਏ ਸੀ, ਮੋਰੋਂ ਵਾਲੇ ਸਰਦਾਰਾਂ ਦੇ ਮੁਨਸ਼ੀਆਣੇ ਦਾ ਕੰਮ ਕਰਦੇ ਰਹੇ ਸੀ। ਚਰਨ ਸਿੰਘ ਦੇ ਮਨ ਦੀ ਖੁਵਾਹਿਸ਼ ਬੁੱਝ ਕੇ ਪਾਤਸ਼ਾਹ ਨੇ ਗਮਜ਼ ਮਾਰੀ ਅਤੇ ਕਿਹਾ "ਚਰਨਾ! ਮਰਤਬਾ ਹੁਣ ਅੱਗੇ ਨਾਲੋਂ ਵੱਡਾ ਹੈ। ਚਲ ਘਰ ਜਾ ਕੇ ਕੰਮ ਕਰੀਦਾ ਹੈ, ਰੋਟੀ ਖਾ ਲਈਦੀ ਹੈ।" ਇਹ ਬਚਨ ਆਖ ਕੇ ਚਰਨ ਸਿੰਘ ਦੇ ਮਨ ਦਾ ਭਰਮ ਦੂਰ ਕੀਤਾ। ਚਰਨ ਸਿੰਘ ਨੂੰ ਵੀ ਯਕੀਨ ਹੋ ਗਿਆ ਕਿਉਂਕਿ ਲਾਲਾ ਜੀ ਜਦੋਂ ਝੰਡੀ ਵਾਲੇ ਦੇ ਇਬਾਦਤ ਕਰਦੇ ਸਨ ਤਾਂ ਢੱਕ ਵਿਚ ਹੀ ਰਿਹਾ ਕਰਦੇ ਸਨ। ਚਰਨ ਸਿੰਘ ਨੂੰ ਮਹਾਰਾਜ ਜੀ ਨੇ ਬ੍ਰਹਮ ਦੀ ਜਣਾਈ ਕਰਾਈ। ਦੇਹ ਦਾ ਮਾਣ, ਸਰੀਰ ਦਾ ਮਰਤਬਾ ਨਿਰੰਕਾਰ ਦੀ ਸ਼ਕਤੀ ਨਾਲ ਹੀ ਉੱਚਾ ਨੀਵਾਂ ਮੰਨਿਆ ਜਾਂਦਾ ਹੈ। ਜਿੰਨੀ ਵੀ ਕੋਈ ਨਾਮ ਦੀ ਕਮਾਈ ਕਰਦਾ ਹੈ, ਉਨੀਂ ਹੀ ਆਤਮਾ ਬਲਵਾਨ ਹੋ ਕੇ ਸੰਸਾਰ ਵਿਚ ਪ੍ਰਗਟ ਹੋ ਜਾਂਦੀ ਹੈ। ਸਰੂਪ ਦਾ ਪੁਤਲਾ ਵੀ ਕਮਾਈ ਦੇ ਅਨੁਸਾਰ ਤਾਕਤਵਰ ਹੁੰਦਾ ਹੈ। ਸਰੂਪ ਦੇ ਪੁਤਲੇ ਨੂੰ ਵੀ ਅਵਤਾਰ ਮੰਨਿਆ ਜਾਂਦਾ ਹੈ। 'ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ'॥ ਸਾਰੇ ਅਵਤਾਰ ਇਕ ਨਿਰੰਕਾਰ ਦੀ ਹੀ ਜੋਤ ਲੈ ਕੇ ਸੰਸਾਰ ਦਾ ਭਲਾ ਕਰਨ ਹਿਤ ਮਹਾਂਪੁਰਸ਼ਾਂ ਦੀ ਦੇਹ ਨੂੰ ਪਵਿੱਤਰ ਅਤੇ ਪਾਕ ਨਿਰਮਲ ਪਾਪਾਂ ਤੋਂ ਰਹਿਤ ਕਰਕੇ ਉਸ ਵਿਚ ਸਵਾਸਧਾਰੀ ਹੋ ਕੇ ਮਾਤ ਲੋਕ ਵਿਚ ਆਉਂਦੇ ਹਨ।

ਜੀਵਾਂ ਦੇ ਭਲੇ ਵਾਸਤੇ ਦੁਨੀਆਂ ਨੂੰ ਸਿੱਧਾ ਰਾਹ ਦੱਸਣ ਵਾਸਤੇ ਵੇਦਾਂ ਦੀ ਰਚਨਾ, ਤੀਰਥਾਂ ਦੀ ਰਚਨਾ ਆਪ ਹੀ ਅਕਾਲ ਪੁਰਖ ਕਰਦਾ ਹੈ। ਬੋਲਦਾ, ਦੱਸਦਾ, ਹੱਸਦਾ, ਖੇਡਦਾ, ਭੋਗ ਭੋਗਦਾ ਹੈ।

ਆਪੀਨੇ ਸਾਜਿਓ ਆਪੀਨੈ ਰਚਿਓ ਨਾਉ॥

ਆਪ ਤੋਂ ਵਿਛੜੀਆਂ ਹੋਈਆਂ ਆਤਮਾਵਾਂ ਨੂੰ ਆਪਣੇ ਵਿਚ ਅਭੇਦ ਕਰਨ ਦੇ ਢੰਗ ਆਪ ਹੀ ਦੱਸਦਾ ਹੈ।

ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ।

ਜੈਸੇ ਮਹਾਰਾਜ ਰਾਮ ਚੰਦਰ ਜੀ ਨੇ ਹਨੂੰਮਾਨ ਦੇ ਪੁੱਛਣ 'ਤੇ ਮਾਤਾ ਸੀਤਾ ਜੀ ਕੋਲੋਂ ਹਨੂੰਮਾਨ ਨੂੰ ਮਾਇਆ ਦਾ ਸਰੂਪ ਵਰਨਣ ਕਰਕੇ ਦੱਸਿਆ ਸੀ। ਬ੍ਰਹਮ ਦੀ ਜਣਾਈ ਕਰਵਾਈ ਸੀ। ਸੀਤਾ ਨੇ ਹਨੂੰਮਾਨ ਨੂੰ ਆਖਿਆ, "ਹਨੂੰਮਾਨ! ਇਹ ਜੋ ਤੁਮ ਦੇਖ ਰਹੇ ਹੋ, ਤੁਮਾਰੇ ਸਾਹਮਣੇ ਸਾਵਲ ਮੂਰਤ ਰਾਮਚੰਦਰ ਜੀ, ਮਹਾਰਾਜ ਦਸ਼ਰਥ ਦੇ ਪੁੱਤਰ ਬੈਠੇ ਹਨ, ਇਹ ਜੋ ਤੁਮ ਦੇਖਤੇ ਹੋ ਮਾਇਆ ਕਾ ਹੀ ਸਰੂਪ ਹੈ। ਅਯੁਧਿਆ ਕਾ ਰਾਜ ਤਖ਼ਤ ਇਹ ਸਭ ਮਾਇਆ ਹੀ ਹੈ। ਜੋ ਆਪਕੇ ਸਾਹਮਣੇ ਸੀਤਾ ਇਸਤਰੀ ਰੂਪ ਬੈਠੀ ਹੈ ਮਾਇਆ ਹੀ ਹੈ। ਜੈਸੇ ਕ੍ਰਿਸ਼ਨ ਜੀ ਨੇ ਊਧਮ ਸੋ ਗੋਪੀਆਂ ਸੇ ਉਪਦੇਸ਼ ਕਰਤੇ ਹੂਏ, ਮੋਹ ਦੂਰ ਕਰਨੇ ਹਿਤ ਹੁਕਮ ਦੀਆ ਥਾ ਆਓ ਹਮਾਰੇ ਸਰੀਰ ਕਾ ਧਿਆਨ ਨਾ ਕਰੋ। ਮੈਨੂੰ ਬ੍ਰਹਮ ਰੂਪ ਸਮਝ ਕੇ ਜੋ ਵੀ ਪ੍ਰੇਮ ਕਰੇਗਾ ਉਹ ਹਮਾਰੇ ਨਾਲ ਸਦਾ ਵਾਸਤੇ ਮਿਲਿਆ ਰਹੇਗਾ, ਹਮਾਰੇ ਸੇ ਕਦੀ ਵੀ ਵਿਛੋੜਾ ਨਾ ਹੋਸੀ। ਸਰੀਰ ਦਾ ਮੋਹ ਕਰੋਗੀ ਤਾਂ ਫਿਰ ਸੋਗ ਹੋਸੀ।" ਸਰੀਰ ਸਦਾ ਰਹਿਣ ਵਾਲਾ ਹੀ ਨਹੀਂ ਕਿਉਂਕਿ ਸਰੀਰ ਮਾਇਆ ਦਾ ਹੀ ਸਰੂਪ ਹੈ। ਜੇ ਆਤਮਾ ਦਾ ਮਿਲਾਪ ਹੋ ਜਾਏ ਤਾਂ ਕਦੀ ਵਿਛੋੜਾ ਨਹੀਂ ਹੁੰਦਾ, ਆਤਮਾ ਦੀ ਹੋਂਦ ਪਰਮਾਤਮਾ ਦੀ ਜੱਦ ਵਿਚੋਂ ਹੈ। ਆਤਮਾ ਅਤੇ ਪਰਮਾਤਮਾ ਦਾ ਮੇਲ ਹੋ ਜਾਵੇ ਤਾਂ ਕਦੀ ਸੋਗ ਨਹੀਂ ਹੁੰਦਾ। 'ਜਦੋਂ ਬੁੱਧੀ ਰੂਪੀ ਕੰਨਿਆ ਪਤੀ ਰੂਪੀ ਪ੍ਰਮਾਤਮਾ ਨੂੰ ਪਾ ਲੈਂਦੀ ਹੈ ਫਿਰ ਕਦੇ ਰੰਡੀ ਨਹੀਂ ਹੁੰਦੀ। 'ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ, ਨ ਕਦੇ ਮਰੈ ਨ ਜਾਇਆ।

ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਬ੍ਰਹਮ ਦਾ ਗਿਆਨ ਕਰਕੇ ਨਿਹਾਲ ਕੀਤਾ। ਆਪ ਜੀ ਨੇ ਵੀ ਇਸੇ ਹੀ ਕਰਕੇ ਭਗਵਾਨ ਦਾਸ ਨਾਂ ਹਟਾ ਕੇ ਨਾਭ ਕੰਵਲ ਰਾਜਾ ਸਾਹਿਬ ਅਖਵਾਇਆ ਕਿਉਂਕਿ ਭਗਵਾਨ ਦਾਸ ਸਗੀਰ ਦਾ ਨਾਮ ਹੈ, ਨਾਭ ਕੰਵਲ ਰਾਜਾ ਸਾਹਿਬ ਖੁਦਾ ਦਾ ਨਾਮ ਹੈ ਜੋ ਸਿੱਖ ਸੇਵਕ ਮੋਹ ਕਰਕੇ ਵੀ ਨਾਮ ਲਵੇ ਨਿਰੰਕਾਰ ਦਾ ਹੀ ਨਾਮ ਜਪਿਆ ਜਾਏ।

- *ਤੁਮ ਹੋ ਸਭ ਰਾਜਨ ਕੇ ਰਾਜਾ॥*
  ਆਪੇ ਆਪ ਗਰੀਬ ਨਿਵਾਜਾ॥
- *ਕੋਈ ਹਰਿ ਦੇ ਸਮਾਨ ਨਹੀਂ ਰਾਜਾ॥*

ਕਬੀਰ ਜੀ ਨੇ ਵੀ ਖੁਦਾ ਨੂੰ ਰਾਜਾ ਆਖ ਕੇ ਜਪਿਆ ਹੈ। ਐਸੇ ਹੀ ਮਹਾਰਾਜ ਆਪਣੇ ਆਪ ਨੂੰ ਨਾਭ ਕੰਵਲ ਰਾਜਾ ਸਾਹਿਬ ਅਖਵਾਉਂਦੇ ਸਨ। ਉਪਦੇਸ਼ ਵੀ ਇਹੀ ਕਰਿਆ ਕਰਦੇ ਸਨ ਕਿ ਰਾਜਾ ਸਾਹਿਬ ਜਪਿਆ ਕਰੋ। ਅਖੀਰ ਆ ਕੇ ਆਖਿਆ, "ਬੂਝਾ! ਸਾਰੇ ਅਵਤਾਰ ਅਸੀਂ ਹੀ ਆਏ ਹਾਂ, ਚਲੋ! ਘਰ ਚਲ ਕੇ ਕੰਮ ਕਰਿਆ ਕਰੋ।" ਚਰਨ ਸਿੰਘ ਦਾ ਭਰਮ ਦੂਰ ਹੋ ਗਿਆ। ਸਭ ਪਾਸੀਂ ਜੋਤ ਰਾਜਾ ਸਾਹਿਬ ਦੀ ਹੀ ਕੰਮ ਕਰ ਰਹੀ ਹੈ।

ਅੱਗੇ ਸਾਖੀ ਗੰਗਾ ਦੇ ਸੰਤਾਂ ਨਾਲ ਹੋਈ

ਸਾਵਣ ਭਾਦਰੋਂ ਦੇ ਦਿਨ ਸਨ। ਸੰਤ-ਮੰਡਲੀ ਹਰਿਦੁਆਰ ਤੋਂ ਰਾਜਾ ਸਾਹਿਬ ਜੀ ਦਾ ਨਾਂ ਸੁਣਕੇ ਦਰਸ਼ਨ ਨੂੰ ਆਈ। ਮਨ ਵਿਚ ਸਾਰਿਆਂ ਦੇ ਫੁਰਨਾ ਸੀ ਰਾਹ ਵਿਚ ਇਹ ਗੱਲ ਸਾਰਿਆਂ ਨੇ ਕੀਤੀ ਜੇ ਜਾਣੀ ਜਾਣ ਹੋਣਗੇ ਤਾਂ ਸਾਨੂੰ ਦੱਸ ਦੇਣਗੇ ਕਿੱਧਰੋਂ ਆਏ ਹਾਂ। ਇਹੋ ਜਿਹੀਆਂ ਗੱਲਾਂ ਮਨ ਵਿਚ ਜਿਵੇਂ ਕਿਸੇ ਦਾ ਇਮਤਿਹਾਨ ਲੈਣਾ ਹੋਵੇ, ਕਰ ਰਹੇ ਹਨ। ਪਿੰਡ ਝਿਗੜਾਂ ਤੋਂ ਹਰਨਾਮ ਸਿੰਘ, ਸੰਤ ਨਰੰਜਣ ਦਾਸ ਦੇ ਪਿਤਾ ਹਰੀ ਲਾਲ ਜੀ ਹੋਰ ਕਈ ਬੰਦੇ ਮਹਾਰਾਜ ਜੀ ਦੇ ਦਰਸ਼ਨ ਲਈ ਜਾ ਰਹੇ ਸਨ। ਰੌਲੀ ਵਾਲੀ ਖੂਹੀ 'ਤੇ ਸੰਤ ਅਤੇ ਝਿਗੜਾਂ ਦੀ ਸੰਗਤ ਰਾਹ ਵਿਚ ਹੀ ਇਕੱਠੇ ਹੋ ਗਏ। ਬਚਨ ਕਰਦੇ-ਕਰਦੇ ਪਿੰਡ ਮਜਾਰੇ ਰਾਜਾ ਸਾਹਿਬ ਦੇ ਦਰਬਾਰ ਚਲੇ ਗਏ। ਸੰਗਤ ਦੀ ਕਾਫ਼ੀ ਭੀੜ ਬਣੀ ਹੋਈ ਸੀ।

ਅੱਗੋਂ ਕੀਰਤਨ ਹੋ ਰਿਹਾ ਸੀ। ਮਹਾਰਾਜ ਸੰਗਤ ਨੂੰ ਖੁੱਲ੍ਹੇ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ। ਸਾਧੂ ਮੰਡਲੀ ਨੇ ਹੱਥ ਚਿੱਪੀਆਂ ਫੜੀਆਂ ਗੇਰੂ ਬਸਤਰ ਪਹਿਨੇ ਹੋਏ ਗਲ ਅਲਫੀਆਂ ਪਾਈਆਂ ਹੋਈਆਂ, ਚਾਦਰਾਂ ਦੀਆਂ ਗਿਲਤੀਆਂ ਮਾਰੀਆਂ ਹੋਈਆਂ ਸਨ ਜਿਵੇਂ ਬ੍ਰਹਮਾ ਦੇ ਪੁੱਤਰ ਸਨਕ, ਸਨੰਦਨ, ਸਨਤ ਕੁਮਾਰ, ਔਰਿੰਦਰ, ਰੁਦਰ, ਵਿਸ਼ਨੂੰ ਦੇ ਬੂਹੇ 'ਤੇ ਦਰਸ਼ਨ ਲਈ ਖੜ੍ਹੇ ਹੋਵਣ ਇਸ ਤਰਾਂ ਸੰਤ ਮੰਡਲੀ ਸ਼ੋਭਾ ਦੇ ਰਹੀ ਸੀ। ਨਮਸਕਾਰ ਕਰਕੇ ਪਿੱਛੇ ਹਟ ਕੇ ਸਾਰੀ ਮੰਡਲੀ ਬੈਠ ਗਈ। ਮਹਾਰਾਜ ਬੋਲੇ, "ਹਰੀ ਪਾਲ! ਗੰਗਾ ਦੀਆਂ ਪੌੜੀਆਂ ਰਾਜਾ ਦੇ ਨਾਂ ਤੇ ਹੀ ਬਣੀਆਂ ਹੋਈਆਂ ਹਨ। ਹੱਥ ਅਪੜਾਇਆ, ਗੰਗਾ ਅਪੜ ਜਾਂਦਾ। ਨਾਮਾ! ਚਲੋ ਸਾਧੂਆਂ ਨੂੰ ਸਰਦਾਈ ਛਕਾਓ। ਰਸੋਖਾਨੇ ਲੈ ਚਲੋ, ਸਾਧੂ ਦੂਰੋਂ ਆਏ ਹਨ।" ਜਦੋਂ ਇਹ ਹੁਕਮਨਾਮਾ ਆਪ ਜੀ ਦੇ ਮੁੱਖ ਤੋਂ ਸੰਤਾਂ ਨੇ ਸੁਣਿਆ ਮਨ ਵਿਚ ਯਕੀਨ ਆਇਆ ਸੱਚਮੁਚ ਹੀ ਜਿਹੋ ਜਿਹਾ ਸੁਣਦੇ ਸਾਂ ਉਹੋ ਜਿਹੇ ਹੀ ਹਨ। ਮਨ ਬਹੁਤ ਹੀ ਪ੍ਰਸੰਨ ਹੋਇਆ, ਦਰਸ਼ਨ ਕਰਕੇ ਮਨ ਵਿਚ ਜੋ ਭਰਮ ਸਨ, ਸਭ ਦੂਰ ਹੋ ਗਏ। ਲੱਗੇ ਵਾਰ-ਵਾਰ ਨਮਸ਼ਕਾਰਾਂ ਕਰਨ। ਸਾਡੀ ਦੂਰੋਂ ਆਇਆਂ ਦੀ ਯਾਤਰਾ ਸਫ਼ਲ ਹੋਈ। ਇਹੋ ਜਿਹੇ ਮਹਾਂਬਲੀ ਬ੍ਰਹਮ ਗਿਆਨੀ ਅੰਤਰਜਾਮੀ ਪੂਰਨ ਮਹਾਂਪੁਰਸ਼ਾਂ ਦੇ ਦਰਸ਼ਨ ਹੋਏ। ਅੱਜ ਸਾਡਾ ਪਰਾਗਰਾਜ ਤ੍ਰਿਵੈਣੀ ਦਾ ਦਰਸ਼ਨ ਹੋ ਗਿਆ। ਹਰਨਾਮ ਸਿੰਘ ਨੇ ਪਾਤਸ਼ਾਹ ਦੇ ਹੁਕਮ ਅਨੁਸਾਰ ਸਾਧੂ ਮੰਡਲੀ ਨੂੰ ਰਸੋਖਾਨੇ ਵਿਚ ਲਿਜਾ ਕੇ ਭੋਜਨ ਛਕਾਇਆ, ਸਰਦਾਈ ਪਿਲਾਈ। ਆਪਦੇ ਮਨ ਦੀਆਂ ਖਵਾਹਿਸ਼ਾਂ ਸਾਧੂਆਂ ਨੇ ਹਰਨਾਮ ਸਿੰਘ ਨੂੰ ਦੱਸੀਆਂ ਕਿ ਸਾਡੇ ਮਨ ਵਿਚ ਇਹ ਫੁਰਨੇ ਸਨ ਕਿ ਜੇ ਅੰਤਰਯਾਮੀ ਹੋਏ ਤਾਂ ਦੱਸ ਦੇਣਗੇ ਕਿ ਹਰਿਦੁਆਰ ਤੋਂ ਆਏ ਹਾਂ। ਸਾਡਾ ਦਰਸ਼ਨ ਕਰਕੇ ਮਨ ਬਹੁਤ ਨਿਹਾਲ ਹੋਇਆ।

ਅੱਗੇ ਸਾਖੀ ਕਰਮ ਕੌਰ ਦੇ ਪੁੱਤਰ ਨੂੰ ਰਾਜੀ ਕਰਨ ਦੀ ਚੱਲੀ

ਕਰਮ ਕੌਰ ਪਿੰਡ ਮਜਾਰੇ ਦੇ ਰਹਿਣ ਵਾਲੀ ਜੱਟਾਂ ਦੇ ਘਰ ਦੀ ਸੁਆਣੀ ਆਪ ਜੀ 'ਤੇ ਬਹੁਤ ਸ਼ਰਧਾ ਰੱਖਦੀ ਸੀ। ਇਕ ਵਾਰ ਦੀ ਗੱਲ ਹੈ ਕਰਮ ਕੌਰ ਦਾ ਵੱਡਾ ਲੜਕਾ ਬਹੁਤ ਬਿਮਾਰ ਹੋ ਗਿਆ। ਜੁਲਾਬ ਉਪਰਛਾਲਾਂ, ਸਰੀਰ

ਵਿਚ ਦਰਦਾਂ, ਬੱਚਾ ਨਿੰਬੂ ਵਾਂਗ ਨਿਚੋੜਿਆ ਗਿਆ। ਦਵਾ-ਦਾਰੂ ਬਹੁਤ ਕੀਤੇ। ਕਿਤਿਉਂ ਆਰਾਮ ਨਾ ਆਇਆ। ਇਕ ਦਿਨ ਰਾਤ ਦੇ ਸਮੇਂ ਬੱਚੇ ਦੀ ਤਕਲੀਫ਼ ਮਾਂ ਕੋਲੋਂ ਝੱਲੀ ਨਾ ਜਾਏ। ਕਰਮ ਕੌਰ ਨੇ ਦਿਲ ਵਿਚ ਹੀ ਅਰਦਾਸ ਕੀਤੀ, "ਹੇ ਪ੍ਰਭੂ! ਸਭ ਤਾਕਤਾਂ ਦੇ ਮਾਲਿਕ! ਮੇਰਾ ਗਰੀਬਣੀ ਦਾ ਵੀ ਬੇੜਾ ਬੰਨੇ ਲਾਓ, ਮੇਰਾ ਇਕਲੌਤਾ ਪੁੱਤਰ ਤੇਰੇ ਰਚੇ ਸੰਸਾਰ ਦੇ ਬਾਗ ਵਿਚ ਹੈ, ਉਹ ਵੀ ਸੁੱਕ ਚੱਲਿਆ ਹੈ, ਕੋਈ ਹੋਸ਼ ਨਹੀਂ ਹੈ। ਬੁੱਲ੍ਹ ਨੀਲੇ ਹੋ ਗਏ ਹਨ, ਅੱਖਾਂ ਵਿਚ ਧਸ ਗਈਆਂ ਹਨ, ਹੱਥਾਂ ਦੇ ਘੁੰਡ ਮੁੜ ਗਏ ਹਨ, ਇਹ ਮੇਰਾ ਲਾਲ ਅੱਖ ਨਹੀਂ ਪੁੱਟਦਾ।" ਕਰਮੀ ਗੋਦ ਵਿਚ ਬੱਚੇ ਨੂੰ ਲਈ ਬੈਠੀ, ਗਰਮੀ ਦੇ ਦਿਨ ਬੇਨਤੀਆਂ ਦੀ ਮਾਲਾ ਫੇਰ ਰਹੀ ਸੀ। ਮਨ ਵਿਚ ਬੜਾ ਭਰੋਸਾ ਸੀ ਕਿ ਮਿਹਰਾਂ ਦੇ ਦਾਤੇ ਜ਼ਰੂਰ ਮੇਰਾ ਸੁੱਕਾ ਹੋਇਆ ਬਾਗ ਹਰਾ ਕਰਨਗੇ, ਮੇਰੇ ਬੱਚੇ ਨੂੰ ਮੌਤ ਦੇ ਮੂੰਹ ਵਿਚੋਂ ਜ਼ਰੂਰ ਹੀ ਕੱਢਣਗੇ। ਉਧਰ ਸਭ ਘਟ ਘਟ ਦੇ ਜਾਨਣਹਾਰੇ, ਅਨਾਥਾਂ ਦੇ ਨਾਥ, ਦੁਖੀ ਹਿਰਦੇ ਦੀਆਂ ਠੰਡੀਆਂ-ਠੰਡੀਆਂ ਫਰਿਆਦਾਂ ਸੁਣਕੇ ਪਤਾ ਨਹੀਂ ਕਿਧਰੋਂ ਚੁੱਪ-ਚੁਪੀਤੇ ਹੀ ਹਨੇਰੀ ਰਾਤ ਬਲ-ਬਲ ਕਰਦੇ ਉਹ ਦੁਖੀ ਬੁੱਢੀ ਦੀ ਮੰਜੀ ਕੋਲ ਆਣ ਖੜ੍ਹੇ ਹੋਏ। ਕਰਮ ਕੌਰ ਨੇ ਬੱਚਾ ਚੁਕ ਕੇ ਚਰਨਾਂ ਮੋਹਰੇ ਧਰ ਦਿੱਤਾ। ਕਰਮੀ ਦੀਆਂ ਧਾਹਾਂ ਨਿਕਲ ਗਈਆਂ। ਸਾਵਣ ਦੇ ਬੱਦਲਾਂ ਵਾਂਗ ਅੱਥਰੂ ਵਹਿ ਤੁਰੇ। ਰੋਂਦੀ ਹੋਈ ਬੁੱਢੀ ਨੂੰ ਦੇਖ ਕੇ ਮਹਾਰਾਜ ਜੀ ਨੇ ਆਖਿਆ "ਚਲ! ਤੇਰੇ ਮੁੰਡੇ ਕੋਲ ਅਸੀਂ ਬੈਠਦੇ ਹਾਂ, ਚੱਕੀ ਨਾਲ ਭੁੰਜੇ ਉੱਭਰ ਕੇ ਆਟਾ ਪੀਸ।" ਕਰਮ ਕੌਰ ਨੇ ਪੰਜ ਸੇਰ ਪੱਕਾ ਆਟਾ ਪੀਸਿਆ। ਇੰਨੇ ਚਿਰ ਨੂੰ ਦਿਨ ਵੀ ਚੜ੍ਹਨ ਵਾਲਾ ਹੋ ਗਿਆ। ਸੂਰਜ ਆਕਾਸ਼ ਵੱਲ੍ਹ ਲਾਲੀ ਤਣਦਾ ਜਾ ਰਿਹਾ ਸੀ। ਜਦੋਂ ਆਟਾ ਪੀਹ ਕੇ ਕਰਮੀ ਹਟੀ, ਮਹਾਰਾਜ ਜੀ ਨੇ ਆਪਣੇ ਕੁੱਤਿਆਂ ਨੂੰ ਹੁਕਮ ਕਰਕੇ ਸਾਰੇ ਕੁੱਤੇ ਗੰਡ ਦੇ ਦੁਆਲੇ ਆਟਾ ਖਾਣ ਲਾ ਦਿੱਤੇ। ਕੁੱਤਿਆਂ ਨੇ ਅੱਧਾ ਕੁ ਆਟਾ ਚੱਟ ਲਿਆ, ਬਾਕੀ ਬਚਿਆ ਹੋਇਆ ਆਟਾ ਜਿਹੜਾ ਸੀ ਉਸਦੀਆਂ ਰੋਟੀਆਂ ਪਕਾ ਕੇ ਸਾਰੇ ਟੱਬਰ ਨੂੰ ਛੱਕਣ ਦਾ ਹੁਕਮ ਕੀਤਾ। ਕਰਮ ਕੌਰ ਹੁਕਮ ਪਾ ਕੇ ਜੂਠੇ ਹੀ ਆਟੇ ਦੀਆਂ ਰੋਟੀਆਂ ਪਕਾ ਕੇ ਬਾਹਰ ਕਾਮਿਆਂ ਨੂੰ ਖਵਾ ਆਈ ਤੇ ਬਾਕੀ ਹੋਰ ਪਰਿਵਾਰ ਨੂੰ ਵੀ ਖਵਾ ਆਈ। ਪਰਸ਼ਾਦਾ ਛਕਾ ਕੇ ਜਦੋਂ ਵਾਪਿਸ ਘਰ ਆਈ, ਮੁੰਡਾ ਗੁਲਾਬ ਦੇ ਫੁੱਲ ਵਾਂਗ

ਟਹਿ-ਟਹਿ ਕਰਦਾ ਖੇਡ ਰਿਹਾ ਸੀ। ਬੱਚੇ ਨੂੰ ਕੋਈ ਤਕਲੀਫ਼ ਨਾ ਰਹੀ ਇਉਂ ਲੱਗਣ ਲੱਗਾ ਜਿਵੇਂ ਕਦੀ ਬਿਮਾਰ ਹੀ ਨਹੀਂ ਹੋਇਆ।

ਇਕ ਆਪਣੇ ਉਪਰਲਾ ਸਫ਼ੈਦ ਚਿੱਟਾ ਚਾਦਰਾ ਕਰਮ ਕੌਰ ਨੂੰ ਆਪ ਜੀ ਨੇ ਦਿੱਤਾ। ਕਹਿੰਦੇ, "ਆਹ ਲੈ! ਸਾਡਾ ਚਾਦਰਾ ਕਦੀ ਵੀ ਤੇਰਾ ਬੱਚਾ ਜਾਂ ਘਰ ਵਿਚ ਕੋਈ ਜੀਅ ਬਿਮਾਰ ਹੋਵੇ, ਇਹ ਸਾਡਾ ਚਾਦਰਾ ਉੱਪਰ ਦੇ ਦੇਣਾ। ਸਭ ਸੰਕਟ ਦੂਰ ਹੋ ਜਾਇਆ ਕਰਨਗੇ। ਕਦੀ ਡਾਕਟਰਾਂ ਕੋਲ ਨਹੀਂ ਜਾਣਾ, ਇਹ ਸਾਡਾ ਚਾਦਰਾ ਅਲਾਮਤਾਂ ਦੀ ਕਾਰ ਹੋਵੇਗਾ। ਮਹਾਰਾਜ ਜੀ ਦਾ ਦਿੱਤਾ ਹੋਇਆ ਚਾਦਰਾ ਕਰਮੀ ਦੇ ਘਰ ਪਿਆ ਹੈ। ਪੂਜਾ ਕੀਤੀ ਜਾਂਦੀ ਹੈ, ਘਰ ਵਿਚ ਕੋਈ ਕਿਸੇ ਵੀ ਤਰਾਂ ਦਾ ਰੋਗੀ ਹੋਵੇ, ਚਾਦਰਾ ਨਾਲ ਛੂਹਣ ਨਾਲ ਹੀ ਰੋਗੀ ਰਾਜ਼ੀ ਹੋ ਜਾਂਦਾ ਹੈ।

ਬੋਲੋ ਭਾਈ ਜੀ ਵਾਹਿਗੁਰੂ॥

ਅੱਗੇ ਸਾਖੀ ਹੋਰ ਚੱਲੀ

ਇਕ ਵਾਰ ਦੀ ਗੱਲ ਹੈ ਮਹਾਰਾਜ ਕਿਰਪੇ ਦੇ ਚੁਬਾਰੇ ਵਿਚੋਂ ਉੱਠਕੇ ਕੋਠੇ ਉੱਪਰ ਦੀ ਕਰਮ ਕੌਰ ਦੇ ਕੋਠੇ ਉੱਪਰ ਆ ਖੜ੍ਹੇ ਹੋਏ। ਕਰਮੀ ਦੇ ਘਰ ਪੱਕੀ ਪੌੜੀ ਬਣੀ ਹੋਈ ਹੈ। ਹੌਲੀ-ਹੌਲੀ ਪੌੜੀ ਉਤਰਨ ਲੱਗੇ। ਨਾਲ ਪੌੜੀ ਉਤਰਦੇ ਜਾ ਰਹੇ ਹਨ, ਨਾਲੇ ਉਹੋ, ਉਹੋ ਦੀ ਅਵਾਜ਼ ਦਿੰਦੇ ਹਨ, 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥" ਇਹ ਕੋਈ ਦਰਗਾਹੀ ਸੈਨਤ ਕਰਮੀ ਨੂੰ ਆਣ ਦਿੱਤੀ। ਭੁੰਵੇ ਉਤਰਕੇ ਦਲਾਨ ਵਿਚ ਮੂਰਤਾਂ ਲੱਗੀਆਂ ਹੋਈਆਂ ਸਨ। ਕੁੱਝ ਤਾਂ ਆਪਣੀਆਂ ਸੋਟੀ ਨਾਲ ਲਾਹ ਦਿੱਤੀਆਂ। ਕਰਮੀ ਨੂੰ ਆਖਣ ਲੱਗੇ, "ਕਰਮੀ! ਚਿੱਟਾ ਕੱਪੜਾ ਲੈ ਲੈਣਾ ਸੀ, ਮਕਾਣਾਂ ਵੀ ਸਾਂਭਣੀਆਂ ਪੈਣੀਆਂ ਹਨ।" ਇਹੋ ਜਿਹੇ ਭਵਿੱਖਤ ਹੁਕਮ ਕਰਮੀ ਨੂੰ ਦੱਸੀ ਜਾਂਦੇ ਹਨ। ਤੀਜੇ ਦਿਨ ਕਰਮੀ ਦਾ ਜੇਠ ਸੁਰਗਵਾਸ ਹੋ ਗਿਆ। ਉਸ ਦਿਨ ਪਤਾ ਲੱਗਾ ਆਪ ਜੀ ਦੇ ਹੁਕਮਨਾਮਿਆਂ ਦਾ। ਕਿਰਪਾ ਸਿਘ ਰਾਜ਼ੀ ਖੁਸ਼ੀ ਕੰਮ ਕਰਕੇ ਰਾਤ ਨੂੰ ਸੁੱਤਾ, ਅੰਤ ਸਮੇਂ ਕਿਰਪਾ ਸਿਘ ਦੇ ਕੋਲ ਪਹੁੰਚ ਗਏ। ਆਪਣੇ ਘਰੋਂ ਜਦੋਂ ਮਹਾਰਾਜ ਉਠਣ ਲੱਗੇ, ਬੋਲ ਦਿੱਤਾ, "ਕਰਤਾਰਾ! ਕਿਰਪੇ ਨੂੰ ਤੋਰ ਆਈਏ।" ਦੋ ਘੰਟੇ ਆਪ ਜੀ ਕਿਰਪਾ ਸਿਘ ਕੋਲ ਪਹਿਲਾਂ ਪਹੁੰਚ ਗਏ।

ਆਖ਼ਿਰੀ ਸਮੇਂ ਦਰਸ਼ਨ ਦੇ ਕੇ ਉਦਾਰ ਕੀਤਾ। ਫਿਰ ਮੁੜ ਆਪਣੇ ਘਰ ਹੀ ਜਾ ਬੈਠੇ। ਇਹ ਕੌਤਕ ਦੇਖ ਕੇ ਲੋਕ ਬਹੁਤ ਹੈਰਾਨ ਹੋਏ।

ਇਕ ਦਿਨ ਕਰਮ ਕੌਰ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਈ। ਮਹਾਰਾਜ ਕਰਤਾਰ ਸਿੰਘ ਦੇ ਘਰ ਬੈਠੇ ਸਨ। ਕਰਮੀ ਦੇ ਪੇਕੇ ਪਿੰਡ ਐਮੇਂ ਸਨ। ਮਹਾਰਾਜ ਕਹਿੰਦੇ, "ਕਰਮੀ! ਐਮੇਂ ਜਾ ਆਉਣਾ ਸੀ, ਕਿਤੇ ਮਾਈ ਚੜ੍ਹਾਈ ਨਾ ਕਰ ਜਾਵੇ। ਚਲ! ਘਰ ਚੱਲੀ ਚਲ! ਕੋਈ ਬੰਦਾ ਆਪੇ ਹੀ ਆ ਕੇ ਲੈ ਜਾਵੇਗਾ।" ਦੂਜੇ ਦਿਨ ਸੱਚਮੁਚ ਹੀ ਸੁਨੇਹਾ ਆ ਗਿਆ ਕਰਮੀ ਨੂੰ ਲੈਣ ਵਾਸਤੇ ਪਿੰਡ ਐਮੇਂ ਤੋਂ ਬੰਦਾ ਆਇਆ। ਆ ਕੇ ਆਖਿਆ ਕਿ ਮਾਈ ਬਹੁਤ ਲਾਚਾਰ ਹੈ। ਕਰਮੀ ਹਾਲੇ ਘਰ ਨਹੀਂ ਸੀ ਪਹੁੰਚੀ। ਮਾਈ ਪਹਿਲਾਂ ਹੀ ਕਾਲਵਸ ਹੋ ਗਈ। ਆਖਰੀ ਮੇਲਾ ਨਾ ਹੋ ਸਕਿਆ। ਕਰਮੀ ਵਿਚਾਰੀ ਨੂੰ ਮਰੀ ਹੋਈ ਮਾਂ ਦਾ ਮੁੱਖ ਦੇਖਣਾ ਹੀ ਨਸੀਬ ਹੋਇਆ। ਇਹੋ ਜਿਹੀਆਂ ਹਜ਼ਾਰਾਂ ਹੀ ਗੱਲਾਂ ਆਪ ਜੀ ਦੀਆਂ ਦੇਖਣੇ ਸੁਣਨੇ ਵਿਚ ਆਉਂਦੀਆਂ ਹਨ। ਇਕ ਪਿੰਡ ਖਾਨਖਾਨਾ ਦਾ ਭਗਵਾਨ ਸਿੰਘ ਹੁੰਦਾ ਸੀ, ਮਹਾਰਾਜ ਸਿੱਧਾ ਭਾਨਾ ਹੀ ਸੱਦਦੇ ਹੁੰਦੇ ਸਨ। ਭਾਨੇ ਨੂੰ ਬਹੁਤ ਵਾਰੀ ਮਹਾਰਾਜ ਇਸੇ ਹੀ ਕਰਮੀ ਦੇ ਘਰ ਭੇਜਿਆ ਕਰਦੇ ਸਨ। ਕਹਿੰਦੇ ਸਨ, "ਭਾਨਿਆਂ! ਕਰਮੀ ਤੇਰੀ ਪਿਛਲੇ ਜਨਮ ਦੀ ਭੈਣ ਹੈ, ਜਾ ਕੇ ਰਾਮ ਸੱਤ ਆਖ ਆਇਆ ਕਰ।" ਬਹੁਤ ਸਾਰੇ ਬੰਦਿਆਂ ਦੇ ਪਿਛਲੇ ਜਨਮ ਦੇ ਨਾਂ ਲੈ ਕੇ ਬੁਲਾਇਆ ਕਰਦੇ ਸਨ। ਕਈਆਂ ਨੂੰ ਇਕ ਦੂਜੇ ਕੋਲ ਭੇਜ ਦਿੰਦੇ ਸਨ ਤੇਰਾ ਬਾਪੂ ਸੀ, ਤੇਰਾ ਭਰਾ ਸੀ, ਤੇਰੀ ਮਾਂ ਸੀ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਮਜਾਰੇ ਦੇ ਇੰਦਰ ਦੀ ਚੱਲੀ

ਇੰਦਰ ਪਿੰਡ ਮਜਾਰੇ ਦੇ ਰਹਿਣ ਵਾਲਾ ਜੱਟ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਬਹੁਤ ਪ੍ਰੇਮੀ ਸੀ, ਪਰ ਘਰੋਂ ਕੁੱਝ ਗਰੀਬ ਸੀ। ਇੰਦਰ ਦੇ ਚਾਰ ਲੜਕੇ ਹੋਏ। ਲੜਕੇ ਜੁਆਨ ਹੋਣ ਤੇ ਗਰੀਬੀ ਦੀ ਹਾਲਤ ਹੋਣ ਕਰਕੇ ਮੰਗ ਵਿਆਹ ਨਾ ਹੋਣ। ਇੰਦਰ ਦੇ ਘਰ ਵਾਲੀ ਦਾ ਖਿਆਲ ਹਰ ਵਕਤ ਇਸੇ ਹੀ ਝੋਰੇ ਵਿਚ ਝੁਰਦਾ ਰਹਿੰਦਾ ਸੀ। ਕਈ ਰਿਸ਼ਤੇਦਾਰਾਂ ਨੂੰ ਕਹਿ ਸੁਣਕੇ, ਆਪਣੇ

ਭਰਾਵਾਂ ਦੀ ਸਲਾਹ ਨਾਲ ਵੱਡੇ ਲੜਕੇ ਬੰਤੇ ਵਾਸਤੇ ਕੋਈ ਮੁੱਲ ਦਾ ਰਿਸ਼ਤਾ ਤਿਆਰ ਕੀਤਾ। ਕੁੱਝ ਰਿਸ਼ਤੇਦਾਰ ਇਕੱਠੇ ਹੋ ਕੇ ਇੰਦਰ ਨੂੰ ਕਹਿਣ ਲੱਗੇ ਪਈ, ਬੰਤੇ ਨੂੰ ਮੁੱਲ ਦਾ ਰਿਸ਼ਤਾ ਹੁੰਦਾ ਹੈ, ਕਰਵਾ ਲਵੋ। ਇੰਦਰ ਨੂੰ ਮਹਾਰਾਜ ਉਤੇ ਬਹੁਤ ਭਰੋਸਾ ਸੀ। ਇੰਦਰ ਕਹਿਣ ਲੱਗਾ ਘਰ ਬੈਠੇ ਪ੍ਰਾਹੁਣਿਆਂ ਨੂੰ ਕਿ ਰਾਜਾ ਸਾਹਿਬ ਦੀ ਸਲਾਹ ਲੈ ਕੇ ਮੈਂ ਤੁਹਾਨੂੰ ਦੱਸਾਂਗਾ। ਘਰ ਬੈਠੇ ਪ੍ਰਾਹੁਣਿਆਂ ਨੂੰ ਛੱਡ ਕੇ ਮਹਾਰਾਜ ਜੀ ਵੱਲ੍ਹ ਗਿਆ। ਅੱਗੋਂ ਮਹਾਰਾਜ ਰਸੋਖਾਨੇ ਵਿਚ ਟਹਿਲਦੇ ਫਿਰਦੇ ਸਨ। ਇੰਦਰ ਨੇ ਜਾ ਕੇ ਨਮਸਕਾਰ ਕੀਤੀ। ਇੰਦਰ ਹੱਥ ਬੰਨ੍ਹ ਕੇ ਖਲੋ ਗਿਆ। ਇੰਦਰ ਮੂੰਹ ਤੋਂ ਕੁੱਝ ਬੋਲਿਆ ਨਹੀਂ, ਮਨ ਵਿਚ ਸੋਚਾਂ ਹੀ ਸੋਚਦਾ ਕਿਸ ਤਰਾਂ ਮਹਾਰਾਜ ਜੀ ਦੇ ਕੋਲ ਅਰਜ ਕਰਾਂ। ਅੱਗੋਂ ਮਹਾਰਾਜ ਨੇ ਪਹਿਲਾਂ ਹੀ ਹੁਕਮ ਕੀਤਾ, "ਇੰਦਰ! ਚਲ ਇਹੋ ਜਿਹੇ ਪ੍ਰਾਹੁਣੇ ਘਰੋਂ ਤੋਰ ਦੇਈਦੇ ਹਨ। ਇਸ ਤਰਾਂ ਦੇ ਪ੍ਰਾਹੁਣੇ ਤਾਂ ਘਰ ਬੈਠਣ ਹੀ ਨਹੀਂ ਦੇਈਏ। ਉਹ ਤਾਂ ੨੦੦੦ ਰੁਪਏ ਨੂੰ ਰਿਸ਼ਤਾ ਕਰਵਾਉਂਦੇ ਹਨ, ਆਪਾਂ ਸਵਾ ਰੁਪਏ ਨਾਲ ਦੋ ਵਾਰ ਵਿਆਹ ਕਰ ਲਈਦਾ ਹੈ।" ਉਹ ਆਏ ਹੋਏ ਪ੍ਰਾਹੁਣੇ ੨੦੦੦ ਰੁਪਏ ਨੂੰ ਮੁੱਲ ਵਿਆਹ ਕਰਾਉਣ ਨੂੰ ਕਹਿੰਦੇ ਸੀ। ਮਹਾਰਾਜ ਦਾ ਹੁਕਮ ਸੁਣਕੇ ਇੰਦਰ ਬਹੁਤ ਖੁਸ਼ੀ ਨਾਲ ਉਛਲਿਆ। ਇੰਦਰ ਦਾ ਮਨ ਖੁਸ਼ੀ ਵਿਚ ਆ ਕੇ ਝੂਮ ਉਠਿਆ। ਆਉਂਦਾ ਹੀ ਆਪਣੇ ਘਰ ਬੈਠੇ ਪ੍ਰਾਹੁਣਿਆਂ ਨੂੰ ਕਹਿਣ ਲੱਗਾ, "ਜਾਓ! ਮੈਂ ਮੁੰਡਾ ਮੁੱਲ ਨਹੀਂ ਵਿਆਹੁਣਾ। ਮੇਰਾ ਮੁੰਡਾ ਬੇਸ਼ਕ ਕਵਾਰਾ ਹੀ ਰਹਿ ਜਾਵੇ, ਮੈਂ ਤਾਂ ਰਾਜਾ ਸਾਹਿਬ ਦਾ ਹੁਕਮ ਮੰਨਾਂਗਾ।" ਪ੍ਰਾਹੁਣੇ ਚਲੇ ਗਏ, ਕੁੱਝ ਦਿਨਾਂ ਬਾਅਦ ਇਕ ਬੰਦਾ ਆਇਆ, ਇੰਦਰ ਨੂੰ ਆ ਕੇ ਪੁੱਛਿਆ ਭਾਈ ਸਾਹਿਬ, ਤੁਹਾਡਾ ਲੜਕਾ ਦੱਸਦੇ ਹਨ, ਇੰਦਰ ਕਹਿੰਦਾ ਕਿ "ਲੜਕੇ ਤਾਂ ਮੇਰੇ ਚਾਰ ਹਨ, ਪਰ ਖੇਤ ਢਾਈ ਹਨ ਜ਼ਮੀਨ ਦੇ, ਤੇਰੀ ਮਰਜੀ ਰਿਸ਼ਤਾ ਕਰਦੇ ਨਹੀਂ ਤਾਂ ਨਾ ਕਰ।" ਉਹ ਬੰਦਾ ਆਖਦਾ ਕਿ ਭਾਈ ਸਾਹਿਬ ਮੈਨੂੰ ਸਭ ਕੁੱਝ ਤੁਹਾਡੇ ਘਰ ਨਜ਼ਰੀਂ ਆਉਂਦਾ ਹੈ, ਮੈਂ ਰਿਸ਼ਤਾ ਜ਼ਰੂਰ ਕਰਨਾ ਹੈ। ਰਿਸ਼ਤਾ ਹੋ ਗਿਆ, ਬੰਤੇ ਦਾ ਵਿਆਹ ਹੋ ਗਿਆ, ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਦੋ ਸਾਲ ਵਿਆਹ ਤੋਂ ਬਾਅਦ ਬੰਤ ਦੀ ਵਿਆਹੁਣ ਮਰ ਗਈ। ਪਿੰਡ ਵਿੱਚ ਹਾਹਾਕਾਰ ਮੱਚ ਗਿਆ, ਮਸੀਂ ਗਰੀਬ ਦਾ ਬੇੜਾ ਬੰਨੇ ਲੱਗਾ ਸੀ, ਕੁੱਝ ਨਾ ਬਣਿਆ, ਅੱਗੇ ਵਾਸਤੇ ਕੋਈ ਜੜ੍ਹ ਵੀ

ਨਾ ਲੱਗੀ। ਮਰਾਸਣ ਰਾਜੇ ਮਹਾਰਾਜ ਜੀ ਦੇ ਬੂਹੇ ਅੱਗੇ ਆ ਕੇ ਕਹਿਣ ਲੱਗੀ, "ਮਹਾਰਾਜ! ਇੰਦਰ ਵਿਚਾਰੇ ਦਾ ਮਸਾਂ-ਮਸਾਂ ਬੇੜਾ ਬੰਨੇ ਲੱਗਾ ਸੀ, ਕੁੱਝ ਗੱਲ ਨਾ ਹੋਈ, ਬੰਤੇ ਦੀ ਵਹੁਟੀ ਵਿਚਾਰੀ ਮਰ ਗਈ।" ਅੰਦਰੋਂ ਬੈਠੇ ਦਰਗਾਹ ਦੇ ਮਾਲਿਕ ਬ੍ਰਹਮ ਗਿਆਨੀ ਸਭ ਸ੍ਰਿਸ਼ਟੀ ਦੇ ਕਰਤਾ ਜੀ ਬੋਲੇ, "ਚਲ ਭੈਣ! ਇੰਦਰ ਦੇ ਘਰ ਚਲ ਕੇ ਆਖ ਰੋਣਾ ਨਹੀਂ।" ਉਨ੍ਹਾਂ ਨੂੰ ਆਖਣਾ ਢੋਲ ਵਜਾਉਣ। ਲੋਕਾਂ ਨੂੰ ਆਪ ਜੀ ਦੇ ਬਚਨਾਂ 'ਤੇ ਸ਼ਰਧਾ ਬਹੁਤ ਸੀ। ਰਾਜੇ ਨੇ ਮਹਾਰਾਜੇ ਦਾ ਹੁਕਮ ਇੰਦਰ ਦੇ ਘਰ ਜਾ ਕੇ ਕਹਿ ਸੁਣਾਇਆ। ਰੋਣਾ ਬੰਦ ਕਰਕੇ ਢੋਲ ਵਜਾ ਦਿੱਤਾ। ਘਰ ਵਹੁਟੀ ਮਰੀ ਪਈ ਸੀ। ਇਕ ਮਹੀਨੇ ਦੇ ਅੰਦਰ-ਅੰਦਰ ਹੀ ਬੰਤੇ ਦਾ ਦੁਬਾਰਾ ਰਿਸ਼ਤਾ ਹੋ ਗਿਆ। ਉਵੇਂ ਜਿਵੇਂ ਮਹਾਰਾਜੇ ਨੇ ਪਹਿਲਾਂ ਹੁਕਮ ਕੀਤਾ ਸੀ ਕਿ ਸਵਾ ਰੁਪਏ ਨਾਲ ਦੋ ਵਾਰੀ ਮੁੰਡਾ ਵਿਆਹ ਲਈ ਦਾ ਹੈ। ਉਹ ਗੱਲ ਸੱਚ ਹੋਈ। ਇਸ ਵੇਲੇ ਇੰਦਰ ਪੋਤਿਆਂ, ਪੋਤੀਆਂ ਦੋਹਤਿਆਂ, ਤੇ ਦੋਹਤਰੀਆਂ ਵਾਲਾ ਹੈ। ਇੱਕ ਛੋਟਾ ਜਿਹਾ ਜ਼ਿੰਮੀਦਾਰ ਇਸ ਤਰਾਂ ਦੀ ਜ਼ਿੰਦਗੀ ਬਸਰ ਕਰਦਾ ਸੀ, ਸਵਰਗੀ ਜ਼ਿੰਦਗੀ ਸੁਖਾਂ ਭਰੀ ਬਸਰ ਕੀਤੀ। ਮਹਾਰਾਜ ਨਾਭ ਕੰਵਲ ਮਹਾਰਾਜ ਜੀ ਦੀ ਮਿਹਰ ਨਾਲ। ਇਕ ਦਿਨ ਦਰਸ਼ਨ ਨੂੰ ਗਿਆ। ਅੱਗੋਂ ਸਤਿਗੁਰਾਂ ਨੇ ਹੁਕਮ ਕੀਤਾ, "ਇੰਦਰ! ਚਿੱਟੇ ਕਪੜੇ ਪਹਿਨ ਕੇ ਦਰਵਾਜ਼ੇ ਹੀ ਬੈਠੇ ਰਹੀ ਦਾ ਹੈ।" ਬੱਸ ਇਵੇਂ ਹੀ ਸਾਰੀ ਜ਼ਿੰਦਗੀ ਬਸਰ ਕੀਤੀ। ਬੜੇ-ਬੜੇ ਅਮੀਰ ਇਸ ਤਰਾਂ ਸੁੱਖ ਲੈ ਸਕਦੇ ਹਨ। ਇੰਦਰ ਇੰਨਾ ਭਰੋਸੇ ਵਾਲਾ ਸੀ ਕਿ ਇਕ ਦਿਨ ਇਕ ਸਭਾ ਵਿਚ ਗੱਲ ਚੱਲੀ ਜਦੋਂ ਮਹਾਂਭਾਰਤ ਦਾ ਯੁੱਧ ਹੋ ਰਿਹਾ ਸੀ, ਤਾਂ ਭੀਮ ਸੈਨ ਨੇ ਹਾਥੀ ਭੁਆਂ ਕੇ ਅਸਮਾਨ ਵੱਲ੍ਹ ਮਾਰੇ ਸਨ। ਇੰਦਰ ਕਹਿੰਦਾ ਕਿ ਮੈਂ ਤਾਂ ਮੰਨਾਂਗਾ ਜੇ ਰਾਜਾ ਸਾਹਿਬ ਕਹਿ ਦੇਣ ਕਿ ਠੀਕ ਮਾਰੇ ਸਨ। ਇੰਦਰ ਉੱਠਕੇ ਮਹਾਰਾਜ ਜੀ ਦੇ ਪੇਸ਼ ਹੋਇਆ, ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਕੀ ਇਹ ਗੱਲ ਸੱਚੀ ਹੈ ਕਿ ਭੀਮ ਸੈਨ ਨੇ ਹਾਥੀ ਅਸਮਾਨ ਵਿਚ ਮਾਰੇ ਸੀ?" ਮਹਾਰਾਜ ਜੀ ਕਹਿੰਦੇ, "ਹਾਂ-ਹਾਂ ਇੰਦਰ ਮਿਹਨਤ ਭਾਵੇਂ ਕੋਈ ਕਰ ਲਵੇ।" ਮੇਰੇ ਸਾਹਮਣੇ ਦੀ ਗੱਲ ਹੈ, ਦਾਸ ਉਸ ਵੇਲੇ ਮਹਾਰਾਜ ਦੇ ਪਾਸ ਖੜ੍ਹਾ ਸੀ। ਮਹਾਰਾਜ ਕਰਤਾਰ ਸਿੰਘ ਦੇ ਘਰ ਬੈਠੇ ਸੀ, ਸਰਦੀ ਦਾ ਮੌਸਮ ਸੀ।

ਬੋਲੋ ਭਾਈ ਵਾਹਿਗੁਰੂ॥

ਸਾਖੀ ਮਜਾਰੇ ਵਾਲੇ ਕਰਤਾਰੇ ਜੱਟ ਨਾਲ ਹੋਈ

ਪਿੰਡ ਮਜਾਰੇ ਦੇ ਜ਼ਿੰਮੀਦਾਰ ਜੱਟ.ਖੇਤੀ ਦਾ ਕੰਮ ਕਰਨ ਵਾਲੇ ਕਰਤਾਰੇ ਦੇ ਘਰ ਲੜਕੇ ਨੌਜਵਾਨ ਹੋ ਗਏ। ਕਰਤਾਰੇ ਨੇ ਮਨ ਵਿਚ ਸੁੱਖਣਾ ਸੁੱਖੀ, "ਸੱਚੇ ਪਾਤਸ਼ਾਹੋ! ਮੇਰਾ ਮੁੰਡਾ ਵਿਆਹ ਹੋ ਜਾਵੇ ਤਾਂ ੨੫ ਰੁਪਏ ਦਾ ਕੜਾਹ ਪ੍ਰਸ਼ਾਦ ਚੜ੍ਹਾਵਾਂ।" ਮਹਾਰਾਜ ਜੀ ਦੀ ਮਿਹਰ ਨਾਲ ਮੁੰਡੇ ਦੀ ਸ਼ਾਦੀ ਹੋ ਗਈ। ਖੁਸ਼ੀਆਂ ਮਨਾਈਆਂ ਗਈਆਂ। ਮਾਹਰ ਢੋਲ-ਢਮਾਕੇ ਵੱਜੇ, ਜੰਞ ਵਿਆਹ ਕੇ ਘਰ ਆਈ। ਦੂਜੇ ਦਿਨ ਸੁੱਖੀ ਹੋਈ ਸੁੱਖ ਕੜਾਹ ਪ੍ਰਸ਼ਾਦ ਬਣਾਉਣ ਲੱਗੇ। ਸੁਭਾਗ ਭਰੀ ਜੋੜੀ ਦਾ ਮੱਥਾ ਵੀ ਟਿਕਾਉਣਾ ਸੀ। ਪੰਝੀ ਰੁਪਏ ਦੀ ਰਸਦ ਜਦੋਂ ਜੋਖਣ ਲੱਗੇ, ਕਰਤਾਰੇ ਨੇ ਆਖਿਆ, "ਐਨਾ ਪਰਸ਼ਾਦ ਬਹੁਤ ਹੋ ਜਾਣੈ। ਅੱਧਾ ਪਰਸ਼ਾਦ ਬਣਾ ਲਵੋ, ਅੱਧਾ ਫੇਰ ਕਿਸੇ ਸੁਦ ਨੂੰ ਕਰ ਲਵਾਂਗੇ, ਨਾਲੇ ਆਪ ਛਕਾਂਗੇ ਨਾਲੇ ਲਾਗੀਆਂ ਦਾ ਸਰ ਜਾਂਦਾ ਹੈ, ਨਾਲੇ ਕਈ ਡੰਗ ਟਪਾਵਾਂਗੇ।" ਸਾਢੇ ਬਾਰਾਂ ਦਾ ਪਰਸ਼ਾਦ ਬਣਾ ਕੇ ਨਵੀਂ ਵਿਆਹੁਣ ਅਤੇ ਲਾੜੇ ਦੀ ਇੰਜੜੀ ਗੰਢ ਕੇ ਮੋਹਰੇ ਲਾੜਾ ਪਿਛੇ ਸੂਹੇ ਬਸਤਰ ਸੁਹਾਗ ਦੇ ਪਹਿਨੇ ਹੋਏ ਸੁਹਾਗਣ ਮੁਟਿਆਰ ਹੌਲੀ-ਹੌਲੀ ਨੀਵੀਂ ਨਜ਼ਰ ਸੁਆਮੀ ਦਾ ਲੜ ਫੜਕੇ ਚਲ ਪਈ। ਮਾਹਰ ਢੋਲ-ਢਮੱਕੇ ਵੱਜਦੇ ਮੇਲਣਾਂ ਗੀਤ ਗਾਉਂਦੀਆਂ, ਖੁਸ਼ੀਆਂ ਦੇ ਸੋਹਲੇ ਗਾਉਂਦੇ ਹੋਏ ਸੋਹਣੇ ਪ੍ਰੀਤਮ ਦੇ ਦਰਬਾਰ ਚਲੇ ਗਏ। ਅੱਗੋਂ ਸੰਗਤ ਦੀ ਬਹੁਤ ਭੀੜ ਬਣੀ ਹੋਈ ਸੀ। ਕੀਰਤਨ ਵੀ ਹੋ ਰਿਹਾ ਸੀ। ਘਰ ਬਣੇ ਹੋਏ ਕੜਾਹ ਪਰਸ਼ਾਦ ਦੇ ਵਿਚੋਂ ਇਕ ਪਰਾਤ ਵਿਚ ਪਾ ਕੇ ਪਿੱਛੇ-ਪਿੱਛੇ ਕਰਤਾਰਾ ਆ ਰਿਹਾ ਸੀ। ਜਦੋਂ ਸ਼ਬਦ ਪੜ੍ਹਦਾ ਹੋਇਆ ਕਾਫਲਾ ਭੀੜ ਨੂੰ ਚੀਰਦਾ ਹੋਇਆ ਅੱਗੇ ਵਧਿਆ ਤਾਂ ਅੱਗੋਂ ਘਟ-ਘਟ ਦੀਆਂ ਜਾਣਨਹਾਰ ਨੱਥਾ ਸਿੰਘ ਦੇ ਘਰ ਬੈਠੇ ਸਨ। ਅਗਿਓਂ ਹੁਕਮ ਹੋਇਆ ਉਹ ਜਿਹੜਾ ਪਿਛੇ ਪਰਾਤ ਲੈ ਕੇ ਖੜ੍ਹਾ ਹੈ ਉਸਨੂੰ ਅੱਗੇ ਆਉਣ ਦਿਓ, ਜਦੋਂ ਕਰਤਾਰ ਅਗਿਉਂ ਵਧਕੇ ਮੋਹਰੇ ਹੋਇਆ। ਮਹਾਰਾਜ ਜੀ ਬੋਲੇ, "ਕਰਤਾਰਾ! ਚਲ ਘਰ ਚਲ ਕੇ ਆਪਦਾ ਡੰਗ ਟਪਾਉ। ਸਹੁਰਿਆ! ਮੈਨੂੰ ਲਾਗੀਆਂ ਨਾਲ ਰਲਾ ਦਿੱਤਾ। ਪੰਝੀਆਂ ਦਾ ਸੁਖ ਕੇ, ਸਾਰਦਾ ਲਾਗੀਆਂ ਦਾ, ਚੱਲ ਨੱਠ ਚੱਲ! ਪਿੱਛੇ ਮੁੜ ਜਾ।" ਜਦੋਂ ਮਹਾਰਾਜ ਜੀ ਨੇ ਕਰਤਾਰੇ ਨੂੰ ਸੰਗਤ ਵਿਚ ਹੀ ਦਬਕਾ

ਮਾਰਿਆ ਤੇ ਸਾਰੀ ਸੰਗਤ ਦੇ ਬੈਠਿਆਂ ਹੀ ਸੱਚੀ ਗੱਲ ਆਖੀ, ਕਰਤਾਰਾ ਝੂਠਾ ਹੋ ਗਿਆ। ਕਰਤਾਰੇ ਦੀ ਧੌਣ ਜ਼ਮੀਨ ਵੱਲ੍ਹ ਝੁਕ ਗਈ। ਸਰੀਰ ਥਰ-ਥਰ ਕੰਬਣ ਲੱਗਾ। ਕੰਨ ਫੜਕੇ ਚਰਨਾਂ 'ਤੇ ਡਿੱਗ ਪਿਆ। ਅੱਧ ਮਰੇ ਸੱਪ ਵਾਂਗ ਸਿਰ ਨਹੀਂ ਚੁੱਕਦਾ, "ਸੱਚੇ ਪਾਤਸ਼ਾਹੋ! ਬਖਸ਼ੋ, ਹੁਣ ਮੇਰੀ ਭੁੱਲ ਮੁਆਫ਼ ਕਰੋ, ਮੈਂ ਸਵਾ ਪੱਚੀ ਰੁਪਏ ਦਾ ਪਰਸ਼ਾਦ ਕਰਕੇ ਹੁਣੇ ਹੀ ਲਿਆਵਾਂਗਾ।" ਉਸੇ ਵੇਲੇ ਘਰ ਜਾ ਕੇ ਸਾਰਾ ਪਰਸ਼ਾਦ ਬਣਾਕੇ ਮਹਾਰਾਜ ਜੀ ਦੇ ਦਰਬਾਰ ਵਿਚ ਲਿਆਕੇ ਸੰਗਤਾਂ ਵਿਚ ਵਰਤਾਇਆ ਜਿਵੇਂ ਮੱਖਣ ਸ਼ਾਹ ਲੁਬਾਣੇ ਤੋਂ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਪੂਰੀ ਸੁੱਖ ਲਈ ਸ਼ੀ, ਇਸੇ ਹੀ ਤਰਾਂ ਸ੍ਰੀ ਨਾਭ ਕੰਵਲ ਮਹਾਰਾਜ ਜੀ ਨੇ ਕਰਤਾਰੇ ਨੂੰ ਦੱਸਕੇ ਸਾਰੀ ਸੁੱਖ ਲਈ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਨਨਕਾਣੇ ਦੇ ਇਕ ਜੱਟ ਨਾਲ ਹੋਈ

ਇਕ ਸਿੱਖ ਪਿੰਡ ਨਨਕਾਣਾ ਸਾਹਿਬ ਗੁਰੂ ਨਾਨਕ ਜੀ ਦੀ ਨਗਰੀ ਦੇ ਰਹਿਣ ਵਾਲਾ ਸੀ ਜਿਸਦੀ ਉਮਰ ਪੰਜਾਹ ਪਚਵੰਜਾ ਸਾਲ ਸੀ। ਉਸ ਦਾ ਘਰ ਔਲਾਦ ਤੋਂ ਖਾਲੀ ਸੀ ਜਿਵੇਂ ਚਿਰਾਗ ਤੋਂ ਬਿਨਾਂ ਮੰਦਰ ਸੁੰਞਾ 'ਜਿਸ ਘਰ ਦੀਪਕ ਨਾ ਬਲੇ, ਬਾਲ ਨਾ ਖੇਡੀ ਬਾਰ ਤਿਸਕਾ ਕਿਆ ਭੰਨਨਾਂ ਸੋ ਭੰਨਿਆਂ ਕਰਤਾਰ' ਕਾਫ਼ੀ ਧਾਗੇ ਤਵੀਤ, ਟੂਣੇ-ਟਾਮਣ ਕੀਤੇ ਪੁੱਤਰ ਕਿਸੇ ਨੇ ਨਾ ਬਖਸ਼ਿਆ। ਡਾਕਟਰੀ ਇਲਾਜ ਵੀ ਬਥੇਰੇ ਕੀਤੇ ਪੁੱਤਰ ਦਾ ਮੁੱਖੜਾ ਦੇਖਣਾ ਨਸੀਬ ਨਾ ਹੋਇਆ। ਇਨਸਾਨ ਪਹਿਲਾਂ ਮਸਨੂਈ ਤਾਕਤਾਂ ਪਿੱਛੇ ਲੱਗਾ ਫਿਰਦਾ ਰਹਿੰਦਾ ਹੈ। ਜਿੱਥੋਂ ਸਾਰੀਆਂ ਸ਼ਕਤੀਆਂ ਦਾ ਸੰਚਾਰ ਹੁੰਦਾ ਹੈ, ਉਸ ਪ੍ਰਭੂ ਸਰਬ ਕਲਾ ਸਮਰੱਥ ਨੂੰ ਭੁਲਿਆ ਰਹਿੰਦਾ ਹੈ। ਗੁਰੂ ਦੀ ਸ਼ਰਨ ਨਿਰਾਸ਼ ਹੋ ਕੇ ਆਉਣ ਦੇ ਨਾਲ ਕਾਰਜ ਰਾਸ ਹੋ ਜਾਂਦੇ ਹਨ। ਇਸ ਗੁਰਸਿੱਖ ਨੇ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਸੋਭਾ ਸੁਣਕੇ 100 ਰੁਪਏ ਦਾ ਕੜਾਹ ਪਰਸ਼ਾਦ ਸੁਖਿਆ, 22 ਸੰਗਰਾਂਦਾਂ ਚੌਕੀਆਂ ਭਰਦਾ ਰਿਹਾ। ਬਾਈਵੀਂ ਸੰਗਰਾਂਦ ਮਹਾਰਾਜ ਜੀ ਨੇ ਇਕ ਪੁੱਤਰ ਹੋਣ ਦਾ ਵਰ ਦਿੱਤਾ। ਜਦੋਂ ਪੁੱਤਰ ਜਨਮਿਆ ਉਜੜਿਆ ਹੋਇਆ

ਘਰ ਮੁੜ ਵਸ ਗਿਆ। ਪੁੱਤਰ ਦੇ ਜਨਮ ਦੀ ਖੁਸ਼ੀ ਦੇ ਅੰਦਰ ਪਿੰਡ ਮਜਾਰੇ ਸੁੱਖੀ ਹੋਈ ਸੁੱਖ ਦੇਣ ਆਇਆ। ਗੱਡੀ ਵਿਚ ਬੈਠਾ ਸੋਚਦਾ ਖਬਰੇ ਰਾਜਾ ਸਾਹਿਬ ਨੂੰ ਮੇਰੀ ਸੁੱਖ ਦਾ ਚੇਤਾ ਹੀ ਨਹੀਂ, 100 ਰੁਪਏ ਦਾ ਕੜਾਹ ਪਰਸ਼ਾਦ ਕੀ ਚੜ੍ਹਾਉਣਾ 50 ਰੁਪਿਆਂ ਦਾ ਕਰਕੇ ਹੀ ਵੰਡ ਦਿੰਦੇ ਹਾਂ। ਜਦੋਂ ਖਿਗਿਆਂ ਤੋਂ ਗੱਡੀ ਉਤਰਿਆ 50 ਤੋਂ ਵੀ ਮਨ ਮੁਕਰਨ ਲੱਗ ਪਿਆ। ਸਵਾ ਪੰਜ ਰੁਪਏ ਦਾ ਪਰਸ਼ਾਦ ਕਰਾਉਣ ਦਾ ਪੱਕਾ ਫ਼ੈਸਲਾ ਕਰ ਲਿਆ। ਰਸੋਖਾਨੇ ਵਿਚ ਜਾ ਕੇ ਪੰਜ ਰੁਪਏ ਦੀ ਰਸਦ ਲੈ ਕੇ ਕੜਾਹ ਪਰਸ਼ਾਦ ਦੀ ਪਰਾਤ ਭਰਕੇ ਸਤਿਗੁਰਾਂ ਦੇ ਪੇਸ਼ ਹੋਇਆ। ਅੱਗੋਂ ਸੱਚੇ ਪਾਤਸ਼ਾਹ ਬੋਲੇ, "ਸਿੱਖਾ! 100 ਦਾ ਸੁੱਖ ਕੇ ਲਿਆਇਆ 5 ਦਾ। ਜੋ ਜ਼ੁਬਾਨ ਕਰੀਏ ਪੂਰਾ ਕਰਨਾ ਚਾਹੀਦਾ ਹੈ। ਉਦੋਂ ਨਹੀਂ ਸੀ ਪਤਾ ਜਦੋਂ ਨੱਕ ਰਗੜਦਾ ਸੀ।" ਇਹ ਤਾਂ ਨਹੀਂ ਆਖਿਆ ਕਿ ਬਣਾ ਕੇ ਲੈ ਆਓ। ਸੱਚੀ ਗੱਲ ਪ੍ਰਗਟ ਕਰ ਦਿੱਤੀ। ਸੱਚੀ ਗੱਲ ਸੁਣਦਿਆਂ ਸਾਰ ਉਸ ਦਾਨੇ ਪੁਰਸ਼ ਦੇ ਪੈਰ ਨਿਕਲ ਗਏ। ਚਿੱਟੀ ਦੁੱਧ ਵਰਗੀ ਦਾੜ੍ਹੀ ਥਰ-ਥਰ ਕੰਬਣ ਲੱਗੀ, ਬਹੁਤ ਡਰਿਆ। ਚਰਨ ਫੜ ਕੇ ਬੇਨਤੀਆਂ ਕਰਨ ਲੱਗਾ। ਮੈਨੂੰ ਗੁਨਾਹਗਾਰ ਨੂੰ ਬਖਸ਼ ਦਿਉ, ਮੈਂ ਭੁੱਲ ਗਿਆ ਜੀ, ਮੇਰਾ ਉਜੜਿਆ ਹੋਇਆ ਘਰ ਆਪ ਦੀ ਮਿਹਰ ਨਾਲ ਵਸਿਆ। ਸੌ ਰੁਪਿਆ ਕੱਢ ਕੇ ਚਰਨਾਂ ਤੇ ਧਰ ਦਿੱਤਾ। ਹੁਕਮ ਹੋਇਆ ਇਸਦਾ ਕੜਾਹ ਪਰਸ਼ਾਦ ਕਰਕੇ ਸੰਗਤ ਵਿਚ ਵਰਤਾਇਆ ਜਾਵੇ। ਊਧਮ ਸਿੰਘ ਝਿਗੜਾਂ ਵਾਲੇ ਨੇ ਇਹ ਸਾਖੀ ਸੁਣਾਈ। ਊਧਮ ਸਿੰਘ ਨੂੰ ਉਸ ਨਨਕਾਣੇ ਦੇ ਸਿੱਖ ਨੇ ਸੁਣਾਈ ਸੀ। ਇਹੋ ਜਿਹੇ ਹਜ਼ਾਰਾਂ ਹੀ ਘਰ ਆਪ ਜੀ ਨੇ ਉਜੜੇ ਹੋਏ ਵਸਾ ਦਿੱਤੇ, ਲੱਖਾਂ ਜੀਵਾਂ ਦਾ ਉਦਾਰ ਕੀਤਾ।

ਬੋਲੋ ਭਾਈ ਵਾਹਿਗੁਰੂ॥

ਸਾਖੀ ਬਨਾਰਸੀ ਫਲਪੋਤੇ ਵਾਲੇ ਨਾਲ ਹੋਈ

ਇਕ ਦਿਨ ਮਹਾਰਾਜ ਜੀ ਪਿੰਡ ਕਰਨਾਣੇ ਦੇ ਰਾਹ ਉੱਪਰ ਜਾ ਬੈਠੇ ਕਿਸੇ ਨੂੰ ਕੋਈ ਪਤਾ ਨਹੀਂ ਮਹਾਰਾਜ ਰਾਤ ਉੱਠਕੇ ਕਿੱਧਰ ਚਲੇ ਗਏ। ਆਪ ਜੀ ਦੇ ਕੁੱਤੇ ਵੀ ਨਾਲ ਹੀ ਸਨ। ਬਨਾਰਸੀ ਕਿਸੇ ਜ਼ਿਮੀਦਾਰ ਦੇ ਨਿਸ਼ਾਨੀ ਦੇ

ਲੱਡੂ ਪਿੰਡ ਮੂਸਾਪੁਰ ਦੇਣ ਚਲਿਆ ਸੀ। ਪੀਪਾ ਲੱਡੂਆਂ ਦਾ ਭਰਿਆ ਹੋਇਆ ਸੀ। ਬਨਾਰਸੀ ਨੇ ਮਹਾਰਾਜ ਬੈਠਿਆਂ ਨੂੰ ਦੇਖਕੇ ਨਮਸਕਾਰ ਕੀਤੀ। ਜਦੋਂ ਨਮਸਕਾਰ ਕਰਕੇ ਅੱਗੇ ਤੁਰਨ ਲੱਗਾ, ਮਹਾਰਾਜ ਆਖਿਆ, "ਕਾਕਾ! ਪੀਪੇ ਵਿਚ ਕੀ ਹੈ?" ਬਨਾਰਸੀ ਨਾਈਆਂ ਦਾ ਮੁੰਡਾ ਆਖਣ ਲੱਗਾ, "ਜੀ ਸੱਚੇ ਪਾਤਸ਼ਾਹੋ! ਨਿਸ਼ਾਨੀ ਦੇ ਲੱਡੂ ਹਨ ਪਿੰਡ ਫੱਲਪੋਤੇ ਤੋਂ ਆਇਆਂ ਹਾਂ, ਮੂਸਾਪੁਰ ਜਾਣਾ ਹੈ।" ਮਹਾਰਾਜ ਕਹਿੰਦੇ, "ਕਾਕਾ! ਮੇਰੇ ਕੁੱਤੇ ਭੁੱਖੇ ਹਨ, ਕੁੱਤਿਆਂ ਨੂੰ ਲੱਡੂ ਪਾ।" ਬਨਾਰਸੀ ਡਰਦਾ ਲੱਡੂ ਪਾਉਣ ਲੱਗਾ, ਪਾਉਂਦਿਆਂ-ਪਾਉਂਦਿਆਂ ਅੱਧਾ ਪੀਪਾ ਪੁਆ ਦਿੱਤਾ। ਕੁੱਤਿਆਂ ਨੂੰ ਲੱਡੂ ਪਾ ਕੇ ਅੱਗੇ ਜਾਣ ਦਾ ਹੁਕਮ ਦਿੱਤਾ। ਬਨਾਰਸੀ ਪੀਪਾ ਚੁੱਕ ਕੇ ਤੁਰ ਪਿਆ ਮਨ ਵਿਚ ਬਹੁਤ ਡਰਦਾ ਹੈ, ਮੈਂ ਕੀ ਆਖਾਂਗਾ? ਪਿੰਡ ਦੇ ਨਜ਼ਦੀਕ ਜਾ ਕੇ ਪੀਪਾ ਖੋਲ੍ਹ ਕੇ ਦੇਖਣ ਲੱਗਾ ਕਿ ਨਹੀਂ ਤਾਂ ਪਿੱਛੇ ਮੁੜ ਕੇ ਬੰਗਿਆਂ ਤੋਂ ਬਣਾ ਕੇ ਲੈ ਆਵਾਂ, ਘਰ ਵਾਲੇ ਗੁੱਸੇ ਹੋਣਗੇ। ਇਹੋ ਜਿਹੀਆਂ ਸੋਚਾਂ-ਸੋਚਦਾ ਜਦੋਂ ਪੀਪਾ ਖੋਲ੍ਹ ਕੇ ਦੇਖੇ, ਪੀਪਾ ਮੂੰਹੋਂ ਮੂੰਹ ਭਰਿਆ ਹੋਇਆ ਸੀ। ਬਨਾਰਸੀ ਹੈਰਾਨ ਹੋਇਆ, ਉੱਥੇ ਬੈਠਾ ਹੀ ਲੱਖ-ਲੱਖ ਨਮਸਕਾਰ ਕਰਨ ਲੱਗਾ, "ਧੰਨ ਹੈਂ ਤੂੰ! ਧੰਨ ਤੇਰੀ ਲੀਲ੍ਹਾ। ਮੇਰੇ ਹੱਥੀਂ ਹੀ ਅੱਧਾ ਪੀਪਾ ਖਾਲੀ ਕਰਵਾਕੇ, ਮੁੜ ਭਰ ਦਿੱਤਾ। ਮੇਰੇ ਗਰੀਬ ਦੀ ਲਾਜ ਪੱਤ ਰੱਖ ਲਈ।" ਇਹੋ ਜਿਹੇ ਚਮਤਕਾਰੇ ਹਰ ਰੋਜ਼ ਸੰਗਤ ਵਿਚ ਦਿਖਾ ਕੇ ਹੈਰਾਨ ਕਰ ਛੱਡਦੇ ਸਨ। ਆਪ ਨਿਰੰਕਾਰ ਜੋਤ ਰੂਪ ਹੋ ਕੇ ਜੀਵਾਂ ਨੂੰ ਧਰਮ ਵੱਲ੍ਹ ਲਾ ਰਹੇ ਸਨ। ਖੁਦਾ ਦੀ ਸ਼ਕਤੀ ਨੂੰ ਪ੍ਰਗਟ ਕਰਦੇ ਸਨ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਸਰਦਾਰਾ ਸਿੰਘ ਰਸੂਲਪੁਰੀਏ ਨੂੰ ਬਰਮਾ ਵਿਚ ਦਰਸ਼ਨ ਦੇਣ ਦੀ ਚੱਲੀ

ਸਰਦਾਰ ਸਿੰਘ ਪਿੰਡ ਰਸੂਲਪੁਰ ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਦੇ ਸੰਤ ਅਵਧੂਤਾਂ ਦੇ ਛੋਟੇ ਭਾਈ ਸਨ। ਸਰਦਾਰ ਸਿੰਘ ਨਾਭ ਕੰਵਲ ਰਾਜਾ ਸਾਹਿਬ ਦੇ ਬਹੁਤ ਪ੍ਰੇਮੀ ਤੇ ਸ਼ਰਧਾਵਾਨ ਸਨ। ਸਰਦਾਰਾ ਸਿੰਘ ਬਰਮਾ ਵਿਚ

ਰਹਿੰਦੇ ਸਨ। ਕਾਫ਼ੀ ਦੇਰ ਉੱਥੇ ਰਹਿਣ ਦੇ ਕਾਰਨ ਕਈ ਮਿੱਤਰ ਦੋਸਤ ਬਣ ਗਏ, ਕਾਫ਼ੀ ਵਾਕਫ਼ੀਅਤ ਇਲਾਕੇ ਵਿਚ ਹੋ ਗਈ। ਇਕ ਦਿਨ ਸਰਦਾਰਾ ਸਿੰਘ ਤੇ ਉਸ ਦੇ ਦੋ ਹੋਰ ਭਾਈ ਬੰਦ ਜਿੱਥੇ ਇਹ ਰਹਿੰਦੇ ਸਨ, ਉਥੋਂ ਸੱਤ ਮੀਲ ਦੂਰ ਆਸਾਮ ਦੇ ਬਸਿੰਦਿਆਂ ਨੂੰ ਮਿਲਣ ਉਨ੍ਹਾਂ ਦੇ ਘਰ ਆਏ। ਰਾਤ ਪ੍ਰਸ਼ਾਦਾ ਛਕ ਕੇ ਸੌਂ ਗਏ। ਅਗਲੇ ਘਰ ਵਾਲਿਆਂ ਦੇ ਮਨ ਵਿਚ ਬੇਈਮਾਨੀ ਆ ਗਈ, ਘਰ ਵਿਚ ਸਲਾਹ ਕੀਤੀ ਕਿ ਤਿੰਨ ਬੰਦੇ ਚੰਗੇ ਨਰੋਏ ਕਾਬੂ ਆਏ ਹਨ, ਇਨ੍ਹਾਂ ਨੂੰ ਜਾਦੂ ਨਾਲ ਕਾਬੂ ਕਰਕੇ ਗੁਲਾਮ ਬਣਾ ਲਈਏ। ਜ਼ਿੰਦਗੀ ਭਰ ਇਨ੍ਹਾਂ ਦੇ ਕੋਲੋਂ ਕੰਮ ਲਵਾਂਗੇ। ਇਹ ਤਿੰਨੇ ਬੰਦੇ ਸੁੱਤੇ ਪਏ, ਇਨ੍ਹਾਂ ਨੂੰ ਕਾਬੂ ਕਰਨ ਵਾਸਤੇ ਜਾਦੂ ਭਰੀ ਕਾਰਵਾਈ ਸ਼ੁਰੂ ਕਰ ਦਿੱਤੀ। ਜਦੋਂ ਕੀਲਣ ਦਾ ਕੰਮ ਸ਼ੁਰੂ ਕੀਤਾ, ਇੱਧਰ ਭਗਤ ਵਛਲ, ਸਿੱਖਾਂ ਸੇਵਕਾਂ ਦੇ ਬੰਧਨ ਕੱਟਣ ਹਾਰੇ, ਦੁਸ਼ਟ-ਦਮਨ, ਆਪਨੇ ਸੇਵਕ ਕੀ ਸਿਰ ਪਰ ਰਾਖੈ ਆਪਣੇ ਭਗਤ ਨੂੰ ਕਾਬੂ ਆਉਂਦੇ ਨੂੰ ਦੇਖਕੇ ਅੱਧੀ ਰਾਤ ਦੇ ਸਮੇਂ ਜਿਵੇਂ ਭਾਈ ਮਰਦਾਨੇ ਨੂੰ ਗੁਰੂ ਨਾਨਕ ਦੇਵ ਜੀ ਨੇ ਢਾਕੇ ਬੰਗਾਲ ਵਿਚੋਂ ਮੀਂਢਾ ਬਣੇ ਹੋਏ ਨੂੰ ਛੁਡਾਇਆ ਸੀ, ਇਸੇ ਹੀ ਹਨ੍ਹੇਰੀ ਰਾਤ ਹਜ਼ਾਰਾਂ ਕੋਹਾਂ ਦੇ ਪੰਧ 'ਤੇ ਫਸੇ ਹੋਏ ਜਾਲ ਵਿਚੋਂ ਛੁਡਾਉਣ ਵਾਸਤੇ ਮਹਾਰਾਜ ਜੀ ਇਕ ਪਲਕ ਵਿਚ ਬਰਮਾ ਦੇਸ਼ ਵਿਚ ਪਹੁੰਚ ਗਏ, ਜਿੱਥੇ ਤਿੰਨੇ ਪਰਦੇਸੀ ਰਾਹੀ ਕਾਬੂ ਕੀਤੇ ਹੋਏ ਸਨ। ਅੰਦਰ ਪਏ ਸਰਦਾਰਾ ਸਿੰਘ ਦੇ ਸਰਹਾਣੇ ਜਾ ਕੇ ਬਾਂਹ ਫੜਕੇ ਹਲੂਣਾ ਦਿੱਤਾ, ਨਾਲ ਹੀ ਦਰਸ਼ਨ ਦਿੱਤੇ। ਹੁਕਮ ਕੀਤਾ, "ਸਰਦਾਰਾ! ਉੱਠ ਜਲਦੀ ਬਾਹਰ ਹੋ ਜਾ।" ਸਰਦਾਰਾ ਸਿੰਘ ਝੁਬਕ ਉਠਿਆ। ਮਹਾਰਾਜ ਜੀ ਦਰਸ਼ਨ ਦੀ ਝਲਕ ਦੇ ਗਏ, ਨਾਲ ਹੀ ਘਰੋਂ ਬਾਹਰ ਜਾਣ ਦਾ ਹੁਕਮ ਕੀਤਾ। ਸਰਦਾਰਾ ਸਿੰਘ ਚੁੱਪਚਾਪ ਉਠਿਆ, ਪਗੜੀ ਚੁੱਕੀ, ਤੀਜਾ ਹਿੱਸਾ ਕਟੀ ਹੋਈ ਝੱਟਪੱਟ ਚੁੱਪਚਾਪ ਘਰੋਂ ਬਾਹਰ ਨਿਕਲ ਗਿਆ। ਇਕ ਛੋਟਾ ਜਿਹਾ ਡੰਡਾ ਹੱਥ ਲੱਗਾ, ਉਹ ਫੜਕੇ ਘਰੋਂ ਬਾਹਰ ਰਸਤੇ ਵਿਚ ਚਲਾ ਗਿਆ। ਪਿਛਲੇ ਪਿੰਡ ਜਾਣ ਵਾਸਤੇ ਜੰਗਲੀ ਰਸਤਾ ਸੀ। ਰਾਹ ਵਿਚ ਮਾਸ ਖੋਰੇ ਜਾਨਵਰ ਵੀ ਬਹੁਤ ਸਨ। ਸਰਦਾਰਾ ਸਿੰਘ ਜਾਨਵਰਾਂ ਦੀਆਂ ਭਿਆਨਕ ਅਵਾਜ਼ਾਂ ਸੁਣਕੇ ਬਹੁਤ ਡਰਿਆ। ਮਨ ਤਕੜਾ ਕਰਕੇ ਸਤਿਗੁਰਾਂ ਦੇ ਚਰਨਾਂ ਦਾ ਆਸਰਾ ਲੈ ਕੇ ਤੁਰਿਆ ਜਾਂਦਾ, ਜਦੋਂ ਸਰਦਾਰਾ ਸਿੰਘ ਅੱਧ ਵਿਚ ਗਿਆ ਤਾਂ ਅੱਗਿਉਂ ਬੱਬਰ ਸ਼ੇਰ ਨਿਕਲਿਆ

ਜਿਵੇਂ ਟਾਰਚ ਦੀ ਰੋਸ਼ਨੀ ਅੱਖਾਂ ਨੂੰ ਪੈਂਦੀ ਹੁੰਦੀ ਹੈ। ਇਸ ਤਰਾਂ ਸ਼ੇਰ ਦੇ ਨੇਤਰਾਂ ਦੀ ਰੌਸ਼ਨੀ ਚਮਕਾਂ ਮਾਰਦੀ। ਉਹ ਮਸਤ ਜਿਹੀ ਚਾਲ ਨਾਲ ਚਲਿਆ ਜਾ ਰਿਹਾ ਸੀ। ਜਦੋਂ ਸ਼ੇਰ ਆਉਂਦਾ ਸਰਦਾਰਾ ਸਿੰਘ ਨੇ ਦੇਖਿਆ ਇਕ ਵਾਰੀ ਤਾਂ ਸਾਰਾ ਸਰੀਰ ਸੁੰਨ ਹੋ ਗਿਆ। ਫਿਰ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ, "ਹੇ ਸੱਚੇ ਪਾਤਸ਼ਾਹੋ! ਜਿਵੇਂ ਅੱਗੇ ਪਿੱਛੋਂ ਕੱਢਕੇ ਲਿਆਂਦਾ, ਇਥੋਂ ਵੀ ਤੁਹਾਡੀ ਮਿਹਰ ਨਾਲ ਹੀ ਬਚਾਅ ਹੋਵੇਗਾ।" ਸਰਦਾਰਾ ਸਿੰਘ ਨੇ ਹੱਥੋਂ ਸੋਟੀ ਥੱਲੇ ਸੁੱਟ ਦਿੱਤੀ, ਧੌਣ ਨੀਵੀਂ ਕਰਕੇ ਹੱਥ ਜੋੜ ਕੇ ਰਾਹ ਵਿਚ ਹੀ ਖਲੋ ਗਿਆ। ਮਨ ਸਤਿਗੁਰਾਂ ਦੇ ਚਰਨਾਂ ਵਿਚ ਲਾ ਦਿੱਤਾ। ਬੱਸ ਤੀਹ ਕਰਮਾਂ ਤੋਂ ਪਿੱਛੋਂ ਹੀ ਸ਼ੇਰ ਰਸਤਾ ਛੱਡ ਕੇ ਪਾਸੇ ਦੀ ਹੋ ਕੇ ਅੱਗੇ ਚਲਾ ਗਿਆ। ਸਰਦਾਰਾ ਸਿੰਘ ਦੀ ਜਾਨ ਬਚੀ। ਲੱਖ-ਲੱਖ ਸ਼ੁਕਰ ਕਰਦਾ, 'ਧੰਨ ਸੱਚੇ ਪਾਤਸ਼ਾਹੋ! ਅੱਜ ਮੈਨੂੰ ਮੌਤ ਦੇ ਮੂੰਹ ਵਿਚੋਂ ਕੱਢ ਕੇ ਲੈ ਆਂਦਾ ਹੈ।" ਸਰਦਾਰਾ ਸਿੰਘ ਆਪਣੇ ਪਹਿਲਾਂ ਵਾਲੇ ਘਰ ਆ ਗਿਆ। ਪਿਛਲੇ ਦੂਜੇ ਭਾਈ ਬੰਦਾਂ ਦਾ ਹਾਲ ਸੁਣੋ ਉਨ੍ਹਾਂ ਦੋਹਾਂ ਨੂੰ ਹੀ ਜਾਦੂ ਨਾਲ ਕਾਬੂ ਕਰ ਲਿਆ, ਐਸੇ ਕੀਲੇ ਉਸ ਪਿੰਡ ਦੇ ਵਸੀਵੇਂ ਤੋਂ ਬਾਹਰ ਨਾ ਜਾ ਸਕੇ, ਜੇ ਕਦੀ ਬਾਹਰ ਵੀ ਜਾਣ ਤਾਂ ਆਪਣੇ ਆਪ ਦੀ ਸੁਰਤ ਕੋਈ ਨਾ ਰਹੇ। ਸਾਰੀ ਜ਼ਿੰਦਗੀ ਉਨ੍ਹਾਂ ਦਾ ਹੀ ਕੰਮ ਕੀਤਾ।

ਬੋਲੋ ਭਾਈ ਵਾਹਿਗੁਰੂ॥

ਦੂਜੀ ਸਾਖੀ ਸਰਦਾਰਾ ਸਿੰਘ ਨਾਲ ਹੋਈ

ਸਰਦਾਰਾ ਸਿੰਘ ਕੁੱਝ ਸਾਲ ਬਰਮਾ ਵਿਚ ਰਹਿ ਕੇ ਸਿੰਘਾਪੁਰ ਵਿਚ ਚਲੇ ਗਿਆ। ਕੁੱਝ ਦੇਰ ਰਹਿਣ ਤੋਂ ਬਾਅਦ ਚੀਨ ਅਤੇ ਮਲਾਇਆ ਦੀ ਜੰਗ ਲੱਗ ਗਈ। ਚੀਨ ਨੇ ਮਲਾਇਆ ਤੇ ਸਿੰਘਾਪੁਰ 'ਤੇ ਕਬਜ਼ਾ ਕਰ ਲਿਆ। ਸਿੰਘਾਪੁਰ ਜੋ ਹਿੰਦੁਸਤਾਨੀ ਲੋਕ ਰਹਿੰਦੇ ਸਨ, ਇਨ੍ਹਾਂ ਦਾ ਮਾਲ ਧਨ ਚੀਨੀ ਸਭ ਲੁੱਟ ਲੈਂਦੇ ਸਨ। ਕਾਬੂ ਆਉਣ ਤੇ ਜਾਨੋਂ ਹੀ ਮਾਰ ਦਿੰਦੇ ਸਨ। ਮਾਰਦੇ ਵੀ ਬਹੁਤ ਬੇ-ਰਹਿਮੀ ਨਾਲ ਸਨ। ਸਰਦਾਰਾ ਸਿੰਘ ਤੇ ਕੁੱਝ ਬੰਦੇ ਇਹ ਵੀ ਇਕ ਦਿਨ ਚੀਨੀਆਂ ਦੇ ਕਾਬੂ ਆ ਗਏ। ਕੁੱਝ ਤੇ ਨੱਠ ਗਏ, ਇਹ ਤਿੰਨ ਬੰਦੇ ਫੜੇ ਗਏ।

ਤਿੰਨ ਦਿਨ ਇਨ੍ਹਾਂ ਨੂੰ ਫੜਕੇ ਬੰਦ ਰੱਖਿਆ। ਤੀਜੇ ਦਿਨ ਕੋਈ ਅਫ਼ਸਰ ਆਇਆ, ਇਨ੍ਹਾਂ ਦੀ ਪੇਸ਼ੀ ਕੀਤੀ ਬਿਆਨ ਲੈ ਕੇ ਗੋਲੀ ਦਾ ਹੁਕਮ ਕਰ ਦਿੱਤਾ। ਤਿੰਨੇ ਹੀ ਜੁਆਨ ਇਕ ਕਤਾਰ ਵਿਚ ਖੜ੍ਹੇ ਕਰ ਲਏ। ਗੋਲੀ ਮਾਰ ਦੇਣ ਦਾ ਹੁਕਮ ਹੋਣ ਹੀ ਵਾਲਾ ਸੀ। ਸਾਹਿਬ ਨੇ ਹੁਕਮ ਕੀਤਾ ਕੋਈ ਗੱਲ ਕਰਨੀ ਚਾਹੁੰਦੇ ਹੋ ਤਾਂ ਕਰ ਲਵੋ, ਸਰਦਾਰਾ ਸਿੰਘ ਨੇ ਆਖਿਆ, ਸਾਡੀ ਕੋਈ ਗੱਲ ਨਹੀਂ ਕਿਸੇ ਨਾਲ। ਆਪਣੇ ਮਾਲਿਕ ਨਾਲ ਗੱਲ ਕਰ ਰਹੇ ਹਾਂ, ਸਰਦਾਰਾ ਸਿੰਘ ਦੀ ਬਿਰਤੀ ਇਕ ਮਿੰਟ ਵਿਚ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਚਰਨਾਂ ਵਿਚ ਜੁੜ ਗਈ। ਖੜ੍ਹੇ-ਖੜ੍ਹੇ ਦੀ ਅੱਖ ਜਿਹੀ ਲੱਗ ਗਈ, ਜਿਵੇਂ ਭੀਮ ਚੰਦ ਕਲੂਰੀਏ ਦੀ ਦੇਵੀ ਚੰਦ ਨਜ਼ੀਰ ਦਾ ਮਨ ਗੁਰੂ ਦਸਮੇਸ਼ ਜੀ ਦੇ ਚਰਨਾਂ ਵਿਚ ਜਾ ਜੁੜਿਆ ਸੀ। ਜਦੋਂ ਪਹਾੜੀ ਦੀ ਚੋਟੀ ਤੇ ਸਲਾਈਆਂ ਗਰਮ ਕਰਕੇ ਅੱਖਾਂ ਵਿਚ ਫੇਰਨ ਲੱਗੇ ਸਨ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨਾ ਦੇਇ॥
ਲਾਗੁ ਹੋਏ ਦੁਸਮਨਾ ਸਾਕ ਭਿ ਭੱਜ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥ (ਪੰਨਾ-੭੦)

ਸਰਦਾਰਾ ਸਿੰਘ ਦਾ ਮਨ ਨਾਭ ਕੰਵਲ ਦੇ ਚਰਨਾਂ ਵਿਚ ਜੁੜ ਗਿਆ, ਜਿਵੇਂ ਦਰੋਪਤੀ ਦੀ ਫਰਿਆਦ ਪਾਸਾ ਖੇਲ੍ਹਦੇ ਕ੍ਰਿਸ਼ਨ ਭਗਵਾਨ ਜੀ ਨੂੰ ਇਕ ਪਲ ਵਿਚ ਜਾ ਸੁਣੀ ਸੀ। ਇਸੇ ਤਰਾਂ ਭਾਈ ਸਰਦਾਰਾ ਸਿੰਘ ਦੀ ਅਰਦਾਸ ਮਜਾਰੇ ਬੈਠੇ ਭਗਤ-ਵਛਲ ਨਾਭ ਕੰਵਲ ਰਾਜਾ ਸਾਹਿਬ ਜੀ ਨੂੰ ਜਾ ਸੁਣੀ। ਹਜ਼ਾਰਾਂ ਹੀ ਕੋਹਾਂ ਤੇ ਬੈਠੇ ਸਿੱਖ ਦੀ ਅਵਾਜ਼ ਕੰਨੀਂ ਪਈ, ਇੱਕ ਛਿਨ ਵਿਚ ਘੋੜੇ ਤੇ ਰੱਖੇ ਹੋਏ ਹੱਥ ਨੂੰ ਜਾ ਫੜਿਆ। ਸਰਦਾਰਾ ਸਿੰਘ ਨੂੰ ਜਾ ਦਰਸ਼ਨ ਦਿੱਤੇ। ਸਿਰ ਤੇ ਹੱਥ ਰੱਖਿਆ। ਅਕਾਸ਼ਬਾਣੀ ਦੀ ਤਰਾਂ ਕੰਨਾਂ ਵਿਚ ਅਵਾਜ਼ ਆਈ, "ਕਾਕਾ! ਸਾਡੇ ਹੁੰਦਿਆਂ ਤੈਨੂੰ ਕੋਈ ਨਹੀਂ ਮਾਰ ਸਕਦਾ।" ਸਾਹਿਬ ਦੀ ਗੋਲੀ ਚਲਾਉਣ ਦੇ ਮਨ ਨੂੰ ਜਿੰਦਰੇ ਲਾ ਦਿੱਤੇ। ਐਸੀ ਚਾਬੀ ਲਾਈ ਬੰਦੂਕ ਦੇ ਘੋੜੇ

ਤੋਂ ਹੱਥ ਪਿਛੇ ਹਟ ਗਿਆ। ਮਨ ਵਿਚ ਦਇਆ ਰਾਣੀ ਨੇ ਡੇਰਾ ਲਾ ਦਿੱਤਾ। ਖੜ੍ਹੇ ਕੈਦੀਆਂ ਨੂੰ ਪਾਸ ਬੁਲਾਇਆ। ਆਖਿਆ, "ਦਸੋ ਕੀ ਚਾਹੁੰਦੇ ਹੋ? ਤੁਹਾਨੂੰ ਮਾਰਦੇ ਨਹੀਂ ਜੇ ਕੰਮ ਕਰਨਾ ਚਾਹੁੰਦੇ ਹੋ ਤਾਂ ਕੰਮ ਕਰੋ ਜੇ ਇੰਡੀਆ ਜਾਣਾ ਚਾਹੁੰਦੇ ਹੋ ਤਾਂ ਇੰਡੀਆ ਚਲੇ ਜਾਵੋ। ਜੇ ਗੌਰਮਿੰਟ ਦੀ ਨੌਕਰੀ ਕਰਨੀ ਹੈ ਤਾਂ ਨੌਕਰੀ ਕਰੋ।" ਇਕ ਕਹਿਣ ਲੱਗਾ ਮੈਂ ਇੰਡੀਆ ਜਾਣਾ ਚਾਹੁੰਦਾ ਹਾਂ, ਉਸਨੂੰ ਇੰਡੀਆ ਭੇਜ ਦਿੱਤਾ। ਸਰਦਾਰਾ ਸਿੰਘ ਨੂੰ ਪੁੱਛਿਆ, "ਤੂੰ ਇਸ ਬੰਦੇ ਦਾ ਜ਼ਿੰਮੇਵਾਰ ਹੈ' ਤਾਂ ਇਸਨੂੰ ਵੀ ਕੰਮ ਦਿੰਦੇ ਹਾਂ।" ਸਰਦਾਰਾ ਸਿੰਘ ਦੇ ਨਾਲ ਦਾ ਜੋ ਦੂਜਾ ਬੰਦਾ ਸੀ ਉਸਨੂੰ ਵੀ ਕੰਮ ਦੇ ਦਿੱਤਾ। ਕੋਈ ਮਾਲ ਸੀ ਉਸ ਉਤੇ ਪਹਿਰੇ ਦੀ ਡਿਊਟੀ ਲੱਗ ਗਈ। ਸਰਦਾਰਾ ਸਿੰਘ ਡਰਾਈਵਰੀ ਦਾ ਕੰਮ ਜਾਣਦਾ ਸੀ, ਇਹ ਸਾਹਿਬ ਦੀ ਕਾਰ ਚਲਾਉਣ ਲੱਗ ਪਿਆ। ਦੂਜਾ ਬੰਦਾ ਦੋ ਸਾਲ ਨੌਕਰੀ ਕਰਕੇ ਕੋਈ ਦੋ ਲੱਖ ਰੁਪਏ ਦਾ ਮਾਲ ਚੁਰਾ ਕੇ ਕਿਸੇ ਪਾਸੇ ਚਲਾ ਗਿਆ। ਆਖਿਰ ਫੜਿਆ ਗਿਆ। ਫੜਨ ਤੋਂ ਬਾਅਦ ਉਸ ਦਾ ਕੁੱਝ ਪਤਾ ਨਹੀਂ ਲੱਗਾ। ਸਰਦਾਰਾ ਸਿੰਘ ਪੰਜ ਸਾਲ ਰਹਿਕੇ ਇੰਡੀਆ ਆ ਗਿਆ। ਇਕ ਲਾਇਸੰਸੀ ਪੱਕੀ ਰਾਈਫ਼ਲ ਤੇ ਦੋ ਸਿਪਾਹੀ ਇਸਨੂੰ ਇੰਡੀਆ ਛੱਡਕੇ ਗਏ, ਸਾਹਿਬ ਦੇ ਹੁਕਮ ਨਾਲ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਸੀਬੋ ਰਹਿਪੇ ਵਾਲੀ ਨੂੰ ਪੁੱਤਰਾਂ ਦੀ ਬਖਸ਼ਿਸ਼ ਦੀ ਚੱਲੀ

ਇਕ ਦਿਨ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਆਪਣੇ ਘਰ ਪਲੰਘ ਤੇ ਬੈਠੇ ਸਨ। ਕਰਤਾਰ ਨਾਲ ਲਿਵ ਜੁੜੀ ਹੋਈ ਸੀ, ਮੁਕਤਾ-ਭੁਗਤਾ ਦੇ ਬੂਹੇ ਖੁਲ੍ਹੇ ਹੋਏ ਸਨ। ਦਰਗਾਹੀ ਕਲਮਾਂ ਵਹਿ ਰਹੀਆਂ ਸਨ। ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਹਾਜ਼ਿਰ ਸਨ। ਅਠਾਰਾਂ ਰਿਧੀਆਂ-ਸਿਧੀਆਂ ਹੱਥ ਜੋੜਕੇ ਖੜੀਆਂ ਸਨ। ਇੰਨੇ ਚਿਰ ਕਰਤਾਰ ਸਿੰਘ ਦੇ ਘਰ ਵਾਲੀ ਨੱਥਾ ਸਿੰਘ ਦੀ ਨੂੰਹ ਬੀਬੀ ਨਸੀਬ ਕੌਰ ਸਤਿਗੁਰਾਂ ਵਾਸਤੇ ਦਹੀਂ ਭੰਨਕੇ ਅਧਰਿੜਕੇ ਦੀ ਗੜਵੀ ਲੈ ਕੇ ਹਾਜ਼ਿਰ ਹੋਈ। ਬਹੁਤ ਪ੍ਰੇਮ ਨਾਲ ਨਮਸਕਾਰ ਕਰ ਕੇ ਬੇਨਤੀ

ਕੀਤੀ, "ਸੱਚੇ ਪਾਤਸ਼ਾਹੋ! ਸਵਾਸਾਂ ਦੇ ਸਹਾਈ ਹੋਣਾ। ਮੈਂ ਗਰੀਬਣੀ ਨਿਆਸਰੀ ਨੂੰ ਚਰਨਾਂ 'ਚ ਟਿਕਾਣਾ ਬਖਸ਼ਣਾ।" ਜਦੋਂ ਦਰਦ ਭਰੀ ਸ਼ਬਰੀ ਵਾਲੀ ਪ੍ਰਬਲ ਜਨ ਦੀ ਬੇਨਤੀ ਸੁਣੀ, ਮਿਹਰਵਾਨ ਮਿਹਰਾਂ ਦੇ ਦਾਤੇ ਨੇ ਜ਼ਰਾ ਰਹਿਮਤ ਭਰੀਆਂ ਨਜ਼ਰਾਂ ਨਾਲ ਇਕ ਵਾਰ ਤਕ ਕੇ ਆਖਿਆ, "ਲੈ ਅੱਜ ਅਵਤਾਰ ਕੌਰ! ਤੈਨੂੰ ਭਾਂਡਿਆਂ ਦੀ ਮੰਜਾਈ ਦੇ ਹੀ ਦੇਈਏ।" ਆਪਣੇ ਇਸ਼ਨਾਨ ਕਰਨ ਵਾਲੀ ਗਾਗਰ ਵਿਚੋਂ ਇਕ ਗੜਵਾ ਜਲ ਦਾ ਭਰਨ ਦਾ ਹੁਕਮ ਕੀਤਾ। ਕਹਿੰਦੇ, "ਲੈ ਜਾ! ਇਸ ਵਿਚ ਹੋਰ ਪਾਣੀ ਪਾ ਕੇ ਇਸ਼ਨਾਨ ਕਰ ਲੈ।" ਸੀਬੋ ਨੇ ਨਲਕੇ ਵਲ੍ਹਾਂ ਆ ਕੇ ਹੋਰ ਪਾਣੀ ਪਾ ਕੇ ਇਸ਼ਨਾਨ ਕੀਤਾ। ਕੋਈ ਅੰਮ੍ਰਿਤ ਵਰਗਾ ਪਾਣੀ ਆਪ ਦੀ ਗਾਗਰ ਵਿਚੋਂ ਬਖਸ਼ ਕੇ ਜਿਸ ਵਿਚ ਸਾਰੇ ਤੀਰਥਾਂ ਦਾ ਫਲ ਇਕੱਠਾ ਕਰਕੇ ਕੁੰਭ ਲਾ ਕੇ ਸੁੱਤੀ ਹੋਈ ਕਿਸਮਤ ਦਾ ਖੇਤ ਹਰਾ ਕੀਤਾ। ਇਸ਼ਨਾਨ ਕਰਨ ਤੋਂ ਬਾਅਦ ਕੋਲ ਬੁਲਾ ਕੇ ਹੁਕਮ ਕੀਤਾ, "ਅਵਤਾਰ ਕੌਰੇ! ਲਿਆ ਤੁਮਾਰੇ ਪਾਸ ਕਿਤਨੇ ਰੁਪਏ ਹੈਂ?" ਤੀਹ ਰੁਪਏ ਸੀਬੋ ਦੇ ਕੋਲ ਸਨ। ਦੋ ਦੋ ਰੁਪਏ ਸੱਦਕੇ ਲਾਗੀਆਂ ਨੂੰ ਦੁਆਏ। ਕਹਿੰਦੇ, "ਅੱਜ ਤੈਨੂੰ ਕਬੀਲਦਾਰਨੀ ਬਣਾ ਦਿੱਤਾ ਹੈ। ਤੇਰੀ ਕਿਸਮਤ ਵਿਚ ਔਲਾਦ ਤੇ ਹੈ ਨਹੀਂ ਸੀ। ਜਿਹਨੇ ਸਾਨੂੰ ਪਾਣੀ ਦਾ ਘੁੱਟ ਵੀ ਪਿਲਾਇਆ ਹੋਵੇ, ਕਿਸੇ ਦੋ ਸਲਾਈਆਂ ਸੁਰਮੇ ਦੀਆਂ ਪਾਈਆਂ ਹੋਣ, ਉਹਦਾ ਵੀ ਅਸੀਂ ਮੁਆਵਜ਼ਾ ਦੇ ਦਿੱਤਾ ਹੈ। ਅੱਜ ਤੈਨੂੰ ਵੀ ਭਾਂਡਿਆਂ ਦੀ ਮੰਜਾਈ ਦਾ ਕੁੱਝ ਦੇ ਹੀ ਦਿੰਦੇ ਹਾਂ।" ਦੋ ਅੰਬ ਪਾਤਸ਼ਾਹ ਨੇ ਆਪ ਦੇ ਸਿਰਹਾਣੇ ਤੋਂ ਚੁੱਕ ਸੀਬੋ ਦੇ ਪੱਲੇ ਵਿਚ ਪਾਏ ਇਕ ਅੰਬ ਸੀਬੋ ਦੇ ਪੱਲੇ ਵਿਚੋਂ ਡਿੱਗ ਪਿਆ। ਜਦੋਂ ਚੁੱਕਣ ਲੱਗੀ ਮਹਾਰਾਜ ਕਹਿੰਦੇ, "ਵਹੁਟੀ! ਰਹਿਣ ਦੇ ਜਿਹੜਾ ਡਿੱਗ ਹੀ ਪਿਆ, ਉਸਦਾ ਕੀ ਚੁਕਣਾ? ਤੇਰੇ ਜੋਗਾ ਇਕੋ ਹੀ ਬਥੇਰਾ ਹੈ।" ਮਹਾਰਾਜ ਦੇ ਬਖਸ਼ੇ ਹੋਏ ਫਲ ਦੇ ਹੁਕਮ ਅਨੁਸਾਰ ਦੋ ਲੜਕੇ ਹੋਏ। ਪਹਿਲਾ ਮਰ ਗਿਆ ਇਕ ਰਾਜ਼ੀ ਖੁਸ਼ੀ ਇਸ ਵੇਲੇ ਇੰਗਲੈਂਡ ਵਿਚ ਗਿਆ ਹੋਇਆ ਹੈ। ਇਹੋ ਜਿਹੇ ਸ਼ਕਤੀਮਾਨ ਕੋਈ-ਕੋਈ ਨਬੀ ਹੀ ਦੁਨੀਆਂ ਵਿਚ ਹੁੰਦੇ ਹਨ, ਜਿਨ੍ਹਾਂ ਦੀ ਇਕ-ਇਕ ਗੱਲ ਵਿੱਚ ਵੱਡੀਆਂ ਵੱਡੀਆਂ ਬਰਕਤਾਂ ਹੁੰਦੀਆਂ ਹਨ। ਇਹੋ ਜਿਹੇ ਬਲੀਆਂ ਦੇ ਜੋ ਹੁਕਮਨਾਮੇ ਹੁੰਦੇ ਹਨ ਉਹ ਦਰਗਾਹੀ ਕਾਨੂੰਨ ਹੀ ਬਣ ਜਾਂਦੇ ਹਨ।

ਬੋਲੋ ਜੀ ਵਾਹਿਗੁਰੂ॥

ਅੱਗੇ ਸਾਖੀ ਧੰਨੋ ਦਦਿਆਲ ਦੀ ਮਾਈ ਨਾਲ ਹੋਈ

ਧੰਨੋ ਪਿੰਡ ਦਦਿਆਲ ਦੇ ਰਹਿਣ ਵਾਲੀ ਸੀ। ਇਸਦੀ ਲੜਕੀ ਬਕਾਪੁਰ ਧਮਾਈ ਵਿਆਹੀ ਹੋਈ ਸੀ। ਇਸ ਲੜਕੀ ਦੀ ਸ਼ਾਦੀ ਹੋਈ ਨੂੰ ਜਦੋਂ ਦਸ ਸਾਲ ਹੋ ਗਏ, ਇਸ ਦੇ ਪੇਟੋਂ ਕੋਈ ਬੱਚਾ ਨਾ ਜਨਮਿਆ। ਇਸ ਦਾ ਪਤੀ ਇਸਨੂੰ ਅਭਾਗਣ ਸਮਝ ਕੇ ਪੇਕੇ ਘਰ ਦਦਿਆਲ ਛੱਡ ਗਿਆ। ਆਪ ਹੋਰ ਸ਼ਾਦੀ ਕਰਾਉਣ ਦੇ ਖ਼ਿਆਲ ਵਿਚ ਲੱਗ ਗਿਆ। ਧੰਨੋ ਵਿਚਾਰੀ ਨਿਆਸਰੀ ਹੋ ਗਈ। ਪਿਛਲੇ ਜ਼ਮਾਨੇ ਵਿਚ ਸਮਾਜੀ ਤੌਰ 'ਤੇ ਲੋਕ ਔਰਤ ਨੂੰ ਪੈਰ ਦੀ ਜੁੱਤੀ ਸਮਝਦੇ ਸਨ। ਔਰਤ ਜਾਮੇ ਦੀ ਕੋਈ ਜੱਦੀ ਜਾਇਦਾਦ ਨਹੀਂ ਸੀ ਹੁੰਦੀ। ਆਕਾਸ਼ ਵੇਲ ਦੀ ਤਰਾਂ ਇਕ ਪਤੀ ਦੇ ਆਸਰੇ ਹੀ ਜ਼ਿੰਦਗੀ ਨਿਭਦੀ ਸੀ। ਮਾਈਆਂ ਨੂੰ ਧੀਆਂ ਦਾ ਬੜਾ ਦਰਦ ਹੁੰਦਾ ਹੈ। ਧੰਨੋ ਮਾਈ ਲੱਗੀ ਅੱਕੀਂ-ਪਲਾਹੀਂ ਹੱਥ ਪਾਉਣ, ਟੂਣੇ-ਟਾਮਣ, ਧਾਗੇ-ਤਵੀਤ, ਜਿਵੇਂ ਕੋਈ ਡੁੱਬਣ ਲੱਗਾ ਹੱਥ ਪੈਰ ਮਾਰਦਾ ਹੈ, ਇਵੇਂ ਹੀ ਧੰਨੋ ਮਾਈ ਹੱਥ ਪੈਰ ਮਾਰਨ ਲੱਗੀ। ਇਕ ਦਿਨ ਕਰਤਾਰ ਸਿੰਘ ਮਜਾਰੇ ਵਾਲਾ ਦਦਿਆਲ ਸਹੁਰੇ ਘਰ ਗਿਆ। ਪਹਿਲਾਂ ਕਰਤਾਰ ਸਿੰਘ ਦਦਿਆਲ ਵਿਆਹਿਆ ਹੋਇਆ ਸੀ। ਧੰਨੋ ਮਾਈ ਕਰਤਾਰ ਸਿੰਘ ਨੂੰ ਆਖਣ ਲੱਗੀ, "ਕਰਤਾਰ ਸਿੰਘ! ਤੁਹਾਡੇ ਘਰ ਰਾਜਾ ਸਾਹਿਬ ਰਹਿੰਦੇ ਹਨ, ਮੇਰੀ ਧੀ ਬਾਰੇ ਕੋਈ ਰਾਜਾ ਸਾਹਿਬ ਕੋਲੋਂ ਬਚਨ ਲੈ ਦੇਵੋ, ਮੇਰੀ ਧੀ ਦਾ ਵਸੇਬਾ ਹੋ ਜਾਵੇ। ਲੋਕੀਂ ਆਖਦੇ ਹਨ ਪਈ ਰਾਜਾ ਸਾਹਿਬ ਦੇ ਚਰਨਾਂ ਵਿਚ ਜੋ ਵੀ ਜਾਂਦਾ ਹੈ, ਉਸਦੇ ਮਨੋਰਥ ਪੂਰੇ ਹੋ ਜਾਂਦੇ ਹਨ।" ਕਰਤਾਰ ਸਿੰਘ ਕਹਿੰਦਾ, "ਤੁਸੀਂ ਮਾਈ ਆ ਜਾਣਾ ਆਪੇ ਹੀ ਆ ਕੇ ਬੇਨਤੀ ਕਰਿਉ, ਉੱਥੇ ਸਿਫਾਰਸ਼ੀ ਕੰਮ ਨਹੀਂ ਬਣਦੇ।" ਕਰਤਾਰ ਸਿੰਘ ਦੇ ਨਾਲ ਹੀ ਧੰਨੋ ਮਾਈ ਮਜਾਰੇ ਆਈ। ਧੰਨੋ ਮਾਈ ਕਰਤਾਰ ਸਿੰਘ ਦੇ ਘਰ ਆ ਗਈ। ਮਹਾਰਾਜ ਦਰਵਾਜ਼ੇ ਦੇ ਸਾਹਮਣੇ ਦੌਲੇ ਦੇ ਘਰ ਬੈਠੇ ਸਨ। ਰਾਤ ਨੂੰ ਪਰਸ਼ਾਦਾ ਛੱਕ ਕੇ ਸੰਗਤ ਦੀ ਅਵਾਜਾਈ ਹਟ ਗਈ। ਵਿਹਲਾ ਸਮੇਂ ਸੀ। ਕਰਤਾਰ ਸਿੰਘ ਦੀ ਮਾਈ ਜੱਸੀ ਉਸ ਬੁੱਢੀ ਨੂੰ ਨਾਲ ਲੈ ਕੇ ਆਪ ਜੀ ਦੇ ਹਜ਼ੂਰ ਪੇਸ਼ ਹੋਈ, ਨਾਲ ਹੀ ਜੱਸੀ ਦੁੱਧ ਦੀ ਗੜਵੀ ਲੈ ਗਈ। ਮਹਾਰਾਜ ਜੀ ਬਹੁਤ ਹੀ ਖੁਸ਼ੀ ਵਿਚ ਬੈਠੇ ਸਨ। ਚੰਗਾ ਮੌਕਾ ਦੇਖ ਕੇ ਜੱਸੀ ਨੇ ਉਸ ਬੁੱਢੀ

ਵਲੋਂ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਇਸ ਮਾਈ ਦੀ ਲੜਕੀ ਦੇ ਘਰ ਬੱਚਾ ਨਹੀਂ ਹੁੰਦਾ, ਉਸਨੂੰ ਉਸਦੇ ਸਹੁਰਿਆਂ ਨੇ ਛੱਡ ਦਿੱਤਾ ਹੈ, ਉਸਦਾ ਪਤੀ ਹੋਰ ਵਿਆਹ ਕਰਾਉਣ ਨੂੰ ਫਿਰਦਾ ਹੈ। ਸੱਚੇ ਪਾਤਸ਼ਾਹੋ! ਲੜਕੀ ਦੇ ਕੋਈ ਬੱਚਾ ਹੋ ਜਾਵੇ ਤਾਂ ਉਸਦਾ ਵਸੇਬਾ ਹੋ ਜਾਵੇ।" ਪਾਤਸ਼ਾਹ ਪੁੱਛਣ ਲੱਗੇ ਇਸਦੇ ਨਾਨਕੇ ਕਿੱਥੇ ਹਨ? ਦਾਦਕੇ ਕਿੱਥੇ ਹਨ? ਇਹ ਸਾਰੀ ਮਿਸਲ ਜੱਸੀ ਕੋਲੋਂ ਪੁੱਛੀ ਗਏ। ਇਸਦੇ ਪਤੀ ਦਾ ਨਾਂ ਕੀ ਹੈ? ਲੜਕੀ ਦਾ ਨਾਂ ਕੀ ਹੈ? ਮਹਾਰਾਜ ਖੁਸ਼ੀ ਖੁਸ਼ੀ ਬੈਠੇ ਪੁੱਛ ਰਹੇ ਸਨ। ਬੈਠੀ ਬੈਠੀ ਧੰਨੋ ਮਾਈ ਕਹਿੰਦੀ, "ਸੱਚੇ ਪਾਤਸ਼ਾਹ! ਮੈਂ ੧੦੦ ਰੁਪਿਆ ਤੇਰੇ ਚੜ੍ਹਾਵਾਂ ਜੇ ਮੇਰੀ ਲੜਕੀ ਦੇ ਲੜਕੇ ਲੜਕੀਆਂ ਹੋ ਜਾਣ। ਨਾਲੇ ਮੇਰੀ ਲੜਕੀ ਦੀ ਪਤੀਸ ਮਰ ਜਾਵੇ ਉਹ ਮੇਰੀ ਲੜਕੀ ਨੂੰ ਦੁੱਖ ਦਿੰਦੀ ਹੈ।" ਜਦੋਂ ਇੰਨੀ ਗੱਲ ਧੰਨੋ ਨੇ ਆਖੀ ਕਿ ਮੇਰੀ ਧੀ ਦੀ ਪਤੀਸ ਮਰ ਜਾਵੇ, ਮਹਾਰਾਜ ਕੋਲ ਖੂੰਡਾ ਪਿਆ ਸੀ ਇਕ ਰੱਖ, ਦੋ ਰੱਖ, ਤਿੰਨ ਰੱਖ ਇਸ ਤਰਾਂ ਪੰਜ ਮਾਰੇ ਕਹਿੰਦੇ, "ਸਾਲੀਏ! ਤੇਰੀ ਲੜਕੀ ਦਾ ਕੰਮ ਤਾਂ ਕਰ ਦਿੱਤਾ ਤੇਰੀ ਲੜਕੀ ਦੀ ਪਤੀਸ ਦਾ ਮੈਂ ਕਾਤਲ ਬਣਾਂ?" ਨਾਲ ਹੀ ਜੱਸੀ ਨੂੰ ਗਾਲੀਂ ਧਰ ਲਿਆ। ਦਰੋਂ ਬਾਹਰ ਕੱਢ ਦਿੱਤਾ। ਜਿਹੜੀਆਂ ਪੰਜ ਸੋਟੀਆਂ ਮਾਰੀਆਂ ਸਨ ਉਸੇ ਧੰਨੋ ਦੀ ਲੜਕੀ ਦੇ ਪੇਟੋਂ ਤਿੰਨ ਲੜਕੇ ਤੇ ਦੋ ਲੜਕੀਆਂ ਜਨਮੀਆਂ। ਟੱਬਰ ਵਿਚ ਬੈਠੀ ਦਿਸਿਆ ਨਾ ਕਰੇ, ਧੰਨ ਰਾਜਾ ਸਾਹਿਬ ਤੇਰੀ ਲੀਲ੍ਹਾ ਦਾ ਕੋਈ ਅੰਤ ਨਹੀਂ ਪਾ ਸਕਦਾ। ਉਸ ਬੁੱਢੀ ਦੇ ਪੰਜ ਛਿਟੀਆਂ ਮਾਰਕੇ ਉਸ ਦੀ ਮੰਗ ਪੂਰੀ ਕੀਤੀ। ਉਸਦੀ ਧੀ ਦਾ ਮੁੜ ਵਸੇਬਾ ਸਹੁਰੇ ਘਰ ਹੋ ਗਿਆ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਲਛਮੀ ਨੂੰ ਪੁੱਤਰ ਬਖਸ਼ਣ ਦੀ ਚੱਲੀ

ਦੌਲਤ ਸਿੰਘ (ਪਿੰਡ ਮਜਾਰੇ ਦਾ) ਜਾਤ ਦਾ ਲੁਹਾਰ, ਸ਼ਿਮਲੇ ਵਿਚ ਠੇਕੇਦਾਰੀ ਦਾ ਕੰਮ ਕਰਦਾ ਸੀ। ਇਸਦੇ ਘਰ ਵਾਲੀ ਲੱਛਮੀ ਦੇ ਕੁਖੋਂ ਔਲਾਦ ਨਾ ਹੋਈ, ਕਈ ਸਾਲ ਬੀਤ ਗਏ। ਕੋਈ ਪੇਟ ਵਿਚ ਖਰਾਬੀ ਹੋਣ ਦੇ ਨਾਲ ਚਾਰ ਪੰਜ ਮਹੀਨੇ ਦਾ ਹਮਲ ਹੋ ਕੇ ਗਿਰ ਜਾਂਦਾ ਸੀ। ਲੱਛਮੀ ਬਹੁਤ ਬਿਮਾਰ

ਰਹਿੰਦੀ। ਇਸ ਵਜ੍ਹਾ ਨਾਲ ਲਛਮੀ ਦੀ ਸਿਹਤ ਬਹੁਤ ਕਮਜ਼ੋਰ ਹੋ ਗਈ, ਸਾਰੀਆਂ ਆਸਾਂ ਖ਼ਤਮ ਹੋ ਗਈਆਂ, ਬਹੁਤ ਇਲਾਜ ਕਰਨ ਨਾਲ ਵੀ ਆਰਾਮ ਨਾ ਆਇਆ। ਸਾਰਿਆਂ ਪਾਸਿਆਂ ਤੋਂ ਨਿਰਾਸ਼ ਹੋ ਕੇ ਫਿਰ ਉਸ ਇਲਾਹੀ ਘਰ ਦੀ ਓਟ ਲਈ। ਸਾਰਾ ਧਨ ਵੀ ਐਵੇਂ ਜਾਂਦਾ ਨਜ਼ਰੀ ਆਉਣ ਲੱਗਾ। ਸ਼ਿਮਲੇ ਬੈਠਿਆਂ ਉਸ ਪ੍ਰੀਤਮ ਦਾ ਖ਼ਿਆਲ ਆਇਆ। "ਆਪਣੇ ਪਿੰਡ ਮਜਾਰੇ ਵਿਚ ਕਰਤਾਰ ਦਾ ਰੂਪ, ਹੋਰ ਲੋਕਾਂ ਦੇ ਬੇੜੇ ਪਾਰ ਕਰਦਾ ਹੈ, ਚਲੋ ਉਸ ਦਾਤੇ ਦਾ ਬੂਹਾ ਚੱਲ ਕੇ ਮੱਲੀਏ, ਜਿੱਥੋਂ ਕਦੀ ਕੋਈ ਖਾਲੀ ਨਹੀਂ ਮੁੜਿਆ।" ਦੌਲਤ ਸਿੰਘ ਅਤੇ ਲਛਮੀ ਸ਼ਿਮਲੇ ਤੋਂ ਮਜਾਰੇ ਆਏ। ਬੜੀ ਡੂੰਘੀ ਰੀਝ ਨਾਲ ਵੱਡੀਆਂ ਸੱਧਰਾਂ ਰੱਖਕੇ ਰਾਜਾ ਸਾਹਿਬ ਦੇ ਦਰਬਾਰ ਆਣ ਪਹੁੰਚੇ। ਦਿਲ ਦੀ ਧੜਕਣ ਬੜੀ ਤੇਜੀ ਨਾਲ ਧੜਕ ਰਹੀ ਸੀ। ਇਸ ਕਰਕੇ ਕਿ ਇਥੋਂ ਜਵਾਬ ਨਾ ਮਿਲ ਜਾਵੇ। ਪਤਾ ਨਹੀਂ ਕੀ ਹੁਕਮ ਹੋਣਾ ਹੈ? ਮਨ ਬੋਲਣ ਦੀ ਸ਼ਕਤੀ ਨਹੀਂ ਸੀ ਰੱਖਦਾ। ਸਿਰ ਨੂੰ ਚੱਕਰ ਆ ਰਹੇ ਸਨ। ਗਲ ਵਿਚ ਪੱਲਾ ਪਾ ਕੇ ਮੂੰਹ ਵਿਚ ਘਾਹ ਲੈ ਕੇ ਡਿਉਢੀ ਦੀਆਂ ਪੌੜੀਆਂ 'ਤੇ ਤਨ ਮਨ ਤੇ ਧਨ ਸਹਿਤ ਮੱਥਾ ਰੱਖ ਕੇ ਨਮਸਕਾਰ ਕੀਤੀ। ਹੌਲੀ-ਹੌਲੀ ਨਮਸਕਾਰ ਕਰਕੇ ਬੂਹੇ ਅੱਗੇ ਜਾ ਖੜ੍ਹੇ ਹੋਏ, ਅੱਗੋਂ ਬੂਹਾ ਬੰਦ ਸੀ। ਚੁਪਚਾਪ ਹੱਥ ਜੋੜ ਕੇ ਝੋਲੀ ਅੱਡ ਖੜ੍ਹੇ ਹਨ। ਕੁੱਝ ਚਿਰ ਖੜ੍ਹਨ ਤੋਂ ਬਾਅਦ ਲਛਮੀ, ਕਰਤਾਰ ਸਿੰਘ ਦੀ ਮਾਈ ਜੱਸੀ ਕੋਲ ਜਾ ਬੈਠੀ। ਹੱਥ ਬੰਨ੍ਹਕੇ ਬੇਨਤੀ ਕੀਤੀ, "ਮਾਤਾ ਜੀ! ਤੁਸੀਂ ਹਰ ਵਕਤ ਸਰਕਾਰ ਦੇ ਚਰਨਾਂ ਵਿਚ ਰਹਿੰਦੇ ਹੋ, ਪੀਰਾਂ ਦੇ ਪੀਰ ਦੇ ਚਰਨਾਂ ਵਿਚ ਮੇਰੀ ਤਰਫ਼ ਸੇ ਬੇਨਤੀ ਕਰੋ। ਜੇ ਕਿਤੇ ਮੇਰੇ ਅਭਾਗਣ ਕਰਮਹੀਣ ਤੇ ਰਹਿਮ ਭਰੀ ਨਜ਼ਰ ਕਰ ਦੇਣ, ਮੇਰਾ ਸੰਸਾਰ ਵਿਚ ਕੋਈ ਨਾਮ ਨਿਸ਼ਾਨ ਰਹਿ ਜਾਵੇ।" ਜੱਸੀ ਨੇ ਆਖਿਆ, "ਬੀਬੀ ਜੀ! ਚਲੋ ਬੂਹੇ ਅੱਗੇ ਬੈਠ ਚਲੋ। ਮਹਾਰਾਜ ਜੀ ਸਭ ਜੀਵਾਂ ਦੀ ਗਤੀ ਨੂੰ ਜਾਣਦੇ ਹਨ। ਕਿਸੇ ਦੀ ਸਿਫ਼ਾਰਸ਼ ਦੀ ਜ਼ਰੂਰਤ ਨਹੀਂ।" ਮਾਈ ਜੱਸੀ ਦੇ ਕਹਿਣ ਤੇ ਮਾਈ ਲੱਛਮੀ ਚੌਂਕੜਾ ਲਾ ਕੇ ਬੈਠ ਗਈ। ਗੱਲ ਪੱਲਾ ਪਾ ਕੇ ਅੱਖਾਂ ਮੀਚ ਕੇ ਚਰਨਾਂ ਦਾ ਧਿਆਨ ਧਰਕੇ ਬੈਠ ਗਈ। ਕੁੱਝ ਚਿਰ ਬੈਠੀ ਨੂੰ ਹੋਇਆ। ਮਿਹਰਾਂ ਦੇ ਸਾਈਂ ਅੰਦਰੋਂ ਹੀ ਬੈਠਿਆਂ ਨੇ ਅਵਾਜ਼ ਦਿੱਤੀ, "ਜੱਸੀ! ਕੀ ਮੰਗਦੀ ਹੈ ਲੁਹਾਰੀ?" ਜੱਸੀ, "ਜੀ ਆਪ ਸਭ ਜਾਣਦੇ ਹੀ ਹੋ।" ਬੂਹਾ ਖੋਲ੍ਹਿਆ ਦਰਸ਼ਨ

ਕੀਤੇ, ਸੜੀ ਹੋਈ ਕਿਸਮਤ ਦਾ ਬਾਗ ਹਰਾ ਹੋ ਗਿਆ। ਕੇਹਾ ਜਮਾਲ ਸੀ, ਜਦੋਂ ਦਰਸ਼ਨ ਦਿੱਤੇ ਤਾਂ ਨਿਹਾਲ ਹੋ ਗਏ। ਸਭ ਕਲੇਸ਼ ਦੂਰ ਹੋ ਗਏ। ਬਖਸ਼ਿਸ਼ ਹੋਈ। ਜੱਸੀ ਨੂੰ ਹੁਕਮ ਹੋਇਆ, "ਉਹ ਪਿਆ ਹਮਾਰਾ ਚੋਗਾ ਕੀਲੀ ਟੰਗਿਆ ਹੋਇਆ, ਲੁਹਾਰੀ ਨੂੰ ਕਹੋ ਪਾ ਲਵੇ।" ਜੱਸੀ ਨੇ ਪਵਿੱਤਰ ਚੋਗਾ ਆਪ ਜੀ ਦਾ ਲਛਮੀ ਦੇ ਹੱਥਾਂ ਉੱਪਰ ਰੱਖ ਦਿੱਤਾ। ਲਛਮੀ ਨੇ ਚੋਗੇ ਨੂੰ ਸੱਤ ਸੱਤ ਸਲਾਮਾਂ ਕੀਤੀਆਂ। ਜੱਸੀ ਆਖਣ ਲੱਗੀ, "ਇਸਨੂੰ ਇਕ ਵਾਰੀ ਗਲ ਪਾ ਲਵੋ।" ਲਛਮੀ ਨੇ ਇਕ ਵਾਰੀ ਗਲ ਵਿਚ ਪਾ ਕੇ ਲਾਹਕੇ ਆਪਣੇ ਘਰ ਰੱਖ ਲਿਆ, ਬੱਸ ਲਛਮੀ ਦਾ ਰੋਮ ਰੋਮ ਸੁਨਹਿਰੀ ਹੋ ਗਿਆ। ਸਭ ਅਲਾਮਤਾਂ ਦੂਰ ਹੋ ਗਈਆਂ, ਪੁੱਤਰ ਵਤੀ ਹੋ ਗਈ। ਫਿਰ ਕਦੀ ਹਮਲ ਗਿਰਨ ਦੀ ਹਰਕਤ ਨਾ ਹੋਈ। ਐਸਾ ਲਾਇਕ ਪੁੱਤਰ ਜਨਮਿਆਂ ਲੱਖਾਂ ਰੁਪਏ ਦਾ ਮਾਲਿਕ ਸ਼ਿਮਲੇ ਵਿਚ ਠੇਕੇਦਾਰੀ ਦਾ ਕੰਮ ਕਰ ਰਿਹਾ ਹੈ। ਇਹ ਸ਼ਕਤੀਆਂ ਸਨ ਸੋਹਣੇ ਪ੍ਰੀਤਮ ਦੇ ਇਕ ਨੈਣਾਂ ਦੇ ਇਸ਼ਾਰੇ ਨਾਲ ਹਜ਼ਾਰਾਂ ਹੀ ਅਲਾਮਤਾਂ ਦੂਰ ਕਰ ਛੱਡਦੇ ਸਨ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਕਰਮੀ ਅਤੇ ਰੱਖੀ ਨੂੰ ਪੁੱਤਰਾਂ ਦੀ ਬਖਸ਼ਿਸ਼ ਦੀ ਚੱਲੀ

ਕਰਮੀ ਅਤੇ ਰੱਖੀ ਦੋਨੋਂ ਚਾਚੀਆਂ ਭਤੀਜੀਆਂ ਸਨ। ਕਾਫ਼ੀ ਉਮਰ ਬੀਤ ਜਾਣ ਤੇ ਵੀ ਔਲਾਦ ਤੋਂ ਬਿਨਾਂ ਸਨ। ਘਰ ਦਾ ਭਾਗ ਵਿਧਵਾ ਔਰਤ ਦੇ ਮਸਤਕ ਦੀ ਤਰਾਂ ਅਣਬੁਝਿਆ ਜਿਹਾ ਰਹਿੰਦਾ ਹੈ। ਬੱਚਿਆਂ ਤੋਂ ਬਿਨਾਂ ਮਾਵਾਂ ਬੇਸ਼ਕ ਰੂਪ ਨਾਲ ਡੱਕ-ਡੱਕ ਭਰੀਆਂ ਹੋਵਣ, ਬਿਨਾਂ ਪੁੱਤਰਾਂ ਦੇ ਸ਼ਿਗਾਰ ਤੋਂ ਸੱਖਣੀਆਂ ਹੀ ਲੱਗਦੀਆਂ ਹਨ। ਕਈ ਕੁੱਝ ਕਰਨ ਤੋਂ ਬਾਅਦ ਵੀ ਗੋਦੀ ਲਾਲ ਨਾ ਖੇਡਿਆ। ਦਿਲੋਂ ਨਿਰਾਸ਼ ਹੋ ਕੇ ਚਾਰ-ਚੁਫੇਰੇ ਸੁਰਤ ਦੌੜਾਈ ਹੋਰ ਕੋਈ ਵੱਡਾ ਵੈਦ ਹੋਵੇ, ਜਿਸ ਨੂੰ ਦੁਖ ਦੱਸੇ। ਰੱਖੀ ਕਰਮੀ ਨੂੰ ਆਖਣ ਲੱਗੀ, "ਧੀਏ! ਹੋਰ ਸਾਰੇ ਵੈਦ ਹਕੀਮ ਧਾਗੇ ਤਵੀਤਾਂ ਵਾਲਿਆਂ ਦਾ ਖ਼ਿਆਲ ਛੱਡਕੇ, ਇਕ ਪੀਰਾਂ ਦੇ ਪੀਰ ਦਾ ਧਨੰਤਰ ਵੈਦ ਦਾ ਬੂਹਾ ਚੱਲਕੇ ਮੱਲੀਏ। ਆਪੇ ਬੂਹੇ ਬੈਠਿਆਂ ਦੀ ਲਾਜ ਰੱਖੇਗਾ।" ਹਰ ਰੋਜ਼ ਹਾਜ਼ਰੀ ਭਰਨ ਦਾ ਨਿਯਮ ਬਣਾ ਲਿਆ। ਕਾਫ਼ੀ ਦੇਰ ਇਸੇ ਤਰਾਂ ਸੇਵਾ ਵਿਚ ਚੁੱਟੀਆਂ

ਰਹੀਆਂ। ਇਕ ਦਿਨ ਐਸਾ ਭਾਗਾਂ ਵਾਲਾ ਆਇਆ, ਪੁੰਨਿਆਂ ਦੀ ਰਾਤ ਬੀਤ ਚੁੱਕੀ ਸੀ। ਸੁਬ੍ਹਾ ਉੱਠਕੇ ਸਤਿਗੁਰੂ ਦੇ ਚਰਨਾਂ ਵਿਚ ਜਾ ਬੈਠੀਆਂ। ਦੋਵੇਂ ਚਾਚੀ ਭਤੀਜੀ ਗਲ ਪੱਲਾ ਪਾ ਕੇ ਨੀਵੀਂ ਪਾ ਕੇ ਇਕ ਧਿਆਨ ਹੋ ਕੇ ਬੜੀ ਨੀਝ ਨਾਲ ਠੰਢੇ ਠੰਢੇ ਸਾਹ ਭਰਦੀਆਂ। ਮਹਾਰਾਜ ਜੀ ਉਸ ਵੇਲੇ ਐਸੇ ਰੰਗ ਵਿਚ ਬੈਠੇ ਸਨ। ਚਿਹਰੇ ਦਾ ਜਗ ਮਗਾਉਂਦਾ ਹੋਇਆ ਪ੍ਰਕਾਸ਼ ਬ੍ਰਹਮਾ, ਸ਼ਿਵਜੀ ਵੀ ਨਹੀਂ ਸਨ ਸਹਾਰ ਸਕਦੇ। ਤੇਤੀ ਕਰੋੜ ਦੇਵਤਾ ਹੱਥ ਜੋੜੀ ਖੜ੍ਹੇ ਸਨ। ਗੰਧਰਵ ਗਾਣੇ ਗਾ ਰਹੇ ਸਨ। ਅਰਸ਼ੀ ਪ੍ਰੀਤਮ ਜੀ ਦੇ ਨੈਣਾਂ ਨਾਲ ਡੁੱਲ-ਡੁੱਲ ਪੈਂਦੇ, ਡਲ੍ਹਕਾਂ ਮਾਰਦੇ ਜਿਸ ਵੱਲ੍ਹ ਅੰਮ੍ਰਿਤ ਭਰੀਆਂ ਨਜ਼ਰਾਂ ਨਾਲ ਤੱਕਦੇ ਸਨ, ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਸਨ। ਇਕ ਪਾਸੇ ਦੋ ਭਿਖਸ਼ੂਣੀਆਂ ਜੋਗਣਾਂ ਬਣਕੇ ਬੈਠੀਆਂ ਉਸ ਉੱਚੀ-ਸੁੱਚੀ ਨੁਹਾਰ ਵਾਲੇ ਦਗ-ਦਗ ਕਰਦੇ ਨੂਰੀ ਮੁੱਖੜੇ ਦੀਆਂ ਠੰਡੀਆਂ-ਠੰਡੀਆਂ ਕਿਰਨਾਂ ਦਾ ਆਨੰਦ ਮਾਣ ਰਹੀਆਂ ਸਨ। ਕਦੀ-ਕਦੀ ਚੋਰ ਭਲਾਈ ਦੇ ਕੇ ਬੜੇ ਗੌਰ ਨਾਲ ਤੱਕ ਲੈਂਦੀਆਂ ਸਨ। ਨਜ਼ਰ ਤਰਸੀਵੀ ਹੈ, ਅੰਦਰ ਕੋਈ ਤਾਂਘ ਲੱਗੀ ਹੋਈ ਹੈ। ਕਿਤੇ ਐਵੀਂ ਨਾ ਉਛਾਲ ਦੇਣ, ਕੋਈ ਸ਼ੁੱਭ ਬਚਨ ਅੱਜ ਦੇ ਹੀ ਦੇਣ ਤਾਂ ਚੰਗਾ ਹੈ। ਅੱਜ ਵਰਗਾ ਸਮਾਂ ਅੱਗੇ ਕਦੇ ਨਹੀਂ ਮਿਲਿਆ। ਕਦੇ ਯਕੀਨ ਆ ਜਾਂਦਾ ਹੈ। ਕਦੇ ਦਿਲ ਦੀ ਧੜਕਣ ਵਧ ਜਾਂਦੀ ਹੈ। ਹੱਥ ਜੁੜੇ ਹੋਏ ਹਨ। ਨਜ਼ਰ ਚਰਨਾਂ ਵਿਚ ਜੁੜੀ ਹੋਈ ਹੈ, ਮਨ ਮੰਗਤਾ ਬਣਿਆ ਹੋਇਆ ਹੈ। ਤਿੰਨ ਦੀਵੇ ਮਿੱਟੀ ਦੇ ਹਜ਼ੂਰ ਦੇ ਕੋਲ ਤਾਕ ਵਿਚ ਪਏ ਸਨ। ਕਰਮੀ ਨੂੰ ਦੋ ਦੀਵੇ ਚੁੱਕਣ ਦਾ ਹੁਕਮ ਦਿੱਤਾ। ਰੱਖੀ ਨੂੰ ਇਕ ਵੱਡਾ ਦੀਵਾ ਸੀ ਉਹ ਦੇ ਕੇ ਆਖਿਆ ਚਲ ਤੈਨੂੰ ਇਕੋ ਹੀ ਬਥੇਰਾ ਹੈ। ਸਮਾਂ ਪਾ ਕੇ ਰੱਖੀ ਦੇ ਇੱਕ ਅਤੇ ਕਰਮੀ ਦੇ ਦੋ ਪੁੱਤਰ ਹੋਏ।

ਬੋਲੋ ਭਾਈ ਵਾਹਿਗੁਰੂ॥

ਸਾਖੀ ਕਰਮੀ ਅਤੇ ਦੌਲੇ ਦੀ ਚੱਲੀ

ਕਰਮੀ ਦੌਲਾ ਪਿੰਡ ਮਜਾਰੇ ਦੇ ਮਹਾਰਾਜ ਜੀ ਦਾ ਅਨਿਨ ਸੇਵਕ ਸੀ। ਹਰ ਕੰਮ ਕਰਨ ਤੋਂ ਪਹਿਲਾਂ ਸਿਰਸਾ ਆਸ਼ਰਮ ਦੀ ਮਰਯਾਦਾ ਅਨੁਸਾਰ ਆਪਣੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਕੇ ਇਜਾਜ਼ਤ ਮੰਗਦੇ ਸਨ। ਫਿਰ ਕੰਮ

ਸ਼ੁਰੂ ਕਰਦੇ ਸਨ। ਜੇ ਕਿਤੇ ਵਾਂਢੇ ਜਾਣਾ ਤਾਂ ਵੀ ਮਹਾਰਾਜ ਜੀ ਦੀ ਇਜਾਜ਼ਤ ਲੈ ਕੇ ਜਾਣਾ। ਕਰਮੀ ਦਾ ਨਿਯਮ ਸੀ ਕਿ ਮਹਾਰਾਜ ਵਾਸਤੇ ਦੁੱਧ ਜਾਂ ਦਹੀਂ ਭੰਨਕੇ ਲਿਆਉਣਾ। ਮਹਾਰਾਜ ਜੀ ਭਾਵੇਂ ਆਪ ਛੱਕ ਲੈਣ ਜਾਂ ਕੂਕਰਾਂ ਨੂੰ ਛਕਾ ਦੇਣ ਜਾਂ ਐਵੇਂ ਹੀ ਭੁੰਏ ਡੇਗ ਦੇਣ। ਹਰ ਰੋਜ਼ ਨਿਯਮ ਨਾਲ ਪੱਕੀ ਧਾਰਨਾ ਸੀ।

- *'ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥ ਅੰਕ 292*
- *'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥ ਅੰਕ 918*

ਜਦੋਂ ਸੇਵਕ ਸੱਚੇ ਹਿਰਦੇ ਨਾਲ ਸਤਿਗੁਰਾਂ ਦੀ ਸੇਵਾ ਕਰਦਾ ਹੈ, ਸਤਿਗੁਰੂ ਹਰ ਇਕ ਦੀ ਹਰ ਥਾਂ ਰਖਸ਼ਾ ਕਰਦਾ ਹੈ। ਇਕ ਦਿਨ ਐਸਾ ਹੁਕਮ ਹੋਇਆ, ਕਰਮੀ ਨੂੰ ਸੁਨੇਹਾ ਭੇਜ ਕੇ ਆਖਿਆ, "ਅੱਜ ਕਰਮੀ ਦਾ ਪਹਿਰਾ ਹੈ।" ਸਿਆਲ ਦਾ ਮੌਸਮ ਸੀ ਡਰ ਲੱਗਦਾ ਸੀ। ਬੱਦਲ ਦੀ ਗਰਜ ਨਾਲ ਧਰਤੀ ਕੰਬਦੀ ਸੀ, ਪੁਰਾ ਸਾਂ ਸਾਂ ਕਰਦਾ, ਬ੍ਰਿਛਾਂ ਦੀਆਂ ਜੜ੍ਹਾਂ ਹਿਲਾ ਰਿਹਾ ਸੀ, ਧਰਤੀ ਪੱਟਦੀ ਜਾਂਦੀ ਸੀ, ਜਾਨਵਰ ਮਰਦੇ ਜਾਂਦੇ ਸਨ। ਮਹਾਰਾਜ ਜੀ ਕਰਤਾਰ ਸਿੰਘ ਦੇ ਘਰ ਬੈਠੇ ਸਨ। ਹੁਕਮ ਦੇ ਅਨੁਸਾਰ ਕਰਮੀ ਹਾਜ਼ਿਰ ਹੋਈ। ਹੁਕਮ ਹੋਇਆ, "ਕਰਮੀ! ਅੱਜ ਤੁਮਹਾਰਾ ਪਹਿਰਾ ਹੈ।" ਕਰਮੀ ਬੂਹੇ ਅੱਗੇ ਹੱਥ ਜੋੜ ਕੇ ਬੈਠ ਗਈ। ਇੰਨਾ ਹੀ ਹੁਕਮ ਹੋਇਆ ਕਰਮੀ ਬੈਠ ਚਲ। ਸਾਰੀ ਰਾਤ ਕਰਮੀ ਬੈਠੀ ਰਹੀ। ਪਹੁ ਫਟਣ ਵਾਲੀ ਸੀ। ਚਿੜੀਆਂ ਨੇ ਚੂੰ-ਚੂੰ ਦਾ ਰਾਗ ਛੇੜਿਆ ਹੋਇਆ ਸੀ। ਸਾਰੀ ਰਾਤ ਕਰਮੀ ਅੰਦਰ ਬੈਠੇ ਜਾਣਕੇ ਚੌਕੜਾਂ ਮਾਰ ਕੇ ਬੈਠੀ ਰਹੀ। ਮਹਾਰਾਜ ਜੀ ਦਿਨ ਦੇ ਚੜ੍ਹਾਅ ਨਾਲ ਪਤਾ ਨਹੀਂ ਕਿਹੜੇ ਦੇਸ਼ ਦੀਆਂ ਸੈਰਾਂ ਕਰਕੇ ਆਪਣੇ ਕਿਸੇ ਸੇਵਕ ਦਾ ਕੋਈ ਕੰਮ ਕਰਦੇ ਬਲ-ਬਲ ਕਰਦੇ ਬਾਹਰੋਂ ਤੁਰੇ ਆਉਣ। ਆ ਕੇ ਹੁਕਮ ਹੋਇਆ, "ਓਹੋ ਕਰਮੀ! ਤੂੰ ਬੈਠੀ ਹੈਂ? ਅੱਜ ਕਰਮੀ ਕੀ ਦੇਈਏ? ਕਰਮੀ ਔਹ ਚੁੱਕ ਸਾਡੀ ਇਸ਼ਨਾਨ ਵਾਲੀ ਗਾਗਰ ਜਲ ਨਾਲ ਭਰੀ ਹੋਈ ਹੈ।" ਅੱਜ ਤੇਰਾ ਇਸ਼ਨਾਨ ਗੰਗਾ ਪਰਾਗ ਕਰਾ ਦੇਵਾਂ।" ਪਹਿਲਾਂ ਸਾਰੀ ਰਾਤ ਬਾਹਰ ਬੈਠੀ ਰਹੀ, ਹੁਣ ਠਰੇ ਹੋਏ ਪਾਣੀ ਨਾਲ ਨਹਾਉਣ ਨੂੰ ਦਿਲ ਨਾ ਕਰੇ। ਮਹਾਰਾਜ ਜੀ ਨੇ ਕਿਹਾ, "ਫਟਾਫਟ ਕਰ ਹੁਕਮ ਨਹੀਂ ਮੋੜੀਦਾ।" ਜਦੋਂ ਕਰਮੀ ਨੇ ਇਸ਼ਨਾਨ ਕੀਤਾ ਤਾਂ ਪਾਣੀ ਨਿੱਘਾ ਲੱਗਿਆ।

ਬੋਲੋ ਭਾਈ ਵਾਹਿਗੁਰੂ॥

ਦੂਜੀ ਸਾਖੀ ਕਰਮੀ ਦੌਲੇ ਨਾਲ ਹੋਈ

ਡਰਾਉਣੀ ਰਾਤ ਵਿਚ ਇਕ ਦਿਨ ਪਹਿਰਾ ਦੇਣ ਤੋਂ ਬਾਅਦ ਕਰਮੀ ਲਿੱਪਣ ਵਾਸਤੇ ਮਿੱਟੀ ਦਾ ਟੋਕਰਾ ਲੈਣ ਗਈ। ਮਹਾਰਾਜ ਜੀ ਪਿਛੋਂ ਪੱਛਮ ਵੱਲ੍ਹ ਤੁੰਗਲ ਦੇ ਖੂਹ 'ਤੇ ਬੈਠੇ ਸਨ। ਸੰਗਤਾਂ ਦੀ ਅਵਾਜਾਈ ਕਾਫ਼ੀ ਬਣੀ ਹੋਈ ਸੀ। ਸੰਗਤ ਮਨ ਮੰਗੀਆਂ ਮੁਰਾਦਾਂ ਪਾਈ ਜਾਂਦੀ ਸੀ। ਮਹਾਰਾਜ ਜੀ ਦੀ ਕਰਤਾਰ ਨਾਲ ਲਿਵ ਲੱਗੀ ਹੋਈ ਸੀ। ਉਨ੍ਹਾਂ ਦੇ ਮਨ ਵਿਚ ਖ਼ਿਆਲ ਆਇਆ। ਕਰਮੀ ਦੌਲਾ ਭਗਤ ਹਨ, ਘਰ ਵਸਣਾ ਹੀ ਚਾਹੀਦਾ ਹੈ, ਪਹਿਲਾਂ ਕਰਮੀ ਦੇ ਚਾਰ ਲੜਕੀਆਂ ਹੀ ਸਨ ਪਰ ਪੁੱਤਰ ਕੋਈ ਨਹੀਂ ਸੀ। ਮਨ ਵਿਚ ਪੁੱਤਰਾਂ ਦੀ ਚਾਹ ਲੱਗੀ ਰਹਿੰਦੀ ਸੀ। ਜਦੋਂ ਕਰਮੀ ਨੂੰ ਪਤਾ ਲੱਗਾ ਕਿ ਮਿਹਰਾਂ ਦੇ ਦਾਤੇ ਦੇ ਮੁਰਾਦਾਂ ਦੇ ਬੂਹੇ ਖੁਲ੍ਹੇ ਹੋਏ ਹਨ। ਇਕ ਦਿਨ ਕਰਮੀ ਸੋਹਣੇ ਪ੍ਰੀਤਮ ਦੇ ਚਰਨਾਂ 'ਤੇ ਢਹਿ ਗਈ, ਬੈਰਾਗ ਚਲ ਪਿਆ ਰੋ-ਰੋ ਕੇ ਅੱਥਰੂਆਂ ਦੀ ਨਦੀ ਵਹਾ ਦਿੱਤੀ। ਮਨ ਮੰਗਤਾ ਬਣ ਗਿਆ, ਸਿਰ ਉਤਾਂਹ ਨੂੰ ਚੁੱਕਿਆ ਮੁੜ ਫਿਰ ਨੀਵੀਂ ਪਾ ਕੇ ਬੈਠ ਗਈ। ਮਨ ਚਰਨਾਂ ਵੱਲ੍ਹ ਜੁੜ ਗਿਆ। ਹੱਥ ਜ਼ੋਰੋ-ਜ਼ੋਰੀ ਜੁੜ ਗਏ। ਨਾਲ ਹੀ ਇਲਾਹੀ ਮੁੱਖੜੇ ਵੱਲ੍ਹ ਤੱਕਿਆ। ਦੋ ਚਾਰ ਲੰਮੇ-ਲੰਮੇ ਸਾਹ ਲਏ। ਫਿਰ ਇਕ ਵਾਰ ਜ਼ਰਾ ਨੀਝ ਨਾਲ ਤੱਕਿਆ ਤਾਂ ਪ੍ਰੀਤਮ ਦਾ ਮੁਖੜਾ ਨੂਰ ਨਾਲ ਝਲ਼ਕਾਂ ਮਾਰਦਾ ਹੋਇਆ ਹੱਥ ਜੋੜੀ ਬੈਠੇ ਸੀ। ਮਹਾਰਾਜ ਇਕ ਮਿਹਰ ਭਰੀ ਨਜ਼ਰ ਨਾਲ ਤੱਕ ਕੇ ਬੋਲੇ, "ਲੈ ਕਰਮੋ! ਅੱਜ ਤੈਨੂੰ ਕਰਮਾਂ ਵਾਲੀ ਬਣਾ ਦਿੱਤਾ ਹੈ।" ਦੌਲਾ ਵੀ ਮਹਾਰਾਜ ਜੀ ਕੋਲ ਰੋਂਦਾ ਰੋਂਦਾ ਆਇਆ ਤੇ ਚਰਨਾਂ ਵਿਚ ਢਹਿ ਪਿਆ ਤੇ ਮਨ ਵਿਚ ਬੋਲਿਆ। ਮਹਾਰਾਜ ਨੇ ਸਾਰੀ ਦੁਨੀਆਂ ਦੀਆਂ ਝੋਲੀਆਂ ਭਰ ਦਿੱਤੀਆਂ ਹਨ, ਸਾਡੀ ਵਾਰੀ ਕਿੱਥੇ ਚਲੇ ਗਏ। ਸਾਡੀ ਵਾਰੀ ਤੁਹਾਡੇ ਘਰ ਕੁੱਝ ਨਹੀਂ। ਮਹਾਰਾਜ ਬੋਲੇ, "ਦੌਲਾ ਚੱਲ! ਨੱਠ! ਅੱਜ ਸਭ ਕੁੱਝ ਦੇ ਦਿੱਤਾ ਹੈ। ਸੌਣ ਨੂੰ ਵਧਾਈਆਂ ਮਿਲ ਜਾਣਗੀਆਂ।" ਕੁੱਝ ਦਿਨ ਬੱਚਾ ਪੈਦਾ ਹੋਣ ਤੋਂ ਪਹਿਲਾਂ ਹੀ ਮਹਾਰਾਜ ਲਾਗੀਆਂ ਨੂੰ ਹੁਕਮ ਦੇ ਕੇ ਕਰਮੀ ਦੇ ਘਰ ਵਧਾਈਆਂ ਦੇਣ ਨੂੰ ਭੇਜ ਦਿੰਦੇ। ਜਿਸ ਦਿਨ ਬੱਚਾ ਪੈਦਾ ਹੋਇਆ ਮਹਾਰਾਜ ਸਵੇਰੇ ਆ ਕੇ ਕੋਠੇ ਚੜ੍ਹ ਚੁਬਾਰੇ ਵਿਚ ਬੈਠ ਗਏ। ਜੀਣੀ ਦਾਈ ਆਈ,

ਮਹਾਰਾਜ ਜੀ ਬੋਲੇ, "ਜੀਣੀ! ਕਰਮੀ ਨੂੰ ਅੱਜ ਵਧਾਈ ਦੇ ਕੇ ਜਾਣਾ।" ਦਿਨ ਦੇ ਬਾਰਾਂ ਵਜੇ ਲੜਕਾ ਪੈਦਾ ਹੋਇਆ। ਮਹਾਰਾਜ ਜੀ ਦੇ ਹੁਕਮ ਨਾਲ ਮੇਜਰ ਨਾਮ ਰੱਖਿਆ। ਚਾਰ ਲੜਕੇ ਐਸੇ ਹੀ ਹੋਏ। ਹਜ਼ਾਰਾਂ ਘਰ ਔਂਤਰੇ ਜਦੋਂ ਵਸਾਏ ਤਾਂ ਧੰਨ-ਧੰਨ ਰਾਜਾ ਸਾਹਿਬ ਜੀ ਦੀ ਜੈ ਜੈ ਜੈਕਾਰ ਹੋਣ ਲੱਗੀ।

ਬੋਲੋ ਭਾਈ ਵਾਹਿਗੁਰੂ॥

ਤੀਜੀ ਸਾਖੀ ਕਰਮੀ ਨਾਲ ਹੋਈ

ਇਕ ਦਿਨ ਐਸਾ ਆਇਆ ਦੌਲੇ ਕਰਮੀ ਦੇ ਘਰ ਕੋਈ ਨੁਕਸਾਨ ਹੋਣ ਵਾਲਾ ਸੀ। ਪਤਾ ਨਹੀਂ ਕੋਈ ਬੰਦੇ ਤੇ ਗ੍ਰਹਿ ਐਸਾ ਸੀ, ਜਿਸ ਨਾਲ ਮੌਤ ਹੋ ਜਾਂਦੀ। ਸਵੇਰੇ ਹੀ ਮਹਾਰਾਜ ਕਰਮੀ ਦੇ ਘਰ ਡਿਉਢੀ ਵਿਚ ਆ ਕੇ ਖੜ੍ਹੇ ਹੋ ਗਏ ਬੋਲੇ, "ਕਰਮੀ! ਕੱਪੜਾ ਭੁੰਜੇ ਵਿਛਾ, ਅਫ਼ਸੋਸ ਕਰ ਲਈਏ।" ਜਦੋਂ ਕਰਮੀ ਨੇ ਇਹ ਬਚਨ ਖੰਡਾਂ-ਬ੍ਰਹਮੰਡਾਂ ਦੇ ਮਾਲਿਕ ਦੀ ਰਸਨਾ ਤੋਂ ਸੁਣਿਆ ਤਾਂ ਸਰੀਰ ਪਾਣੀ-ਪਾਣੀ ਹੋ ਗਿਆ। ਥਰ-ਥਰ ਕੰਬਣ ਲੱਗੀ। ਸਭ ਨੂੰ ਪਤਾ ਸੀ ਪਾਤਸ਼ਾਹ ਦੀ ਰਸਨਾ ਤੋਂ ਉਹ ਹੀ ਨਿਕਲਦਾ ਹੈ ਜੋ ਦਰਗਾਹੀ ਹੁਕਮ ਹੋਵੇ।

'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

ਜੋ ਜੀਵਾਂ ਦਾ ਕਰਮ ਮੋਹਰੇ ਆਉਣ ਵਾਲਾ ਹੋਵੇ, ਸਭ ਆਪ ਜੀ ਦੀਆਂ ਨਜ਼ਰਾਂ ਵਿਚ ਵਰਤਦਾ ਹੈ। ਜਦੋਂ ਕਰਮੀ ਨੂੰ ਕੱਪੜਾ ਭੁੰਵੇ ਵਿਛਾਉਣ ਨੂੰ ਆਖਿਆ ਤਾਂ ਕਰਮੀ ਹੱਥ ਬੰਨ੍ਹੀ ਖੜ੍ਹੀ ਬੇਨਤੀਆਂ ਕਰਦੀ ਹੈ, "ਜੀ ਸੱਚੇ ਪਾਤਸ਼ਾਹੋ! ਬਖਸ਼ੋ। ਮਹਾਰਾਜ ਜੀ! ਔਗਣ ਹਾਰਿਆਂ ਨੂੰ ਔਗਣ ਮੁਕਤ ਕਰੋ ਜੀ।" ਇਹ ਹੁਕਮ ਹੋਇਆ, "ਚੰਗਾ ਮੰਜੇ 'ਤੇ ਕੱਪੜਾ ਵਿਛਾ ਸੰਕਟ ਕੱਟਿਆ ਹੀ ਗਿਆ ਹੈ।" ਜਦੋਂ ਦੋ-ਤਿੰਨ ਦਿਨ ਘਰ ਬੈਠਿਆਂ ਨੂੰ ਹੋ ਗਏ ਤਾਂ ਇੱਕ ਕੁੱਤਾ ਜਿਹੜਾ ਪੰਜ ਸੇਰ ਘਿਓ ਖਾ ਕੇ ਪਚਾ ਜਾਂਦਾ ਸੀ, ਮੰਜੇ ਤੇ ਹੀ ਪਿਆ ਮਰ ਗਿਆ। ਜਦੋਂ ਕੁੱਤੇ ਦੀ ਦੇਹ ਛੁਟੀ ਤਾਂ ਕਰਮੀ ਨੂੰ ਹੁਕਮ ਦਿੱਤਾ, "ਕਰਮੀ ਕੱਫਣ ਲਿਆ। ਕਰਮੀ! ਕੁੱਤੇ ਨੂੰ ਕੱਫਣ ਪਾ ਕੇ ਦੱਬਕੇ ਆਓ।" ਕਰਮੀ ਤੇ ਦੌਲੇ ਨੂੰ ਹੁਕਮ ਹੋਇਆ, "ਕੁੱਤਾ ਚੁੱਕ ਕੇ ਬਾਹਰ ਖੇਤ

ਵਿਚ ਚੱਲਕੇ ਦੱਬ ਆਓ।" ਇੰਨੇ ਚਿਰ ਨੂੰ ਬੰਤ ਕੌਰ ਨਾਂ ਦੀ ਸਿੱਖਣੀ ਨੇ ਆ ਕੇ ਅਦਾਬ ਕੀਤਾ ਤਾਂ ਅੱਗੋਂ ਮਹਾਰਾਜ ਜੀ ਨੇ ਦੋਹੀਂ ਹੱਥੀਂ ਦੋ ਚਿੱਟੇ ਰੰਗ ਦੇ ਸੱਪ ਫੜੇ ਹੋਏ ਸਨ, ਜਿਵੇਂ ਰੇਸ਼ਮ ਦੇ ਲੱਛੇ ਫੜੇ ਹੋਏ ਹੋਣ। ਬੰਤ ਕੌਰ ਡਰ ਗਈ, ਮਹਾਰਾਜ ਜੀ ਬੋਲੇ, "ਬੰਤੋ ਡਰੀਦਾ ਨਹੀਂ, ਇਹ ਸੱਪ ਇਸ ਲਈ ਫੜੇ ਹੋਏ ਹਨ, ਗੁਣਾਚੌਰ ਵਾਲੀ ਨਾਮੀ ਦਾ ਮੁੰਡਾ ਲੈਣ ਵਾਸਤੇ ਆਏ ਹੋਏ ਹਨ। ਬੰਤੋ ਸਾਥੋਂ ਇਜਾਜ਼ਤ ਲੈਣ ਵਾਸਤੇ ਆਏ ਹਨ। ਦੱਸ ਇਜਾਜ਼ਤ ਦੇਈਏ ਜਾਂ ਨਾ ਦੇਈਏ?" ਫਿਰ ਮੁੜਦੀ ਜ਼ੁਬਾਨੋਂ ਆਖਣ ਲੱਗੇ, "ਬੰਤੋ! ਨਾਮੀ ਨੂੰ ਆਖ ਦੇਣਾ ਸੀ, ਚਲ ਜਾਣ ਹੀ ਦਿੰਦੇ ਹਾਂ।" ਬੰਤੋ ਆਖਣ ਲੱਗੀ, "ਜੀ ਮਿਹਰ ਕਰੋ। ਜਮਾਂ ਨੂੰ ਮੋੜ ਦਿਓ ਮੁੰਡਾ ਬਚ ਰਹੇਗਾ ਤਾਂ ਚੰਗੀ ਗੱਲ ਹੈ।" ਫਿਰ ਹੁਕਮ ਹੋਇਆ, "ਖ਼ੁਦਾ ਦੀ ਰਜ਼ਾ ਭੰਨਣਾ ਚੰਗੀ ਗੱਲ ਨਹੀਂ ਹੈ। ਕਰਮੀ ਦਾ ਅੱਜ ਸੰਕਟ ਕੱਟਿਆ ਗਿਆ।" ਜਦ ਨੂੰ ਕਰਮੀ ਅਤੇ ਦੌਲਾ ਵੀ ਕੁੱਤਾ ਦੱਬਕੇ ਘਰ ਆ ਗਏ। ਮਹਾਰਾਜ ਜੀ ਦੇ ਚਰਨੀਂ ਢਹਿ ਪਏ ਅਤੇ ਬੇਨਤੀ ਕੀਤੀ, "ਜੀ! ਤੁਸੀਂ ਸਭ ਥਾਂ ਹਾਜ਼ਿਰ ਨਾਜ਼ਰ ਰਹਿੰਦੇ ਹੋ। ਸਾਡੀਆਂ ਗ਼ਲਤੀਆਂ ਵੱਲ੍ਹ ਨਹੀਂ ਦੇਖਣਾ! ਸਾਡੀਆਂ ਭੁੱਲਾਂ ਦੇ ਪਰਦੇ ਕੱਜਣੇ।" ਇੰਨੇ ਚਿਰ ਨੂੰ ਪਤਾ ਲੱਗਾ ਕਿ ਗੁਣਾਚੌਰ ਵਾਲੀ ਨਾਮੀ ਦਾ ਲੜਕਾ ਮਰ ਗਿਆ। ਇਸ ਤਰਾਂ ਦੇ ਚੋਜ ਕਰਕੇ ਸਿੱਖ ਸੇਵਕਾਂ ਦੇ ਕਾਰਜ ਕਰ ਦਿੰਦੇ ਸਨ। ਹਜ਼ਾਰਾਂ ਹੀ ਅਲਾਮਤਾਂ ਤੋਂ ਬਚਾ ਲੈਂਦੇ ਸਨ।

ਆਪਨੈ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥
ਜਹਾ ਜਹਾ ਕਾਜ ਕਿਰਤਿ ਸੇਵਕ ਕੀ ਤਹ ਤਹ ਉੱਠ ਧਾਵੈ।
ਸੇਵਕ ਕਉ ਨਿਕਟੀ ਹੋਇ ਦਿਖਾਵੈ।
ਬੋਲੋ ਭਾਈ ਵਾਹਿਗੁਰੂ॥

ਚੌਥੀ ਸਾਖੀ ਕਰਮੀ ਨਾਲ ਹੋਣੀ

ਕਰਮੀ ਦਾ ਮਹਾਰਾਜ ਜੀ 'ਤੇ ਬਹੁਤ ਭਰੋਸਾ ਸੀ। ਹਰ ਕੰਮ ਸਤਿਗੁਰੂ ਦੇ ਹੁਕਮ ਲੈ ਕੇ ਕਰਦੀ ਸੀ। ਇਕ ਦਿਨ ਮਹਾਰਾਜ ਜੀ ਨੇ ਸੁਬ੍ਹਾ ਹੀ ਕਰਮੀ ਦੇ ਘਰ ਆ ਕੇ ਇਕ ਰੁਪਿਆ ਦਿੱਤਾ ਤੇ ਹੁਕਮ ਕੀਤਾ, "ਕਰਮੀ ਲੈ ਕਿਤੇ ਸਾਕਾ ਦੇ ਜਾਣਾ ਪੈਂਦਾ ਹੈ, ਖਰਚ ਕਰ ਲਵੀਂ।" ਕਰਮੀ ਨਹੀਂ-ਨਹੀਂ ਕਰਦੀ ਰਹੀ, ਉਨ੍ਹਾਂ ਨੇ

ਮੱਲੋਜ਼ੋਰੀ ਰੁਪਿਆ ਫੜਾ ਹੀ ਦਿੱਤਾ। ਕੁੱਝ ਦੇਰ ਤੋਂ ਬਾਅਦ ਸੁਨੇਹਾ ਆ ਗਿਆ ਕਿ ਕਰਮੀ ਦਾ ਮਾਮਾ ਮਰ ਗਿਆ ਹੈ। ਕਰਮੀ ਨੂੰ ਉਸੇ ਹੀ ਸਮੇਂ ਜਾਣਾ ਪਿਆ। ਇਕ ਦਿਨ ਕਰਮੀ ਵਿਚੋਲੀ ਬਣਨ ਵਾਸਤੇ ਆਪਣੀ ਭੈਣ ਦੀ ਲੜਕੀ ਦਾ ਰਿਸ਼ਤਾ ਪਿੰਡ ਮਜਾਰੇ ਕਿਸੇ ਮੁੰਡੇ ਨੂੰ ਕਰਾਉਣ ਦੇ ਵਾਸਤੇ ਜਾਣ ਲੱਗੀ। ਮਹਾਰਾਜ ਜੀ ਤੋਂ ਹੁਕਮਨਾਮਾ ਲੈਣ ਲਈ ਗਈ ਤਾਂ ਅੱਗੋਂ ਸਾਹਿਬ ਜੀ ਸਭ ਜੀਵਾਂ ਦੇ ਗਤੀ ਨੂੰ ਜਾਨਣਹਰੇ ਆਖਣ ਲੱਗੇ, "ਕਰਮੀ ਵਾਂਢੇ ਤਾਂ ਕਿਤੇ ਜਾਈਦਾ ਹੀ ਨਹੀਂ।" ਪਰ ਬੁੱਢੀਆਂ ਨੂੰ ਵਿਚੋਲੀਆਂ ਬਣਨ ਦਾ ਚਾਅ ਹੁੰਦਾ ਹੈ, ਰੁਕੀ ਨਾ, ਚਲੀ ਹੀ ਗਈ। ਰਾਹ ਵਿਚ ਕਿਸੇ ਦਾ ਗੱਡਾ ਜਾ ਰਿਹਾ ਸੀ, ਉਸ ਉੱਪਰ ਬੈਠ ਗਈ। ਗੱਡਾ ਰਾਹ ਵਿਚ ਹੀ ਚੱਲਦਾ-ਚੱਲਦਾ ਡਿੱਗ ਪਿਆ ਤੇ ਉਲਟ-ਪੁਲਟ ਹੋ ਗਿਆ। ਕਰਮੀ ਦੀ ਵੱਖੀ ਵਿਚ ਚੰਗੀ ਸੱਟ ਵੱਜੀ। ਭੈਣ ਦੇ ਘਰ ਗਈ ਤਾਂ ਉਨ੍ਹਾਂ ਨੇ ਵੀ ਰਿਸ਼ਤੇ ਤੋਂ ਜਵਾਬ ਦੇ ਦਿੱਤਾ। ਚੰਗੀ ਸ਼ਰਮਿੰਦੀ ਹੋ ਕੇ ਘਰ ਮੁੜ ਆਈ। ਪਸਲੀਆਂ ਦਾ ਬਹੁਤ ਇਲਾਜ ਕਰਵਾਇਆ, ਪਰ ਕਿਤਿਓਂ ਆਰਾਮ ਨਾ ਆਇਆ। ਹਾਰ ਥੱਕ ਕੇ ਇਕ ਦਿਨ ਉਸ ਰੋਗੀਆਂ ਦੇ ਰੋਗ ਕੱਟਣਹਾਰੇ ਦੇ ਮੋਹਰੇ ਚਲ ਕੇ ਬੈਠ ਗਈ, ਨਾਲੇ ਸਾਉਣ ਦੇ ਬੱਦਲਾਂ ਵਾਂਗ ਅੱਥਰੂਆਂ ਦੀ ਝੜੀ ਲਾਈ ਹੋਈ ਸੀ। ਹੁਕਮ ਹੋਇਆ ਦੋ ਬੰਦੇ ਪਤਾ ਨਹੀਂ ਕਿਤੇ ਦੂਰ ਦੇ ਸਨ। ਖਾਨਖਾਨਾ ਦੇ ਭਗਵਾਨ ਸਿੰਘ ਨਾਲ ਕਰਮੀ ਦੇ ਘਰ ਭੇਜੇ ਤੇ ਹੁਕਮ ਕੀਤਾ, "ਚਲ ਕਰਮੀ! ਇਨ੍ਹਾਂ ਰਾਹੀਆਂ ਨੂੰ ਪਰਸ਼ਾਦਾ ਛਕਾਓ (ਨਾਲ ਭਗਵਾਨ ਸਿੰਘ ਜਿਸ ਨੂੰ ਮਹਾਰਾਜ ਜੀ ਭਾਨਾ ਹੀ ਆਖਕੇ ਬੁਲਾਉਂਦੇ ਸਨ, ਤੋਰ ਦਿੱਤਾ) ਚੰਗੀ ਤਰਾਂ ਮੇਰੇ ਪ੍ਰਾਹੁਣਿਆਂ ਦੀ ਸੇਵਾ ਕਰਨੀ।" ਉਨ੍ਹਾਂ ਨੂੰ ਪਰਸ਼ਾਦਾ ਛਕਾ ਕੇ ਇਕ ਹੋਰ ਭੇਜ ਦਿੱਤਾ। ਜਦੋਂ ਤੀਜਾ ਬੰਦਾ ਭੇਜਿਆ ਤਾਂ ਕਰਮੀ ਘਰ ਬੈਠੀ ਰੋ ਪਈ। ਮੇਰੀਆਂ ਪਸਲੀਆਂ ਨੂੰ ਅਰਾਮ ਕਰਦਾ ਨਹੀਂ। ਖੈਰ ਤੀਜੇ ਬੰਦੇ ਨੂੰ ਵੀ ਰੋਟੀ ਪਕਾ ਕੇ ਖੁਆਈ। ਦੂਜੇ ਦਿਨ ਇਕ ਲਿਫ਼ਾਫ਼ਾ ਪੇੜਿਆਂ ਦਾ ਕੋਈ ਦੋ ਸੇਰ ਪੱਕੇ ਦਾ ਭੇਜ ਦਿੱਤਾ। ਭਾਨੇ ਕੋਲ ਇਹ ਵੀ ਆਖ ਦਿੱਤਾ, ਕਰਮੀ ਨੂੰ ਆਖਣਾ ਛਕ ਲਵੇ। ਪੇੜਿਆਂ ਦਾ ਲਿਫ਼ਾਫ਼ਾ ਕਰਮੀ ਦੇ ਘਰ ਮਹਾਰਾਜ ਜੀ ਦਾ ਭੇਜਿਆ ਹੋਇਆ ਆਇਆ ਤਾਂ ਕਰਮੀ ਆਖਣ ਲੱਗੀ ਇਕ ਪੇੜਾ ਮੈਨੂੰ ਛਕਣ ਵਾਸਤੇ ਦੇ ਦਿਓ ਬਾਕੀ ਸਾਰੇ ਰੱਖ ਲਵੋ, ਪਤਾ ਨਹੀਂ ਮਗਰੇ ਹੀ ਕੋਈ ਲੈਣ ਵਾਸਤੇ ਭੇਜ ਦੇਣ। ਕਰਮੀ ਨੇ ਉਨ੍ਹਾਂ ਪੇੜਿਆਂ ਵਿਚੋਂ ਜਦੋਂ ਇਕ ਹੀ ਮੂੰਹ ਵਿਚ ਪਾਇਆ ਤਾਂ ਅੰਦਰ ਜਾਣ ਦੇ

ਨਾਲ ਹੀ ਕਰਮੀ ਨੂੰ ਦੋ ਤਿੰਨ ਉੱਪਰ ਛਾਲਾਂ ਆ ਗਈਆਂ। ਉਸ ਵੇਲੇ ਜਿਹੜੀਆਂ ਬਗਲਾਂ ਛੇ ਮਹੀਨੇ ਦੁਖਦੀਆਂ ਰਹਿੰਦੀਆਂ ਸਨ, ਉਸੇ ਛਿਨ ਵਿਚ ਰਾਜ਼ੀ ਹੋ ਗਈਆਂ। ਇਕ ਦਿਨ ਕਰਮੀ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਘਰੋਂ ਗਈ, ਅੱਗੋਂ ਕਰਮੀ ਨੂੰ ਮਹਾਰਾਜ ਨੇ ਬੈਠੇ ਰਹਿਣ ਦਾ ਹੁਕਮ ਕੀਤਾ। ਕਾਫ਼ੀ ਸਮੇਂ ਬੈਠਣ ਨਾਲ ਲੜਕੀ ਰੋਣ ਲੱਗੀ। ਦੌਲੇ ਨੇ ਲੜਕੀ ਨੂੰ ਚੁੱਕ ਕੇ ਬਿਠਾਇਆ। ਪਰ ਮਾਵਾਂ ਤੋਂ ਬਿਨਾਂ ਬੱਚੇ ਦੋ ਮਿੰਟ ਵੀ ਰੱਖਣੇ ਮੁਸ਼ਕਿਲ ਹਨ। ਬੈਠੀ ਕਰਮੀ ਨੂੰ ਹੁਕਮ ਹੋਇਆ ਕਿ, "ਕਰਮੀ! ਚਲ ਘਰੋਂ ਪਾਣੀ ਦਾ ਗੜਵਾ ਲੈ ਕੇ ਆ।" ਜਦੋਂ ਕਰਮੀ ਘਰ ਗਈ ਤਾਂ ਅੱਗੋਂ ਦੌਲਾ ਕਰਮੀ ਨੂੰ ਆਖਣ ਲੱਗਾ ਕੁੜੀ ਨੂੰ ਨਾਲ ਹੀ ਲੈ ਜਾਇਆ ਕਰ, ਮੈਨੂੰ ਬੜੀ ਮੁਸ਼ਕਿਲ ਹੁੰਦੀ ਹੈ। ਕਰਮੀ ਨੇ ਉਸੇ ਵੇਲੇ ਪਾਣੀ ਦਾ ਗੜਵਾ ਭਰਕੇ ਅਰਦਾਸ ਕੀਤੀ ਕਿ, "ਹੇ ਸੱਚੇ ਪਾਤਸ਼ਾਹ! ਜਾਂ ਤਾਂ ਕੁੜੀ ਮਰ ਜਾਵੇ ਜਾਂ ਰੋਵੇ ਨਾ, ਮੇਰੇ ਪ੍ਰੇਮ ਵਿਚ ਭੰਗ ਨਾ ਪਵੇ।" ਜਦੋਂ ਪਾਣੀ ਦਾ ਗੜਵਾ ਕਰਮੀ ਲੈ ਕੇ ਹਾਜ਼ਿਰ ਹੋਈ ਤਾਂ ਅੱਗੋਂ ਘਟ ਘਟ ਦੇ ਵਿਚ ਵਸ ਰਹੇ ਪ੍ਰੀਤਮ ਨੇ ਕਰਮੀ ਨੂੰ ਕੋਲ ਬੁਲਾ ਕੇ ਦੋਨੋਂ ਹੱਥ ਇਕ ਹੱਥ ਵਿਚ ਫੜਕੇ ਵੱਟ ਵੱਟ ਕੇ ਲਪੇੜੇ ਮਾਰੇ, ਆਖਿਆ "ਕੁੜੀ ਦਾ ਬੁਰਾ ਚਿਤਵੇਂਗੀ, ਫੜ ਕੰਨ, ਐਸਾ ਬੁਰਾ ਕਿਸੇ ਦਾ ਨਹੀਂ ਚਿਤਵਣਾ, ਹਾਂ! ਹਾਂ! ਰੋਵੇਗੀ ਨਹੀਂ ਅੱਜ ਤੋਂ।" ਉਸ ਨਿੱਕੀ ਜਿਹੀ ਬੱਚੀ ਨੂੰ ਪਤਾ ਨਹੀਂ ਕੀ ਸਬਰ ਦਾ ਜਾਮ ਪਿਲਾ ਦਿੱਤਾ। ਦੇਵੀ ਬਣਕੇ ਸ਼ਾਂਤ ਰਹੇ। ਇੰਨੀਆਂ ਬਰਕਤਾਂ ਸਨ ਉਸ ਪ੍ਰੀਤਮ ਦੀਆਂ ਨਿਗਾਹਾਂ ਵਿਚ। ਜੋ ਕੁੱਝ ਵੀ ਰਸਨਾ ਤੋਂ ਨਿਕਲ ਜਾਂਦਾ ਸੀ, ਸਭ ਸੱਚ ਹੋ ਜਾਂਦਾ ਸੀ। ਇਕ ਦਿਨ ਕਰਮੀ ਦਾ ਭਰਾ ਪਿੰਡ ਮੰਗੂਵਾਲ ਗੁਰਦਾਸ ਸਿੰਘ ਬਹੁਤ ਬਿਮਾਰ ਹੋ ਗਿਆ। ਮਰਨ ਵਾਲਾ ਹੋਣ ਕਰਕੇ ਸੁਨੇਹਾ ਭੇਜ ਦਿੱਤਾ, ਲਾਗੀ ਪਿੰਡ ਮਜਾਰੇ ਤੋਂ ਕਰਮੀ ਨੂੰ ਲੈਣ ਵਾਸਤੇ ਆ ਗਿਆ। ਕਰਮੀ ਭਰਾ ਨੂੰ ਸਖ਼ਤ ਬਿਮਾਰ ਹੋਣਾ ਸੁਣ ਕੇ ਬਹੁਤ ਘਬਰਾ ਗਈ। ਨੱਠੀ ਮਹਾਰਾਜ ਜੀ ਕੋਲ, ਜਾ ਕੇ ਅਰਜ਼ ਕੀਤੀ, "ਜੀ ਮੇਰਾ ਭਰਾ ਬਹੁਤ ਬਿਮਾਰ ਹੈ, ਬੰਦਾ ਲੈਣ ਵਾਸਤੇ ਆਇਆ ਹੋਇਆ ਹੈ। ਆਪ ਮਿਹਰ ਕਰੋ ਜੀ! ਆਪ ਦਾ ਜੋ ਕੁੱਝ ਵੀ ਹੁਕਮ ਹੋਵੇ, ਉਹ ਹੀ ਉਸਦਾ ਇਲਾਜ ਕਰਾਂਗੀ।" ਪਹਿਲਾਂ ਤਾਂ ਮਹਾਰਾਜ ਜੀ ਕਹਿੰਦੇ ਕਿ, "ਕਰਮੀ! ਕਿਤੇ ਅਸੀਂ ਹਕੀਮ ਹਾਂ, ਕਿਸੇ ਚੰਗੇ ਜਿਹੇ ਹਕੀਮ ਤੋਂ ਇਲਾਜ ਕਰਾ ਲਵੀਂ।" ਕਰਮੀ ਨੂੰ ਕਾਫ਼ੀ ਹੌਸਲਾ ਹੋ ਗਿਆ, ਪਈ ਰਾਜ਼ੀ ਹੋ ਜਾਵੇਗਾ। ਸੁਖ ਹੀ ਰਹੇਗੀ, ਕਰਮੀ,

"ਜੀ, ਛੇਤੀ ਦੱਸੋ ਜੀ!" ਹੁਕਮ ਹੋਇਆ ਚੱਲ ਬਨਕਸ਼ਾ ਉਬਾਲ ਕੇ ਦੇ ਦੇਵੀਂ। ਬੱਸ ਕਰਮੀ ਛਾਲਾਂ ਮਾਰਦੀ ਹੋਈ ਪਿੰਡ ਮੰਗੂਵਾਲ ਪੇਕੇ ਘਰ ਚਲੀ ਗਈ। ਅੱਗੇ ਹਕੀਮ ਸਾਹਿਬ ਬੈਠੇ ਸਨ, ਗੁਰਦਾਸ ਨੂੰ ਕੋਈ ਪਤਾ ਨਹੀਂ ਸੀ ਕਿੱਥੇ ਪਿਆ ਹੈ, ਅਤੇ ਕੀ ਹੋ ਰਿਹਾ ਹੈ? ਬਿਸਤਰੇ 'ਤੇ ਬੇਹੋਸ਼ੀ ਹੋ ਰਹੀ ਸੀ। ਕਰਮੀ ਨੇ ਸੱਚੇ ਪਿਤਾ ਮਹਾਰਾਜ ਦੇ ਹੁਕਮ ਅਨੁਸਾਰ ਬਨਕਸ਼ਾ ਉਬਾਲ ਕੇ ਦੋ ਚਮਚੇ ਮੂੰਹ ਵਿਚ ਪਾਏ, ਜਦੋਂ ਅੰਦਰ ਦੋ ਘੁੱਟ ਪਾਣੀ ਦੇ ਗਏ, ਬਸ ਗੁਰਦਾਸ ਸਿੰਘ ਉਸੇ ਵੇਲੇ ਖੁੰਬ ਵਾਂਗ ਉੱਠਕੇ ਬੈਠ ਗਿਆ। ਡਾਕਟਰ ਸਾਹਿਬ ਹੈਰਾਨ ਸਨ। ਬਿਮਾਰੀ ਬਨਕਸ਼ੇ ਤੋਂ ਉਲਟ ਸੀ ਸਗੋਂ ਬਨਕਸ਼ੇ ਨਾਲ ਹਰਕਤ ਹੋਣੀ ਸੀ ਪਰ ਕਰਮੀ ਨੇ ਸਾਰੀ ਕਹਾਣੀ ਮਹਾਰਾਜ ਜੀ ਦੇ ਹੁਕਮ ਦੀ ਕਹਿ ਸੁਣਾਈ ਤਾਂ ਸਭ ਨੂੰ ਯਕੀਨ ਹੋਇਆ। ਧੰਨ ਰਾਜਾ ਸਾਹਿਬ ਜੀ ਤੇਰੀ ਕਮਾਈ। ਨਿਗਾਹਾਂ ਨਾਲ ਹੀ ਸਭ ਸੰਗਤਾਂ ਦੇ ਭਲੇ ਹੋਈ ਜਾਂਦੇ ਹਨ। ਵੱਡੇ-ਵੱਡੇ ਰੋਗੀ ਇਕ ਵਾਰ ਜਮਾਲ ਕਰਨ ਨਾਲ ਹੀ ਰਾਜ਼ੀ ਹੋ ਜਾਂਦੇ ਸਨ। ਜਦੋਂ ਕਰਮੀ ਇਕ ਹਫ਼ਤੇ ਬਾਅਦ ਪੇਕੇ ਘਰੋਂ ਸਹੁਰੇ ਘਰ ਜਾਣ ਲੱਗੀ ਤਾਂ ਕਰਮੀ ਦੀ ਮਾਈ ਨੇ ਇਕ ਕੱਪੜਾ ਮਲਮਲ ਦਾ ਤੇ ਦੋ ਰੁਪਏ ਚਾਂਦੀ ਦੇ ਦਿੱਤੇ। ਮਜਾਰੇ ਆਉਂਦੀ ਪਹਿਲਾਂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਗਈ। ਉਸ ਦਿਨ ਮਹਾਰਾਜ ਜੀ ਭਾਗੂ ਦੇ ਚੁਬਾਰੇ ਵਿਚ ਬੈਠੇ ਸਨ। ਜਦੋਂ ਕਰਮੀ ਨੇ ਜਾ ਕੇ ਨਮਸਕਾਰ ਕੀਤੀ, ਮਾਈ ਦਾ ਦਿੱਤਾ ਹੋਇਆ ਕੱਪੜਾ ਮਹਾਰਾਜ ਜੀ ਨੇ ਲੈ ਕੇ ਜੀਣੀ ਚੂਹੜੀ ਨੂੰ ਦੁਆ ਦਿੱਤਾ। ਫਿਰ ਹੁਕਮ ਹੋਇਆ ਕਹਿੰਦੇ, "ਕਰਮੀ! ਹਾਲਾ ਲਿਆਉ।" ਕਰਮੀ ਆਖਣ ਲੱਗੀ, "ਜੀ! ਘਰੋਂ ਲਿਆਕੇ ਦਿਆਂਗੀ, ਮੇਰੇ ਕੋਲ ਤਾਂ ਹੈ ਨਹੀਂ।" ਮਹਾਰਾਜ ਜੀ ਆਖਣ ਲੱਗੇ ਜੇਬ ਦੇਖ ਤਾਂ, ਕਰਮੀ ਨੇ ਮਲਕ ਜਿਹੀ ਇਕ ਰੁਪਿਆ ਕੱਢ ਕੇ ਦੇ ਦਿੱਤਾ ਤੇ ਕਹਿ ਦਿੱਤਾ ਕਿ ਇਹ ਹੀ ਹੈ ਮੇਰੇ ਕੋਲ। ਪਾਤਸ਼ਾਹ ਆਖਣ ਲੱਗੇ, "ਹੋਰ ਹੋਣਾ ਹੈ ਦੇਖ ਤਾਂ।" ਕਰਮੀ ਨੇ ਕਈ ਬਦਲਾਂ ਕੀਤੀਆਂ ਪਰ ਘਟ-ਘਟ ਦੇ ਜਾਨਣਹਾਰੇ ਸਭ ਕੁੱਝ ਜਾਣਦੇ ਸਨ। ਦੂਜਾ ਕਢਾ ਕੇ ਹਟੇ, ਦੋਨੋਂ ਰੁਪਏ ਲੈ ਕੇ ਨਾਮੀ ਦੇ ਹੱਥ ਦੇ ਦਿੱਤੇ ਹੁਕਮ ਕੀਤਾ, "ਜਾਹ ਕਰਤਾਰੀ ਦੇ ਘਰ ਦੇ ਆਓ। ਯਹੀ ਹਮਾਰੀ ਸਰਦਾਰੀ ਬਨਤੀ ਹੈ।" ਭਾਗੂ ਦੀ ਭੈਣ ਨਾਮੀ ਪਿੰਡ ਮੂਸਾਪੁਰ ਵਿਆਹੀ ਹੋਈ ਸੀ। ਮਹਾਰਾਜ ਦੇ ਕੋਲੋਂ ਉੱਠਕੇ ਦੋਵੇਂ ਰੁਪਏ ਲੈ ਜੇਬ ਵਿਚ ਪਾ ਕੇ ਕੋਠੇ ਤੋਂ ਡੁੰਵੇ ਉਤਰਕੇ ਘਰੋਂ ਹੋ ਕੇ ਸਹੁਰੇ ਘਰ ਚਲੀ ਗਈ। ਪਿਛਿਉਂ ਮਹਾਰਾਜ ਜੀ ਆਖਣ ਲੱਗੇ, "ਕਰਮੀ! ਸਾਡਾ ਵਿਆਜ

ਬਹੁਤ ਕਰੜਾ ਹੈ ਸਹੁਰੀ ਨਾਮੀ ਦੋ ਰੁਪਏ ਲੈ ਗਈ ਹੈ, ਵਿਆਜ ਤਾਂ ਦੇਣਾ ਹੀ ਪਏਗਾ।" ਨਾਮੀ ਘਰ ਚਲੇ ਗਈ। ਦੂਜੇ ਦਿਨ ਤਵੀਤ ਜਿੱਥੇ ਰੱਖੇ ਹੋਏ ਸਨ, ਜਦੋਂ ਦੇਖੇ ਤਾਂ ਤਵੀਤ ਨਾ ਲੱਭੇ। ਦੇਖ ਕੇ ਹੈਰਾਨ ਹੋਈ, ਬਥੇਰਾ ਭਾਲਿਆ ਪਰ ਕਿਤੇ ਨਾ ਲੱਭੇ। ਕੋਈ ਪੇਸ਼ ਨਾ ਗਈ, ਫਿਰ ਮਹਾਰਾਜ ਅੱਗੇ ਨੱਕ ਰਗੜਨ ਲੱਗੀ। ਮਹਾਰਾਜ ਜੀ ਬੋਲੇ, ਮੇਰਾ ਤਾਂ ਲੋਕਾਂ ਨਾਲੋਂ ਵਿਆਜ ਛੇ ਗੁਣਾਂ ਜ਼ਿਆਦਾ ਲੱਗ ਜਾਂਦਾ ਹੈ। ਪਿਛਿਓਂ ਪਛਤਾਉਣ ਲੱਗੀ ਪਰ ਫ਼ਕੀਰ ਦੀ ਵਗੀ ਨੂੰ ਮੋੜੇ ਕੌਣ? ਕਰਮੀ ਦੇ ਘਰ ਇਕ ਦਿਨ ਮਹਾਰਾਜ ਜੀ ਆ ਕੇ ਬੈਠੇ ਸਨ। ਇਕ ਗੁਰਮੁਖ ਸੰਗਤਰਿਆਂ ਦੀ ਟੋਕਰੀ ਲੈ ਕੇ ਆਇਆ, ਨਮਸਕਾਰ ਕਰਕੇ ਚਲਾ ਗਿਆ। ਪਿੱਛੋਂ ਆਪ ਜੀ ਨੇ ਇਕ-ਇਕ ਕਰਕੇ ਸੰਤਰੇ ਝਿਉਢੀ ਵਿਚੋਂ ਰਾਹ ਵੱਲ੍ਹ ਨੂੰ ਬੈਠਿਆਂ ਨੇ ਹੀ ਬੱਚਿਆਂ ਵੱਲ੍ਹ ਸੁੱਟਣੇ ਸ਼ੁਰੂ ਕਰ ਦਿੱਤੇ। ਕਰਮੀ ਨੇ ਸੰਗਤਰਾ ਪਹਿਲਾਂ ਹੀ ਆਪਣੇ ਚਿੱਤੋਂ ਮਹਾਰਾਜ ਤੋਂ ਚੋਰੀ ਚੁੱਕ ਲਿਆ। ਜਦੋਂ ਸਾਰੇ ਸੰਗਤਰੇ ਬਾਹਰ ਨਿਆਣਿਆਂ ਮੋਹਰੇ ਸੁੱਟ ਦਿੱਤੇ ਤਾਂ ਕਰਮੀ ਨੂੰ ਅਵਾਜ਼ ਦਿੱਤੀ, ਕਰਮੀ ਦੌੜ ਕੇ ਹਾਜ਼ਿਰ ਹੋਈ ਨਾਲ ਦੋ ਤਿੰਨ ਚਪੇੜਾਂ ਮਾਰੀਆਂ, ਪੰਜ ਸੱਤ ਗਾਲ੍ਹਾਂ ਛੱਡ ਦਿੱਤੀਆਂ, "ਹਮਾਰਾ ਸੰਗਤਰਾ ਇਕ ਘਟ ਗਿਆ, ਤੇਰੇ ਘਰ ਚੋਰੀ ਹੋਇਆ ਹੈ।" ਕਰਮੀ ਆਪਣੇ ਘਰ ਵਿਚ ਸੰਗਤਰਾ ਵੱਢ ਕੇ ਛਕ ਚੁਕੀ ਸੀ, ਮਹਾਰਾਜ ਕਹਿੰਦੇ ਕਿ ਮੇਰਾ ਸੰਗਤਰਾ ਲਿਆ ਕੇ ਦੇਹ। ਕਰਮੀ ਬਥੇਰੇ ਮਿੰਨਤ ਤਰਲੇ ਕਰੇ, "ਜੀ! ਹੋਰ ਲਿਆ ਕੇ ਦੇਵਾਂ, ਅਸੀਂ ਸੰਗਤਰਾ ਤਾਂ ਖਾ ਬੈਠੀਆਂ ਹਾਂ, ਹੋਰ ਲਿਆ ਦਿੰਦੀ ਹਾਂ।" ਮਹਾਰਾਜ ਕਹਿੰਦੇ, "ਉਹ ਹੀ ਲੈਣਾ ਏ ਖਾਧਾ ਕਿਉਂ ਹੈ ਤੁਹਾਨੂੰ ਪਤਾ ਨਹੀਂ ਦੋ ਆਨੇ ਰੁਪਿਆ ਮੇਰਾ ਵਿਆਜ ਲੱਗਦਾ ਹੈ।" ਕਰਮੀ ਨੂੰ ਦੱਸਣਾ ਹੀ ਸੀ ਕਿ ਚੋਰੀ ਕਰਨੀ, ਨਿੰਦਿਆ ਕਰਨੀ ਤੇ ਝੂਠ ਬੋਲਣਾ ਪਾਪ ਹੈ। ਚੰਗੀ ਹਦਾਇਤ ਕੀਤੀ ਕੰਨ ਫੜਾਏ ਸੱਤ ਲਕੀਰਾਂ ਨੱਕ ਨਾਲ ਕਢਾਈਆਂ। ਕਰਮੀ ਨਾਲ ਬਹੁਤ ਬਚਨ ਹੋਏ ਹਨ। ਪਰ ਜ਼ਿਆਦਾ ਗਰੰਥ ਵਧਣ ਕਰਕੇ ਵੈਸੇ ਸੰਕੋਚ ਕੀਤੀ ਹੈ। ਦਰਵਾਜ਼ੇ ਦੇ ਮੋਹਰੇ ਦੌਲੇ ਤੇ ਕਰਮੀ ਦਾ ਘਰ ਹੈ ਮਹਾਰਾਜ ਇਸ ਘਰ ਵਿਚ ਬਹੁਤ ਰਿਹਾ ਕਰਦੇ ਸਨ। ਕਰਮੀ ਦਾ ਬਹੁਤ ਪ੍ਰੇਮ ਸੀ ਪਾਤਸ਼ਾਹ ਦੇ ਸਮਾਉਣ ਤੋਂ ਪਿੱਛੋਂ ਕਰਮੀ ਬਹੁਤ ਉਦਾਸ ਰਿਹਾ ਕਰੇ। ਵੈਰਾਗ ਵਿਚ ਘਰ ਦਾ ਕੰਮ ਵੀ ਨਾ ਕਰਿਆ ਕਰੇ। ਇਕ ਦਿਨ ਕਰਮੀ ਬਾਹਰ ਖੇਤਾਂ ਵੱਲ੍ਹ ਰੋਟੀ ਲੈ ਕੇ ਜਾ ਰਹੀ ਸੀ, ਇਕ ਦਿਨ ਦਰਸ਼ਨ ਦਿੱਤੇ ਤੇ ਹੁਕਮ ਹੋਇਆ, "ਰੋਣਾ ਨਹੀਂ! ਅਸੀਂ ਹਰਦਮ ਤੇਰੇ ਕੋਲ ਹਾਂ।

ਜਦੋਂ ਯਾਦ ਕਰੇਂਗੀ ਤਾਂ ਹਾਜ਼ਿਰ ਹੋ ਜਾਵਾਂਗੇ।" ਕਰਮੀ ਜਦ ਵੀ ਕਿਸੇ ਕੰਮ ਜਾਂ ਦੁਖ ਤਕਲੀਫ਼ ਵੇਲੇ ਅਰਦਾਸ ਕਰਦੀ ਛਿਨ ਵਿਚ ਹੀ ਕੰਮ ਕਰਦੇ ਹਨ।

ਬੋਲੋ ਭਾਈ ਨਾਭ ਕੰਵਲ ਰਾਜਾ ਸਾਹਿਬ ਜੀ ਕੀ ਜੈ॥

ਸਾਖੀ ਬੜੀ ਮਾਤਾ ਦਰਸ਼ਨ ਨੂੰ ਆਈਆਂ

ਇਕ ਦਿਨ ਮਹਾਰਾਜ ਜੀ ਕਿਰਪੇ ਦੇ ਚੁਬਾਰੇ ਵਿਚ ਬੈਠੇ ਸਨ। ਚੰਦ ਦੀ ਚਾਨਣੀ ਟਹਿ-ਟਹਿ ਕਰਦੀ ਸੀ। ਚੰਦਰਮਾ ਦੀਆਂ ਕਿਰਨਾਂ ਪ੍ਰਿਥਵੀ ਵੱਲ੍ਹ ਫਰਸ਼ ਦੀ ਤਰਾਂ ਛਾ ਰਹੀਆਂ ਸਨ। ਠੰਡੀ-ਠੰਡੀ ਪੌਣ ਰੁਮ੍ਹਕ ਰਹੀ ਸੀ। ਅੰਮ੍ਰਿਤ ਵੇਲਾ ਹੋਣ ਵਾਲਾ ਸੀ। ਕਿਸੇ ਪਾਸੇ ਚੱਕੀਆਂ ਚਲ ਰਹੀਆਂ ਸਨ। ਮੁਟਿਆਰਾਂ ਗਊਆਂ, ਮੱਝਾਂ ਚੋਅ ਕੇ, ਦੁੱਧ ਦੀਆਂ ਬਾਲਟੀਆਂ ਭਰੀ ਲਈ ਆ ਰਹੀਆਂ ਸਨ। ਅੰਮ੍ਰਿਤ ਵਰਗਾ ਦੁੱਧ ਮਾਈ ਬੰਤ ਕੌਰ ਗਊ ਦਾ ਚੋਅ ਕੇ ਗੜਵੀ ਭਰਕੇ ਪਹੁ ਫਟਦੀ ਨੂੰ ਮਹਾਰਾਜ ਜੀ ਦੇ ਬੂਹੇ ਦੇ ਅੱਗੇ ਧਰਕੇ ਬੈਠ ਗਈ। ਮਨ ਵਿਚ ਕੋਈ ਮੰਗ ਸੀ। ਪੁੱਤਰ ਤੋਂ ਬਿਨਾਂ ਗੋਦ ਸੱਖਣੀ ਸੀ। ਇਕ ਧਿਆਨ ਹੋ ਕੇ ਬੈਠੀ ਰਹੀ। ਬੂਹਾ ਬੰਦ ਸੀ। ਚਰਨਾਂ ਵੱਲ੍ਹ ਧਿਆਨ ਜੁੜਿਆ ਹੋਇਆ ਹੈ। ਮੰਗਤੀ ਬਣਕੇ ਮਾਤਾ ਸੁਲੱਖਣੀ ਵਾਂਗ ਝੋਲੀ ਅੱਡ ਕੇ ਮੋਹਰੇ ਬੈਠੀ ਹੈ। ਇੰਨੇ ਚਿਰ ਨੂੰ ਪਤਾ ਨਹੀਂ ਆਕਾਸ਼ ਤੋਂ ਕੋਈ ਜਗ-ਮਗ ਕਰਦੀ ਹੋਈ ਸ਼ਕਤੀ ਉਤਰੀ, ਜਿਸਦੇ ਚਿਹਰੇ ਦੀ ਤਾਬ ਝੱਲੀ ਨਹੀਂ ਸੀ ਜਾਂਦੀ। ਹੇਠ ਚਾਂਦੀ ਦਾ ਪੀੜ੍ਹਾ ਜੜ੍ਹਿਆ ਹੋਇਆ ਹੈ। ਮੰਜੀ ਤੋਂ ਉਤਰ ਕੇ ਰਾਜਾ ਸਾਹਿਬ ਜੀ ਦੇ ਬੂਹੇ ਅੱਗੇ ਅਤਿ ਸਲਾਮਾਂ ਕੀਤੀਆਂ। ਕੁੱਝ ਚਿਰ ਬੈਠ ਕੇ ਉਹ ਸ਼ਕਤੀ ਬੰਤੋ ਨੂੰ ਆਖਣ ਲੱਗੀ, "ਤੁਸੀਂ ਦਸੋ ਮਾਈ। ਮਹਾਰਾਜ ਜੀ ਮੈਨੂੰ ਦਰਸ਼ਨ ਦੇਣਗੇ, ਮੈਨੂੰ ਕੋਈ ਬਚਨ ਦੇਣਗੇ।" ਬੰਤੋ ਕਹਿੰਦੀ, "ਤੁਸੀਂ ਹੋ ਕੌਣ ਕਿੱਥੋਂ ਆਏ ਹੋ? ਮੈਨੂੰ ਤਾਂ ਪਤਾ ਨਹੀਂ ਕੀ ਆਖਦੇ ਹੋ?" ਅਬਲਾ ਬੋਲੀ, "ਮੈਂ ਹੂੰ ਬੜੀ ਮਾਤਾ, ਮੈਂ ਆਈ ਹੂੰ ਇਸ ਇਲਾਕੇ ਦੀ ਸੈਰ ਕਰਨ ਇਜਾਜ਼ਤ ਮੰਗਦੀ ਹਾਂ, ਰਾਜਾ ਬਲੀ ਤੋਂ ਜੋ ਹੁਕਮ ਹੋਵੇਗਾ ਕਰਾਂਗੀ। ਕਹਿੰਦੇ ਹਨ ਜੀਵਾਂ ਕਾ ਭਲਾ ਕਰ ਰਹੇ ਹਨ।" ਬੰਤ ਕੌਰ ਬੋਲੀ, "ਜੀ ਹਾਂ! ਜੋ ਵੀ ਦਰਸ਼ਨ ਕਰ ਲੈਂਦਾ ਹੈ, ਬੱਸ ਜਨ ਜਨਮਾਂਤਰਾਂ ਦੇ ਸਭ ਰੋਗ ਮਿਟ ਜਾਂਦੇ ਹਨ।

ਜੋ ਮਾਂਗੋ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ।" ਇੰਨੇ ਚਿਰ ਨੂੰ ਅੰਦਰੋਂ ਕੁੰਡੀ ਖੁਲ੍ਹੀ, ਅੰਦਰੋਂ ਛੇਤੀ-ਛੇਤੀ ਹਵਾ ਆਈ, ਨੂਰੀ ਸੋਹਣੇ ਮੁਖੜੇ ਦੀ ਝਲਕ ਪਈ। ਉਸ ਦਗ ਦਗ ਕਰਦੇ ਮੁਖੜੇ ਦੀ ਝਲਕ ਵਿਚ ਪਤਾ ਨਹੀਂ ਕੀ ਕੁੱਝ ਬਰਕਤਾਂ ਸਨ, ਜਿਸ ਜਿਸਨੇ ਦਰਸ਼ਨ ਕੀਤੇ, ਬੇੜੇ ਪਾਰ ਹੋ ਗਏ। ਮਾਤਾ ਨੇ ਦਰਸ਼ਨ ਕਰਕੇ ਇਲਾਕੇ ਵਿਚ ਵਿਚਰਨ ਦੀ ਇਜਾਜ਼ਤ ਮੰਗੀ। ਕਿਰਪਾਲੂ ਦਿਆਲੂ ਮਿਹਰਾਂ ਦੇ ਪੁੰਜ ਮਹਾਰਾਜ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ, ਪਤਾ ਨਹੀਂ ਕਦੋਂ ਸਣੇ ਮੰਜੀ ਹਵਾ ਵਾਂਗ ਉੱਡ ਗਈ। ਪਿੱਛੋਂ ਬੰਤੋ ਨੂੰ ਮਹਾਰਾਜ ਜੀ ਬੋਲੇ, "ਬੰਤੋ ਕੀ ਲਿਆਂਦਾ ਹੈ?" ਅੱਗੋਂ ਬੋਲੀ, "ਜੀ ਦੁੱਧ ਹੈ, ਆਪ ਛਕੋ ਤੇ ਮੇਰਾ ਪਾਪਣ ਗਰੀਬਣੀ ਦਾ ਬੇੜਾ ਵੀ ਪਾਰ ਕਰੋ। ਸਭ ਕੁੱਝ ਜਾਨਣਹਾਰੇ ਹੋ ਜੀ!" ਹੁਕਮ ਹੋਇਆ ਪਾਣੀ ਲੈ ਕੇ ਆਉ। ਝਟ ਪਟ ਬੰਤੋ ਨੇ ਪਾਣੀ ਦੀ ਗਾਗਰ ਭਰਕੇ ਲੈ ਆਂਦੀ। ਇਸ਼ਨਾਨ ਕੀਤਾ, ਦੁੱਧ ਪੀਤਾ ਦੋ-ਚਾਰ ਘੁੱਟ ਹੀ ਪੀਤੇ ਸਨ, ਹੁਕਮ ਹੋਇਆ, "ਬੰਤੋ! ਪੁੱਤਰ ਹੋਵੇਗਾ ਤੇ ਉਸਦਾ ਨਾਂ ਭੀਮਸੈਨ ਰੱਖ ਲਵੀਂ।" ਨੌਵੇਂ ਮਹੀਨੇ ਪੁੱਤਰ ਦਾ ਜਨਮ ਹੋਇਆ। ਮਹਾਰਾਜ ਜੀ ਦੇ ਹੁਕਮ ਨਾਲ ਭੀਮਸੈਨ ਹੀ ਨਾਂ ਰੱਖਿਆ।

ਬੋਲੋ ਭਾਈ ਵਾਹਿਗੁਰੂ॥

ਸਾਖੀ ਹੋਰ ਚੱਲੀ

ਦਿਨ ਚੜ੍ਹ ਪਿਆ, ਸੰਗਤ ਦੀ ਅਵਾਜਾਈ ਚਲ ਪਈ। ਕੋਈ ਦੁੱਧ, ਕੋਈ ਦਹੀਂ, ਕੋਈ ਸਰਦਾਈ, ਕੋਈ ਮੱਖਣ ਪੇੜੇ, ਕੋਈ ਫ਼ਲਾਂ ਦੀਆਂ ਟੋਕਰੀਆਂ, ਦੇਗਾਂ ਦੀਆਂ ਪਰਾਤਾਂ ਆਉਣ ਲੱਗੀਆਂ। ਕੋਈ ਢੋਲ-ਢੋਲਕੀ, ਕੋਈ ਛੈਣੇ, ਤਬਲੇ, ਵਾਜੇ, ਕੋਈ ਬਿਸ਼ਨ ਪਦੇ ਗਾਉਂਦਾ ਹੋਇਆ ਉਸ ਇਲਾਹੀ ਦਰਬਾਰ ਦੀਆਂ ਹਾਜ਼ਰੀਆਂ ਭਰਨ ਵਾਸਤੇ ਧਮਾਲਾਂ ਪਾਉਂਦੇ ਹੋਏ, ਗੀਤ ਗਾਉਂਦੇ ਹੋਏ ਪਰੇਮ ਵਿਚ ਖੀਵੇ ਹੋ ਕੇ ਸਭ ਨਰ ਨਾਰੀ ਟੋਲੀਆਂ ਬੰਨ੍ਹੀ ਚਲੇ ਆ ਰਹੇ ਸਨ। ਉਸ ਰੱਬੀ ਦਰਬਾਰ ਵਿਚੋਂ ਮੁਰਾਦਾਂ ਦੀਆਂ ਝੋਲੀਆਂ ਭਰ ਕੇ ਘਰਾਂ ਵੱਲ੍ਹ ਜਾ ਰਹੇ ਸਨ। ਇੰਨੇ ਚਿਰ ਨੂੰ ਇਕ ਪਾਸਿਓਂ ਰੋਣ ਦੀ ਅਵਾਜ਼ ਆਈ। ਮਹਾਰਾਜ ਜੀ

ਬੋਲੇ ਕੌਣ ਰੋ ਰਿਹਾ ਹੈ। ਕਿਸੇ ਦੱਸਿਆ ਜੀ ਪੀਤੇ ਦੀ ਔਰਤ ਹੈ, ਇਸਦੀ ਲੜਕੀ ਮਰ ਗਈ ਹੈ। ਅੱਗੋਂ ਹੁਕਮ ਹੋਇਆ ਜਾਵੋ ਉਸਨੂੰ ਆਖੋ ਰੋਵੇ ਨਾ ਲੜਕੀਆਂ ਬਹੁਤ ਹੋਣਗੀਆਂ। ਛੇ ਲੜਕੀਆਂ ਹੋਈਆਂ ਤਾਂ ਪੀਤੇ ਦਾ ਵਿਹੜਾ ਲੜਕੀਆਂ ਨਾਲ ਭਰ ਗਿਆ। ਇਕ ਦਿਨ ਪੀਤਾ ਦਰਸ਼ਨ ਨੂੰ ਆਇਆ ਤਾਂ ਮਹਾਰਾਜ ਜੀ ਬੋਲੇ, "ਤੈਨੂੰ ਖਜਾਨਾ ਦੱਸ ਦਿੰਦੇ ਹਾਂ, ਮਾਇਆ ਦਾ ਕੱਢ-ਕੱਢ ਵਰਤੀ ਜਾਵੀਂ।" ਕਹੀ ਹੱਥ ਦੇ ਕੇ ਤੋਰ ਦਿੱਤਾ। ਪਿੰਡ ਗੁਣਾਚੌਰ ਵੱਲ੍ਹ ਨੂੰ ਤੋਰ ਦਿੱਤਾ। ਇਕ ਗੁਪਤ ਸਿੰਘ ਨੂੰ ਨਾਲ ਤੋਰਿਆ। ਕੁੱਝ ਦੂਰ ਜਾਣ ਤੋਂ ਬਾਅਦ ਪਿਛਾਂਹ ਮੋੜ ਲਏ ਅਤੇ ਹੁਕਮ ਕੀਤਾ "ਤੂੰ ਜਲਦੀ ਹੀ ਮੁਕਾ ਦੇਣਾ ਹੈ। ਤੇਰੇ ਪੰਜ ਰੁਪਏ ਮੈਂ ਰਸੋਖਾਨੇ ਲਾ ਦਿੱਤੇ ਹਨ, ਇਥੋਂ ਹੀ ਲੈ ਜਾਇਆ ਕਰੀਂ।" ਮਹਾਰਾਜ ਜੀ ਦੇ ਹਾਜ਼ਿਰ ਹੁੰਦਾ ਮਹਾਰਾਜ ਜੀ ਆਪ ਮੋਹਰੇ ਹੋ ਚੁਕਾ ਦਿੰਦੇ ਸਨ। ਹੁਣ ਮਹੰਤ ਪੂਰਨ ਦਾਸ ਜੀ ਤੋਂ ਹਰ ਰੋਜ਼ ਪੰਜ ਰੁਪਏ ਲੈ ਕੇ ਖਾ ਪੀ ਛਡਦਾ ਹੈ। ਕੰਮ ਕਾਰ ਕੋਈ ਨਹੀਂ ਕਰਨਾ ਇਸ ਤਰਾਂ ਦੁਖੀ ਜੀਵਾਂ ਦੀਆਂ ਪੈਨਸ਼ਨਾਂ ਲਾ ਦਿੰਦੇ ਸਨ।

ਬੋਲੋ ਭਾਈ ਵਾਹਿਗੁਰੂ॥

ਸਾਖੀ ਨਰੰਜਨ ਸਿੰਘ ਨਾਲ ਹੋਈ

ਨਰੰਜਨ ਸਿੰਘ ਪਿੰਡ ਮਜਾਰੇ ਦਾ ਜੱਟ ਖੇਤੀ ਦਾ ਕੰਮ ਕਰਿਆ ਕਰਦਾ ਸੀ। ਨਰੰਜਨ ਸਿੰਘ ਦਾ ਨਿਯਮ ਸੀ ਹਰ ਰੋਜ਼ ਜਿਥੇ ਵੀ ਮਹਾਰਾਜ ਜੀ ਹੋਣ ਹਾਜ਼ਰੀ ਦੇਣੀ। ਕਈ ਵਾਰੀ ਸਾਰੀ-ਸਾਰੀ ਰਾਤ ਪਹਿਰਾ ਦੇਣ ਦੀ ਡਿਊਟੀ ਵੀ ਲਾਈ ਜਾਂਦੀ ਸੀ। ਪਿੱਛੇ ਹਟਕੇ ਚੁੱਪ-ਚਾਪ ਚੌਕੜਾ ਮਾਰਕੇ ਬੈਠਾ ਰਹਿੰਦਾ। ਕਦੀ ਮਹਾਰਾਜ ਜੀ ਦੇ ਹੁਕਮ ਨਾਲ ਵਾਪਿਸ ਚਲੇ ਜਾਂਦਾ। ਨਰੰਜਨ ਸਿੰਘ ਨੂੰ ਮਹਾਰਾਜ ਜੀ ਛਤਿਹ ਸਿੰਘ ਆਖ ਕੇ ਬੁਲਾਇਆ ਕਰਦੇ ਸਨ। ਬਹੁਤ ਜ਼ਿਆਦਾ ਪਿਛਲੇ ਜਨਮਾਂ ਦੇ ਨਾਂ ਆਖਕੇ ਹੀ ਬੁਲਾਂਦੇ ਸਨ। ਹਰ ਇਕ ਬਾਲ, ਬੱਚੇ, ਜਵਾਨ ਤੇ ਬੁੱਢੇ ਦਾ ਨਾਂ ਹੋਰ ਤੇ ਹੋਰ ਹੀ ਆਖ ਕੇ ਬੁਲਾਉਂਦੇ ਸਨ। ਇਕ ਵਾਰ ਸੰਤ ਹਰੀ ਸਿੰਘ ਕਹਾਰਪੁਰ ਵਾਲੇ ਦਰਸ਼ਨ ਨੂੰ ਆਏ ਸਨ। ਡ੍ਰਲੋਕੀ ਦੇ ਮਾਲਿਕ ਬਲ-ਬਲ ਕਰਦੇ ਉੱਠਕੇ ਢੱਕੀ ਵਿਚ ਆਏ। ਬੰਗਿਆਂ ਤੋਂ ਵਾਜਾ ਲੈ ਕੇ ਮੁਹਰੇ

ਵਜਾਉਂਦੇ ਹੋਏ ਬੜੀ ਚੰਗੀ ਸ਼ਾਨ ਨਾਲ ਤੁਰੇ। ਮਹਾਰਾਜ ਜੀ ਕਰਤਾਰ ਸਿੰਘ ਦੇ ਘਰ ਬੈਠੇ ਸਨ। ਪਹਿਲਾਂ ਹੀ ਸੰਗਤ ਵਿਚ ਗਲ ਚਲਾ ਦਿੱਤੀ ਬੋਲੇ, "ਅੱਜ ਬਚਿੱਤਰ ਸਿੰਘ ਆ ਰਿਹਾ ਹੈ, ਜਿਸਨੇ ਨਾਗਣੀ ਮਾਰੀ ਸੀ। ਇਕ ਦਿਨ ਭਰੋਮਜਾਰੇ ਤੋਂ ਕੋਈ ੬੦ ਸਾਲ ਦਾ ਬੁੱਢਾ ਦਰਸ਼ਨਾਂ ਨੂੰ ਆਇਆ ਤਾਂ ਅੱਗੋਂ ਸੰਤ ਅਵਧੂਤ ਜੀ ਹਾਜ਼ਰੀ ਵਿਚ ਖੜ੍ਹੇ ਸਨ। ਬੁੱਢੇ ਨੇ ਆ ਕੇ ਬਹੁਤ ਸ਼ਰਧਾ ਪਰੇਮ ਨਾਲ ਨਮਸਕਾਰ ਕੀਤੀ। ਬਾਬੇ ਦੇ ਚਿੱਟੇ ਸਫ਼ੈਦ ਬਸਤਰ ਪਹਿਨੇ ਹੋਏ ਸਨ। ਸਫ਼ੈਦ ਦਾੜ੍ਹਾ ਸਜਦਾ ਸੀ। ਗੱਲ ਵਿਚ ਪੱਲਾ ਪਾ ਕੇ ਦੋਵੇਂ ਹੱਥ ਜੋੜ ਕੇ ਖੜ੍ਹਾ ਹੈ। ਇਕ ਇਕ ਸੁਆਸ ਪਿਆਰੇ ਦੀ ਯਾਦ ਵਿਚ ਲਾ ਰਿਹਾ ਸੀ। ਹੁਕਮ ਹੋਇਆ, "ਅਵਧੂਤ ਇਸ ਦੀ ਸੇਵਾ ਕਰ। ਚੰਗੀ ਤਰਾਂ ਸੇਵਾ ਕਰਨੀ ਹੈ, ਮੈਂ ਇਸ ਦੀ ਸੇਵਾ ਤਾਂ ਕਰਵਾ ਰਿਹਾ ਹਾਂ, ਜਦੋਂ ਅਸੀਂ ਛੇਵੇਂ ਜਾਮੇ ਵਿਚ ਸੀ, ਘੋੜਿਆਂ ਦੀ ਸੇਵਾ ਕਰਦਾ ਹੁੰਦਾ ਸੀ।" ਇਹੋ ਜਿਹੀਆਂ ਹਜ਼ਾਰਾਂ ਹੀ ਅਗਲੀਆਂ ਪਿਛਲੀਆਂ ਸੁੱਤੀਆਂ ਰਮਜ਼ਾਂ ਦਿੰਦੇ ਸਨ। ਸੰਤ ਅਵਧੂਤਾਂ ਦਾ ਪਿਛਲਾ ਜਨਮ ਪਿੰਡ ਖਾਨਖਾਨਾ ਦਾ ਦਸਦੇ ਸਨ। ਜਿਸ ਸਾਲ ਸੰਤਾਂ ਦਾ ਜਨਮ ਸੀ, ਉਸੇ ਸਾਲ ਹੀ ਮਸਤ ਗੁਰਦਾਸ ਜੀ ਦਾ ਭਰਾ ਕਾਬਲ ਸਿੰਘ ਦਾ ਭਾਈ ਚਲ ਵਸਿਆ ਸੀ, ਰੱਬ ਹੀ ਮਾਨਸ ਜਾਮੇ ਵਿਚ ਆਏ ਹੋਏ ਸਨ। ਸਭ ਦਰਸ਼ਨ ਕਰਕੇ ਕਲਿਆਣਕਾਰੀ ਹੋ ਜਾਂਦੇ ਸਨ, ਸੇਵਾ ਵੀ ਕਰਦੇ ਸਨ। ਇਕ ਦਿਨ ਮਹਾਰਾਜ ਜੀ ਅੰਬਾਂ ਵਾਲੇ ਖੂਹ ਉੱਤੇ ਬੈਠੇ ਸਨ। ਇਹ ਖੂਹ ਦਇਆ ਰਾਮ ਦਾ ਖੂਹ ਸੀ। ਇਸ ਖੂਹ 'ਤੇ ਪਹਿਲਾਂ-ਪਹਿਲਾਂ ਮਹਾਰਾਜ ਬਹੁਤ ਰਿਹਾ ਕਰਦੇ ਸਨ। ਨਰੰਜਨ ਸਿੰਘ ਵੀ ਘਰ ਦੇ ਕੰਮ ਕਾਰ ਮੁਕਾ ਕੇ ਹਰ ਰੋਜ਼ ਦੀ ਤਰ੍ਹਾਂ, ਮਹਾਰਾਜ ਜੀ ਦੇ ਦਰਸ਼ਨ ਕਰਨ ਚਲੇ ਗਿਆ। ਨਮਸਕਾਰ ਕਰਕੇ ਹਾਜ਼ਰੀ ਵਿਚ ਬੈਠ ਗਿਆ। ਚੰਦਰਮਾ ਪੁੰਨਿਆਂ ਦੀ ਰਾਤ ਨੂੰ ਜੋਬਨ ਦੀਆਂ ਲਹਿਰਾਂ ਮਾਰਦਾ ਹੋਇਆ, ਲਹਿੰਦੀ ਵੱਲ੍ਹ ਨੂੰ ਨਿਰਮਲ ਆਕਾਸ਼ ਪੌਣ ਦੇ ਨਜ਼ਾਰੇ ਲੈਂਦਾ ਹੋਇਆ, ਰਵਾਂ-ਰਵੀਂ ਜਾ ਰਿਹਾ ਸੀ। ਭਿਨੀ-ਭਿਨੀ ਪੌਣ ਚਲ ਰਹੀ ਸੀ। ਤ੍ਰਿਲੋਕੀ ਦੇ ਮਾਲਿਕ ਬਲ-ਬਲ ਕਰਦੇ ਉੱਠ ਕੇ ਢੱਕੀ ਵਿਚ ਜਾ ਵੜੇ। ਢੱਕੀ ਪਿੰਡ ਨਾਗਰਿਆਂ ਤੇ ਮਜਾਰੇ ਦੇ ਵਿਚਕਾਰ ਜਿਹੇ ਸੀ। ਢੱਕੀ ਵਿਚ ਆ ਕੇ ਜਦੋਂ ਖੜ੍ਹੇ ਹੋਏ, ਬਹੁਤ ਸਰਦ ਹਵਾ ਚੱਲੀ। ਨਰੰਜਨ ਸਿੰਘ ਕਹਿੰਦਾ ਪਤਾ ਨਹੀਂ ਉਹ ਗ਼ੈਬੀ ਹਵਾ ਵਿਚ ਕਿੰਨੀ ਸੁਹਣੀ

ਖੁਸ਼ਬੋ ਸੀ। ਨਰੰਜਨ ਸਿੰਘ ਨੂੰ ਇਸ਼ਾਰਾ ਕੀਤਾ, ਕੁੱਝ ਪਿੱਛੇ ਹੱਟ ਚੱਲ। ਨਰੰਜਨ ਸਿੰਘ ਦਸ ਕਦਮ ਪਿੱਛੇ ਹਟ ਗਿਆ। ਨਾਭ ਕੰਵਲ ਰਾਜਾ ਸਾਹਿਬ ਜੀ ਦੇ ਉੱਪਰ ਫੁੱਲਾਂ ਦੀ ਵਰਖਾ ਹੋਈ। ਤਿੰਨ ਕਿਸਮ ਦੇ ਫੁੱਲ ਸਨ। ਨਰੰਜਨ ਸਿੰਘ ਨੂੰ ਕੋਈ ਪਤਾ ਨਹੀਂ ਕਿ ਫੁੱਲ ਕਿੱਥੋਂ ਬਰਸ ਰਹੇ ਸਨ। ਮਹਾਰਾਜ ਜੀ ਕਾਫ਼ੀ ਬਚਨ ਕਰਦੇ ਹਨ ਪਤਾ ਕੁੱਝ ਨਹੀਂ ਲੱਗਦਾ ਕਿਸ ਨਾਲ ਕਰੀ ਜਾ ਰਹੇ ਸਨ, ਆਪਦਾ ਬਚਨ ਸੁਣਦਾ ਸੀ। ਮੋਹਰੇ ਕੁੱਝ ਪਤਾ ਨਹੀਂ ਲੱਗਦਾ ਕਿ ਕੀ ਬੋਲਦੇ ਹਨ, ਕਿਹੋ ਜਿਹੀਆਂ ਸੂਰਤਾਂ ਹਨ। ਕੋਈ ਕੌਤਕ ਕਰਕੇ ਅੱਗੇ ਚਲ ਪਏ। ਇਕ ਪੱਧਰੀ ਜਿਹੀ ਥਾਂ ਤੇ ਬੈਠ ਗਏ। ਨਰੰਜਨ ਸਿੰਘ ਦੇ ਮਨ ਵਿਚ ਖਿਆਲ ਸੀ ਕਿ ਪੁੱਛਾਂ ਪੂਜਾ ਕੌਣ ਕਰ ਰਿਹਾ ਸੀ? ਫੁੱਲ ਕੌਣ ਵਰਸਾ ਰਿਹਾ ਸੀ? ਗੱਲਾਂ ਕਿਸ ਨਾਲ ਕਰਦੇ ਸਉ? ਪਰ ਪੁੱਛਣ ਦੀ ਜੁਰੱਅਤ ਵੀ ਨਹੀਂ ਪੈਂਦੀ, ਸਭ ਘਟ ਘਟ ਦੀਆਂ ਜਾਨਣਹਾਰੇ ਬੋਲੇ, "ਫਤੇਹ ਸਿੰਘ! ਦੇਵਤੇ ਵੀ ਕਦੇ ਕਦੇ ਰਾਜੇ ਦਾ ਦਰਸ਼ਨ ਕਰਨ ਆ ਹੀ ਜਾਂਦੇ ਹਨ।" ਇਵੇਂ ਹੀ ਕਰਤਾਰ ਨਾਲ ਲਿਵਲੀਨ ਹੋਇਆਂ ਨੇ ਸਾਰੀ ਰਾਤ ਗੁਜ਼ਾਰ ਦਿੱਤੀ। ਚੰਦਰਮਾ ਅਲੋਪ ਹੋ ਗਿਆ, ਤਾਰੇ ਛੁਪ ਗਏ। ਪੂਰਬ ਵੱਲ੍ਹ ਲਾਲੀ ਅਕਾਸ਼ ਵੱਲ੍ਹ ਫੈਲਦੀ ਜਾ ਰਹੀ ਸੀ। ਸੁਮੇਰ ਪਰਬਤ ਦੀ ਚੋਟੀ ਨੂੰ ਛੋਂਹਦਾ ਹੋਇਆ ਸੂਰਜ ਭਗਵਾਨ ਬੜੀ ਤੇਜੀ ਨਾਲ ਅਕਾਸ਼ ਵੱਲ੍ਹ ਵਧਦਾ ਜਾ ਰਿਹਾ ਸੀ। ਦੁਨੀਆਂ ਧੰਦੇ ਲੱਗੀ ਜਾ ਰਹੀ ਹੈ। ਨਰੰਜਨ ਸਿੰਘ ਨੂੰ ਘਰ ਜਾਣ ਦਾ ਹੁਕਮ ਕੀਤਾ। ਸੰਗਤ ਦੀ ਅਵਾਜਾਈ ਚਾਲੂ ਹੋ ਪਈ। ਇਹ ਦਿਨ ਮਹਾਰਾਜ ਢੱਕੀ ਵਿਚ ਬੈਠੇ ਰਹੇ। ਸੰਗਤ ਸਾਰਾ ਦਿਨ ਖੁੱਲ੍ਹੇ ਦਰਸ਼ਨ ਕਰਕੇ, ਮਨ ਮੰਗੀਆਂ ਮੁਰਾਦਾਂ ਪਾ ਕੇ ਆਉਂਦੀ ਸੀ।

ਬੋਲੋ ਭਾਈ ਵਾਹਿਗੁਰੂ॥

ਦੂਜੀ ਸਾਖੀ ਨਰੰਜਨ ਸਿੰਘ ਨਾਲ ਹੋਈ

ਪਿੰਡ ਮਜਾਰੇ ਦੇ ਚੜ੍ਹਦੀ ਵੱਲ੍ਹ ਸਾਰੇ ਪਿੰਡ ਦਾ ਸਾਂਝਾ ਖੂਹ ਹੈ, ਜਿਸਦੇ ਚਾਰੋ ਪਾਸੇ ਜ਼ਿੰਮੀਦਾਰਾਂ ਦੇ ਵਾੜੇ ਹਨ। ਖੂਹ ਦੇ ਨਾਲ ਚੰਗਾ ਚੌਕ ਜਿਹਾ ਬਣਿਆ ਹੋਇਆ ਹੈ। ਗਰਮੀਆਂ ਦੇ ਦਿਨ ਸਨ, ਰਾਤ ਨੂੰ ਮੰਜੀਆਂ ਤੇ ਪਏ ਕਾਫ਼ੀ ਬੰਦੇ

ਗੱਲਾਂ ਕਰ ਰਹੇ ਸਨ। ਕੋਈ ਕਹੇ ਧਰਤੀ ਘੁੰਮਦੀ ਹੈ, ਕੋਈ ਕਹੇ ਸੂਰਜ ਚੱਲਦਾ ਹੈ, ਕੋਈ ਕਹੇ ਲੱਖਾਂ ਹੀ ਉਸ ਵਾਹਿਗੁਰੂ ਦੇ ਖੰਡ ਬ੍ਰਹਿਮੰਡ ਰਚੇ ਹੋਏ ਹਨ। ਲੱਖਾਂ ਹੀ ਚੰਦ ਸੂਰਜ ਰਚੇ ਹੋਏ ਹਨ। ਨਰੰਜਨ ਸਿੰਘ ਵੀ ਕੋਲ ਹੀ ਆਪਣੀ ਮੰਜੀ ਉੱਤੇ ਪਿਆ ਸੁਣ ਰਿਹਾ ਹੈ। ਆਪਣੇ ਮਨ ਵਿਚ ਸੋਚ ਰਿਹਾ ਸੀ ਕਿ ਜਦੋਂ ਮਹਾਰਾਜ ਜੀ ਕੁਦਰਤ ਦੀਆਂ ਗੱਲਾਂ ਰਾਤ ਨੂੰ ਕਰਨਗੇ ਤਾਂ ਪੁੱਛਾਂਗੇ, ਸੂਰਜ ਚੱਲਦਾ ਹੈ ਜਾਂ ਧਰਤੀ ਚਲਦੀ ਹੈ। ਦੂਜੀ ਗੱਲ ਨਰੰਜਨ ਸਿੰਘ ਦਾ ਭਾਈ ਉਜਾਗਰ ਇਕ ਦਿਨ ਆਖਣ ਲੱਗਾ ਪਈ ਜਿਵੇਂ ਗੁਰੂ ਨਾਨਕ ਜੀ ਅੱਖਾਂ ਮੀਟ ਕੇ ਹਜ਼ਾਰਾਂ ਕੋਹਾਂ ਤੇ ਚਲੇ ਜਾਂਦੇ ਸਨ, ਰਾਜਾ ਸਾਹਿਬ ਵੀ ਚਲੇ ਜਾਂਦੇ ਹੋਣਗੇ। ਕਦੇ ਦੇਖੇ ਵੀ ਹਨ, ਤੁਸੀਂ ਕਿ ਹਰ ਰੋਜ਼ ਹਾਜ਼ਰੀ ਭਰਦੇ ਰਹਿੰਦੇ ਹੋ। ਉਜਾਗਰ ਸਿੰਘ ਦੇ ਕਹਿਣ ਤੇ ਨਰੰਜਨ ਸਿੰਘ ਦੇ ਮਨ ਵਿਚ ਆਇਆ ਕਿ ਜੇਕਰ ਮੈਨੂੰ ਮਹਾਰਾਜ ਐਸਾ ਕੌਤਕ ਦਿਖਾਉਣ ਤਾਂ ਚੰਗੀ ਗੱਲ ਹੈ। ਇਕ ਦਿਨ ਹਰ ਰੋਜ਼ ਦੀ ਤਰਾਂ ਨਰੰਜਨ ਸਿੰਘ ਰਾਤ ਦਾ ਪਰਸ਼ਾਦਾ ਛਕ ਕੇ ਦਰਸ਼ਨ ਵਾਸਤੇ ਗਿਆ। ਮਹਾਰਾਜ ਜੀ ਪੱਛੋਂ ਵੱਲ੍ਹ ਦੇ ਪਾਸੇ ਖੇਤਾਂ ਵਿਚ ਬੈਠੇ ਸਨ। ਨਰੰਜਨ ਸਿੰਘ ਨੇ ਮੱਥਾ ਟੇਕਿਆ, ਹੁਕਮ ਹੋਇਆ, "ਫਤੇ ਸਿੰਘ! ਚਲ ਕਿਤਿਓਂ ਖਰਬੂਜ਼ੇ ਲੈ ਕੇ ਆਓ।" ਨਰੰਜਨ ਸਿੰਘ ਪਿੰਡੋਂ ਬਿਗਿਆਂ ਵੱਲ੍ਹ ਨੂੰ ਇਕ ਚੰਗਾ ਵੱਡਾ ਸਾਰਾ ਟੋਭਾ ਹੈ, ਉਸਤੋਂ ਅੱਗੇ ਖਰਬੂਜੇ ਬੀਜੇ ਹੋਏ ਸਨ। ਜਦੋਂ ਰਾਮਸਰ ਟੋਭਾ ਅੱਗੇ ਲੰਘ ਕੇ ਗਿਆ ਤਾਂ ਕੀ ਦੇਖਿਆ, ਦਿਨ ਦਾ ਦੁਪਹਿਰਾ ਸਿਖਰ, ਦੇਖਕੇ ਹੈਰਾਨ ਹੋਇਆ। ਕੁੱਝ ਪਤਾ ਨਹੀਂ ਲੱਗਦਾ ਰਾਤ ਸੀ, ਅੱਖ ਝਪਕਣ ਨਾਲ ਹੀ ਦਿਨ ਦਾ ਦੁਪਹਿਰਾ ਦੇਖਦਾ। ਖਰਬੂਜ਼ਾ ਕੋਈ ਨਾ ਪੱਕਾ ਹੋਇਆ ਮਿਲਿਆ ਖਾਲੀ ਹੀ ਮਹਾਰਾਜ ਜੀ ਵੱਲ੍ਹ ਨੂੰ ਤੁਰਿਆ ਜਾਂਦਾ ਸੀ। ਕੀ ਦੇਖਦਾ ਕਿ ਰਾਤ ਜਦੋਂ ਮਹਾਰਾਜ ਜੀ ਦੇ ਕੋਲ ਆਇਆ ਤਾਂ ਮਹਾਰਾਜ ਜੀ ਮੁਸਕਰਾਏ, ਹੱਸੇ ਕਹਿੰਦੇ, "ਫੱਤੂ! ਲਿਆਂਦਾ ਖਰਬੂਜਾ?" ਨਰੰਜਨ ਸਿੰਘ ਕਹਿੰਦਾ, "ਜੀ! ਉੱਥੇ ਨਾ ਮੈਨੂੰ ਖਰਬੂਜ਼ਿਆਂ ਦਾ ਵਾੜਾ ਲੱਭਾ ਨਾ ਮੈਨੂੰ ਕੋਈ ਪਤਾ ਹੀ ਰਿਹਾ ਮੈਂ ਕਿੱਧਰ-ਕਿੱਧਰ ਫਿਰਦਾ ਰਿਹਾ ਹਾਂ। ਕੋਈ ਹੋਰ ਹੀ ਧਰਤੀ, ਹੋਰ ਹੀ ਦੇਸ਼ ਦੇਖਿਆ। ਦਿਨ ਸੀ ਮੈਂ ਕਿਸ ਜੰਗਲ ਵਿਚ ਚਲਾ ਗਿਆ? ਜਦੋਂ ਸੱਚੇ ਪਾਤਸ਼ਾਹੋ! ਮੈਂ ਆਪਦੇ ਚਰਨਾਂ ਵਿਚ ਬੇਨਤੀ ਕੀਤੀ ਜੀ ਮੈਂ ਕਿਧਰ ਚਲਿਆ ਗਿਆ? ਮੈਂ ਬਹੁਤ ਘਬਰਾ ਗਿਆ ਤਾਂ ਇਕ ਪਾਸੇ ਜਿਹੇ ਨੂੰ ਚਲ ਪਿਆ ਤਾਂ ਰਾਮਸ਼ਰ ਟੋਭਾ ਦਿਸਿਆ, ਪਤਾ ਨਹੀਂ

ਲੱਗਾ ਕਿ ਪਲ ਵਿਚ ਹੀ ਪਲਕ ਝਪਕਣ ਨਾਲ ਹੀ ਮੈਂ ਪਿੰਡ ਮਜਾਰੇ ਦੀ ਜੂਹ ਵਿਚ ਭੁਰਿਆ ਆਵਾਂ। ਦਿਨ ਤੋਂ ਰਾਤ ਹੋ ਗਈ।" ਮਹਾਰਾਜ ਜੀ ਕਹਿੰਦੇ, "ਫੱਤੂ! ਗੋਰੇ ਦੇ ਖੂਹ ਤੇ ਰਾਤ ਨੂੰ ਕੀ ਗੱਲਾਂ ਕਰਦੇ ਸੀ?" ਯਾਦ ਕਰਕੇ ਨਰੰਜਨ ਸਿੰਘ ਨੂੰ ਝੱਟਪਟ ਗੱਲ ਯਾਦ ਆਈ ਕਿ ਮੈਂ ਦਿਲ ਵਿਚ ਧਾਰਨਾ ਕੀਤੀ ਸੀ ਕਿ ਮੈਂ ਮਹਾਰਾਜ ਜੀ ਤੋਂ ਪੁੱਛਾਂਗਾ। ਹੁਕਮ ਹੋਇਆ ਨਰੰਜਨ ਸਿੰਘ ਪ੍ਰਿਥਵੀ ਵੀ ਹੁਕਮ ਵਿਖੇ ਹੀ ਚਲਦੀ ਕਾਰ ਕਰਦੀ ਹੈ। ਚੰਦ ਸੂਰਜ ਵੀ ਭੈਅ ਵਿਚ ਹਨ, "ਜਾਓ! ਪਿੰਡ ਗੁਣਾਚੌਰ ਤੋਂ ਖਰਬੂਜਾ ਲੈ ਕੇ ਆਉ।" ਕਹਿੰਦਾ ਮੈਂ ਜਦੋਂ ਵਾੜ ਵਿਚ ਆਇਆ ਤਾਂ ਅੱਗੋਂ ਸੈਦੇ ਖਾਂ ਸੁੱਤਾ ਪਿਆ ਸੀ। ਬੰਨੇ ਤੇ ਜਾ ਕੇ ਬੈਠ ਕੇ ਹਾਕ ਮਾਰੀ ਤਾਂ ਅੱਗੋਂ ਸੈਦੇ ਖਾਂ ਜਾਗ ਪਿਆ। ਨਰੰਜਨ ਸਿੰਘ ਨੇ ਮਹਾਰਾਜ ਜੀ ਦਾ ਹੁਕਮ ਆਖ ਸੁਣਾਇਆ, ਤਾਂ ਅੱਗੋਂ ਸੈਦੇ ਖਾਂ ਆਖਣ ਲੱਗਾ, "ਲੈ ਜਾ ਜਿੰਨੇ ਲਿਜਾਣੇ ਹਨ, ਮੈਨੂੰ ਕੀ ਪੁੱਛਣਾ ਸੀ?" ਨਰੰਜਨ ਸਿੰਘ ਕਹਿੰਦਾ ਮੈਂ ਜਦੋਂ ਹਾਲੇ ਵਾੜੇ ਵਿਚ ਪੈਰ ਨਹੀਂ ਸੀ ਪਾਇਆ ਤਾਂ ਅੱਗੋਂ ਪਿੰਡ ਗੁਣਾਚੌਰ ਵੱਲ੍ਹ ਪਿੰਡ ਦੇ ਨਾਲ-ਨਾਲ ਇਕ ਚਿੱਟੇ ਬਸਤਰ ਪਹਿਨੇ ਹੋਏ ਕੋਈ ਬੰਦੇ ਦੀ ਜਾਤ ਵਿਚ ਇਸ ਤਰਾਂ ਫਿਰਦਾ ਸੀ ਜਿਵੇਂ ਕੋਈ ਪੌਣ ਚਲਦੀ ਹੁੰਦੀ ਹੈ। ਕਈ ਵਾਰ ਮੋਹਰੇ ਦੀ ਲੰਘ ਜਾਣ ਜਿਵੇਂ ਇਕ ਵਾਰ ਅੱਖ ਮੀਟਣ ਤੇ ਉਘਾੜਨ ਨਾਲ ਹਜ਼ਾਰਾਂ ਹੀ ਮੀਲ ਚਲ ਜਾਣ। ਨਰੰਜਨ ਸਿੰਘ ਕਹਿੰਦਾ ਮੈਂ ਡਰ ਗਿਆ। ਖੈਰ ਦੋ ਚਾਰ ਖਰਬੂਜੇ ਲੈ ਕੇ ਮਜਾਰੇ ਵੱਲ੍ਹ ਨੂੰ ਜਿੱਧਰ ਮਹਾਰਾਜ ਬੈਠੇ ਸਨ, ਚਲ ਪਿਆ। ਉਹ ਹੋਰ ਘਬਰਾ ਗਿਆ ਜਦੋਂ ਦੇਖੇ ਤਾਂ ਮਹਾਰਾਜ ਜੀ ਅੱਗਿਓਂ ਚਲੇ ਆਉਣ। ਨਰੰਜਨ ਸਿੰਘ ਕਹਿੰਦਾ ਮੇਰੇ ਮੋਹਰੇ ਆ ਕੇ ਖੜ੍ਹੇ ਹੋ ਗਏ ਤੇ ਆਖਣ ਲੱਗੇ, "ਹਾਂ! ਫੱਤੂ! ਡਰੀਦਾ ਨਹੀਂ ਹੈ। ਸਾਡਾ ਬੰਦਾ ਭਾਵੇਂ ਹਜ਼ਾਰਾਂ ਕੋਹਾਂ ਤੇ ਹੋਵੇ, ਅਸੀਂ ਕੋਲ ਹੀ ਹੋਈਦਾ ਹੈ।" ਖਰਬੂਜੇ ਮੋਹਰੇ ਧਰਕੇ ਨਮਸਕਾਰ ਕੀਤੀ, ਬੈਰਾਗ ਨਾਲ ਅੱਥਰੂ ਵਹਿ ਤੁਰੇ। ਮਨ ਵਿਚ ਆਪਣੇ ਆਪ ਹੀ ਸ਼ਰਮਿੰਦਾ ਹੋ ਰਿਹਾ ਸੀ। ਬਲੀ ਦੀਆਂ ਕਰਾਮਾਤਾਂ ਦੇਖਣਾ ਚਾਹੁੰਦਾ ਸੀ। ਸਾਰੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਦਿਖਾਈਆਂ ਜਿਵੇਂ ਇਕ ਦਿਨ ਗੁਰੂ ਨਾਨਕ ਜੀ ਪਿੰਡ ਕਰਤਾਰਪੁਰ ਬੈਠੇ ਸਨ। ਬਾਬਾ ਬੁੱਢਾ ਜੀ ਦੇ ਨਾਲ, ਭਾਈ ਲੈਹਿਣਾ ਜੀ ਵੀ ਕੋਲ ਹੀ ਬੈਠੇ ਸਨ। ਸਿਆਲ ਦੀ ਰਾਤ ਸੀ, ਹੁਕਮ ਹੋਇਆ ਬਾਲਾ ਦੇਖ ਤਾਂ ਰਾਤ ਕਿਤਨੀ ਗਈ ਹੈ। ਬਾਲਾ ਬਾਹਰ ਦੇਖਕੇ

ਆਖਣ ਲੱਗਾ, "ਜੀ, ਰਾਤ ਅੱਧੀ ਗਈ ਹੈ।" ਇਸ ਤਰਾਂ ਬਾਬੇ ਬੁੱਢੇ ਨੂੰ ਆਖਿਆ ਉਸਨੇ ਵੀ ਅੱਧੀ ਹੀ ਦਸੀ, ਮਰਦਾਨੇ ਨੇ ਵੀ ਅੱਧੀ ਦੱਸੀ। ਫਿਰ ਅੰਗਦ ਵੱਲ੍ਹ ਇਸ਼ਾਰਾ ਕੀਤਾ ਤਾਂ ਉਸਨੇ ਸੋਚਿਆ ਕਿ ਇਹ ਕੋਈ ਕੌਤਕ ਹੈ। ਉਸਨੇ ਕਿਹਾ, "ਮਹਾਰਾਜ! ਜਿੰਨੀ ਆਪ ਦੀ ਰਜ਼ਾ ਵਿਚ ਰਹਿੰਦੀ ਹੈ, ਉਤਨੀ ਰਹਿੰਦੀ ਹੈ।" ਮਹਾਰਾਜ ਜੀ ਬੋਲੇ, "ਕੱਪੜੇ ਧੋ ਕੇ ਲੈ ਆਵੋ।" ਸਰਦੀ ਬੜੀ ਪੈ ਰਹੀ ਸੀ, ਪਾਣੀ ਕੋਰੇ ਨਾਲ ਜੰਮਿਆ ਹੋਇਆ ਸੀ, ਸਾਰੇ ਧੋਣ ਹਿਲਾਉਂਦੇ ਰਹੇ ਜਦੋਂ ਬਾਲੇ ਨੂੰ ਹੁਕਮ ਕੀਤਾ, ਬਾਲਾ ਮੋਹਰੇ ਹੋ ਕੇ ਕਹਿੰਦਾ ਜੀ, ਪਾਲਾ ਬਹੁਤ ਹੈ। ਦਿਨ ਚੜ੍ਹੇ ਧੋ ਲਿਆਵਾਂਗੇ। ਇਸ ਤਰਾਂ ਵਾਰੋ-ਵਾਰੀ ਸਾਰੇ ਬੈਠੇ ਸਿੱਖ ਸੇਵਕਾਂ ਵੱਲ੍ਹ ਹੁਕਮ ਕੀਤਾ ਪਰ ਸਾਰੇ ਦਿਨੇ ਹੀ ਧੋਣ ਦੀਆਂ ਸਲਾਹਾਂ ਦਿੰਦੇ। ਜਦੋਂ ਅੰਗਦ ਵੱਲ੍ਹ ਇਸ਼ਾਰਾ ਕੀਤਾ ਝੱਟਪੱਟ ਕਪੜੇ ਲੈ ਕੇ ਤਲਾਅ ਤੇ ਚਲਿਆ ਗਿਆ। ਜਦੋਂ ਤਲਾਅ 'ਤੇ ਗਿਆ ਤਾਂ ਦਿਨ ਦਾ ਦੁਪਹਿਰਾ ਸੀ ਕੱਪੜੇ ਧੋ ਕੇ ਸੁਕਾਏ, ਜਦੋਂ ਘਰ ਆਏ ਤਾਂ ਰਾਤ ਹੀ ਸੀ। ਇਸੇ ਹੀ ਤਰਾਂ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਨਰੰਜਨ ਸਿੰਘ ਨੂੰ ਕੌਤਕ ਦਿਖਾ ਕੇ ਨਿਹਾਲ ਕੀਤਾ। ਮਾਇਆ ਦੀ ਖੇਡ ਕਰਕੇ ਦਿਖਾਈ ਜਿਵੇਂ ਮੁਲਤਾਨੀ ਰਾਮ ਨੂੰ ਗੁਰੂ ਨਾਨਕ ਜੀ ਨੇ ਦਿਖਾਈ ਸੀ। ਸਾਰੀ ਰਾਤ ਨਰੰਜਨ ਸਿੰਘ ਨੂੰ ਅਦਭੁੱਤ ਕੌਤਕ ਦਿਖਾ ਕੇ ਨਿਹਾਲ ਕੀਤਾ। ਉਸ ਦਿਨ ਮਹਾਰਾਜ ਜੀ ਨਾਈਆਂ ਵਾਲੇ ਟੋਭੇ ਉੱਪਰ ਬੈਠੇ ਸਨ। ਇਕ ਨੌਜਵਾਨ ਮੁੰਡਾ ਪਿੰਡ ਗੁਣਾਚੌਰ ਦਾ ਰਾਜਪੂਤਾਂ ਦਾ ਬਹੁਤ ਸਖ਼ਤ ਬਿਮਾਰ ਸੀ। ਮਹਾਰਾਜ ਜੀ ਦਾ ਪਤਾ ਲੱਗਾ ਪਈ ਕੋਲ ਹੀ ਆਏ ਹੋਏ ਹਨ। ਹੌਲੀ-ਹੌਲੀ ਡਿੱਗਦਾ ਢਹਿੰਦਾ ਚੀਕਾਂ ਮਾਰਦਾ ਹੋਇਆ, ਦੁੱਖ ਭੰਜਨ ਹਾਰੇ, ਕਰਤਾਰ ਦੇ ਰੂਪ ਦੇ ਸਾਹਮਣੇ ਚਲਾ ਗਿਆ। ਬਹੁਤ ਪੀੜ ਹੋ ਰਹੀ ਸੀ, ਰੋਣ ਲੱਗ ਪਿਆ, "ਜੀ! ਸੱਚੇ ਪਾਤਸ਼ਾਹ ਜੀ! ਜਾਂ ਮੇਰੀ ਜਾਨ ਨਿਕਲ ਜਾਵੇ, ਨਹੀਂ ਤਾਂ ਮੈਨੂੰ ਤੰਦਰੁਸਤੀ ਬਖਸ਼ੋ।" ਉਸ ਰੋਗੀ ਵੱਲ੍ਹ ਜ਼ਰਾ ਰਹਿਮਤ ਭਰੀਆਂ ਨਜ਼ਰਾਂ ਨਾਲ ਤੱਕ ਕੇ ਬੋਲੇ, "ਮਾਰ ਸਣੇ ਕੱਪੜੀਂ ਟੋਭੇ ਵਿਚ ਛਾਲ।" ਇਕ ਡੁੱਬਕੀ ਲੈਣ ਨਾਲ ਹੀ ਉਸ ਰਾਜਪੂਤ ਬੱਚੇ ਦੀ ਦੇਹ ਹੌਲੀ ਫੁੱਲ ਵਰਗੀ ਹੋ ਗਈ। ਧੰਨ ਰਾਜਾ ਸਾਹਿਬ ਤੇਰੀ ਕਮਾਈ ਇਕ ਵਾਰ ਦੀ ਤੱਕਣੀ ਨਾਲ ਹੀ ਸਭ ਬਰਕਤਾਂ ਮਿਲ ਜਾਂਦੀਆਂ ਹਨ।

ਬੋਲੋ ਧੰਨ-ਧੰਨ ਰਾਜਾ ਸਾਹਿਬ ਕੀ ਜੈ॥

ਸਾਖੀ ਕਾਲੇ ਨਾਗ ਨਾਲ ਹੋਈ

ਸਾਰਾ ਦਿਨ ਮਹਾਰਾਜ ਨੇ ਉਸ ਨਾਈਆਂ ਵਾਲੇ ਛੱਪੜ ਤੇ ਹੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਸੂਰਜ ਡੁੱਬਣ ਤੇ ਉੱਠਕੇ ਫਿਰ ਢੱਕੀ ਵੱਲ੍ਹ ਚਲੇ ਗਏ। ਰਾਤ ਪੈਣ ਤੇ ਨੀਲੇ ਅਕਾਸ਼ ਵੱਲ੍ਹ ਤਾਰੇ ਝਲ੍ਹਕਾਂ ਮਾਰ ਰਹੇ ਸਨ। ਸਭ ਨਰ ਨਾਰੀ ਸੁੱਖ ਦੀ ਨੀਂਦੇ ਸੌਂ ਰਹੇ ਸਨ। ਠੰਡੀ ਠੰਡੀ ਪੌਣ ਰੁਮ੍ਹਕ ਰਹੀ ਸੀ। ਪਪੀਹਾ ਵੀ ਪੀ ਪੀ ਕਰ ਰਿਹਾ ਸੀ। ਜੀਵ ਜੰਤੂ ਸਭ ਖੁੱਡਾਂ ਛੱਡ ਕੇ ਬਾਹਰ ਖੇਡ ਰਹੇ ਸਨ। ਮਿੱਠੀ-ਮਿੱਠੀ ਪੌਣ ਦੇ ਝੱਕੇ ਵਗ ਰਹੇ ਸਨ। ਪਪੀਹਾ ਬੋਲ ਰਿਹਾ ਸੀ, ਜਾਨਵਰ ਖੁਸ਼ੀਆਂ ਨਾਲ ਬੁੱਬਾਂ ਮਾਰਦੇ ਸਨ। 'ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ।' ਉਨ੍ਹਾਂ ਦੀ ਬਿਰਤੀ ਪਿਆਰੇ ਪ੍ਰਭੂ ਨਾਲ ਜੁੜੀ ਹੋਈ ਹੈ। ਬਿਸ਼ਨ ਸਿੰਘ ਪਿੰਡ ਗੁਣਾਚੌਰ ਦਾ ਜਮਾਂਦਾਰ ਜਿਹੜਾ ਚੌਕੀਦਾਰਾਂ ਕਰਦਾ ਹੈ। ਮਨ ਵਿਚ ਪ੍ਰੇਮ ਦਾ ਹੜ੍ਹ ਆਇਆ ਹੋਇਆ ਹੈ। ਘਰੋਂ ਉੱਠਕੇ ਨਾਈਆਂ ਵਾਲੇ ਟੋਭੇ ਤੇ ਆ ਕੇ ਪਤਾ ਕੀਤਾ, ਪੁੱਛਣ ਤੇ ਪਤਾ ਲੱਗਾ ਕਿ ਮਹਾਰਾਜ ਜੀ ਢੱਕੀ ਵਿਚ ਚਲੇ ਗਏ ਹਨ। ਬਿਸ਼ਨ ਸਿੰਘ ਢੱਕੀ ਵਿਚ ਚਲੇ ਗਿਆ, ਆਦਾਬ ਕੀਤਾ। ਬਿਸ਼ਨ ਸਿੰਘ ਨੂੰ ਪਿੱਛੇ ਮੋੜ ਦਿੱਤਾ, ਆਪ ਛਿਛਰਿਆ ਵਿਚ ਜਾ ਵੜੇ। ਬਿਸ਼ਨ ਸਿੰਘ ਬਾਹਰ ਖੜ੍ਹਾ ਸੀ, ਗ਼ੈਬੀ ਗੱਲਾਂ ਕਰ ਰਹੇ ਸਨ, ਸੁਣ ਰਿਹਾ ਹੈ। ਇਕ ਛੋਟੀ ਜਿਹੀ ਢੱਕੀ ਵਿਚ ਛੱਪੜੀ ਜਿਹੀ ਸੀ। ਉਸ ਕੋਲ ਜਾ ਬੈਠੇ ਬਿਸ਼ਨ ਸਿੰਘ ਪਾਸੇ ਜਿਹੇ ਹੋ ਕੇ ਸਾਰੀ ਖੇਡ ਦੇਖੀ ਜਾ ਰਿਹਾ ਹੈ ਕੁੱਝ ਦੇਰ ਬਾਅਦ ਇਕ ਖੜੱਪਾ ਸੱਪ ਆਇਆ ਆ ਕੇ ਪਿੱਛੇ ਮੁੜ ਗਿਆ। ਮਹਾਰਾਜ ਜੀ ਬੋਲੇ, "ਆਜਾ! ਬਈ ਸੰਗ ਨਾ, ਜੋ ਕੁੱਝ ਕਰਨ ਆਇਆ ਸੀ, ਕਰ ਲੈ ਸੰਗੀ ਦਾ ਨਹੀਂ ਹੈ।" ਕਾਲਾ ਨਾਗ ਮੋਹਰੇ-ਮੋਹਰੇ ਫਿਰ ਰਿਹਾ ਸੀ, ਮਹਾਰਾਜ ਜੀ ਉਸਦੇ ਪਿੱਛੇ-ਪਿੱਛੇ ਉਸਨੂੰ ਆਖੀ ਜਾ ਰਹੇ ਹਨ, "ਜਦੋਂ ਆਈਦਾ ਹੈ, ਆ ਜਾਈਏ ਤਾਂ ਪਿੱਛੇ ਨਹੀਂ ਮੁੜੀਦਾ।" ਮਹਾਰਾਜ ਸੱਪ ਦੇ ਮੋਹਰੇ ਹੋ ਕੇ ਸੱਪ ਦੇ ਸਿਰ ਨੂੰ ਸੱਜੇ ਚਰਨ ਨਾਲ ਠੋਰਿਆ ਨਾਲ ਹੀ ਬੋਲੇ, "ਵਾਰ ਕਰਕੇ ਜਾਈਦਾ ਹੈ। ਪਿੱਛੇ ਮੁੜਨਾ ਸੂਰਮੇ ਦਾ ਧਰਮ ਨਹੀਂ ਹੈ।" ਨਾਗ ਨੇ ਸੱਜੀ ਪਿੰਨੀ ਤੇ ਡੰਗ ਮਾਰਿਆ। ਅੱਗੋਂ ਮਹਾਰਾਜ ਜੀ ਆਖਣ ਲੱਗੇ, "ਹਾਂ, ਹਾਂ ਐਸਾ ਹੀ ਹੋਣਾ ਚਾਹੀਦਾ ਹੈ।" ਜਦੋਂ ਨਾਗ ਨੇ

ਡੰਗ ਮਾਰਿਆ ਤਾਂ ਬਿਸ਼ਨ ਸਿੰਘ ਬਹੁਤ ਡਰਿਆ, ਘਬਰਾ ਕੇ ਪਿੰਡ ਮਜਾਰੇ ਵੱਲ੍ਹ ਨੂੰ ਭੱਜਿਆ। ਇਕ ਦੋ ਮਣਕਿਆਂ ਵਾਲਿਆਂ ਕੋਲ ਵੀ ਦੱਸਿਆ, ਅਨੂਪ ਸਿੰਘ ਮਣਕਾ ਲੈ ਕੇ ਨੱਠਿਆ। ਫਤਿਹ ਸਿੰਘ ਦੁਆਈ ਲੈ ਕੇ ਭੱਜਿਆ ਗਿਆ ਪਿੰਡ ਰਹਿਪੇ ਵੀ ਪਤਾ ਆਣ ਕੀਤਾ ਠਾਕਰ ਸਿੰਘ, ਅਰਜਨ ਨਾਈ ਨੂੰ ਲੈ ਕੇ ਗਿਆ, ਜਿਹੜਾ ਵੀ ਜਾਵੇ ਮਹਾਰਾਜ ਜੀ ਮੋਹਰੇ ਤੋਂ ਆਖਣ, "ਨੱਠ ਚੱਲੋ! ਨੱਠ ਚੱਲੋ! ਨਾਗ ਵੀ ਰਾਜਾ ਦੇ ਹਨ, ਜ਼ਹਿਰ ਵੀ ਰਾਜਾ ਦੀ ਬਣਾਈ ਹੋਈ ਹੈ, ਕੀ ਹੋਇਆ ਜੇ ਡੱਡੂ ਸੱਪ ਦੰਦੀ ਵੱਢ ਗਿਆ ਕੁੱਝ ਨਹੀਂ ਹੁੰਦਾ। ਸਭ ਚਲੇ ਜਾਵੋ।" ਫਤਿਹ ਸਿੰਘ ਕਹਿੰਦਾ ਜੀ "ਏਹ ਬਹੁਤ ਚੰਗੀ ਦੁਆਈ ਹੈ, ਬਿੱਛੂ ਦੀ ਜ਼ਹਿਰ ਨੂੰ ਵੀ ਮਾਰ ਸਕਦੀ ਹੈ।" ਮਹਾਰਾਜ ਜੀ ਫਤਿਹ ਸਿੰਘ ਨੂੰ ਬੋਲੇ "ਫੱਤੂ ਤੂੰ ਹੀ ਛਕ ਲੈ ਇਸ ਵਿਚ ਜ਼ਹਿਰ ਨਹੀਂ ਰਹੀ।" ਸੱਚੇ ਪਾਤਸ਼ਾਹ ਦੇ ਹੁਕਮ ਨਾਲ ਰਾਜਾ ਰਾਜਾ ਆਖ ਕੇ ਪੀ ਲਈ ਪਰ ਪਤਾ ਨਹੀਂ ਉਸਦਾ ਜ਼ਹਿਰ ਮਾਦਾ ਕਿਧਰ ਚਲਾ ਗਿਆ। ਅੰਮ੍ਰਿਤ ਬਣਿਆ ਹੋਇਆ ਸੀ, ਆਪੇ ਹੀ ਆਰਾਮ ਆ ਗਿਆ ਕੋਈ ਦੁਆਈ ਬੂਟੀ ਨਹੀਂ ਕੀਤੀ। ਜਦੋਂ ਡੰਗ ਮਾਰਕੇ ਆਪ ਪਿੱਛੇ ਹਟਿਆ ਉਹ ਮਰ ਗਿਆ। ਮਹਾਰਾਜ ਕਹਿੰਦੇ, "ਬਿਸ਼ਨਾ! ਇੰਦਰ ਆਇਆ ਸੀ, ਕਲਿਆਣ ਚਾਹੀਦਾ ਹੈ।" ਐਸਾ ਕੌਤਕ ਕੀਤਾ ਰਾਜਾ ਦੀਆਂ ਗੱਲਾਂ ਰਾਜਾ ਹੀ ਜਾਣੇ ਹੋਰ ਕੋਈ ਕੀ ਆਖ ਸਕਦਾ ਹੈ? ਬ੍ਰਹਮ ਗਿਆਨੀ ਦੀ ਗਤ ਬ੍ਰਹਮ ਗਿਆਨੀ ਹੀ ਜਾਣਦਾ ਹੈ।

ਬੋਲੋ ਭਾਈ ਵਾਹਿਗੁਰੂ॥

ਸਾਖੀ ਪਿੰਡ ਮੇਹਦਪੁਰ ਦੇ ਸ਼ੇਰ ਸਿੰਘ ਨਾਲ ਹੋਈ

ਇੰਦਰ ਸਿੰਘ ਦਾ ਭਤੀਜਾ ਕਿਸੇ ਕੇਸ ਵਿਚ ਆ ਗਿਆ। ਮੁਕੱਦਮਾ ਚੰਗੀ ਤਰਾਂ ਬਣ ਗਿਆ। ਪੜ੍ਹਿਆ ਲਿਖਿਆ ਮੁੰਡਾ ਸੀ, ਜਦੋਂ ਪੜ੍ਹਾਈ ਕੀਤੀ ਹੋਈ, ਐਵੇਂ ਜਾਣ ਲੱਗੀ ਤਾਂ ਕਈ ਪਾਸੀਂ ਕੋਸ਼ਿਸ਼ਾਂ ਕੀਤੀਆਂ ਪਰ ਕੇਸ ਮਜ਼ਬੂਤ ਹੀ ਬਣ ਗਿਆ। ਗਵਾਹ ਚੰਗੀ ਤਰਾਂ ਭੁਗਤ ਗਏ, ਪੱਕਾ ਯਕੀਨ ਹੋ ਗਿਆ ਕਿ ਹੁਣ ਦੁੰਮਣ ਸਿੰਘ ਨੂੰ ਸਜ਼ਾ ਹੋ ਹੀ ਜਾਵੇਗੀ। ਮਨ ਵਿਚ ਦੌੜਾਂ ਲੱਗੀਆਂ

ਕਿ ਇਸ ਵੇਲੇ ਕੋਈ ਭਤੀਜੇ ਨੂੰ ਸਜ਼ਾ ਤੋਂ ਬਚਾ ਸਕਦਾ ਹੈ ਕਿ ਨਹੀਂ? ਅੰਦਰੋਂ ਹੀ ਕਿਸੇ ਨੇ ਅਵਾਜ਼ ਦਿੱਤੀ, "ਹਾਂ! ਹਾਂ! ਸੂਲੀ ਚੜ੍ਹਦਿਆਂ ਨੂੰ ਰੱਖ ਸਕਦਾ ਹੈ। ਜਿਥੇ ਕੋਈ ਨਹੀਂ ਹੁੰਦਾ ਉੱਥੇ ਆਪ ਚਲੇ ਜਾਂਦਾ ਹੈ। ਪ੍ਰਹਿਲਾਦ ਨੂੰ ਬਚਾਇਆ, ਸਧਨੇ ਨੂੰ ਬਚਾਇਆ, ਮਰਦਾਨੇ ਨੂੰ ਕੌਡੇ ਦੀ ਕੈਦ ਵਿਚੋਂ ਛੁਡਾਇਆ, ਬਵੈਜਾ ਰਾਜੇ ਗਵਾਲੀਅਰ ਕਿਲੇ ਦੀ ਕੈਦ ਵਿਚੋਂ ਛੁਡਾਏ ਤਦੇ ਹੀ ਬੰਦੀ ਛੋੜ ਆਖਦੇ ਹਨ, ਭੀਲਣੀ ਨੂੰ ਤਾਰਿਆ।" ਜਦੋਂ ਅੰਤਰ ਧਿਆਨ ਹੋਇਆ ਕਿਸੇ ਨੇ ਆਖਿਆ, "ਭਾਈ ਸ਼ੇਰ ਸਿੰਘ! ਐਸ ਵੇਲੇ ਪਿੰਡ ਮਜਾਰੇ ਇਕ ਆਦਮ ਦੀ ਸੂਰਤ ਵਿਚ ਬੈਠਾ, ਕਰਤਾਰ ਦਾ ਹੀ ਰੂਪ ਜਿਸਦੇ ਹੁਕਮ ਵਿਚ ਸਭ ਕਲਮਾਂ ਵਹਿ ਰਹੀਆਂ ਹਨ। ਉਸਦੇ ਹੁਕਮ ਵਿਚ ਪੌਣ ਪਾਣੀ, ਅਗਨੀ, ਦਰਿਆ ਵਹਿ ਰਹੇ ਹਨ, ਚੰਦ ਸੂਰਜ ਵੀ ਉਸ ਮਹਾਂਬਲੀ ਦੇ ਹੁਕਮ ਵਿਚ ਚੱਲ ਰਹੇ ਹਨ। ਚੱਲ! ਉਸਦੇ ਚਰਨਾਂ ਵਿਚ ਚਲ ਕੇ ਬੇਨਤੀ ਕਰ ਕਿਤੇ ਤੇਰਾ ਭਤੀਜਾ ਸਜ਼ਾ ਤੋਂ ਬਚ ਜਾਵੇ। ਸ਼ੇਰ ਸਿੰਘ ਉਸੇ ਹੀ ਸਮੇਂ ਪਿੰਡ ਮੋਹਦਪੁਰ ਹੀ ਬੈਠਾ ਮਨ ਵਿਚ ਇਕ ਬੇਨਤੀ ਕਰ ਰਿਹਾ ਹੈ, "ਪ੍ਰਭੂ ਜੀ!! ਜੇਕਰ ਮੇਰਾ ਭਤੀਜਾ ਇਸ ਕੇਸ ਤੋਂ ਬਰੀ ਹੋ ਜਾਵੇ ਤਾਂ ਮੈਂ ਚਾਂਦੀ ਦੀਆਂ ਕੜੀਆਂ ਬਣਾ ਕੇ ਪਿੰਡ ਮਜਾਰੇ ਬੱਚੇ ਨੂੰ ਲਿਜਾ ਕੇ ਚੜ੍ਹਾਵਾਂਗਾ। ਮੁੰਡਾ ਸਾਫ਼ ਬਰੀ ਹੋ ਗਿਆ। ਬਰੀ ਹੋਣ ਤੇ ਚਾਂਦੀ ਦੀਆਂ ਕੜੀਆਂ ਬਣਾ ਕੇ ਲੈ ਆਇਆ, ਇਕ ਲੜਕਾ ਸੀ ਦੂਜੀ ਉਸਦੀ ਨਾਲ ਭੈਣ ਸੀ। ਤਿੰਨੇ ਜਣੇ ਪਿੰਡ ਮਜਾਰੇ ਆਏ ਤਾਂ ਮਹਾਰਾਜ ਜੀ ਦੌਲੇ ਦੇ ਘਰ ਦਰਵਾਜ਼ੇ ਸਾਹਮਣੇ ਬੈਠੇ ਸਨ। ਸ਼ੇਰ ਸਿੰਘ, ਉਸ ਦਾ ਭਤੀਜਾ ਤੇ ਭਤੀਜੀ ਜਦੋਂ ਸਾਹਮਣੇ ਆਏ ਤਾਂ ਸ਼ੇਰ ਸਿੰਘ ਦੇ ਮਨ ਵਿਚ ਇਹ ਆਈ ਇਹ ਕੜੀਆਂ ਮਹਾਰਾਜ ਜੀ ਦੇ ਕਿਸ ਕੰਮ ਆਉਣੀਆਂ ਹਨ? ਇਹੋ ਜਿਹੀਆਂ ਚੀਜ਼ਾਂ ਤਾਂ ਐਵੇਂ ਹੀ ਸੁੱਟੀ ਜਾਂਦੇ ਹਨ, ਨਾ ਕੋਈ ਸੰਭਾਲਦਾ ਹੈ, ਨਾ ਕੋਈ ਰੱਖਦਾ ਹੈ, ਨਾ ਆਪ ਹੀ ਪਹਿਨਦੇ ਹਨ। ਇਨ੍ਹਾਂ ਨੇ ਕੜੀਆਂ ਕੀ ਕਰਨੀਆਂ ਹਨ? ਪੰਜ ਰੁਪਏ ਮੱਥਾ ਟੇਕ ਦਿੰਦੇ ਹਾਂ, ਸੁੱਖ ਪੂਰੀ ਹੋ ਜਾਵੇਗੀ, ਜਦੋਂ ਸ਼ੇਰ ਸਿੰਘ ਦੇ ਮਨ ਵਿਚ ਇਹ ਵਿਚਾਰ ਆਈ, ਮਹਾਰਾਜ ਜੀ ਉਥੋਂ ਕਰਮੀ ਨੂੰ ਆਖਣ ਲੱਗੇ, "ਕਰਮੀ ਜੇ ਕੋਈ ਜ਼ੁਬਾਨ ਕਰਕੇ ਮੁੱਕਰ ਜਾਵੇ ਉਸ ਬੰਦੇ ਨੂੰ ਝੱਟ ਬਾਹੋਂ ਫੜਕੇ ਬਾਹਰ ਕਰ ਦੇਈਦਾ ਹੈ। ਜਾਹ ਉਸਨੂੰ ਆਖ ਜੋ ਕੁੱਝ ਮੰਨਿਆ ਉਹ ਕੁੱਝ ਹੀ ਦੇਈਦਾ ਹੈ।" ਕਰਮੀ ਕਿਸੇ ਨੂੰ ਕਹਿ ਸਕੇ ਆਏ

ਬੰਦੇ ਨੂੰ ਕਹਿਣਾ ਬਹੁਤ ਮੁਸ਼ਕਿਲ ਹੁੰਦਾ ਹੈ। ਮਹਾਰਾਜ ਜੀ ਫਿਰ ਕਹਿਣ ਲੱਗੇ, "ਮੈਹਦਪੁਰੀਏ ਨੂੰ ਆਖ ਜਾਂ ਤਾਂ ਸਾਰੀ ਚੀਜ ਦੇਵੇ, ਨਹੀਂ ਤਾਂ ਘਰੋਂ ਬਾਹਰ ਹੋ ਜਾਵੇ। ਝੱਟ ਕਰ।" ਜਦੋਂ ਪਿੰਡ ਮੈਹਦਪੁਰ ਦਾ ਨਾਂ ਲਿਆ ਤਾਂ ਉਸੇ ਵੇਲੇ ਚਾਂਦੀ ਦੀਆਂ ਬਣੀਆਂ ਹੋਈਆਂ ਕੜੀਆਂ ਕੱਢਕੇ ਮੋਹਰੇ ਧਰ ਕੇ ਵਾਰੋ-ਵਾਰ ਸਲਾਮਾਂ ਕਰਨ ਲੱਗਾ, ਧੰਨ ਹੈ ਰਾਜਾ ਸਾਹਿਬ! ਤੇਰੀ ਸ਼ਕਤੀ ਭੂ! ਸਭ ਥਾਂ ਹਾਜ਼ਿਰ ਹੈਂ", ਫਿਰ ਸਾਰੀ ਕਹਾਣੀ ਕਰਮੀ ਨੂੰ ਸਰਦਾਰ ਨੇ ਦੱਸੀ। ਫਿਰ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਉਂਦੇ ਰਹੇ।

ਬੋਲੋ ਭਾਈ ਵਾਹਿਗੁਰੂ॥

ਸਾਖੀ ਫੱਜੇ ਤੇਲੀ ਤੇ ਬਤਨ ਸਿੰਘ ਨਾਲ ਹੋਈ

ਫੱਜਾ ਤੇਲੀ ਪਿੰਡ ਰਹਿਪੇ ਦੇ ਤੇਲੀ ਦਾ ਲੜਕਾ ਸੀ। ਉਹ ਇਕ ਦਿਨ ਮਹਾਰਾਜ ਜੀ ਦੇ ਦਰਸ਼ਨਾਂ ਵਾਸਤੇ ਗਿਆ। ਮਹਾਰਾਜ ਜੀ ਕਿਰਪੇ ਦੇ ਚੁਬਾਰੇ ਵਿਚ ਬੈਠੇ ਸਨ। ਜਦੋਂ ਫੱਜਾ ਤੇਲੀ ਸਾਹਮਣੇ ਹੋਇਆ, ਭੀੜ ਕਾਫ਼ੀ ਸੀ, ਬਹੁਤ ਸ਼ਰਧਾ ਨਾਲ ਚਰਨਾਂ 'ਤੇ ਮੱਥਾ ਟੇਕਿਆ ਤੇ ਮਹਾਰਾਜ ਜੀ ਦਾ ਹੁਕਮ ਬੈਠ ਜਾਣ ਲਈ ਹੋਇਆ। ਫੱਜਾ ਇਕ ਪਾਸੇ ਹੋ ਕੇ ਬੈਠ ਗਿਆ। ਬੈਠੇ ਫੱਜੇ ਵੱਲ ਤੱਕ ਕੇ ਜ਼ਰਾ ਮੁਸਕਰਾਏ, ਹੱਸ ਪਏ, ਪੁੱਛਿਆ, "ਮੌਲੇ ਦੇ ਪੁੱਤਰ ਸੇ ਹੈਂ?" "ਫੱਜਾ, "ਜੀ ਹਾਂ!" ਤੇ ਹੁਕਮ ਹੋਇਆ, "ਅੰਮ੍ਰਿਤ ਛੱਕ ਲਈਦਾ ਹੈ, ਦਾੜ੍ਹੀ ਕੇਸ ਰੱਖ ਲਈਦੇ ਹਨ, ਕਛਹਿਰਾ ਪਾ ਲਈਦਾ ਹੈ। ਅੰਮ੍ਰਿਤਸਰ ਦੀ ਇੱਟ ਪਹਿਲਾਂ ਰਾਜਾ ਨੇ ਹੀ ਰੱਖੀ ਸੀ, ਡਰੀਦਾ ਨਹੀਂ।" ਇਹੋ ਜਿਹੀਆਂ ਗਜ਼ਾਂ ਦੇ ਕੇ ਫੱਜੇ ਨੂੰ ਤੋਰ ਦਿੱਤਾ। ਇਹੋ ਗੱਲ 1932 ਵਿਚ ਆਖੀ ਸੀ ਜਦੋਂ 1947 ਦਾ ਘੱਲੂਘਾਰਾ ਹੋਇਆ ਸੀ। ਉਸ ਸਮੇਂ ਉਸ ਬਚਨ ਦਾ ਪਤਾ ਲੱਗਾ। ਫੱਜਾ ਤੇਲੀ ਅੰਮ੍ਰਿਤਧਾਰੀ ਹੋ ਕੇ ਪੂਰਾ ਸਿੱਖ ਸਜ ਗਿਆ। ਕੇਸ ਦਾੜ੍ਹੀ ਸਜਾ ਲਏ ਕੜਾ ਕਿਰਪਾਨ ਵੀ ਪਹਿਨ ਲਈ, ਨਾਮ ਸਾਧੂ ਸਿੰਘ ਰੱਖ ਲਿਆ। ਇਸ ਵੇਲੇ ਪੱਕਾ ਸਿੱਖ ਬਣਿਆ ਹੋਇਆ ਹੈ। ਇੰਨੇ ਚਿਰ ਨੂੰ ਇਕ ਹੋਰ ਪਿੰਡ ਰਹਿਪੇ ਦਾ ਬਤਨ ਸਿੰਘ ਰਾਮਗੜ੍ਹੀਆ ਦਰਸ਼ਨ ਨੂੰ ਗਿਆ। ਮਹਾਰਾਜ ਬੋਲੇ, "ਲਾਭੇ ਦਿਆਂ ਦਾ ਹੈ?" ਬਤਨ ਸਿੰਘ ਨੂੰ ਕੋਲ ਬਿਠਾ ਕੇ ਹੁਕਮ ਕੀਤਾ, "ਕਾਂਡੀਆਂ

ਸਾਰਖੀਆਂ, ਤੇ ਵੀ ਰਾਜਾ ਦੀ ਮੋਹਰ ਲੱਗੀ ਹੋਈ ਹੈ।" ਇੱਟਾਂ ਲਾਉਣੀਆਂ ਸਿੱਖ ਲਈ ਦੀਆਂ ਹਨ। ਦੁਆਈ ਬੂਟੀ ਕਰ ਲਈਦੀ ਹੈ। ਧਾਗੇ ਤਵੀਤ ਦੇ ਛੱਡੀਦੇ ਹਨ। ਬਤਨਾ! ਮੱਖੀ ਸਾਰਖੀ ਵੀ ਰਾਜਾ ਦੇ ਹੁਕਮ ਵਿਚ ਹੀ ਉਡਦੀ ਫਿਰਦੀ ਹੈ।" ਮਜਾਰੇ ਬੈਠਿਆਂ ਨੇ ਮੱਖੀ ਦੀ ਗਮਜ਼ ਮਾਰੀ। ਵਿਸਾਖੀ ਦਾ ਦਿਨ ਸੀ, ਸਾਰੀ ਸੰਗਤ ਰਹਿਪੇ ਵਾਲੇ ਗੁਰਦੁਆਰੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਲੈ ਕੇ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦੇ ਹੋਏ ਸਭ ਮਾਈ ਭਾਈ ਪਿਡੋਂ ਘਰਾਂ ਨੂੰ ਜਿੰਦਰੇ ਮਾਰ ਕੇ ਇਕ ਜਲੂਸ ਦੀ ਸ਼ਕਲ ਵਿਚ ਮੁਾਰ ਵਾਜੇ ਗਾਜੇ ਵਜਾਉਂਦੇ ਹੋਏ, ਸੁੱਖੀਆਂ ਹੋਈਆਂ ਦੇਗਾਂ ਲੈ ਕੇ ਰਾਜਾ ਸਾਹਿਬ ਜੀ ਦੇ ਉਸ ਸੱਚੇ ਦਰਬਾਰ ਵਿਚ ਪਹੁੰਚੇ ਜਿਹੜਾ ਪਿਡੋਂ ਲਹਿੰਦੇ ਪਾਸੇ ਹੈ, ਜਿਹੜਾ ਉਸ ਵੇਲੇ ਇਕ ਥੜ੍ਹੇ ਦੇ ਰੂਪ ਵਿਚ ਮਹਾਰਾਜ ਜੀ ਦਾ ਤਖ਼ਤ ਸੀ, ਅਰਦਾਸ ਹੋਈ, ਪਰਸ਼ਾਦ ਵਰਤ ਰਿਹਾ ਸੀ। ਪਹਿਲਾਂ-ਪਹਿਲ ਬ੍ਰਿਛ ਕਾਫ਼ੀ ਲੱਗੇ ਹੋਏ ਸਨ। ਟਾਹਲੀਆਂ ਅੰਬਾਂ ਦੇ ਬੂਟੇ ਬਾਬੇ ਹਰੀ ਸਿੰਘ ਨੇ ਬੜੇ ਸ਼ੌਕ ਨਾਲ ਲਾਏ ਹੋਏ ਸਨ। ਪਤਾ ਨਹੀਂ ਕੀ ਰਜ਼ਾ ਹੋਈ ਝੁਮਣੇ ਕਈ ਲੱਗੇ ਹੋਏ ਸਨ, ਮੱਖੀਆਂ ਉੱਡ ਪਈਆਂ, ਲੱਗੀਆਂ ਸੰਗਤ ਨੂੰ ਤੋੜ-ਤੋੜ ਖਾਣ। ਕੋਈ ਪਿੰਡ ਵੱਲ੍ਹ ਨੂੰ ਭੱਜਿਆ, ਮੱਖੀਆਂ ਨੇ ਲੜ-ਲੜ ਕੇ ਸਿਰ ਮੂੰਹ ਸੁਜਾ ਦਿੱਤੇ। ਪੂਰਨ ਦੇਈ, ਇਕ ਭਾਗਵੰਤੀ ਨੈਣ, ਭਿਤਰ ਆਦਿਧਰਮੀ ਹੋਰ ਕਈ ਭੱਜ ਜਾਂਦੇ ਚੰਗੇ ਤੋੜ ਕੇ ਖਾਧੇ। ਕੋਈ ਲੜਦੀਆਂ ਤੇ ਹੀ ਟੋਭੇ ਵਿਚ ਜਾ ਲੁਕਿਆ, ਕੋਈ ਪਿੰਡ ਮਸਾਣੀ ਜਾ ਵੜਿਆ। ਇਕ ਬੱਗਾ ਸਿੰਘ ਭਾਈ ਜਿਸ ਦੀਆਂ ਲੱਤਾਂ ਸੁੱਕੀਆਂ ਹੋਈਆਂ ਸਨ, ਬੈਠਾ ਬੈਠਾ ਹੀ ਭੁਰਦਾ ਸੀ ਵਿਚਾਰਾ। ਕਿਸੇ ਪਾਸੇ ਨੱਠ ਭੱਜ ਵੀ ਨਹੀਂ ਸੀ ਕਰ ਸਕਦਾ। ਭਾਈ ਨਿਆਸਰਾ ਨਿਤਾਣਾ ਹੋ ਕੇ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਆਸਰਾ ਲੈ ਕੇ ਇਕ ਮਨ ਇਕ ਧਿਆਨ ਹੋ ਕੇ ਤਖ਼ਤ ਦੇ ਮੋਹਰੇ ਜਿੱਥੇ ਅਰਦਾਸ ਕੀਤੀ ਸੀ, ਹੱਥ ਜੋੜਕੇ, ਅੱਖਾਂ ਮੀਟ ਕੇ ਬੈਠ ਗਿਆ। ਹੋਰ ਸਰਬੱਤ ਸੰਗਤ ਦੀਆਂ ਦੌੜਾਂ ਲਾ ਦਿੱਤੀਆਂ, ਸਭ ਨੂੰ ਮੱਖੀਆਂ ਨੇ ਭੰਗ ਮਾਰੇ। ਭਾਈ ਬੱਗਾ ਸਿੰਘ ਨੂੰ ਕੋਈ ਮੱਖੀ ਨਾ ਲੜੀ। ਕੌਤਕ ਪਿੰਡ ਰਹਿਪੇ ਹੋ ਰਿਹਾ ਸੀ। ਬਤਨ ਸਿੰਘ ਨੂੰ ਪਿੰਡ ਮਜਾਰੇ ਬੈਠੇ ਦੱਸ ਰਹੇ ਸਨ, "ਹਾਂ! ਹਾਂ! ਬਤਨਾ! ਰਹਿਪੇ ਜਾ ਕੇ ਆਖ ਦੇਣਾ ਮੱਖੀ ਰਾਜਾ ਦੇ ਹੁਕਮ ਨਾਲ ਹੀ ਲੜਦੀ ਹੈ।" ਬਤਨ ਸਿੰਘ ਜਦੋਂ ਪਿੰਡ ਰਹਿਪੇ ਆਇਆ ਤਾਂ ਸਾਰੇ ਪਿੰਡ ਦੇ ਲੋਕਾਂ ਦਾ ਸਿਰ ਮੂੰਹ ਸੁੱਜਿਆ ਹੋਇਆ ਸੀ। ਬਤਨ ਸਿੰਘ ਨੇ ਦੱਸਿਆ

ਭਾਈ ਮਹਾਰਾਜ ਦੀ ਇਹ ਸਭ ਖੇਡ ਹੋਈ ਹੈ। ਮੈਨੂੰ ਹੁਕਮ ਕੀਤਾ ਸੀ ਪਿਛ ਜਾ ਕੇ ਦੱਸ ਦੇਵੀਂ ਕਿ ਮੱਖੀ ਰਾਜਾ ਦੇ ਹੁਕਮ ਨਾਲ ਹੀ ਉੱਡਦੀ ਹੈ। ਸਾਰੇ ਲੋਕੀ ਹੈਰਾਨ ਹੋਏ। ਬਤਨ ਸਿੰਘ ਨੇ ਉਹ ਬਚਨ ਜੋ ਉਸ ਨੂੰ ਕੀਤੇ ਸਨ ਕਿ ਸਾਰੇ ਕੰਮ ਉਹ ਹੀ ਕਰ ਰਿਹਾ ਹੈ ਸਾਰੀ ਸੰਗਤ ਨੂੰ ਸੁਣਾਏ। *ਬੋਲੋ ਭਾਈ ਵਾਹਿਗੁਰੂ॥*

ਸਾਖੀ ਉਮਰੂ ਨਾਲ ਹੋਈ

ਪਿੰਡ ਮਜਾਰੇ ਜੱਟ ਉਮਰੂ ਰਹਿਣ ਵਾਲਾ ਜੁਆਲੇ ਦਾ ਪੁੱਤਰ ਕੋਈ ਬਾਈ ਤੇਈ ਸਾਲ ਦਾ ਉਮਰ ਦਾ ਸੀ। ਉਮਰੂ ਆਪਣੇ ਰਹਿਣ ਵਾਸਤੇ ਮਕਾਨ ਪਾਉਣ ਲੱਗਾ। ਹਾਲੇ ਨੀਂਹ ਪੁੱਟਣੀ ਸ਼ੁਰੂ ਕੀਤੀ ਸੀ, ਮਹਾਰਾਜ ਜੀ ਨੇ ਮੌਕੇ ਤੇ ਆ ਕੇ ਹੁਕਮ ਕੀਤਾ- "ਉਮਰੂ! ਰਹਿਣ ਦੇ! ਮਕਾਨ ਕੀ ਕਰਨਾ ਹੈ? ਮਕਾਨ ਨਾ ਪਾਈਂ!" ਮਹਾਰਾਜ ਜੀ ਦੇ ਕਹਿਣ ਤੇ ਉਮਰੂ ਉਸੇ ਵੇਲੇ ਹਟ ਗਿਆ। ਮਹਾਰਾਜ ਜੀ ਦੇ ਅੱਗੇ ਚਲੇ ਜਾਣ ਤੇ ਫਿਰ ਪਾਉਣਾ ਸ਼ੁਰੂ ਕਰ ਦਿੱਤਾ। ਜਦੋਂ ਕੰਧ ਆਦਮੀ ਦੇ ਗਲ-ਗਲ ਤੱਕ ਚਲੇ ਗਈ ਤਾਂ ਮਹਾਰਾਜ ਜੀ ਫਿਰ ਦੂਜੀ ਵਾਰੀ ਮਕਾਨ ਪੈਂਦੇ ਵੱਲ੍ਹ ਆ ਗਏ। ਮਹਾਰਾਜ ਜੀ ਨੇ ਕੰਧ ਪਾਈ ਹੋਈ ਢੁਹਾ ਸੁਟੀ, ਫਿਰ ਮਹਾਰਾਜ ਜੀ ਇਹੋ ਆਖਣ ਲੱਗੇ, "ਕਾਕਾ! ਤੂੰ ਮਕਾਨ ਕੀ ਕਰਨੇ ਹਨ?" ਪਰ ਹੁਕਮ ਮੰਨਣ ਬੜਾ ਮੁਸ਼ਕਿਲ ਹੈ, ਮਹਾਂਪੁਰਸ਼ਾਂ ਦਾ ਜੋ ਹੁਕਮ ਹੈ, ਸੋ ਕਰਤਾਰ ਦਾ ਹੀ ਹੁਕਮ ਹੈ। ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨ ਲੈਣ ਨਾਲ ਹੀ ਗੁਰੂ ਅੰਗਦ ਦੇਵ ਜੀ ਲਹਿਣੇ ਤੋਂ ਅੰਗਦ ਬਣੇ ਸਨ। ਤੀਜੀ ਵਾਰ ਫਿਰ ਉਮਰੂ ਨੂੰ ਬਹੁਤ ਰੋਹ ਨਾਲ ਆਖਿਆ। ਫਿਰ ਮਹਾਰਾਜ ਕੁੱਝ ਨਹੀਂ ਬੋਲੇ ਜਦੋਂ ਮਕਾਨ ਛੱਤ ਤੇ ਗਿਆ ਤਾਂ ਉਮਰੂ ਨੂੰ ਤਾਪ ਚੜ੍ਹ ਗਿਆ। ਉਮਰੂ ਕੰਮ ਕਰਨ ਜੋਗਾ ਨਹੀਂ ਸੀ, ਤੜਫ ਰਿਹਾ ਸੀ। ਮਕਾਨ ਦੀ ਛੱਤ ਰਾਜਾ ਨੇ ਤਿਆਰ ਕਰਕੇ ਮਿੱਟੀ ਪਾਉਣ ਨੂੰ ਆਖਿਆ, ਉੱਧਰ ਮਿੱਟੀ ਪੈ ਗਈ। ਉੱਧਰ ਉਮਰੂ ਦੇ ਸੁਆਸ ਪੂਰੇ ਹੋ ਗਏ। ਉਮਰੂ ਨੇ ਮਕਾਨ ਬਣਿਆ ਹੋਇਆ ਦੇਖਿਆ ਨਾ। ਉਸ ਵੇਲੇ ਪਤਾ ਲੱਗਾ ਕਿ ਮਹਾਰਾਜ ਜੀ ਮਕਾਨ ਕਿਉਂ ਬੰਦ ਕਰਾਉਂਦੇ ਸਨ।

ਬੋਲੋ ਭਾਈ ਵਾਹਿਗੁਰੂ॥

ਸਾਖੀ ਪਿੰਡ ਹੇੜੀਆਂ ਦੇ ਗੱਜੂ ਨਾਲ ਹੋਈ

ਇਕ ਦਿਨ ਮਹਾਰਾਜ ਜੀ ਪਿੰਡ ਮਜਾਰੇ ਤੋਂ ਉੱਠਕੇ ਪਿੰਡ ਹੇੜੀਆਂ ਦੀ ਜੂਹ ਵਿਚ ਚਲੇ ਗਏ, ਜਿੱਥੇ ਹੁਣ ਨਹਿਰ ਨਿਕਲੀ ਹੋਈ ਹੈ। ਇਸ ਜੂਹ ਨੂੰ ਲੋਕੀਂ ਗਮ-ਬਣ ਆਖਦੇ ਹਨ। ਇਨ੍ਹਾਂ ਖੇਤਾਂ ਵਿਚ ਸ਼ਿਵ ਸਿੰਘ ਨੰਬਰਦਾਰ ਦਾ ਨੌਕਰ ਗੱਜੂ ਨਾਮ ਦਾ ਜਾਤ ਦਾ ਆਦਿਧਰਮੀ ਹੱਲ ਚਲਾ ਰਿਹਾ ਸੀ। ਮਹਾਰਾਜ ਜੀ ਕੋਲ ਚਲੇ ਗਏ। ਗੱਜੂ ਨੇ ਹਲ ਖੜ੍ਹਾ ਕਰ ਲਿਆ ਤੇ ਨਮਸਕਾਰ ਕੀਤੀ। ਮਹਾਰਾਜ ਜੀ ਗੱਜੂ ਨੂੰ ਆਖਣ ਲੱਗੇ, "ਗੱਜੂ ਹਲ ਛੱਡਕੇ ਪਿੰਡ ਚਲਿਆ ਜਾਹ। ਗੱਜੂ ਆਪਣੇ ਮਾਲਿਕ ਤੋਂ ਡਰਦੇ ਹੋਏ ਨੇ ਹਲ ਨਾ ਛੱਡੇ। ਮਹਾਰਾਜ ਸਾਹਿਬ ਨੇ ਤਿੰਨ ਵਾਰੀ ਹੁਕਮ ਕੀਤਾ। ਗੱਜੂ ਗੁਲਾਮੀ ਕਰਕੇ ਮਹਾਰਾਜ ਜੀ ਦੇ ਹੁਕਮ ਮੰਨਣ ਤੋਂ ਮਜ਼ਬੂਰ ਸੀ। ਗੁਲਾਮੀ ਕਦੀ ਇਨਸਾਨ ਨੂੰ ਉੱਚਾ ਸਾਹ ਨਹੀਂ ਲੈਣ ਦਿੰਦੀ, ਗੁਲਾਮੀ ਸਿਰ ਨੀਵਾਂ ਕਰ ਛੱਡਦੀ ਹੈ। ਗੁਲਾਮੀ ਕਦੇ ਬੰਦੇ ਨੂੰ ਆਜਾਦ ਨਹੀਂ ਹੋਣ ਦਿੰਦੀ। ਇਕ ਵਾਰੀ ਕਿਸੇ ਨੇ ਯੁਧਿਸ਼ਟਰ ਤੋਂ ਪੁੱਛਿਆ ਸੀ, ਜਿਊਂਦਾ ਹੋਇਆ ਵੀ ਮਰਿਆਂ ਵਰਗਾ ਸੁਆਸ ਕੌਣ ਲੈਂਦਾ ਹੈ। ਉਸਨੇ ਕਿਹਾ ਗੁਲਾਮ ਹੀ ਜਿਊਂਦਾ ਹੋਇਆਂ ਮਰਿਆਂ ਵਾਂਗ ਸਾਹ ਲੈਂਦਾ ਹੈ। ਇਕ ਗੁਲਾਮ, ਦੂਜੀ ਔਰਤ, ਤੀਜਾ ਫਕੀਰ, ਚੌਥਾ ਗਰੀਬ ਚਾਰ ਜਿਊਂਦੇ ਹੋਏ ਵੀ ਮਰਿਆਂ ਸਮਾਨ ਹੁੰਦੇ ਹਨ। ਗੱਜੂ ਨੇ ਮਹਾਰਾਜ ਜੀ ਦੇ ਚਲੇ ਜਾਣ ਤੇ ਹਲ ਫਿਰ ਜੋੜ ਦਿੱਤੇ, ਹਰਿਲਾਂ ਰਹਿੰਦੀਆਂ ਸਨ, ਇਕ ਸਿਆੜ ਹੋਰ ਵਾਹ ਸਕਿਆ ਅੱਖਾਂ ਤੋਂ ਦਿਸਣੋਂ ਬੰਦ ਹੋ ਗਿਆ, ਕੋਈ ਪਤਾ ਨਾ ਲੱਗੇ ਕਿਧਰ ਨੂੰ ਜਾਣਾ ਹੈ? ਪਸ਼ੂਆਂ ਦੇ ਰੱਸੇ ਖੋਲ੍ਹ ਦਿੱਤੇ, ਆਪ ਕਿਸੇ ਬਿਰਛ ਹੇਠ ਲੰਮਾ ਪੈ ਗਿਆ। ਜਦੋਂ ਪਸ਼ੂ ਪਿੰਡ ਗਏ ਤਾਂ ਗੱਜੂ ਦੀ ਟੋਲ੍ਹ ਹੋਣ ਲੱਗੀ, ਪਤਾ ਕਰਨ ਤੋਂ ਪਤਾ ਲੱਗਾ ਕਿ ਗੱਜੂ ਤਾਂ ਅੰਨ੍ਹਾ ਹੋ ਕੇ ਟਾਹਲੀ ਦੇ ਹੇਠ ਪਿਆ ਹੈ। ਗੱਜੂ ਦੇ ਭਾਈ ਭਰਾ ਸੁਣਕੇ ਭੱਜੇ ਆਏ, ਆ ਕੇ ਸਾਰਾ ਹਾਲ ਪੁੱਛਿਆ। ਗੱਜੂ ਨੇ ਮਹਾਰਾਜ ਦੇ ਕਹੇ ਹੋਏ ਹੁਕਮ ਸੁਣਾਏ। ਗੱਜੂ ਆਖਣ ਲੱਗਾ, "ਮੈਨੂੰ ਰਾਜਾ ਸਾਹਿਬ ਜੀ ਕਹਿ ਰਹੇ ਹਲ ਛਡਕੇ ਚਲਿਆ ਜਾਹ, ਮੈਥੋਂ ਹੁਕਮ ਨਹੀਂ ਮੰਨਿਆ ਗਿਆ, ਮੈਨੂੰ ਉਸੇ ਹੀ ਗਨੀ ਅਵਤਾਰ ਦੇ ਚਰਨਾਂ ਵਿਚ ਲੈ ਚੱਲੋ ਮੈਂ ਆਪਣੀਆਂ ਭੁੱਲਾਂ ਬਖਸ਼ਾ ਲਵਾਂਗਾ। ਜੇ ਮੇਰੇ ਕਰਮਹੀਣ

ਦੇ ਹਾਲ ਤੇ ਮਿਹਰ ਕਿਤੇ ਕਰ ਹੀ ਦੇਣ।" ਗੱਜੂ ਦੇ ਭਰਾਵਾਂ ਨੇ ਗੱਜੂ ਨੂੰ ਚੁੱਕ ਕੇ ਮਜਾਰੇ ਰਸੋਖਾਨੇ ਗੱਜੂ ਨੂੰ ਆਣ ਲੰਮਾ ਪਾਇਆ। ਜਦੋਂ ਮਹਾਰਾਜ ਜੀ ਕਈ ਦਿਨੀਂ ਦਰਿਆ ਵੱਲ੍ਹ ਦਾ ਚੱਕਰ ਲਾ ਕੇ ਪਿੰਡ ਮਜਾਰੇ ਵੱਲ੍ਹ ਨੂੰ ਮੁੜੇ ਤਾਂ ਗੱਜੂ ਬਹੁਤ ਵੈਰਾਗਮਈ ਹੋ ਕੇ ਚਰਨਾਂ ਤੇ ਢਹਿ ਪਿਆ। ਹੱਥ ਬੰਨ੍ਹਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਮੇਰਾ ਗਰੀਬ ਦਾ ਰੋਜ਼ੀ ਦਾ ਕੋਈ ਇੰਤਜ਼ਾਮ ਕਰੋ। ਮੇਰਾ ਆਪ ਤੋਂ ਬਿਨਾਂ ਕੋਈ ਸਹਾਰਾ ਨਹੀਂ, ਮੂਰਖ ਆਪ ਜੀ ਦਾ ਹੁਕਮ ਨਹੀਂ ਮੰਨ ਸਕਿਆ, ਮੇਰੀ ਭੁਲ ਮੁਆਫ਼ ਕਰੋ ਜੀ। ਮੈਂ ਆਪ ਦੀ ਗਤੀ ਨਹੀਂ ਜਾਣ ਸਕਦਾ ਸੀ।" ਜਦੋਂ ਗੱਜੂ ਨੇ ਆਪ ਜੀ ਕੋਲ ਅਰਜਾਂ ਕੀਤੀਆਂ ਤਾਂ ਮਿਹਰਾਂ ਦੇ ਦਾਤੇ ਨੇ ਹੁਕਮ ਕੀਤਾ, "ਚੰਗਾ ਭਾਈ! ਤੇਰੀ ਬੇਨਤੀ ਸੁਣੀ ਗਈ ਹੈ, ਆਪਣੀ ਰੋਜੀ ਕਮਾ ਕੇ ਆਪਣੇ ਪੇਟ ਦਾ ਗੁਜ਼ਾਰਾ ਕਰ ਲਿਆ ਕਰ। ਚੰਗਾ ਤੇਰੀ ਲਾਜ ਪ੍ਰਭੂ ਨੇ ਰੱਖ ਲਈ ਹੈ।" ਅੱਖਾਂ ਤੋਂ ਕੁੱਝ ਗੁਜ਼ਾਰਾ ਕਰ ਲਿਆ ਕੁੱਝ ਬੁੱਧ ਵੀ ਨਿਰਮਲ ਹੋ ਗਈ, ਬਿਰਤੀ ਮਸਤ ਜਿਹੀ ਕਰ ਦਿੱਤੀ, ਫਿਰ ਮਹਾਂਬਲੀ ਰਾਜਾ ਸਾਹਿਬ ਜੀ ਦੇ ਦਰਬਾਰ ਵਿਚ ਹੀ ਰਹਿਣ ਲੱਗ ਪਿਆ। ਸਾਰੀ ਉਮਰ ਦਰਬਾਰ ਦੀਆਂ ਹੀ ਹਾਜ਼ਰੀਆਂ ਭਰਦਾ ਰਿਹਾ। ਲੋਕਾਂ ਦੇ ਬਾਣ ਵੱਟ-ਵੱਟ ਕੇ ਆਪਣੀ ਉਪਜੀਵਕਾ ਚਲਾਈ ਗਿਆ, ਮੁੜ ਘਰ ਨਹੀਂ ਗਿਆ, ਸਾਰੀ ਜ਼ਿੰਦਗੀ ਰਾਜਾ ਸਾਹਿਬ ਜੀ ਦੇ ਚਰਨਾਂ ਵਿਚ ਬਸਰ ਕਰਕੇ ਅੰਤ ਪਰਮਗਤੀ ਨੂੰ ਪ੍ਰਾਪਤ ਹੋਇਆ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਹੋਰ ਚੱਲੀ

ਇਕ ਦਿਨ ਮਹਾਰਾਜ ਜੀ ਪਿੰਡ ਹੇੜੀਆਂ ਦੇ ਖੇਤਾਂ ਵਿਚ ਹੀ ਬੈਠੇ ਸਨ। ਸਾਰਾ ਦਿਨ ਸੰਗਤ ਦੀ ਕਾਫ਼ੀ ਅਵਾਜਾਈ ਬਣੀ ਰਹੀ। ਸੰਗਤ ਖੁਲ੍ਹੇ ਦਰਸ਼ਨ ਕਰਕੇ ਮੂੰਹੋਂ ਮੰਗੀਆਂ ਮੁਰਾਦਾਂ ਪਾਉਂਦੀ ਰਹੀ। ਇਕ ਸਿੱਖ ਕੜਾਹ ਪ੍ਰਸ਼ਾਦ ਲੈ ਕੇ ਆਇਆ। ਡੱਬਾ ਸੀ, ਜਿਸ ਵਿਚ ਪ੍ਰਸ਼ਾਦ ਸੀ ਮਹਾਰਾਜ ਜੀ ਨੇ ਉਸ ਗੁਰਮੁੱਖ ਨੂੰ ਹੁਕਮ ਕੀਤਾ, "ਸਿੱਖਾ! ਚਲਿਆ ਚੱਲ! ਡੱਬਾ ਤੇਰੇ ਘਰ ਭੇਜ ਦੇਵਾਂਗੇ।" ਉਸ ਗੁਰਮੁਖ ਨੂੰ ਘਰ ਵੱਲ੍ਹ ਤੋਰ ਦਿੱਤਾ। ਕੁੱਝ ਦੇਰ ਬਾਅਦ ਇਕ

ਕਰਮ ਸਿੰਘ ਨਾਂ ਦਾ ਬੰਦਾ ਪਿੰਡ ਹੇੜੀਆਂ ਤੋਂ ਦਰਸ਼ਨਾਂ ਵਾਸਤੇ ਆਇਆ। ਨਮਸਕਾਰ ਕੀਤਾ, ਗਲ ਪੱਲਾ ਪਾ ਕੇ ਬੈਠ ਗਿਆ। ਕੁੱਝ ਸਮੇਂ ਤੋਂ ਬਾਅਦ ਹੁਕਮ ਹੋਇਆ, 'ਕਰਮਾ ਡੱਬਾ ਚੁੱਕ! ਔਹ ਘਾਹ ਖੋਤਦੇ ਹਨ, ਉਨ੍ਹਾਂ ਨੂੰ ਪਰਸ਼ਾਦ ਦੇ ਕੇ ਡੱਬਾ ਹੀਰਾ ਸਿੰਘ ਦੇ ਘਰ ਦੇ ਦੇਵੀਂ।" ਇਕ ਪਾਸੇ ਜਿਹੇ ਜ਼ਿਮੀਦਾਰ ਮੱਕੀ ਗੁੱਡਦੇ ਸਨ, ਜਦੋਂ ਕਰਮ ਸਿੰਘ ਇਕ ਖੇਤ ਮਹਾਰਾਜ ਜੀ ਤੋਂ ਦੂਰ ਚਲਾ ਗਿਆ, ਪਿਛੋਂ ਹੁਕਮ ਕੀਤਾ, "ਗੁੱਡਦਿਆਂ ਨੂੰ ਵੀ ਦੇ ਜਾਵੀਂ।" ਕਰਮ ਸਿੰਘ ਜਦੋਂ ਦੋ ਖੇਤ ਹੋਰ ਦੂਰ ਚਲਿਆ ਗਿਆ ਤਾਂ ਕਰਮ ਸਿੰਘ ਦੇ ਮਨ ਵਿਚ ਵਿਚਾਰ ਆਈ ਕਿ ਮਹਾਰਾਜ ਨੂੰ ਕਿਹੜਾ ਯਾਦ ਰਹਿੰਦਾ ਹੈ ਪਈ ਹੀਰਾ ਸਿੰਘ ਦੇ ਘਰ ਡੱਬਾ ਦਿੱਤਾ ਹੈ ਜਾਂ ਨਹੀਂ। ਕੜਾਹ ਸਣੇ ਡੱਬਾ ਘਰ ਲੈ ਚੱਲੀਏ। ਜਦੋਂ ਕਰਮ ਸਿੰਘ ਦੇ ਮਨ ਵਿਚ ਇਹ ਫੁਰਨਾ ਫੁਰਿਆ, ਉਸੇ ਹੀ ਸਮੇਂ ਇਕ ਬਿਜਲੀ ਦੀ ਤਾਰ ਵਾਂਗ ਪਿਛਿਓਂ ਅਵਾਜ਼ ਆਈ, "ਕਰਮਾ! ਮੁੜ ਆਓ।" ਕਰਮ ਸਿੰਘ ਤੋਂ ਲੈ ਕੇ ਡੱਬਾ ਰੱਖ ਲਿਆ ਤੇ ਚਲੇ ਜਾਣ ਦਾ ਹੁਕਮ ਕੀਤਾ ਕਿ "ਚੋਰਾਂ ਦਾ ਤਾਂ ਇੱਥੇ ਕੋਈ ਕੰਮ ਹੀ ਨਹੀਂ ਹੈ।" ਕਰਮ ਸਿੰਘ ਬਹੁਤ ਸ਼ਰਮਿੰਦਾ ਹੋਇਆ।

ਬੋਲੋ ਭਾਈ ਵਾਹਿਗੁਰੂ॥

ਸਾਖੀ ਕਾਲਾ ਨੂੰ ਵਿਰਾਟ ਰੂਪ ਦਿਖਾਉਣ ਦੀ ਚੱਲੀ

ਇਕ ਦਿਨ ਦੀ ਗੱਲ ਹੈ। ਕੋਈ ਅੱਧੀ ਰਾਤ ਦਾ ਸਮਾਂ ਸੀ, ਰਾਤ ਸਾਂ-ਸਾਂ ਕਰ ਰਹੀ ਸੀ। ਹਨ੍ਹੇਰੇ ਵਿਚ ਆਕਾਸ਼ ਤੇ ਤਾਰੇ ਉਸ ਮਹਾਂਬਲੀ ਸੋਹਣੇ ਪ੍ਰੀਤਮ ਦੇ ਦਰਸ਼ਨਾਂ ਦਾ ਰਸ ਮਾਣ ਰਹੇ ਸਨ। ਬੜੀ ਡੂੰਘੀ ਨੀਝ ਨਾਲ ਤੱਕ ਰਹੇ ਸਨ। ਮਹਾਰਾਜ ਪਿੰਡ ਮਜਾਰੇ ਆ ਗਏ। ਅੱਗੇ ਕਾਲਾ ਆਦਿਧਰਮੀ ਪਿੰਡ ਮਜਾਰੇ ਦਾ ਗਊਆਂ ਦੀ ਸੇਵਾ ਕਰਿਆ ਕਰਦਾ ਸੀ। ਇਕੱਲਾ ਅੰਦਰ ਵੜਕੇ ਸੁੱਤਾ ਪਿਆ ਸੀ। ਕੰਨਾਂ ਵਿਚ ਅਵਾਜ਼ ਪਈ, ਅਵਾਜ਼ ਵੀ ਆਪਣੇ ਪ੍ਰੀਤਮ ਸੋਹਣੇ ਮਾਹੀ ਦੀ ਹੈ, ਵਿਚ ਹੋਰ ਵੀ ਬਹੁਤ ਸਾਰੀਆਂ ਅਵਾਜ਼ਾਂ ਹਨ। ਵਿਚ ਜਾਨਵਰ ਬੋਲ ਰਹੇ ਹਨ, ਵਿਚ ਹੀ ਜੰਗਲੀ ਮਾਸਖੋਰੇ ਜਾਨਵਰ ਬੋਲ ਰਹੇ ਸਨ, ਵਿਚ ਪਸ਼ੂ ਪੰਛੀ ਮਾਣਸਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ। ਬਹੁਤ ਭਿਆਨਕ ਅਵਾਜ਼ਾਂ ਆ

ਰਹੀਆਂ ਸਨ, ਵਿਚ ਮਹਾਰਾਜ ਜੀ ਦੀ ਅਵਾਜ਼ ਸੀ, ਉੱਠਕੇ ਬਾਹਰ ਆ ਕੇ ਦੇਖੇ ਬਹੁਤ ਰੌਲਾ ਪੈ ਰਿਹਾ ਸੀ। ਸਰੀਰ ਬਹੁਤ ਉੱਚਾ ਆਕਾਸ਼ ਹੋ ਗਿਆ। ਸਿਰ ਤੋਂ ਦੀਵਾ ਜਗਦਾ ਸੀ, ਇਕੱਲਾ ਡਰਦਾ ਬਾਹਰ ਵੱਲ੍ਹ ਨੂੰ ਭੱਜਦਾ ਸੀ ਪਰ ਜਦੋਂ ਮਹਾਰਾਜ ਜੀ ਦਾ ਵਿਚ ਬੋਲ ਸੁਣਿਆ ਤਾਂ ਫਿਰ ਖੜ੍ਹ ਜਾਵੇ। ਖੈਰ ਇਕੱਲਾ ਬਾਹਰ ਖੜ੍ਹਕੇ ਸਾਰਾ ਕੌਤਕ ਦੇਖਣ ਲੱਗਾ। ਉਸਦੀ ਸਾਰੀ ਦੇਹ ਰੋਮ-ਰੋਮ ਬਣ ਇਹ ਨਜ਼ਾਰਾ ਦੇਖਣ ਲੱਗੀ। ਇੰਨੇ ਨੂੰ ਚੁਰਾਸੀ ਲੱਖ ਜੂਨੀ ਦੀ ਝਲਕ ਦੇਣ ਲਈ ਸਾਰੀਆਂ ਚੀਜਾਂ ਲੈ ਕੇ ਮਹਾਰਾਜ ਜੀ ਉਸ ਕਮਰੇ ਵਿਚ ਵੜੇ, ਜਿੱਥੇ ਸਮਾਧ ਬਣੀ ਹੋਈ ਹੈ, ਉਸ ਥਾਂ ਤੇ ਕਮਰੇ ਅੰਦਰ ਇਕ ਪਲੰਘ ਰੱਖਿਆ ਹੋਇਆ; ਉਸ ਪਲੰਘ ਨੂੰ ਮਹਾਰਾਜ ਜੀ ਅਕਾਲ ਤਖ਼ਤ ਆਖ ਕੇ ਸੰਗਤਾਂ ਕੋਲੋਂ ਨਮਸਕਾਰ ਕਰਾਉਂਦੇ ਸਨ। ਉਸ ਕਮਰੇ ਵਿਚ ਜਾ ਕੇ ਸਾਰੇ ਵਿਅਕਤੀਆਂ ਨੇ ਬੈਠ ਕੇ ਕੋਈ ਗੁਪਤ ਹੀ ਮੀਟਿੰਗ ਕੀਤੀ, ਜਿਸ ਵਿਚ ਕੋਈ ਗੁਪਤ ਹੀ ਮਸਲਾ ਵਿਚਾਰਿਆ। ਕੋਈ ਨਵਾਂ ਨਿਜਾਮ ਬਣਿਆ, ਜਦੋਂ ਸਾਹਬ ਦਿਆਲ ਨੂੰ ਤਾਰਿਆ ਸੀ ਤਾਂ ਕਾਲਾ ਆਖਦਾ ਹੁੰਦਾ ਸੀ, "ਜੀ ਸੱਚੇ ਪਾਤਸ਼ਾਹੋ! ਕਿਤੇ ਮੇਰੀ ਮਿਸਲ ਵੀ ਕੱਢੋ, ਮੈਂ ਇੰਨੀ ਦੇਰ ਦਾ ਆਪਦੀਆਂ ਗਊਆਂ ਦੀ ਸੇਵਾ ਕਰਦਾ ਰਿਹਾ ਹਾਂ।" ਕਈ ਵਾਰੀ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰਿਆ ਕਰਦਾ ਸੀ। ਕਈ ਵਾਰੀ ਮਹਾਰਾਜ ਜੀ ਆਖ ਦਿੰਦੇ ਸਨ, ਕਾਲਾ ਤੂੰ ਕੁੱਝ ਬਣਨ ਦੇ ਯੋਗ ਨਹੀਂ। ਤੇਰੀ ਸੇਵਾ ਸਰਦਾਈ ਵਿਚ ਕੱਟੀ ਜਾਂਦੀ ਹੈ। ਕਾਲਾ ਸਰਦਾਈ ਬਹੁਤ ਪੀਂਦਾ ਸੀ, ਸੇਰ ਘਿਓ ਖਾ ਜਾਂਦਾ ਸੀ। ਇਕ ਵਾਰੀ ਸੇਰ ਬਾਦਾਮ ਰਗੜ ਕੇ ਪੀ ਜਾਂਦਾ ਸੀ। ਕਾਲਾ ਚੰਗਾ ਤਾਕਤ ਵਾਲਾ ਸੀ। ਜੇਕਰ ਕਿੱਧਰੇ ਪਾਤਸ਼ਾਹ ਦੇ ਪਸ਼ੂਆਂ ਦੇ ਪੱਠੇ ਖ਼ਤਮ ਹੋ ਜਾਂਦੇ ਤਾਂ ਰਾਤ ਨੂੰ ਗਊਆਂ ਵਾਸਤੇ ਕਿਸੇ ਦੀ ਚਰ੍ਹੀ ਜਾਂ ਹੋਰ ਪੱਠੇ ਵੱਢ ਲਿਆਉਂਦਾ ਇਕ ਡਰੀ ਨਾਲ ਸਾਰੀਆਂ ਗਊਆਂ ਰਜਾ ਦਿੰਦਾ ਸੀ ਜਾਂ ਉਹ ਗਊਆਂ ਦਾ ਖਿਆਲ ਰੱਖਦਾ ਸੀ ਜਾਂ ਆਪਦੇ ਸਰੀਰ ਦਾ ਹੋਰ ਉਸਨੂੰ ਕੋਈ ਲਾਲਚ ਨਹੀਂ ਸੀ। ਕਈ ਵਾਰੀ ਕਾਲੇ ਦੇ ਕਹਿਣ ਤੇ ਉਸ ਦਿਨ ਮਹਾਰਾਜ ਜੀ ਕਾਲੇ ਦੀ ਮਿਸਲ ਲੈ ਕੇ ਆਏ, ਪਰ ਕਾਲਾ ਇਮਤਿਹਾਨ ਵਿਚੋਂ ਪਾਸ ਨਾ ਹੋਇਆ, ਡਰ ਗਿਆ ਕਹਿੰਦਾ ਮੇਰਾ ਦਿਲ ਕੰਬ ਗਿਆ, ਪਈ ਕੋਈ ਮਹਾਰਾਜ ਜੀ ਨਾਲ ਬਲਾ ਆ ਗਈ ਜੋ ਮਹਾਰਾਜ ਜੀ ਨਾਲ ਰੌਲ਼ੀ ਪਾਉਂਦੀ ਜਾ ਰਹੀ

ਹੈ। ਕਾਲੇ ਦੇ ਮਨ ਵਿਚ ਆਈ ਪਈ ਮੈਨੂੰ ਵੀ ਮਾਰ ਦੇਵੇਗੀ, ਮਰਨ ਤੋਂ ਡਰਦਾ ਭੱਜਕੇ ਰਸੋਖਾਨੇ ਦੀ ਹੱਦ ਤੋਂ ਬਾਹਰ ਹੋ ਗਿਆ। ਫਿਰ ਪਿੱਛੋਂ ਪਛਤਾਉਣ ਲੱਗਾ ਪਰ ਵਕਤ ਲੰਘ ਗਿਆ, ਵਕਤ ਲੰਘਿਆ ਫਿਰ ਨਾ ਹੱਥ ਆਇਆ, ਕਈ ਸੂਰਮੇ ਵਕਤ ਨੂੰ ਭਾਲਦੇ ਸੀ। 'ਸ਼ਾਹ, ਸਿਕੰਦਰ ਵਰਗੇ ਭਾਲਣ ਵਿਚ ਪਹਾੜਾਂ, ਬਾਝ ਨਸੀਬੋਂ ਪੀ ਨਾ ਸਕਿਆ ਇਕ ਘੁੱਟ ਨੀਰ ਦਾ।' ਕਾਲਾ ਵਿਚਾਰਾ ਵੀ ਮਰਨ ਤੋਂ ਡਰ ਗਿਆ। ਰਾਜਾ ਸਾਹਿਬ ਉੱਠਕੇ ਬਾਹਰ ਚਲੇ ਗਏ, ਲੋਕ ਕਾਲੇ ਦੀ ਰਾਤ ਵਾਲੀ ਕਹਾਣੀ ਸੁਣਕੇ ਬਹੁਤ ਹੈਰਾਨ ਹੋਏ। *ਬੋਲੋ ਭਾਈ ਵਾਹਿਗੁਰੂ॥*

ਸਾਖੀ ਪਾਲ ਸਿੰਘ ਮਜਾਰੇ ਵਾਲੇ ਨਾਲ ਹੋਈ

ਪਾਲ ਸਿੰਘ ਪਿੰਡ ਮਜਾਰਾ ਰਾਜਾ ਸਾਹਿਬ ਦਾ ਰਹਿਣ ਵਾਲਾ ਸੀ। ਉਹ ਜਾਤ ਦਾ ਜੱਟ ਸੀ ਤੇ ਲੰਗਰ ਦੀ ਸੇਵਾ ਕਰਦਾ ਸੀ। ਜਦੋਂ ਪੰਜ ਸਾਲ ਲੰਗਰ ਦੀ ਸੇਵਾ ਕਰਦੇ ਨੂੰ ਹੋ ਗਏ ਤਾਂ ਪਾਲੇ ਦੇ ਮਨ ਵਿਚ ਕੀਤੀ ਹੋਈ ਸੇਵਾ ਦੀ ਮਿਹਨਤ ਦਾ ਫੁਰਨਾ ਫੁਰਿਆ। ਲੋਕੀਂ ਰੋਜ਼ ਹੀ ਮਨ ਮੰਗੀਆਂ ਮੁਰਾਦਾਂ ਪਾ ਰਹੇ ਸਨ, ਕਿਤੇ ਮੇਰਾ ਸਾਹਿਬ ਦਿਆਲ ਵਾਂਗ ਬੇੜਾ ਪਾਰ ਕਰ ਦੇਣ ਤਾਂ ਕੀ ਮੁਸ਼ਕਿਲ ਹੈ? ਕਾਲੇ ਉੱਪਰ ਮਿਹਰ ਕੀਤੀ ਤਾਂ ਕਾਲਾ ਮੌਕਾ ਨਾ ਸੰਭਾਲ ਸਕਿਆ। ਜੇ ਕਦੀ ਮੇਰਾ ਵੀ ਐਸਾ ਕਰਮਾਂ ਵਾਲਾ ਦਿਨ ਆਵੇ ਤਾਂ ਮੈਂ ਕਦੀ ਮਰਨ ਤੋਂ ਨਹੀਂ ਡਰਾਂਗਾ। ਇਕ ਦਿਨ ਅਜਿਹਾ ਆਇਆ, ਪੁੰਨਿਆਂ ਦੀ ਰਾਤ ਚੰਦਰਮਾ ਟਹਿ-ਟਹਿ ਕਰ ਰਿਹਾ ਸੀ, ਸਾਉਣ ਦੇ ਦਿਨ ਸਨ, ਪ੍ਰਿਥਵੀ ਬਾਰਿਸ਼ ਤੋਂ ਬਾਅਦ ਕਈ ਪ੍ਰਕਾਰ ਦੇ ਰੰਗ ਬਰੰਗੇ ਫੁੱਲਾਂ ਨੂੰ ਜਨਮ ਦੇ ਰਹੀ ਸੀ। ਮਿੱਠੀ-ਮਿੱਠੀ ਪੌਣ ਰੁਮ੍ਹਕ ਰਹੀ ਸੀ, ਆਕਾਸ਼ ਬਸੰਤ ਰੁਤ ਵਾਂਗ ਨਿਰਮਲ ਸੀ ਅਤੇ ਤਾਰੇ ਡਲ੍ਹਕਾਂ ਮਾਰ ਰਹੇ ਸਨ। ਖੰਡਾਂ ਬ੍ਰਹਿਮੰਡਾਂ ਦੇ ਮਾਲਿਕ, ਘਟ-ਘਟ ਦੇ ਜਾਨਣਹਾਰੇ, ਸਰਬ-ਕਲਾ ਭਰਪੂਰ, ਰੌਲੀ ਵਾਲੇ ਖੂਹ ਦੇ ਥੜ੍ਹੇ ਤੋਂ ਉੱਠ ਕੇ ਖੇਤੋਂ ਖੇਤੀ ਰਸੋਖਾਨੇ ਲੰਗਰ ਵਿਚ ਆ ਗਏ। ਪਾਲ ਸਿੰਘ ਨੂੰ ਅਵਾਜ਼ ਦਿੱਤੀ, ਪਾਲ ਸਿੰਘ ਦੇ ਜਦੋਂ ਉਸ ਸੋਹਣੇ ਪ੍ਰੀਤਮ ਦੀ ਮਨਮੋਹਣ ਵਾਲੀ ਅਵਾਜ਼ ਕੰਨੀਂ ਪਈ ਤਾਂ ਝੱਟਪਟ ਉੱਠਕੇ ਖੜ੍ਹਾ ਹੋ ਗਿਆ। ਨਮਸਕਾਰ ਕੀਤੀ। ਕਾਲਾ ਵੀ ਗਊਆਂ ਕੋਲੋਂ ਉੱਠਕੇ ਮਹਾਰਾਜ ਜੀ ਵੱਲ੍ਹ ਭੱਜਾ ਗਿਆ, ਦੂਰੋਂ ਹੀ

ਡੰਡਉਤ ਬੰਦਨਾ ਕੀਤੀ, ਹੱਥ ਜੋੜ ਕੇ ਦੋਵੇਂ ਜਣੇ ਖੜ੍ਹੇ ਹਨ। ਮਹਾਰਾਜ ਜੀ ਜਿਹੜੀ ਖੂਹੀ ਹੁਣ ਰਸੋਖਾਨੇ ਗੁਰਦੁਆਰੇ ਦੇ ਮੋਹਰੇ ਹੈ, ਉਸਦੇ ਕੋਲ ਟਹਿਲਦੇ ਫਿਰਦੇ ਹਨ, ਨਾਲੇ ਕਈ ਬਚਨ ਕਰੀ ਜਾਂਦੇ 'ਪਾਲਾ ਸਭ ਖੁਦਾ ਏ ਖੁਦਾ, ਆਖੋ ਖੁਦਾ ਖੁਦਾ।' ਇੰਨੇ ਬਚਨ ਕਰਦੇ ਪੰਜ ਕਦਮ ਖੂਹੀ ਤੋਂ ਅੱਗੇ ਚਲੇ ਜਾਂਦੇ, ਕਦੇ ਪਿੱਛੇ ਮੁੜ ਜਾਂਦੇ ਸਨ। ਇੰਨੇ ਚਿਰ ਨੂੰ ਪਾਲਾ ਅਤੇ ਕਾਲਾ ਕੀ ਦੇਖਣ, ਇਕ ਪੀਲੇ ਰੰਗ ਦਾ ਸੱਪ ਬਹੁਤ ਸੋਹਣਾ ਮਹਾਰਾਜ ਜੀ ਦੇ ਨਾਲ ਟਹਿਲਦਾ ਫਿਰਦਾ, ਜਿੱਧਰ ਨੂੰ ਮਹਾਰਾਜ ਜੀ ਜਾਣ ਉੱਧਰ ਨੂੰ ਹੀ ਚਲਿਆ ਜਾਵੇ। ਕਾਲਾ ਤਾਂ ਚੁੱਪਚਾਪ ਦੇਖੀ ਗਿਆ। ਪਾਲਾ ਆਖਣ ਲੱਗਾ, "ਮਹਾਰਾਜ ਜੀ! ਆਪ ਦੇ ਨਾਲ ਨਾਲ ਇਕ ਸੱਪ ਫਿਰ ਰਿਹਾ ਹੈ।" ਜਦੋਂ ਪਾਲੇ ਦੇ ਮੂੰਹੋਂ ਇੰਨੀ ਗੱਲ ਨਿਕਲੀ ਉਸੇ ਵੇਲੇ ਮਹਾਰਾਜ ਨੇ ਕਿਹਾ, "ਪਾਲਾ ਚੁੱਕ ਕੇ ਗਲ ਨਾਲ ਲਾ ਲੈ ਬਹੁਤ ਉੱਚੇ ਘਰਾਣੇ ਦਾ ਹੈ। ਇਸਦੇ ਛੋਹਣ ਨਾਲ ਹੀ ਸਭ ਰੋਗ ਮਿਟ ਜਾਂਦੇ ਹਨ, ਬੇੜਾ ਪਾਰ ਲੰਘ ਜਾਂਦਾ ਹੈ।" ਪਾਲੇ ਨੂੰ ਜ਼ੋਰ ਨਾਲ ਵੀ ਕਿਹਾ ਪਰ ਪਾਲਾ ਕਹਿਣ ਲੱਗਾ, "ਮਹਾਰਾਜ ਜੀ! ਮੈਨੂੰ ਡਰ ਲੱਗਦਾ ਹੈ, ਮੈਥੋਂ ਨਹੀਂ ਚੁੱਕ ਹੁੰਦਾ।" ਫਿਰ ਹੁਕਮ ਹੋਇਆ, "ਪਾਲਾ ਚੁੱਕ ਲੈ।" ਜਦੋਂ ਪਾਲਾ ਨਾ ਚੁੱਕ ਸਕਿਆ, ਮਹਾਰਾਜ ਜੀ ਬੋਲੇ, "ਚੱਲ! ਮੇਰੀ ਹੱਦ ਤੋਂ ਬਾਹਰ ਚਲਿਆ ਜਾਹ।" ਬਹੁਤ ਗੁੱਸੇ ਹੋ ਕੇ ਕਿਹਾ, "ਪਿੱਛੇ ਹਟ ਜਾ।" ਬਹੁਤ ਗੁੱਸੇ ਨਾਲ ਪਾਲੇ ਨੂੰ ਬਾਹਰ ਰਸੋਖਾਨੇ ਤੋਂ ਕੱਢ ਦਿੱਤਾ। ਪਾਲਾ ਮਰਨੋਂ ਡਰਦਾ ਸੀ, ਪਾਸ ਨਾ ਹੋ ਸਕਿਆ, ਇਮਤਿਹਾਨ ਵਿਚੋਂ ਫੇਲ੍ਹ ਹੋ ਗਿਆ, ਫਿਰ ਰੋਵੇ ਪਰ ਫਿਰ ਕੀ ਹੋ ਸਕਦਾ ਸੀ? ਸਮੇਂ ਨੂੰ ਸੰਭਾਲ ਨਾ ਸਕਿਆ। ਇਕ ਪਲ ਵਿਚ ਸੱਪ ਕਿੱਧਰੇ ਛੁੱਪ ਗਿਆ। ਪਹਿਲਾਂ ਮਰਨਾ ਪੈਂਦਾ ਹੈ, ਅਮਰ ਹੋ ਕੇ ਫਿਰ ਜਿਉਂਦੇ ਹੋਈਦਾ ਹੈ, ਫਿਰ ਪਾਲਾ ਬਹੁਤ ਪਛਤਾਇਆ।

ਬੋਲੋ ਰਾਜਾ ਸਾਹਿਬ ਜੀ ਕੀ ਜੈ।

ਅੱਗੇ ਸਾਖੀ ਬੰਤੀ ਨਾਮ ਧਾਰਨ ਦੀ ਲੜਕੀ ਨੂੰ ਰਾਜ਼ੀ ਕਰਨ ਦੀ ਚੱਲੀ

ਲੰਗਰ ਤੋਂ ਹੁੰਦੇ ਹੋਏ ਮਹਾਰਾਜ ਜੀ ਪਿੰਡ ਦਰਵਾਜ਼ੇ ਦੇ ਸਾਹਮਣੇ ਘਰ ਜਾ ਬੈਠੇ। ਡਿਉਢੀ ਵਿਚ ਬੈਠ ਗਏ। ਕਰਮੀ ਨੇ ਝੱਟਪਟ ਮੰਜੀ ਡਾਹੀ ਦਿਨ ਦਾ ਚੜ੍ਹਾਅ ਸੀ। ਪਤਾ ਲੱਗਦਾ ਲੱਗਦਾ ਸਾਰੀ ਸੰਗਤ ਨੂੰ ਲੱਗ ਗਿਆ। ਸਭ ਨਰ-

ਨਾਰੀ ਦਰਸ਼ਨਾਂ ਨੂੰ ਆਉਣ ਲੱਗੇ। ਬੰਤੀ ਉਜਾਗਰ ਸਿੰਘ ਦੀ ਪਤਨੀ ਨੇ ਵੀ ਸੁਣਿਆ ਕਿ ਮਹਾਰਾਜ ਕਈ ਦਿਨਾਂ ਦੇ ਦਰਿਆ ਵੱਲੋਂ ਆਏ ਹਨ। ਬੰਤੀ ਦੀ ਨਣਦ ਬੰਤੀ ਨੂੰ ਆਖਣ ਲੱਗੀ, "ਹੋਰ ਸਾਰੀ ਦੁਨੀਆਂ ਦੇ ਵੱਡੇ-ਵੱਡੇ ਰੋਗੀ ਰਾਜਾ ਸਾਹਿਬ ਜੀ ਘਰੋਂ ਰਾਜ਼ੀ ਹੋ ਕੇ ਜਾਂਦੇ ਹਨ, ਅੱਜ ਮੈਂ ਵੀ ਗੁਰਬਖਸ਼ੋ ਨੂੰ ਮਹਾਰਾਜ ਜੀ ਦੇ ਚਰਨਾਂ ਵਿਚ ਰੱਖ ਦੇਂਦੀ ਹਾਂ, ਜਾਂ ਤੁਸੀਂ ਆਪ ਲੈ ਲਵੋ ਜਾਂ ਰਾਜ਼ੀ ਕਰ ਦਿਓ।" ਗੁਰਬਖਸ਼ੋ ਜਨਮ ਤੋਂ ਹੀ ਬਿਮਾਰ ਰਹਿੰਦੀ ਸੀ। ਡੇਢ ਸਾਲ ਦੀ ਲੜਕੀ ਹੋ ਗਈ ਹਰ ਸਮੇਂ ਬੰਤੀ ਦੇ ਨਾਲ ਹੀ ਲੱਗੀ ਰਹਿੰਦੀ ਹੈ। ਪਰਛਾਵੇਂ ਦੀ ਮਾਰੀ ਹੋਈ ਸੁੱਕ ਕੇ ਤਵੀਤ ਹੋਈ ਪਈ ਸੀ। ਬੰਤੀ ਕੁੜੀ ਨੂੰ ਮੋਢੇ ਨਾਲ ਲਾ ਕੇ ਪਾਤਸ਼ਾਹ ਵੱਲ੍ਹ ਚਲ ਪਈ। ਨਾਲ ਉਜਾਗਰ ਸਿੰਘ ਵੀ ਗਲ ਵਿਚ ਪੱਲਾ ਪਾ ਕੇ ਤੁਰ ਪਿਆ। ਮਹਾਰਾਜ ਜੀ ਪਾਸ ਜਾ ਕੇ ਉਹ ਸੁੱਕੀ ਹੋਈ ਲੜਕੀ ਮਹਾਰਾਜ ਜੀ ਦੇ ਚਰਨਾਂ ਵਿਚ ਰੱਖ ਦਿੱਤੀ। ਮਹਾਰਾਜ ਜੀ ਪਹਿਲਾਂ ਤਾਂ ਬੋਲੇ, "ਮੈਂ ਕੋਈ ਹਕੀਮ ਹਾਂ, ਲੈ ਜਾਵੋ।" ਉਜਾਗਰ ਸਿੰਘ ਨਾਮਧਾਰੀ ਕਹਿੰਦਾ, "ਜੀ, ਹਕੀਮ ਵੀ ਰਾਜਾ ਦੇ ਹੁਕਮ ਨਾਲ ਹੀ ਬਣਦੇ ਹਨ, ਤੁਸੀਂ ਤਾਂ ਟੁੱਟੀਆਂ ਗੰਢ ਸਕਦੇ ਹੋ, ਪੀਰਾਂ ਦੇ ਪੀਰ, ਵੈਦਾਂ ਦੇ ਵੈਦ, ਧਨੰਤਰਾਂ ਨੂੰ ਬਨਾਉਣ ਵਾਲੇ ਹੋ ਜੀ।" ਅੱਗੋਂ ਮਹਾਰਾਜ ਬੋਲੋ, "ਬਚਾਉਣੀ ਚਾਹੁੰਦੇ ਹੋ" ਤਾਂ ਉਜਾਗਰ ਸਿੰਘ ਤੇ ਬੰਤੀ ਬੋਲੇ "ਜੀ ਹਾਂ! ਬਚ ਜਾਵੇ ਤਾਂ ਚੰਗੀ ਹੀ ਗੱਲ ਹੈ।" ਤਾਂ ਹੁਕਮ ਹੋਇਆ, "ਇਹ ਤਾਂ ਕਈ ਕੋਰੀਆਂ ਖੂਹਾਂ ਦੀ ਮਾਲਿਕ ਹੈ ਇਹ ਤਾਂ ਮੋਤੀਆਂ ਗਹਿਣਿਆਂ ਦੀ ਮਾਲਿਕ ਹੈ। ਚੰਗਾ ਇਸ ਨੂੰ ਪਰਾਈ ਕਰ ਦੇਵੋ ਨਾਲੇ ਨਾਮ ਬਦਲ ਦੇਵੋ।" ਉਜਾਗਰ ਸਿੰਘ ਕਹਿੰਦਾ, "ਅਜੇ ਸਾਰੀ ਡੇਢ ਸਾਲ ਦੀ ਹੈ ਇਸਨੂੰ ਮੈਂ ਕਿਸ ਨਾਲ ਮੰਗ ਦੇਵਾਂ? ਆਪ ਜੀ ਹੁਕਮ ਕਰੋ, ਕਿਸ ਨਾਲ ਮੰਗ ਦੇਵਾਂ ਜੀ।" ਹੁਕਮ ਹੋਇਆ, "ਲਹਿੰਦੇ ਵੱਲ੍ਹ ਖੂਹ ਦੇਖ ਲਵੀਂ ਚੰਗਾ ਜਿਹਾ ਘਰ ਦੇਖਕੇ ਪਰਾਈ ਕਰ ਦੇ।" ਕਹਿੰਦਾ "ਜੀ ਨਾਮ ਵੀ ਆਪ ਹੀ ਰੱਖ ਦੇਵੋ।" ਪਹਿਲਾਂ ਗੁਰਬਖਸ਼ੋ ਸੀ ਮਹਾਰਾਜ ਜੀ ਨੇ ਸਮੁੰਦੀ ਰੱਖ ਦਿੱਤਾ। ਬੱਸ ਉਸੇ ਵੇਲੇ ਦੀ ਆਤਮਾ ਸ਼ਾਂਤ ਹੋ ਗਈ, ਸਾਰੇ ਰੋਗ ਕੱਟ ਹੋ ਗਏ। ਕਾਇਆ ਹੋਰ ਦੀ ਹੋਰ ਹੀ ਹੋ ਗਈ। ਸਮੁੰਦੀ ਰਾਜ਼ੀ ਹੋ ਕੇ ਦਿਨ-ਬ-ਦਿਨ ਚੜ੍ਹਦੇ ਸੂਰਜ ਵਾਂਗ ਮੁਟਿਆਰ ਹੋ ਗਈ। ਜਦੋਂ ਤੰਦਰੁਸਤ ਹੋ ਗਈ ਤਾਂ ਉਜਾਗਰ ਸਿੰਘ ਦੀ ਲੜਕੀ ਦਾ ਰਿਸ਼ਤਾ ਪਿਛ

ਮਤਫਲੂਏ ਭਗਤ ਸਿੰਘ ਦੇ ਸਪੁੱਤਰ ਗੁਰਦੇਵ ਸਿੰਘ ਨਾਲ ਹੋ ਗਿਆ। ਸਮੁੰਦੀ ਦੇ ਸੁਹਰੇ ਘਰ ਵਾਲੇ ਸਭ ਇੰਗਲੈਂਡ ਹਨ। ਇੰਗਲੈਂਡ ਵਿਚ ਕੋਠੀਆਂ ਦੇ ਮਾਲਿਕ ਹਨ। ਧੰਨ ਤੇਰੀ ਲੀਲ੍ਹਾ ਇਕ ਵਾਰੀ ਦੀ ਤੱਕਣੀ ਨਾਲ ਹੀ ਸੁੱਕੇ ਬਾਗ ਹਰੇ ਹੋ ਜਾਂਦੇ ਹਨ। ਤੇਰੀ ਲੀਲ੍ਹਾ ਲਿਖਣ ਤੋਂ ਬਾਹਰੀ ਹੈ।

ਬੋਲੋ ਭਾਈ ਵਾਹਿਗੁਰੂ।

ਦੂਜੀ ਸਾਖੀ ਬੰਤੀ ਨਾਲ ਹੋਈ

ਬੰਤੀ ਪਿੰਡ ਮਜਾਰੇ ਦੇ ਰਹਿਣ ਵਾਲੀ ਸੀ। ਪਹਿਲਾਂ ਪੁੱਤਰ ਹੋ ਕੇ ਕਾਲਵੱਸ ਹੋ ਗਿਆ ਸੀ। ਗੁਰਮੇਜ ਸਿੰਘ ਦੇ ਮਰਨ ਤੋਂ ਪਿੱਛੋਂ ਪੰਜ ਲੜਕੀਆਂ ਹੀ ਪੈਦਾ ਹੋਈਆਂ। 25 ਸਾਲ ਲੱਗ ਗਏ, ਮੁੜ ਫਿਰ ਪੁੱਤਰ ਦਾ ਮੂੰਹ ਦੇਖਣਾ ਨਸੀਬ ਨਾ ਹੋਇਆ। ਮਨ ਵਿਚ ਹਰ ਸਮੇਂ ਪੁੱਤਰ ਦੀ ਕਮੀ ਦਾ ਹਉਕਾ ਰਹਿੰਦਾ ਸੀ। ਪਰ ਪਿੰਡ ਵਿਚ ਖੁਦਾ ਦੀ ਹਸਤੀ ਉੱਪਰ ਵੀ ਮਾਣ ਸੀ। ਦਿਲ ਵਿਚ ਯਕੀਨ ਰੱਖਿਆ ਹੋਇਆ ਸੀ, ਰਾਜਾ ਤੋਂ ਬਿਨਾਂ ਹੋਰ ਕਿਸੇ ਦਰ ਦੀ ਮੰਗਤੀ ਵੀ ਨਹੀਂ ਬਣਾਂਗੀ। ਮੇਰੇ ਘਰ ਨੂੰ ਭਾਗ ਜ਼ਰੂਰ ਲੱਗਣਗੇ, ਘਰ ਪਈ ਉਸ ਮਹਾਂਬਲੀ ਕੋਲ ਬੇਨਤੀਆਂ ਕਰਦੀ ਰਹਿੰਦੀ ਸੀ। ਇਕ ਦਿਨ ਬੇਨਤੀ ਸੁਣੀ ਗਈ। ਇਕ ਦਿਨ ਬੰਤੀ ਦੇ ਕੰਨੀਂ ਅਵਾਜ਼ ਪਈ, ਜਿਸ ਵਿਚ ਬਹੁਤ ਬਰਕਤਾਂ ਸਨ। ਮਿੱਠੀ ਅਵਾਜ਼ ਰੋਮ-ਰੋਮ ਵਿਚ ਝਰਨਾਹਟਾਂ ਦੇ ਗਈ। ਇਕ ਝਲਕ ਵਾਂਗ ਝੋਲੀ ਪੁੱਤਰ ਦੀ ਦਾਤ ਵੀ ਦੇ ਗਈ। ਕੰਨ ਵਿਚ ਅਵਾਜ਼ ਪੈਣ ਨਾਲ ਹੀ ਬੰਤੀ ਮੰਜੀ ਤੋਂ ਭੁੰਵੇ ਉਤਰਕੇ, ਗੱਲ ਪੱਲਾ ਪਾ ਕੇ, ਚਰਨਾਂ ਵਿਚ ਧਿਆਨ ਧਰਕੇ ਖੜ੍ਹੀ ਹੋਈ। ਹੁਕਮ ਹੋਇਆ "ਸਿੱਖਣੀ ਜਾਗਦੀ ਹੈਂ" ਬੰਤੀ "ਜੀ ਹਾਂ ਜਾਗਦੀ ਹਾਂ।" ਹੁਕਮ ਕੀਤਾ ਇਧਰ ਆਉ। ਬੰਤੀ ਨੇ ਝੱਟਪੱਟ ਹੀ ਆ ਕੇ ਨਮਸਕਾਰ ਕੀਤੀ, ਹੁਕਮ ਹੋਇਆ, ਬੰਤੀ ਮੇਰੇ ਛਾਲੇ ਤੇ ਖਾਜ ਕਰ। ਉਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਦੀ ਪਿੰਨੀ ਤੇ ਸੱਪ ਨੇ ਡੰਗ ਮਾਰਿਆ ਹੋਇਆ ਸੀ। ਬੰਤੀ ਕਹਿੰਦੀ ਮੈਂ ਹੌਲੀ-ਹੌਲੀ ਪਿੰਨੀ ਤੇ ਮੁੱਠੀ-ਚਾਪੀ ਕਰਨ ਲੱਗ ਪਈ। ਮਹਾਰਾਜ ਘਰ ਦੇ ਬੂਹੇ ਮੋਹਰੇ ਬਹੁਤ ਚਿਰ ਖੜ੍ਹੇ ਰਹੇ। ਪਿੰਡ ਦੇ ਚੜ੍ਹਦੀ ਵੱਲ੍ਹ ਸਾਰੇ ਪਿੰਡ ਦਾ ਸਾਂਝਾ ਖੂਹ

ਸੀ, ਪਿਛ ਦੇ ਪੱਛਮ ਵੱਲ੍ਹ ਉਜਾਗਰ ਸਿੰਘ ਦਾ ਖੂਹ ਸੀ, ਜਦੋਂ ਬੰਤੀ ਮਹਾਰਾਜ ਜੀ ਦੇ ਛਾਲੇ ਤੇ ਹੌਲੀ-ਹੌਲੀ ਮਾਲਿਸ਼ ਕਰ ਰਹੀ ਸੀ। ਮਹਾਰਾਜ ਮੁੱਖ ਤੋਂ ਭਾਂ ਕੁੱਝ ਬੋਲਦੇ ਨਹੀਂ ਪਰ ਮਨ ਹੀ ਮਨ ਬੰਤੀ ਦੇ ਕੰਨਾਂ ਵਿਚ ਕੋਈ ਗ਼ੈਬੀ ਅਵਾਜ਼ ਆ ਰਹੀ ਸੀ। "ਹਾਂ! ਹਾਂ! ਤੇਰੀ ਸੇਵਾ ਕਰਨ ਵਾਲਾ ਤੇਰੇ ਘਰ ਪੈਦਾ ਹੋਵੇਗਾ।" ਐਸੀ ਆਕਾਸ਼ ਬਾਣੀ ਹੋ ਰਹੀ ਸੀ। ਕੋਈ ਅੱਧਾ ਘੰਟਾ ਸੇਵਾ ਕਰਾ ਕੇ ਮਹਾਰਾਜ ਜੀ ਬੋਲੇ, "ਹਾਂ! ਹਾਂ! ਸਿੱਖਣੀ! ਤੇਰਾ ਪਹਿਲਾ ਹੀ ਪੁੱਤਰ ਘਰ ਭੇਜ ਦੇਈਏ।" ਬੰਤੀ ਬੋਲੀ, "ਜੀ! ਇਸ ਨਾਲੋਂ ਚੰਗਾ ਹੋਰ ਕੀ ਹੋ ਸਕਦਾ ਹੈ?" ਮਹਾਰਾਜ ਜੀ ਬੋਲੇ, "ਚੰਗਾ, ਇਕ ਪਾਠ ਗੁਰਮੇਜ ਦੇ ਨਾਂ ਤੇ ਕਰਵਾ ਦੇ ਉਸਦੀ ਰੂਹ ਐਵੇਂ ਹੀ ਫਿਰ ਰਹੀ ਹੈ। ਪਰ ਬੰਤੀ ਪਾਠੀ ਨਾਰਾਜ਼ ਨਾ ਹੋਵੇ, ਪਾਠੀ ਘਰੋਂ ਖੁਸ਼ੀ-ਖੁਸ਼ੀ ਜਾਵੇ, ਚੰਗੀ ਸੇਵਾ ਕਰਨੀ।" ਬੰਤੀ ਨੇ ਸਾਰੀ ਕਹਾਣੀ ਉਜਾਗਰ ਸਿੰਘ ਨੂੰ ਮਹਾਰਾਜ ਜੀ ਵਾਲੀ ਕਹਿ ਸੁਣਾਈ। ਭਾਈ ਸਾਹਿਬ ਚੰਗੇ ਪਾਠੀ ਨੂੰ ਲੱਭ ਕੇ ਲੈ ਆਏ। ਸਾਧਾਰਨ ਪਾਠ ਕਰਵਾਇਆ। ਗੁਰਮੇਜ ਦੀ ਆਤਮਾ ਨੇ ਬੰਤੀ ਦੇ ਉਦਰ ਵਿਖੇ ਆਣ ਨਿਵਾਸ ਕੀਤਾ। ਨੌਂ ਮਹੀਨੇ ਤੋਂ ਬਾਅਦ ਬੱਚੇ ਦਾ ਜਨਮ ਹੋਇਆ, ਜਿਸ ਦਿਨ ਲੜਕਾ ਹੋਇਆ। ਉਸ ਰਾਤ ਕੋਈ ਚਾਰ ਕੁ ਦਾ ਸਮੇਂ ਸੀ, ਬੰਤੀ ਦੇ ਘਰ ਆ ਕੇ ਹੁਕਮ ਕੀਤਾ। ਬੰਤੀ ਕੁੱਝ ਬਚਾਅ ਕਰਨਾ ਪਵੇਗਾ ਤਾਂ ਬੱਚਾ ਬਚੇਗਾ। ਬੰਤੀ ਕਹਿੰਦੀ ਮੇਰੇ ਸਵਾਸ ਉੱਡ ਗਏ, ਜੇ ਮਿਲਿਆ ਫਿਰ ਵੀ ਖਤਰਾ ਹੀ ਹੈ, ਬੰਤੀ ਨੇ ਉਸ ਵੇਲੇ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਆਪ ਤੋਂ ਬਿਨਾਂ ਸਾਡਾ ਉਪਾਅ ਕਰਨ ਵਾਲਾ ਕੌਣ ਹੈ। ਮਿਹਰ ਕਰੋ ਜੀ! ਮੇਰੀ ਗਰੀਬਣੀ ਤੇ ਤਰਸ ਕਰੋ ਜੀ!" "ਇਕ ਸਾਧਾਰਨ ਪਾਠ ਇਕ ਸਾਲ ਵਿਚ ਮਾਘ ਦੇ ਮਹੀਨੇ ਇਸਦੇ ਨਾਂ ਦਾ ਕਰਵਾ ਦਿਆ ਕਰੀਂ। ਬਾਰਾਂ ਸਾਲ ਬਾਰਾਂ ਹੀ ਕਰਾਉਣੇ ਤਾਂ ਬੱਚਾ ਬਚੇਗਾ।" ਬੰਤੀ ਨੇ ਬੇਨਤੀ ਕੀਤੀ ਜੀ ਨਾਮ ਵੀ ਆਪ ਹੀ ਰੱਖ ਦਿਉ। ਮਹਾਰਾਜ ਨੇ ਗੁਰਦੇਵ ਨਾਂ ਰੱਖ ਦਿੱਤਾ। ਇਸ ਵੇਲੇ ਲੜਕਾ ਨੌਜਵਾਨ ਹੈ। ਸ਼ਾਦੀ ਸ਼ੁਦਾ ਹੋ ਕੇ ਮਾਤਾ ਪਿਤਾ ਨੂੰ ਸੁਖ ਦੇ ਰਿਹਾ ਹੈ।

ਬੋਲੋ ਭਾਈ ਵਾਹਿਗੁਰੂ।

ਸਾਖੀ ਭਗਵਾਨ ਸਿੰਘ ਪਿੰਡ ਮਜਾਰੇ ਵਾਲੇ ਨਾਲ ਹੋਈ

ਦਰਵਾਜ਼ੇ ਵਾਲੇ ਘਰੋਂ ਉੱਠਕੇ ਮਹਾਰਾਜ ਜੀ ਕਿਰਪੇ ਦੇ ਚੁਬਾਰੇ ਵਿਚ ਜਾ ਬੈਠੇ। ਮਹਾਰਾਜ ਜੀ ਤਿੰਨ ਦਿਨ ਚੁਬਾਰੇ ਦੇ ਅੰਦਰ ਹੀ ਬੈਠੇ ਰਹੇ। ਸੰਗਤ ਤਾਕੀ ਵਿਚ ਦੀ ਦਰਸ਼ਨ ਕਰੀ ਜਾ ਰਹੀ ਸੀ। ਮੂੰਹੋਂ ਮੰਗੀਆਂ ਮੁਰਾਦਾਂ ਪਾ ਰਹੀ ਸੀ। ਭਗਵਾਨ ਸਿੰਘ ਪਿੰਡ ਮਜਾਰੇ ਦਾ ਦੇਸ਼ ਬਾਰ ਜ਼ਿਲ੍ਹਾ ਮਿੰਟਗੁਮਰੀ ਚੱਕ 562 ਵਿਚ ਰਹਿੰਦੇ ਸਨ। ਖੇਤੀ ਦਾ ਕੰਮ ਕਰਦੇ ਸਨ। ਭਗਵਾਨ ਸਿੰਘ 1926 ਵਿਚ ਬਾਰ ਤੋਂ ਅੰਮ੍ਰਿਤਸਰ ਆਇਆ ਤੇ ਗੱਡੀ ਬੈਠਕੇ ਬੰਗੇ ਉਤਰਿਆ। ਭਗਵਾਨ ਸਿੰਘ ਦੇ ਕੋਲ ਦੋ ਰੁਪਏ ਬਾਕੀ ਬਚੇ ਸਨ, ਮਨ ਵਿਚ ਸੋਚਣ ਲੱਗਾ, ਪੈਸੇ ਕੋਲ ਥੋੜ੍ਹੇ ਰਹਿ ਗਏ ਹਨ। ਕੋਲ ਪੈਸੇ ਹੁੰਦੇ ਤਾਂ ਗੁਣਾਚੌਰ ਤੋਂ ਫੀਮ ਹੀ ਲੈ ਚਲਦੇ, ਗੁਣਾਚੌਰ ਠੇਕਾ ਹੁੰਦਾ ਸੀ। ਪਿੰਡ ਮਜਾਰੇ ਆ ਕੇ ਪਤਾ ਕਰਨ ਤੇ ਪਤਾ ਲੱਗਾ ਕਿ ਮਹਾਰਾਜ ਜੀ ਕਿਰਪੇ ਦੇ ਚੁਬਾਰੇ ਵਿਚ ਬੈਠੇ ਹਨ। ਪਹਿਲਾਂ ਸਿੱਧਾ ਹੀ ਮਹਾਰਾਜ ਜੀ ਦੇ ਦਰਬਾਰ ਵਿਚ ਪਹੁੰਚਾ। ਜਦੋਂ ਸਾਹਮਣੇ ਗਿਆ ਤਾਂ ਗਲ ਪੱਲਾ ਪਾ ਕੇ ਬਹੁਤ ਸ਼ਰਧਾ ਪ੍ਰੇਮ ਨਾਲ ਚਰਨਾਂ ਤੇ ਢਹਿ ਪਿਆ। ਕਾਫ਼ੀ ਦੇਰ ਤੋਂ ਬਾਅਦ ਉਸ ਕਾਮਿਲ ਪੀਰ ਦੇ ਦਰਸ਼ਨ ਨਸੀਬ ਹੋਏ। ਅੱਖਾਂ ਤੋਂ ਪ੍ਰੇਮ ਦੇ ਅੱਥਰੂ ਵਹਿ ਤੁਰੇ। ਭਗਵਾਨ ਸਿੰਘ ਦਾ ਮਨ ਵੈਰਾਗ ਨਾਲ ਧੋਤਾ ਗਿਆ। ਸੀਨਾ ਸਾਫ਼ ਹੋ ਗਿਆ। ਭਗਵਾਨ ਸਿੰਘ ਦੀ ਖੜ੍ਹੇ ਖੜ੍ਹੇ ਹੀ ਲਿਵ ਲੱਗ ਗਈ। ਅਨੋਖਾ ਜਿਹਾ ਸਰੂਰ ਆ ਗਿਆ, ਭਾਈ ਭਗਵਾਨ ਸਿੰਘ ਨੂੰ ਅਨੰਦ ਆ ਰਿਹਾ ਸੀ। ਅੱਖਾਂ ਮੱਲੋ ਜੋਰੀ ਮਿਲਦੀਆਂ ਜਾ ਰਹੀਆਂ ਸਨ, ਕੁੱਝ ਦੇਰ ਬਾਅਦ ਬੈਠ ਜਾਣ ਦਾ ਹੁਕਮ ਕੀਤਾ। ਮਹਾਰਾਜ ਦੇ ਪਲੰਘ ਦੇ ਸਿਰਹਾਣੇ ਤੀਹ ਰੁਪਏ ਚਾਂਦੀ ਦੇ ਪਏ ਸਨ, ਭਗਵਾਨ ਸਿੰਘ ਵੱਲ੍ਹ ਇਸ਼ਾਰਾ ਕੀਤਾ, "ਭਾਨਾ! ਲੈ ਲਾ! ਚੁੱਕ ਲੈ! ਹਾਂ! ਹਾਂ! ਅਫ਼ੀਮ ਲੈਣੀ ਹੁੰਦੀ ਹੈ।" ਭਗਵਾਨ ਸਿੰਘ ਕਹਿੰਦਾ, "ਜੀ! ਮੈਨੂੰ ਆਪਨੇ ਅੱਗੇ ਹੀ ਬਹੁਤ ਕੁੱਝ ਦਿੱਤਾ ਹੈ। ਮੈਂ ਤਾਂ ਆਪਦਾ ਦਿੱਤਾ ਹੀ ਖਾ ਰਿਹਾ ਹਾਂ।" ਬਹੁਤ ਵਾਰੀ ਮਹਾਰਾਜ ਜੀ ਨੇ ਭਗਵਾਨ ਨੂੰ ਆਖਿਆ ਪਰ ਭਗਵਾਨ ਸਿੰਘ ਨਾਂਹ ਨਾਂਹ ਹੀ ਕਰੀ ਜਾਵੇ। ਆਖਰ ਜਦੋਂ ਭਗਵਾਨ ਸਿੰਘ ਨਾ ਹੀ ਮੰਨਿਆ ਤਾਂ ਮਹਾਰਾਜ ਜੀ ਬੋਲੇ, "ਭਾਨਾ! ਸਤ ਲਕੀਰਾਂ ਨੱਕ ਨਾਲ ਕੱਢ।"

ਭਗਵਾਨ ਨੇ ਝੱਟਪਟ ਢਿੱਡ ਭਾਰ ਲੰਮਾ ਪੈ ਕੇ ਸੱਤ ਲਕੀਰਾਂ ਕੱਢੀਆਂ ਉੱਠਣ ਦਾ ਹੁਕਮ ਕੀਤਾ, ਕੁੜਤਾ ਝਾੜਿਆ, ਫਿਰ ਕੰਨ ਲੱਤਾਂ ਹੇਠ ਦੀ ਫੜਾਏ ਫਿਰ ਬੋਲੇ, "ਭਾਨਾ! ਦੇਖੀਂ ਕਦੇ ਪੂਜਾ ਦਾ ਤਾਂ ਪਾਣੀ ਵੀ ਨਾ ਪੀਣਾ।" ਬਹੁਤ ਹਦਾਇਤਾਂ ਕੀਤੀਆਂ, ਇਕ ਪਿਛਲੀ ਮਹਾਰਾਜ ਜੀ ਨੇ ਗੁਰੂ ਗੋਬਿੰਦ ਸਿੰਘ ਦੇ ਮੋਕੇ ਦੀ ਸਾਖੀ ਸੁਣਾਈ। ਮਹਾਰਾਜ ਜੀ ਕਹਿੰਦੇ, "ਭਾਨਾ! ਜਦੋਂ ਅਸੀਂ ਦੱਸਵੇਂ ਜਾਮੇ ਵਿਚ ਸੀ ਤਾਂ ਇਕ ਦਿਨ ਸਾਡੀ ਸਵਾਰੀ ਜਾ ਰਹੀ ਸੀ।" ਭਾਨਾ ਕਹਿੰਦਾ ਉਸ ਵੇਲੇ ਜਿਹੜੇ ਨਾਲ ਸਿੱਖ ਸਨ, ਉਨ੍ਹਾਂ ਦੇ ਨਾਂ ਵੀ ਸਨ ਯਾਦ ਨਹੀਂ ਰਹੇ। ਕਾਫ਼ੀ ਦੇਰ ਹੋ ਗਈ। "ਭਾਨਾ! ਪੰਜੇ ਸਿੱਖ ਸਨ ਰਾਹ ਵਿਚ ਕੋਹੜੀ ਪਿਆ ਸੀ, ਸਾਡੀ ਸਵਾਰੀ ਦੇਖਕੇ ਦੁੱਖ ਨਾਲ ਪੀੜਤ ਹੋਇਆ ਸੀ ਮਨ ਵਿਚ ਅਰਦਾਸ ਕੀਤੀ, ਸੱਚੇ ਪਾਤਸ਼ਾਹੋ! ਜੇ ਮੇਰਾ ਕੋਹੜ ਹਟ ਜਾਵੇ ਤਾਂ ਮੈਂ ਤੇਰੇ ਲੰਗਰ ਵਿਚ ਸਵਾ ਮਣ ਘਿਓ ਲੈ ਕੇ ਆਵਾਂਗਾ। ਭਾਨਾ ਗੁਰੂ ਮਿਹਰਬਾਨ ਹੁੰਦਾ ਹੈ। ਕੋਹੜੀ ਦਾ ਕੋਹੜ ਹਟ ਗਿਆ। ਸੱਤਵੇਂ ਮਹੀਨੇ ਲੰਗਰ ਵਿਚ ਘਿਉ ਲੈ ਕੇ ਆਇਆ। ਜਦੋਂ ਕੁੱਪਾ ਲੰਗਰ ਵਿਚ ਲਿਆ ਕੇ ਰੱਖਿਆ ਤਾਂ ਸਤਿਗੁਰੂ ਦਾ ਹੁਕਮ ਹੋਇਆ ਜਾਉ ਇਸ ਘਿਓ ਨੂੰ ਪਹਾੜ ਦੀ ਠੇਗੀ ਵਿਚ ਦੱਬ ਆਉ, ਖਾਣ ਦੇ ਲਾਇਕ ਨਹੀਂ ਹੈ। ਲਾਂਗਰੀ ਹੁਕਮ ਮੰਨ ਕੇ ਤੁਰ ਪਏ ਜਾ ਕੇ ਦੱਬਿਆ ਨਾ ਤੇ ਘਰਾਂ ਵੱਲ੍ਹ ਭੇਜ ਦਿੱਤਾ। ਜਦੋਂ ਘਰ ਲਿਜਾ ਕੇ ਖਾਧਾ ਤਾਂ ਸਭ ਨੂੰ ਕੋਹੜ ਚਲ ਪਿਆ। ਜਦੋਂ ਸਾਰੇ ਦੁਖੀ ਹੋ ਗਏ ਤਾਂ ਫਿਰ ਸਭ ਗੁਰਾਂ ਦੇ ਚਰਨੀਂ ਆਣ ਲੱਗੇ। ਬੇਨਤੀਆਂ ਕਰਨ ਲੱਗੇ, ਭੁੱਲਾਂ ਮੰਨੀਆਂ ਤਾਂ ਬਚ ਗਏ ਤੇ ਤਾਰ ਵੀ ਦਿੱਤਾ ਜਾਉ ਤੁਸੀਂ ਗ਼ਲਤੀ ਮੰਨੀ ਹੈ, ਤੁਹਾਡੀ ਕੁੱਲ ਵਿਚ ਕਦੀ ਵੀ ਕੋਹੜ ਨਹੀਂ ਹੋਵੇਗਾ। ਮਹਾਰਾਜ ਜੀ ਨੇ ਸਿੱਖਿਆ ਦਿੱਤੀ, "ਭਾਨਾ! ਪਰਸ਼ਾਦ ਲੈਣ ਖਾਣ ਦਾ ਲਾਲਚ ਨਹੀਂ ਕਰਨਾ।" ਫਿਰ ਕਹਿੰਦੇ, "ਤੇਰੇ ਘਰ ਮਸੀਤ ਬਣਾ ਦੇਈਏ।" ਭਾਨਾ "ਜੀ! ਮੈਂ ਕੌਣ ਘਰ ਵਾਲਾ ਹਾਂ? ਜੋ ਕੁੱਝ ਮਰਜੀ ਬਣਾ ਦੇਵੋ, ਘਰ ਬਾਰ ਸਭ ਆਪ ਜੀ ਦੇ ਹਨ।" ਫਿਰ ਕਹਿੰਦੇ, "ਜਾਹ ਭਾਨਾ! ਉਸਤਰਾ ਲਿਆ ਅਸੀਂ ਸੁੰਨਤ ਕਰਾਉਣੀ ਹੈ, ਮੁਸਲਮਾਨ ਹੋ ਜਾਈਏ।" ਬਚਨ ਭਗਵਾਨ ਸਿੰਘ ਨਾਲ ਕਰੀ ਜਾ ਰਹੇ ਸਨ। ਥੱਲੇ ਪੌੜੀਆਂ ਦੇ ਵਿਚ ਇਕ ਫਕੀਰ ਫੌਜ਼ ਖੜ੍ਹਾ ਸੀ। ਜਦੋਂ ਮਹਾਰਾਜ ਭਗਵਾਨ ਸਿੰਘ ਨਾਲ ਇਸ ਤਰਾਂ ਦੇ ਬਚਨ ਕਰ ਰਹੇ ਸਨ ਕਿ ਭਾਨਾ

ਤੇਰੇ ਘਰ ਮਸੀਤ ਬਣਾ ਦੇਈਏ, ਅਸੀਂ ਸੁੰਨੀ ਬਣ ਜਾਈਏ ਤਾਂ ਥੱਲੇ ਖੜ੍ਹਾ ਫੈਜ਼ ਖ਼ਾਂ ਬੋਲਿਆ, "ਜੀ! ਸੱਚੇ ਪਾਤਸ਼ਾਹੋ! ਕਿਉਂ ਐਸੇ ਚੋਜ ਕਰ ਰਹੇ ਹੋ? ਮੁਸਲਮਾਨ ਤਾਂ ਸੌ ਸੌ ਕੋਹ ਤੋਂ ਵੀ ਦੂਰ ਕਰ ਦਿੱਤੇ ਹਨ।" ਜਦੋਂ ਫੈਜ਼ ਥੱਲੇ ਖੜ੍ਹਾ ਬੋਲਿਆ ਤਾਂ ਮਹਾਰਾਜ ਜੀ ਕਹਿੰਦੇ, "ਫੈਜ਼! ਚਲ ਭਾਨੇ ਨੂੰ ਦੋ ਝੋਟੇ ਗੁਣਾਚੌਰ ਤੋਂ ਫੜਾ ਕੇ ਰਸੋਖਾਨੇ ਦੇ ਮੋਹਰੇ ਖੂਹਾਂ 'ਤੇ ਕਬਜਾ ਕਰਵਾ ਦੇ।" ਕਹਿੰਦੇ, "ਚਲ ਭਾਨਾ! ਤੈਨੂੰ ਪੰਜੇ ਖੂਹ ਦਿੱਤੇ, ਚਲ ਕਬਜ਼ਾ ਕਰ! ਰੱਅਫ਼ ਕੀ ਲਗਦੇ ਹਨ?" ਭਗਵਾਨ ਸਿਘ ਨੂੰ ਕੀ ਪਤਾ ਲੱਗ ਸਕਦਾ ਸੀ। ਮਹਾਰਾਜ ਜੀ ਦਾ ਤੋਰਿਆ ਹੋਇਆ ਤੁਰ ਤਾਂ ਪਿਆ ਜਿੱਧਰ ਦਾ ਹੁਕਮ ਲਾਇਆ ਸੀ ਉੱਧਰ ਖੇਤਾਂ ਵਿਚ ਹੋ ਕੇ ਘਰ ਚਲ ਵੜਿਆ। ਜਦੋਂ ਸੰਨ ਸੰਤਾਲੀ ਦਾ ਘੱਲੂਘਾਰਾ ਹੋਇਆ ਤਾਂ ਪਤਾ ਲੱਗਾ ਜਦੋਂ ਗੁਣਾਚੌਰ ਤੋਂ ਦੋ ਸਾਨ੍ਹ ਫੜਕੇ ਮਹਾਰਾਜ ਜੀ ਦੀ ਦਰਿਆ ਵਾਲੀ ਜ਼ਮੀਨ ਵਾਹੁਣੀ ਪਈ, ਘਰੋਂ ਹੀ ਸਾਰੀ ਜ਼ਮੀਨ ਦੀ ਅਲਾਟਮੈਂਟ ਹੋਈ, ਫਿਰ ਪਤਾ ਲੱਗਾ ਕਿ ਜੋ ਕੁੱਝ ਵਰਤਿਆ ਸਭ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਹੁਕਮ ਵਿਚ ਵਰਤਦਾ ਹੈ। ਪਾਕਿਸਤਾਨ ਬਣਨ ਤੇ ਜਦੋਂ ਅਦਲਾ ਬਦਲੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਪਿਛ ਆਉਣ ਦਾ ਹੁਕਮ ਕੀਤਾ ਸੀ, ਫਿਰ ਜਦੋਂ ਕਈ ਹੱਲੇ ਵਾਰਦਾਤਾਂ ਸ਼ੁਰੂ ਹੋਈਆਂ ਸਨ ਤਾਂ ਬਾਲ ਬੱਚੇ ਜਨਾਨੀਆਂ ਸਭ ਰਾਜਾ ਸਾਹਿਬ ਦੇ ਹੁਕਮ ਨਾਲ ਪਿਛ ਵੱਲ੍ਹ ਭੇਜ ਦਿੱਤੀਆਂ। ਭਗਵਾਨ ਸਿਘ 562 ਚੱਕ ਵਿਚ ਹੀ ਰਿਹਾ, ਸਾਰਾ ਮਾਲ ਗੁਦਾਮ ਸਾਂਭ ਕੇ ਬੈਠਾ ਸੀ। ਹੌਲੀ-ਹੌਲੀ ਗਦਰ ਮਚਦਾ ਮਚ ਹੀ ਗਿਆ ਤਾਂ ਸੱਤ ਘਰ ਸਨ 562 ਚੱਕ ਵਿਚ ਸਿੱਖਾਂ ਦੇ ਤੇ ਹੋਰ ਸਨ ਮੁਸਲਮਾਨਾਂ ਦੇ। ਸਾਰੇ ਪਾਸੇ ਜਦੋਂ ਘੇਰਾ ਪੈ ਗਿਆ ਤਾਂ ਕੋਈ ਪਤਾ ਨਾ ਲੱਗੇ ਕਿ ਕਿਸ ਤਰਾਂ ਦੁਆਬੇ ਜਾਇਆ ਜਾਵੇਗਾ। ਇਕ ਦਿਨ ਭਗਵਾਨ ਸਿਘ ਬਾਹਰ ਖੇਤਾਂ ਵਿਚ ਚਲੇ ਗਿਆ। ਨਹਿਰ ਦੇ ਕੰਢੇ ਖੜ੍ਹਾ ਹੋ ਕੇ ਰਾਜਾ ਸਾਹਿਬ ਦੇ ਚਰਨਾਂ ਵਿਚ ਅਰਦਾਸ ਕੀਤੀ, ਭੁੱਬਾਂ ਨਿਕਲ ਆਈਆਂ, ਰੋਂਦੇ ਹੀ ਹਾਕਾਂ ਮਾਰੀਆਂ, "ਮੇਰੇ ਨਾਲ ਐਸਾ ਹੀ ਹਾਲ ਹੋਵੇਗਾ?" ਜਦੋਂ ਰੋਂਦਾ-ਰੋਂਦਾ ਨਹਿਰ ਦੇ ਪੁਲ ਤੇ ਗਿਆ ਤਾਂ ਮਹਾਰਾਜ ਜੀ ਨੇ ਸਾਖ਼ਸ਼ਾਤ ਹੋ ਕੇ ਦਰਸ਼ਨ ਦਿੱਤੇ ਚਿੱਟੇ ਚਾਦਰੇ ਦੀ ਬੁੱਕਲ ਮਾਰੀ ਹੋਈ ਸੀ। ਸਿਰ ਤੇ ਹੱਥ ਰੱਖਿਆ ਤੇ ਹੁਕਮ ਕੀਤਾ, "ਭਾਨਾ! ਗੱਡੀਆਂ ਮੋਟਰਾਂ ਸਭ ਰਾਜਾ ਸਾਹਿਬ ਦੀਆਂ ਹੀ ਹਨ, ਚੜ੍ਹ ਕੇ ਆ

ਜਾਵੀਂ। ਅਸੀਂ ਤੇਰੇ ਹਰ ਸਮੇਂ ਨਾਲ ਹਾਂ ਫ਼ਿਕਰ ਨਹੀਂ ਕਰਨਾ।" ਉਸ ਤੋਂ ਤੀਜੇ ਦਿਨ ਮਿਲਟਰੀ ਦਾ ਟਰੱਕ ਆਇਆ, ਸਾਰਾ ਘਰ ਦਾ ਸਮਾਨ ਲੱਦ ਕੇ ਭਗਵਾਨ ਸਿੰਘ ਦੇ ਘਰ ਪਿੰਡ ਮਜਾਰੇ ਸਭ ਤੋਂ ਪਹਿਲਾਂ ਜਿਵੇਂ ਕਿਸੇ ਰਿਸ਼ਤੇਦਾਰ ਦਾ ਕੰਮ ਹੋਵੇ, ਇਵੇਂ ਕੰਮ ਫ਼ੌਜੀ ਬੰਦੇ ਸੁਖ ਸ਼ਾਂਤੀ ਨਾਲ ਭਗਵਾਨ ਸਿੰਘ ਨੂੰ ਫੁੱਲਾਂ ਵਾਂਗ ਘਰ ਛੱਡ ਗਏ। ਸਾਰਾ ਪਰਿਵਾਰ ਰਾਜ਼ੀ ਖੁਸ਼ੀ ਘਰ ਪਹੁੰਚ ਗਿਆ।

ਦੂਜੀ ਸਾਖੀ ਭਗਵਾਨ ਸਿੰਘ ਦੇ ਪਰਿਵਾਰ ਦੀ ਚੱਲੀ

ਭਗਵਾਨ ਸਿੰਘ ਅਤੇ ਸ਼ੇਰ ਸਿੰਘ ਦੋ ਭਰਾ ਸਨ। ਦੋਵੇਂ ਭਾਈ ਪਿੰਡ ਪੂੰਨੀਏ ਵਿਆਹੇ ਹੋਏ ਸਨ। ਦੋਵੇਂ ਪੂੰਨੀਆ ਤੋਂ ਸਕੀਆਂ ਹੀ ਭੈਣਾਂ ਸਨ। ਸ਼ੇਰ ਸਿੰਘ ਦੇ ਘਰ ਵਾਲੀ ਦਾ ਨਾਂ ਹਰ ਕੌਰ, ਭਗਵਾਨ ਸਿੰਘ ਦੀ ਸਿੱਖਣੀ ਦਾ ਨਾਂ ਗਾਬੋ ਸੀ। ਹਰ ਕੌਰ ਦੇ ਤਿੰਨ ਬੱਚੇ ਸਨ। ਗਾਬੋ ਦੇ ਬੱਚੇ ਜਨਮ ਤੋਂ ਬਾਅਦ ਮਰ ਜਾਂਦੇ ਸੀ। ਇਕ ਵਾਰ ਬਾਰ ਦੇਸ਼ ਤੋਂ ਪਿੰਡ ਮਜਾਰੇ ਵਿਆਹ ਤੇ ਆਏ, ਇਕ ਦਿਨ ਸਾਰਾ ਪਰਿਵਾਰ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ। ਮਹਾਰਾਜ ਜੀ ਕਰਤਾਰ ਸਿੰਘ ਦੇ ਘਰ ਬੈਠੇ ਸਨ। ਸਭ ਨੇ ਵਾਰੋ-ਵਾਰੀ ਬਹੁਤ ਸ਼ਰਧਾ ਨਾਲ ਚਰਨਾਂ ਵਿਚ ਨਮਸਕਾਰ ਕੀਤੀ। ਨਮਸਕਾਰ ਤੋਂ ਬਾਅਦ ਸਭ ਨੂੰ ਸਾਹਮਣੇ ਬਿਠਾ ਲਿਆ। ਗਾਬੋ ਦੇ ਸੱਤ ਅੱਠ ਸਾਲ ਦੇ ਮੁੰਡੇ ਦੀ ਬਾਂਹ ਫੜਕੇ ਹਰ ਕੌਰ ਨੂੰ ਫੜਾ ਦਿੱਤੀ। ਹਰ ਕੌਰ ਦੇ ਮੁੰਡੇ ਦੀ ਬਾਂਹ ਫੜ ਕੇ ਗਾਬੋ ਨੂੰ ਫੜਾ ਦਿੱਤੀ। ਗਾਬੋ ਨੂੰ ਹੁਕਮ ਕੀਤਾ ਗਾਬੋ ਤੈਨੂੰ ਇਹ ਮੁੰਡਾ ਦਿੱਤਾ, ਇਸਨੂੰ ਆਪਣਾ ਮੁੰਡਾ ਕਰਕੇ ਸਮਝੀਂ ਇਹੋ ਹੀ ਤੇਰਾ ਪੁੱਤਰ ਹੈ। ਹਰ ਕੌਰ ਨੂੰ ਗਾਬੋ ਦੇ ਮੁੰਡੇ ਦੀ ਬਾਂਹ ਫੜਾ ਕੇ ਆਖਿਆ, "ਹਰੋ! ਤੂੰ ਚੰਨਣ ਦੀ ਬਾਂਹ ਫੜ ਸਾਂਝੀ ਕਬੀਲਦਾਰੀ ਚੰਗੀ ਹੁੰਦੀ ਹੈ।" ਹਰ ਕੌਰ ਦੇ ਮੁੰਡੇ ਦਾ ਨਾਂ ਗੁਰਬਖਸ਼ ਸਿੰਘ ਸੀ। ਗਾਬੋ ਦੇ ਮੁੰਡੇ ਦਾ ਨਾਂ ਚੰਨਣ ਸਿੰਘ। ਇਕ ਦੂਜੇ ਦੇ ਮੁੰਡਿਆਂ ਦੀਆਂ ਬਾਂਹਾਂ ਫੜਾ ਕੇ ਤੋਰ ਦਿੱਤੇ। ਉਸ ਵੇਲੇ ਕਿਸੇ ਨੂੰ ਕੋਈ ਪਤਾ ਨਹੀਂ ਕਿ ਕੀ ਖੇਡ ਕਰ ਰਹੇ ਹਨ? ਵਿਆਹ ਤੋਂ ਬਾਅਦ ਸਾਰਾ ਪਰਿਵਾਰ ਰਾਜ਼ੀ ਖੁਸ਼ੀ 562 ਚੱਕ ਵਿਚ ਚਲੇ ਗਏ ਬਾਰ ਦੇਸ਼ ਵਿਚ। ਕੁੱਝ ਦਿਨਾਂ ਬਾਅਦ ਗਾਬੋ ਦੇ ਲੜਕੇ ਚੰਨਣ ਦੀ ਖੱਬੀ ਬਗਲ ਵਿਚ

ਕਛਰਾਲੀ ਹੋ ਗਈ, ਕੁੱਝ ਦਿਨ ਢਿੱਲਾ ਰਹਿਣ ਤੋਂ ਬਾਅਦ ਸੁਰਗਵਾਸ ਹੋ ਗਿਆ। ਸਾਰੇ ਪਰਿਵਾਰ ਨੂੰ ਪਹਿਲਾਂ ਹੀ ਪਤਾ ਸੀ ਕਿ ਗਾਬੋ ਦੇ ਬੱਚੇ ਬਚਦੇ ਨਹੀਂ, ਚੰਨਣ ਵੀ ਨਹੀਂ ਬਚਣਾ। ਗਾਬੋ ਦਾ ਆਸਰਾ ਹਰ ਕੌਰ ਦਾ ਬੱਚਾ ਦੇ ਕੇ ਬਣਾ ਦਿੱਤਾ। ਖੁਦਾ ਦੀ ਰਜ਼ਾ ਨੂੰ ਨਹੀਂ ਮੋੜਿਆ, ਹਰ ਕੌਰ ਦੇ ਹੋਰ ਵੀ ਬੱਚਾ ਸੀ। ਇਕ ਵਾਰ ਗੁਰਬਖਸ਼ ਸਿੰਘ ਬਹੁਤ ਬਿਮਾਰ ਹੋ ਗਿਆ, ਛੇ ਮਹੀਨੇ ਬਿਮਾਰ ਰਿਹਾ। ਕਲੇਰਾਂ ਵਾਲੇ ਭੂਤ ਗਿਰ ਵਰਗੇ ਚੰਗੇ ਜਾਦੂਗਰ ਵੀ ਜ਼ੋਰ ਲਾ ਹਟੇ। ਡਾਕਟਰ, ਹਕੀਮ ਸਭ ਜਵਾਬ ਦੇ ਗਏ। ਸਾਰਾ ਟੱਬਰ ਬਹੁਤ ਘਬਰਾ ਗਿਆ। ਇਸ ਪਰਿਵਾਰ ਦਾ ਨਾਭ ਕੰਵਲ ਰਾਜਾ ਸਾਹਿਬ ਜੀ ਤੇ ਬਹੁਤ ਭਰੋਸਾ ਸੀ। ਚੱਕ 562 ਵਿਚ ਹੀ ਬੈਠਿਆਂ ਨੇ ਸਤਿਗੁਰਾਂ ਦਾ ਧਿਆਨ ਧਰਕੇ ਅਰਦਾਸ ਕੀਤੀ, "ਸੱਚੇ ਪਾਤਸ਼ਾਹੋ! ਕੁਬਜਾਂ ਦਾ ਕੁੱਬ ਦੂਰ ਕੀਤਾ, ਕੋਹੜੀਆਂ ਦਾ ਕੋਹੜ ਦੂਰ ਕੀਤਾ, ਅਸਾਧ ਰੋਗੀ, ਮਹਾਂਪਾਪੀ, ਅਜਾਮਲ ਵਰਗੇ ਤਾਰੇ, ਆਪ ਦੀ ਬਖਸ਼ਿਸ਼ ਕੀਤਾ ਹੋਇਆ ਇਕ ਹੀ ਪੁੱਤਰ ਤੇਰੇ ਦਰੋਂ ਵਰੋਸਾਇਆ, ਸੁੱਖਾਂ ਦਾ ਬੂਟਾ ਉਹ ਵੀ ਸੁੱਕ ਚਲਿਆ, ਮੇਰੀ ਫਰਿਆਦ ਕਿਤੇ ਨੇੜੇ ਹੋ ਕੇ ਸੁਣ, ਜਿਵੇਂ ਮੇਹਣੀ ਵਾਲੇ ਰਾਜੇ ਦੀ, ਰਾਵੀ ਦੀ ਫਰਿਆਦ ਸੁਣੀ ਸੀ, ਜਿਵੇਂ ਸਧਨੇ ਦੀ ਰੱਖੀ।" ਜਦੋਂ ਗਾਬੋ ਦੀ ਦਰਦਨਾਕ ਅੱਥਰੂਆਂ ਭਰੀ ਅਵਾਜ਼ ਪੌਣ ਰਾਹੀਂ ਬਿਜਲੀ ਦੀ ਤਾਰ ਵਾਂਗ ਮਜਾਰੇ ਬੈਠੇ ਅਰਸ਼ੀ ਪ੍ਰੀਤਮ ਦੇ ਕੰਨੀਂ ਪਈ ਅੰਦਰੋਂ ਕੁੰਡੀ ਮਾਰੀ, ਸੰਗਤ ਨੂੰ ਹੁਕਮ ਕੀਤਾ ਅੱਜ ਸਾਨੂੰ ਕੋਈ ਬੁਲਾਵੇ ਨਾ। ਸਮੁੰਦਾ ਪਿੰਡ ਨਾਗਰਿਆਂ ਦਾ, ਭਾਨਾ ਖਾਨਖਾਨਾ ਵਾਲਾ ਦੋਵੇਂ ਪਹਿਰੇ ਵਿਚ ਖੜ੍ਹੇ ਕਰਕੇ ਇਹ ਹੁਕਮ ਕੀਤਾ, "ਕੋਈ ਸਾਨੂੰ ਬੁਲਾਵੇ ਨਾ।" ਅੱਖ ਮੀਟਣ ਤੇ ਉਘਾੜਨ ਨਾਲ ਹੀ ਬਾਰ ਦੇਸ਼ ਚੱਕ 562 ਮੰਜੀ ਤੇ ਪਏ ਅਧਮੋਏ ਮਰੀਜ਼ ਗੁਰਬਖਸ਼ ਸਿੰਘ ਨੂੰ ਜਾ ਦਰਸ਼ਨ ਦਿੱਤੇ। ਗੁਰਬਖਸ਼ ਸਿੰਘ ਮੰਜੀ ਤੇ ਪਿਆ ਹਿੱਲ ਨਹੀਂ ਸੀ ਸਕਦਾ, ਬੇਹੋਸ਼ੀ ਵਿਚ ਪਿਆ ਸੀ। ਮਹਾਰਾਜ ਜੀ ਦੇ ਦਰਸ਼ਨਾਂ ਦੀ ਝਲਕ ਐਸੀ ਪਈ ਕਿ ਸਰੀਰ ਨੂੰ ਇਕ ਹਲੂਣਾ ਜਿਹਾ ਆਇਆ, ਸਿਰ ਤੇ ਹੱਥ ਰੱਖਿਆ ਹੋਇਆ ਨਜ਼ਰੀ ਪਿਆ। ਗੁਰਬਖਸ਼ ਸਿੰਘ ਝੁਭਕ ਕੇ ਝੱਟਪੱਟ ਉਠਿਆ, ਕੰਨਾਂ ਵਿਚ ਅਵਾਜ਼ ਪਈ, "ਹਾਂ! ਹਾਂ! ਕਾਕਾ ਤਕੜਾ ਹੋ!" ਬੱਸ ਇਕ ਵਾਰੀ ਹੀ ਇੰਨੀ ਗੱਲ ਕਹਿਣ ਦੇ ਨਾਲ ਗੁਰਬਖਸ਼ੇ ਦੀ ਦੇਹ ਹਲਕੀ ਕੰਗਣ ਵਰਗੀ ਹੋ ਗਈ। ਰੋਗ

ਰਹਿਤ ਹੋ ਗਿਆ ਸਰੀਰ ਤੰਦਰੁਸਤ ਹੋ ਗਿਆ। ਗੁਰਬਖਸ਼ਾ ਉੱਚੀ ਉੱਚੀ ਆਖਣ ਲੱਗਾ, ਰਾਜਾ ਸਾਹਿਬ ਜੀ ਆਏ ਹਨ। ਬਾਕੀ ਹੋਰ ਕਿਸੇ ਨੂੰ ਦਰਸ਼ਨ ਨਹੀਂ ਹੋਏ। ਬਸ ਗੁਰਬਖਸ਼ੇ ਨੂੰ ਦਰਸ਼ਨਾਂ ਦੀ ਝਾਕੀ ਦਿੱਤੀ। ਇਹ ਸਾਖੀ ਭਗਵਾਨ ਸਿੰਘ ਅਤੇ ਗੁਰਬਖਸ਼ ਸਿੰਘ ਨੇ ਆਪਣੀ ਜ਼ੁਬਾਨੀ ਸੁਣਾਈ। ਭਗਵਾਨ ਸਿੰਘ ਦਾ ਬਹੁਤ ਪ੍ਰੇਮ ਸੀ ਮਹਾਰਾਜ ਨਾਲ। ਲੰਮੇ ਲੰਮੇ ਸਾਹ ਲੈ ਕੇ ਅੱਥਰੂਆਂ ਦੀ ਝੜੀ ਲਾ ਦਿੰਦਾ ਸੀ, ਜਦੋਂ ਮਹਾਰਾਜ ਜੀ ਦੇ ਬਚਨ ਸੁਣਾਉਂਦਾ ਹੁੰਦਾ ਸੀ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਈਸ਼ਰ ਸਿੰਘ ਪੁਜਾਰੀ ਹਕੀਮਪੁਰ ਗੁਰਦੁਆਰਾ ਨਾਨਕਸਰ ਵਾਲੇ ਨਾਲ ਹੋਈ

ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਪਿੰਡ ਮਜਾਰੇ ਆਪਣੇ ਘਰ ਬੈਠੇ ਸਨ। ਸਰਦੀ ਦਾ ਮੌਸਮ ਸੀ ਸਾਰਾ ਦਿਨ ਸੰਗਤ ਆਪ ਜੀ ਦੇ ਘਰੋਂ ਪਦਾਰਥਾਂ ਦੀਆਂ ਝੋਲੀਆਂ ਭਰਕੇ ਜਾਂਦੀ ਰਹੀ। ਸੂਰਜ ਛਿਪ ਜਾਣ ਤੋਂ ਬਾਅਦ ਕਰਤਾਰ ਸਿੰਘ ਨੂੰ ਹੁਕਮ ਕੀਤਾ ਸਭ ਨੂੰ ਬਾਹਰ ਕੱਢਕੇ ਕੁੰਡਾ ਲਾ ਦੇਹ। ਆਪ ਜੀ ਦੇ ਹੁਕਮ ਅਨੁਸਾਰ ਬੈਠੀ ਸੰਗਤ ਨੂੰ ਉੱਠ ਕੇ ਚਲੇ ਜਾਣ ਦਾ ਹੁਕਮ ਕੀਤਾ। ਸਾਰੇ ਬੰਦੇ ਬਾਹਰ ਚਲੇ ਗਏ, ਤਿੰਨ ਬੰਦੇ ਸਨ, ਜਿਹੜੇ ਉੱਠਣ ਨਾ, ਇਕ ਪਾਸੇ ਕੰਧ ਨਾਲ ਲੱਗਕੇ ਬੈਠ ਗਏ। ਜਦੋਂ ਇਕ ਪਹਿਰ ਰਾਤ ਚਲੀ ਗਈ, ਮਹਾਰਾਜ ਬੂਹਾ ਖੋਲ੍ਹਕੇ ਬਾਹਰ ਆਏ ਬਾਹਰ ਬੈਠੇ ਬੰਦਿਆਂ ਨੇ ਉੱਠਕੇ ਨਮਸਕਾਰ ਕੀਤੀ। ਇਨ੍ਹਾਂ ਵਿਚੋਂ ਇਕ ਦਾ ਕੋਈ ਮੁਕੱਦਮਾ ਕਿਸੇ ਨਾਲ ਚਲ ਰਿਹਾ ਸੀ। ਈਸ਼ਰ ਸਿੰਘ ਪੁਜਾਰੀ ਦਾ ਕੇਸ ਅਕਾਲੀਆਂ ਨਾਲ ਗੁਰਦੁਆਰੇ ਐਕਟ ਦੇ ਅਨੁਸਾਰ ਚਲ ਰਿਹਾ ਸੀ। ਤੀਜੇ ਦਾ ਕੰਮ ਜਨਾਨੀ ਦਾ ਕੇਸ ਸੀ। ਮਹਾਰਾਜ ਨੇ ਇਨ੍ਹਾਂ ਤਿੰਨਾਂ ਹੀ ਬੰਦਿਆਂ ਨੂੰ ਆਖਿਆ, "ਆਓ! ਬਈ ਦਸੋ ਤੁਮਹਾਰਾ ਕਿਆ ਕਾਮ ਹੈ?" ਨਾਲ ਹੀ ਲੱਗਦੇ ਹੱਥ ਆਖਣ ਲੱਗੇ, "ਅਸੀਂ ਜਨਾਨੀ ਦਾ ਕੇਸ ਨਹੀਂ ਸੁਣਦੇ।" ਜਿਹੜਾ ਬੰਦਾ ਜਨਾਨੀ ਦੇ ਕੇਸ ਵਾਲਾ ਸੀ, ਉਸਨੂੰ ਤੋਰ ਦਿੱਤਾ, ਦੂਜੇ ਨੂੰ ਕਹਿਣ ਲੱਗੇ, "ਤੁਮਹਾਰੇ ਹੱਕ ਮੇਂ ਹਮਨੇ ਮੁਕੱਦਮਾ ਕਰ ਦੀਆ ਹੈ।" ਈਸ਼ਰ

ਸਿੰਘ ਨੂੰ ਆਖਿਆ, "ਈਸ਼ਰ ਦਾਸ! ਤੁਮਹਾਰਾ ਕਿਆ ਕਾਮ ਹੈ?" ਈਸ਼ਰ ਸਿੰਘ ਨੇ ਬੇਨਤੀ ਕੀਤੀ, "ਗੁਰਦੁਆਰਾ ਨਾਨਕ ਸਰ ਪਿੰਡ ਹਕੀਮਪੁਰ ਦੀ ਜੂਹ ਵਿਚ ਹੈ। ਇਥੇ ਦੋ ਪਾਤਸ਼ਾਹੀਆਂ ਆਈਆਂ ਹਨ, ਗੁਰੂ ਨਾਨਕ ਜੀ ਅਤੇ ਸੱਤਵੇਂ ਗੁਰੂ ਹਰ ਰਾਇ ਸਾਹਿਬ ਜੀ। ਇਸ ਗੁਰਦੁਆਰੇ ਦਾ ਪੁਜਾਰੀ ਮੈਂ ਹਾਂ! ਮੇਰੇ ਉੱਪਰ ਮੁਕੱਦਮਾ ਕੀਤਾ ਹੋਇਆ ਹੈ ਅਕਾਲੀਆਂ ਨੇ। ਜੇ ਮੇਰੇ ਕੋਲੋਂ ਗੁਰਦੁਆਰੇ ਦੀ ਜ਼ਮੀਨ ਜਾਂਦੀ ਰਹੀ, ਮੇਰਾ ਟੱਬਰ ਭੁੱਖਾ ਮਰ ਜਾਵੇਗਾ। ਮੇਰਾ ਕੋਈ ਟਿਕਾਣਾ ਨਹੀਂ, ਸੱਚੇ ਪਾਤਸ਼ਾਹ! ਕੋਈ ਮਿਹਰ ਕਰੋ। ਇਹ ਕੇਸ ਮੇਰੇ ਹੱਕ ਵਿਚ ਹੋ ਜਾਵੇ ਤੂੰ ਤੇ ਉਹ ਹੀ ਜੋਤ ਹੈ, ਤੇਰੇ ਹਕਮ ਵਿਚ ਹੀ ਸਭ ਕਲਮਾਂ ਵਗਦੀਆਂ ਹਨ, ਤੁਸੀਂ ਤੇ ਜਨਕ ਰਾਜਾ ਦਾ ਅਵਤਾਰ ਹੋ।" ਈਸ਼ਰ ਸਿੰਘ ਸੱਚੀ ਸਰਕਾਰ ਅਗੇ ਢਿੱਡ ਵਜਾਕੇ ਰੋਇਆ। "ਤੇਰਾ ਦਿੱਤਾ ਹੀ ਖਾ ਰਹੇ ਹਾਂ।" ਜਦੋਂ ਈਸ਼ਰ ਸਿੰਘ ਨੇ ਬਹੁਤ ਆਜਜ਼ੀ ਨਾਲ ਬੇਨਤੀਆਂ ਕੀਤੀਆਂ, ਅੱਗੋਂ ਸਤਿਗੁਰਾਂ ਵਲੋਂ ਹੁਕਮ ਹੋਇਆ, "ਈਸ਼ਰ ਸਿੰਘ ਤੁਸੀਂ ਅਦਬ ਸੇਵਾ ਨਹੀਂ ਰੱਖਦੇ, ਸੇਵਾ ਨਹੀਂ ਕਰਦੇ, ਤੁਸੀਂ ਲਾਇਕ ਨਹੀਂ ਗੁਰਦੁਆਰੇ ਵਿਚ ਰਹਿਣ ਦੇ।" ਸੰਨ 1927-28 ਵਿਚ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਨੇ ਪੁਜਾਰੀਆਂ ਕੋਲੋਂ ਸਭ ਗੁਰਦੁਆਰੇ ਖੋਹਣੇ ਸ਼ੁਰੂ ਕੀਤੇ ਸਨ। ਈਸ਼ਰ ਸਿੰਘ ਕਹਿੰਦਾ, "ਜੀ! ਸੱਚੇ ਪਾਤਸ਼ਾਹੋ! ਤੁਸੀਂ ਹੀ ਉਹ ਜੋਤ ਹੋ ਅਸੀਂ ਆਪਦੇ ਹੁਕਮ ਨਾਲ ਹੀ ਗੁਰਦੁਆਰਿਆਂ ਦੀ ਸੰਭਾਲ ਕੀਤੀ ਸੀ। ਅੱਗੇ ਵਾਸਤੇ ਭਾਉ ਪ੍ਰੇਮ ਨਾਲ ਸੇਵਾ ਕਰਿਆ ਕਰਾਂਗੇ।" ਅੱਗੋਂ ਮਹਾਰਾਜ ਜੀ ਫਿਰ ਬੋਲੇ, "ਚੰਗਾ ਈਸ਼ਰ ਸਿੰਘ! ਮੁਕੱਦਮਾ ਤੁਮਹਾਰੇ ਹੱਕ ਵਿਚ ਕਰ ਦਿੱਤਾ ਹੈ। ਜਿਨ੍ਹਾਂ ਚਿਰ ਸੇਵਾ ਕਰੋਂਗਾ, ਹੱਕ ਬਣਿਆ ਰਹੇਗਾ।" ਕਹਿੰਦੇ, "ਬੋਲੀਆਂ ਸੁਣਾਉ" ਈਸ਼ਰ ਸਿੰਘ ਕੁੱਝ ਡਰੇ ਘਰਾਂ ਵਿਚ ਬੋਲੀਆਂ ਪਾਉਣ ਤੋਂ ਮਹਾਰਾਜ ਕਹਿੰਦੇ, "ਕਾਕਾ! ਡਰ ਨਾ! ਹਾਂ ਉੱਚੀ ਉੱਚੀ ਪਾਉ। ਜਿਸ ਤਰਾਂ ਮੇਲੇ ਤੇ ਜੋਟੀਆਂ ਬੰਨ੍ਹਕੇ ਪਾਉਂਦੇ ਹੋ।" ਈਸ਼ਰ ਸਿੰਘ ਲੱਗਾ ਉੱਚੀ-ਉੱਚੀ ਬੋਲੀਆਂ ਪਾਉਣ ਦੀਆਂ, ਪੂਰਨ ਦੀਆਂ। ਧਾਰਮਿਕ ਜਿਹੀਆਂ ਬੋਲੀਆਂ ਪਾਉਣ ਲੱਗਾ। ਮਹਾਰਾਜ ਕਹਿੰਦੇ, "ਬਾਂਹ ਕੱਢਕੇ ਜੋਰ ਨਾਲ ਪਾਉ, ਅੱਗੇ ਪਿੰਡ ਦੇ ਚੁਬਾਰਾ ਮੇਰਾ ਲੰਮੀ ਗਲੀ ਆਉ ਮਿੱਤਰਾ।" ਐਸੀਆਂ-ਐਸੀਆਂ ਆਪ ਦੱਸਕੇ ਬੋਲੀਆਂ ਪੁਆਉਂਦੇ ਸਨ। ਨਾਨਕ ਸਰ ਵਿਸਾਖੀ ਤੇ ਕਾਫ਼ੀ ਜੋੜ ਮੇਲਾ ਹੁੰਦਾ ਜਿਸ ਵਿਚ ਮੁੰਡੇ

ਜੋਟੀਆਂ ਬੰਨ੍ਹ-ਬੰਨ੍ਹ ਕੇ ਬੋਲੀਆਂ ਪਾਇਆ ਕਰਦੇ ਸਨ। ਇਸ ਤਰਾਂ ਬੋਲੀਆਂ ਪੁਆਕੇ ਖੁਸ਼ ਹੋਏ, ਮੁਕੱਦਮਾ ਹੱਕ ਵਿਚ ਹੋਣ ਦਾ ਬਚਨ ਦੇ ਕੇ ਤੋਰ ਦਿੱਤਾ। ਮੁਕੱਦਮਾ ਈਸ਼ਰ ਸਿਘ ਦੇ ਹੱਕ ਵਿਚ ਹੋ ਗਿਆ। ਲਾਹੌਰ ਹਾਈਕੋਰਟ ਵਿਚ ਕੇਸ ਲੜਿਆ ਪਰ ਈਸ਼ਰ ਸਿਘ ਜਿੱਤਦਾ ਗਿਆ। ਈਸ਼ਰ ਸਿਘ ਦੇ ਹੱਕ ਵਿਚ ਦਰਗਾਹੀ ਕਲਮਾਂ ਵਹਿ ਚੁੱਕੀਆਂ ਸਨ, ਫਿਰ ਕੌਣ ਮੋੜ ਸਕਦਾ ਸੀ?

ਸਾਖੀ ਮਹੰਤ ਪੂਰਨ ਦਾਸ ਜੀ ਦੀ

ਮਹੰਤ ਪੂਰਨ ਦਾਸ ਜੀ ਦਾ ਪਿੰਡ ਚੱਕ ਬਿਲਗਾ ਸੀ। ਆਪ ਜੱਟ ਬਰਾਦਰੀ ਨਾਲ ਸੰਬੰਧ ਰੱਖਦੇ ਸਨ ਅਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਆਪ ਜੀ ਦੇ ਪਿਤਾ ਦਾ ਨਾਂ ਸ੍ਰੀ ਮੰਗਲ ਦਾਸ ਜੀ ਅਤੇ ਮਾਤਾ ਦਾ ਨਾਂਮ ਬੀਬੀ ਕਾਹਨੋਂ ਸੀ। ਆਪ ਜੀ ਦੇ ਦੋ ਵੱਡੇ ਭਰਾ ਦੇਵ ਅਤੇ ਜੀਣ ਸਨ। ਭਰਾਵਾਂ ਵਿਚੋਂ ਦਰਜੇ ਵਿਚ ਸਭ ਤੋਂ ਛੋਟੇ ਪਰ ਬੁੱਧੀ ਤੀਖਣ ਅਤੇ ਸਰੀਰਕ ਪੱਖੋਂ ਮਜ਼ਬੂਤ ਹੋਣ ਕਰਕੇ ਪਰਿਵਾਰ ਵਿਚ ਆਪ ਜੀ ਦੀ ਪਰਿਵਾਰ ਵਿੱਚ ਵੱਧ ਪੁੱਛ ਪ੍ਰਤੀਤ ਸੀ। ਆਪ ਬਚਪਨ ਤੋਂ ਹੀ ਸਾਧੂ ਸੁਭਾਵੀ, ਨਿਮਰ, ਦਇਆਵਾਨ, ਹਰ ਕਿਸੇ ਦਾ ਭਲਾ ਚਾਹੁਣ ਅਤੇ ਕਰਨ ਵਾਲੇ ਸਨ। ਬਿਰਤੀ ਜ਼ਿਆਦਾ ਧਾਰਮਿਕ ਅਤੇ ਵਧੇਰੇ ਕੰਮ ਕਾਜੀ ਹੋਣ ਕਰਕੇ ਆਪ ਦੁਨੀਆਂਦਾਰੀ ਤੋਂ ਨਿਰਲੇਪ ਸਨ।

ਮਹੰਤ ਜੀ ਨੇ ਸ੍ਰੀ ਬ੍ਰਹਮ ਦਰਿਆ (ਜਿਹੜੇ ਢਾਬ ਦੇ ਕੰਢੇ ਨਿਵਾਸ ਕਰਨ ਕਰਕੇ ਢਾਬਾਂ ਵਾਲੇ ਗੁਰੂ ਦੇ ਤੌਰ ਤੇ ਜਾਣੇ ਜਾਂਦੇ ਸਨ) ਨੂੰ ਗੁਰੂ ਧਾਰਨ ਕੀਤਾ। ਆਪ ਆਪਣੇ ਗੁਰੂ ਦੇ ਦਰਸ਼ਨਾਂ ਨੂੰ ਰੋਜ਼ ਜਾਇਆ ਕਰਦੇ ਸਨ। ਆਪ ਜੀ ਦਾ ਇਸ ਭਰਾਂ ਰੋਜ਼ ਰੋਜ਼ ਕੰਮ ਛੱਡ ਕੇ ਗੁਰੂ ਦੇ ਦਰਸ਼ਨਾਂ ਨੂੰ ਚਲੇ ਜਾਣਾਂ ਆਪ ਦੇ ਭਰਾਵਾਂ ਨੂੰ ਚੰਗਾ ਨਾ ਲੱਗਦਾ। ਇਕ ਦਿਨ ਦੋਹਾਂ ਭਰਾਵਾਂ ਨੇ ਰਲ ਕੇ ਸਲਾਹ ਕੀਤੀ ਕਿ ਉਹ ਆਪ ਜੀ ਨੂੰ ਕੰਮ ਵਿਚ ਫਸਾ ਲੈਣਗੇ ਅਤੇ ਢਾਬ ਤੇ ਨਹੀਂ ਜਾਣ ਦੇਣਗੇ। ਉਨ੍ਹਾਂ ਨੇ ਮਹੰਤਾਂ ਨੂੰ ਚੜਸ ਤੇ ਲਾ ਲਿਆ। ਸਾਰਾ ਦਿਨ ਲੱਗੇ ਰਹੇ ਜਦੋਂ ਹਨੇਰਾ ਹੋ ਗਿਆ ਉਨ੍ਹਾਂ ਸੋਚਿਆ ਕਿ ਹੁਣ ਤਾਂ ਜਾਣ ਦਾ ਸਮਾਂ ਲੰਘ ਗਿਆ ਹੈ ਹੁਣ ਮਹੰਤ ਢਾਬ ਨਹੀਂ ਜਾ ਸਕਣਗੇ। ਉਹ ਘਰ ਨੂੰ ਆ ਗਏ। ਰਾਤ

ਪੈ ਗਈ ਜਦੋਂ ਉਹ ਮਹੰਤਾਂ ਦੀ ਰੋਟੀ ਲੈ ਕੇ ਖੂਹ ਤੇ ਗਏ ਤਾਂ ਦੇਖਿਆ ਮਹੰਤ ਤਾਂ ਉਥੋਂ ਜਾ ਵੀ ਚੁੱਕੇ ਸਨ। ਇਕ ਦਿਨ ਵੀ ਆਪ ਆਪਣੇ ਗੁਰਾਂ ਦੇ ਦਰਸ਼ਨ ਤੋਂ ਬਗੈਰ ਰਹਿ ਨਾਂ ਸਕਦੇ।

ਇਕ ਦਿਨ ਬ੍ਰਹਮ ਦਰਿਆ ਚੜ੍ਹਾਈ ਕਰ ਗਏ। ਉਨ੍ਹਾਂ ਦੇ ਬੇਵਕਤ ਚਲੇ ਜਾਣ ਨਾਲ ਮਹੰਤ ਬਹੁਤ ਉਦਾਸ ਹੋ ਗਏ। ਉਨ੍ਹਾਂ ਦਾ ਕਿਸੇ ਕੰਮ ਕਾਰ ਵਿਚ ਮਨ ਨਾਂ ਲਗਦਾ। ਉਨ੍ਹਾਂ ਦਾ ਜੀਅ ਉਪਰਾਮ ਹੋ ਗਿਆ। ਆਪ ਜੀ ਮਾਤਾ ਉਨ੍ਹਾਂ ਦੀ ਉਸ ਉਦਾਸੀ ਨੂੰ ਸਮਝਦੀ ਸੀ ਕਿ ਇਕ ਦਿਨ ਉਹ ਕਹਿਣ ਲੱਗੀ, "ਪੂਰਨਾ!! ਕਹਿੰਦੇ ਨੇ ਲਾਭੇ ਦੇ ਮਜਾਰੇ (ਮਜਾਰੇ ਨੂੰ ਪਹਿਲਾਂ ਲਾਭੇ ਦਾ ਮਜਾਰਾ ਕਹਿੰਦੇ ਸਨ ਕਿਉਂਕਿ ਇਸ ਪਿੰਡ ਨੂੰ ਵਸਾਉਣ ਵਾਲਾ ਲਾਭਾ ਸੀ ਜਿਹੜੇ ਕਿ ਸ. ਮੰਗਲ ਸਿੰਘ (ਮੰਗੂ), ਸ. ਨੱਥਾ ਸਿੰਘ (ਨੱਥੂ) ਕਰਤਾਰ ਸਿੰਘ, ਸ. ਚੈਨ ਸਿੰਘ ਹੁਰਾਂ ਦੇ ਬਜ਼ੁਰਗ ਸਨ, ਜਿਨ੍ਹਾਂ ਦੇ ਘਰ ਨੂੰ ਪਾਤਸ਼ਾਹ ਨੇ ਆਪਣਾ ਘਰ ਹੋਣ ਦਾ ਮਾਣ ਦਿੱਤਾ) ਇਕ ਈਸ਼ਰਕੋਟੀ ਸਾਧੂ ਰਹਿੰਦੇ ਹਨ ਜਿਨ੍ਹਾਂ ਨੂੰ ਦੁਨੀਆਂ ਰਾਜਾ ਸਾਹਿਬ- ਰਾਜਾ ਸਾਹਿਬ ਕਹਿ ਕੇ ਬੁਲਾਉਂਦੀ ਹੈ। ਮੇਰੀ ਮੰਨੇ ਤਾਂ ਤੂੰ ਵੀ ਦਰਸ਼ਨ ਕਰ ਲੈ ਜਾ ਕੇ ਕੀ ਪਤਾ ਤੈਨੂੰ ਉਥੋਂ ਹੀ ਠੰਡ ਪੈ ਜਾਵੇ। ਮਾਂ ਨੇ ਕਈ ਵਾਰ ਮਹੰਤਾਂ ਨੂੰ ਰਾਜਾ ਸਾਹਿਬ ਦੇ ਦਰਸ਼ਨਾਂ ਲਈ ਪ੍ਰੇਰਿਆ। ਮਹੰਤ ਸੰਤ ਬਿਸ਼ੰਬਰ ਦਾਸ ਪਿੰਡ ਕੱਟਾਂ ਵਾਲੇ (ਜਿਹੜੇ ਆਪ ਵੀ ਮਹਾਨ ਸੰਤ ਸਨ) ਕੋਲੋਂ ਵੀ ਮਹਾਰਾਜ ਜੀ ਦੀ ਬਹੁਤ ਉਸਤਤ ਸੁਣ ਚੁੱਕੇ ਸਨ।

ਇਕ ਦਿਨ ਮਹੰਤ ਬਗੈਰ ਕਿਸੇ ਨੂੰ ਦੱਸੇ, ਪੁੱਛਦੇ-ਪੁਛਾਉਂਦੇ ਪਾਤਸ਼ਾਹ ਦੇ ਘਰ ਆ ਗਏ। ਘਰ ਦਾ ਵਿਹੜਾ ਸੰਗਤ ਨਾਲ ਭਰਿਆ ਪਿਆ ਸੀ। ਪਰ ਜਿਹਦੇ ਦਰਸ਼ਨ ਦੀ ਤਾਂਘ ਪੂਰਨ ਨੂੰ ਇੱਥੇ ਤੱਕ ਖਿੱਚ ਕੇ ਲੈ ਆਈ ਸੀ ਉਹ ਤਾਂ ਕਿੱਧਰੇ ਵੀ ਨਜ਼ਰ ਨਹੀਂ ਸਨ ਆਉਂਦੇ। ਮਹੰਤ ਵੀ ਸੰਗਤ ਵਿਚ ਬੈਠਣ ਲੱਗੇ ਉਹ ਅਜੇ ਕਿਸੇ ਤੋਂ ਪਾਤਸ਼ਾਹ ਬਾਰੇ ਪੁੱਛਣਾ ਹੀ ਚਾਹ ਰਹੇ ਸਨ ਕਿ ਤਾਕੀ ਖੁੱਲ੍ਹ ਗਈ ਇਉਂ ਲੱਗਿਆ ਜਿਵੇਂ ਰੱਬ ਅੱਖਾਂ ਸਾਹਮਣੇ ਆ ਖੜ੍ਹਾ ਹੋਇਆ ਹੋਵੇ। ਪਾਤਸ਼ਾਹ ਨੇ ਕਰਮੀ ਨੂੰ ਹਾਕ ਮਾਰੀ, "ਕਰਮੀ!! ਸਾਧੂ ਨੂੰ ਘਿਉ ਸ਼ੱਕਰ ਨਾਲ ਰੋਟੀ ਖਲਾਓ।" ਮਹੰਤਾਂ ਨੇ ਸੰਗਤ ਵਿਚ ਨਜ਼ਰ ਮਾਰੀ ਉਨ੍ਹਾਂ ਨੂੰ ਉਨ੍ਹਾਂ ਸਾਰਿਆਂ ਵਿਚੋਂ ਕੋਈ ਸਾਧੂ ਨਜ਼ਰ ਨਾ ਆਇਆ ਉਹ ਮਨ ਹੀ ਮਨ ਸੋਚਣ ਲੱਗੇ

ਮਹਾਂਪੁਰਸ਼ (ਰਾਜਾ ਸਾਹਿਬ ਜੀ) ਕਿਸ ਨੂੰ ਕਹਿੰਦੇ ਹੋਣਗੇ? ਘਟ-ਘਟ ਦੀਆਂ ਜਾਨਣਹਾਰੇ ਨੇ ਪਲਾਂ ਵਿਚ ਹੀ ਨਿਤਾਰਾ ਕਰ ਦਿੱਤਾ ਆਖਣ ਲਗੇ, "ਕਾਕਾ! ਆ ਜਾ ਇਧਰ ਆ ਜਾ- ਕੀ ਨਾਂ ਆ ਤੇਰਾ?" ਮਹੰਤਾਂ ਨੇ ਬਹੁਤ ਅਧੀਨਗੀ ਨਾਲ ਕਿਹਾ, "ਜੀ! ਪੂਰਨ! ਮਹਾਰਾਜ ਕਹਿਣ ਲੱਗੇ, "ਔਹ ਪੰਘੂੜੀ ਤੇ ਬੈਠ ਕੇ ਪ੍ਰਸ਼ਾਦਾ ਛਕ ਲੈ।" ਸਾਰੀ ਸੰਗਤ ਨੂੰ ਮੁਖਾਤਿਬ ਹੋ ਕੇ ਕਹਿਣ ਲੱਗੇ, 'ਹਾਂ! ਹਾਂ! ਦਰਸ਼ਨ ਤੇ ਹੋ ਗਏ ਹੁਣ ਆਪਣੇ ਕੰਮ ਧੰਦੇ ਕਰੋ ਜਾ ਕੇ' ਸੰਗਤ ਦੇ ਜਾਣ ਤੋਂ ਬਾਅਦ ਮਹੰਤਾਂ ਨੇ ਪ੍ਰਸ਼ਾਦਾ ਛਕ ਲਿਆ। ਬਾਅਦ ਵਿਚ ਪਾਤਸ਼ਾਹ ਹੋਰ ਛੋਟੀਆਂ-ਛੋਟੀਆਂ ਗੱਲਾਂ ਕਰਦੇ ਰਹੇ। ਫਿਰ ਮਹੰਤ ਇਜਾਜਤ ਲੈ ਕੇ ਘਰ ਚਲੇ ਗਏ।

ਪਿੰਡ ਜਾ ਕੇ ਮਹੰਤਾਂ ਦਾ ਦਿਲ ਨਾ ਲੱਗਾ। ਉਨ੍ਹਾਂ ਦਾ ਮਨ ਮੁੜ-ਮੁੜ ਦਰਸ਼ਨਾਂ ਨੂੰ ਲੋਚਦਾ ਸੀ। ਥੋੜ੍ਹੇ ਥੋੜ੍ਹੇ ਦਿਨਾਂ ਬਾਅਦ ਮਹੰਤ ਫਿਰ ਆ ਜਾਇਆ ਕਰਨ। ਹਰ ਵਾਰ ਤੜਪ ਵਧਦੀ ਜਾ ਰਹੀ ਸੀ- ਪਿਆਸ ਬੁਝਣ ਦੀ ਬਜਾਏ ਜ਼ਿਆਦਾ ਵਧ ਰਹੀ ਸੀ ਤੇ ਉੱਧਰ ਉਨ੍ਹਾਂ ਦੇ ਹੱਥ ਦਾ ਕੰਮ ਪਤਾ ਈ ਨਾ ਲਗਦਾ ਕਦੋਂ ਮੁੱਕ ਜਾਂਦਾ- ਪਤਾ ਨਹੀਂ ਕਿੱਧਰੋਂ ਦੂਣਾ ਬਲ ਉਨ੍ਹਾਂ ਵਿਚ ਆ ਰਿਹਾ ਸੀ ਤੇ ਕਿੱਧਰ ਉਨ੍ਹਾਂ ਦੀ ਫਸਲ ਦੂਣੀ ਚੌਣੀ ਵਧ ਫੁਲ ਰਹੀ ਸੀ। ਬਹੁਤ ਜ਼ਿਆਦਾ ਪੈਦਾਵਾਰ ਹੋਈ ਤੇ ਮਹੰਤਾਂ ਨੇ 500 ਰੁਪਿਆ ਉਨ੍ਹਾਂ ਦਿਨਾਂ ਵਿਚ ਵੱਟ ਲਿਆ ਇੰਨਾ ਪੈਸਾ ਦੇਖ ਕੇ ਸਭ ਹੈਰਾਨ ਰਹਿ ਗਏ। ਇੰਨਾ ਪੈਸਾ ਦੇਖਣਾ ਵੀ ਉਨ੍ਹਾਂ ਲਈ ਇਕ ਸੁਪਨਾ ਸੀ ਜਿੰਨਾ ਉਹ ਵੱਟ ਚੁੱਕੇ ਸਨ। ਮਹੰਤ ਇਸ ਕਰਾਮਾਤ ਦਾ ਕਾਰਣ ਜਾਣਦੇ ਸਨ ਪਾਤਾਸ਼ਾਹ! ਮੈਨੂੰ ਪਰਖਾਂ 'ਚ ਨਾ ਪਾਓ ਜੀ! ਸਾਨੂੰ ਗੁਜ਼ਾਰੇ ਜੋਗੀ ਹੀ ਮਾਇਆ ਚਾਹੀਦੀ ਹੈ ਜੱਟ ਦੀ ਜੇਬ 'ਚ ਇੰਨੇ ਪੈਸੇ ਹੋਣ ਤਾਂ ਉਹ ਸਿਰ ਪਾੜਦੇ ਫਿਰਦੇ ਨੇ ਤੇ ਸਾਰਾ ਪੈਸਾ ਠਾਣੇ ਕਚਹਿਰੀਆਂ ਦੇ ਲੇਖੇ ਲਗਦਾ ਹੈ। ਪਾਤਸ਼ਾਹ ਮੈਨੂੰ ਤਾਂ ਤੁਹਾਡੇ ਦਰਸ਼ਨਾਂ ਦੀ ਤੇ ਤੁਹਾਡੀ ਲੋੜ ਹੈ।" ਇਝ ਕਾਫ਼ੀ ਅਰਸਾ ਮਹੰਤ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਉਂਦੇ ਤੇ ਮੁੜ ਜਾਂਦੇ ਹਰ ਵਾਰ ਤਲਬ ਪਹਿਲਾਂ ਨਾਲੋਂ ਤਿੱਖੀ ਹੁੰਦੀ। ਇਸ ਤਰਾਂ ਕਈ ਵਾਰ ਆਉਣ ਨਾਲ ਪੂਰਨ ਦਾਸ ਤੇ ਪਰੇਮ ਦਾ ਰੰਗ ਚੜ੍ਹ ਗਿਆ।

ਗਰਮੀਆਂ ਦੀ ਇਕ ਤਿੱਖੀ ਦੁਪਹਿਰ ਸੀ। ਸਖ਼ਤ ਗਰਮੀ ਪੈ ਰਹੀ ਸੀ।

ਮਹੰਤ ਪਾਤਸ਼ਾਹ ਦੇ ਦਰਸ਼ਨ ਕਰਨ ਲਈ ਜਾਣ ਦੀ ਤਾਂਘ ਵਿਚ ਫਟਾਫਟ ਕੰਮ ਕਰ ਰਹੇ ਸਨ। ਚੜਸ ਚਲਾਉਣਾ ਬਹੁਤ ਜਾਨ ਮਾਰਨ ਵਾਲਾ ਕੰਮ ਹੋਇਆ ਕਰਦਾ ਸੀ ਪਰ ਮਹੰਤ ਆਪਣੇ ਪਰੇਮ ਧੁਨ ਵਿਚ ਮਗਨ ਮੁੰਹੋਂ ਸਤਿਨਾਮ ਬੋਲ ਪਿਆਰਿਆ ਰਾਮ ਬੋਲ ਪਿਆਰਿਆ! ਉਚਾਰਦੇ ਚੜਸ ਖਿੱਚ ਰਹੇ ਸਨ। ਇੰਨੇ ਨੂੰ ਪਾਤਸ਼ਾਹ ਖੂਹ ਤੇ ਆਣ ਪਹੁੰਚੇ ਅਤੇ ਮਹੰਤਾਂ ਨੂੰ ਚੜਸ ਖਿੱਚਣ ਤੋਂ ਰੋਕ ਲਿਆ ਤੇ ਆਪਣੇ ਨਾਲ ਹੀ ਮਜਾਰੇ ਲੈ ਆਏ। ਰਸੋਖਾਨੇ ਲਿਜਾ ਕੇ ਗੁਲਜਾਰਾ ਸਿੰਘ ਕੋਲੋਂ ਪੰਜ ਡੋਲ ਖੂਹ ਵਿੱਚੋਂ ਪਾਣੀ ਦੇ ਭਰਾਏ ਅਤੇ ਆਪਣੇ ਹੱਥੀਂ ਪੂਰਨ ਦੇ ਸਿਰ ਵਿਚ ਪਾਏ ਅਤੇ ਹੁਕਮ ਦਿੱਤਾ ਚਲ ਰਸੋਈਆ ਲੰਗਰ ਦੀ ਸੇਵਾ ਕਰਿਆ ਕਰ। ਸੰਗਤ ਨੂੰ ਗੁਰੂ ਰੂਪ ਜਾਣ ਕੇ ਸੇਵਾ ਕਰਨੀ। ਗੁਰੂ ਨੂੰ ਹਾਜਰ ਨਾਜਰ ਸਮਝ ਕੇ ਸੇਵਾ ਕਰਨੀ। ਚੀਜ਼ ਸੰਗਤ ਵਿਚ ਵੰਡ ਛਕਣੀ ਲੜ ਕੁਝ ਨਹੀਂ ਬੰਨ੍ਹਣਾ। ਕਰੋਧ ਨਹੀਂ ਕਰਨਾ, ਸੀਲ ਸੰਯਮ ਰੱਖਣਾ। ਕਾਮ ਕਰੋਧ, ਲੋਭ-ਮੋਹ, ਹੰਕਾਰ ਪੰਜ ਵਿਸ਼ਿਆਂ ਨੂੰ ਦਮਨ ਕਰਨਾ ਜਤ-ਸਤ ਰੱਖਣਾ, ਨੌ ਦਰਵਾਜ਼ੇ ਰੋਕ ਕੇ ਦਸਵੇਂ ਅੰਦਰ ਪੈਰ ਰੱਖਣਾ, ਅਸੀਂ ਹਰ ਵਕਤ ਹੀ ਤੇਰੇ ਅੰਗ ਸੰਗ ਰਹਾਂਗੇ।

ਇਕ ਦਿਨ ਪਾਤਸ਼ਾਹ ਨੇ ਕੇਸਰੀ (ਪਿੰਡ ਗੁਣਾਚੌਰ) ਨੂੰ ਬੁਲਾਇਆ ਤੇ ਹੁਕਮ ਲਾਇਆ, 'ਕੇਸਰੀ! ਜਾਓ ਮੇਰਾ ਰਸੋਈਆ ਕੱਚਾ ਪੱਕਾ ਦੇਖ ਕਰ ਆਓ।' ਕੇਸਰੀ ਹੁਕਮ ਵਜਾਉਂਦਿਆ ਚਲੇ ਗਈ ਉਹਨੇ ਹਰ ਹੀਲਾ ਵਰਤਿਆ ਕਿ ਮਹੰਤ ਆਪਣੇ ਬ੍ਰਹਮਚਰਜ ਤੋਂ ਥਿੜਕ ਜਾਣ ਪਰ ਉਹ ਕਾਮਯਾਬ ਨਾ ਹੋਈ ਜਦੋਂ ਮੁੜ ਘਰ ਆਈ ਤਾਂ ਪਾਤਸ਼ਾਹ ਬੋਲੇ, 'ਹਾਂ! ਕੇਸਰੀ! ਕਿੰਨਾ ਕੁ ਪੱਕਾ ਨਿਕਲਿਆ ਮੇਰਾ ਰਸੋਈਆ?'

ਕੇਸਰੀ, 'ਜੀ ਸਰਕਾਰ! ਬਹੁਤ ਪੱਕਾ, ਰੋੜ ਵਰਗਾ।' ਜਦੋਂ ਦੇ ਮਹੰਤ ਪੂਰਨ ਦਾਸ ਜੀ ਰਾਜਾ ਸਾਹਿਬ ਦੀ ਸ਼ਰਨ ਵਿਚ ਆਏ ਸਨ ਉਨ੍ਹਾਂ ਨੂੰ ਰਾਜਾ ਸਾਹਿਬ ਦੀ ਪ੍ਰੀਤ ਤੋਂ ਬਗੈਰ ਹਰ ਚੀਜ਼ ਝੂਠੀ ਲੱਗਦੀ ਸੀ ਇਥੋਂ ਤਕ ਕੀ ਸ੍ਰੀਮਦ ਭਗਵਤ ਗੀਤਾ ਜਿਸ ਦਾ ਪਾਠ ਉਹ ਹੁਣ ਤੱਕ ਬਹੁਤ ਪ੍ਰੇਮ ਨਾਲ ਕਰਦੇ ਸਨ ਉਨ੍ਹਾਂ ਦਾ ਮਨ ਉਸ ਵਿੱਚ ਵੀ ਨਾਂ ਲਗਦਾ। ਇਕ ਦਿਨ ਉਨ੍ਹਾਂ ਨੇ ਸੋਚਿਆ ਕਿ ਉਹ ਰਾਜਾ ਸਾਹਿਬ ਜੀ ਕੋਲੋਂ ਆਪਣੇ ਇਸ ਸ਼ੰਕੇ ਦੀ ਨਵਿਰਤੀ

ਕਰਾਉਣਗੇ। ਇਸ ਤੋਂ ਪਹਿਲਾਂ ਉਹ ਪਾਤਸ਼ਾਹ ਨੂੰ ਕੁੱਝ ਪੁੱਛਦੇ ਪਾਤਸ਼ਾਹ ਨੇ ਉਨ੍ਹਾਂ ਨੂੰ ਘਰ ਬੁਲਾਇਆ ਮਹੰਤਾਂ ਦੇ ਨਾਲ ਰਾਜਾ ਸਾਹਿਬ ਜੀ ਨੇ ਆਪਣੇ ਦੋ ਹੋਰ ਸੇਵਕ ਵੀ ਸੱਦੇ ਜਿਹੜੇ ਆਪਣੇ ਘਰ ਬਾਰ ਦਾ ਮੋਹ ਛੱਡਕੇ ਰਾਜਾ ਜੀ ਤੋਂ ਕੇਵਲ ਨਾਮ ਦੀ ਦਾਤ ਮੰਗਦੇ ਰਹੇ ਸਨ। ਤਿੰਨਾਂ ਨੂੰ ਰਾਜਾ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਗੀਤਾ ਉਪਦੇਸ਼ ਦੇਣ ਲਈ ਭੇਜਿਆ। ਗੀਤਾ ਉਪਦੇਸ਼ ਤਾਂ ਸਿਰਫ਼ ਇਕ ਬਹਾਨਾ ਹੀ ਸੀ ਰਾਜਾ ਸਹਿਬ ਜੀ ਮਹੰਤ ਪੂਰਨ ਦਾਸ ਜੀ ਦੇ ਦਿਲ ਵਿਚੋਂ ਧਾਰਮਿਕ ਗ੍ਰੰਥਾਂ ਪ੍ਰਤੀ ਪਿਆ ਭੁਲੇਖਾ ਕੱਢ ਦੇਣਾਂ ਚਾਹੁੰਦੇ ਸਨ ਅਤੇ ਇਹ ਵੀ ਦੱਸ ਦੇਣਾ ਚਾਹੁੰਦੇ ਸਨ ਕਿ ਧਾਰਮਿਕ ਗ੍ਰੰਥ ਭਾਵੇਂ ਕੋਈ ਵੀ ਹੋਵੇ ਉਸ ਦਾ ਮੰਤਵ ਸੱਚੇ ਰੱਬ ਤੱਕ ਪੁੱਜਣਾ ਹੀ ਹੈ। ਦੂਜੇ ਮਹੰਤ ਹੁਣ ਤਕ ਹੋਈਆਂ (ਰਾਜਾ ਸਾਹਿਬ ਜੀ ਦਵਾਰਾ) ਪਰਖਾਂ ਵਿਚੋਂ ਪਾਸ ਹੋ ਗਏ ਸਨ ਇਕ ਕਿਸਮ ਦੀ ਇਹ ਵੀ ਉਨ੍ਹਾਂ ਦੀ ਇਕ ਪਰਖ ਹੀ ਸੀ ਕਿਉਂ ਕਿ ਦੁਨੀਆਂ ਦੇ ਭਾਂਤ ਸੁਭਾਂਤੇ ਰੰਗ ਦੇਖ ਕੇ, ਦੁਨੀਆਂ ਵਿਚ ਵਿਚਰ ਕੇ ਦੁਨੀਆਂਦਾਰੀ ਤੋਂ ਰਹਿਤ ਹੋਣਾ ਬਹੁਤ ਔਖਾ ਹੈ।

ਹੁਣ ਜਦੋਂ ਵਾਪਸੀ ਵੇਲੇ ਤਿੰਨੋਂ ਸਤਿਗੁਰੂ ਦੇ ਹਜੂਰ ਪੇਸ਼ ਹੋਏ ਤਾਂ ਪਾਤਸ਼ਾਹ (ਰਾਜਾ ਸਾਹਿਬ ਜੀ) ਆਪਣੇ ਘਰ ਬੈਠੇ ਸਨ। ਘਰ ਵਿਚ ਬਹੁਤ ਸਾਰੀ ਸੰਗਤ ਸੀ। ਰਾਜਾ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਬਾਹਰ ਤੋਰ ਦਿੱਤਾ ਅਤੇ ਨਾਲ ਹੀ ਮਹੰਤਾਂ ਦੇ ਸਾਥੀਆ ਨੂੰ ਵੀ। ਬਾਹਰ ਪਹਿਰੇ ਤੇ ਬੰਦਾ ਖੜ੍ਹਾ ਕਰ ਦਿੱਤਾ ਅਤੇ ਉਸ ਨੂੰ ਸਖ਼ਤ ਹਦਾਇਤ ਕਰ ਦਿੱਤੀ ਗਈ ਕਿ ਕੋਈ ਵੀ ਰਾਜਾ ਸਾਹਿਬ ਜੀ ਨੂੰ ਪ੍ਰੇਸ਼ਾਨ ਨਾ ਕਰੇ। ਬੀਬੀ ਕਰਮੀ ਕੋਲੋਂ ਅੰਦਰੋਂ ਕੁੰਡਾ ਵੀ ਲਵਾ ਲਿਆ। ਹੁਣ ਘਰ ਵਿਚ ਰਾਜਾ ਸਾਹਿਬ ਜੀ ਤੋਂ ਇਲਾਵਾ ਮਹੰਤ ਅਤੇ ਬੀਬੀ ਕਰਮੀ ਹੀ ਰਹਿ ਗਏ ਸਨ। ਬੀਬੀ ਕਰਮੀ ਚੌਂਕੇ ਵਿਚ ਬੈਠੇ ਸਨ ਮਹੰਤ ਵਿਹੜੇ ਵਿਚ ਤਾਕੀ ਦੇ ਮੋਹਰੇ ਖੜ੍ਹੇ ਸਨ ਪਾਤਸ਼ਾਹ ਦਲਾਨ ਵਿਚ ਖੜ੍ਹੇ ਸਨ। ਹੁਣ ਉਹ ਵੇਲਾ ਆ ਗਿਆ ਸੀ ਜਿਸ ਵਿਚ ਮਹੰਤਾਂ ਦੇ ਹੋਏ ਇਮਤਿਹਾਨਾਂ ਦਾ ਨਤੀਜਾ ਨਿਕਲਣਾ ਸੀ। ਰਾਜਾ ਸਾਹਿਬ ਜੀ ਮਹੰਤ ਪੂਰਨ ਦਾਸ ਜੀ ਨੂੰ ਮੁਖਾਤਿਬ ਹੋ ਕੇ ਬੋਲੇ, 'ਕਿੱਦਾਂ ਪੂਰਨਾ?'

ਮਹੰਤ ਸੱਚੇ ਪਾਤਸ਼ਾਹ! ਦਇਆ ਹੈ ਤੁਹਾਡੀ।

ਰਾਜਾ ਸਾਹਿਬ ਜੀ : ਗਿਆ ਫਿਰ ਪਿੰਡ ਪੁਰ ਪਿੰਡ?
ਮਹੰਤ : ਜੀ ਸਰਕਾਰ!!
ਰਾਜਾ ਸਾਹਿਬ ਜੀ : ਦੇਖੀ ਤੂੰ ਸਾਰੀ ਦੁਨੀਆਂ ਘੁੰਮ ਕੇ?
ਮਹੰਤ ਪੂਰਨ ਦਾਸ : ਹਾਂ ਜੀ! ਮਹਾਰਾਜ।
ਰਾਜਾ ਸਾਹਿਬ ਜੀ : ਦਿਸਿਆ ਕੋਈ ਮੇਰੇ ਵਰਗਾ?

ਆਪਣੇ ਗੁਰੂ ਦੇ ਮੁੱਖ ਤੋਂ ਅਜਿਹੇ ਬਚਨ ਸੁਣਕੇ ਆਪਣੇ ਰੋਮ-ਰੋਮ ਵਿਚ ਵਸਿਆ ਪ੍ਰੇਮ ਸਾਗਰ ਜਿਹੜਾ ਹੁਣ ਤਕ ਆਪਣੇ ਅੰਦਰ ਡੱਕੀਂ ਬੈਠੇ ਸਨ ਵਹਿ ਤੁਰਿਆ ਮਹੰਤ ਧਾਹ ਮਾਰ ਕੇ ਬੋਲੇ, "ਨਾ ਸਤਿਗੁਰੂ! ਤੁਹਾਡੇ ਵਰਗਾ ਤਾ ਕੋਈ ਵੀ ਨਹੀਂ ਮਿਲਿਆ।"

ਪਾਤਸ਼ਾਹ ਨੇ ਚੌਪੱਟ ਦਰਵਾਜਾ ਖੋਲ੍ਹ ਦਿੱਤਾ, ਬਾਹਾਂ ਖੋਲ੍ਹ ਕੇ ਬੋਲੇ, "ਜੇ ਤੈਨੂੰ ਨੀਂ ਮਿਲਿਆ ਕੋਈ ਮੇਰੇ ਵਰਗਾ, ਤਾਂ ਮਿਲਿਆ ਮੈਨੂੰ ਵੀ ਨੀ ਕੋਈ ਤੇਰੇ ਵਰਗਾ। ਪੂਰਨ ਦਾਸ ਜੀ ਨੂੰ ਮਹਾਰਾਜ ਨੇ ਗਲ ਨਾਲ ਲਾ ਲਿਆ। ਉਸ ਲੰਬੀ, ਘੁੱਟੀ ਤੇ ਨਿੱਘੀ ਗਲਵਕੜੀ ਵਿਚ ਪਤਾ ਨਹੀਂ ਕੀ ਜਾਦੂ ਸੀ ਮਹੰਤ ਦੇ ਪੂਰੇ ਦੇ ਪੂਰੇ ਰੰਗ ਵਿਚ ਰੰਗੇ ਗਏ। ਸਾਰੀ ਉਮਰ ਜਿਹੜੀ ਤੜਪ ਜਿਹੜੀ ਤਲਾਸ਼ ਮਹੰਤਾਂ ਨੂੰ ਬੈਰਾਗੀ ਬਣਾਈ ਫਿਰਦੀ ਸੀ ਉਸ ਦੀ ਮੰਜ਼ਿਲ ਅੱਜ ਮਿਲ ਗਈ।

ਜਾਂ ਗੁਨ ਕੋ ਗੁਨੀ ਖੋਜਤ ਹੈਂ ਨਿਤ ਸੋ ਗੁਨੁ ਸਤਗੁਰੂ ਸੇਵ ਸੋਂ ਪਾਯੋ॥
ਨਦਰੀ ਹੀ ਨਦਰ ਨਿਹਾਲ ਕਰੇ ਖਿਨ ਭੀਤਰ ਭੇਦ ਔ ਭਰਮ ਚੁਕਾਯੋ॥
ਜਾਂ ਪਦ ਕਾਰਨ ਕਸਟ ਹੈਂ ਪਾਵਤ ਸੋ ਗੁਰ ਨੇ ਪਦੁ ਸਹਜ ਲਖਾਯੋ॥
ਦਾਸ ਭਗਵਾਂਨ ਨਮੋ ਗੁਰ ਕੋ ਜਿਨ ਆਤਮ ਤੀਰਥ ਹੈ ਪਰਸਾਯੋ॥ ੭॥

ਸਤਿਗੁਰੂ ਨੇ ਪਲਕ ਝਪਕਾਰੇ ਵਿਚ ਹੀ ਮਹੰਤਾਂ ਨੂੰ ਪੂਰਨ ਬ੍ਰਹਮ ਗਿਆਨੀ ਬਣਾ ਦਿੱਤਾ—

ਸੂਰਜ ਚੰਦ ਜਹ ਏਕ ਜਗਾ ਤਹਾਂ ਕਾਮਲ ਪੀਰ ਪਵਾ ਦਈ ਝਾਕੀ॥

ਮਹੰਤ ਪੂਰਨ ਦਾਸ ਜਿਹੜੇ ਹੁਣ ਤੱਕ ਸਿਰਫ਼ ਰਸੋਈਏ ਵਜੋਂ ਸਿਰਫ਼ ਸੇਵਾ ਹੀ ਕਰ ਰਹੇ ਸਨ। ਮਰਤਬੇ ਤੇ ਪਹੁੰਚ ਗਏ। ਪੂਰਨ ਬ੍ਰਹਮ ਗਿਆਨ ਹੋ ਗਿਆ। ਜੋਤ ਇਕਮਿਕ ਹੋ ਗਈ।

ਕਹਿਣ ਲੱਗੇ, "ਪੂਰਨਾ! ਹੱਥ ਤੇਰਾ ਖੀਸਾ ਮੇਰਾ, ਖਜ਼ਾਨਾ ਕਦੇ ਮੁੱਕੇਗਾ ਨਹੀਂ।" ਇਹਨਾਂ ਸ਼ਬਦਾਂ ਵਿਚ ਰਾਜਾ ਸਾਹਿਬ ਜੀ ਸਿਰਫ਼ ਦੁਨਿਆਵੀ ਮਾਇਆ ਦੀ ਗੱਲ ਨਹੀਂ ਸਨ ਕਰ ਰਹੇ ਸਗੋਂ ਸਭ ਤਰਾਂ ਦੀਆਂ ਅਧਿਆਤਮਿਕ ਅਤੇ ਰੂਹਾਨੀ ਬਖਸ਼ਿਸ਼ਾਂ ਮਹੰਤਾਂ ਨੂੰ ਬਖਸ਼ ਗਏ ਸਨ। ਮਹਾਰਾਜ ਜੀ ਨੇ ਬੀਬੀ ਕਰਮੀ (ਸ. ਕਰਤਾਰ ਸਿੰਘ ਦੀ ਭੈਣ) ਨੂੰ ਹੁਕਮ ਕੀਤਾ ਕਿ "ਕਰਮੀ ਚਲ! ਲਾਲਾ ਕੋਲੋ ਚਾਬੀਆ ਲੈ ਕੇ ਪੂਰਨ ਨੂੰ ਦੇ ਆ! ਇਹਨੂੰ ਬਹੁਤ ਸਤਿਕਾਰ ਨਾਲ ਰਸੋਖਾਨੇ ਛੱਡ ਕੇ ਆਵੀਂ।" ਬੀਬੀ ਕਰਮੀ ਮਹੰਤਾਂ ਨੂੰ ਲੈ ਕੇ ਰਸੋਖਾਨੇ ਆਏ, ਝਿਗੜਾਂ ਵੱਲ੍ਹ ਦੀ ਰਾਹ ਥੋੜ੍ਹੀ ਦੂਰ ਤੱਕ ਤੁਰ ਕੇ ਮਹੰਤਾਂ ਨੂੰ ਸਾਰੀਆਂ ਬਖਸ਼ਿਸ਼ਾਂ ਲੈ ਕੇ ਦੇਣ ਦਾ ਜਸ ਖਟ ਕੇ ਘਰ ਮੁੜ ਗਏ।

ਰਸੋਖਾਨਾ ਸਾਹਿਬ ਦੀ ਸੇਵਾ ਪੂਰਨ ਦਾਸ ਜੀ ਨੇ ਸਭ ਤਖਤੋ ਤਾਜ, ਗੱਦੀ ਦੇ ਮਾਲਿਕ ਹੋਣ ਦੇ ਬਾਵਜੂਦ ਵੀ ਸੇਵਾਦਾਰਾਂ ਵਾਂਗ ਕੀਤੀ। ਜੀਅ ਜਾਨ ਨਾਲ ਕੀਤੀ। ਉਨ੍ਹਾਂ ਦੇ ਮੂੰਹੋਂ ਨਿਕਲੇ ਬਚਨ ਸੱਤ ਹੁੰਦੇ। ਅਨਗਿਣਤ ਲੋਕ ਉਨ੍ਹਾਂ ਨੇ ਤਾਰੇ, ਜਿਹਨਾਂ ਦਾ ਜ਼ਿਕਰ ਕਰਨਾ ਹੋਵੇ ਤਾਂ ਇਕ ਵੱਡਾ ਗ੍ਰੰਥ ਬਣ ਸਕਦਾ ਹੈ। ਰਸੋਖਾਨਾ ਸਾਹਿਬ ਵਿਚ ਮਹਾਰਾਜ ਜੀ ਦੀ ਸਮਾਧ, ਦਰਸ਼ਨੀ ਡਿਉੜੀ, ਅਖੰਡ ਪਾਠ ਹਾਲ, ਘੰਟਾ ਘਰ, ਬਾਰਾਂਦਰੀ, ਉਨ੍ਹਾਂ ਦੀ ਦੇਖ ਰੇਖ ਵਿਚ ਬਣੀਆਂ ਇਮਾਰਤਾਂ ਹਨ। ਜਿਹੜੀਆਂ ਕਿ ਭਵਨਕਲਾ, ਚਿੱਤਰਕਲਾ ਦਾ ਸਰਵ-ਸ੍ਰੇਸ਼ਠ ਨਮੂਨਾ ਹਨ।

ਸਾਖੀ ਪਿੰਡ ਮਜਾਰੇ ਦੇ ਲੋਕਾਂ ਨਾਲ ਹੋਈ

ਕਰਤਾਰ ਸਿੰਘ ਦੇ ਘਰੋਂ ਉੱਠਕੇ ਮਹਾਰਾਜ ਜੀ ਪਿੰਡ ਦੇ ਪੂਰਬ ਵੱਲ੍ਹ ਪਿੰਡ ਦੇ ਨਾਲ ਹੀ ਇਕ ਛੱਪੜ ਜਿਹਾ ਸੀ, ਗੁਰਦੁਆਰੇ ਵੱਲ੍ਹ ਦੇ ਪਾਸੇ, ਉਸ ਛੱਪੜ ਵਿਚ ਮੰਜੀ ਡਾਹ ਕੇ ਬੈਠ ਗਏ। ਸਿਆਲ ਦਾ ਮੌਸਮ ਸੀ। ਸਰਦੀ ਦਾ ਬੜਾ

ਜੋਰ ਸੀ, ਪੁਰਾ ਚੱਲ ਰਿਹਾ ਸੀ। ਫਸਲਾਂ ਤੇ ਦਰਖਤਾਂ ਦਾ ਬੁਰਾ ਹਾਲ ਸੀ। ਹਵਾ ਧਰਤੀ ਪੱਟਦੀ ਜਾਂਦੀ ਸੀ, ਬੱਦਲ ਦਾ ਬੜਾ ਹੰਗਾਮਾ ਹੋ ਰਿਹਾ ਸੀ। ਬਿਜਲੀ ਚਮਕ ਰਹੀ ਸੀ। ਜਾਨਵਰ ਪਏ ਮਰ ਰਹੇ ਸਨ। ਲੋਕੀਂ ਪਾਲੇ ਦੇ ਮਾਰੇ ਅੰਦਰੀਂ ਵੜ ਗਏ ਸਨ। ਇਹੋ ਜਿਹੇ ਵਗਦੇ ਠੱਕੇ ਵਿਚ ਤਿੰਨ ਚਾਰ ਦਿਨ ਉਸ ਛੱਪੜ ਵਿਚ ਹੀ ਬੈਠੇ ਰਹੇ। ਬਾਰਿਸ਼ ਵੀ. ਪੈ ਰਹੀ ਸੀ, ਜਦੋਂ ਤਿੰਨ ਦਿਨ ਬਾਹਰ ਹੀ ਵਗਦੇ ਤੂਫ਼ਾਨ ਵਿਚ ਬੈਠੇ ਰਹੇ, ਨਾ ਉੱਠੇ ਤਾਂ ਕਾਫ਼ੀ ਸੰਗਤ ਭੈਅ ਕਰਨ ਲੱਗ ਪਈ, ਮਹਾਰਾਜ ਜੀ ਦਾ ਕੀ ਹਾਲ ਹੋਵੇਗਾ? ਪੈ ਰਹੀ ਬਾਰਿਸ਼ ਵਿਚ ਵੀ ਨਹੀਂ ਉਠਦੇ, ਕੁੱਝ ਬੰਦਿਆਂ ਨੇ ਸਲਾਹ ਕੀਤੀ ਪਈ, "ਚਲੋ, ਮੰਜਾ ਹੀ ਚੁੱਕ ਕੇ ਅੰਦਰ ਕਰ ਦੇਈਏ।" ਚਾਰ ਮੁੰਡੇ ਲਗਾ ਕੇ ਮੰਜਾ ਚੁਕ ਕੇ ਰਵਾਂ-ਰਵੀਂ ਤੁਰ ਪਏ। ਮਹਾਰਾਜ ਜੀ ਨੇ ਦੋ ਵਾਰੀ ਆਖਿਆ ਪਿਆ ਰਹਿਣ ਦਿਓ, ਕਿਉਂ ਚੁੱਕੀ ਜਾ ਰਹੇ ਹੋ?" ਮੰਜੀ ਕਰਤਾਰ ਸਿੰਘ ਮਿਸਤਰੀ ਦੀ ਹਵੇਲੀ ਮੋਹਰੇ ਸੀ, ਜਦੋਂ ਅੰਦਰ ਮੰਜਾ ਲੈ ਕੇ ਲੰਘਣ ਲੱਗੇ ਤਾਂ ਦਰਵਾਜਾ ਛੋਟਾ ਨਿਕਲਿਆ। ਨਾਲ ਜਿਹੇ ਇਕ ਹੋਰ ਹਵੇਲੀ ਸੀ, ਉਸ ਵੱਲ੍ਹ ਚਲ ਪਏ ਉਸ ਬਾੜੇ ਵਿਚ ਖੁਲ੍ਹਾ ਜਿਹਾ ਬਰਾਂਡਾ ਸੀ। ਜਦੋਂ ਬਰਾਂਡੇ ਦੇ ਮੋਹਰੇ ਗਏ ਤਾਂ ਹੁਕਮ ਹੋਇਆ, "ਚਲੋ, ਮੁੜ ਉਸੇ ਹਵੇਲੀ ਚਲੋ।" ਜਦੋਂ ਮੁੜਕੇ ਉਸ ਦਰਵਾਜ਼ੇ ਮੋਹਰੇ ਗਏ ਉਹ ਹੀ ਬੂਹਾ ਜਿਹੜਾ ਪਹਿਲਾਂ ਇੱਕ ਫੁੱਟ ਮੰਜੇ ਨਾਲੋਂ ਛੋਟਾ ਸੀ, ਫਿਰ ਦੋ ਫੁੱਟ ਖੁੱਲ੍ਹਾ ਹੋ ਗਿਆ। ਮੰਜਾ ਸਿੱਧਾ ਹੀ ਅੰਦਰ ਚਲੇ ਗਿਆ। ਸਾਰੇ ਲੋਕੀਂ ਧੰਨ-ਧੰਨ ਆਖਣ ਲੱਗੇ, ਐਸੇ ਹੀ ਕੌਤਕ ਹਜ਼ਾਰਾਂ ਹੀ ਸੰਗਤ ਨੂੰ ਦਿਖਾ ਦਿੰਦੇ ਸਨ। *ਬੋਲੋ ਭਾਈ ਵਾਹਿਗੁਰੂ॥*

ਅੱਗੇ ਸਾਖੀ ਦਿਆਲੂ ਨੂੰ ਗੁਰੂ ਨਾਨਕ ਰੂਪ ਵਿਚ ਦਰਸ਼ਨ ਦੇਣ ਦੀ ਚੱਲੀ

ਕਰਤਾਰ ਸਿੰਘ ਰਾਮਗੜ੍ਹੀਏ ਦੀ ਹਵੇਲੀ ਤੋਂ ਉੱਠਕੇ ਮਹਾਰਾਜ ਜੀ ਕਿਰਪੇ ਦੇ ਚੁਬਾਰੇ ਵਿਚ ਜਾ ਬੈਠੇ। ਸੰਗਤ ਦਰਸ਼ਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾ ਕੇ ਜਾ ਰਹੀ ਸੀ। ਦਿਆਲੂ ਤੇ ਪਿਆਰਾ ਸਿੰਘ ਉਨ੍ਹਾਂ ਦਿਨਾਂ ਵਿਚ ਲੰਗਰ ਦੀ ਸੇਵਾ ਕਰਿਆ ਕਰਦੇ ਸਨ। ਪਿਆਰਾ ਸਿੰਘ ਤੇ ਦਿਆਲੂ, ਦੋਵੇਂ ਜਣੇ ਮਹਾਰਾਜ ਜੀ ਦੇ

ਦਰਸ਼ਨਾਂ ਨੂੰ ਰਸੋਖਾਨੇ ਤੋਂ ਪਿੰਡ ਵਿਚ ਆਏ। ਬੂਹੇ ਖੁੱਲ੍ਹੇ ਸਨ, ਦਿਆਲੂ ਅਤੇ ਪਿਆਰਾ ਸਿੰਘ ਜਦੋਂ ਅੰਦਰ ਗਏ ਤਾਂ ਕੀ ਦੇਖਣ? ਦਿਆਲੂ ਨੂੰ ਮਹਾਰਾਜ ਜੀ ਨੇ ਗੁਰੂ ਨਾਨਕ ਜੀ ਦੇ ਸਰੂਪ ਵਿਚ ਦਰਸ਼ਨ ਦਿੱਤੇ, ਹੱਥ ਵਿਚ ਛੋਟੀ ਮਾਲਾ ਫੜੀ ਹੋਈ ਸੀ। ਕੰਨਾਂ ਵਿਚ ਜਿਵੇਂ ਮੁੰਦਰੇ ਜਿਹੇ ਪਾਏ ਹੋਏ ਸਨ, ਬੁੰਦੇ ਲਾਏ ਹੋਏ ਸਨ, ਜਿਵੇਂ ਚੰਦਨ ਰਗੜ ਕੇ ਲਾਇਆ ਹੋਵੇ। ਉਸ ਵੇਲੇ ਚਿਹਰੇ ਦਾ ਰੰਗ ਇੰਨਾ ਸ਼ੋਭਾ ਦੇ ਰਿਹਾ ਸੀ, ਜਾਣੋਂ ਕਈ ਸੂਰਜਾਂ ਦਾ ਮੁੱਖੜੇ ਤੇ ਨੂਰ ਝਲ਼ਕਾਂ ਮਾਰ ਰਿਹਾ ਸੀ। ਦਿਆਲੂ ਕਹਿੰਦਾ ਮੇਰਾ ਰੋਮ-ਰੋਮ ਉਸ ਵੇਲੇ ਜੁਮਾਲ ਕਰਕੇ ਵਿਸ਼ਾਲ ਹੋ ਗਿਆ, ਬਹੁਤ ਹੀ ਆਨੰਦ ਆਇਆ। ਐਸਾ ਸ਼ਾਂਤ ਅਵਤਾਰ ਦਾ ਦਰਸ਼ਨ ਕੀਤਾ। ਦਿਆਲੂ ਦੀਆਂ ਅੱਖਾਂ ਮਿਲਦੀਆਂ ਜਾ ਰਹੀਆਂ ਸਨ, ਐਸਾ ਸਰੂਰ ਆਇਆ ਅੱਖਾਂ ਦੇਖ-ਦੇਖ ਰੱਜੀਆਂ ਨਹੀਂ ਸਨ। ਰੋਮ-ਰੋਮ ਵਿਚ ਲੱਖ-ਲੱਖ ਚਸ਼ਮਾ ਹੋ ਜਾਵੇ ਮੈਂ ਆਪਣੇ ਮੁਰਸ਼ਿਦ ਨੂੰ ਦੇਖਦਾ ਰਹਾਂ। ਕੁੱਝ ਦੇਰ ਬਾਅਦ ਚਲੇ ਜਾਣ ਦਾ ਹੁਕਮ ਕੀਤਾ। ਹੁਕਮ ਪਾ ਕੇ ਰਸੋਖਾਨੇ ਚਲੇ ਗਏ। ਐਸਾ ਮਨ ਨੂੰ ਨਸ਼ਾ ਆਇਆ, ਪਲਕ ਵੀ ਨਹੀਂ ਭੁਲਦੀ ਐਸਾ ਨਸ਼ੇ ਦਾ ਰੰਗ ਸੀ। ਤੀਜੇ ਦਿਨ ਦਿਆਲੂ ਨੇ ਪਿਆਰਾ ਸਿੰਘ ਤੋਂ ਪੁੱਛਿਆ, "ਭਾਈ! ਆਪਾਂ ਜਦੋਂ ਮਹਾਰਾਜ ਜੀ ਦੇ ਦਰਸ਼ਨ ਨੂੰ ਗਏ ਸਾਂ ਤੁਸੀਂ ਪਾਤਸ਼ਾਹ ਕਿਸ ਰੂਪ ਵਿਚ ਦੇਖੇ ਸੀ?" ਪਿਆਰਾ ਸਿੰਘ ਕਹਿੰਦਾ ਮੈਂ ਤੇ ਉਸੇ ਹੀ ਰੂਪ ਵਿਚ ਦਰਸ਼ਨ ਕੀਤੇ ਸਨ। ਦਿਆਲੂ ਕਹਿੰਦਾ ਮੈਂ ਗੁਰੂ ਨਾਨਕ ਦਾ ਰੂਪ ਡਿੱਠਾ, ਫਿਰ ਕ੍ਰਿਸ਼ਨ ਭਗਵਾਨ ਦੇ ਰੂਪ ਵਿਚ ਡਿੱਠਾ। ਜਿਵੇਂ ਗੁਰੂ ਨਾਨਕ ਜੀ ਲੰਕਾ ਵਿਚ ਹਨੂੰਮਾਨ ਜੀ ਨੂੰ ਰਾਮ ਲਛਮਣ ਸੀਤਾ ਦਾ ਰੂਪ ਦਿਖਾਕੇ ਦਰਸ਼ਨ ਦਿੱਤੇ ਸਨ। ਇਵੇਂ ਹੀ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਦਿਆਲੂ ਜੀ ਨੂੰ ਨਾਮ ਦਾ ਰੰਗ ਚਾੜ੍ਹ ਨਿਹਾਲ ਕੀਤਾ। ਮਜੀਠੀ ਰੰਗ ਵਿਚ ਰੰਗ ਦਿੱਤਾ। *ਬੋਲੋ ਭਾਈ ਰਾਜਾ ਸਾਹਿਬ ਜੀ ਕੀ ਜੈ।*

ਸਾਖੀ ਇਕ ਭਗਤ ਨਾਲ ਹੋਈ

ਕਿਰਪੇ ਦੇ ਚੁਬਾਰੇ ਤੋਂ ਉੱਠਕੇ, ਮਹਾਰਾਜ ਜੀ ਪਿੰਡ ਕਰਨਾਣੇ ਦੇ ਖੇਤਾਂ ਵਿਚ ਚਲੇ ਗਏ। ਟਹਿਲਦੇ-ਟਹਿਲਦੇ ਕਰਨਾਣੇ ਦੇ ਰਾਹ ਵਿਚ ਚਲੇ ਗਏ। ਕੋਲ ਬੰਤਾ ਸਿੰਘ ਹੌਲਦਾਰ ਪਿੰਡ ਰਸੂਲਪੁਰ ਦਾ ਵੀ ਹਾਜ਼ਿਰ ਸੀ। ਇੰਨੇ ਚਿਰ ਨੂੰ ਪਤਾ

ਨਹੀਂ ਇਕ ਰਾਹੀ ਕਿੱਥੋਂ ਦਾ ਸੀ? ਇਕ ਪਲੰਘ ਚੁੱਕੀ ਜਾ ਰਿਹਾ ਸ੍ਰੀ। ਮਹਾਰਾਜ ਜੀ ਕੋਲ ਦੀ ਲੰਘਦਾ ਤੁਰਿਆ ਜਾਂਦਾ ਸੀ, ਰਾਹ ਵਿਚ ਹੀ ਰਾਜਾ ਵੱਲ੍ਹ ਨਮਸਕਾਰ ਕਰਦਾ ਗਿਆ। ਮਹਾਰਾਜ ਜੀ ਦਾ ਹੁਕਮ ਹੋਇਆ ਕਿ "ਜੇ ਚੰਗੀ ਕਰਦੈਂ ਤਾਂ ਪਲੰਘ ਰਸੋਖਾਨੇ ਰੱਖ ਦੇ ਚੰਗਾ ਰਹੇਂਗਾ।" ਉਹ ਪਲੰਘ ਰੱਖ ਨਾ ਸਕਿਆ ਕਿਉਂਕਿ ਉਹ ਕਿਸੇ ਕਾਰਜ ਵਾਸਤੇ ਲਿਜਾ ਰਿਹਾ ਸੀ। ਕਈ ਵਾਰੀ ਘਰਾਂ ਦੀਆਂ ਗਰਜਾਂ ਵੀ ਕਰਤਾਰ ਦੇ ਹੁਕਮ ਨੂੰ ਪਿੱਛੇ ਪਾ ਦਿੰਦੀਆਂ ਹਨ, ਅਸਲੀਅਤ ਤੋਂ ਦੂਰ ਲੈ ਜਾਂਦੀਆਂ ਹਨ। ਇਸ ਹੀ ਦੇ ਰੂਪ ਨੇ ਇਨਸਾਨ ਨੂੰ ਇਕ ਪਿੰਜਰੇ ਵਿਚ ਪਾ ਕੇ ਅਜਾਦ ਸ਼ੇਰ ਤੋਂ ਜੀਵ ਬਣਾ ਦਿੱਤਾ ਹੈ, ਹਮ ਤੋ ਹੈਵਾਨ ਬਣਾ ਦਿੱਤਾ ਹੈ। ਗਿਆਨ ਦਾ ਚਿਰਾਗ ਬੁਝਾ ਕੇ ਅਗਿਆਨਤਾ ਦੀ ਹਨ੍ਹੇਰੀ ਲਿਆ ਛੱਡੀ। 'ਤੂੰ ਸੁਣ ਯਾਰ ਹਮਾਰੇ ਇਕ ਬੇਨੰਤੀਆਂ' ਉਸ ਜਾਂਦੇ ਰਾਹੀ ਦਾ ਮਨ ਕਰਤਾਰ ਦੇ ਹੁਕਮਨਾਮੇ ਨੂੰ ਸਮਝ ਨਾ ਸਕਿਆ। ਜਦੋਂ ਰਾਹੀ ਅੱਗੇ ਤੁਰਿਆ ਗਿਆ ਤਾਂ ਫਿਰ ਦੁਬਾਰਾ ਹੁਕਮ ਕੀਤਾ, "ਬੰਤ! ਪਲੰਘ ਦੇ ਸੱਜੇ ਪਾਸੇ ਇਕ ਕੀੜਾ ਹੈ। ਜਿਸ ਘਰ ਇਹ ਪਲੰਘ ਜਾਵੇਗਾ ਉਸ ਦਾ ਨਾਸ ਹੋ ਜਾਵੇਗਾ। ਜਦੋਂ ਐਸਾ ਸਖ਼ਤ ਹੁਕਮ ਹੋਇਆ ਉਸ ਪਲੰਘ ਵਾਲੇ ਬੰਦੇ ਨੇ ਸੁਣਿਆ ਤਾਂ ਮਨ ਵਿਚ ਭੈਅ ਹੋ ਗਿਆ ਕੁੱਝ ਅੱਗੇ ਜਾ ਕੇ ਇਕ ਆਦਮੀ ਤੋਂ ਕਹੀ ਲੈ ਕੇ ਪਾਵੇ ਨੂੰ ਪਾੜ ਦਿੱਤਾ। ਇਹ ਰਾਹੀ ਪਿੰਡ ਗੁਣਾਚੌਰ ਵੱਲ੍ਹ ਨੂੰ ਜਾ ਰਿਹਾ ਸੀ। ਪਾਤਸ਼ਾਹ ਪਿੰਡ ਕਰਨਾਣੇ ਵੱਲ੍ਹ ਨੂੰ ਜਾ ਰਹੇ ਸਨ। ਜਦੋਂ ਉਹ ਪਲੰਘ ਵਾਲੇ ਬੰਦੇ ਨੇ ਪਾਵਾ ਕਹੀ ਨਾਲ ਪਾੜਿਆ ਤਾਂ ਸੱਚੀਂ ਹੀ ਚਾਰ ਇੰਚ ਲੰਮਾ ਸੁੰਡ ਨਿਕਲਿਆ। ਇਕ ਦਮ ਕੋਲ ਜਾ ਕੇ ਮਹਾਰਾਜ ਬੋਲੇ ਸਾਡੀ ਪਰਖ ਕਰਨੀ ਚਾਹੁੰਦਾ ਹੈਂ। ਜਦੋਂ ਕੁੱਝ ਗੁੱਸੇ ਹੋ ਕੇ ਮਹਾਰਾਜ ਜੀ ਬੋਲੇ ਤਾਂ ਰਾਹੀ ਬਹੁਤ ਡਰਿਆ ਚਰਨਾਂ ਤੇ ਢਹਿ ਪਿਆ, ਤਰਲੇ ਕਰਨ ਲੱਗਾ, "ਮਹਾਰਾਜ ਜੀ! ਮੈਂ ਭੁੱਲ ਗਿਆ ਹਾਂ, ਮੈਨੂੰ ਪਾਪੀ ਨੂੰ ਬਖਸ਼ੋ ਜੀ, ਮੈਂ ਮੂਰਖ ਆਪਦੀ ਸ਼ਕਤੀ ਨਹੀਂ ਸਮਝ ਸਕਿਆ। ਮੈਂ ਅਣਜਾਣ ਆਪਦੀ ਰਮਜ਼ ਨਹੀਂ ਸਮਝ ਸਕਿਆ। ਬਹੁਤ ਬੇਨਤੀਆਂ ਕੀਤੀਆਂ ਤਾਂ ਮਹਾਰਾਜ ਨੇ ਪਲੰਘ ਲੈ ਜਾਣ ਦਾ ਹੁਕਮ ਦੇ ਹੀ ਦਿੱਤਾ। ਇਵੇਂ ਹੀ ਜੋ ਪੱਥਰਾਂ, ਜਲਾਂ, ਥਲਾਂ, ਆਕਾਸ਼ਾਂ ਸਭ ਥਾਈਂ ਨਜ਼ਰ ਰਾਜਾ ਬਲੀ ਦੀ ਕੰਮ ਕਰ ਰਹੀ ਹੈ, ਤਦੇ ਹੀ ਆਪ ਨੂੰ ਤ੍ਰਿਲੋਕੀ ਨਾਥ ਆਖਦੇ ਹਨ। *ਬੋਲੋ ਭਾਈ ਵਾਹਿਗੁਰੂ॥*

ਅੱਗੇ ਸਾਖੀ ਬਾਬੂ ਦੇ ਉਧਾਰ ਦੀ ਚੱਲੀ

ਇਕ ਬਾਬੂ ਪਿੰਡ ਭਰੋ ਮਜਾਰੇ ਦਾ ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਦੇ ਲੰਗਰ ਦੀ ਸੇਵਾ ਕਰਨ ਲੱਗਾ। ਇਸਨੇ ਪੰਜ ਸਾਲ ਲੰਗਰ ਵਿਚ ਬਹੁਤ ਹੀ ਪ੍ਰੇਮ ਨਾਲ ਲੰਗਰ ਦੀ ਸੇਵਾ ਕੀਤੀ। ਉਸ ਵੇਲੇ ਲੰਗਰ ਮਜਾਰੇ ਅਜੇ ਸ਼ੁਰੂ ਹੀ ਕੀਤਾ ਸੀ। ਨਵਾਂ-ਨਵਾਂ ਕੰਮ ਚਾਲੂ ਹੋਣ ਦੇ ਕਾਰਣ ਜੇ ਕਦੀ ਲੰਗਰ ਵਿਚ ਤੋਟ ਵੀ ਆ ਜਾਵੇ ਤਾਂ ਇਸਨੇ ਸੰਗਤ ਨੂੰ ਜ਼ਰੂਰ ਛਕਾਉਣਾ, ਆਪ ਕਈ ਵਾਰੀ ਭੁੱਖੇ ਹੀ ਰਹਿ ਲੈਣਾ। ਮਹਾਰਾਜ ਜੀ ਵਾਸਤੇ ਸਰਦਾਈ ਹਰ ਰੋਜ਼ ਬਣਾਕੇ ਜਿੱਥੇ ਵੀ ਹੋਣ ਲੈ ਜਾਣੀ। ਨਿਸ਼ਕਾਮ ਸੇਵਾ ਕਰਨ ਨਾਲ ਹੀ ਪ੍ਰਭੂ ਪ੍ਰਾਪਤੀ ਹੋ ਕਦੀ ਹੈ।

'ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤਿ ਸੁਆਮੀ॥

ਨਿਸ਼ਕਾਮ ਸੇਵਾ ਕਰਨ ਵਾਲਾ ਇਹ ਸੇਵਾਦਾਰ ਸੱਚੇ ਦਿਲ ਨਾਲ ਸੇਵਾ ਕਰਦਾ। ਇਸਦੀ ਸੇਵਾ ਤੇ ਖੁਸ਼ ਹੋ ਕੇ ਮਹਾਰਾਜ ਜੀ ਨੇ ਲੰਗਰ ਵਿਚ ਹੀ ਦਰਸ਼ਨ ਜਾ ਦਿੱਤੇ। ਜਾ ਕੇ ਅਵਾਜ਼ ਦਿੱਤੀ, "ਆਉ ਬਾਬੂ! ਤੈਨੂੰ ਅੱਜ ਸੇਵਾ ਦੀ ਮਿਹਨਤ ਦੇ ਦੇਈਏ।"

ਚਾਰ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥

ਬਾਬੂ ਚਰਨਾਂ 'ਤੇ ਢਹਿ ਪਿਆ ਅੱਗੋਂ ਸਤਿਗੁਰੂ ਬੋਲੇ, "ਬਾਬੂ! ਚੱਲ ਘਰ ਚਲਿਆ ਜਾਹ! ਤੇਰੀ ਸੇਵਾ ਥਾਏਂ ਪਈ। ਚਲੋ! ਤੁਮਹਾਰੇ ਸਭ ਕੰਮ ਹਮ ਨੇ ਕਰ ਦੀਏ ਹੈਂ।" ਇਹ ਹੁਕਮ ਨਾਮਾ ਸੁਣਕੇ ਬਾਬੂ ਬਹੁਤ ਉਦਾਸ ਹੋਇਆ। ਕੁਮਲਾਏ ਫੁੱਲ ਵਾਂਗ ਬਾਬੂ ਦੀ ਦਸ਼ਾ ਹੋ ਗਈ, ਬਾਬੂ ਕਹਿੰਦਾ ਜੀ ਮੈਂ ਆਪਦੇ ਦਰਸ਼ਨਾਂ ਬਿਨਾਂ ਬਚ ਨਹੀਂ ਸਕਦਾ

'ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣ ਕਦ ਮਿਲੀਐ ਪ੍ਰਿਅ ਤੁਧੁ ਭਗਵੰਤਾ॥

ਮਿਹਰਵਾਨ ਜੀਉ ਮੈਥੋਂ ਕੋਈ ਗ਼ਲਤੀ ਹੋ ਗਈ ਤਾਂ ਮੇਰੀ ਭੁੱਲ ਬਖਸ਼ੋ

ਜੀ। ਸੱਚੇ ਪਿਤਾ ਜੀਉ ਮੇਰਾ ਆਪ ਤੋਂ ਬਿਨਾਂ ਹੋਰ ਕੋਈ ਸਹਾਰਾ ਨਹੀਂ। ਮੈਨੂੰ ਚਰਨਾਂ ਵਿਚ ਹੀ ਰੱਖੋ ਜੀ!" ਫਿਰ ਸਤਿਗੁਰਾਂ ਦਾ ਹੁਕਮ ਹੋਇਆ, "ਬਾਬੂ! ਘਰ ਚਲ, ਕਹਿਣਾ ਮੰਨੀਦਾ ਹੈ।" ਬਾਬੂ ਰਸੋਖਾਨੇ ਤੋਂ ਬਾਹਰ ਚਲਿਆ ਗਿਆ, ਰਾਹ ਵਿਚ ਜਾ ਕੇ ਐਸੀ ਪਿਆਰ ਦੀ ਕਲੇਜੇ ਨੂੰ ਧੂਹ ਪਈ, ਸੀਨਾ ਫਟਿਆ ਬੇਹੋਸ਼ ਹੋ ਕੇ ਡਿੱਗ ਪਿਆ। ਕਿਸੇ ਆ ਕੇ ਦੱਸਿਆ ਜੀ ਬਾਬੂ ਰਸਤੇ ਵਿਚ ਪਿਆ ਤੜਪ ਰਿਹਾ ਹੈ, ਵੈਰਾਗ ਵਿਚ ਅੱਥਰੂਆਂ ਦੀ ਝੜੀ ਲਾਈ ਹੋਈ ਹੈ। ਇਹ ਸੁਣਕੇ ਮਹਾਰਾਜ ਜੀ ਇਕ ਸਿਰਪਾਉ ਲੈ ਕੇ ਜਿੱਥੇ ਬਾਬੂ ਡਿੱਗਿਆ ਪਿਆ ਸੀ ਉੱਥੇ ਚਲੇ ਗਏ। ਬਾਬੂ ਨੂੰ ਆਪ ਮਹਾਰਾਜ ਜੀ ਨੇ ਕਲਾਵੇ ਵਿਚ ਲੈ ਲਿਆ ਆਪਣੇ ਵਲੋਂ ਪਗੜੀ ਬਖਸ਼ਿਸ਼ ਕੀਤੀ, ਸਿਰ ਤੇ ਹੱਥ ਰੱਖਿਆ। ਕੁਆੜ ਖੋਲ੍ਹ ਦਿੱਤੇ, "ਜਾਉ! ਕਾਕਾ ਹੁਣ ਕੀ ਕਸਰ ਹੈ? ਪਾਸ ਤੇ ਧੁਰ ਦਾ ਹੀ ਬਣਾ ਦਿੱਤਾ ਹੈ। ਅੱਜ ਤਾਈਂ ਅਸੀਂ ਕਿਸੇ ਨੂੰ ਸਿਰਪਾਉ ਨਹੀਂ ਦਿੱਤਾ ਤੈਨੂੰ ਹੀ ਦਿੱਤਾ ਹੈ।" ਬਾਬੂ ਘਰ ਚਲਿਆ ਗਿਆ। ਇਕ ਹਫ਼ਤੇ ਦੇ ਅੰਦਰ-ਅੰਦਰ ਬਾਬੂ ਦੀ ਦੇਹ ਛੁੱਟ ਗਈ। ਦੇਹ ਤਿਆਗ ਕੇ ਪਰਮਗਤੀ ਨੂੰ ਪ੍ਰਾਪਤ ਹੋ ਗਿਆ। ਧੰਨ ਹੈ ਰਾਜਾ ਸਾਹਿਬ ਤੇਰੇ ਦਰਸ਼ਨ ਸਦਕਾ ਤੇਰੇ ਘਰ ਦੀ ਸੇਵਾ ਕਰਾ ਕੇ ਵੱਡੇ-ਵੱਡੇ ਪਾਪੀਆਂ ਨੂੰ ਤਾਰਿਆ। ਬਾਬੂ ਦੀ ਆਤਮਾ ਉਸ ਸਵੈਪਰਕਾਸ਼ ਵਿਚ ਜਾ ਅਭੇਦ ਹੋਈ

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਰਤਨ ਸਿੰਘ ਪਿੰਡ ਮਸਾਣੀ ਵਾਲੇ ਨਾਲ ਹੋਈ

ਰਤਨ ਸਿੰਘ ਮਸਾਣੀ ਦਾ ਬਹੁਤ ਗਰੀਬ ਬੰਦਾ ਸੀ। ਗਰੀਬੀ ਨੇ ਜਦੋਂ ਬਹੁਤ ਤੰਗ ਕੀਤਾ ਤਾਂ ਭਗਤ ਸੁਧਾਮੇਂ ਵਾਂਗ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਚਰਨੀਂ ਜਾ ਲੱਗਾ, ਉਸ ਇਲਾਹੀ ਦਰਬਾਰ ਦੀ ਓਟ ਲੈ ਕੇ ਰੋਜ਼ ਹਾਜ਼ਰੀਆਂ ਭਰਨ ਲੱਗਾ। ਇਕ ਦਿਨ ਮਹਾਰਾਜ ਮਿਹਰਾਂ ਦੇ ਘਰ ਬੈਠੇ ਸਨ। ਰਤਨ ਸਿੰਘ ਸਾਹਮਣੇ ਹੋਇਆ ਤਾਂ ਅੱਗੋਂ ਹੁਕਮ ਮਿਲਿਆ, "ਭਾਈ! ਚੱਲ ਨੱਠ ਚਲ! ਕਿਸੇ

ਟਾਪੂ ਚਲੇ ਜਾਈਦਾ ਹੈ। ਰੇਲਾਂ ਸਾਰੀਆਂ ਰਾਜਾ ਦੇ ਨਾਂ ਤੇ ਹੀ ਬਣੀਆਂ ਹੋਈਆਂ ਹਨ। ਜਹਾਜ ਵੀ ਰਾਜਾ ਦੇ ਨਾਮ ਨਾਲ ਹੀ ਚਲਦੇ ਹਨ।" ਬੱਸ ਦਰਗਾਹੀ ਹੁਕਮ ਸੀ, ਪੱਕੀਆਂ ਮੋਹਰਾਂ ਲੱਗ ਗਈਆਂ। ਰਤਨ ਸਿੰਘ ਅਫ਼ਰੀਕਾ ਵਿਚ ਚਲਾ ਗਿਆ, ਜਾਂਦੇ ਦੇ ਹੀ ਆਪਣੇ ਭਾਈ ਦੀ ਮਾਇਆ ਹੱਥ ਆ ਗਈ। ਰਤਨ ਸਿੰਘ ਦੇ ਕੁੱਝ ਦਿਨ ਜਾਣ ਤੋਂ ਬਾਅਦ ਉਸਦਾ ਭਾਈ ਮਰ ਗਿਆ। ਮਰਨ ਤੇ ਪਿੱਛੋਂ ਸਾਰਾ ਧਨ ਰਤਨ ਸਿੰਘ ਦੇ ਕਾਬੂ ਆ ਗਿਆ। ਠੇਕੇਦਾਰੀ ਦਾ ਕੰਮ ਸ਼ੁਰੂ ਕੀਤਾ। ਠੇਕੇਦਾਰੀ ਦੇ ਕੰਮ ਵਿਚ ਬਹੁਤ ਮਾਇਆ ਬਚੀ, ਕਈ ਦੁਕਾਨਾਂ ਬਣਾ ਕੇ ਕਿਰਾਏ ਤੇ ਚਾੜ੍ਹ ਦਿੱਤੀਆਂ। ਇਕ ਦੋ ਇਸ ਦੀਆਂ ਬੱਸਾਂ ਵੀ ਸਨ। ਚਾਰ ਚੁਫੇਰੇ ਤੋਂ ਮਾਇਆ ਦਾ ਹੜ੍ਹ ਚਲ ਪਿਆ। ਅਫ਼ਰੀਕਾ ਵਿਚ ਰਹਿੰਦਾ ਹੋਇਆ ਭਾਈ ਰਤਨ ਸਿੰਘ ਨਾਭ ਕੰਵਲ ਰਾਜਾ ਸਾਹਿਬ ਨੂੰ ਬਹੁਤ ਯਾਦ ਰੱਖਦਾ। ਇਕ ਦਿਨ ਮਹਾਰਾਜ ਜੀ ਵਲੋਂ ਅਕਾਸ਼ਬਾਣੀ ਹੋਈ, "ਭਾਈ ਤੇਰੇ ਜ਼ੁੰਮੇ ਸੇਵਾ ਦੀ ਡਿਊਟੀ ਲੱਗੀ ਹੋਈ ਹੈ।" ਬੱਸ ਇਨੇ ਸੁਨੇਹੇ ਨਾਲ ਰਤਨ ਸਿੰਘ ਅਫ਼ਰੀਕਾ ਤੋਂ ਇੰਡੀਆ ਆ ਗਿਆ। ਆ ਕੇ ਸੋਹਣੇ ਪ੍ਰੀਤਮ ਦੇ ਦਰਸ਼ਨ ਕੀਤੇ। ਸਵਾ ਮਣ ਰੋਜ਼ ਦੀ ਰਸਦ ਲੰਗਰ ਵਿਚ ਪਾਉਣੀ। ਗੁਣਾਚੌਰ ਵਾਲੇ ਮੋਹਣ ਦੀ ਦੁਕਾਨ ਤੁਲਾ ਦਿੱਤੀ। ਦਿਆਲੂ ਰੋਜ਼ ਵਹਿੰਗੀ ਵਿਚ ਲਿਆਉਂਦਾ ਸੀ। ਇਕ ਖੂਹ ਸੰਗਤ ਦੇ ਪਾਣੀ ਪੀਣ ਵਾਸਤੇ ੧੪ ਫੁੱਟ ਚੌੜਾਈ ਸੰਨ 1934 ਵਿਚ ਲੁਆਇਆ। ਲੰਗਰ ਦੀ ਚਾਰ ਦੀਵਾਰੀ ਦੀ ਸੇਵਾ ਵੀ ਕੀਤੀ। ਹਰ ਐਤਵਾਰ ਨੂੰ ਕੜਾਹ ਪ੍ਰਸ਼ਾਦ ਦੇ ਵੱਡੇ ਵੱਡੇ ਕੜਾਹੇ ਬਣਾਏ ਵਰਤਾਏ ਜਾਂਦੇ ਸਨ। ਜਦੋਂ ਖੂਹ ਵਿਚ 18 ਹੱਥ ਪਾਣੀ ਹੋਇਆ ਤਾਂ ਡਬੋਲੀਆਂ ਤੇ ਰਤਨ ਸਿੰਘ ਨੇ ਹਜ਼ੂਰ ਦੇ ਚਰਨਾਂ ਵਿਚ ਬੇਨਤੀ ਕੀਤੀ, ਅਠਾਰਾਂ ਹੱਥ ਖੂਹ ਵਿਚ ਪਾਣੀ ਹੋ ਗਿਆ ਹੈ, ਖੂਹ ਦਾ ਉਤਾਰਾ ਕਰਨ ਤੋਂ ਬਸ ਕਰ ਦੇਈਏ ਜੇ ਆਪਦਾ ਹੁਕਮ ਹੋਵੇ ਤਾਂ ਸਤਿਗੁਰੂ ਬੋਲੇ, "ਭਾਈ! ਇਸ ਸਾਡੇ ਖੂਹ ਦਾ ਪਾਣੀ ਲਾਲੇ ਆਲ (ਝਿੰਗੜਾਂ) ਦਾ ਪਾਣੀ ਇਕ ਹੀ ਹੋਵੇਗਾ। ਝਿੰਗੜਾਂ ਅਤੇ ਮਜਾਰਾ ਇਕ ਹੀ ਬਹੁਤ ਭਾਰਾ ਸ਼ਹਿਰ ਹੋਵੇਗਾ। ਝਿੰਗੜਾਂ ਤਾਈਂ ਵੱਡੇ-ਵੱਡੇ ਬਾਜ਼ਾਰ ਹੋਣਗੇ। ਭਾਨੇਆਲ ਅੰਮ੍ਰਿਤਸਰ ਦਾ ਨਾਂ ਹੋਵੇਗਾ। (ਕੋਈ ਸਮਾਂ ਪਾ ਕੇ ਇਹ ਹੁਕਮ ਨਾਮੇ ਆਪ ਜੀ ਦੇ ਪਰਗਟ ਹੋਣਗੇ।) ਝਿੰਗੜਾਂ ਤਾਈਂ ਇਕੋ ਹੀ ਤਲ ਮੇਲੇ ਦਾ ਹੋਇਆ ਕਰੇਗਾ। ਸਵਾ ਮਣ ਲੂਣ

ਸਾਡੇ ਲੰਗਰ ਵਿਚ ਪਿਆ ਹੋਵੇਗਾ, ਆਟਾ ਤਪਚੀਆਂ ਵਿਚ ਗੁੰਨ੍ਹ ਹੋਇਆ ਕਰੇਗਾ।" ਇੰਨਾ ਵੱਡਾ ਲੰਗਰ ਚੱਲਣ ਦਾ ਹੁਕਮ ਕੀਤਾ ਹੋਇਆ ਹੈ। ਡਬੋਲੀਆ ਪਿੰਡ ਮਸਾਣੀ ਵਾਲਾ ਛੱਜੂ, ਉਮਰੂ ਔਜਲਿਆਂ ਵਾਲਾ ਫਿਰ ਲੱਕ ਬੰਨ੍ਹਕੇ ਖੂਹ ਦਾ ਉਤਾਰਾ ਕਰਨ ਲੱਗ ਪਏ, ਤੇਈ ਹੱਥ ਪਾਣੀ ਉਸ ਵੇਲੇ ਖੂਹ ਵਿਚ ਕੀਤਾ। ਬਾਹਰੋਂ ਸੰਗਤ ਬਲਦਾਂ ਦੀਆਂ ਜੋੜੀਆਂ ਲਿਆਕੇ ਸੇਵਾ ਕਰਦੀ ਸੀ। ਨਾਲ ਲਾ ਕੇ ਖੂਹ ਫੇਰਨਾ ਸ਼ੁਰੂ ਕੀਤਾ। ਤਿੰਨ ਦਿਨ ਖੂਹ ਚਲਦਾ ਰਿਹਾ, ਦੂਰੋਂ-ਦੂਰੋਂ ਇਨਾਮੀ ਬਲਦਾਂ ਦੀਆਂ ਜੋੜੀਆਂ ਆਈਆਂ। ਇਕ ਜੋੜੀ ਗੋਸਲਾਂ ਦੀ ਸਾਵੇਂ ਰੰਗ ਦੇ ਬਲਦ ਸਨ, ਇਕ ਜੋੜੀ ਬੰਗਿਆਂ ਤੋਂ ਜਿਸਦੇ ਵਿਚ ਇਕ ਪੀਲਾ ਬਲਦ ਬਹੁਤ ਭਾਰਾ ਤੇ ਤਕੜਾ, ਚਾਰੇ ਲੜੀਆਂ ਕਰਕੇ ਇਕੱਲਾ ਹੀ ਚੜਸ ਲੈ ਕੇ ਬਹੁਤ ਛਾਲਾਂ ਮਾਰਦਾ ਸੀ। ਇਕ ਜੋੜੀ ਪਿੰਡ ਰਹਿਪੇ ਤੋਂ ਬਚਨ ਸਿੰਘ ਦੀ ਇਹ ਤਿੰਨ ਜੋੜੀਆਂ ਬਲਦਾਂ ਦੀਆਂ ਝੰਡੀ ਕੱਢ ਸਨ। ਚਾੜਸੀ ਮਾਧੋ ਸਿੰਘ, ਵਤਨ ਸਿੰਘ ਕੂਕਾ ਪਿੰਡ ਰਹਿਪੇ ਤੋਂ ਠਾਕਰ ਸਿੰਘ ਇਹ ਸਭ ਨਾਲੋਂ ਝੰਡੀ ਲੈ ਕੇ ਗਏ ਸਨ, ਚੜਸ ਫੜਨ ਵਿਚ। ਸੇਵਾ ਕਰਨ ਵਿਚ ਸੰਗਤ ਪਿੰਡ ਰਹਿਪੇ ਨੂੰ ਵੀ ਮਹਾਰਾਜ ਜੀ ਨੇ ਇਕ ਨੰਬਰ ਦਾ ਖਿਤਾਬ ਦਿੱਤਾ ਸੀ। ਕੋਈ ਦਸ ਕੁ ਸਾਲ ਰਤਨ ਸਿੰਘ ਸੇਵਾ ਕਰਦਾ ਰਿਹਾ। ਰਤਨ ਸਿੰਘ ਦੀ ਭਰਜਾਈ ਕੁੱਝ ਕਲੇਸ਼ ਘਰ ਵਿਚ ਕਰਨ ਲੱਗੀ, ਭਾਈ ਸਾਰੀ ਮਾਇਆ ਐਵੀਂ ਬਰਬਾਦ ਕਰੀਂ ਜਾਂਦਾ ਹੈ। ਆਪਣੀ ਭਰਜਾਈ ਦੇ ਜ਼ਿਆਦਾ ਕਹਿਣ ਦੇ ਕਾਰਣ ਕੁੱਝ ਮਨ ਵਿਚ ਮਾਣ ਵੀ ਹੋ ਗਿਆ। ਮੈਂ ਸਭ ਨਾਲੋਂ ਜ਼ਿਆਦਾ ਸੇਵਾ ਕੀਤੀ ਹੈ ਜਦੋਂ ਸੇਵਾ ਕਰਦਾ ਸੀ, ਚੜ੍ਹਦੇ ਸੂਰਜ ਵਾਂਗ ਧਨ ਵਧਦਾ ਗਿਆ ਜਦੋਂ ਮਨ ਵਿਚ ਹੰਕਾਰ ਆਇਆ (ਸਤਿਗੁਰਾਂ ਦੇ ਹੁਕਮ ਨਾਲ ਲਛਮੀ ਦਾ ਘਰ ਵਿਚ ਵਾਸਾ ਸੀ) ਮਾਣ ਆਉਣ ਦੇ ਨਾਲ ਹੀ ਲੱਛਮੀ ਘਰੋਂ ਬਿਸਤਰਾ ਚੁੱਕ ਕੇ ਰਵਾਨਾ ਹੋਈ। ਗੱਡੀਆਂ ਚੱਲ ਰਹੀਆਂ ਸਨ, ਸਭ ਪਤਾ ਨਹੀਂ ਕਿੱਧਰ ਚਲੇ ਗਈਆਂ। ਦੁਕਾਨਾਂ ਕਿਰਾਏ ਤੇ ਚਲ ਰਹੀਆਂ ਸਨ, ਸਭ ਨਿਲਾਮ ਹੋ ਗਈਆਂ। ਭਾਈ ਰਤਨ ਸਿੰਘ ਦੀ ਕਿਸਮਤ ਦਾ ਦੀਵਾ ਗੁਲ ਹੋ ਗਿਆ। ਪਹਿਲਾਂ ਵਾਂਗ ਹੀ ਰਤਨ ਸਿੰਘ ਦੀ ਹਾਲਤ ਹੋ ਗਈ।

'ਖਿਨ ਮਹਿ ਨੀਚੁ ਕੀਟ ਕਉ ਰਾਜ॥

ਰਤਨ ਸਿੰਘ ਨੂੰ ਸੇਵਾ ਕਰਾਉਣ ਵਾਸਤੇ ਮਾਇਆ ਦੀ ਬਖਸ਼ਿਸ਼ ਕੀਤੀ ਸੀ। ਚਾਬੀਆਂ ਤਾਂ ਸਾਰੀਆਂ ਆਪਦੇ ਹੁਕਮ ਨਾਲ ਹੀ ਖਜ਼ਾਨਿਆਂ ਨੂੰ ਲੱਗਦੀਆਂ ਹਨ। ਐਵੇਂ ਕਿਸੇ ਸੇਵਕ ਨੂੰ ਮਾਣ ਦੇਣਾ ਹੁੰਦਾ ਹੈ ਜਿਵੇਂ ਮਹਾਰਥੀ ਅਰਜਨ ਨੂੰ ਮਹਾਂਭਾਰਤ ਦੇ ਯੁੱਧ ਵਿਚ ਮਹਾਰਾਜਾ ਕ੍ਰਿਸ਼ਨ ਭਗਵਾਨ ਜੀ ਨੇ ਵਿਰਾਟ ਰੂਪ ਦਿਖਾਕੇ ਜੰਗ ਕਰਵਾਇਆ ਸੀ। ਸਾਰਾ ਕੁੱਝ ਦਰਗਾਹੋਂ ਹੀ ਬਣਿਆ ਹੋਇਆ ਦਿਖਾਇਆ। ਇਹ ਸਾਰੀ ਮਾਇਆ ਭਗਵਾਨ ਦੇ ਹੱਥ ਵਿਚ ਦਿਖਾਈ। ਜੰਮਣਾ, ਮਰਨਾ, ਮਾਣ ਵਡਿਆਈ, ਇਹ ਸਭ ਨਿਰੰਕਾਰ ਦੇ ਹੱਥ ਵਿਚ ਹੀ ਹੈ। ਭਾਈ ਰਤਨ ਸਿੰਘ ਨੂੰ ਜਦੋਂ ਮਾਣ ਹੋਇਆ ਫਿਰ ਉਹੀ ਰਤਨ ਸਿੰਘ ਵਿਚਾਰਾ ਗਰੀਬੀ ਦੀ ਹਾਲਤ ਨਾਲ ਕੁੱਬਾ ਹੋਇਆ ਫਿਰਨ ਲੱਗਾ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਗੁਰਦੁਆਰਾ ਝਿੰਗੜਾਂ ਦੇ ਮੁਕੱਦਮੇ ਦੇ ਪ੍ਰਥਾਇ ਚੱਲੀ

ਜਗਤ ਸਿੰਘ (ਸਰਦਾਰ ਮੋਤੀ ਸਿੰਘ ਦਾ ਵੱਡਾ ਪੁੱਤਰ) ਮਹਾਰਾਜ ਜੀ ਤੋਂ ਕਾਫ਼ੀ ਖ਼ਿਲਾਫ਼ ਰਹਿਣ ਲੱਗਾ। ਇਕ ਦਿਨ ਇਸਨੇ ਆਪਣੇ ਨੌਕਰਾਂ ਨੂੰ ਭੇਜਿਆ, "ਜਾਉ! ਬਾਗ ਵਿਚੋਂ ਫਲਾਹੀ ਦੀਆਂ ਲੱਕੜਾਂ ਵੱਢਕੇ ਲੈ ਆਉ।" ਇਸਦੇ ਨੌਕਰ ਗੁਰਦੁਆਰਾ ਦੁੱਖ ਨਿਵਾਰਨ ਦੀ ਹੱਦ ਅੰਦਰੋਂ ਲੱਕੜੀਆਂ ਵੱਢਣ ਜਾ ਲੱਗੇ। ਉਸ ਵੇਲੇ ਗੁਰਦੁਆਰੇ ਵਿਚ ਮਹਾਰਾਜ ਜੀ ਦੇ ਗੁਰਭਾਈ ਸੁੰਦਰ ਸਿੰਘ ਅਤੇ ਸਾਈਂ ਰਿਹਾ ਕਰਦੇ ਸੀ, ਜਦੋਂ ਲੱਕੜੀਆਂ ਵੱਢਣ ਦੀ ਅਵਾਜ਼ ਆਈ, ਸਾਈਂ ਨੇ ਦੇਖਿਆ ਜਗਤ ਸਿੰਘ ਦੇ ਨੌਕਰ ਲੱਕੜੀਆਂ ਵੱਢ ਰਹੇ ਹਨ। ਸਾਈਂ ਭਾਈ ਸੁੰਦਰ ਸਿੰਘ ਨੂੰ ਆਖਣ ਲੱਗਾ, "ਭਾਈ ਜੀ ਸਾਡੇ ਜਿਉਂਦਿਆਂ ਤੇ ਮਹਾਰਾਜਾ ਜੀ ਦੇ ਬਾਗ ਵਿਚੋਂ ਕੋਈ ਛਿੰਗ ਸਾਰਖੀ ਨਹੀਂ ਵੱਢ ਸਕਦਾ।" ਟਕੂਏ ਲੈ ਕੇ ਦੋਵੇਂ ਸੇਵਾਦਾਰ ਬਿਜਲੀ ਵਾਂਗ ਕੜਕ ਕੇ ਜਗਤ ਸਿੰਘ ਦੇ ਨੌਕਰਾਂ ਨੂੰ ਜਾ ਪਏ। ਨੌਕਰ ਲੱਕੜੀਆਂ ਵੱਢਦੇ ਵਿਚੋਂ ਹੀ ਛੱਡਕੇ ਨੱਠ ਗਏ। ਉਸ ਤੋਂ ਬਾਅਦ ਜਗਤ ਸਿੰਘ ਨੇ ਕੁੱਝ ਇਲਾਕੇ ਦੇ ਬੰਦਿਆਂ ਨੂੰ ਸਹਿਮਤ ਕਰਕੇ 82 ਬੰਦਿਆਂ ਦੇ ਦਸਤਖ਼ਤ ਕਰਾ ਕੇ ਜਲੰਧਰ ਮੁਕੱਦਮਾ ਜਾ ਕੀਤਾ ਕਿ ਇਹ ਸਾਡੀ ਜਗ੍ਹਾ ਹੈ ਇਸ ਤੇ ਸਾਡਾ ਹੱਕ ਹੋਣਾ ਚਾਹੀਦਾ ਹੈ। ਇਹ

ਮਲਕੀਅਤ ਸਾਡੀ ਹੈ ਸੁੰਦਰ ਸਿੰਘ ਇਸ ਮੁਕੱਦਮੇ ਦੇ ਮੁਖਤਿਆਰੇ-ਆਮ ਸਨ। ਸਰਦਾਰ ਗੁਰਬਖਸ਼ ਸਿੰਘ ਮਹਾਰਾਜ ਦੀ ਪਾਰਟੀ ਵੱਲ੍ਹ ਸੀ। ਜਗਤ ਸਿੰਘ ਇਸਦਾ ਸਕਾ ਚਾਚਾ ਵਿਰੋਧੀ ਧੜੇ ਦਾ ਮੋਹਰੀ ਸੀ। ਇਕ ਸਾਲ ਕੇਸ ਚੱਲਦਾ ਰਿਹਾ, ਅਖੀਰ ਅਦਾਲਤ ਨੇ ਮੌਕਾ ਦੇਖਣ ਦੀ ਤਰੀਕ ਮੁਕਰਰ ਕਰ ਦਿੱਤੀ। ਜੱਜ ਮੁੰਨਾ ਲਾਲ ਮੌਕਾ ਦੇਖਣ ਵਾਸਤੇ ਆਇਆ। ਘੋੜੀ ਤੇ ਆ ਰਿਹਾ ਸੀ। ਰਾਹ ਵਿਚ ਸੁਰਮੁਖ ਸਿੰਘ ਪਿੰਡ ਰਹਿਪੇ ਤੋਂ ਗੁਰਦੁਆਰੇ ਨੂੰ ਆ ਰਿਹਾ ਸੀ। ਜੱਜ ਮੁੰਨਾ ਲਾਲ ਨੇ ਬਾਬੇ ਨੂੰ ਪੁੱਛਿਆ, "ਬਾਬਾ ਜੀ! ਕਿੱਧਰ ਜਾ ਰਹੇ ਹੋ?" ਬਾਬਾ ਜੀ ਨੇ ਆਖਿਆ ਗੁਰਦੁਆਰੇ ਜਾ ਰਹੇ ਹਾਂ। ਮੈਜਿਸਟਰੇਟ ਨੂੰ ਯਕੀਨ ਹੋ ਗਿਆ ਕਿ ਸੱਚਮੁਚ ਹੀ ਗੁਰਦੁਆਰਾ ਹੈ ਜਿਸਨੂੰ ਇਲਾਕੇ ਦੇ ਲੋਕ ਵੀ ਮੰਨਦੇ ਹਨ। ਮੌਕੇ ਤੇ ਜਾ ਕੇ ਦੋਨਾਂ ਪਾਰਟੀਆਂ ਦੇ ਬਿਆਨ ਲਿਖ ਕੇ ਲੈ ਗਿਆ। ਗੁਰਬਖਸ਼ ਸਿੰਘ ਦਾ ਵੀ ਇਸ ਜਾਇਦਾਦ ਵਿਚ ਅੱਧਾ ਹਿੱਸਾ ਸੀ, ਉਸਨੇ ਵੀ ਮਹਾਰਾਜ ਜੀ ਦੇ ਹੱਕ ਵਿਚ ਬਿਆਨ ਦਿੱਤੇ। ਜਲੰਧਰ ਵਾਲੀ ਅਦਾਲਤ ਨੇ ਮੁਕੱਦਮੇ ਦਾ ਫ਼ੈਸਲਾ ਰਾਜਾ ਸਾਹਿਬ ਜੀ ਦੇ ਹੱਕ ਵਿਚ ਕਰ ਦਿੱਤਾ। ਫਿਰ ਜਗਤ ਸਿੰਘ ਨੇ ਗੁਰਦੁਆਰਾ ਅੰਮ੍ਰਿਤਸਰ ਪ੍ਰਬੰਧਕ ਕਮੇਟੀ ਦੇ ਹੈੱਡ ਗਰੰਥੀ ਭਾਈ ਊਧਮ ਸਿੰਘ ਦੀ ਸਲਾਹ ਨਾਲ ਅਕਾਲੀ ਐਕਟ ਦੇ ਅਧੀਨ ਲਾਹੌਰ ਹਾਈਕੋਰਟ ਵਿਚ ਮੁਕੱਦਮਾ ਜਾ ਕੀਤਾ ਕਿ ਇਹ ਗੁਰਦੁਆਰਾ ਸਾਧੂਆਂ ਤੋਂ ਖੋਹ ਕੇ ਅਕਾਲੀਆਂ ਦੇ ਅਧੀਨ ਕੀਤਾ ਜਾਏ। ਉਸੇ ਵੇਲੇ ਅਕਾਲੀ ਕਮੇਟੀਆਂ ਬਣਾ ਬਣਾ ਕੇ ਸਾਧੂਆਂ ਕੋਲੋਂ ਇਤਿਹਾਸਕ ਗੁਰਦੁਆਰੇ ਲਈ ਜਾਂਦੇ ਸਨ। ਇਹ ਸੰਨ 1929 ਦੀ ਗੱਲ ਹੈ। ਕੇਸ ਹਾਈਕੋਰਟ ਵਿਚ ਦੋ ਸਾਲ ਚੱਲਦਾ ਰਿਹਾ। ਖਰਚ ਸਾਰਾ ਮਹਾਰਾਜ ਵਲੋਂ ਗੁਰਬਖਸ਼ ਸਿੰਘ ਦੀ ਮਾਈ ਨੰਦੀ ਵਲੋਂ ਕੀਤਾ ਜਾਂਦਾ ਸੀ, ਇਸੇ ਮੁਕੱਦਮੇ ਦੀ ਸੇਵਾ ਵਿਚ ਸੰਨ 1931 ਵਿਚ ਜਿਸਦੀ ਸੇਵਾ ਵਿਚ ਮਾਈ ਨੰਦੀ ਇਕ ਦਿਨ ਲਾਹੌਰੋਂ ਆਉਂਦੀ ਹੋਈ ਨਕੋਦਰ ਵੱਲ੍ਹ ਦੀ ਹੋ ਕੇ ਆਈ। ਨੰਦੀ ਦੇ ਗਲ ਚੰਗੇ ਕੱਪੜੇ ਗਹਿਣੇ ਵੀ ਪਾਏ ਹੋਏ ਸਨ, ਕੁੱਝ ਨਕਦ ਪੈਸੇ ਵੀ ਸੀ। ਤਲਵਣ ਦੇ ਬਦਮਾਸ਼ ਨੰਦੀ ਨੂੰ ਪਿੰਡ ਗੰਨੇ ਕੋਲ ਆ ਕੇ ਘੇਰ ਲਿਆ ਤੇ ਖੜ੍ਹ ਗਏ। ਬੇਟ ਦੇ ਇਲਾਕੇ ਵੱਲ੍ਹ ਨੂੰ ਭੁਰਨ ਲੱਗੇ। ਨੰਦੀ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਧਿਆਨ ਧਰਕੇ ਅਰਦਾਸ ਕੀਤੀ। ਅੱਖਾਂ ਤੋਂ ਅੱਥਰੂ ਕੇਰੇ ਇੱਥੇ ਸਕਿੰਟ ਵਿਚ ਬਿਜਲੀ ਦੀ ਤਾਰ ਵਾਂਗ ਦਰਸ਼ਨ ਦੀ ਝਲਕ ਪਈ। ਕੰਨਾਂ ਵਿਚ ਅਵਾਜ਼ ਆਈ, "ਨੰਦੀ! ਅਸੀਂ ਤੇਰੇ ਨਾਲ ਹਾਂ।" ਬੱਸ ਉਹ ਤਿੰਨੇ

ਬਦਮਾਸ਼ ਪਤਾ ਨਹੀਂ ਕੀ ਹੋਇਆ? ਖੜ੍ਹੇ ਹੀ ਪੱਥਰਾਂ ਦੀਆਂ ਮੂਰਤਾਂ ਬਣ ਗਏ। ਕੋਈ ਜੁਰੱਅਤ ਨਹੀਂ ਰਹੀ। ਸਰੀਰ ਵਿਚ ਰੱਤ ਨਾ ਰਹੀ ਪੀਲੇ ਫਟਕ ਹੋ ਗਏ। ਲੱਤਾਂ ਥਿੜਕਣ ਲੱਗ ਪਈਆਂ, ਦੇਹ ਦਾ ਵੀ ਭਾਰ ਨਾ ਝੱਲਣ। ਜਦੋਂ ਇਹ ਦਸ਼ਾ ਹੋਈ ਨੰਦੀ ਨੂੰ ਮਾਤਾ ਜੀ ਆਖਕੇ ਮੱਥਾ ਟੇਕਣ ਲੱਗੇ ਮੁਆਫ਼ੀ ਮੰਗ ਕੇ ਆਪਣੇ ਪਿੰਡ ਤਲਵਣ ਚਲੇ ਗਏ। ਤਾਂਗੇ ਵਾਲੇ ਨੂੰ ਵੀ ਛੱਡ ਦਿੱਤਾ। ਨੰਦੀ ਨੂੰ ਪਿੰਡ ਛੱਡ ਕੇ ਗਿਆ। ਨੰਦੀ ਰਾਜਾ ਰਾਜਾ ਕਰਦੀ ਘਰ ਆਈ ਮੁਕੱਦਮਾ ਮਹਾਰਾਜਾ ਜੀ ਦੇ ਹੱਕ ਵਿਚ ਹੋ ਗਿਆ। ਜਗਤ ਸਿੰਘ ਨੂੰ ਸੰਗਰਹਿਣੀ ਦੀ ਬਿਮਾਰੀ ਲੱਗ ਗਈ। ਛੇ ਸਾਲ ਬਿਮਾਰ ਰਿਹਾ। ਦੁਆਈਆਂ ਬੂਟੀਆਂ ਬਥੇਰੀਆਂ ਕੀਤੀਆਂ, ਕੋਈ ਅਰਾਮ ਨਾ ਆਇਆ। ਇਕ ਦਿਨ ਖੰਗਿਆਂ ਤੋਂ ਪਿੰਡ ਨੂੰ ਜਾਂਦਾ ਸੀ, ਜਗਤ ਸਿੰਘ ਦੀ ਲੜਕੀ ਨਾਲ ਸੀ। ਜਦੋਂ ਪਿੰਡ ਮਜਾਰੇ ਦੇ ਬਰਾਬਰ ਗਿਆ ਕਹਿੰਦਾ, "ਚੱਲ ਪੁੱਤਰੀ! ਅੱਜ ਸਾਧ ਦੇ ਦਰਸ਼ਨ ਜਾਂਦੇ ਜਾਂਦੇ ਕਰ ਹੀ ਜਾਈਏ, ਪਤਾ ਨਹੀਂ ਕੋਈ ਦਿਨ ਜ਼ਿੰਦਗੀ ਦਾ ਹੈ? ਪਤਾ ਨਹੀਂ ਕਦੋਂ ਮਰ ਜਾਣਾ ਹੈ?" ਜਦੋਂ ਮਹਾਰਾਜ ਜੀ ਦੇ ਸਾਹਮਣੇ ਗਿਆ। ਮਹਾਰਾਜ ਕਹਿੰਦੇ, "ਜਗਤੂ! ਕੀ ਹੋਇਆ ਤੈਨੂੰ ਤੂੰ ਤੇ ਬਹੁਤ ਲਿੱਸਾ ਹੋ ਗਿਆ ਹੈਂ?" ਜਗਤ ਸਿੰਘ ਦਾ ਬੈਰਾਗ ਫੁੱਟ ਪਿਆ। ਜਗਤ ਸਿੰਘ ਦੇ ਕੋਲ 35 ਰੁਪਏ ਸਨ ਉਹ ਸਾਰੇ ਨਿਆਣਿਆਂ ਨੂੰ ਪੰਗਤ ਲਵਾ ਕੇ ਦਿਆ ਦਿੱਤੇ। ਇਕ ਉੱਜਲ ਸੁੱਕੇ ਹੋਏ ਬੇਰਾਂ ਦਾ ਤਾਕੀ ਰਾਹ ਬਾਹਰ ਨੂੰ ਸੁੱਟ ਦਿੱਤਾ। ਲੜਕੀ ਨੇ ਚੁੱਕ ਕੇ ਜਗਤ ਨੂੰ ਛਕਣ ਲਈ ਦਿੱਤਾ। ਬੱਸ ਉਸੇ ਵੇਲੇ ਅਰਾਮ ਆ ਗਿਆ। ਫਿਰ ਜਗਤ ਸਿੰਘ ਵੀ ਲੰਗਰ ਵਿਚ ਆਟੇ ਦੀਆਂ ਬੋਰੀਆਂ ਹੀ ਪਾਉਂਦਾ ਰਿਹਾ, ਜਿੰਨਾ ਚਿਰ ਜਿਉਂਦਾ ਰਿਹਾ। ਬਾਕੀ ਇਸਦੇ ਭਰਾ ਵੀ ਸੇਵਾ ਵਿਚ ਹਿੱਸਾ ਲੈਂਦੇ ਹਨ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਪਿੰਡ ਰਹਿਪੇ ਵਾਲੇ ਰਾਗੀ ਨਿਰਮਲ ਸਿੰਘ ਨਾਲ ਹੋਈ

ਇਕ ਵਾਰ ਦੀ ਗੱਲ ਹੈ ਪਿੰਡ ਰਹਿਪੇ ਤੋਂ ਦਲੀਪ ਸਿੰਘ ਦੇ ਪੁੱਤਰ ਉਧਮ ਸਿੰਘ ਨੂੰ ਮਜਾਰੇ ਵਿਆਹੁਣ ਆਏ। ਦੂਜੇ ਦਿਨ ਸਾਰੀ ਜੰਞ ਦੇ ਬੰਦੇ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਗਏ। ਮਹਾਰਾਜ ਜੀ ਮਿਸਤਰੀ ਕਰਤਾਰ ਸਿੰਘ

ਦੇ ਘਰ ਬੈਠੇ ਸਨ। ਵਾਰੋ-ਵਾਰੀ ਸਤਿਗੁਰਾਂ ਦੇ ਚਰਨਾਂ ਵਿਚ ਨਮਸਕਾਰ ਕਰਕੇ ਪਿੱਛੇ ਮੁੜ ਰਹੇ ਸਨ, ਉਸ ਜੰਞ ਦੇ ਨਾਲ ਦਾਸ ਵੀ ਦਰਸ਼ਨ ਕਰਨ ਗਿਆ ਸੀ। ਉਸ ਦਿਨ ਦਾਸ ਨਾਲ ਸਤਿਗੁਰਾਂ ਨੇ ਬਹੁਤ ਬਚਨ ਕੀਤੇ, ਚਰਨਾਂ ਵਿਚ ਬਿਠਾ ਕੇ ਸੇਵਾ ਬਖਸ਼ੀ, ਮੁੱਠੀ ਚਾਪੀ ਕਰਵਾਈ। ਬੈਠਿਆਂ-ਬੈਠਿਆਂ ਨੇ ਪੀਤੇ ਦੇ ਘਰ ਵਾਲੀ ਨੇ ਦੋ-ਤਿੰਨ ਪੇਸੀਆਂ ਗੁੜ ਦੀਆਂ ਅੱਗੇ ਧਰਕੇ ਨਮਸਕਾਰ ਕੀਤੀ। ਛੋਟੇ-ਛੋਟੇ ਗੁੜ ਦੀਆਂ ਢੇਲੀਆਂ ਬਣਾ ਕੇ ਕੁੱਤਿਆਂ ਨੂੰ ਪਾਈਆਂ। ਇਕ ਕੁੱਤੇ ਨੇ ਖਾਂਦੇ-ਖਾਂਦੇ ਨੇ ਮੂੰਹ ਵਿਚੋਂ ਗੁੜ ਕੱਢ ਦਿੱਤਾ। ਗੁੜ ਉਸਨੂੰ ਪਹਿਲਾਂ ਵੀ ਖੁਆਇਆ। ਫਿਰ ਉਹ ਕੁੱਤੇ ਦੇ ਥੁੱਕ ਦਾ ਲਿੱਬੜਿਆ ਹੋਇਆ ਸਾਰਾ ਗੁੜ ਦਾਸ ਦੇ ਹੱਥਾਂ ਤੇ ਰੱਖਿਆ ਨਾਲ ਹੀ ਹੁਕਮ ਕੀਤਾ ਇਹ ਵੀ ਛਕ ਲੈ। ਮੈਨੂੰ ਕੁੱਝ ਨਫ਼ਰਤ ਆਈ। ਮਹਾਰਾਜ ਹੋਰ ਕਿਸੇ ਨਾਲ ਗੱਲ ਕਰ ਰਹੇ ਸਨ, ਮੈਂ ਆਪਣੇ ਚਿੱਤੋਂ ਪਿਛਲੇ ਪਾਸੇ ਢੇਲੀਆਂ ਰੱਖ ਦਿੱਤੀਆਂ। ਜਾਣੀ ਜਾਣ ਸਤਿਗੁਰੂ ਆਖਣ ਲੱਗੇ, "ਕਾਕਿਆ! ਛਕ ਲੈ, ਸਾਰਾ ਹੀ ਛਕ ਲੈ।" ਪਰ ਮੈਂ ਪੂਰਾ ਹੁਕਮ ਮੰਨ ਨਾ ਸਕਿਆ। ਉਸ ਦਿਨ ਬਹੁਤ ਮਿਹਰਾਂ ਦੇ ਘਰ ਵਿਚ ਬੈਠੇ ਦਾਸ ਨੂੰ ਪਿਆਰ ਦੇ ਕੇ ਕਈ ਹੁਕਮਨਾਮੇ ਬਖਸ਼ੇ। ਆਨੰਦ ਕਾਰਜ ਹੋਣ ਤੋਂ ਬਾਅਦ ਰਾਗੀ ਜੱਥਾ ਸਲਾਹ ਕਰਨ ਲੱਗਾ। ਚਲੋ ਅੱਜ ਮੌਕੇ ਨਾਲ ਆਏ ਹੋਏ ਹਾਂ। ਰਾਜਾ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਕਰ ਆਈਏ। ਨਿਰਮਲ ਸਿੰਘ ਦੇ ਨਾਲ ਪਿੰਡ ਮੈਨਾਬਾਦ ਦਾ ਗੁਰਬਚਨ ਸਿੰਘ ਕੀਰਤਨ ਕਰਿਆ ਕਰਦਾ ਸੀ। ਗੁਰਬਚਨ ਸਿੰਘ ਕਹਿੰਦਾ, "ਭਾਈ ਸਿੱਖੋ! ਮੈਂ ਤੇ ਕੀਰਤਨ ਕਰਨ ਨਹੀਂ ਜਾਵਾਂਗਾ। ਰਾਜਾ ਸਾਹਿਬ ਮੰਜੇ ਉੱਪਰ ਬੈਠੇ ਹੋਵਣਗੇ, ਅਸੀਂ ਭੁੰਜੇ ਕੀਰਤਨ ਕਰਾਂਗੇ ਇਸ ਵਿਚ ਬਾਣੀ ਦੀ ਤੌਹੀਨ ਹੈ।" ਬਾਕੀ ਜੱਥਾ ਕਹਿਣ ਲੱਗਾ, "ਭਾਈ! ਤੇਰੇ ਸਿਰ ਕਰਕੇ ਅਸੀਂ ਵੀ ਨਹੀਂ ਜਾਂਦੇ।" ਇੰਨੀ ਗੱਲ ਸੁਣਕੇ ਗੁਰਬਚਨ ਸਿੰਘ ਦਾ ਦਿਲ ਡਰ ਗਿਆ, ਆਖਿਆ, "ਚਲੋ ਭਾਈ! ਜਿਵੇਂ ਤੁਹਾਡੀ ਮਰਜੀ ਹੈ, ਮੈਂ ਵੀ ਚਲੇ ਜਾਂਦਾ ਹਾਂ, ਮੇਰੇ ਸਿਰ ਕਰਕੇ ਨਾ ਹਟੋ।" ਕੀਰਤਨ ਕਰਨ ਤੁਰ ਪਏ। ਨੀਲੋ ਜੁਲਾਹਾ ਜਿਸਨੂੰ ਕੁੱਝ ਥੋੜ੍ਹਾ ਦਿੱਸਦਾ ਸੀ, ਇਹ ਆਖਣ ਲੱਗਾ, "ਭਾਈ ਨਿਰਮਲ ਸਿੰਘ! ਮੈਨੂੰ ਜੋੜੀ ਚੁਕਾ ਕੇ ਨਾਲ ਲੈ ਚਲੋ। ਮੈਂ ਤੁਹਾਡੇ ਵਿਚ ਬੈਠ ਕੇ ਰਾਜਾ ਜੀ ਦੇ ਦਰਸ਼ਨ ਤਾਂ ਕਰ ਲਵਾਂਗਾ।" ਅੱਗੋਂ ਮਹਾਰਾਜ ਝਖਾਣਾਂ ਦੇ

ਘਰੋਂ ਉੱਠਕੇ ਕਰਤਾਰੀ ਝੀਰੀ ਦੇ ਘਰ ਚਲੇ ਗਏ। ਇਹ ਰਾਗੀ ਜਥਾ ਜਦੋਂ ਆਪ ਜੀ ਦੇ ਪੇਸ਼ ਹੋਇਆ ਮਿਲਖਾ ਸਿੰਘ ਰਹਿਪੇ ਵਾਲੇ ਨੂੰ ਆਖਿਆ, "ਮਿਲਖੀ! ਰਾਗੀਆਂ ਨੂੰ ਮੋੜ ਕੇ ਲੈ ਆਉ।" ਪਹਿਲਾਂ ਮਹਾਰਾਜ ਜੀ ਕੋਠੇ ਉੱਪਰ ਬੈਠੇ। ਕਰਤਾਰੀ ਨੂੰ ਹੁਕਮ ਕੀਤਾ, "ਕਰਤਾਰੀ! ਭੁੰਜੇ ਚੁਤਹੀ ਵਿਛਾਉ।" ਚੁਤਹੀ ਵਿਛਾ ਕੇ ਬੈਠ ਗਏ। ਰਾਗੀ ਜੱਥੇ ਨੂੰ ਵੀ ਕੀਰਤਨ ਕਰਨ ਦਾ ਹੁਕਮ ਕੀਤਾ। ਮੈਨਾਬਾਦੀਏ ਨੂੰ ਆਖਣ ਲੱਗੇ, "ਕਾਕਾ! ਹੁਣ ਤਾਂ ਨਹੀਂ ਬਾਣੀ ਦੀ ਤੌਹੀਨ। ਭਾਈ ਸਿੱਖਾ ਜਦੋਂ ਭੁੰਜੇ ਪਾਠ ਖੋਲ੍ਹਿਆ ਹੋਇਆ ਹੁੰਦਾ ਹੈ ਲੋਕੀਂ ਕੋਠਿਆਂ ਤੇ ਫਿਰਦੇ ਹੁੰਦੇ ਹਨ, ਜੇਬਾਂ ਵਿਚ ਗੁਟਕੇ ਪਾ ਕੇ ਗੰਦੇ ਥਾਉਂ ਫਿਰਦੇ ਰਹਿੰਦੇ ਹਨ। ਜਦੋਂ ਜਲੂਸ ਕੱਢਦੇ ਹੋ ਲੋਕੀਂ ਕੋਠਿਆਂ ਤੇ ਹੁੰਦੇ ਹਨ, ਦਰਬਾਰ ਗਲੀਆਂ ਵਿਚ ਲਈ ਫਿਰਦੇ ਹੋ।" ਜਦੋਂ ਇਹ ਪ੍ਰਸ਼ਨ ਪਾਤਸ਼ਾਹ ਨੇ ਕੀਤੇ ਤਾਂ ਮੈਨਾਬਾਦੀਆ ਪਾਣੀ-ਪਾਣੀ ਹੋ ਗਿਆ। ਗੁਰਬਚਨ ਸਿੰਘ ਦੀ ਸੁਰਤ ਗੁੰਮ ਹੋ ਗਈ। ਬਾਰ-ਬਾਰ ਬੇਨਤੀਆਂ ਕਰਨ ਲੱਗਾ, "ਜੀ! ਮੈਂ ਅਨਜਾਣ ਕੀ ਜਾਣਦਾ ਹਾਂ ਆਪ ਦੀ ਗਤੀ? ਆਪ ਹੀ ਬਾਣੀ ਰਚਣਹਾਰ ਹੋ, ਤੁਸੀਂ ਗੁਰੂ ਨਾਨਕ ਦੀ ਬਾਣੀ ਦਾ ਜਹਾਜ ਤਿਆਰ ਕਰਨ ਹਾਰੇ।" ਮਹਾਰਾਜ ਜੀ ਦੇ ਹੁਕਮ ਨਾਲ ਕੀਰਤਨ ਸ਼ੁਰੂ ਕੀਤਾ। ਨਾਲੇ ਮਹਾਰਾਜ ਜੀ ਕੀਰਤਨ ਸੁਣ ਰਹੇ ਸਨ, ਮਸਤੀ ਵਿਚ ਚੁਟਕੀਆਂ ਵਜਾ ਰਹੇ ਸਨ। ਨਾਲੇ ਟਹਿਲਦੇ ਫਿਰਦੇ ਰਹੇ ਜਦੋਂ ਅਖੀਰਲੀ ਤੁਕ ਸ਼ਬਦ ਦੀ ਬੋਲੀ ਘਰੋਂ ਬਾਹਰ ਚਲੇ ਗਏ। ਨਿਰਮਲ ਸਿੰਘ ਨੇ ਬੇਨਤੀ ਕੀਤੀ ਇਕ ਸ਼ਬਦ ਹੋਰ ਸੁਣਾਉਣ ਨੂੰ ਦਿਲ ਕਰਦਾ ਹੈ। ਚਲਦੇ-ਚਲਦੇ ਹੁਕਮ ਦੇ ਗਏ, "ਹਾਜਰੀ ਲੱਗ ਗਈ, ਚਲੋ! ਭਾਗ ਜਾਵੋ।" ਕਰਤਾਰ ਸਿੰਘ ਦੇ ਘਰ ਚਲੇ ਗਏ। ਸਾਰਾ ਦਿਨ ਇਸੇ ਹੀ ਘਰ ਰਹੇ। ਸੂਰਜ ਛਿਪਣ ਤੋਂ ਬਾਅਦ ਕਰਮ ਸਿੰਘ ਰਾਗੀ ਜੱਥੇ ਨਾਲ ਆਇਆਂ ਨੂੰ ਕੁੱਝ ਹਨ੍ਹੇਰਾ ਹੋਣ ਤੇ ਕਰਤਾਰ ਸਿੰਘ ਨੂੰ ਹੁਕਮ ਦਿੱਤਾ ਬੈਠੇ ਬੰਦਿਆਂ ਨੂੰ ਬਾਹਰ ਕੱਢਕੇ ਡਿਉਢੀ ਦਾ ਕੁੰਡਾ ਲਾ ਦਿਓ। ਕਰਮ ਸਿੰਘ ਇਕ ਪਾਸੇ ਹੋ ਕੇ ਬੈਠਾ ਰਿਹਾ। ਦੋ ਘੰਟੇ ਬਾਅਦ ਬੂਹਾ ਖੋਲ੍ਹਕੇ ਬਾਹਰ ਨਿਕਲੇ। ਕਰਮ ਸਿੰਘ ਚਰਨਾਂ ਤੇ ਢਹਿ ਪਿਆ। ਕਰਮ ਸਿੰਘ ਦੇ ਦਿਮਾਗ ਵਿਚ ਕੁੱਝ ਨੁਕਸ ਸੀ। ਸਿਰ ਨੂੰ ਚੱਕਰ ਆਉਂਦੇ ਰਹਿੰਦੇ ਸਨ, ਮਨ ਵਿਚ ਬੇਨਤੀਆਂ ਕਰਦਾ

'ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥

ਮਹਾਰਾਜ ਨੇ ਕਰਮ ਸਿੰਘ ਦੇ ਅੰਦਰਲੇ ਫੁਰਨੇ ਨੂੰ ਬੁੱਝ ਕੇ ਸਿਰ ਤੋਂ ਪੱਗ ਲੁਹਾ ਕੇ ਕੇਸ ਪਿੱਛੇ ਨੂੰ ਸਿਟਾਏ ਨਾਲ ਹੀ ਹੁਕਮ ਕੀਤਾ, "ਸਿੱਖਾ! ਕਦੇ ਬਾਹਰ ਉਜਾੜ ਵਿਚ ਜਾ ਕੇ ਕੇਸ ਖਿਲਾਰ ਕੇ ਫਿਰ ਲਈਦਾ ਹੈ।" ਬਿਮਾਰੀ ਉਸੇ ਹੀ ਪਲ ਵਿਚ ਦੂਰ ਕਰ ਦਿੱਤੀ। ਜਦੋਂ ਮਿਹਰ ਭਰੀਆਂ ਨਜ਼ਰਾਂ ਨਾਲ ਕਰਮ ਸਿੰਘ ਵੱਲ੍ਹ ਤੱਕਿਆ ਸੀ। ਕਰਮ ਸਿੰਘ ਨੂੰ ਬਾਹਰ ਤੋਰ ਕੇ ਕੁੰਡਾ ਕਰਤਾਰ ਸਿੰਘ ਤੋਂ ਲਵਾ ਦਿੱਤਾ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਇਕ ਥਾਣੇਦਾਰ ਨਾਲ ਹੋਈ

ਇਕ ਥਾਣੇਦਾਰ ਜ਼ਿਲ੍ਹਾ ਲੁਧਿਆਣਾ ਰਾਪੁਰ ਗੁੱਜਰਵਾਲ ਦੇ ਪਿੰਡਾਂ ਦਾ ਸੀ। ਘਰ ਔਲਾਦ ਨਾ ਹੋਣ ਦੇ ਕਾਰਨ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕੀਤੀ ੫੦੦ ਰੁਪਏ ਦੀ ਸੁੱਖਣਾ ਸੁੱਖੀ, ਅਰਦਾਸ ਗੁਰੂ ਘਰ ਸੁਣੀ ਗਈ। ਘਰ ਪੁੱਤਰ ਪੈਦਾ ਹੋਇਆ। ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਸੁੱਖੀ ਹੋਈ ਸੁੱਖਣਾ ਦਾ ੫੦੦ ਰੁਪਿਆ ਚਾਂਦੀ ਦਾ ਪਿੰਡ ਮਜਾਰੇ ਮਹਾਂਬਲੀ ਪੀਰਾਂ ਦੇ ਪੀਰ ਕੁਤਬਾਂ ਦੇ ਮਾਲਿਕ ਦੇ ਚਰਨਾਂ ਵਿਚ ਆਣ ਪਹੁੰਚਾ। ਮਹਾਰਾਜ ਜੀ ਪਿੰਡ ਮਜਾਰੇ ਫੱਗੂ ਦੇ ਚੁਬਾਰੇ ਬੈਠੇ ਸਨ, ਉਸ ਥਾਣੇਦਾਰ ਨੇ ੫੦੦ ਰੁਪਿਆ ਸਤਿਗੁਰਾਂ ਦੇ ਚਰਨਾਂ ਵਿਚ ਢੇਰੀ ਕਰ ਦਿੱਤਾ। ਸਲਾਮ ਕਰਕੇ ਪਿੱਛੇ ਹੱਟ ਕੇ ਬੈਠ ਗਿਆ। ਮਹਾਰਾਜ ਇੰਨੇ ਥਰਕਤੀ ਸਨ, ਮੁੱਠਾਂ ਭਰ ਭਰ ਕੇ ਸੁੱਟ ਦਿੱਤੇ। ਸਾਰਾ ਹੀ ਧਨ ਬੱਚਿਆਂ ਨੂੰ ਲੁਟਾ ਦਿੱਤਾ। ਉਸ ਗੁਰੂ ਸਿੱਖ ਨੂੰ ਘਰ ਜਾਣ ਦਾ ਹੁਕਮ ਦਿੱਤਾ। ਜੇ ਕੋਈ ਵਸਤਰ ਲੈ ਕੇ ਆਵੇ, ਉਹ ਵੀ ਗਰੀਬਾਂ ਨੂੰ ਹੀ ਚੁਕਾ ਦਿੰਦੇ ਸਨ। ਇਕ ਵਾਰ ਦੀ ਗੱਲ ਹੈ ਮਹਾਰਾਜ ਜੀ ਕਰਤਾਰ ਸਿੰਘ ਦੇ ਘਰ ਸੱਤ ਦਿਨ ਅੰਦਰ ਰਹੇ। ਬੂਹਾ ਖੋਲ੍ਹਿਆ। ਤਾਕੀ ਰਾਹੀਂ ਸੰਗਤ ਭੇਟਾ ਅੰਦਰ ਸੁੱਟੀ ਗਈ ਸੱਤਵੇਂ ਦਿਨ ਰਾਤ ਨੂੰ ਦਰਵਾਜਾ ਖੋਲ੍ਹ ਕੇ ਸਾਰਾ ਪਦਾਰਥ ਚੜ੍ਹਾਵੇ ਦਾ ਚੜ੍ਹਿਆ ਹੋਇਆ ਕਰਤਾਰ ਸਿੰਘ ਕੋਲੋਂ ਬ੍ਰਾਹਮਣਾਂ ਦੇ ਘਰ ਭਿਜਵਾ ਦਿੱਤਾ। ਕਰਤਾਰ ਸਿੰਘ ਨੇ ਦੱਸਿਆ ਬਾਈ ਪਰਾਤਾਂ ਜਿਨ੍ਹਾਂ ਵਿਚ ਲੱਡੂ, ਪੇੜੇ, ਪਤਾਸੇ, ਫਲ, ਰੁਪਏ, ਪੈਸੇ ਸਨ। ਇੰਨਾਂ ਪਦਾਰਥ ਹਰ

ਰੋਜ਼ ਸੰਗਤਾਂ ਵਲੋਂ ਚੜ੍ਹਦਾ ਸੀ। ਇੱਕ ਦਿਨ ਇੱਕ ਸੇਵਾਦਾਰ ਇਕ ਘਿਉ ਦੀ ਚਾਟੀ ਭਰੀ ਹੋਈ ਲਿਆਇਆ। ਇਕ ਮਜਾਰੇ ਦਾ ਮੁੰਡਾ ਦਰਸ਼ਨਾਂ ਨੂੰ ਆਇਆ, ਉਸਨੂੰ ਘਿਉ ਦੀ ਭਰੀ ਹੋਈ ਚਾਟੀ ਬ੍ਰਾਹਮਣਾਂ ਦੇ ਘਰ ਦੇ ਆਉਣ ਦਾ ਹੁਕਮ ਕੀਤਾ। ਉਹ ਮੁੰਡਾ ਘਿਓ ਦੇਖਕੇ ਬ੍ਰਾਹਮਣਾਂ ਦੇ ਘਰ ਨਾ ਗਿਆ ਇਕ ਕੁੱਬਿਆਂ ਦੀ ਕੋਠੜੀ ਬਾਲਣ ਵਾਲੀ ਸੀ, ਉਸ ਵਿਚ ਰੱਖ ਕੇ ਆ ਕੇ ਮਹਾਰਾਜ ਜੀ ਨੂੰ ਆਖਣ ਲੱਗਾ "ਹਜ਼ੂਰ! ਮੈਂ ਬ੍ਰਾਹਮਣਾਂ ਦੇ ਘਰ ਘਿਉ ਦੇ ਆਇਆ ਹਾਂ।" ਅੰਤਰਯਾਮੀ ਨੇ ਆਖਿਆ, "ਕਰਤਾਰ! ਦੇਖ ਤਾਂ ਕੁੱਬਿਆਂ ਦੀ ਬਾਲਣ ਵਾਲੀ ਕੋਠੜੀ ਵਿਚ ਕੁੱਝ ਹੈ ਤਾਂ ਨਹੀਂ?" ਜਦੋਂ ਇੰਨਾ ਆਖਿਆ ਤਾਂ ਮੁੰਡਾ ਹੱਥ ਬੰਨ੍ਹਕੇ ਬੇਨਤੀਆਂ ਕਰਨ ਲੱਗਾ, "ਮਹਾਰਾਜ! ਮੈਂ ਭੁੱਲ ਗਿਆ। ਤੁਹਾਡੇ ਕੋਲੋਂ ਕੋਈ ਚੀਜ ਨਹੀਂ ਲੁਕੀ ਹੋਈ।" ਕਰਤਾਰ ਸਿੰਘ ਨੂੰ ਆਖਣ ਲੱਗੇ, "ਕਰਤਾਰ ਸਿੰਘ! ਘਿਓ ਦੀ ਚਾਟੀ ਬ੍ਰਾਹਮਣਾਂ ਦੇ ਘਰ ਦੇ ਆਓ।" ਉਹ ਚਾਟੀ ਚੁੱਕ ਕੇ ਬ੍ਰਾਹਮਣਾਂ ਦੇ ਘਰ ਦੇ ਆਇਆ। ਇਹੋ ਜਿਹੀਆਂ ਬੇਅੰਤ ਲਿਖਣਯੋਗ ਕਹਾਣੀਆਂ ਹਨ, ਗਰੰਥ ਜ਼ਿਆਦਾ ਵਧਣ ਦੇ ਡਰ ਨਾਲ ਸੰਕੋਚ ਨਾਲ ਲਿਖ ਰਹੇ ਹਾਂ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਹਜਾਰਾ ਸਿੰਘ ਰਸੂਲਪੁਰੀਏ ਦੀ ਚੱਲੀ

ਹਜਾਰਾ ਸਿੰਘ ਰਸੂਲਪੁਰ ਜਾਤ ਜੱਟ ਇਹ ਸੰਨ 1927 ਵਿਚ ਫੌਜ ਵਿਚ ਭਰਤੀ ਹੋਇਆ। ਪੰਜ ਸਾਲ ਭਰਤੀ ਹੋਏ ਨੂੰ ਹੋਏ ਇਕ ਦਿਨ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਫੌਜ ਵਿਚ ਹੀ ਜਾ ਦਰਸ਼ਨ ਦਿੱਤੇ। ਹੁਕਮ ਕੀਤਾ, "ਹਜਾਰਾ! ਤੇਰਾ ਨਾਂ ਅਸੀਂ ਫੌਜ ਵਿਚੋਂ ਕੱਟ ਦਿੱਤਾ ਹੈ, ਤੂੰ ਸਾਡੇ ਕੋਲ ਆ ਜਾ।" ਇੰਨਾ ਬੋਲ ਆਖਕੇ ਪਤਾ ਨਹੀਂ ਇਕ ਪਲ ਵਿਚ ਕਿਧਰ ਬਿਜਲੀ ਦੇ ਲਿਸ਼ਕਾਰੇ ਵਾਂਗ ਝਲਕ ਦੇ ਕੇ ਅਲੋਪ ਹੋ ਗਏ। ਕੋਈ ਅਨੋਖਾ ਹੀ ਰੰਗ ਦੇ ਗਏ। ਉਹ ਗੋਬੀ ਝਲਕ ਸੀ, ਮਨ ਵਿਚ ਸਰੂਰ ਰਹਿਣ ਲੱਗਾ। ਹੁਣ ਹੋਰ ਕਿਸੇ ਦੀ ਨੌਕਰੀ ਕਰਨ ਨੂੰ ਦਿਲ ਨਹੀਂ ਕਰਦਾ। ਬੇਮੁਹਤਾਜਗੀ ਨੇ ਅੰਦਰ ਡੇਰੇ ਲਾ ਲਏ। ਪ੍ਰੇਮ ਦਾ ਤੀਰ ਵੱਜਿਆ, ਹੁਣ ਵੱਡੇ ਸਾਹਿਬ ਦੀ ਨੌਕਰੀ ਹੀ ਕਰਾਂਗਾ। ਝੂਠੇ

ਸਾਹਿਬ ਦਾ ਹੁਕਮ ਨਹੀਂ ਮੰਨਾਂਗਾ। ਕੁੱਝ ਦਿਨ ਹੋਏ ਇਸੇ ਹੀ ਤਰਾਂ ਪਿਆ ਰਿਹਾ ਡਿਊਟੀ ਤੇ ਨਾ ਗਿਆ। ਪੇਸ਼ੀ ਹੋਈ ਕਿਤਿਉਂ ਵੀ ਨਾਮ ਨਾ ਨਿਕਲਿਆ। ਸਦਾ ਲਈ ਛੁੱਟੀਆਂ ਮਿਲ ਗਈਆਂ। ਘਰ ਆ ਕੇ ਵੀ ਕੋਈ ਕੰਮ ਕਾਜ ਨਹੀਂ ਕੀਤਾ, ਦੇਸ਼ ਭਗਤ ਬਣਨ ਲੱਗਾ। ਉਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ ਚੱਲੀ ਸੀ। ਭਾਈ ਹਜਾਰਾ ਸਿੰਘ ਵੀ ਇੱਧਰ ਚੰਗਾ ਹਿੱਸਾ ਲੈਣ ਲੱਗਾ। ਇਕ ਗਰੁੱਪ ਤਿੰਨਾਂ ਚੌਹਾਂ ਬੰਦਿਆਂ ਦਾ ਬਣਾ ਕੇ ਭੈਣੀ ਸਾਹਿਬ ਗਏ। ਨਾਮਧਾਰੀਆਂ ਦਾ ਡੇਰਾ ਜਾ ਦੇਖਿਆ, ਆਪਦੇ ਚਿੱਤੋਂ ਦੇਖਣ ਗਏ ਕੀ ਮਾਹੌਲ ਹੈ ਇਨ੍ਹਾਂ ਲੋਕਾਂ ਦਾ? ਭੈਣੀ ਸਾਹਿਬ ਤੋਂ ਬਿਆਸਾ ਗਏ। ਫਿਰ ਇਸੇ ਹੀ ਖਿਆਲ ਨਾਲ ਪਿੰਡ ਮਜਾਰੇ ਰਾਜਾ ਸਾਹਿਬ ਜੀ ਦੇ ਆਏ। ਕਰਮ ਸਿੰਘ, ਨਿਧਾਨ ਸਿੰਘ, ਹਜਾਰਾ ਸਿੰਘ ਇਹ ਤਿੰਨ ਬੰਦੇ ਬੰਗਿਆਂ ਗੱਡੀ ਤੋਂ ਉੱਤਰ ਕੇ ਸਿੱਧੇ ਮਜਾਰੇ ਆਏ। ਅੱਗੇ ਮਹਾਰਾਜ ਜੀ ਕਿਰਪੇ ਦੇ ਚੁਬਾਰੇ ਵਿਚ ਬੈਠੇ ਸਨ, ਸੰਗਤ ਕੀਰਤਨ ਕਰ ਰਹੀ ਸੀ। ਕਾਫ਼ੀ ਭੀੜ ਸੰਗਤ ਦੀ ਬਣੀ ਹੋਈ ਸੀ। ਸੰਗਤ ਨੂੰ ਚੀਰ ਕੇ ਅੱਗੇ ਹੋ ਕੇ ਨਮਸਕਾਰ ਕੀਤੀ, ਹਜਾਰਾ ਸਿੰਘ ਨੂੰ ਮਹਾਰਾਜ ਨੇ ਆਖਿਆ, "ਹਜਾਰਾ! ਤੂੰ ਤਾਂ ਮੇਰਾ ਹੀਰਾ ਸਿੱਖ ਹੈਂ, ਨੱਥੂ, ਫੱਤੂ ਦਿਆਂ ਕਿਧਰੋਂ ਆਇਆ ਹੈਂ।" ਨੱਥੂ ਫੱਤੂ ਇਸਦੇ ਵਡਾਰੂ ਸਨ। ਜਦੋਂ ਆਉਂਦੇ ਦਾ ਨਾਮ ਲੈ ਕੇ ਇਨ੍ਹਾਂ ਦੇ ਵਡਾਰੂਆਂ ਦੇ ਨਾਂ ਲਏ ਤਾਂ ਹਜਾਰਾ ਸਿੰਘ ਹੈਰਾਨ ਹੋਇਆ। ਸਾਰੀ ਪਾਣ ਉੱਤਰ ਗਈ, ਜਿਹੜੀ ਸਾਧੂਆਂ ਤੋਂ ਖਿਲਾਫ਼ ਦੂਜੀ ਪਾਰਟੀ ਨੇ ਪੈਦਾ ਕੀਤੀ ਹੋਈ ਸੀ। ਹੰਕਾਰ ਦਾ ਬੁੱਤ ਢਹਿ ਗਿਆ। ਮਹਾਰਾਜ ਕਹਿਣ ਲੱਗੇ, "ਫੌਜ ਵਿਚੋਂ ਤੈਨੂੰ ਕੌਣ ਲਿਆਇਆ ਹੈ? ਕਦੇ ਬਿਆਸਾ ਵਾਲਿਆਂ ਨੂੰ ਪਰਖਦਾ ਫਿਰਦਾ ਹੈਂ ਕਦੇ ਭੈਣੀ ਸਾਹਿਬ ਵਾਲਿਆਂ ਦੀਆਂ ਪਰਖਾਂ ਕਰਦਾ ਫਿਰਦਾ ਹੈ? ਅੱਗੇ ਤੈਨੂੰ ਬੰਨ੍ਹਣੇ ਵਾਲਾ ਕੋਈ ਨਹੀਂ ਮਿਲਿਆ, ਹੁਣ ਨਹੀਂ ਜਾ ਸਕੇਂਗਾ।" ਹਜਾਰਾ ਸਿੰਘ ਕਾਫ਼ੀ ਢਿੱਲਾ ਹੋ ਗਿਆ। ਹਜਾਰਾ ਸਿੰਘ ਨੂੰ ਅੱਖਾਂ ਤੋਂ ਦਿਸਣੋਂ ਬੰਦ ਹੋ ਗਿਆ। ਰਾਮਸਰ ਟੋਭੇ ਵਿਚ ਜਾ ਵੜਿਆ, ਨਾਲ ਦੇ ਬੰਦਿਆਂ ਨੇ ਫੜਕੇ ਬਾਹਰ ਕੱਢਿਆ। ਹਸਪਤਾਲ ਗਏ, ਕਾਫ਼ੀ ਟੱਕਰਾਂ ਮਾਰੀਆਂ, ਮੋਗੇ ਤਕ ਇਲਾਜ ਕਰਾਇਆ ਕਿਤੇ ਵੀ ਅੱਖਾਂ ਨਾ ਬਣੀਆਂ, ਫਿਰ ਮਜਾਰੇ ਠੋਕਰਾਂ ਖਾਂਦਾ ਹੋਇਆ ਮੁੜਕੇ ਆਇਆ। ਪਿੰਡ ਆਕੇ ਮਹਾਰਾਜ ਜੀ ਦਾ ਪਤਾ ਕੀਤਾ। ਪਤਾ ਕਰਨ ਤੋਂ ਪਤਾ ਲੱਗਾ ਆਪ ਜੀ ਪਿੰਡ

ਗੁਣਾਚੌਰ ਦੇ ਖੇਤਾਂ ਵਿਚ ਹੀ ਬੈਠੇ ਹਨ। ਪੁੱਛਦਾ-ਪੁੱਛਦਾ ਜਿਸ ਥਾਂ ਦਾ ਪੀਰ ਬੈਠਾ ਸੀ, ਆਪਜੀ ਮਿਰਚਾਂ ਦੀ ਕਿਆਰੀ ਵਿਚ ਬੈਠੇ ਸਨ। ਹਜਾਰਾ ਸਿੰਘ ਬਹੁਤ ਬੇਨਤੀਆਂ ਕਰਨ ਲੱਗਾ ਕਿ "ਸਤਿਗੁਰੂ! ਮੈਂ ਆਪਦੀ ਗਤੀ ਨੂੰ ਨਹੀਂ ਸੀ ਜਾਣਦਾ, ਮੈਨੂੰ ਬਖਸ਼ੋ।" ਸਤਿਗੁਰੂ ਮਿਹਰਬਾਨ ਜੀ ਨੇ ਦੋ ਮਿਰਚਾਂ ਤੋੜ ਕੇ ਭਗਵਾਨ ਸਿੰਘ ਦੇ ਹੱਥ ਤੇ ਰੱਖੀਆਂ, "ਕਾਕਾ! ਜਾਉ ਕਿਸੇ ਦੇ ਘਰ ਜਾਕੇ ਘਿਉ ਵਿਚ ਦੋਵੇਂ ਮਿਰਚਾਂ ਰਗੜ ਕੇ ਦੋ-ਦੋ ਸਲਾਈਆਂ ਅੱਖਾਂ ਵਿਚ ਪਾ ਲਈਂ।" ਹਜਾਰਾ ਸਿੰਘ ਨੇ ਜੱਸੀ ਦੇ ਘਰ ਜਾ ਕੇ ਮਿਰਚਾਂ ਰਗੜ ਕੇ ਘਿਓ ਵਿਚ ਮਿਲਾ ਕੇ ਦੋ ਦੋ ਸਲਾਈਆਂ ਅੱਖਾ ਵਿਚ ਪਾਈਆਂ ਬੱਸ ਉਸੇ ਵੇਲੇ ਚਸ਼ਮੇਂ ਕੰਮ ਕਰਨ ਲੱਗੇ। ਪਹਿਲਾਂ ਵਾਂਗ ਫਿਰ ਦਿਸਣ ਲੱਗ ਪਿਆ। ਇਹ ਭਾਈ ਹਜਾਰਾ ਸਿੰਘ ਹੁਣ ਸਾਧੂ ਰੂਪ ਵਿਚ ਮਹਾਰਾਜ ਜੀ ਦੇ ਹੁਕਮ ਅਨੁਸਾਰ ਪਿੰਡ ਕਰਨਾਣੇ ਮੀਆਂ ਸਾਹਿਬ ਦੀ ਜਗ੍ਹਾ ਤੇ ਰਹਿੰਦਾ ਹੈ। ਇਸੇ ਤਰਾਂ ਪਿੰਡ ਝਿਗੜਾਂ ਤੋਂ ਸਰਵਣ ਸਿੰਘ ਦੀ ਅੱਖ ਵਿਚ ਪੱਥਰ ਲੱਗਾ। ਡੇਲੇ ਨੂੰ ਗਾਲਾ ਪੈ ਗਿਆ ਦਿੱਲੀ ਵਿਚ ਜਾ ਕੇ ਇਲਾਜ ਕਰਵਾਇਆ, ਅੱਖ ਠੀਕ ਨਾ ਹੋਵੇ। ਇਕ ਦਿਨ ਪਿੰਡ ਮਜਾਰੇ ਮਹਾਂ ਕੌਰ ਨਾਲ ਰਾਜਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ, ਮਹਾਂਕੌਰ ਨੇ ਕਿਹਾ, "ਜੀ! ਮੇਰੇ ਬੱਚੇ ਦੀ ਅੱਖ ਰਾਜ਼ੀ ਨਹੀਂ ਹੁੰਦੀ, ਦੂਜੀ ਅੱਖ ਮਰ ਜਾਣ ਦਾ ਵੀ ਖਤਰਾ ਹੈ।" ਜਿਸ ਘਰ ਬੈਠੇ ਸਨ ਉਸੇ ਹੀ ਘਰੋਂ ਇਕ ਬੁੱਢੀ ਕੋਲੋਂ ਸੁਰਮੇ ਦੀ ਸਲਾਈ ਲੈ ਕੇ ਅੱਖਾਂ ਵਿਚ ਪਾਈ। ਇਕ ਸਲਾਈ ਪਾਉਣ ਨਾਲ ਹੀ ਅੱਖ ਠੀਕ ਬਣ ਗਈ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਹੋਰ ਚੱਲੀ

ਮਹਾਰਾਜ ਜੀ ਥੋੜ੍ਹਾ-ਥੋੜ੍ਹਾ ਹੀ ਦਾਨ ਕਰਵ੍ਹਾਕੇ ਬਹੁਤ ਸਾਰੇ ਸੰਕਟਾਂ ਤੋਂ ਜੀਵਾਂ ਨੂੰ ਬਚਾਉਂਦੇ ਰਹਿੰਦੇ ਸਨ। ਇਕ ਵਾਰੀ ਇਕ ਮਾਈ ਆਪਣੇ ਪਤੀ ਨੂੰ ਨਾਲ ਲੈ ਕੇ ਆਈ। ਜੋ ਕਾਫ਼ੀ ਚਿਰ ਤੋਂ ਬਿਮਾਰ ਰਹਿੰਦਾ ਸੀ। ਮਹਾਰਾਜ ਜੀ ਦੇ ਚਰਨਾਂ ਵਿਚ ਆ ਕੇ ਬੇਨਤੀਆਂ ਕੀਤੀਆਂ। ਇੰਨੇ ਚਿਰ ਨੂੰ ਝਿਗੜਾਂ ਵਾਲਾ

ਊਧਮ ਸਿੰਘ ਦਰਸ਼ਨ ਨੂੰ ਆਇਆ। ਉਸ ਰੋਗੀ ਪਤੀ ਦੀ ਪਤਨੀ ਨੂੰ ਮਹਾਰਾਜ ਜੀ ਨੇ ਆਖਿਆ, "ਲੈ! ਇਸ ਸਿੱਖ ਨੂੰ ਘਰ ਲੈ ਜਾਉ ਤੇ ਦੁੱਧ ਪਿਲਾਉ ਤੇਰਾ ਪਤੀ ਰਾਜ਼ੀ ਹੋ ਜਾਵੇਗਾ। ਬਾਂਹ ਫੜਕੇ ਲੈ ਜਾਉ।" ਉਹ ਔਰਤ ਊਧਮ ਸਿੰਘ ਦੀ ਬਾਂਹ ਫੜਨ ਤੋਂ ਸੰਗੇ। ਮਹਾਰਾਜ ਕਹਿੰਦੇ, "ਸੰਗੀਦਾ ਨਹੀਂ ਪ੍ਰੇਮ ਨਾਲ ਇਸਦੀ ਬਾਂਹ ਫੜਕੇ ਘਰ ਲਿਜਾ ਕੇ ਦੁੱਧ ਪਿਲਾਉ।" ਊਧਮ ਸਿੰਘ ਨੂੰ ਘਰ ਲਿਜਾ ਕੇ ਦੁੱਧ ਪਿਲਾਇਆ ਉਸੇ ਹੀ ਦਿਨ ਤੋਂ ਉਹ ਬਿਮਾਰ ਬੰਦਾ ਰਾਜ਼ੀ ਹੋ ਗਿਆ। ਇਸੇ ਤਰਾਂ ਇਕ ਦਿਨ ਦੌਲੇ ਦੀ ਕਰਮੀ ਦਰਸ਼ਨ ਨੂੰ ਆਈ। ਸਰਕਾਰ ਵਲੋਂ ਹੁਕਮ ਹੋਇਆ ਕਰਮੀ ਵੀਹ ਦਿਨ ਲਾਲਾ ਦੇ ਨਾਂ ਦਾ ਦੁੱਧ ਕਿਸੇ ਨੂੰ ਪਿਲਾਓ। ਕਰਮੀ ਕਹਿੰਦੀ ਜੀ ਜਿਸ ਨੂੰ ਹੁਕਮ ਦੇਵੋਗੇ ਉਸਨੂੰ ਪਿਲਾ ਦਿਆ ਕਰਾਂਗੀ। ਜਿਸ ਘਰ ਆਪ ਰਹਿੰਦੇ ਸਨ ਉਸ ਦੇ ਵਿਹੜੇ ਵਿਚ ਇਕ ਥਾਂ ਲਹਿੰਦੇ ਪਾਸੇ ਸੀ ਉਸ ਥਾਂ ਆਮ ਸੰਗਤਾਂ ਕਲੋਂ ਕੜਾਹ ਪਰਸ਼ਾਦ ਚੜ੍ਹਾਉਂਦੇ ਰਹਿੰਦੇ, ਭੁੰਵੇ ਹੀ ਡੁਲ੍ਹਾ ਦਿੰਦੇ। ਭਾਵੇਂ ਸਾਰਾ ਦਿਨ ਉੱਥੇ ਦੁੱਧ ਪੁਆਈ ਜਾਣ ਦੁੱਧ ਦੀ ਧਾਰ ਬਾਹਰ ਨਹੀਂ ਸੀ ਵਗਦੀ। ਕਰਮੀ ਨੂੰ ਉਸੇ ਥਾਂ ਦੁੱਧ ਪਾਉਣ ਦਾ ਹੁਕਮ ਦਿੱਤਾ। ਵੀਹਵੇਂ ਦਿਨ ਦਾ ਕਰਮੀ ਦੁੱਧ ਪਾ ਰਹੀ ਸੀ, ਇਕ ਬੁੱਢੀ ਕਹਿੰਦੀ, "ਹਾਅ! ਹਾਅ! ਮਾਈ ਭੁੰਵੇ ਦੁੱਧ ਕਿਉਂ ਡੋਲ੍ਹੀ ਜਾ ਰਹੀ ਹੈਂ?" ਮਹਾਰਾਜ ਕੋਠੜੀ ਵਿਚ ਬੈਠੇ ਬੋਲੇ, "ਕਰਮੀਏ! ਇਹ ਬੁੱਢੀ ਕੀ ਕਹਿੰਦੀ ਹੈ? ਇਸਨੂੰ ਬਾਹਰ ਕੱਢ ਸਾਰਾ ਬਣਿਆ ਹੋਇਆ ਕੰਮ ਖਰਾਬ ਕਰ ਦਿੱਤਾ। ਸੱਤ ਦਿਨ ਹੋਰ ਪਾਓ।" ਕਰਮੀ ਦੇ ਕੁੱਝ ਮਾਲ ਪਸ਼ੂਆਂ ਤੇ ਸੰਕਟ ਸੀ ਵੀਹ ਦਿਨ ਦੁੱਧ ਪੁਆਕੇ ਉਹ ਅਲਾਮਤ ਦੂਰ ਕੀਤੀ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਦੀਵਾਨ ਸਿੰਘ ਗੋਬਿੰਦਪੁਰੀਏ ਨੂੰ ਪੁਰੀਆਂ ਦੇ ਦਰਸ਼ਨ ਕਰਾਉਣ ਦੀ ਚੱਲੀ

ਇਕ ਦਿਨ ਮਹਾਰਾਜ ਪਿੰਡ ਮਜਾਰੇ ਦਾਸ ਦੇ ਘਰ ਬੈਠੇ ਸਨ। ਸੋਹਣੇ ਪ੍ਰੀਤਮ ਦਾ ਰੋਮ ਰੋਮ ਨੂਰ ਦੀਆਂ ਝਲਕਾਂ ਮਾਰਦਾ ਸੀ। ਉਸ ਸਮੇਂ ਆਪ ਜੀ ਦੇ ਚਿਹਰੇ ਤੇ ਇੰਨਾਂ ਰੰਗ ਸੀ। ਕਿ ਤਾਬ ਝੱਲੀ ਨਹੀਂ ਸੀ ਜਾਂਦੀ। ਕੋਟਾਂ ਸੂਰਜਾਂ

ਦਾ ਚਿਹਰੇ ਤੇ ਪ੍ਰਕਾਸ਼ ਸੀ। ਚੌਧਵੀਂ ਦੇ ਚੰਦ ਵਾਂਗ ਅੰਮ੍ਰਿਤ ਭਰੀਆਂ ਕਿਰਨਾਂ ਸੀਤਲਤਾ ਬਖਸ਼ ਰਹੀਆਂ ਸਨ। ਦੀਵਾਨ ਸਿੰਘ ਪਿੰਡ ਗੋਬਿੰਦਪੁਰ ਤੋਂ ਭਾਈ ਜਵਾਹਰ ਸਿੰਘ ਦੇ ਖਾਨਦਾਨ ਵਿਚੋਂ ਦਰਸ਼ਨ ਨੂੰ ਆਇਆ। ਬਹੁਤ ਪ੍ਰੇਮ ਨਾਲ ਨਮਸਕਾਰ ਕੀਤੀ। ਸਤਿਗੁਰਾਂ ਦੇ ਚਰਨਾਂ ਵਿਚ ਬੈਠ ਗਿਆ। ਮਹਾਰਾਜ ਜੀ ਆਪ ਜੀ ਦੇ ਮੁਰਸ਼ਿਦ ਦੀ ਕੁਲ ਵਿਚ ਸਮਝ ਕੇ ਮਿਹਰਾਂ ਦੀ ਨਜ਼ਰ ਨਾਲ ਤੱਕ ਕੇ ਬੋਲੇ, "ਦੀਵਾਨ ਸਿੰਘ! ਕਦੀ ਦਰਗਾਹ ਦੇਖੀ ਹੈ।" ਦੀਵਾਨ ਸਿੰਘ ਕਹਿੰਦਾ, "ਜੀ! ਸਾਡੀ ਨਜ਼ਰ ਦਰਗਾਹ ਤੱਕ ਕਿੱਥੇ ਜਾਂਦੀ ਹੈ? ਜੇ ਆਪਦੀ ਮਿਹਰ ਹੋਵੇ ਤਾਂ ਦੂਰ ਵੀ ਨਹੀਂ ਹੈ, ਮਿਹਰ ਕਰੋ! ਗਰੀਬ ਦਾ ਬੇੜਾ ਪਾਰ ਕਰੋ ਜੀ!" ਦੀਵਾਨ ਸਿੰਘ ਆਪ ਜੀ ਦੇ ਪੰਘੂੜੇ ਨਾਲ ਬੈਠਾ ਸੀ। ਸਿਰ ਤੇ ਹੱਥ ਰੱਖਿਆ ਅੱਖਾਂ ਮਿਲ ਗਈਆਂ। ਦੀਵਾਨ ਸਿੰਘ ਨੂੰ ਤਿੰਨੇ ਲੋਕ ਨਜਰੀ ਆਉਣ ਲੱਗੇ, ਸਭ ਪੁਰੀਆਂ ਦੇ ਦਰਸ਼ਨ ਹੋਏ। ਉਸ ਗ਼ੈਬੀ ਮਹਿਲਾਂ ਦੀ ਝਾਤੀ ਵੀ ਪਈ ਗ਼ੈਬੀ ਮਹਿਲ ਦੇ ਮਾਲਿਕ ਦੀ ਸਰੂਪ ਦੀ ਝਲਕ ਐਸੀ ਦੇਖੀ

'ਕੈਸੀ ਦਿਆਂ ਮੈਂ ਨਸਾਨੀ ਨਾਂਹੀ ਵਿਚ ਦੋ ਜਹਾਨੀਂ,
ਐਸੀ ਸੂਰਤ ਲਾਸਾਨੀ ਦੇਖ ਹੋਏ ਬਨਜਾਰੇ ਹਾਂ।'

ਉਸ ਹੁਸਨ ਦੇ ਜ਼ਖੀਰੇ ਦੇ ਦਰਸ਼ਨ ਹੋਏ, ਜਿਸਦੀਆਂ ਕਿਰਨਾਂ ਸਾਰੇ ਸੰਸਾਰ ਨੂੰ ਜੀਅ ਦਾਨ ਬਖਸ਼ਦੀਆਂ ਹਨ, ਜਿਸਦਾ ਸਾਰੇ ਖੰਡਾਂ, ਬ੍ਰਹਿਮੰਡਾਂ, ਦੀਪਾਂ, ਲੋਆਂ ਵਿਚ ਪ੍ਰਕਾਸ਼ ਹੈ। ਉਸ ਕੋਟਾਂ ਬਿਜਲੀਆਂ ਵਰਗੇ ਚਮਕੀਲੇ ਪ੍ਰਕਾਸ਼ ਤੋਂ ਜਦੋਂ ਬਾਹਰ ਆਏ ਦੀਵਾਨ ਸਿੰਘ ਨੂੰ ਇਕ ਹਲੂਣਾ ਜਿਹਾ ਆਇਆ, ਅੱਖ ਖੁੱਲ੍ਹੀ ਤਾਂ ਕੀ ਦੇਖੇ ਭਗਤ ਰਾਜਾ ਸ਼ਾਹਿਬ ਦੇ ਚਰਨਾਂ ਵਿਚ ਬੈਠਾ ਹੈ। ਕਾਇਆ ਹੋਰ ਦੀ ਹੋਰ ਹੋ ਗਈ। ਸਾਰੇ ਦੇਖੇ ਨਜ਼ਾਰੇ ਅੱਖਾਂ ਅੱਗੇ ਫਿਰ ਰਹੇ ਸਨ। ਜ਼ੋਰੋ ਜ਼ੋਰੀ ਅੱਖਾਂ ਮਿਲਦੀਆਂ ਜਾਂਦੀਆਂ, ਸਾਰੇ ਦੁਨੀਆਂ ਦੇ ਰਿਸ਼ਤੇ ਮੈਲੇ-ਮੈਲੇ ਲੱਗਣ ਲੱਗੇ, ਪ੍ਰੇਮ ਦਾ ਜਾਮ ਪੀਤਾ। ਰਿਸ਼ਤੇ ਸਭ ਭੁੱਲ ਗਏ। ਗੁਰੂ ਸਿੱਖ ਦਾ ਪਿਆਰ ਸਭ ਰਿਸ਼ਤਿਆਂ ਨਾਲੋਂ ਗੂੜ੍ਹਾ ਪਿਆਰ ਹੈ। ਇਸਦਾ ਨਸ਼ਾ ਦਿਨ-ਬ-ਦਿਨ ਵਧਦਾ ਹੀ ਰਹਿੰਦਾ ਹੈ। 'ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤ' ਇਸ ਪ੍ਰੇਮ ਵਿਚ ਨਦੀਆਂ ਨਾਲੇ ਚੀਰੇ ਜਾ ਸਕਦੇ ਹਨ, ਇਸੇ ਹੀ ਰੰਗ

ਵਿਚ ਸੂਲੀਆਂ ਤੇ ਝੂਟੇ ਲਏ ਜਾ ਸਕਦੇ ਹਨ। ਇਸੇ ਹੀ ਰੰਗ ਵਿਚ ਪੁੱਠੀਆਂ ਖੱਲਾਂ ਲੁਹਾਈਆਂ ਜਾ ਸਕਦੀਆਂ ਹਨ। ਇਸੇ ਹੀ ਰੰਗ ਵਿਚ ਚਰਖੜੀਆਂ ਤੇ ਚੜ੍ਹਕੇ ਬੰਦ-ਬੰਦ ਕਟਵਾਏ ਜਾ ਸਕਦੇ ਹਨ। ਇਸੇ ਹੀ ਰੰਗਣ ਨਾਲ ਉਬਲਦੀਆਂ ਦੇਗਾਂ ਵਿਚ ਚੌਂਕੜੇ ਲਾਏ ਜਾ ਸਕਦੇ ਸਨ। ਇਸੇ ਪ੍ਰੇਮ ਵਿਚ ਕੱਚੇ ਘੜੇ ਤੇ ਝਨਾਂ ਵਿਚ ਤਾਰੀਆਂ ਲਾਈਆਂ ਜਾ ਸਕਦੀਆਂ ਹਨ, ਇਸੇ ਹੀ ਰੰਗ ਵਿਚ ਸੱਸੀ ਵਰਗੀਆਂ ਮਾਰੂਥਲਾਂ ਵਿਚ ਸੜ ਕੇ ਮਰ ਗਈਆਂ ਸਨ। ਹੀਰ ਵਰਗੀਆਂ ਨਾਜ਼ੁਕ ਸੂਰਤਾਂ ਛਮਕਾਂ ਦੀ ਮਾਰ ਖਾਂਦੀਆਂ ਸਨ। ਐਸਾ ਰੰਗ ਭਾਈ ਦੀਵਾਨ ਸਿੰਘ ਜੀ ਨੂੰ ਸਤਿਗੁਰਾਂ ਬਖਸ਼ਿਆ ਤੇ ਘਰ ਵੱਲ੍ਹ ਤੋਰ ਦਿੱਤਾ। ਦੀਵਾਨ ਸਿੰਘ ਨੂੰ ਤੋਰਕੇ ਮਹਾਰਾਜ ਜੀ ਨੇ ਚਿੰਤੀ ਕੋਲੋਂ ਬਾਹਰਲਾ ਜੰਦਰਾ ਲੁਆ ਕੇ ਨਾਲ ਹੀ ਹੁਕਮ ਕੀਤਾ, "ਸਾਡੀ ਇਜਾਜ਼ਤ ਤੋਂ ਬਿਨਾਂ ਜੰਦਰਾ ਖੋਹਲਣਾ ਨਹੀਂ।" ਚਿੰਤੀ ਨੇ ਜੰਦਰਾ ਲਾ ਦਿੱਤਾ, ਸੰਗਤ ਬੂਹੇ ਮੋਹਰੇ ਸਲਾਮ ਕਰਕੇ ਮੁੜਦੀ ਗਈ। ਇੰਨੇ ਚਿਰ ਨੂੰ ਦੋ ਸਿੱਖ ਖਾਨਖਾਨਾਂ ਦੇ ਦਰਸ਼ਨ ਨੂੰ ਆਏ। ਤਾਲਾ ਲੱਗਿਆ ਹੋਇਆ ਦੇਖਕੇ ਚਿੰਤੀ ਨੂੰ ਆਖਿਆ ਜਿੰਦਰਾ ਖੋਲ੍ਹ ਕੇ ਸਾਨੂੰ ਦਰਸ਼ਨ ਕਰਵਾਉ। ਚਿੰਤੀ ਕਹਿੰਦੀ ਜੀ ਹੁਕਮ ਤੋਂ ਬਿਨਾਂ ਜਿੰਦਰਾ ਨਹੀਂ ਖੋਲ੍ਹਿਆ ਜਾਵੇਗਾ। ਦੋਵੇਂ ਖਾਨਖਾਨਾਂ ਵਾਲੇ ਬੰਦੇ ਮਾਈ ਨਾਲ ਲੜ ਪਏ ਕਹਿੰਦੇ ਤੁਸੀਂ ਮਜਾਰੇ ਦੇ ਲੋਕ ਮਸ਼ਾਜ ਕਰਦੇ ਹੋ। ਚਿੰਤੀ ਨੇ ਜੰਦਰਾ ਖੋਲ ਦਿੱਤਾ। ਜਦੋਂ ਅੰਦਰ ਦੇਖਣ ਤਾਂ ਅੰਦਰ ਕੁੱਝ ਵੀ ਨਾ। ਇਹ ਕੌਤਕ ਦੇਖ ਕੇ ਲੋਕ ਬਹੁਤ ਹੈਰਾਨ ਹੋਏ ਭੈਅ ਵੀ ਬਹੁਤ ਕੀਤਾ। ਚਿੰਤੀ ਡਰਦੀ ਨੇ ਉਸੇ ਵੇਲੇ ਜੰਦਰਾ ਮਾਰ ਦਿੱਤਾ, ਇਹੋ ਜਿਹੇ ਕੌਤਕ ਬਹੁਤ ਵਾਰੀ ਆਪ ਜੀ ਦੇ ਦੇਖੇ ਗਏ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਗਣੇਸ਼ੇ ਨੂੰ ਪੁੱਤਰ ਦੀ ਬਖਸ਼ਿਸ਼ ਦੀ ਚੱਲੀ

ਪਿੰਡ ਜਲਾਹ ਮਾਜਰੇ ਭਗਤਾਂ ਦੀ ਜੋੜੀ ਰਹਿੰਦੀ ਸੀ। ਉਨ੍ਹਾਂ ਦੇ ਘਰ ਵਿਚ ਦੌਲਤ ਤੇ ਬੜੀ ਸੀ ਪਰ ਇਕ ਔਲਾਦ ਦਾ ਘਾਟਾ ਸੀ। ਘਰ ਦਾ ਭਾਗ ਮੁਰਝਾਏ ਹੋਏ ਫੁੱਲ ਵਾਂਗ ਉਦਾਸ ਸੀ। ਕਈ ਉਪਾਅ ਕੀਤੇ, ਪਰ ਖ਼ੈਰ ਕਿਤਿਉਂ

ਨਾ ਪਈ। ਇਸ ਸੱਖਣੀ ਜੋੜੀ ਨੇ ਚੇਲਿਆਂ ਅਤੇ ਡਾਕਟਰਾਂ ਦਾ ਬੂਹਾ ਛੱਡਕੇ, ਇਸ ਰਾਜਾ ਬਲੀ ਦਾ ਬੂਹਾ ਆਣ ਮੱਲਿਆ। ਰੋ-ਰੋ ਅਰਜਾਂ ਕੀਤੀਆਂ, ਇਕ ਦਿਨ ਗਣੇਸ਼ੇ ਨੇ ਸਵਾ ਪੰਜ ਰੁਪਿਆ ਦਾ ਕੜਾਹ ਸੁੱਖਿਆ। ਰਾਜਾ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ ਸੀ। ਮਿਹਰ ਹੋ ਗਈ, ੬੦ ਸਾਲ ਦੀ ਉਮਰ ਵਿਚ ਜਾ ਕੇ ਜੱਦ ਹਰੀ ਹੋਈ। ਨੌਂ ਮਹੀਨੇ ਤੋਂ ਬਾਅਦ ਘਰ ਬਾਲਕ ਜਨਮਿਆ। ਸੁਲੱਖਣੀ ਵਾਂਗ ਝੋਲੀ ਪੁੱਤਰਾਂ ਦੀ ਦਾਤ ਨਾਲ ਭਰ ਦਿੱਤੀ। ਚਾਰ ਪੁੱਤਰ ਹੋਏ, ਪਹਿਲੇ ਬੱਚੇ ਦੀ ਖੁਸ਼ੀ ਦਾ ਤੇ ਸੁੱਖ ਦਾ ਪ੍ਰਸ਼ਾਦ ਪੰਜ ਰੁਪਿਆ ਦਾ ਕਰਾ ਕੇ ਦੋਵੇਂ ਜਣੇ ਮਜਾਰੇ ਲੈ ਕੇ ਆਏ। ਇਹ ਪਹਿਲਾਂ ਹੀ ਕਰਤਾਰੇ ਦੀ ਹਵੇਲੀ ਆ ਕੇ ਜੋ ਇਨ੍ਹਾਂ ਦਾ ਰਿਸ਼ਤੇਦਾਰ ਸੀ ਪਹਿਲਾਂ ਹੀ ਖੁਸ਼ੀ ਕਰਨ ਲੱਗੇ ਤੇ ਸ਼ਰਾਬ ਪੀਤੀ। ਜੁਆਲੀ ਪਰਸ਼ਾਦ ਲੈ ਕੇ ਲਿਜਾਣ ਲਈ ਆਖਣ ਲੱਗੀ ਪਰ ਸਾਰੇ ਸ਼ਰਾਬ ਪੀਂਦੇ ਰਹੇ। ਜੁਆਲੀ ਇਕੱਲੀ ਹੀ ਪਾਤਸ਼ਾਹ ਦੇ ਹਜ਼ੂਰ ਪੇਸ਼ ਹੋਈ ਭਾਂ ਪਾਤਸ਼ਾਹ ਜੁਆਲੀ ਨੂੰ ਬੋਲੇ, "ਉਸਨੂੰ ਵੀ ਨਾਲ ਲੈ ਕੇ ਆਉਣਾ ਸੀ, ਜਿਹੜਾ ਸ਼ਰਾਬ ਪੀ ਕੇ ਕਰਤਾਰੇ ਦੀ ਹਵੇਲੀ ਪਿਆ ਹੈ, ਦੇਣੀਆਂ ਸੁੱਖਾਂ ਤੇ ਪੀਣੀਆਂ ਸ਼ਰਾਬਾਂ।" ਮਹਾਰਾਜ ਜੀ ਕਾਫ਼ੀ ਗੁੱਸੇ ਹੋਏ। ਜੁਆਲੀ ਬਹੁਤ ਡਰੀ। ਗਲ ਪੱਲਾ ਪਾ ਕੇ ਚਰਨਾਂ ਤੇ ਢਹਿ ਪਈ ਰੋਣ ਲੱਗੀ, ਥਰ-ਥਰ ਕੰਬਣ ਲੱਗੀ। ਡਰਦੀ ਇਸ ਵਾਸਤੇ ਸੀ ਕਿ ਜੋ ਰਾਜਾ ਜੀ ਬਚਨ ਕਰਦੇ ਸਨ। ਉਹ ਉਸੇ ਸਮੇਂ ਪੂਰਾ ਹੋ ਜਾਂਦਾ ਸੀ, ਇਸ ਹੀ ਡਰ ਨਾਲ ਵੱਡੇ ਵੱਡੇ ਹਾਕਮ ਲੋਕ ਹੋਰ ਚੰਗੇ ਰਿਧੀਆਂ ਸਿਧੀਆਂ ਵਾਲੇ ਆਲਮ ਲੋਕ ਸਾਹਮਣੇ ਆ ਕੇ ਭੈਅ ਖਾ ਜਾਂਦੇ ਸਨ। ਕਿਸੇ ਦੀ ਜੁਰਅਤ ਨਹੀਂ ਸੀ ਪੈਂਦੀ ਕਿ ਕੋਈ ਬਦਲ ਕਰ ਜਾਵੇ। ਆਪਨੇ ਲਿਖਿਆ ਵੀ ਹੈ

'ਸਾਧ ਸਭੀ ਸੂਰਮਾਂ ਕਿਉਂ ਹੋਏ ਭਗਵਾਨ ਦਾਸ ਦੇਖ ਦਸਤੂਰ ਲੋਕ ਹੋਵਣ ਨਾ ਦੰਗ ਜੇ।

ਜਦੋਂ ਮਾਈ ਜ਼ਿਆਦਾ ਡਰੀ ਤਾਂ ਪੁਚਕਾਰ ਨਾਲ ਆਖਿਆ, "ਚੱਲ! ਕੁਤਿਆਂ ਨੂੰ ਪਾ ਕੇ ਭਾਗ ਚਲ। ਤੇਰਾ ਕਸੂਰ ਨਹੀਂ ਹੈ।" ਗਣੇਸ਼ਾ ਫਿਰ ਸੁੱਚਮ ਨਾਲ ਦੇਗ ਵੰਡਣ ਰਾਜਾ ਦੇ ਦਰਬਾਰ ਗਿਆ।

ਬੋਲੋ ਭਾਈ ਵਾਹਿਗੁਰੂ॥

ਸਾਖੀ ਗੁਲਜ਼ਾਰ ਸਿੰਘ ਪਿੰਡ ਮਜਾਰੇ ਨਾਲ ਹੋਈ

ਗੁਲਜ਼ਾਰ ਸਿੰਘ ਮਜਾਰੇ ਦਾ ਨਿਵਾਸੀ ਸ਼ਿਮਲੇ ਵਿਚ ਕੰਮ ਕਰਦਾ ਸੀ। ਰਾਜਗਿਰੀ ਦਾ ਕੰਮ ਕਰਦਾ ਹੁੰਦਾ ਸੀ। ਇਕ ਮਜ਼ਦੂਰ ਨਾਲ ਲੜਾਈ ਹੋਈ। ਮਜ਼ਦੂਰ ਦੇ ਮੱਥੇ ਤੇ ਤੇਸੀ ਮਾਰੀ, ਜਿਸ ਨਾਲ ਮੱਥੇ ਤੇ ਜ਼ਖ਼ਮ ਹੋ ਗਿਆ। ਕਾਫ਼ੀ ਝਗੜਾ ਵੱਧ ਗਿਆ, ਕੁੱਝ ਗੁਲਜ਼ਾਰ ਸਿੰਘ ਦੀ ਸਿਹਤ ਖਰਾਬ ਹੋ ਗਈ। ਸਰੀਰ ਵਿਚ ਦਰਦਾਂ ਹੋਣ ਲੱਗ ਪਈਆਂ, ਕਾਫ਼ੀ ਬਿਮਾਰ ਰਹਿਣ ਲੱਗਾ। ਜਿਸ ਵੇਲੇ ਲੜਾਈ ਹੋਈ ਸੀ ਉਸ ਵੇਲੇ ਪੰਜ ਰੁਪਏ ਦਾ ਕੜਾਹ ਪ੍ਰਸ਼ਾਦ ਸੁੱਖਿਆ ਸੀ। ਪੰਜ ਰੁਪਏ ਧੂਫ਼ ਦਿੱਤੇ। ਮੁਕੱਦਮੇ ਤੋਂ ਬਰੀ ਹੋ ਗਿਆ। ਬਿਮਾਰ ਹੋਣ ਤੇ ਗੁਲਜ਼ਾਰ ਸਿੰਘ ਦੇ ਵੱਡੇ ਭਾਈ ਕਰਤਾਰ ਸਿੰਘ ਨੇ ਪੰਜ ਰੁਪਏ ਹਕੀਮ ਨੂੰ ਦਿੱਤੇ। ਗੁਲਜ਼ਾਰ ਸਿੰਘ ਹੋਰ ਜ਼ਿਆਦਾ ਬਿਮਾਰ ਹੋ ਗਿਆ। ਕੰਮ ਛੱਡਕੇ ਪਿੰਡ ਮਜਾਰੇ ਆ ਗਿਆ। ਪਿੰਡ ਆ ਕੇ ਪੰਜ ਰੁਪਏ ਦਾ ਕੜਾਹ ਪ੍ਰਸ਼ਾਦ ਦਾ ਚੇਤਾ ਭੁਲਾ ਦਿੱਤਾ। ਇਕ ਦਿਨ ਗੁਲਜ਼ਾਰ ਸਿੰਘ ਬਹੁਤ ਬਿਮਾਰ ਹੋ ਗਿਆ। ਕਰਤਾਰ ਸਿੰਘ ਨੇ ਕਾਫ਼ੀ ਦੌੜ ਭੱਜ ਕੀਤੀ। ਚੰਗੇ-ਚੰਗੇ ਹਕੀਮ ਲਿਆਂਦੇ ਪਰ ਅਰਾਮ ਦੀ ਥਾਂ ਹੋਰ ਤਕਲੀਫ਼ ਹੋਣ ਲੱਗੀ। ਅਖੀਰ ਜੋ ਕਸਰ ਸੀ ਉਹ ਮੂੰਹ ਚੜ੍ਹਕੇ ਬੋਲੀ ਰਾਜਾ ਬਲੀ ਦਾ ਪੰਜਾਂ ਰੁਪਿਆਂ ਦਾ ਪ੍ਰਸ਼ਾਦ ਸੁੱਖਿਆ ਸੀ, ਹਾਲੇ ਤੱਕ ਦੇਗ ਨਹੀਂ ਦਿੱਤੀ। ਉਸ ਵੇਲੇ ਝਟਪਟ ਪੰਜ ਰੁਪਏ ਦੀ ਦੇਗ ਬਣਾ ਕੇ ਅਰਦਾਸ ਕੀਤੀ, ਗੁਲਜ਼ਾਰੇ ਨੂੰ ਜ਼ਰਾ ਹੋਸ਼ ਆਈ। ਦੇਗ ਲੈ ਕੇ ਗੁਲਜ਼ਾਰਾ ਸਿੰਘ ਹਾਜ਼ਿਰ ਹੋਇਆ। ਮਹਾਰਾਜ ਜੀ ਨੇ ਸੁੱਖ ਮਨਜ਼ੂਰ ਨਾ ਕੀਤੀ ਪਿੱਛੇ ਹੀ ਮੋੜ ਦਿੱਤਾ। ਗੁਲਜ਼ਾਰ ਸਿੰਘ ਨੇ ਘਰ ਆ ਕੇ ਉਸੇ ਹੀ ਤਰਾਂ ਪਰਾਤ ਰੱਖ ਦਿੱਤੀ। ਜਦੋਂ ਵੀ ਵਰਤਾਉਣ ਦਾ ਹੁਕਮ ਦੇਣਗੇ ਉਦੋਂ ਹੀ ਵਰਤਾਵਾਂਗੇ। ਕਰਤਾਰ ਸਿੰਘ (ਗੁਲਜ਼ਾਰ ਸਿੰਘ ਦੇ ਭਾਏ) ਨੇ ਦੇਗ ਵਰਤਾਅ ਦਿੱਤੀ। ਜਦੋਂ ਦੇਗ ਬਿਨਾਂ ਹੁਕਮ ਤੋਂ ਵਰਤਾਈ ਤਾਂ ਕਰਤਾਰ ਸਿੰਘ ਤੇ ਉਸਦੇ ਘਰ ਵਾਲੀ ਚੀਕਾਂ ਮਾਰਨ ਲੱਗੇ। ਗੁਲਜ਼ਾਰ ਸਿੰਘ ਨੂੰ ਅਰਾਮ ਆ ਗਿਆ ਜਦੋਂ ਕੋਈ ਚੇਲਾ ਲਿਆਉਣਾ ਤਾਂ ਜ਼ਿਆਦਾ ਤਕਲੀਫ ਹੋਵੇ, ਫਿਰ ਰਾਜਾ ਬਲੀ ਦੀ ਸ਼ਰਨ ਲਈ। ਭੁੱਲ ਦੀ ਮੁਆਫ਼ੀ ਮੰਗੀ ਗਲ ਪੱਲਾ ਪਾ ਕੇ ਸੁੱਚਮ ਨਾਲ ਫਿਰ ਦੇਗ ਬਣਾਈ। ਪਾਤਸ਼ਾਹ ਨੱਥਾ ਸਿੰਘ ਦੇ ਘਰ ਬੈਠੇ ਸਨ, ਗੁਲਜ਼ਾਰ

ਸਿੰਘ ਨੇ ਪ੍ਰਸ਼ਾਦ ਦੀ ਪਰਾਤ ਮੋਹਰੇ ਧਰ ਕੇ ਗਲ ਪੱਲਾ ਪਾ ਕੇ ਥਰ-ਥਰ ਕੰਬਦੇ ਨੇ ਬੇਨਤੀ ਕੀਤੀ, "ਜੀ! ਮੈਨੂੰ ਗੁਨਾਹਗਾਰ ਨੂੰ ਬਖਸ਼ੋ ਮੈਂ ਮੂਰਖ ਕੀ ਜਾਣਦਾ ਹਾਂ, ਆਪਦੀ ਗਤੀ ਨੂੰ।" ਹੁਕਮ ਹੋਇਆ, "ਕੂਕਰਾਂ ਨੂੰ ਪਾ ਦੇਹ ਪ੍ਰਸ਼ਾਦ ਤੇਰਾ ਮਨਜ਼ੂਰ ਕੀਤਾ ਗਿਆ ਹੈ।" ਗੁਲਜ਼ਾਰ ਨੂੰ ਉਸੇ ਹੀ ਸਮੇਂ ਦਰਗਾਹੀ ਹੁਕਮ ਹੋਇਆ। ਰੋਜ਼ਾਨਾ ਰਸੋਖਾਨੇ ਖੂਹੀ ਤੇ ਇਸ਼ਨਾਨ ਕਰਨ ਦਾ ਹੁਕਮ ਕੀਤਾ। ਕੋਈ ਬਾਹਰਲੀ ਕਸਰ ਸੀ ਸਰੀਰ ਸੁੱਕਦਾ ਜਾਂਦਾ ਸੀ, ਇਕ ਦਿਨ ਰਸੋਖਾਨੇ ਇਸ਼ਨਾਨ ਕਰਕੇ ਦਰਸ਼ਨ ਕਰਨ ਗਿਆ। ਮਹਾਰਾਜ ਜੀ ਕਰਤਾਰ ਸਿੰਘ ਦੇ ਘਰ ਬੈਠੇ ਸਨ। ਜਿਸ ਘਰ ਨੂੰ ਮਹਾਰਾਜ ਜੀ ਆਪਣਾ ਘਰ ਆਖਿਆ ਕਰਕੇ ਸਨ। ਸੁਬ੍ਹਾ ਦਾ ਸਮੇਂ ਸੀ, ਸਰਦੀ ਬਹੁਤ ਜੋਰ ਦੀ ਪੈ ਰਹੀ ਸੀ। ਗੁਲਜ਼ਾਰੇ ਨੂੰ ਹੁਕਮ ਹੋਇਆ, ਕਾਕਾ! ਚਲ ਮੰਗੂ ਦੀ ਛੱਪੜੀ ਵਿਚ, ਇਸ਼ਨਾਨ ਕਰਨ ਦਾ ਹੁਕਮ ਦਿੱਤਾ। ਮੰਗੂ ਦੇ ਖੂਹ ਤੇ ਉਸਦੇ ਕਣਕ ਦੇ ਖੇਤਾਂ ਵਿਚ ਛੋਟੀ ਜਿਹੀ ਛੱਪੜੀ ਸੀ। ਗੁਲਜ਼ਾਰ ਨੇ ਕੇਸੀ ਇਸ਼ਨਾਨ ਵੀ ਕੀਤਾ ਜਦੋਂ ਗੁਲਜ਼ਾਰ ਸਿੰਘ ਬਸਤਰ ਪਾ ਰਿਹਾ ਸੀ ਜਦੋਂ ਨੂੰ ਆਪ ਜੀ ਬਲ-ਬਲ ਕਰਦੇ ਨੰਗੇ ਪੈਰੀਂ ਸਿੱਧੇ ਹੀ ਖੇਤੋ-ਖੇਤੀ ਤਰੇਲ ਵਿਚ ਹੀ ਛੱਪੜੀ ਤੇ ਆਣ ਖੜ੍ਹੇ ਹੋਏ। ਗੁਲਜ਼ਾਰੇ ਨੇ ਝਟਪਟ ਨਮਸਕਾਰ ਕੀਤੀ। ਚਰਨ ਗਾਰੇ ਨਾਲ ਲਿੱਬੜੇ ਹੋਏ ਸਨ। ਗੁਲਜ਼ਾਰ ਸਿੰਘ ਦਾ ਮਨ ਕਰਦਾ ਸੀ ਕਿ ਹੁਕਮ ਕਰਨ ਤਾਂ ਚਰਨ ਧੋ ਦੇਵਾਂ, ਉਸੇ ਹੀ ਵਕਤ ਹੁਕਮ ਹੋਇਆ, "ਚੰਗਾ ਕਾਕਾ! ਸਾਡੇ ਪੈਰ ਧੋ।" ਮਹਾਰਾਜ ਛੱਪੜੀ ਦੇ ਕੰਢੇ ਬੈਠ ਗਏ। ਗੁਲਜ਼ਾਰ ਸਿੰਘ ਬਹੁਤ ਹੌਲੀ-ਹੌਲੀ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਹੁਕਮ ਹੋਇਆ "ਬੱਸ ਕਰ, ਕਾਕਾ ਬਹੁਤਾ ਪਰੇਮ ਨਹੀਂ ਕਰੀਦਾ। ਚਲ! ਤੇਰੇ ਘਰ ਕੋਈ ਪ੍ਰਾਹੁਣਾ ਆ ਰਿਹਾ ਹੈ। ਸਹੁਰਿਆਂ ਵਲੋਂ ਕੋਈ ਸੁਨੇਹਾ ਹੋਣਾ ਹੈ।" ਜਦੋਂ ਆਇਆ ਲੋਕੀ ਵਧਾਈਆਂ ਦੇਣ ਲੱਗੇ। ਸਰਿਆਲੇ ਤੋਂ ਲਾਗੀ ਪਤਾਸੇ ਲੈ ਕੇ ਆਇਆ ਗੁਲਜ਼ਾਰ ਸਿੰਘ ਦੇ ਘਰ ਲੜਕਾ ਜਨਮਿਆ ਸਾਰੇ ਕਾਰਜ ਰਾਸ ਹੋ ਗਏ। ਇਕ ਪ੍ਰੇਮ ਦੇ ਘੁੱਟ ਬਦਲੇ ਵੱਡੇ-ਵੱਡੇ ਰੋਗੀਆਂ ਦੇ ਰੋਗ ਖ਼ਤਮ ਕਰ ਦਿੰਦੇ ਸਨ।

ਬੋਲੋ ਭਾਈ ਵਾਹਿਗੁਰੂ॥

ਸਾਖੀ ਮੰਗੂ ਦੇ ਪਰਿਵਾਰ ਦੀ ਚੱਲੀ

ਮੰਗੂ ਪਿੰਡ ਮਜਾਰੇ ਦੇ ਰਹਿਣ ਵਾਲਾ ਸੀ। ਮੰਗੂ ਨੇ ਲਾਲਾ ਜੀ ਦੀ ਸੇਵਾ ਕੀਤੀ। ਇਕ ਵਾਰੀ ਪਿੰਡ ਝਿਗੜੀਂ ਮੰਗੂ ਨੇ ਲਾਲਾ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਲਾਲਾ ਜੀ! ਸ੍ਹਾਡੇ ਘਰ ਚਰਨ ਪਾਉਣੇ।" ਲਾਲਾ ਜੀ ਵਲੋਂ ਹੁਕਮ ਹੋਇਆ, "ਮੰਗੂ! ਤੇਰੇ ਘਰ ਬਹੁਤ ਹੀ ਵੱਡਾ ਬਲੀ ਭੇਜਾਂਗੇ, ਥੋੜ੍ਹਾ ਹੀ ਸਮੇਂ ਹੈ, ਤੇਰੀਆਂ ਇੱਕੀ ਕੁਲਾਂ ਦਾ ਉਦਾਰ ਕਰੇਗਾ, ਉਹ ਮਹਾਂਬਲੀ ਪੀਰਾਂ ਦਾ ਪੀਰ ਹੋਵੇਗਾ।" ਜਦੋਂ ਮਹਾਰਾਜ ਜੀ ਸੰਨ ੧੬੭੬ ਵਿਚ ਸੰਤ ਗੰਗਾ ਦਾਸ ਨਾਲ ਪਿੰਡ ਝਿਗੜੀਂ ਗਏ ਤਾਂ ਮੰਗੂ ਦਾ ਪੁੱਤਰ ਨੱਥਾ ਸਿੰਘ ਵੀ ਸੇਵਾ ਕਰਨ ਲੱਗਾ। ਜਦੋਂ ਮਹਾਰਾਜ ਜੀ ਪਿੰਡ ਸੁੱਜੋਂ ਤੋਂ ੧੯੧੩ ਵਿਚ ਮੁੜ ਝਿਗੜੀਂ ਗਏ ਤਾਂ ਮਜਾਰੇ ੧੯੧੬ ਨੂੰ ਆ ਗਏ। ਉੱਥੇ ਰਸੋਖਾਨਾ ਬਣਾ ਕੇ ਬਾਬੇ ਮਾਨੇ ਨੂੰ ਲਾਂਗਰੀ ਟਿਕਾ ਦਿੱਤਾ। ਸਭ ਤੋਂ ਜ਼ਿਆਦਾ ਸੇਵਾ ਦਾ ਹਿੱਸਾ ਨੱਥਾ ਸਿੰਘ ਨੂੰ ਦਿੱਤਾ ਜਾਂਦਾ ਸੀ। ਨੱਥਾ ਸਿੰਘ ਦੇ ਘਰ ਨੂੰ ਨਾਭ ਕੰਵਲ ਰਾਜਾ ਸਾਹਿਬ ਜੀ ਆਪਣਾਂ ਘਰ ਬੁਲਾਇਆ ਕਰਦੇ ਸਨ। ਬਹੁਤ ਕਰਮਾਤੀ ਚੋਜ ਸੁਹਣੇ ਪ੍ਰੀਤਮ ਦੇ ਮੰਗੂ ਦੇ ਪੁੱਤਰ-ਪੋਤਿਆਂ ਨੇ ਮਹਾਂਬਲੀ ਰਾਜਾ ਸਾਹਿਬ ਦੇ ਦੇਖੇ। ਇਕ ਵਾਰੀ ਦੀ ਗੱਲ ਹੈ ਮਹਾਰਾਜ ਬਾਹਰ ਖੇਤਾਂ ਵਿਚ ਚਲੇ ਗਏ। ਬਾਹਰ ਬੈਠਿਆਂ ਨੂੰ ਜਦੋਂ ਕਾਫ਼ੀ ਸਮੇਂ ਲੰਘ ਗਿਆ ਤਾਂ ਨੱਥਾ ਸਿੰਘ ਅਧਰਿੜਕਾ ਲੈ ਕੇ ਹਾਜ਼ਿਰ ਹੋਇਆ ਤਾਂ ਨੱਥਾ ਸਿੰਘ ਨੂੰ ਹੁਕਮ ਕੀਤਾ ਨੱਥੂ ਤੈਨੂੰ ਇਹ ਖੇਤ ਲੈ ਦਿੱਤੇ ਹਨ ਇਸਤੇਮਾਲ ਹੋਣ ਤੇ ਉਹ ਹੀ ਖੇਤ ਨੱਥਾ ਸਿੰਘ ਨੂੰ ਮਿਲ ਗਏ। ਇਕ ਦਿਨ ਹੁਕਮ ਕੀਤਾ ਨੱਥੂ ਚੇਲਿਆਂ ਵਾਲਾ ਥਾਂ ਵੀ ਮੁੱਲ ਲੈ ਲੈਣਾ ਸੀ। ਕੁੱਝ ਸਾਲ ਬਾਅਦ ਉਹ ਜਗ੍ਹਾ ਨੱਥਾ ਸਿੰਘ ਨੇ ਸੱਚਮੁਚ ਹੀ ਮੁੱਲ ਲੈ ਲਈ। ਨੱਥਾ ਸਿੰਘ ਦੀ ਨੂੰਹ ਕਰਤਾਰ ਸਿੰਘ ਦੇ ਘਰ ਵਾਲੀ ਬੀਬੀ ਸੰਤੀ ਬਿਮਾਰ ਹੋ ਗਈ। ਕਰਤਾਰ ਸਿੰਘ ਦੀ ਮਾਈ ਜੱਸੀ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਆਪ ਹਰਤਾ-ਕਰਤਾ ਹੋ, ਸੰਤੀ ਨੂੰ ਦੁੱਖਾਂ ਤੋਂ ਆਰਾਮ ਕਰੋ ਜੀ।" ਸਤਿਗੁਰੂ ਬੋਲੇ "ਜੱਸੀ ਇਸਦੀ ਅਉਧ ਪੂਰੀ ਹੋ ਚੁੱਕੀ ਹੈ। ਇਸਦੀ ਉਮਰ ਖ਼ਤਮ ਹੋ ਚੁੱਕੀ ਹੈ।

ਸਵਾਸਾਂ ਦੀ ਰਾਸ ਵੀ ਖ਼ਤਮ ਹੋ ਗਈ ਹੈ।" ਜੱਸੀ ਨੇ ਫਿਰ ਬੇਨਤੀ ਕੀਤੀ, "ਆਪ ਦੇ ਸਭ ਕੁੱਝ ਹੁਕਮ ਵਿਚ ਹੀ ਹੈ। ਤੁਸੀਂ ਦਰਗਾਹ ਦੇ ਮਾਲਿਕ ਹੋ, ਹੁਕਮ ਆਪਦਾ ਹੀ ਵਰਤਦਾ ਹੈ।" ਪਾਤਸ਼ਾਹ ਕਹਿਣ ਲੱਗੇ, "ਜੱਸੀ। ਅਸੀਂ ਖੁਦਾ ਦੀ ਰਜ਼ਾ ਨੂੰ ਨਹੀਂ ਭੰਨਦੇ ਜ਼ਿਆਦਾ ਆਖਦੀ ਹੈਂ ਤਾਂ ਇਸਦੇ ਬਦਲੇ ਵਿਚ ਹੋਰ ਕਿਸੇ ਨੂੰ ਤੋਰ ਦਿੰਦੇ ਹਾਂ।" ਫਿਰ ਕਹਿਣ ਲੱਗੇ ਕਰਤਾਰੇ ਨੂੰ ਤੋਰ ਦੇਈਏ ਪੁੱਤਰਾਂ ਦਾ ਮੋਹ ਬਹੁਤ ਹੁੰਦਾ ਹੈ। ਜੱਸੀ ਹੱਥ ਬੰਨ੍ਹਕੇ ਬੇਨਤੀ ਕਰਨ ਲੱਗੀ, "ਮੇਰਾ ਇਕਲੌਤਾ ਪੁੱਤਰ ਹੈ, ਇਸਦਾ ਵਾਲ ਵਿੰਗਾ ਨਾ ਹੋਵੇ। ਇਸਦਾ ਵਿਛੋੜਾ ਮੇਰੇ ਪਾਸੋਂ ਝੱਲਿਆ ਨਹੀਂ ਜਾਵੇਗਾ, ਤੁਸੀਂ ਇਸੇ ਨੂੰ ਹੀ ਰਾਜ਼ੀ ਕਰ ਦਿਓ।" ਮਹਾਰਾਜ ਕਹਿੰਦੇ ਜੱਸੀ ਕਰਤਾਰੇ ਦਾ ਹੋਰ ਵਿਆਹ ਕਰ ਦੇਵਾਂਗੇ। ਜੱਸੀ, "ਜੀ! ਹੋਰ ਕੋਈ ਆਵੇਗੀ ਪੁੱਤਰਾਂ ਨੂੰ ਮਾਰਿਆ ਕਰੇਗੀ।" ਸੰਤੀ ਦੇ ਦੋ ਪੁੱਤਰ ਸਨ ਇਕ ਦਾ ਨਾਂ ਦੁੰਮਣ ਸਿੰਘ ਤੇ ਦੂਜੇ ਦਾ ਨਾਂ ਚੈਨ ਸਿੰਘ ਸੀ। ਮਹਾਰਾਜ ਜੀ ਬੋਲੇ, "ਜੱਸੀ! ਪਤਾ ਵੀ ਨਹੀਂ ਹੋਵੇਗਾ ਮੇਰੇ ਪੁੱਤਰ ਹਨ ਜਾਂ ਸੌਂਕਣ ਦੇ ਹਨ।" ਦੂਜਾ ਵਿਆਹ ਹੋਣ ਤੇ ਐਸਾ ਹੀ ਹੋਇਆ। ਨਸੀਬ ਕੌਰ ਨੂੰ ਕੋਈ ਪਤਾ ਨਹੀਂ ਕਿ ਮੇਰੇ ਪੁੱਤਰ ਹੈ ਜਾਂ ਸੌਂਕਣ ਦੇ ਹੈ। ਇੰਨਾ ਪਿਆਰ ਸੀ। ਇਕ ਵਾਰੀ ਸੀਬੋ ਬਿਮਾਰ ਹੋ ਗਈ ਉਸਦੇ ਵੱਡੇ ਪੁੱਤਰ ਦੁੰਮਣ ਸਿੰਘ ਨੂੰ ਚਿੱਠੀ ਪਾਈ। ਦੁੰਮਣ ਵਲਾਇਤ ਵਿਚ ਚਿੱਠੀ ਦੇਖਦੇ ਹੀ ਚੌਥੇ ਦਿਨ ਆਪਣੀ ਮਾਂ ਨੂੰ ਆ ਮਿਲਿਆ। ਸੰਤੀ ਰਾਜ਼ੀ ਨਾ ਹੋਈ ਸਰੀਰ ਖਪਦਾ ਖਪ ਗਿਆ। ਇਕ ਦਿਨ ਸੰਤੀ ਦੇ ਸਵਾਸ ਚੱਲਣ ਤੋਂ ਬੰਦ ਹੋ ਗਏ, ਸਰੀਰ ਠੰਡਾ ਪੈ ਗਿਆ, ਸੰਤੀ ਦੀ ਆਤਮਾ ਉਡਾਰੀ ਮਾਰ ਗਈ। ਘਰ ਵਿਚ ਰੋਣ ਪਿੱਟਣ ਦੀ ਅਵਾਜ਼ ਆਈ। ਲੋਕੀਂ ਇਕੱਠੇ ਹੋਏ ਸੰਤੀ ਨੂੰ ਆਖ਼ਿਰੀ ਇਸ਼ਨਾਨ ਕਰਾ ਕੇ ਸੀੜ੍ਹੀ ਤੇ ਪਾਇਆ ਗਿਆ। ਸੰਤੀ ਨੌਜਵਾਨ ਸੀ, ਚੇਲੇ ਨੂੰ ਲਿਆਂਦਾ ਇਸਨੂੰ ਕੀਲਣ ਵਾਸਤੇ। ਚੇਲਾ ਸਰ੍ਹੋਂ ਮੰਗਾ ਕੇ ਜਾਦੂ ਪੜ੍ਹਨ ਲੱਗਾ। ਇੰਨੇ ਚਿਰ ਨੂੰ ਮਹਾਰਾਜ ਕੋਠੇ ਉੱਪਰ ਦੀ ਰਾਜੂ ਲੰਬੜ ਦੇ ਕੋਠੇ ਉੱਪਰ ਆ ਕੇ ਬੋਲੇ, "ਕੌਣ ਹੈ ਚੇਲਾ? ਇਸਨੂੰ ਬਾਹਰ ਕੱਢੋ। ਸਾਡੇ ਜੂਠੇ ਭਾਂਡੇ ਮਾਂਜਦੀ ਰਹੀ। ਇਹ ਕੀਲਣਯੋਗ ਨਹੀਂ ਰਹਿਣ ਦਿੱਤੀ। ਇਸਦੀ ਆਤਮਾ ਦਾ ਕਲਿਆਣ ਹੋ ਗਿਆ ਹੈ।" ਜਿਸ ਜਿਸ ਨੇ ਵੀ ਇਸ ਸੋਹਣੇ ਪ੍ਰੀਤਮ ਦਾ ਦਰਸ਼ਨ ਕੀਤਾ, ਸਭ ਪਾਰਗ੍ਰਾਮੀ ਹੋਏ। ਜਦੋਂ ਸੰਤੀ ਦੇ ਦੂਜਾ ਬੱਚਾ ਚੈਨ ਜਨਮਿਆ ਜੀਣੀ ਦਾਈ ਤੋਂ

ਕਿਸੇ ਪੁੱਛਿਆ ਮਾਈ ਕੀ ਪੈਦਾ ਹੋਇਆ? ਜੀਣੀ ਨੇ ਆਖਿਆ ਲੜਕੀ ਹੈ। ਮਹਾਰਾਜ ਅੰਦਰ ਬੈਠੇ ਬੋਲੇ, "ਜੀਣੀ! ਕਿਉਂ ਝੂਠ ਬੋਲਦੀ ਹੈਂ? ਮੈਂ ਤਾਂ ਮੀਆਂ ਸਾਹਿਬ ਤੋਂ ਮੁੰਡਾ ਬਖਸ਼ਾ ਕੇ ਲਿਆਂਦਾ ਸੀ।" ਮੀਆਂ ਸਾਹਿਬ ਮੁਸਲਮਾਨ ਫ਼ਕੀਰ ਜਿਸਦੀ ਪਿੰਡ ਕਰਨਾਣੇਂ ਖ਼ਾਨਗਾਹ ਹੈ। ਚੈਨ ਜਨਮ ਤੋਂ ਹੀ ਸੁੰਨਤ ਹੈ ਪਿਛਲੇ ਜਨਮ ਚੈਨ ਮੁਸਲਮਾਨ ਸੀ। ਇਕ ਦਿਨ ਜੱਸੀ ਦੀ ਪੁੱਤਰੀ ਬੀਬੀ ਕਰਮੀ ਮਹਾਰਾਜ ਜੀ ਦੇ ਦਰਸ਼ਨ ਕਰਨ ਗਈ। ਮਹਾਰਾਜ ਪਿੰਡ ਦੇ ਚੜ੍ਹਦੀ ਵੱਲ੍ਹ ਇਕ ਵਾੜੇ ਵਿਚ ਬੈਠੇ ਸਨ। ਕਰਮੀ ਨੇ ਨਮਸਕਾਰ ਕੀਤੀ। ਅੱਗੋਂ ਹੁਕਮ ਹੋਇਆ, ਕਰਮੀ ਜਲਦੀ ਚਲ ਇਕ ਸਫ਼ੈਦ ਰੰਗ ਦਾ ਲੱਠੇ ਦਾ ਚਾਦਰਾ ਦਿੱਤਾ। ਨਾਲ ਹੀ ਹੁਕਮ ਕੀਤਾ, "ਕਰਮੀ! ਨੱਠ ਚੱਲ! ਜੱਸੀ ਕਿਤੇ ਚੜ੍ਹਾਈ ਨਾ ਕਰ ਜਾਵੇ। ਹਾਂ! ਹਾਂ! ਸਮੇਂ ਤੇ ਆ ਹੀ ਗਿਆ ਹੈ। ਸਾਡਾ ਚਾਦਰਾ ਜੱਸੀ ਦੇ ਉੱਪਰ ਪਾ ਦੇਵੀਂ।" ਮਹਾਰਾਜ ਜੀ ਦਾ ਹੁਕਮ ਪਾ ਕੇ ਕਰਮੀ ਘਰ ਵੱਲ੍ਹ ਨੂੰ ਪਾਗਲਾਂ ਵਾਂਗ ਨੱਠੀ। ਪੂਰਾ ਯਕੀਨ ਸੀ ਮਹਾਰਾਜ ਜੀ ਦੀ ਮਾਗੀ ਹੋਈ ਰਮਜ਼ ਸੱਚ ਹੀ ਹੁੰਦੀ ਹੈ। ਕਰਮੀ ਨੇ ਜਦੋਂ ਘਰ ਪੈਰ ਪਾਇਆ ਜੱਸੀ ਚੁੱਲ੍ਹੇ ਮੋਹਰੇ ਤੋਂ ਉੱਠਕੇ ਵਿਹੜੇ ਵਿਚ ਬੈਠ ਗਈ। ਕਰਮੀ ਨੂੰ ਆਖਿਆ "ਪੁੱਤਰੀ! ਮੇਰਾ ਸਰੀਰ ਠੰਡਾ ਪੈਂਦਾ ਜਾ ਰਿਹਾ ਹੈ" ਬੱਸ ਇਨਾ ਹੀ ਬੋਲ ਆਖਿਆ। ਇਕ ਪਾਸੇ ਨੂੰ ਰਾਜਾ-ਰਾਜਾ ਕਰਦੀ ਲੁੜ੍ਹਕ ਗਈ। ਕਰਮੀ ਨੇ ਝਟ ਸਿਰ ਜੱਫੀ ਵਿਚ ਲੈ ਕੇ ਪੱਟ ਤੇ ਰੱਖ ਲਿਆ। ਮਾਈ ਜੱਸੀ ਦੀ ਆਤਮਾ ਉਡਾਰੀ ਲਾ ਗਈ। ਆਖਰ ਬੈਕੁੰਠ ਧਾਮ ਨੂੰ ਚਲੇ ਗਈ। ਆਖ਼ਿਰੀ ਇਸ਼ਨਾਨ ਕਰਾਕੇ ਬਣੀ ਹੋਈ ਕਾਠ ਦੀ ਘੋੜੀ ਤੇ ਚੜ੍ਹਾ ਕੇ ਸਤਿਗੁਰਾਂ ਵਲੋਂ ਮਿਲਿਆ ਚਾਦਰਾ ਕਰਮੀ ਨੇ ਉੱਪਰ ਪਾ ਦਿੱਤਾ। ਜੱਸੀ ਨੇ ਬਹੁਤ ਸੇਵਾ ਕੀਤੀ, ਰਾਤ ਨੂੰ ਸੌਣ ਲੱਗਿਆਂ ਗਲ ਦੇ ਕਪੜੇ ਨਹੀਂ ਸਨ ਕਦੀ ਲਾਹੇ। ਪਤਾ ਨਹੀਂ ਕਦੋਂ ਸੱਚੇ ਸਤਿਗੁਰ ਅਵਾਜ਼ ਮਾਰ ਕੇ ਕਿਸੇ ਕੰਮ ਲਈ ਹੁਕਮ ਦੇਣਗੇ ਕਿਤੇ ਹੁਕਮ ਮੰਨਣੇ ਵਿਚ ਢਿੱਲ ਨਾ ਪਵੇ। ਸਰਦਾਈ ਦਾ ਸਮਾਨ, ਕੱਚੇ ਦੁੱਧ ਦਾ ਦਹੀਂ ਜਮਾ ਕੇ ਹਰ ਵਕਤ ਤਿਆਰ ਰੱਖਦੀ ਸੀ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਪਿਆਰਾ ਸਿੰਘ ਗੁਣਾਚੌਰੀਏ ਨਾਲ ਹੋਈ

ਇਕ ਦਿਨ ਦੀ ਗੱਲ ਹੈ ਮਹਾਰਾਜ ਜੀ ਮਜਾਰੇ ਤੋਂ ਪਿੰਡ ਗੁਣਾਚੌਰ ਦੇ ਪੂਰਬ ਵੱਲ੍ਹ ਦੇ ਪਾਸੇ ਖੇਤਾਂ ਵਿਚ ਖੜ੍ਹੇ ਹੋਏ। ਸਾਵਣ ਦੇ ਦਿਨ ਸਨ ਪ੍ਰਿਥਵੀ ਤੇ ਜੋਬਨ ਦਾ ਰੰਗ ਖਿੜਿਆ ਹੋਇਆ ਸੀ, ਮੋਰ ਪੈਲਾਂ ਪਾ ਰਹੇ ਸਨ, ਕੋਇਲਾਂ ਕੂ-ਕੂ ਨਾਲ ਬਾਗਾਂ ਵਿਚ ਗੀਤ ਗਾ ਰਹੀਆਂ ਸਨ। ਫ਼ਸਲਾਂ ਤੇ ਨੂਰ ਬਰਸ ਰਿਹਾ ਸੀ, ਬੱਦਲ ਵੀ ਗਰਜ ਰਹੇ ਸਨ, ਠੰਡੀ-ਠੰਡੀ ਪੌਣ ਰੁਮ੍ਹਕ ਰਹੀ ਸੀ। ਬਾਗ ਮਸਤੀ ਵਿਚ ਝੂਮ ਰਹੇ ਸਨ, ਬਿਜਲੀ ਲਿਸ਼ਕ ਰਹੀ ਸੀ ਮਿੱਠੀ-ਮਿੱਠੀ ਫੁਹਾਰ ਪੈ ਰਹੀ ਸੀ, ਪਪੀਹੇ ਬੋਲ ਰਹੇ ਸਨ, ਇੰਦਰ ਪ੍ਰਿਥਵੀ ਦਾ ਮਿਲਾਪ ਹੋ ਰਿਹਾ ਸੀ। ਇਸ ਤਰਾਂ ਦੇ ਰੰਗ ਭਰੇ ਸੁਹਾਵਣੇ ਸਮੇਂ ਵਿਚ ਨਾਭ ਕੰਵਲ ਰਾਜਾ ਸਾਹਿਬ ਜੀ ਇਕ ਬ੍ਰਿਛ ਦੇ ਥੱਲੇ ਖੜ੍ਹੇ ਕਰਤਾਰ ਨਾਲ ਸੁਰ ਜੁੜੀ ਹੋਈ ਸੀ, ਚੌਦਾਂ ਤਬਕਾਂ ਤੇ ਨਿਗਾਹ ਫਿਰ ਰਹੀ ਸੀ। ਭੂਤ, ਭਵਿੱਖਤ, ਵਰਤਮਾਨ ਤਿੰਨਾਂ ਗੁਣਾਂ ਤੇ ਨਜ਼ਰ ਮਾਰੀ, ਬਲ-ਬਲ ਕਰਦੇ ਇਕ ਖੂਹ ਉਤੇ ਜਾ ਖੜ੍ਹੇ ਹੋਏ। ਪਿਆਰਾ ਸਿੰਘ ਦੇ ਕੰਨੀਂ ਬਲ-ਬਲ ਦੀ ਅਵਾਜ਼ ਪਈ। ਅੰਦਰੋਂ ਉੱਠਕੇ ਦੇਖੇ ਪੀਰਾਂ ਦਾ ਪੀਰ ਖੂਹ ਦੀ ਮੌਣ ਤੇ ਖੜ੍ਹਾ ਹੈ। ਪਿਆਰਾ ਸਿੰਘ ਨੇ ਜਾ ਨਮਸਕਾਰ ਕੀਤੀ। ਪਿਆਰਾ ਸਿੰਘ ਵੱਲ੍ਹ ਇਸ਼ਾਰਾ ਕੀਤਾ, "ਕਾਕਾ! ਲਿਆਓ ਕਹੀ, ਅੱਜ ਤੇਰੇ ਖੇਤਾਂ ਦੀ ਹੱਦ ਬੰਨ੍ਹ ਦੇਵਾਂ। ਕਾਕਾ ੫੦੦ ਘੁਮਾਂ ਜ਼ਮੀਨ ਤੇਰੇ ਨਾਂ ਲੁਆ ਦੇਈਏ। ਦੂਜੀ ਜ਼ੁਬਾਨੇਂ ਆਖਣ ਲੱਗੇ ਤੇਰੇ ਕੋਲੋਂ ਵਾਹ ਨਹੀਂ ਹੋਣੀ ਚਲ ੪੦ ਘੁਮਾਂ ਹੀ ਬਥੇਰੀ ਹੈ ਤੇਰੇ ਜੋਗੀ। ਇਸਤੇਮਾਲ ਹੋਣ ਤੇ ਸਾਰਾ ਰਕਬਾ ਉਸੇ ਹੀ ਥਾਂ ਬਣਿਆ ਜਿਸ ਥਾਂ ਦੂਜੀ ਵਾਰ ਲੀਕ ਮਾਰੀ ਸੀ। ਪਿਆਰਾ ਸਿੰਘ ਨੇ ਗਊ ਚੋਅ ਕੇ ਦੁੱਧ ਪਿਲਾਇਆ। ਪੰਜ ਦਿਨ ਮਹਾਰਾਜ ਉਸੇ ਹੀ ਖੂਹ ਤੇ ਰਹੇ। ਪੰਜ ਦਿਨ ਤੋਂ ਬਾਅਦ ਪਿੰਡ ਮਜਾਰੇ ਆ ਗਏ। ਇਕ ਰਾਤ ਪਿਆਰਾ ਸਿੰਘ ਦੇ ਪਿਤਾ ਦੁਲੇਲ ਸਿੰਘ ਨੇ ਸਤਿਗੁਰਾਂ ਦੇ ਅੱਗੇ ਦੁੱਧ ਦੀ ਗੜਵੀ ਧਰਕੇ ਛਕਣ ਵਾਸਤੇ ਬੇਨਤੀ ਕੀਤੀ। ਕੁੱਝ ਦੁੱਧ ਆਪ ਜੀ ਨੇ ਪੀਤਾ ਬਚਦਾ ਸੀਤ ਪ੍ਰਸ਼ਾਦ ਪਿਆਰਾ ਸਿੰਘ ਨੂੰ ਤੋਰ ਦਿੱਤਾ। ਪਿਆਰਾ ਸਿੰਘ ਨੇ ਦੋ ਘੁੱਟਾਂ ਭਰੀਆਂ ਪਿਆਰਾ ਸਿੰਘ ਨੂੰ ਮਸਤੀ ਚੜ੍ਹ ਗਈ। ਪਿਆਰਾ ਸਿੰਘ ਨੂੰ ਪਹਾੜ ਵੱਲ੍ਹ ਤੋਰ ਦਿੱਤਾ। ਪਿਆਰਾ ਸਿੰਘ

ਪਹਾੜੀ ਜਾ ਚੜ੍ਹਿਆ। ਅੱਗੇ ਇਕ ਦਰਖਤਾਂ ਦੇ ਝੁੰਡ ਵਿਚ ਦੇਖੇ ਸ਼ੇਰ ਖੜ੍ਹਾ। ਪਿਆਰਾ ਸਿੰਘ ਸ਼ੇਰ ਤੋਂ ਡਰਿਆ, ਇਕ ਦਰਖਤ ਤੇ ਚੜ੍ਹਨ ਨੂੰ ਦੌੜਿਆ, ਫਿਰ ਮਨ ਵਿਚ ਪ੍ਰੇਮ ਦਾ ਝਟਕਾ ਆਇਆ। ਖੜ੍ਹ ਕੇ ਸ਼ੇਰ ਵੱਲ੍ਹ ਤੱਕਣ ਲੱਗਾ। ਸ਼ੇਰ ਵਲੋਂ ਕੋਈ ਅਨੋਖਾ ਹੀ ਰੰਗ ਮਿਲਿਆ। ਸ਼ੇਰ ਪਿਆਰਾ ਸਿੰਘ ਦੇ ਪਿੱਛੇ ਨਹੀਂ ਪਿਆ, ਦੇਖਦੇ-ਦੇਖਦੇ ਤੋਂ ਹੀ ਪਤਾ ਨਹੀਂ ਬਿਜਲੀ ਦੀ ਲਿਸ਼ਕ ਵਾਂਗ ਅੱਖਾਂ ਤੋ ਓਹਲੇ ਹੋ ਗਿਆ। ਪਿਆਰਾ ਸਿੰਘ ਕੁੱਝ ਅੱਗੇ ਵਧਿਆ ਤਾਂ ਇਕ ਤਪੱਸਵੀ ਜੋ ਧੂਣਾ ਲਾ ਕੇ ਬੈਠਾ ਸੀ ਉਸਨੇ ਪਿਆਰਾ ਸਿੰਘ ਨੂੰ ਗਜ਼ ਮਾਰੀ, "ਭਗਤਾ! ਪਿੱਛੇ ਮੁੜ ਜਾ, ਤੇਰਾ ਤਾਂ ਮੁਰਸ਼ਿਦ ਬਹੁਤ ਕਾਮਲ ਹੈ।" ਪਿਆਰਾ ਸਿੰਘ ਪਿੱਛੇ ਮੁੜ ਆਇਆ। ਪਿੱਛਿਉਂ ਪਿਆਰਾ ਸਿੰਘ ਦੇ ਪਿਤਾ ਅਤੇ ਮਾਮਾ ਪਿਆਰਾ ਸਿੰਘ ਦਾ ਪਤਾ ਕਰਨ ਵਾਸਤੇ ਮਹਾਰਾਜ ਜੀ ਦੇ ਕੋਲ ਆਏ। ਮਹਾਰਾਜ ਜੀ ਦੇ ਚਰਨਾਂ ਵਿਚ ਅਰਜ ਕੀਤੀ ਜੀ ਪਿਆਰਾ ਸਿੰਘ ਘਰ ਨਹੀਂ ਗਿਆ। ਦੁਲੇਲ ਸਿੰਘ ਨੂੰ ਆਖਿਆ, "ਦੁਲੇਲ, ਪਿਆਰੇ ਨੂੰ ਬੰਗੀਂ ਦੇਖ ਆਉਣਾ ਸੀ।" ਉਧਰੋਂ ਪਿਆਰਾ ਸਿੰਘ ਬੰਗਿਆਂ ਤੋਂ ਮਜਾਰੇ ਵੱਲ੍ਹ ਨੂੰ ਆ ਰਿਹਾ ਸੀ। ਰਾਹ ਵਿਚ ਹੀ ਇਕ ਦੂਜੇ ਨੂੰ ਮਿਲ ਪਏ। ਮਹਾਰਾਜ ਸਾਬੋਆਣੇ ਬਾਵਿਆਂ ਦੇ ਬਾਗ ਵਿਚ ਬੈਠੇ ਸਨ, ਮੁੜਕੇ ਆਉਂਦੇ ਹੋਏ ਫਿਰ ਮਹਾਰਾਜ ਜੀ ਦੇ ਕੋਲ ਆ ਗਏ। ਪਿਆਰਾ ਸਿੰਘ ਨੂੰ ਕੋਲ ਬਹਾ ਲਿਆ। ਵਰਿਆਮ ਸਿੰਘ ਤੇ ਦੁਲੇਲ ਸਿੰਘ ਨੂੰ ਪਿੱਛੇ ਮੋੜ ਦਿੱਤਾ। ਇੰਨੇ ਚਿਰ ਨੂੰ ਇਕ ਦੁੱਧ ਦੀ ਗੜਵੀ ਇਕ ਗੁਰਮੁਖ ਲੈ ਕੇ ਆਇਆ। ਕੁੱਝ ਆਪ ਪੀਤਾ ਪਿਛਿਉਂ ਪਿਆਰਾ ਸਿੰਘ ਨੂੰ ਪਿਲਾਇਆ। ਦੁੱਧ ਪਿਲਾ ਕੇ ਹੁਕਮ ਕੀਤਾ, "ਚੱਲ ਪਿਆਰਾ ਮੰਜਕੀ ਵੱਲ੍ਹ ਜੱਟ ਬਣਕੇ ਦਿਨ ਕੱਟ ਲਈਦੇ ਹਨ।" ਅਖੀਰ ਪਿਆਰਾ ਸਿੰਘ ਨੂੰ ਐਸਾ ਰੰਗ ਬਖਸ਼ਿਆ ਕਿ ਉਹ ਸ਼ਾਦੀ ਕਰਾਉਣ ਤੋਂ ਵੀ ਇਨਕਾਰੀ ਹੋ ਗਿਆ, ਬਹੁਤ ਜ਼ਿਆਦਾ ਘਰ ਦਿਆਂ ਦੇ ਆਖਣ ਤੇ ਮੰਨਿਆ। ਜਿਸ ਦਿਨ ਵਿਆਹੁਣ ਜਾਣਾ ਸੀ, ਉਸ ਦਿਨ ਫਿਰ ਐਸਾ ਮਨ ਵਿਚ ਪ੍ਰੇਮ ਨੇ ਉਛਾਲਾ ਦਿੱਤਾ। ਮਹਾਰਾਜ ਦੇ ਬੂਹੇ ਮੋਹਰੇ ਆ ਕੇ ਬੈਠ ਗਿਆ। ਵਿਆਹ ਕਰਾਉਣ ਤੋਂ ਫਿਰ ਇਨਕਾਰ ਕਰ ਦਿੱਤਾ। ਫਿਰ ਸਾਰਾ ਟੱਬਰ ਰਿਸ਼ਤੇਦਾਰ ਨੱਠੇ ਆਏ, ਮਿਨਤਾਂ ਤਰਲੇ ਕੀਤੀਆਂ, ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀਆਂ ਕੀਤੀਆਂ ਜਿਵੇਂ ਵਿਸ਼ਨੂੰ ਜੀ ਨੇ ਨਾਰਦ ਨੂੰ ਆਖਿਆ ਸੀ ਇਕ ਰਾਜੇ ਦੀ

ਲੜਕੀ ਨਾਲ ਤੇਰੀ ਸ਼ਾਦੀ ਹੋਣੀ ਹੈ। ਉਹ ਤਿਥ ਭੁਗਤ ਪੂਰੀ ਕਰਕੇ ਫਿਰ ਸੰਨਿਆਸ ਧਾਰਨ ਕਰੀ। ਜਿਵੇਂ ਭਰਥਰੀ ਨੂੰ ਇਕ ਮਿਰਗ ਨੇ ਆਖਿਆ ਸੀ, "ਹੇ ਭਰਥਰੀ! ਜੂਨੀਪਤ ਰਾਜੇ ਦੀ ਲੜਕੀ ਕਮਲਾਪਤੀ ਉਸ ਨਾਲ ਤੇਰਾ ਸੰਯੋਗ ਹੈ ਉਹ ਪੂਰਾ ਕਰ। ਨਹੀਂ ਤੇ ਸਾਧੂ ਨਹੀਂ ਰਵ੍ਹੇਗਾ ਨਰਕਾਂ ਨੂੰ ਜਾਵੇਂਗਾ।" ਐਸੇ ਹੀ ਪਿਆਰਾ ਸਿੰਘ ਨੂੰ ਮਹਾਰਾਜ ਜੀ ਨੇ ਉਪਦੇਸ਼ ਕੀਤਾ, "ਕਾਕਾ! ਪਰਾਭਯ ਕਰਮ ਜੋ ਭੀ ਬਣ ਚੁੱਕਾ ਹੈ, ਪਿਛਲੇ ਜਨਮਾਂ ਦਾ ਭੁਗਤਣਾ ਹੀ ਪੈਂਦਾ ਹੈ, ਇਸਨੂੰ ਮੁਕਾ ਲੈਣਾ ਚੰਗਾ ਹੁੰਦਾ ਹੈ, ਨਹੀਂ ਤਾਂ ਫਿਰ ਭੁਗਤਣਾ ਪਵੇਗਾ।" ਪਿਆਰਾ ਸਿੰਘ "ਜੀ! ਆਪ ਚਲੋਗੇ ਤਾਂ ਵਿਆਹ ਕਰਵਾਵਾਂਗਾ।" ਮਹਾਰਾਜ "ਕਾਕਾ! ਚਲ ਅਸੀਂ ਵੀ ਤੇਰੇ ਨਾਲ ਹੀ ਅਨੰਦ ਕਾਰਜ ਵੇਲੇ ਦਰਸ਼ਨ ਦੇਵਾਂਗੇ।" ਮਹਾਰਾਜ ਜੀ ਦੇ ਆਖਣ ਤੇ ਪਿਆਰਾ ਸਿੰਘ ਵਿਆਹ ਕਰਾਉਣ ਚਲਿਆ ਗਿਆ। ਪਿੰਡ ਕੰਗ ਜਗੀਰ ਵਿਚ ਵਿਆਹੁਣ ਚਲੇ ਗਏ। ਪਿਆਰਾ ਸਿੰਘ ਦਾ ਵਿਆਹ ਵੀਰ ਸਿੰਘ ਦੀ ਪੁੱਤਰੀ ਅਮਰ ਕੌਰ ਨਾਲ ਹੋਇਆ। ਮਹਾਰਾਜ ਜੀ ਅਮਰ ਕੌਰ ਨੂੰ ਰਾਮ ਕੌਰ ਸੱਦਦੇ ਹੁੰਦੇ ਸਨ। ਪੰਜ ਲੜਕੇ ਇਕ ਲੜਕੀ ਪੈਦਾ ਹੋਣ ਤੋਂ ਬਾਅਦ ਫਿਰ ਘਰ ਛੱਡਕੇ ਮੰਜਕੀ ਦੇ ਪਿੰਡ ਬਿਲਗਾ ਵੱਡਾ ਰੁੜਕਾ ਇਸ ਪਾਸੇ ਰਹਿਣ ਲੱਗਾ। ਬਾਕੀ ਜ਼ਿੰਦਗੀ ਸਾਧਪੁਣੇ ਵਿਚ ਹੀ ਬਸਰ ਕੀਤੀ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਸੰਤ ਕਰਤਾਰ ਦਾਸ ਜੀ ਦੀ ਚੱਲੀ

ਸੰਤ ਕਰਤਾਰ ਦਾਸ ਜੀ ਦਾ ਜਨਮ ਪਿੰਡ ਸਿੰਘਪੁਰ ਜ਼ਿਲ੍ਹਾ ਹੁਸ਼ਿਆਰਪੁਰ ਰਾਜਨੀ ਕੌਲ ਹੋਇਆ। ਇਨ੍ਹਾਂ ਦੇ ਮਾਤਾ ਪਿਤਾ ਨੇ ਪਿੰਡ ਮਾਹਿਲ ਗਹਿਲਾਂ ਸੰਤ ਇੰਦਰ ਦਾਸ ਦੇ ਡੇਰੇ ਪਹਿਲਾ ਬੱਚਾ ਚੜ੍ਹਾਉਣ ਦੀ ਸੁੱਖ ਸੁੱਖੀ ਜੇ ਸਾਡੇ ਘਰ ਔਲਾਦ ਹੋ ਜਾਵੇ। ਸੰਤਾਂ ਦੀ ਮਿਹਰ ਨਾਲ ਇਕ ਵਰ੍ਹੇ ਬਾਅਦ ਪੁੱਤਰ ਜਨਮਿਆ। ਕਰਤਾਰ ਦਾਸ ਜੀ ਬਹੁਤ ਸੁੰਦਰ ਸੀ ਰੰਗ ਗੋਰਾ, ਨੈਣ ਨਸ਼ੀਲੇ ਜਾਣੀ ਤਸਵੀਰ ਹੀ ਕੱਟੀ ਹੋਈ ਸੀ। ਦੋ ਸਾਲ ਦੀ ਉਮਰ ਹੋਣ ਤੇ ਕਰਤਾਰ ਦਾਸ ਦੇ ਫੋੜੇ ਨਿਕਲ ਆਏ ਕਿਤਿਓਂ ਅਰਾਮ ਨਾਂ ਆਵੇ ਆਖ਼ਿਰ ਮਾਤਾ ਪਿਤਾ ਤੰਗ ਆ ਕੇ ਮਾਹਿਲੀਂ

ਸੰਤ ਇੰਦਰ ਦਾਸ ਦੇ ਡੇਰੇ ਛੱਡ ਗਏ। ਜਿੱਥੇ ਦੀ ਚੀਜ਼ ਸੀ ਜਦੋਂ ਉਸ ਜਗ੍ਹਾ ਆਈ ਤਾਂ ਦੇਹ ਕੰਗਣ ਵਰਗੀ ਸਾਫ ਹੋ ਗਈ। ਕਰਤਾਰ ਦਾਸ ਜੀ ਸੱਤ ਸਾਲ ਦੇ ਹੋਏ ਤਾਂ ਚੱਕ ਕਰਾਲੀਂ ਮਹੰਤ ਪਰਾਗਰਾਜ ਜੀ ਕੋਲ ਪੜ੍ਹਨੇ ਪਾ ਦਿੱਤੇ। ੨੫ ਸਾਲ ਦੀ ਉਮਰ ਤਾਈਂ ਵਿਦਿਆ ਪ੍ਰਾਪਤ ਕੀਤੀ। ਕਾਸ਼ੀ ਵਿਚ ਆ ਕੇ ਸੰਸਕ੍ਰਿਤੀ ਪੜ੍ਹੀ। ਵਿਦਿਆ ਪੜ੍ਹਕੇ ਕੁੱਝ ਸਾਲ ਬਾਅਦ ਮਹਿਲੀਂ ਡੇਰੇ ਵਿਚ ਆ ਗਏ। ਪਿੰਡ ਝਿਗੜੀਂ ਇਨ੍ਹਾਂ ਦਾ ਸੰਤ ਹਰੀਪਾਲ ਕੋਲ ਆਉਣਾ ਜਾਣਾ ਹੁੰਦਾ ਸੀ। ਇਕ ਦਿਨ ਹਰੀਪਾਲ ਨੂੰ ਮਿਲਣ ਵਾਸਤੇ ਆਏ। ਰਸਤੇ ਵਿਚ ਮਹਾਰਾਜ ਗੁਣਾਚੌਰ ਦੇ ਖੇਤਾਂ ਵਿਚ ਬੈਠੇ ਸਨ। ਕਰਤਾਰ ਦਾਸ ਨੇ ਵੀ ਨਮਸਕਾਰ ਕੀਤੀ, ਕਰਤਾਰ ਦਾਸ ਨੂੰ ਬੈਠ ਜਾਣ ਦਾ ਹੁਕਮ ਕੀਤਾ। ਕਰਤਾਰ ਦਾਸ ਕੋਲ ਗਰੰਥ ਚੁੱਕੇ ਹੋਏ ਸਨ। ਮਹਾਰਾਜ ਜੀ ਨੇ ਸਾਰੇ ਗਰੰਥ ਲੈ ਲਏ। ਕਰਤਾਰ ਦਾਸ ਨੂੰ ਹੁਕਮ ਕੀਤਾ, "ਸਾਧੂ! ਆਤਮਿਕ ਗਿਆਨ ਤੋਂ ਬਿਨਾਂ ਹਨ੍ਹੇਰਾ ਹੀ ਹਨ੍ਹੇਰਾ ਹੈ। ਹਰੀ ਚਿੰਤਨ ਕਰਿਆ ਕਰ, ਕਿਤਾਬਾਂ ਦਾ ਭਾਰ ਚੁੱਕਣ ਦਾ ਕੀ ਫ਼ਾਇਦਾ ਹੈ,

- *ਦਿਲ ਤੇ ਦਮਾਗ ਦੀ ਦਰੁਸਤੀ ਦੇ ਨਾਲ ਯਾਰ ਬਗਲ ਮੇਂ ਸੂਰਤ ਪਛਾਣ ਦਿਲਦਾਰ ਦੀ।*
- *ਬੁਧਵਾਰ ਕਰੇ ਬੁੱਧ ਪ੍ਰਕਾਸ਼, ਹਿਰਦੇ ਕੰਵਲ ਮੇਂ ਹਰਿ ਕਾ ਵਾਸੁ॥*
- *ਸਾਧੂ ਜੇ ਬ੍ਰਹਮ ਦੀ ਵਿਚਾਰ ਨਾਂ ਕੀਤੀ ਜਾਵੇ ਤਾਂ ਵਿਦਿਆ ਵੀ ਬੇਕਾਰ ਹੈ,*
- *ਖੋਜ ਨਹੀ ਦੇਖਦਾ ਹੈਂ ਜਬ ਲਗ ਆਪ ਭਾਂਈ ਭਰਮ ਨਾ ਜਾਏ ਭਮੇਂ ਸਭ ਅਕਲੀਮ ਭੂੰ॥*

ਤੀਰਥਾਂ ਦਿਆਂ ਕੀਤਿਆਂ ਤੇ ਵੇਦਾਂ ਦਿਆਂ ਪੜ੍ਹਿਆਂ ਤੇ ਇਸਦੀ ਕਲਿਆਣ ਨਹੀਂ ਹੁੰਦੀ। ਕਲਿਆਣ ਤਾਂ ਬ੍ਰਹਮ ਦੀ ਕਮਾਈ ਕਰਨ ਨਾਲ ਹੀ ਹੁੰਦੀ ਹੈ।" ਕਰਤਾਰ ਦਾਸ ਨੂੰ ਵਿਦਿਆ ਪੜ੍ਹਕੇ ਵਿਦਿਆ ਦਾ ਮਾਣ ਸੀ, ਕਲਿਆਣ ਤਾਂ ਬ੍ਰਹਮ ਦੀ ਕਮਾਈ ਨਾਲ ਹੀ ਹੁੰਦਾ ਹੈ। ਕਰਤਾਰ ਦਾਸ ਦਾ ਦਿਲ ਨਰਮ ਹੋ ਗਿਆ, ਨਿਆਸਰਾ ਬਣ ਗਿਆ। ਸਤਿਗੁਰਾਂ ਦਾ ਦਰਸ਼ਨ ਰੋਮ-ਰੋਮ ਵਿਚ ਝਰਨਾਹਟਾਂ ਦੇ ਗਿਆ। ਪ੍ਰੇਮ ਦਾ ਚੂਣਾ ਅੰਦਰ ਚੁਖਣ ਲੱਗਾ। ਅੱਗੋਂ ਝਿਗੜੀ ਚਲਿਆ ਤੇ ਗਿਆ ਰਾਤ ਮਸਾਂ ਕੱਟੀ ਦਿਲ ਨੂੰ ਤੋੜ ਲੱਗੀ ਹੋਈ ਕਦੋਂ ਸੋਹਣੇ ਪ੍ਰੀਤਮ ਦੇ ਫਿਰ ਜਾ ਕੇ ਦਰਸ਼ਨ ਕਰਾਂ।

'ਦਾਗ ਅੰਬ ਤੇ ਸੀਰ ਦਾ ਜਾਏ ਨਾਹੀਂ, ਤਿਵੇਂ ਇਸ਼ਕ ਦਾ ਦਾਗ ਨਾ ਜਾਂਵਦਾ ਈਂ'। ਕਰਤਾਰ ਦਾਸ ਸੱਚਾ ਪ੍ਰੇਮੀ ਬਣ ਗਿਆ। ਚੰਦ ਚਕੋਰ ਵਾਲੀ ਪਰੀਤੀ ਹੋ ਗਈ। ਇਕ ਕੁਟੀਆ ਪਿੰਡ ਮਜਾਰੇ ਦੇ ਲਹਿੰਦੇ ਪਾਸੇ ਕਬਰਾਂ ਵਿਚ ਬਣਾ ਕੇ ਬੈਠ ਗਿਆ। ਹਰ ਰੋਜ਼ ਸਤਿਗੁਰਾਂ ਦੇ ਦਰਸ਼ਨ ਕਰਕੇ ਮੁੜ ਇਸੇ ਹੀ ਕੁਟੀਆ ਵਿਚ ਆ ਕੇ ਭਗਤੀ ਕਰਨੀ। ਮਾਹਲਾਂ ਤੋਂ ਇੰਦਰ ਦਾਸ ਇਸਦਾ ਪਹਿਲਾ ਗੁਰੂ ਲੈਣ ਵਾਸਤੇ ਆਇਆ, ਉਸਨੂੰ ਕਰੜਾ ਜਵਾਬ ਦਿੱਤਾ। ਜਿਵੇਂ ਮਹੀਂਵਾਲ ਨੇ ਆਪਣੇ ਸਾਥੀਆਂ ਨੂੰ ਗੁਜਰਾਤ ਵਿਚ ਸੋਹਣੀ ਨੂੰ ਦੇਖਕੇ ਜਵਾਬ ਦੇ ਦਿੱਤਾ ਸੀ। ਅਸੀਂ ਜਿੱਥੇ ਪਹੁੰਚਣਾ ਸੀ ਪਹੁੰਚ ਗਏ ਹਾਂ। ਐਸੇ ਹੀ ਕਰਤਾਰ ਦਾਸ ਨੇ ਆਪਣੇ ਪਹਿਲੇ ਗੁਰੂ ਇੰਦਰ ਦਾਸ ਨੂੰ ਜਵਾਬ ਦਿੱਤਾ, ਅਸੀਂ ਜਿੱਥੇ ਪਹੁੰਚਣਾ ਸੀ ਪਹੁੰਚ ਗਏ ਹਾਂ। ਸਾਡੇ ਕੋਲ ਕਿਸੇ ਨਹੀਂ ਆਉਣਾ। ਦੂਜੇ ਗੁਰੂ ਅੰਗਦ ਦੇਵ ਨੇ ਕਰਤਾਰਪੁਰ ਪਹੁੰਚ ਕੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਕੇ ਆਪਣੇ ਸਾਥੀਆਂ ਨੂੰ ਜਵਾਬ ਦੇ ਦਿੱਤਾ ਸੀ "ਭਾਈ! ਚਲੇ ਜਾਵੋ, ਸਾਨੂੰ ਖੁਦਾ ਦਾ ਘਰ ਲੱਭ ਪਿਆ, ਹੁਣ ਅਸੀਂ ਹੋਰ ਕਿਸੇ ਦੇ ਬੂਹੇ ਅੱਗੇ ਆ ਕੇ ਅਲਖ ਨਹੀਂ ਜਗਾਵਾਂਗੇ।" ਇੰਦਰ ਦਾਸ ਵਾਪਿਸ ਚਲਾ ਗਿਆ। ਇਕ ਦਿਨ ਕਰਤਾਰ ਦਾਸ ਸਤਿਗੁਰਾਂ ਦੇ ਦਰਸ਼ਨ ਹਰ ਰੋਜ਼ ਦੀ ਤਰਾਂ ਕਰਨ ਗਿਆ ਅੱਗੋਂ ਮਹਾਰਾਜ ਦਰਵਾਜ਼ੇ ਤੋਂ ਸਾਹਮਣੇ ਕਰਮੀ ਦੇ ਘਰ ਬੈਠੇ ਸੀ। ਕਰਤਾਰ ਨਾਲ ਲਿਵ ਜੁੜੀ ਹੋਈ ਸੀ। ਉਸ ਸਮੇਂ ਸਤਿਗੁਰਾਂ ਦੇ ਜਿਸਨੇ ਦਰਸ਼ਨ ਕੀਤੇ, ਸਭ ਦੇ ਬੇੜੇ ਪਾਰ ਹੋਏ। ਕਰਤਾਰ ਦਾਸ ਨੇ ਨਮਸਕਾਰ ਕੀਤੀ, ਸਤਿਗੁਰਾਂ ਨੇ ਮਿਹਰ ਭਰੀ ਨਜ਼ਰ ਨਾਲ ਪਿਆਰੇ ਸ਼ਿਸ਼ ਵੱਲ੍ਹ ਤੱਕਿਆ ਪਤਾ ਨਹੀਂ ਇਸ ਤੱਕਣੀ ਵਿਚ ਕੀ ਬਰਕਤਾਂ ਸਨ? ਕੀ ਨਸ਼ਿਆਂ ਦੇ ਜਾਮ ਸਨ ਇਕੋ ਹੀ ਨੈਣਾਂ ਦੇ ਵਾਰ ਨਾਲ ਕਰਤਾਰ ਦਾਸ ਨਸ਼ੇ ਵਿਚ ਮਤਵਾਲਾ ਹੋ ਗਿਆ, ਬੇਸੁਧ ਹੋ ਗਿਆ। ਕੋਈ ਪਤਾ ਨਹੀਂ ਰਿਹਾ ਇੰਨਾਂ ਨਸ਼ਾ? ਬੂਹੇ ਮੋਹਰੇ ਹੀ ਡਿੱਗ ਪਿਆ, ਨਾਲੀ ਵਿਚ ਸਣੇ ਕਪੜੀਂ ਜਾ ਪਿਆ

'ਬਸ ਬੁਲਾਓ ਨਹੀ ਹਮਕੋ ਕੋਈ ਨੌਸ ਨਸਾ ਕੀਆ ਹੈ ਹਮਨੇ।'

ਕਰਤਾਰ ਦਾਸ ਨਸ਼ਈ ਹੋ ਕੇ ਗਾਰੇ ਵਿਚ ਲਿਬੜਿਆ ਪਿਆ ਕੋਈ

ਸੁਰਤ ਨਹੀਂ। ਇੰਦਰ ਮਜਾਰੇ ਵਾਲਾ ਦਰਸ਼ਨ ਕਰਨ ਆਇਆ। ਮਹਾਰਾਜ ਜੀ ਨੇ ਇੰਦਰ ਨੂੰ ਆਖਿਆ, "ਇੰਦਰ! ਚੁਕ ਕੇ ਸਾਧੂ ਨੂੰ ਕਬਰਾਂ ਵਿਚ ਛੱਡ ਆਉ। ਇੰਦਰ ਨੇ ਕਰਤਾਰ ਦਾਸ ਨੂੰ ਉਠਾ ਕੇ ਪਿਛੇ ਘਨੇੜੀ ਲਾ ਕੇ ਚੁੱਕਿਆ ਕੁਟੀਆ ਵਿਚ ਛੱਡ ਗਿਆ। ਕਰਤਾਰ ਦਾਸ ਦੀ ਰੂਹ ਫੁੱਲਾਂ ਵਰਗੀ ਹਲਕੀ ਹਲਕੀ ਸਾਫ਼ ਸਾਫ਼ ਬਸੰਤ ਰੁੱਤ ਦੇ ਆਕਾਸ਼ ਵਾਂਗ ਨਿਰਮਲ ਹਿਰਦਾ ਸ਼ੁੱਧ ਹੋ ਗਿਆ। ਹੁਣ ਨਾ ਕੋਈ ਤ੍ਰੇਹ ਨਾ ਕੋਈ ਭੁੱਖ ਰਹੀ। ਮਨ ਸਬਰ ਦਾ ਪੁੰਜ ਬਣ ਗਿਆ। ਅੰਦਰੋਂ ਕੁੰਡੀ ਲਾ ਲਈ, ਨਾ ਕੁੱਝ ਖਾਵੇ ਨਾ ਪੀਵੇ। ਸਰੀਰ ਕੁੱਬਾ ਹੋ ਗਿਆ। ਜੰਗਾਂ ਬਿਲਕੁਲ ਮਰ ਗਈਆਂ। ਜਿਉਂਦਾ ਹੀ ਮਰਕੇ ਅਮਰ ਹੋ ਗਿਆ। ਐਸੀ ਘੋਰ ਤਪੱਸਿਆ ਕੀਤੀ ਬਾਰਾਂ ਸਾਲ ਇਸ ਕੁਟੀਆ ਅੰਦਰ ਬੈਠਕੇ ਤਪ ਕੀਤਾ। ਮਹਾਰਾਜ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਪਤਾ ਨਹੀਂ ਕਿਸੇ ਪਾਸੇ ਚਲੇ ਗਏ, ਮੁੜ ਨਹੀਂ ਆਏ ਨਾ ਕਿਸੇ ਦੇਖੇ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਸੰਤ ਅਵਧੂਤ ਜੀ ਦੇ ਮਿਲਾਪ ਦੀ ਚੱਲੀ

ਸੰਤ ਸੰਤੋਖ ਸਿੰਘ ਇਨ੍ਹਾਂ ਦਾ ਜਨਮ ਪਿੰਡ ਗਸੂਲਪੁਰ, ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਇਨ੍ਹਾਂ ਦੀ ਮਾਤਾ ਦਾ ਨਾਂ ਇੰਦ ਕੌਰ ਤੇ ਪਿਤਾ ਦਾ ਨਾਂ ਰਾਮ ਸਿੰਘ ਸੀ, ਇਨ੍ਹਾਂ ਦਾ ਸੁਭਾਅ ਬਚਪਨ ਤੋਂ ਹੀ ਸੰਤ ਸੇਵੀ ਸੀ। ਹਰ ਜਸ ਸੁਣਨਾ, ਆਏ ਸਾਧੂ ਸੰਤਾਂ ਦੀ ਸੇਵਾ ਕਰਨੀ। ਇਨ੍ਹਾਂ ਦੇ ਪਿੰਡ ਵਿਚ ਸਾਧੂ ਰਹਿੰਦੇ ਸਨ। ਸੰਤਾਂ ਦੇ ਸੰਗਤ ਕਰਦਿਆਂ ਕਰਦਿਆਂ ਐਸਾ ਮਨ ਦਾ ਰੰਗ ਚੜ੍ਹਿਆ ਕਿ ਸਾਰੇ ਦੁਨੀਆਂ ਦੇ ਰਿਸ਼ਤੇ ਛੱਡ ਕੇ ੩੦ ਸਾਲ ਦੀ ਉਮਰ ਵਿਚ ਜਗਰਾਵੀਂ ਸੰਤ ਦੀਨ ਦਿਆਲ ਜੀ ਦੇ ਵੱਡੇ ਚੇਲੇ ਸੰਤ ਨਾਹਰ ਸਿੰਘ ਨੂੰ ਗੁਰੂ ਧਾਰਨ ਕੀਤਾ। ਗੇਰੂ ਰੰਗੇ ਬਸਤਰ ਪਹਿਨ ਲਏ, ਸਾਧੂ ਬਣ ਗਏ। ਇਸੇ ਹੀ ਡੇਰੇ ਵਿਚ ਆਪ ਜੀ ਨੇ ਪੰਜਾਬੀ ਪੜ੍ਹੀ। ਪੰਦਰਾਂ ਸਾਲ ਇਹ ਤਿੰਨੇ ਸਾਧੂ ਮਿਹਰ ਸਿੰਘ, ਇਕ ਹੋਰ ਇਕੱਠੇ ਰਹੇ। ਕਾਫ਼ੀ ਤੀਰਥਾਂ ਤੇ ਇਸ਼ਨਾਨ ਕੀਤੇ, ਪਰਬਤਾਂ ਦੀਆਂ ਸੈਰਾਂ ਕਰਦੇ ਰਹੇ, ਜਮਨਾ, ਗੰਗਾ, ਗੋਦਾਵਰੀ, ਪਰਾਗਰਾਜ, ਉਜੈਨ,

ਤ੍ਰਿਵੈਣੀ, ਸਾਰੇ ਤੀਰਥਾਂ ਦੀ ਯਾਤਰਾ ਕੀਤੀ। ਇਕ ਵਾਰ ਹਰਿਦੁਆਰ ਦੇ ਕੁੰਭ ਤੇ, ਇਕੱਠੇ ਹੋ ਕੇ ਸਾਧੂ ਗਏ। ਇੱਕ ਪੱਧਰੀ ਜਿਹੀ ਥਾਂ ਬ੍ਰਿਛਾਂ ਦੇ ਛਾਵੇਂ ਸੰਤ ਮੰਡਲੀ ਬੈਠੀ, ਬਚਨ ਚਲੇ। ਇਕ ਮਹਾਤਮਾ ਨੇ ਸਵਾਲ ਕੀਤਾ, ਜਿਵੇਂ ਰਾਮ ਚੰਦਰ, ਕ੍ਰਿਸ਼ਨ, ਗੁਰੂ ਨਾਨਕ ਜੀ ਅਵਤਾਰ ਹਸਤੀਆਂ ਹੋਈਆਂ ਹਨ, ਇਸ ਵੇਲੇ ਵੀ ਕੋਈ ਮਹਾਂਬਲੀ ਉਸ ਹਸਤੀ ਦਾ ਮਾਲਿਕ ਦੁਨੀਆਂ ਵਿਚ ਹੋਵੇਗਾ? ਇਕ ਸੰਤ ਨੇ ਆਖਿਆ ਜ਼ਿਲ੍ਹਾ ਜਲੰਧਰ ਵਿਖੇ ਉਹੀ ਤ੍ਰਿਕਾਲ ਦਰਸ਼ੀ ਸਾਧੂ ਰੂਪ ਵਿਚ ਮਾਤ ਲੋਕ ਵਿਚ ਆਏ ਹੋਏ ਹਨ। ਜਿਸਨੇ ਵੀ ਦਰਸ਼ਨ ਕਰਨੇ ਹਨ, ਬੇਸ਼ਕ ਜਾ ਕੇ ਕਰ ਲਵੋ। ਉਹੋ ਹੀ ਜੋਤ ਹੈ, ਉਸ ਪਹੁੰਚੇ ਹੋਏ ਫ਼ਕੀਰ ਦੀ ਰਸਨਾ ਤੋਂ ਸੰਤ ਸੰਤੋਖ ਸਿੰਘ ਨੇ ਬਚਨ ਸੁਣਿਆ, ਸੁਣਦਿਆਂ ਸਾਰ ਹੀ ਕਲੇਜੇ ਵਿਚ ਧੂਹ ਪਈ ਬਿਨਾਂ ਦੇਖਿਆਂ ਹੀ ਅੰਦਰ ਖਿੱਚ ਪੈਣ ਲੱਗੀ। ਸਮਾਂ ਤੇ ਮਿਲਾਪ ਦਾ ਆਇਆ ਹੁੰਦਾ ਹੈ। ਜਿਵੇਂ ਧੂਣਾ ਧੁਖਦਾ ਹੋਵੇ ਫੂਕ ਮਾਰਨ ਨਾਲ ਅੱਗ ਬਲ ਪੈਂਦੀ ਹੈ। ਐਸੇ ਹੀ ਪਿਆਰ ਦਾ ਸੋਮਾ ਅੰਦਰ ਹੁੰਦਾ ਹੈ ਪਰ ਬਿਨਾਂ ਜਾਣੇ ਤੋਂ ਦੇਖਿਆ ਨਹੀਂ ਜਾਂਦਾ। ਸੰਤ ਸੰਤੋਖ ਸਿੰਘ ਜੀ ਉਸੇ ਵੇਲੇ ਰੇਲ ਗੱਡੀ ਬੈਠਕੇ ਜਲੰਧਰ ਚਲੇ ਗਏ। ਜਲੰਧਰ ਪੁੱਛਣ ਤੇ ਪਤਾ ਲੱਗਾ ਕਿ ਪਿੱਛੇ ਫਿਲੌਰ ਜਾ ਕੇ ਉੱਤਰਿਓ। ਫਿਲੌਰ ਆ ਕੇ ਉਤਰੇ ਪਿੰਡ ਗੜ੍ਹੇ ਪੁੱਛਣ ਤੋਂ ਪਤਾ ਲੱਗਾ ਕਿ ਉਹ ਮਹਾਂਪੁਰਸ਼ ਰਾਜਾ ਸਾਹਿਬ ਪਿੰਡ ਮਜਾਰੇ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਹਨ। ਸੰਤ ਰਾਤ ਪਿੰਡ ਖੈਹਰੀ ਚਲੇ ਗਏ। ਭੋਜਨ ਖਾ ਕੇ ਰਾਤ ਨੂੰ ਤੁਰਨ ਲੱਗੇ ਅੰਦਰ ਇੰਨੀ ਤੀਬਰ ਖਿੱਚ ਪੈ ਰਹੀ ਸੀ ਕਿ ਦੋ ਬਜ਼ੁਰਗ ਸੰਤਾਂ ਨੂੰ ਆਖਣ ਲੱਗੇ ਰਾਤ ਦਾ ਸਮਾਂ ਹੈ, ਸੰਤ ਜੀ ਸਵੇਰੇ ਚਾਰ ਵਜੇ ਸਾਡੇ ਨਾਲ ਹੀ ਤੁਰ ਪੈਣਾ, ਅਸੀਂ ਪਿੰਡ ਪਾਲੀ ਅਫ਼ਸੋਸ ਵਾਸਤੇ ਜਾਣਾ ਹੈ। ਸਵੇਰੇ ਚਾਰ ਵਜੇ ਉੱਠਕੇ ਸੰਤ ਭਿਖਸ਼ੂ ਬਣ ਕੇ ਮੁਰਸ਼ਿਦ ਦੇ ਟਿੱਲੇ ਦਾ ਰਾਹ ਫੜਿਆ 'ਮਤਾ ਹੋਇਆ ਸੂ ਕੈਨ ਪੜਵਾਵਣੇ ਦਾ। ਇਹ ਗੱਲ ੧੯੩੨ ਦੀ ਹੈ। ਉਸ ਵੇਲੇ ਸੰਤ ਘੁੰਗਰੂਦਾਸ ਪਿੰਡ ਰਹਿਪੇ ਵਿਚ ਡੇਰਾ ਬਣਾ ਰਹੇ ਸਨ। ਪਹਿਲਾਂ ਸੰਤ ਘੁੰਗਰੂਦਾਸ ਕੋਲ ਆਏ। ਡੇਰਾ ਚੰਗਾ ਬਣਿਆ ਹੋਇਆ ਦੇਖ ਕੇ ਸੋਚਿਆ ਪਤਾ ਨਹੀਂ ਇਹ ਸੰਤ ਹੋਵਣਗੇ। ਪਤਾ ਕਰਕੇ ਫਿਰ ਅੱਗੇ ਪਿੰਡ ਮਜਾਰੇ ਪਹੁੰਚੇ। ਮਨ ਵਿਚ ਬਹੁਤ ਖਵਾਹਿਸ਼ ਸੀ ਕਿ ਕਿਤੇ ਕਾਮਿਲ ਪੀਰ ਮਿਲੇ। ਆਵਾਗਉਣ ਦਾ ਚੱਕਰ ਮਿਟ ਜਾਣ ਕਿਉਂਕਿ ਪੂਰੇ

ਮੁਰਸ਼ਿਦ ਤੋਂ ਬਿਨਾਂ ਪ੍ਰਭੂ ਦੇ ਮਿਲਾਪ ਦਾ ਰਸਤਾ ਨਹੀਂ ਲੱਭਦਾ। ਸੁੰਨ ਦੇ ਮਹਿਲ ਦੀ ਪ੍ਰਾਪਤੀ ਨਹੀਂ ਹੁੰਦੀ। ਮੰਜ਼ਿਲ ਨਹੀਂ ਤੈਅ ਹੁੰਦੀ, ਮੋਕਸ਼ ਦਾ ਬੂਹਾ ਨਹੀਂ ਲੱਭਦਾ। ਕਲਿਆਣ ਪੂਰੇ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਸੰਤ ਸੰਤੋਖ ਸਿੰਘ ਦੇ ਮਨ ਵਿਚ ਬਹੁਤ ਪਿਆਸ ਲੱਗੀ ਹੋਈ ਸੀ ਕਿ ਕਾਮਿਲ ਗੁਰੂ ਮਿਲੇ ਤਾਂ ਹਲਤ ਪਲਤ ਦੋਵੇਂ ਸੁਧਰ ਜਾਣ। ਜਿਵੇਂ ਅੰਮ੍ਰਿਤ ਕੁੰਡ ਵੱਲ੍ਹ ਦੇਵਤਾ ਲੋਕ ਭੱਜੇ ਜਾਣ ਐਸੇ ਸੰਤ ਸੰਤੋਖ ਸਿੰਘ ਜੀ ਨਾਭ ਕੰਵਲ ਰਾਜਾ ਸਾਹਿਬ ਦੇ ਦਰਸ਼ਨਾਂ ਨੂੰ ਵਗੇ ਜਾਂਦੇ। ਪਿੰਡ ਮਜਾਰੇ ਜਾ ਕੇ ਪਤਾ ਕੀਤਾ ਪਤਾ ਕਰਨ ਤੋਂ ਪਤਾ ਲੱਗਾ ਦਿਆਲ ਕਿਰਪਾਲ ਦੀਨ ਬੰਧੂ ਚੁਰਾਸੀ ਦੇ ਸੰਗਲ ਤੋੜਨਹਾਰੇ ਕਰਤਾਰ ਦਾ ਰੂਪ ਦਰਵਾਜ਼ੇ ਤੋਂ ਪੱਛਮ ਵੱਲ੍ਹ ਇੰਦਰ ਦੇ ਘਰ ਬੈਠੇ ਆਈ ਸੰਗਤ ਨੂੰ ਮਨੋਵਾਂਛਤ ਫਲ ਦੇ ਰਹੇ ਸਨ। ਇੰਨੇ ਚਿਰ ਨੂੰ ਇਕ ਸਾਧੂ ਜਿਸਦੇ ਹੱਥ ਵਿਚ ਚਿੱਪੀ ਫੜੀ ਹੋਈ, ਗਲ ਮਾਲਾ ਪਹਿਨੀ ਹੋਈ। ਗੱਲ ਭਗਵੇਂ ਰੰਗ ਦੀ ਅਲਫੀ, ਮਧਰੇ ਸਰੀਰ ਦਾ, ਉਸ ਅਰਸ਼ੀ ਪ੍ਰੀਤਮ ਦੇ ਸਾਹਮਣੇ ਜਦੋਂ ਗਿਆ, ਦਰਸ਼ਨ ਪਾ ਕੇ ਐਸਾ ਖਿੱਚਿਆ ਜਿਵੇਂ ਚਮਕ ਪੱਥਰ ਧਾਤੂ ਵੱਲ੍ਹ ਲੋਹਾ ਖਿੱਚਿਆ ਜਾਵੇ, ਚਰਨਾਂ ਤੇ ਢਹਿ ਪਿਆ ਅੱਥਰੂਆਂ ਨਾਲ ਚਰਨ ਧੋ ਦਿੱਤੇ। ਅੱਗੋਂ ਸਤਿਗੁਰੂ ਮਿਹਰਵਾਨ ਬੋਲੇ, "ਹਾਂ! ਹਾਂ! ਸਾਧੂ ਬਹੁਤ ਪਿਆਸਾ ਹੈਂ।" ਕੋਲ ਮੁੰਦਰ ਸਿੰਘ ਰਸੋਈਆਂ ਹੱਥ ਜੋੜੀ ਖੜ੍ਹਾ ਸੀ। ਸੁੰਦਰ ਨੂੰ ਆਖਿਆ, "ਸਾਧੂ ਬਹੁਤ ਦੂਰ ਤੋਂ ਆਇਆ ਹੈ। ਪਿਆਸਾ ਵੀ ਹੈ ਬਹੁਤ ਹੈ, ਲੱਸੀ ਪਿਲਾਉ।" ਮੁੰਦਰ ਸਿੰਘ ਇਕ ਛੰਨਾ ਲੱਸੀ ਦਾ ਭਰ ਕੇ ਲੈ ਆਇਆ। ਪੰਜ ਛੰਨੇ ਮਹਾਰਾਜ ਲੱਸੀ ਦੇ ਪਿਲਾਕੇ ਹਟੇ। ਲੱਸੀ ਪਿਲਾਕੇ ਸੰਤੋਖ ਨਾਲ ਭਰ ਦਿੱਤਾ, ਕਰੋਧ ਵਾਲੀ ਧੂਣੀ ਬੁਝਾ ਦਿੱਤੀ। ਹੁਕਮ ਕੀਤਾ, "ਸਾਧੂ ਤੇਰੇ ਕੋਲ ਰਮਜ਼ ਠੀਕ ਹੈ, ਮਿਹਨਤ ਦੀ ਜ਼ਰੂਰਤ ਹੈ, ਮਿਹਨਤ ਕਰਿਆ ਕਰ।" ਸੰਤਾਂ ਨੇ ਕਿਹਾ "ਜੀ ਮਿਹਨਤ ਕਰਾਵੋਗੇ ਤਾਂ ਹੋਵੇਗੀ। ਜੈਸਾ ਹੁਕਮ ਹੋਵੇ ਤੈਸਾ ਹੀ ਕਰਾਂਗਾ ਜੀ।" ਮਨ ਵਿਚ ਯਕੀਨ ਆ ਗਿਆ। ਸੱਚਮੁਚ ਹੀ ਘਟ-ਘਟ ਦੀਆਂ ਜਾਨਣਹਾਰੇ ਹਨ। ਦੂਰੋਂ ਦੀ ਵੀ ਰਮਜ਼ ਮਾਰੀ ਮਨ ਵਿਚ ਬਹੁਤ ਖੁਹਾਇਸ਼ ਮਿਲਣ ਦੀ ਸੀ ਉਹ ਵੀ ਨਿਸ਼ਾਨੀ ਦਿੱਤੀ। ਪਿਛਲੀ ਜੋ ਸ਼ਬਦ ਦੀ ਅਰਾਧਨਾ ਕਰ ਰਿਹਾ ਸੀ ਉਹ ਵੀ ਦੱਸ ਦਿੱਤੀ। ਇਸ ਕਰਕੇ ਮਨ ਨੂੰ ਪੂਰਾ ਭਰੋਸਾ ਹੋ ਗਿਆ। ਸੰਤਾਂ ਨੂੰ ਬਾਹਰ ਤੋਰ ਦਿੱਤਾ ਨਾਗਰਿਆਂ ਵਾਲੀ ਢੱਕੀ ਵਿਚ ਸੰਤ

ਕੇਹਰ ਸਿੰਘ ਕੋਲ ਰਾਤ ਰਹੇ ਦੂਜੇ ਦਿਨ ਫਿਰ ਦਰਸ਼ਨ ਨੂੰ ਆਏ। ਸਾਹਮਣੇ ਆਉਣ ਦੇ ਨਾਲ ਚਿੱਪੀ ਵੀ ਰਖਾ ਲਈ। ਗਲੋਂ ਅਲਫ਼ੀ ਲੁਹਾ ਦਿੱਤੀ। ਪਾਤਸ਼ਾਹ ਕਹਿਣ ਲੱਗੇ "ਸਾਧੂ ਤੇਰਾ ਸਰੀਰ ਤਾਂ ਵਿਚੋਂ ਬਹੁਤ ਸੋਹਣਾ ਹੈ।" ਇਹ ਵੀ ਰਮਜ਼ ਅੰਦਰ ਦੀ ਸਫ਼ਾਈ ਨੂੰ ਦੇਖ ਕੇ ਮਾਰੀ, ਸੰਤਾ ਦੇ ਕਪੜੇ ਲੁਹਾ ਕੇ ਬਾਹਰ ਤੋਰ ਦਿੱਤਾ। ਰਾਤ ਨੂੰ ਕੁੱਝ ਸਰਦੀ ਲਗਦੀ ਰਹੀ। ਕੱਤਕ ਦੇ ਦਿਨ ਸਨ। ਦੂਜੇ ਦਿਨ ਦਰਸ਼ਨ ਨੂੰ ਆਏ ਆਪਣੇ ਉਪਰਲੀ ਰਜਾਈ ਲਾਹ ਕੇ ਸੰਤਾਂ ਨੂੰ ਦੇ ਦਿੱਤੀ। "ਚਲ ਨੱਠ ਚਲ! ਉਜਾੜੀਂ ਰਿਹਾ ਕਰ! ਪਿੰਡ ਵਿਚ ਜਾਣਾ ਨਹੀਂ।" ਇਕ ਵਾਰੀ ਸੰਤਾਂ ਨੂੰ ਪਹਾੜ ਵੱਲ੍ਹ ਤੋਰ ਦਿੱਤਾ। ਸੰਤ ਆਨੰਦਪੁਰ ਸਾਹਿਬ ਰਾਮ ਰਤਨ ਮਸਤ ਬਹੁਤ ਬਰਕਤ ਵਾਲੇ ਤ੍ਰਿਕਾਲ ਦਰਸ਼ੀ ਸਾਧੂ ਕੋਲ ਸੰਤ ਜੀ ਚਲੇ ਗਏ। ਕੁੱਝ ਦਿਨ ਉਨ੍ਹਾਂ ਕੋਲ ਰਹੇ। ਉਨ੍ਹਾਂ ਮਸਤਾਂ ਨੇ ਸੰਤਾਂ ਨੂੰ ਫਿਰ ਰਾਜਾ ਸਾਹਿਬ ਵੱਲ੍ਹ ਤੋਰ ਦਿੱਤਾ, ਨਾਲੇ ਇਉਂ ਆਖਿਆ "ਤੈਨੂੰ ਐਵੇਂ ਸਾਡੇ ਕੋਲ ਭੇਜ ਦਿੰਦੇ ਹਨ, ਉਹ ਆਪ ਬਹੁਤ ਬਲੀ ਹੈ। ਜੇ ਤੂੰ ਕੁੱਝ ਲੈਣਾ ਹੈ ਤਾਂ ਉਨ੍ਹਾਂ ਦਾ ਲੜ ਨਾ ਛੱਡੀਂ। ਤੈਨੂੰ ਕੱਚਾ ਪੱਕਾ ਦੇਖਣ ਵਾਸਤੇ ਸਾਡੇ ਕੋਲ ਭੇਜਦੇ ਹਨ।" ਸੰਤ ਮਸਤਾਂ ਕੋਲੋਂ ਤੁਰੇ ਇਕ ਪਹਾੜੀ ਦੀ ਖੱਡ ਵਿਚ ਡਿੱਗ ਪਏ। ਕਾਫ਼ੀ ਸੱਟਾਂ ਵੱਜੀਆਂ ਪੈਰ ਦੇ ਅੰਗੂਠੇ ਤੇ ਸੱਪ ਨੇ ਵੀ ਡੰਗ ਮਾਰਿਆ। ਸੱਟਾਂ ਲੱਗੀਆਂ ਤੇ ਹੌਲੀ-ਹੌਲੀ ਖੱਡ ਵਿਚੋਂ ਬਾਹਰ ਨਿਕਲੇ। ਸਤਲੁਜ ਦਰਿਆ ਤਰਕੇ ਹੀ ਪਾਰ ਹੋ ਗਏ। ਦਰਿਆ ਪਾਰ ਹੋ ਕੇ ਉਹ ਪੱਤਣ ਆ ਕੇ ਬਰੇਤੀ ਵਿਚ ਪੈ ਗਏ। ਮਾੜੀ ਜਿਹੀ ਊਂਘ ਲੱਗੀ ਨੀਂਦ ਦੇ ਝੱਕੇ ਆਉਣ ਲੱਗੇ। ਸਤਿਗੁਰਾਂ ਸੁਪਨੇ ਵਿਚ ਦਰਸ਼ਨ ਦਿੱਤੇ, ਨਾਲ ਕੋਲੋਂ ਦੋ ਰੁਪਏ ਦੇ ਕੇ ਆਖਿਆ, "ਸਾਧੂ! ਲੈ ਕਿਰਾਇਆ ਲਾ ਕੇ ਆ ਜਾਵੀਂ।" ਸੁਪਨਾ ਸੀ। ਨੀਂਦ ਟੁੱਟੀ ਤਾਂ ਝਟਕਾ ਆ ਕੇ ਜਾਗ ਆਈ ਇੰਨੇ ਚਿਰ ਨੂੰ ਇਕ ਟਰੱਕ ਵਾਲੇ ਪੱਤਣ ਤੇ ਗਏ। ਸੰਤਾਂ ਨੂੰ ਆਖਿਆ, "ਸੰਤ ਜੀ! ਬੰਗੀਂ ਜਾਣਾ ਹੈ ਤਾਂ ਟਰੱਕ ਤੇ ਬੈਠੋ।" ਟਰੱਕ ਵਿਚ ਬੈਠਕੇ ਗੜ੍ਹਸ਼ੰਕਰ ਆਏ ਗੜ੍ਹਸ਼ੰਕਰ ਤੋਂ ਅੱਗੇ ਬੰਗੀਂ ਟਰੱਕ ਆਉਣਾ ਸੀ, ਉਸ ਵਿਚ ਬਿਠਾ ਦਿੱਤਾ। ਰਾਤੋ-ਰਾਤ ਦਿਨ ਚੜ੍ਹਦੇ ਨੂੰ ਬੰਗਿਆਂ ਤੋਂ ਉੱਤਰਕੇ ਰਾਮਸਰ ਟੋਭੇ ਵਿਚ ਇਸ਼ਨਾਨ ਕਰਕੇ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਘਰ ਆਏ। ਮਹਾਰਾਜ ਅਗਲੀ ਕੋਠੜੀ ਬੈਠੇ ਸੀ। ਹਾਲੇ ਸੰਤ ਦਹਿਲੀਜ਼ ਤੇ

ਨਮਸਕਾਰ ਕਰ ਡਿਊਡੀ ਵਿਚ ਚੜ੍ਹੇ ਬੂਹੇ ਲੱਗੇ ਹੋਏ ਅੰਦਰੋਂ ਅਵਾਜ਼ ਆਈ, "ਸਾਧੂ! ਰਾਤ ਵਾਲੇ ਮੇਰੇ ਦੋ ਰੁਪਏ ਪਹਿਲਾਂ ਲਿਆਉ।" ਸੰਤਾਂ ਨੇ ਕਰਤਰ ਸਿੰਘ ਤੋਂ ਦੋ ਰੁਪਏ ਲੈ ਕੇ ਤਾਕੀ ਰਾਹੀਂ ਅੰਦਰ ਸੁੱਟ ਦਿੱਤੇ ਫਿਰ ਅੰਦਰੋਂ ਕੋਈ ਹੁੰਗਾਰਾ ਨਹੀਂ ਦਿੱਤਾ। ਸੰਤ ਕੁੱਝ ਚਿਰ ਹਾਜ਼ਰੀ ਭਰਕੇ ਵਾਪਿਸ ਚਲੇ ਗਏ ਗੁਣਾਚੌਰ ਵੱਲ੍ਹ ਇਕ ਮੱਟ ਵਿਚ ਡੰਡੀ ਸੀ, ਉਸ ਵਿਚ ਜਾ ਪਏ। ਪਿੰਡ ਗੁਣਾਚੌਰ ਤੋਂ ਤਪੱਸੀ ਹਰ ਰੋਜ਼ ਦਰਸ਼ਨ ਕਰਨ, ਆਪ ਜੀ ਦੇ ਆਉਂਦਾ ਹੁੰਦਾ ਸੀ। ਸਰਦੀ ਦਾ ਮੌਸਮ ਸੀ ਤਪੱਸੀ ਸਾਗ ਰਿੰਨ੍ਹਦਾ ਰਿੰਨ੍ਹਦਾ ਉੱਠਕੇ ਦਰਸ਼ਨ ਨੂੰ ਆਇਆ। ਦਰਸ਼ਨ ਕਰਕੇ ਜਦੋਂ ਵਾਪਿਸ ਘਰ ਨੂੰ ਮੁੜਿਆ ਕੁੱਝ ਹਨ੍ਹੇਰਾ ਸੀ, ਸੰਤ ਲੰਮਿਆਂ ਪਿਆ ਨੂੰ ਦੇਖਕੇ ਡਰ ਗਿਆ। ਫੇਰ ਮੁੜ ਮਹਾਰਾਜ ਜੀ ਦੇ ਕੋਲ ਕਰਤਾਰ ਸਿੰਘ ਦੇ ਘਰ ਆ ਗਿਆ। ਮਹਾਰਾਜ ਜੀ ਨੇ ਤਪੱਸੀ ਨੂੰ ਪੁੱਛਿਆ, "ਤਪੱਸੀ ਡਰਦਾ ਮੁੜ ਆਇਆ?" ਤਪੱਸੀ ਕਹਿਣ ਲੱਗਾ, "ਜੀ! ਐਵੇਂ ਮੁੜ ਆਇਆ।" ਮਹਾਰਾਜ ਜਾਣਦੇ ਸਨ ਪਈ ਤਪੱਸੀ ਡਰਦਾ ਮੁੜਕੇ ਆਇਆ ਹੈ। ਸਤਿਗੁਰੂ ਕਹਿੰਦੇ, "ਤਪੱਸੀ ਡਰੀਦਾ ਨਹੀਂ ਉਹ ਤੇ ਮੇਰਾ ਅਵਧੂਤ ਪਿਆ ਸੀ। ਠਹਿਰ ਦੋ ਮਿੰਟ ਮੈਂ ਇਥੇ ਹੀ ਸੱਦ ਲੈਂਦਾ ਹਾਂ।" ਕੁੱਝ ਮਿੰਟਾਂ ਬਾਅਦ ਸੰਤ ਆਏ ਅੰਦਰੋਂ ਬੈਠਿਆਂ ਨੇ ਹੀ ਸੰਤਾਂ ਨੂੰ ਖਿੱਚ ਪਾ ਕੇ ਬੁਲਾ ਲਿਆ। ਸੰਤ ਆਏ ਸੰਤਾਂ ਨੂੰ ਆਖਿਆ, "ਚਲ! ਸਾਧੂ ਤਪੱਸੀ ਨੂੰ ਘਰ ਛੱਡ ਕੇ ਆਉ। ਤਪੱਸੀ ਡਰਦਾ ਹੈ।" ਦੂਜੇ ਦਿਨ ਸੰਤ ਫਿਰ ਦਰਸ਼ਨ ਕਰਨ ਆਏ। ਸੰਤਾਂ ਨੂੰ ਹੁਕਮ ਕੀਤਾ, "ਸਾਧੂ! ਮੇਰੇ ਘਰ ਤੋਂ ਲੈ ਕੇ ਦਰਵਾਜ਼ੇ ਤਾਈਂ ਸਾਰੀ ਗਲੀ ਨੂੰ ਚੰਗੀ ਤਰਾਂ ਝਾੜੂ ਦੇ।" ਸੰਤਾਂ ਨੇ ਝਾੜੂ ਕੀਤਾ ਦੋਨੀਂ ਪਾਸੀਂ ਪਹਿਰੇ ਲਾ ਦਿੱਤੇ, ਗਲੀ ਵਿਚ ਬੰਦੇ ਲੰਘਣ ਤੋਂ ਸਭ ਬੰਦ ਕਰ ਦਿੱਤੇ। ਸੂਰਜ ਛਿਪਣ ਨਾਲ ਸਾਰੀ ਗਲੀ ਪਾਣੀ ਨਾਲ ਧੁਆ ਦਿੱਤੀ। ਜਦੋਂ ਲੋਕੀਂ ਬਿਲਕੁਲ ਟਿਕਾਉ ਵਿਚ ਹੋ ਗਏ, ਸ਼ਹੀਦਾਂ ਦੀਆਂ ਫ਼ੌਜਾਂ ਦੇਵਤਿਆਂ ਦੀਆਂ ਫ਼ੌਜਾਂ ਦਰਸ਼ਨ ਨੂੰ ਆਉਣ ਲੱਗੀਆਂ। ਸਫ਼ੈਦ ਬਸਤਰ ਜੈਸੇ ਨਾਮਧਾਰੀਆਂ ਦੇ ਬਸਤਰ ਪਹਿਨੇ ਹੋਏ ਹਨ। ਹੱਥਾਂ ਵਿਚ ਗੜਵੇ ਵੀ ਨਾਮਧਾਰੀਆਂ ਵਾਲੇ ਫੜੇ ਹੋਏ। ਆਪ ਵਿਹੜੇ ਵਿਚ ਪੌਘੜਾ ਡਾਹ ਕੇ ਬੈਠੇ ਸਾਰੀ ਰਾਤ ਇਹ ਲੋਕ ਦਰਸ਼ਨ ਨੂੰ ਆਉਂਦੇ ਤੇ ਜਾਂਦੇ ਰਹੇ। ਬਾਬੇ ਸਰਮੁਖ ਸਿੰਘ ਦੀ ਦੋਹਤੀ ਉਸ ਵੇਲੇ ਕੋਲ ਬੈਠੀ ਸੀ, ਜਦੋਂ ਇਹ ਸੁਰ ਲੋਕ ਦਰਸ਼ਨ ਨੂੰ ਆਉਂਦੇ ਸੀ ਮਹਾਰਾਜ ਜੀ ਕਹਿਣ

ਲੱਗੇ, "ਦੀਪਾ ਕੌਰੇ! ਤੂੰ ਜਾਣਦੀ ਹੈਂ ਇਨ੍ਹਾਂ ਲੋਕਾਂ ਨੂੰ ਇਹ ਕੌਣ ਹਨ?" ਦੀਪੋ- "ਜੀ ਮੈਨੂੰ ਕੀ ਪਤਾ ਇੰਨੀ ਸੰਗਤ ਕਿੱਥੋਂ ਆ ਰਹੀ ਹੈ ਤੇ ਕਿਹੜੇ ਦੇਸ਼ ਦੇ ਵਾਸੀ ਹਨ?" ਮਹਾਰਾਜ ਜੀ ਕਹਿੰਦੇ, "ਕਰਤਾਰ ਕੌਰੇ! ਇਹ ਸ਼ਹੀਦਾਂ ਦੀਆਂ ਫ਼ੌਜਾਂ ਹਨ। ਇਨ੍ਹਾਂ ਤੋਂ ਪਿਛੋਂ ਦੇਵਤੇ ਦਰਸ਼ਨਾਂ ਨੂੰ ਆ ਰਹੇ ਹਨ।" ਇਹ ਸੰਤ ਅਵਧੂਤਾਂ ਕੋਲੋਂ ਮਹਾਰਾਜ ਜੀ ਨੇ ਬਹੁਤ ਕਠਿਨ ਤਪੱਸਿਆ ਕਰਵਾਈ। ਇੱਕ ਵਾਰ ਦੀ ਗੱਲ ਹੈ ਤਿੰਨ ਮਹੀਨੇ ਗੁੱਜਰਾਂ ਦੇ ਕੋਠੇ ਤੇ ਸੌਣ ਭਾਦਰੋਂ ਦੇ ਦਿਨਾਂ ਵਿਚ ਧੁੱਪੇ ਬਿਠਾ ਕੇ ਤਪੱਸਿਆ ਕਰਵਾਈ। ਹੋਰ ਵੀ ਬਹੁਤ ਸਾਰੇ ਬਚਨ ਹਨ, ਸੰਤਾਂ ਨੂੰ ਹਜ਼ਾਰਾਂ ਹੀ ਕੌਤਕ ਦਿਖਾਏ। 99 ਜਨਮ ਸੰਤਾਂ ਨੂੰ ਪਿਛਲੇ ਜਨਮ ਕਮਾਈ ਕਰਦਿਆਂ ਨੂੰ ਨਾਮ ਜਪਦਿਆਂ ਨੂੰ ਹੋਏ ਆਪ ਜੀ ਨੇ ਦੱਸਿਆ। ਪਿਛਲਾ ਜਨਮ ਉਨ੍ਹਾਂ ਦਾ ਪਿੰਡ ਖਾਨਖਾਨੀ ਦੱਸਿਆ। ਮਸਤ ਗੁਰਦਾਸ ਦੇ ਭਰਾ ਸੀ ਜਦੋਂ ਇਨ੍ਹਾਂ ਦਾ ਜਨਮ ਸੀ ਉਸ ਸਮੇਂ ਗੁਰਦਾਸ ਦਾ ਭਰਾ ਸੁਰਗਵਾਸ ਹੋਇਆ ਸੀ ਇਹ ਨਿਸ਼ਾਨੀ ਪੂਰੀ ਮਿਲੀ। ਮਹਾਰਾਜ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਜ਼ਿਆਦਾ ਰਹਿਪੇ ਹੀ ਰਹਿਣ ਲੱਗ ਪਏ। ਰਹਿਪੇ ਗੁਰਬਖਸ਼ ਸਿੰਘ ਕੋਲ ਠਾਕਰ ਸਿੰਘ ਦੇ ਘਰ ਰਹਿੰਦੇ ਸੀ। ਰਹਿਪੇ ਗੁਰਦੁਆਰਾ ਤਖ਼ਤ ਸਾਹਿਬ ਹਰ ਸੰਗਰਾਂਦ ਨੂੰ ਅਖੰਡ ਪਾਠ ਕਰਾਉਣ ਦੀ ਲੜੀ ਚਲਾਈ। ਗਿਆਨ ਸਿੰਘ ਤੇ ਗੁਰਬਖਸ਼ ਸਿੰਘ ਦੇ ਨਾਲ ਰਲਕੇ ਇਹ ਲੜੀ ਸੰਨ ੧੯੪੭ ਵਿਚ ਸ਼ੁਰੂ ਕੀਤੀ। ਕਾਫ਼ੀ ਸੰਗਤਾਂ ਦਾ ਭਲਾ ਕੀਤਾ ਕਾਫ਼ੀ ਸਿੱਖੀ ਸੇਵਕੀ ਬਣਾਈ। ਸੰਨ ੧੯੬੧ ਵਿਚ ਗੁਰਦੁਆਰੇ ਤਖ਼ਤ ਸਾਹਿਬ ਦੀ ਇਮਾਰਤ ਸ਼ੁਰੂ ਕੀਤੀ। ਗੁਰਦੁਆਰੇ ਦੀ ਇਮਾਰਤ ਵਾਸਤੇ ਮਾਇਆ ਦੀ ਉਗਰਾਹੀ ਕਰਨ ਵਲਾਇਤ ਚਲੇ ਗਏ। ਇਕ ਮਹੀਨਾ ਕੁੱਝ ਦਿਨ ਵਲਾਇਤ ਵਿਚ ਰਹੇ। ੧੯੬੨ ਵਿਚ ੯ ਜਨਵਰੀ ਨੂੰ ੨੬ ਪੋਹ ਨੂੰ ਇੰਗਲੈਂਡ ਵਿਚ ਜੋਤੀ-ਜੋਤ ਸਮਾਂ ਗਏ। ਇਨ੍ਹਾਂ ਦੀ ਪਵਿੱਤਰ ਦੇਹ ਨੂੰ ਸਿੱਖ ਸੇਵਕ ਵਲਾਇਤ ਤੋਂ ਭਾਰਤ ਲੈ ਆਏ। 26 ਜਨਵਰੀ ਨੂੰ ਗੁਰਦੁਆਰਾ ਤਖ਼ਤ ਸਾਹਿਬ ਦੇ ਮੋਹਰੇ ਨਾਭ ਕੰਵਲ ਰਾਜਾ ਸਾਹਿਬ ਦੇ ਚਰਨਾਂ ਵਿਚ ਸਸਕਾਰ ਕੀਤਾ। ਸਸਕਾਰ ਵੇਲੇ ਲੱਖਾਂ ਦੀ ਗਿਣਤੀ ਵਿਚ ਸੰਗਤ ਇਕੱਠੀ ਹੋਈ। ਕਈ ਕਨਸਤਰ ਘਿਓ ਬਹੁਤ ਸਾਰਾ ਮੇਵਾ ਆਪ ਜੀ ਦੀ ਅੰਗੀਠੇ ਪਾਇਆ ਗਿਆ। ਪਹਿਲਾ ਨਾਮ ਸੰਤੋਖ ਸਿੰਘ ਸੀ ਜ਼ਿਆਦਾ ਨੰਗਿਆਂ ਰਹਿਕੇ ਕਮਾਈ ਕਰਨ ਨਾਲ

ਅਵਧੂਤ ਹੀ ਨਾਂ ਪੱਕਾ ਹੋ ਗਿਆ। ਕੋਈ ੬੫ ਸਾਲ ਦੀ ਉਮਰ ਵਿਚ ਜੋਤੀ-ਜੋਤ ਸਮਾਏ, ਇਉਂ ਸੰਗਤਾਂ ਦਾ ਉਧਾਰ ਕਰਕੇ 'ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਅੱਗੇ ਸਾਖੀ ਗੁਰਦਾਸ ਮਸਤ ਦੀ ਚੱਲੀ

ਗੁਰਦਾਸ ਭਗਤ ਦਾ ਪਿੰਡ ਖਾਨਖਾਨਾ ਜ਼ਿਲ੍ਹਾ ਨਵਾਂਸ਼ਹਿਰ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਅੱਛਰ ਸਿੰਘ ਸੀ। ਇਕ ਦਿਨ ਸੈਰ ਕਰਦੇ-ਕਰਦੇ ਮਹਾਰਾਜ ਇਨ੍ਹਾਂ ਦੇ ਖੂਹ ਤੇ ਚਲੇ ਗਏ। ਗੁਰਦਾਸ ਦੇ ਵੱਡੇ ਭਾਈ ਕਾਬਲ ਸਿੰਘ ਨੂੰ ਆਖਣ ਲੱਗੇ, "ਜੇਲ੍ਹਾਂ ਵੀ ਰਾਜਾ ਦੇ ਨਾਂ ਤੇ ਬਣੀਆਂ ਹੋਈਆਂ ਹਨ। ਜੇਲ੍ਹ ਦੇਖ ਆਉਣੀ ਸੀ, ਕਿਤੇ ਦੇਖਣੀ ਪੈਂਦੀ ਹੈ।" ਕਈ ਵਾਰੀ ਉਂਝ ਵੀ ਲੋਕਾਂ ਕੋਲੋਂ ਖੂਹ ਛੁਡਾ ਦਿੰਦੇ ਸਨ ਜਾਂ ਕਦੀ ਬਾਰਿਸ਼ ਆ ਜਾਣੀ ਤਾਂ ਕੋਈ ਖੋਟਾ ਗ੍ਰਹਿ ਆਇਆ ਹੋਇਆ ਹੁੰਦਾ ਸੀ ਉਸ ਤੋਂ ਬਚਾਉਣ ਦੀ ਖਾਤਰ ਖੂਹ ਛੁਡਾ ਦਿੰਦੇ ਸਨ। ਇਕ ਦਿਨ ਮੇਰੇ ਮਾਮੇ ਪਿੰਡ ਗੋਸਲੀਂ ਖੂਹ ਚਲਾ ਰਹੇ ਸਨ। (ਨੰਦ ਤੇ ਗੁੱਜਰ ਸਿੰਘ) ਆਪ ਜੀ ਨੇ ਜਾ ਕੇ ਖੂਹ ਛੁਡਾ ਦਿੱਤਾ, ਅਜੇ ਹਨ੍ਹੇਰਾ ਸੀ, ਤੜਕੇ ਖੂਹ ਜਾ ਜੋੜਿਆ ਸੀ। ਮਹਾਰਾਜ ਜੀ ਪੈੜੀ ਵਿਚ ਹੀ ਬੈਠੇ ਰਹੇ। ਦਿਨ ਚੜ੍ਹੇ ਤੋਂ ਉੱਠਕੇ ਚਲੇ ਗਏ। ਮਹਾਰਾਜ ਦੇ ਗਿਆਂ ਤੇ ਜਦੋਂ ਖੂਹ ਜੋੜਿਆ ਥੋੜ੍ਹੇ ਚੜ੍ਹਸ ਕੱਢਣ ਤੋਂ ਬਾਅਦ ਬਹੁਤ ਭਾਰਾ ਕਾਲਾ ਨਾਗ ਕੁੰਡਲ ਤੇ ਵਲ੍ਹੇਟ ਮਾਰੀ ਬੈਠਾ, ਚੜ੍ਹਸ ਨਾਲ ਆ ਗਿਆ। ਚੜ੍ਹਸ ਫੜਨ ਵਾਸਤੇ ਕੋਈ ਥਾਂ ਨਹੀਂ ਸੀ। ਭੌਣੀ ਤੋਂ ਲੰਘਾ ਕੇ ਚੜ੍ਹਸ ਖੂਹ ਵਿਚ ਹੀ ਵਰ੍ਹਾ ਦਿੱਤਾ ਤਾਂ ਜ਼ਹਿਰੀਲੇ ਸੱਪ ਤੋਂ ਬਚੇ। ਮਹਾਰਾਜ ਜੀ ਨੇ ਜ਼ਹਿਰੀਲਾ ਸੱਪ ਖੂਹ ਵਿਚ ਪਿਆ ਸਮਝ ਕੇ ਖੂਹ ਨਹੀਂ ਚਲਾਉਣ ਦਿੱਤਾ। ਇਹੋ ਜਿਹੀਆਂ ਬਰੀਕੀ ਗੱਲਾਂ ਵੀ ਆਪ ਜੀ ਦੀ ਨਿਗਾਹ ਵਿਚ ਸਨ। ਇਕ ਵਾਰ ਫਿਰ ਕਦੀ ਜਾ ਕੇ ਖੂਹ ਛੁਡਾਇਆ। ਮਹਾਰਾਜ ਦੇ ਚਲੇ ਜਾਣ ਪਿਛੋਂ ਫਿਰ ਜੋੜ ਦਿੱਤਾ। ਕੁੱਝ ਦੇਰ ਬਾਅਦ ਐਸੇ ਪਸ਼ੂ ਉਘੜੇ ਦੁਘੜੇ ਹੋਏ, ਪਸ਼ੂਆਂ ਦੀਆਂ ਅਰਲੀਆਂ ਟੁੱਟ ਗਈਆਂ। ਨਾਲੇ ਪੰਜਾਲੀ ਲਪੇਟ ਕੇ ਨੰਦ ਖੂਹ ਵਿਚ ਡਿੱਗ ਪਿਆ। ਸੱਟਾਂ ਲੱਗੀਆਂ ਬੁਰਾ ਹਾਲ ਹੋਇਆ ਫਿਰ ਪਤਾ ਲੱਗਾ ਕਿ

ਮਹਾਰਾਜ ਇਸ ਗ੍ਰਹਿ ਤੋਂ ਬਚਾਉਣ ਦੀ ਖਾਤਰ ਖੂਹ ਛੁਡਾ ਗਏ ਸਨ। ਇਹੋ ਜਿਹੀਆਂ ਕਹਾਣੀਆਂ ਬਹੁਤ ਹਨ ਜੋ ਲਿਖਣ ਲੱਗੀਏ ਤਾਂ ਮੁੱਕਦੀਆਂ ਨਹੀਂ ਹਨ। ਸਿੱਖਾਂ ਸੇਵਕਾਂ ਨੂੰ ਬਚਾਉਣ ਦੀ ਖਾਤਿਰ ਆਪ ਜੀ ਰਾਤ ਨੂੰ ਵੀ ਪਹਿਰਾ ਦਿੰਦੇ ਸਨ। ਕਾਬਲ ਸਿੰਘ ਨੂੰ ਜਦੋਂ ਜੇਲ੍ਹ ਦਾ ਇਸ਼ਾਰਾ ਕੀਤਾ ਸੀ ਦੋ ਸਾਲਾਂ ਬਾਅਦ ਕਿਸੇ ਨਾਲ ਫੌਜਦਾਰੀ ਹੋਈ ਜਿਸ ਵਿਚ ਗੁਰਦਾਸ ਨੂੰ ਤੇ ਕਾਬਲ ਨੂੰ ਦੋ-ਦੋ ਸਾਲਾਂ ਦੀ ਸਜ਼ਾ ਹੋਈ। ਗੁਰਦਾਸ ਨੂੰ ਜੇਲ੍ਹ ਵਿਚ ਮਹਾਰਾਜ ਜੀ ਨੇ ਦਰਸ਼ਨ ਦਿੱਤੇ ਨਾਲ ਹੀ ਹੁਕਮ ਕੀਤਾ, "ਕਾਕਾ! ਤੂੰ ਕਿਉਂ ਜੇਲ੍ਹ ਅੰਦਰ ਬੈਠਾ ਹੈਂ, ਤੇਰੇ ਵਾਸਤੇ ਜੇਲ੍ਹ ਨਹੀਂ ਹੈ?" ਗੁਰਦਾਸ ਸਿੰਘ ਅਪੀਲ ਵਿਚ ਬਰੀ ਹੋ ਗਿਆ। ਕੁੱਝ ਦੇਰ ਬਾਅਦ ਵਲਾਇਤ ਜਾਣ ਵਾਸਤੇ ਪਾਸ ਬਣਾਇਆ। ਜਾਣ ਤੋਂ ਪਹਿਲਾਂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਇਆ। ਮਹਾਰਾਜ ਆਪਣੇ ਘਰ ਬੈਠੇ ਸਨ। ਸੂਰਜ ਡੁੱਬਣ ਦੇ ਨਾਲ ਸਾਰੇ ਯਾਤਰੀਆਂ ਨੂੰ ਬਾਹਰ ਤੋਰ ਦਿੱਤਾ। ਕਰਤਾਰ ਸਿੰਘ ਨੂੰ ਆਖਿਆ ਡਿਉੜੀ ਦਾ ਕੁੰਡਾ ਲਾਓ। ਗੁਰਦਾਸ ਸਿੰਘ ਨਾ ਉੱਠਿਆ। ਮੁੰਦਰ ਸਿੰਘ ਪਿੰਡ ਮੁਸਾਪੁਰੀਆ ਪਹਿਰੇ ਤੇ ਖੜ੍ਹਾ ਸੀ ਗੁਰਦਾਸ ਨੂੰ ਧੱਕੇ ਮਾਰਕੇ ਘਰੋਂ ਬਾਹਰ ਕੱਢਣ ਲੱਗਾ। ਗੁਰਦਾਸ ਮੁਰਸ਼ਿਦ ਦੀ ਹੱਦ ਵਿਚ ਆ ਚੁੱਕਾ ਸੀ। ਪ੍ਰੇਮ ਦੇ ਬਾਣ ਲੱਗ ਚੁੱਕੇ ਸਨ। ਗੁਰਦਾਸ ਤੁਰੇ ਨਾਂ। ਮੁੰਦਰ ਸਿੰਘ ਧੱਕੇ ਮਾਰ ਕੇ ਗਲੀ ਵਿਚ ਲੈ ਗਿਆ ਪਿਛੋਂ ਕਰਤਾਰ ਸਿੰਘ ਨੂੰ ਅਵਾਜ਼ ਦੇ ਕੇ ਆਖਿਆ, "ਕਰਤਾਰਾ! ਮੁੰਦਰ ਨੂੰ ਆਖ ਦਾਸ ਹਮਾਰਾ ਬੰਦਾ ਹੈ ਜੇ ਆਉਂਦਾ ਹੈ ਤਾਂ ਆ ਲੈਣ ਦੇ।" ਬੱਸ ਪਤਾ ਨਹੀਂ ਕੀ ਜਾਦੂ ਮਾਰਿਆ ਗੁਰਦਾਸ ਦਾਸ ਬਣਕੇ ਬੈਠ ਗਿਆ। ਬੂਹੇ ਮੋਹਰੇ ਤਾੜੀ ਲਾ ਕੇ ਐਸਾ ਬੈਠਾ ਘਰ ਜਾਣ ਦੀ ਕੋਈ ਸੁੱਧ ਬੁੱਧ ਨਾ ਰਹੀ। ਐਸਾ ਪ੍ਰੇਮ ਦੀ ਡੋਰੀ ਨਾਲ ਬੰਨ੍ਹਿਆ। ਪ੍ਰੇਮ ਦਾ ਜਾਮ ਪਿਲਾਇਆ, ਮਸਤ ਹਾਲਤ ਵਿਚ ਹੋ ਕੇ ਜਿਥੇ ਅੰਦਰੋਂ ਕਮਰੇ ਦਾ ਪਾਣੀ ਨਿਕਲਦਾ ਸੀ ਗਲੀ ਵਿਚ ਕੰਧ ਨਾਲ ਢੋਅ ਲਾ ਕੇ ਬੈਠ ਗਿਆ। ਗਰਮੀ ਅਤੇ ਸਰਦੀ ਵਿਚ ਬਾਰਿਸ਼ਾਂ ਵਿਚ ਉਸੇ ਹੀ ਗਲੀ ਵਿਚ ਜਿੱਥੇ ਕੋਈ ਬੰਦਾ ਦੱਸ ਮਿੰਟ ਸਾਵਣ ਭਾਦਰੋਂ ਦੇ ਦਿਨਾਂ ਵਿਚ ਠਹਿਰ ਨਹੀਂ ਸਕਦਾ ਇਹ ਬਾਰਾਂ ਸਾਲ ਬੈਠੇ ਰਹੇ। ਇੰਨੀ ਘੋਰ ਤਪੱਸਿਆ ਕੀਤੀ ਅੰਤਰਯਾਮਤਾ ਹੋ ਗਈ। ਇਕ ਦਿਨ ਇਕ ਮੁੰਡੇ ਨੇ ਕਤੂਰੇ ਦੇ ਰੱਸਾ ਮਾਰਿਆ ਮਸਤ ਗੁਰਦਾਸ ਜੀ ਨੇ ਆਖਿਆ, "ਕਿਉਂ

ਮਾਰਦੈਂ? ਇਹ ਤੇਰਾ ਬਾਪੂ ਹੈ। ਇਸਨੂੰ ਘਰ ਲਿਜਾ ਕੇ ਰੋਟੀ ਪਾ" ਉਸ ਮੁੰਡੇ ਨੂੰ ਗੁੱਸਾ ਲੱਗਾ। ਗੁਰਦਾਸ ਦੇ ਦੋ ਤਿੰਨ ਰੱਸੇ ਮਾਰੇ। ਕਰਤਾਰ ਸਿੰਘ ਦੇਖਦਾ ਸੀ ਪਰ ਉਸ ਮੁੰਡੇ ਨੂੰ ਕਰਤਾਰ ਸਿੰਘ ਨੇ ਕੁੱਝ ਨਾ ਆਖਿਆ। ਮਹਾਰਾਜ ਕਿਰਪੇ ਦੇ ਚੁਬਾਰੇ ਬੈਠੇ ਸਨ। ਕਰਤਾਰ ਸਿੰਘ ਜਦੋਂ ਮੱਥਾ ਟੇਕਣ ਗਿਆ ਅੱਗੋਂ ਪਾਤਸ਼ਾਹ ਕਹਿਣ ਲੱਗੇ, "ਕਰਤਾਰਾ! ਜੇ ਕਿਸੇ ਦਾ ਕੁੱਤਾ ਰੱਖਿਆ ਹੋਵੇ ਉਸਨੂੰ ਕੋਈ ਛਿਟੀ ਨਹੀਂ ਮਾਰਨ ਦਿੰਦਾ, ਤੇਰੇ ਸਾਹਮਣੇ ਮੇਰੇ ਮਸਤ ਨੂੰ ਮੁੰਡਾ ਮਾਰਦਾ ਸੀ, ਉਸਨੂੰ ਹਟਾਇਆ ਨਾ, ਉਸ ਤੋਂ ਪੂਰਾ ਬਦਲਾ ਲੈਣਾ ਸੀ। ਚੱਲ! ਅਸੀਂ ਆਪੇ ਲੈ ਲਵਾਂਗੇ।" ਕੁੱਝ ਦਿਨਾਂ ਬਾਅਦ ਰਾਏਪੁਰ ਡੱਬਾ ਚੋਰੀ ਹੋ ਗਈ। ਇਕ ਟਰੰਕ ਉਸੇ ਹੀ ਮੁੰਡੇ ਦੇ ਖੇਤ 'ਚੋਂ ਪਿਆ ਹੋਇਆ ਲੱਭਾ। ਚੋਰ ਤਾਂ ਨਾ ਫੜ ਹੋਏ, ਇਸੇ ਮੁੰਡੇ ਨੂੰ ਪੁਲਿਸ ਫੜਕੇ ਲੈ ਗਈ। ਸੱਤ ਦਿਨ ਐਸੀ ਕੁੱਟ ਵੱਜਦੀ ਰਹੀ ਫੜਕੇ ਮਿੰਝ ਕੱਢ ਦਿੱਤੀ। ਸਰਕਾਰ ਨੇ ਐਸਾ ਬਦਲਾ ਲਿਆ ਸਾਰੀ ਉਮਰ ਉਠਣ ਜੋਗਾ ਨਾ ਰਿਹਾ, ਐਸੀ ਕੁੱਟ ਪਈ। ਇਕ ਦਿਨ ਗੁਰਦਾਸ ਸਦਾ ਦੀ ਤਰਾਂ ਵਹੀਣ ਦੇ ਮੋਹਰੇ ਲੰਮਾ ਪਿਆ ਸੀ। ਵਹੀਣ ਰਾਹੀਂ ਅੰਦਰੋਂ ਕਾਲਾ ਖੜੱਪਾ ਨਾਗ ਫਰਾਟੇ ਮਾਰਦਾ ਨਿਕਲਿਆ। ਇਹ ਇਮਤਿਹਾਨ ਸੀ। ਸੱਪ ਆਉਂਦਾ ਹੀ ਛਾਤੀ ਤੇ ਆ ਚੜ੍ਹਿਆ। ਜਦੋਂ ਸੱਪ ਨੇ ਛਾਤੀ ਤੇ ਸਿਰੀ ਰੱਖੀ ਗੁਰਦਾਸ ਨੇ ਜੱਫੀ ਵਿਚ ਲੈ ਕੇ ਸੱਪ ਨੂੰ ਗਲ ਨਾਲ ਲਾ ਲਿਆ, ਨਾਲੇ ਉੱਚੀ-ਉੱਚੀ ਨਾਅਰੇ ਮਾਰਨ ਲੱਗ ਪਿਆ, "ਉਹ ਬਾਪੂ! ਮੈਂ ਤਾਂ ਤੈਨੂੰ ਰੋਜ਼ ਹੀ ਉਡੀਕਦਾ ਸੀ।" ਬਸ ਇੰਨਾ ਕਹਿਣ ਨਾਲ ਸੱਪ ਪਤਾ ਨਹੀਂ ਕਿੱਧਰ ਅਲੋਪ ਹੋ ਗਿਆ। ਕੋਈ ਚੀਜ ਹੱਥ ਵਿਚ ਨਾ ਰਹੀ। ਉਸ ਛੋਹ ਨਾਲ ਮਸਤ ਦੇ ਕੁਆੜ ਖੁੱਲ੍ਹ ਗਏ, ਰੌਸ਼ਨ ਹੋ ਗਿਆ, ਫਿਰ ਨਾਅਰੇ ਮਾਰਿਆ ਕਰੇ ਤਖ਼ਤ ਨਸ਼ੀਨ ਦਾ ਮਾਲਿਕ ਰਾਜਾ ਬਲੀ।' ਇਹ ਸਾਰੇ ਪਿੰਡ ਵਿਚ ਨਾਅਰਾ ਗੁਰਦਾਸ ਦਾ ਸੁਣਿਆ ਕਰੇ। ਇੰਨੀ ਬੁਲੰਦ ਅਵਾਜ਼ ਨਾਲ ਬੋਲਦਾ। ਜੁਆਨ ਵੀ ਬਹੁਤ, ਲੰਬਾ, ਲਾਲ ਰੰਗ ਸੀ। ਮਹਾਰਾਜ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਸੱਤ ਸਾਲ ਰਸੋਖਾਨੇ ਭੱਠੀ ਮੋਹਰੇ ਬੈਠਾ ਰਿਹਾ। ਭੱਠੀ ਮੋਹਰੇ ਬੈਠੇ ਦੀਆਂ ਪਿੰਨੀਆਂ ਦੇ ਮੂਹਰਲੇ ਹਿੱਸੇ ਦਾ ਮਾਸ ਸੜ ਕੇ ਛਾਲਿਆਂ ਨਾਲ ਭਰਿਆ ਰਹਿੰਦਾ ਸੀ। ਰਾਤ ਪੂਰ ਦਿਨੇ ਕਦੀ ਵੀ ਸੌਂਦਾ ਨਹੀਂ ਸੀ, ਪੂਰੀਆਂ ਰਮਜ਼ਾਂ ਅੰਤਰਯਾਮਤਾ ਭਰੀਆਂ ਦੇ ਦਿੰਦਾ ਸੀ। ਸੰਨ ੧੯੪੭

ਦੀਆਂ ਝੜੀਆਂ ਵਿਚ ਆਪਣੇ ਪਿੰਡ ਖਾਨਖਾਨੀ ਆਪਣੇ ਖੂਹ ਤੇ ਜਾ ਬੈਠਾ। ਇਕ ਦਿਨ ਆਪਣੇ ਵੱਡੇ ਭਰਾ ਕਾਬਲ ਸਿੰਘ ਨੂੰ ਆਖਿਆ, "ਲੈ ਬਈ ਭਰਾਵਾ। ਆਪਦਾ ਆਪ ਸੰਭਾਲ ਅਸੀਂ ਮਾਸੀ ਨੂੰ ਮਿਲ ਆਈਏ।" ਇਨ੍ਹਾਂ ਦੀ ਮਾਸੀ ਕੋਈ ਨਹੀਂ ਸੀ ਮੌਤ ਰੂਪੀ ਮਾਸੀ ਨੂੰ ਮਿਲਣਾ ਆਖ ਕੇ ਤੁਰ ਪਿਆ। ਉੱਠਕੇ ਬੰਗਿਆਂ ਵੱਲ੍ਹ ਨੂੰ ਨਿਕਲ ਗਿਆ ਸਿਰੋਂ ਰੋਡੇ ਸਨ। ਪਤਾ ਨਹੀਂ ਮੁਸਲਮਾਨਾਂ ਦੇ ਕਿਸੇ ਕਾਫਲੇ ਵਿਚ ਜਾ ਵੜਿਆ। ਨਿਰਭਉ ਬਹੁਤ ਸੀ। ਗਾਲੀਆਂ ਕੱਢਣ ਦੀ ਵੀ ਆਦਤ ਸੀ। ਬਹੁਤ ਬੇ-ਪਰਵਾਹ ਸੁਭਾਅ ਵਾਲੇ ਸਨ। ਆਸ਼ਿਕ ਮਰਨ ਤੋਂ ਨਹੀਂ ਡਰਦੇ ਮੌਤ ਰੂਪੀ ਮਾਸੀ ਨੂੰ ਆਪ ਹੀ ਜਾ ਮਿਲਦੇ ਹਨ। ਕੁੱਝ ਪਤਾ ਨਹੀਂ ਲੱਗਾ ਕਿ ਕਿੱਧਰੇ ਚਲੇ ਗਏ ਜਾਂ ਕਿਸੇ ਮੁਸਲਮਾਨਾਂ ਦੇ ਕਾਫਲੇ ਵਿਚ ਮਾਰੇ ਗਏ ਜਾਂ ਸਿੱਖਾਂ ਦੇ ਹੱਥੋਂ ਮਾਰੇ ਗਏ। ਇਸ ਬਹਾਨੇ ਨਾਲ ਜੋਤੀ-ਜੋਤ ਸਮਾਏ ਇਹ ਕੋਈ ਪਤਾ ਨਹੀਂ ਨਾ ਹੀ ਕਿਸੇ ਦੇਖੇ, ਪਤਾ ਨਹੀਂ ਕਿੱਧਰ ਪਹਾੜੀਂ ਜਾ ਚੜ੍ਹੇ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਦਿਲਬਾਗ ਸਿੰਘ ਮਜਾਰੇ ਵਾਲੇ ਦੀ ਚੱਲੀ

ਦਿਲਬਾਗ ਸਿੰਘ ਪਿੰਡ ਮਜਾਰੇ ਦਾ ਇਸਦਾ ਇਸਦਾ ਵਿਆਹ ਪਿੰਡ ਚਾਨਸੂ ਵਿਚ ਕਰਤਾਰੀ ਨਾਲ ਹੋਇਆ। ਵਿਆਹ ਹੋਣ ਤੋਂ ਬਾਅਦ ਕਰਤਾਰੀ ਬਿਮਾਰ ਹੋ ਗਈ। ਬਹੁਤ ਇਲਾਜ ਕਰਨ ਤੇ ਵੀ ਰਾਜ਼ੀ ਨਾ ਹੋਈ। ਇਹ ਆਪਣੇ ਪੇਕੇ ਘਰ ਹੀ ਬਿਮਾਰ ਹੋਈ ਸੀ। ਜਦੋਂ ਮਰਨ ਪਹਿਰੇ ਹੋਈ ਕਰਤਾਰੀ ਦੀ ਮਾਈ ਨੇ ਦਿਲਬਾਗ ਦੀ ਮਾਈ ਨੂੰ ਸੁਨੇਹਾ ਦਿੱਤਾ, ਕੋਈ ਪੁੰਨ ਦਾਨ ਕਰਾਵੋ ਤਾਂ ਇਸਦੀ ਜਾਨ ਭਾਵੇਂ ਬਚ ਜਾਵੇਗੀ। ਇਹ ਕਿਸੇ ਜੋਤਸ਼ੀ ਨੇ ਦੱਸਿਆ ਸੀ ਇਸਦੇ ਸਹੁਰਿਆਂ ਕੋਲੋਂ ਗਊ ਦਾਨ ਕਰਾਵੋ, ਦਿਲਬਾਗ ਸਿੰਘ ਨੂੰ ਸੁਨੇਹਾ ਮਿਲਿਆ। ਦਿਲਬਾਗ ਸਿੰਘ ਸੁਨੇਹਾ ਮਿਲਦੇ ਹੀ ਸਹੁਰਿਆਂ ਨੂੰ ਤਿਆਰ ਹੋਇਆ। ਤੁਰਨ ਲੱਗੇ ਦੇ ਮਨ ਵਿਚ ਆਇਆ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰੀਏ ਜੋ ਹੁਕਮ ਮਿਲੇਗਾ ਕਰਾਂਗੇ। ਹਾਲੇ ਦਿਲਬਾਗ ਰਸਤੇ ਵਿਚ ਹੀ ਸੀ ਅੰਦਰੋਂ ਮਹਾਰਾਜ ਅਵਾਜ਼ ਦੇ ਕੇ ਕਹਿਣ ਲੱਗੇ, "ਕਾਕਾ! ਸਾਡੇ ਕੋਲ ਆ ਕੇ

ਕੀ ਲੈਣਾ ਹੈ? ਜਿਹੜੇ ਕੰਮ ਚਲਿਆਂ ਝੱਟ ਕਰੀਦਾ ਹੈ।" ਦਿਲਬਾਗ ਸਿੰਘ ਉਥੋਂ ਹੀ ਨਮਸਕਾਰ ਕਰਕੇ ਸਹੁਰੇ ਘਰ ਪਿੰਡ ਚਾਨਸ਼ੂ ਚਲੇ ਗਿਆ। ਗਊ ਲੈ ਕੇ ਕਰਤਾਰੀ ਦੇ ਨਾਂ ਤੇ ਦਾਨ ਕਰ ਦਿੱਤੀ। ਕਰਤਾਰੀ ਦਿਨ ਪ੍ਰਤੀ ਦਿਨ ਰਾਜ਼ੀ ਹੋਣ ਲੱਗੀ। ਰਾਜ਼ੀ ਹੋ ਕੇ ਸਹੁਰੇ ਘਰ ਆਈ, ਚੌਥੇ ਸਾਲ ਫਿਰ ਬਿਮਾਰ ਹੋ ਗਈ। ਐਸੀ ਬਿਮਾਰ ਹੋਈ ਕਿ ਅੰਦਰ ਪਾਣੀ ਦੀ ਬੂੰਦ ਨਾ ਜਾਵੇ। ਦਿਲਬਾਗ ਸਿੰਘ ਦੀ ਸੱਸ ਕਰਤਾਰੇ ਦੀ ਮਾਈ ਦਿਲਬਾਗ ਸਿੰਘ ਨੂੰ ਆਖਣ ਲੱਗੀ, "ਪੁੱਤਰ ਰਾਜਾ ਸਾਹਿਬ ਦੇ ਬੂਹੇ ਤੇ ਜਾ ਕੇ ਬੈਠ ਜਾਹ। ਹੋਰ ਦੁਨੀਆਂ ਦੇ ਸੰਕਟ ਕੱਟ ਰਹੇ ਹਨ ਤੇਰਾ ਬੇੜਾ ਵੀ ਬੰਨੇ ਲਾ ਦੇਣ ਤਾਂ ਕੀ ਮੁਸ਼ਕਿਲ ਹੈ?" ਦਿਲਬਾਗ ਸਿੰਘ ਨੇ ਕਿਹਾ "ਮਾਈ ਮੈਂ ਜਾਂਦਾ ਤਾਂ ਕਈ ਵਾਰੀ ਹਾਂ ਪਰ ਮਹਾਰਾਜ ਪਿੱਛੇ ਮੋੜ ਦਿੰਦੇ ਹਨ। ਮੇਰਾ ਅਰਜ ਕਰਨੇ ਨੂੰ ਹਿਆਂ ਨਹੀਂ ਪੈਂਦਾ ਦਿਲ ਕੰਬ ਜਾਂਦਾ ਹੈ।" ਦਿਲਬਾਗ ਸਿੰਘ ਇਕ ਦਿਨ ਦਿਨ ਦੇ ਚੜ੍ਹਾਅ ਨਾਲ ਇਸ ਖਿਆਲ ਨੂੰ ਮੁੱਖ ਰੱਖਕੇ ਮਹਾਰਾਜ ਜੀ ਦੇ ਪੇਸ਼ ਹੋਇਆ। ਅੱਗੋਂ ਮਹਾਰਾਜ ਕਰਤਾਰ ਸਿੰਘ ਦੀ ਹਵੇਲੀ ਬੈਠੇ ਸਨ। ਇਕ ਫਿਰੋਜ਼ਪੁਰ ਦਾ ਸੇਵਾਦਾਰ ਦੁੱਧ ਦੀ ਗੜਵੀ ਲੈ ਕੇ ਆਇਆ। ਦੁੱਧ ਦੀ ਗੜਵੀ ਆਪ ਜੀ ਨੇ ਮੋਹਰੇ ਰਖਵਾ ਲਈ। ਦਿਲਬਾਗ ਸਿੰਘ ਡਰਦਾ ਪਿੱਛੇ ਹੀ ਮੁੜਨ ਲੱਗਾ। ਘਟ-ਘਟ ਦੀਆਂ ਜਾਨਣਹਾਰੇ ਦੁਖੀ ਜੀਵਾਂ ਦਾ ਭਲਾ ਕਰਨ ਵਾਲੇ ਦੁਖੀ ਦਿਲਬਾਗ ਸਿੰਘ ਨੂੰ ਕੋਲ ਬੁਲਾਕੇ ਪਤਿਆ ਜਿਹੇ ਨਾਲ ਪੁੱਛਿਆ, "ਕਾਕਾ ਕਿਵੇਂ ਆਇਆ ਸੀ?" ਦਿਲਬਾਗ ਸਿੰਘ ਦੇ ਨੇਤਰਾਂ ਤੋਂ ਅਥਰੂ ਵਹਿ ਤੁਰੇ, ਗਲਾ ਰੁਕ ਗਿਆ। ਸਰੀਰ ਥਰ-ਥਰ ਕੰਬਦਾ, ਜ਼ਬਾਨ ਥਿੜਕ ਗਈ ਬੋਲ ਨਾ ਸਕਿਆ। ਸਤਿਗੁਰੂ ਸਭ ਕੁੱਝ ਜਾਣਦੇ ਹੀ ਸਨ। ਉਸ ਦੁੱਧ ਦੀ ਭਰੀ ਹੋਈ ਗੜਵੀ ਵੱਲ੍ਹ ਤੱਕਿਆ। "ਕਾਕਾ ਦੁੱਧ ਦੀ ਗੜਵੀ ਚੁੱਕ ਵਹੁਟੀ ਨੂੰ ਪਿਲਾ ਦੇ।" ਦਿਲਬਾਗ ਸਿੰਘ ਕਹਿੰਦਾ "ਅੰਦਰ ਤਾਂ ਇਕ ਪਾਣੀ ਦੀ ਬੂੰਦ ਵੀ ਨਹੀਂ ਲੰਘਦੀ ਦੁੱਧ ਕਿਸ ਤਰਾਂ ਪੀਵੇਗੀ।" ਮਹਾਰਾਜ ਕਹਿੰਦੇ, "ਕਾਕਾ! ਕੁਦਾੜੀ ਨੱਠ ਚੱਲ, ਪੀ ਲਵੇਗੀ।" ਆਰਾਮ ਤਾਂ ਇੰਨੀ ਗੱਲ ਕਹਿਣ ਨਾਲ ਹੀ ਕਰ ਦਿੱਤਾ। ਦਿਲਬਾਗ ਸਿੰਘ ਬਖਸ਼ੀ ਹੋਈ ਅੰਮ੍ਰਿਤ ਦੀ ਦੁੱਧ ਰੂਪੀ ਗੜਵੀ ਘਰ ਲੈ ਆਇਆ। ਮਰਨ ਕਿਨਾਰੇ ਪਈ ਹੋਈ ਕਰਤਾਰੀ ਦੇ ਮੂੰਹ ਵਿਚ ਬਖਸ਼ਿਆ ਹੋਇਆ ਦੁੱਧ ਚਮਚੇ ਨਾਲ ਪਾਇਆ। ਬਸ ਜਦੋਂ ਚਮਚਾ ਰਗਾਂ ਵਿਚ ਗਿਆ

ਕਰਤਾਰੀ ਨੂੰ ਹੋਸ਼ ਆ ਗਈ। ਉੱਠਕੇ ਬੈਠ ਗਈ, ਹੌਲੀ-ਹੌਲੀ ਸਾਰਾ ਦੁੱਧ ਅੱਧੀ ਦਿਹਾੜੀ ਵਿਚ ਪੀ ਲਿਆ। ਦੂਜੇ ਦਿਨ ਉੱਠਕੇ ਕਰਤਾਰੀ ਫਿਰਨ ਤੁਰਨ ਲੱਗ ਪਈ, ਇਕ ਵਾਰੀ ਪੰਜ ਸਾਲ ਬਾਅਦ ਫਿਰ ਕਰਤਾਰੀ ਬਿਮਾਰ ਹੋ ਗਈ। ਕਰਤਾਰੀ ਪਹਿਲਾਂ ਹੀ ਬਿਮਾਰ ਹੋਣ ਸਾਰ ਹੀ ਪਹਿਲਾਂ ਪਾਤਸ਼ਾਹ ਦੇ ਚਰਨਾਂ ਵਿਚ ਚਲੀ ਗਈ। ਮਹਾਰਾਜ ਜੀ ਨੇ ਤਿੰਨ ਚੌਂਹ ਦਿਨਾਂ ਦੀ ਭਰੀ ਹੋਈ ਦੁੱਧ ਦੀ ਗੜਵੀ ਉੱਥੇ ਬੈਠੀ ਹੀ ਕਰਤਾਰੀ ਨੂੰ ਛਕਾ ਦਿੱਤੀ। ਕਰਤਾਰੀ ਕਹਿੰਦੀ ਮੈਂ ਬਹੁਤ ਮੁਸ਼ਕਿਲ ਨਾਲ ਨਿਚੋੜ ਨਿਚੋੜ ਕੇ ਹੌਲੀ ਸਾਰਾ ਦੁੱਧ ਗੜਵੀ ਦਾ ਛਕ ਲਿਆ। ਬਸ ਉਸੇ ਹੀ ਪਲ ਵਿਚ ਦੇਹ ਅਰੋਗ ਹੋ ਗਈ ਫਿਰ ਕਦੀ ਕੋਈ ਬਿਮਾਰੀ ਨਹੀਂ ਲੱਗੀ। ਇਕ ਦਿਨ ਇਨ੍ਹਾਂ ਦੇ ਘਰ ਮਹਾਰਾਜ ਜੀ ਜਾ ਬੈਠੇ। ਕਰਤਾਰੀ ਨੂੰ ਪਾਣੀ ਦੀ ਗਾਗਰ ਲਿਆਉਣ ਵਾਸਤੇ ਘਿਰੜਿਆਂ ਵਾਲੇ ਖੂਹ ਤੋਂ ਪਾਣੀ ਲਿਆਉਣ ਦਾ ਹੁਕਮ ਦਿੱਤਾ, ਜਿੱਥੋਂ ਸਾਰੇ ਪਿੰਡ ਵਿਚ ਝੀਰ ਪਾਣੀ ਭਰ ਕੇ ਦਿੰਦੇ ਸੀ। ਕਰਤਾਰੀ ਪਾਣੀ ਲੈਣ ਚਲੀ ਗਈ, ਪਿਛੋਂ ਕਰਤਾਰੀ ਦੀ ਤਿੰਨ ਕੁ ਸਾਲ ਦੀ ਲੜਕੀ ਵਿਹੜੇ ਵਿਚ ਖੇਡਦੀ-ਖੇਡਦੀ ਪੌੜੀ ਜਾ ਚੜ੍ਹੀ। ਕੁੜੀ ਪੌੜੀ ਦੇ ਅੱਧ ਤੀਕ ਚੜ੍ਹੀ ਹੋਈ ਸੀ, ਜਦ ਨੂੰ ਕਰਤਾਰੀ ਪਾਣੀ ਲੈ ਕੇ ਆ ਗਈ। ਪੌੜੀਆਂ ਤੇ ਚੜ੍ਹੀ ਜਾਂਦੀ ਕੁੜੀ ਨੂੰ ਦੇਖਕੇ ਕਰਤਾਰੀ ਰੌਲਾ ਪਾਉਣ ਲੱਗੀ, "ਹੈ! ਹੈ! ਮੇਰੀ ਕੁੜੀ ਪੌੜੀਆਂ ਤੋਂ ਡਿੱਗਕੇ ਮਰ ਜਾਵੇਗੀ।" ਮਹਾਰਾਜ ਬੋਲੇ, "ਭੋਲੀਏ! ਅਸੀਂ ਤਾਂ ਤੇਰੀ ਕੰਨਿਆਂ ਦੀ ਉਮਰ ਪੂਰੀ ਕਰ ਰਹੇ ਸੀ, ਤੇਰੀ ਮਰਜੀ ਜੇ ਸਿਰੇ ਨਹੀਂ ਚੜ੍ਹਨ ਦੇਣੀ ਤਾਂ ਸਾਡੇ ਕੀ ਵੱਸ ਹੈ?" ਕਰਤਾਰੀ ਅਨਜਾਣ ਸਮਝ ਨਾ ਸਕੀ, ਇਸ ਗੁੱਝੀ ਰਮਜ਼ ਨੂੰ ਅੱਧ ਵਿਚਕਾਰੋਂ ਚੁਕ ਕੇ ਲੜਕੀ ਨੂੰ ਕਰਤਾਰੀ ਨੇ ਥੱਲੇ ਲੈ ਆਂਦਾ। ਕੰਨਿਆ ੧੬ ਸਾਲ ਦੀ ਹੋਈ ਪਿੰਡ ਖਾਨਖਾਨੀ ਵਿਆਹ ਦਿੱਤੀ। ਜਦੋਂ ਵੀਹ ਸਾਲ ਦੀ ਉਮਰ ਲੜਕੀ ਦੀ ਹੋਈ ਉਹ ਮਰ ਗਈ। ਉਸ ਦਿਨ ਪਾਤਸ਼ਾਹ ਦੀ ਰਮਜ਼ ਦਾ ਪਤਾ ਲੱਗਾ। ਜੇ ਮਹਾਰਾਜ ਜੀ ਦੇ ਕਹਿਣੇ ਸਾਰੀ ਪੌੜੀ ਲੜਕੀ ਨੂੰ ਚੜ੍ਹ ਜਾਣ ਦਿੰਦੀ ਪੂਰੀ ਆਯੂ ਭੋਗ ਕੇ ਮਰਦੀ। ਫਿਰ ਕਰਤਾਰੀ ਨੂੰ ਪੂਰਾ ਯਕੀਨ ਹੋਇਆ। ਪਈ ਰਾਜਾ ਸਾਹਿਬ ਤਾਂ ਕਰਤਾਰ ਦਾ ਹੀ ਰੂਪ ਦੁਨੀਆਂ ਨੂੰ ਤਾਰਨ ਆਏ ਹੋਏ ਹਨ। ਜਦ ਪਹਿਲਾਂ-ਪਹਿਲਾਂ ਕਰਤਾਰੀ ਮਜਾਰੇ ਆਈ ਦਰਸ਼ਨ ਕਰਨ ਮਹਾਰਾਜ ਦੇ ਗਈ। ਪਿੰਡ

ਚਾਨਸੂ ਇਨ੍ਹਾਂ ਦੇ ਘਰ ਲਾਗੇ ਇਕ ਬ੍ਰਾਹਮਣ ਦਾ ਘਰ ਸੀ ਇਕ ਕੁੱਪ ਬ੍ਰਾਹਮਣ ਹਰ ਸਾਲ ਉਸੇ ਹੀ ਜਗ੍ਹਾ ਬੰਨ੍ਹਦੇ ਸਨ। ਮਹਾਰਾਜ ਕਹਿੰਦੇ ਵਹੁਟੀ ਕੁੱਪ ਵਾਲਾ ਘਰ ਵੀ ਰਾਜਾ ਨੇ ਆਬਾਦ ਕੀਤਾ ਸੀ। ਇਕ ਦਿਨ ਕਰਤਾਰੀ ਨੂੰ ਕੋਈ ਬੱਚਾ ਪੈਦਾ ਹੋਣਾ ਸੀ ਕਰਾਲਾਂ ਵਾਲੀ ਚਿੰਤੀ ਅਤੇ ਬੰਤੋ ਨੂੰ ਆਖਿਆ, "ਜਾਉ! ਕਰਤਾਰੀ ਨੂੰ ਵਧਾਈਆਂ ਦੇ ਆਉ ਅੱਜ ਸੌਂ ਵੀ ਉਸ ਕੋਲ ਜਾਇਉ।" ਉਸੇ ਹੀ ਰਾਤ ਕਰਤਾਰੀ ਦੇ ਪੋਟੇ ਪੁੱਤਰ ਜਨਮਿਆ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਸੁਰਮੁਖ ਸਿਘ ਦੇ ਪਰਿਵਾਰ ਦੀ ਚੱਲੀ

ਸਰਮੁਖ ਸਿਘ ਪਿੰਡ ਰਹਿਪੇ ਦੇ ਰਹਿਣ ਵਾਲਾ ਸੀ। ਮਹਾਰਾਜ ਜਦ ਪਿੰਡ ਝਿਗੜੀਂ ੧੮੭੮ ਵਿਚ ਆਏ ਸਨ ਉਸੇ ਹੀ ਸਮੇਂ ਸੇਵਾ ਕਰਨ ਲੱਗ ਪਿਆ ਸੀ। ਇਕ ਨਿਯਮ ਬਣਾ ਲਿਆ ਹਰ ਰੋਜ਼ ਦਰਸ਼ਨ ਕਰਨੇ, ਭਾਵੇਂ ਕਿਤੇ ਵੀ ਮਹਾਰਾਜ ਹੋਣ। ਘਰ ਦਾ ਕੰਮ ਕਾਰ ਸਭ ਛੱਡ ਦਿੱਤਾ। ਨਿਸ਼ਕਾਮ ਨੰਗੇ ਪੈਰੀਂ ਜਾਣਾ। ਕੋਲ ਦੋ ਗੁੜ ਦੀਆਂ ਪੇਸੀਆਂ, ਥੋੜ੍ਹੇ ਜਿਹੇ ਚਾਹ ਦੇ ਪੱਤੇ ਲੜ ਬੰਨ੍ਹਕੇ ਲੈ ਜਾਣੇ। ਸਵੇਰੇ ਘਰੋਂ ਪਰਸ਼ਾਦਾ ਛਕ ਕੇ ਘਰੋਂ ਚਲ ਪੈਣਾ, ਬਿਨਾਂ ਦੁੱਧ ਤੋਂ ਦੁਪਹਿਰ ਨੂੰ ਚਾਹ ਬਣਾ ਕੇ ਪੀ ਲੈਣੀ। ਮਜਾਰੇ ਹੋਣ ਤਾਂ ਜੱਸੀ ਦੇ ਘਰ, ਸੁੱਜੋਂ ਹੋਵਣ ਤਾਂ ਨਰੰਜਨ ਸਿਘ ਦੇ ਘਰ, ਸ਼ਾਮ ਨੂੰ ਵਾਪਿਸ ਪਿੰਡ ਰਹਿਪੇ ਆ ਜਾਣਾ। ਉਹ ਕਾਫ਼ੀ ਸਮਾਂ ਇਸੇ ਧਾਰਨਾ ਤੇ ਚਲਦੇ ਰਹੇ। ਬਾਬਾ ਜੀ ਜਦੋਂ ਮਹਾਰਾਜ ਜੀ ਦੇ ਦਰਸ਼ਨ ਕਰਨ ਚਲਦੇ ਸਨ ਆਪਣੇ ਕਦਮਾਂ ਤੋਂ ਦੋ ਕਦਮ ਨਿਗਾਹ ਅੱਗੇ ਰੱਖਕੇ ਤੁਰੇ ਜਾਣਾ, ਕਿਸੇ ਪਾਸੇ ਦੇਖਣਾ ਨਹੀਂ, ਇਕ ਧਿਆਨ ਹੋ ਕੇ ਜਾਣਾ। ਜਿਨ੍ਹਾਂ ਦਿਨਾਂ ਵਿਚ ਮਹਾਰਾਜ ਜੀ ਸੁੱਜੋਂ ਰਹਿੰਦੇ ਸਨ ਦਸਦੇ ਨੇ ਸੂਰਜ ਦੀ ਟਿੱਕੀ ਨਿਕਲਦੀ ਨਾਲ ਪੰਦਰਾਂ ਮੀਲ ਸਫ਼ਰ ਤੈਅ ਕਰਕੇ ਸਤਿਗੁਰਾਂ ਦੇ ਚਰਨਾਂ ਵਿਚ ਆ ਜਾਂਦੇ ਸਨ। ਐਸੇ ਹੀ ਸਾਰੀ ਜ਼ਿੰਦਗੀ ਬਸਰ ਕਰਕੇ ਜੋਤੀ-ਜੋਤ ਸੰਨ ੧੯੨੬ ਵਿਚ ਸਮਾਏ। ਸਰਮੁਖ ਸਿਘ ਦੇ ਦੋ ਪੁੱਤਰ ਇਕ ਲੜਕੀ ਸੀ। ਬਤਨ ਸਿਘ ਰਹਿਪੇ ਦੇ ਪੂਰਬ ਵੱਲ੍ਹ ਇਕ ਚੋਲਆਣੇ ਦੀ ਜਗ੍ਹਾ ਹੈ ਉਸ ਵਿਚੋਂ ਇਕ ਢਲਾਹੀ ਵੱਢ ਲਿਆਇਆ।

ਜਗ੍ਹਾ ਤੇ ਉਸ ਵੇਲੇ ਕੋਈ ਚੀਜ਼ ਨਹੀਂ ਸੀ ਛੇੜ ਸਕਦਾ। ਬਾਬੇ ਸਰਮੁਖ ਸਿੰਘ ਦੇ ਛੋਟੇ ਪੁੱਤਰ ਠਾਕੁਰ ਸਿੰਘ ਦੇ ਚਾਰ ਪੁੱਤਰ ਇਕ ਕੰਨਿਆ ਨੇ ਜਨਮ ਲਿਆ। ਬੱਚੇ ਜਨਮ ਤੋਂ ਬਾਅਦ ਹੀ ਮਰ ਜਾਇਆ ਕਰਨ। ਘਰ ਦਾ ਨੁਕਸਾਨ ਹੋਣ ਲੱਗਾ। ਬਾਬਾ ਜੀ ਹਰ ਰੋਜ਼ ਦੀ ਤਰਾਂ ਦਰਸ਼ਨ ਨੂੰ ਜਾਂਦੇ ਰਹੇ। ਜਦੋਂ ਪੰਜਵਾਂ ਬੱਚਾ ਮਰਿਆ ਘਰ ਵਿਚ ਬਹੁਤ ਸੋਗ ਸੀ, ਘਰ ਦੇ ਸਾਰੇ ਜੀਅ ਬਹੁਤ ਓਦਰ ਗਏ। ਕੋਈ ਰੋਟੀ ਨਾ ਖਾਵੇ, ਰੋਂਦੇ ਰਿਹਾ ਕਰਨ। ਇਹ ਘਰ ਦੀ ਦਸ਼ਾ ਦੇਖਕੇ ਆਪਣੇ ਬਿਰਦ ਦੀ ਲਾਜ ਰੱਖਣ ਖਾਤਰ ਜ਼ਰਾ ਰਹਿਮਤ ਭਰੀਆਂ ਨਜ਼ਰਾਂ ਨਾਲ ਸਰਮੁਖ ਸਿੰਘ ਦੇ ਗ੍ਰਹਿ ਵੱਲ੍ਹ ਤੱਕਿਆ, ਜੋ ਘਰ ਵਿਚ ਨੁਕਸਾਨ ਹੋ ਰਿਹਾ ਸੀ, ਸਭ ਖ਼ਤਮ ਕਰ ਦਿੱਤਾ। ਉਸ ਦਿਨ ਬਾਬਾ ਜੀ ਨੂੰ ਹੁਕਮ ਹੋਇਆ, "ਸਰਮੁਖ! ਚਲ ਘਰ ਚੱਲਕੇ ਆਖ ਰੋਣਾ ਨਹੀਂ। ਜੋ ਕੁੱਝ ਅਸੀਂ ਕਰ ਰਹੇ ਹਾਂ ਤੁਮ ਨਹੀਂ ਜਾਨਤੇ। ਅੱਗੇ ਕਰਤਾਰ ਭਲਾ ਹੀ ਕਰੇਗਾ।" ਇਕ ਡੋਲ ਜਲ ਦਾ ਬਖਸ਼ਿਸ਼ ਕੀਤਾ, ਘਰ ਵਿਚ ਇਸਦਾ ਛਿੱਟਾ ਦੇ ਦੇਣਾ ਇਸ ਵਿਚ ਹੋਰ ਜਲ ਪਾ ਕੇ ਪਰਿਵਾਰ ਦੇ ਜੀਆਂ ਨੂੰ ਇਸ਼ਨਾਨ ਕਰਾ ਦੇਣਾ। ਬੱਸ ਉਸੇ ਹੀ ਦਿਨ ਤੋਂ ਫਿਰ ਕਦੀ ਘਰ ਦਾ ਨੁਕਸਾਨ ਨਹੀਂ ਹੋਇਆ। ਉਸ ਤੋਂ ਬਾਅਦ ਦਾਸ ਦਾ ਜਨਮ ਹੋਇਆ, ਸਤਿਗੁਰਾਂ ਦੀ ਬਖਸ਼ਿਸ਼ ਹੋਣ ਕਰਕੇ ਨਾਮ ਗੁਰਬਖਸ਼ ਹੀ ਰੱਖਿਆ। ਬਾਬੇ ਸਰੁਮਖ ਸਿੰਘ ਦੀ ਸੇਵਾ ਦਾ ਸਦਕਾ ਘਰ ਵਿਚ ਤਿੰਨ ਲੜਕਿਆਂ ਦਾ ਜਨਮ ਹੋਇਆ। ਬਾਬੇ ਦੇ ਪੁੱਤਰ ਪੋਤਿਆਂ, ਦੋਹਤੇ-ਦੋਹਤੀਆਂ ਦੇ ਹਰ ਸਮੇਂ ਸਾਰੇ ਕਾਰਜ ਆਪ ਹੱਥ ਦੇ ਕੇ ਕਰਦੇ ਹਨ। ਜਦੋਂ ਬਾਬਾ ਜੀ ਦੇ ਦੋਹਤੇ-ਦੋਹਤੀਆਂ, ਪੁੱਤਰ-ਪੋਤੇ ਦਰਸ਼ਨ ਵਾਸਤੇ ਜਾਂਦੇ ਸਨ, ਮਹਾਰਾਜ ਜੀ ਬਹੁਤ ਪ੍ਰੇਮ ਕਰਦੇ ਸਨ। ਇਉਂ ਆਖਿਆ ਕਰਦੇ ਸਨ ਸਰਮੁਖ ਮੇਰਾ ਕਚਨਾਰ ਦਾ ਬੂਟਾ ਇਹ ਉਸਦੀਆਂ ਲਗਰਾਂ ਹਨ। ਸਰਮੁਖ ਸਿੰਘ ਦੀ ਲੜਕੀ ਹਰਨਾਮ ਕੌਰ ਪਿੰਡ ਜਬੋਵਾਲ ਵਿਆਹੀ ਹੋਈ ਸੀ। ਹਰਨਾਮ ਕੌਰ ਦਾ ਜਦੋਂ ਅੰਤਿਮ ਸਮਾਂ ਆਇਆ ਨਾਗਰਿਆਂ ਵਾਲੇ ਸਮੁੰਦ ਸਿੰਘ ਨੂੰ ਹੁਕਮ ਦੇ ਕੇ ਜੱਬੋਵਾਲ ਭੇਜਿਆ, "ਜਾਉ ਸਮੁੰਦਾ ਨਾਮੋਂ ਨੂੰ ਦਸ ਰੁਪਏ ਹਾਲੇ ਦੇ ਦੇ ਕੇ ਆ, ਨਾਲੇ ਸਾਡੇ ਵਲੋਂ ਪਿਆਰ ਦੇਣਾ, ਨਾਲੇ ਕਹਿ ਦੇਣਾ ਦਰਗਾਹੀ ਕਲਮਾਂ ਰਾਜਾ ਦੇ ਹੁਕਮ ਨਾਲ ਹੀ ਵਗਦੀਆਂ ਹਨ। ਲੰਮੀਆਂ ਵਾਟਾਂ ਵਿਚ ਸਤਿਗੁਰੂ ਨਾਲ ਹੀ ਹੁੰਦੇ ਹਨ, ਫ਼ਿਕਰ ਨਹੀਂ ਕਰਨਾ, ਦਰਗਾਹ ਵਿਚ ਨਾਲ ਹੀ

ਹੋਵਾਂਗੇ। ਬਾਕੀ ਸਵਾਸ ਸਤਿਗੁਰੂ ਦੇ ਧਿਆਨ ਵਿਚ ਹੀ ਗੁਜ਼ਾਰਨੇ।" ਇਕ ਹਫ਼ਤੇ ਤੋਂ ਬਾਅਦ ਹਰਨਾਮ ਕੌਰ ਚੜ੍ਹਾਈ ਕਰ ਗਈ। ਅੰਤ ਸਮੇਂ ਸਤਿਗੁਰੂ ਨੇ ਹਾਜ਼ਿਰ ਨਾਜ਼ਰ ਹੋ ਕੇ ਦਰਸ਼ਨ ਦਿੱਤੇ, ਉਦਾਰ ਕੀਤਾ। ਇਕ ਵਾਰੀ ਦੀ ਗੱਲ ਹੈ ਬਾਬੇ ਦੀ ਦੋਹਤੀ ਦੀਪੋ ਦਰਸ਼ਨ ਵਾਸਤੇ ਗਈ। ਉਨ੍ਹਾਂ ਦਿਨਾਂ ਵਿਚ ਬਾਬੇ ਦਾ ਵੱਡਾ ਪੁੱਤਰ ਵਤਨ ਸਿੰਘ ਸੁਰਗਵਾਸ ਹੋਇਆ ਸੀ। ਦੀਪੋ ਨੇ ਅਰਜ ਕੀਤੀ, "ਸੱਚੇ ਸਤਿਗੁਰੂ! ਮਾਮਾ ਜੀ ਚੜ੍ਹਾਈ ਕਰ ਗਏ ਹਨ, ਮਾਮਾ ਜੀ ਦੀ ਆਤਮਾ ਨੂੰ ਚਰਨਾਂ ਵਿਚ ਨਿਵਾਸ ਦੇਣਾ।"

ਮਹਾਰਾਜ "ਦੀਪਾ ਕੌਰੇ! ਜਿਹੜਾ ਮੋਤੀ ਇਕ ਵਾਰੀ ਹਾਰ ਵਿਚੋਂ ਡਿੱਗ ਹੀ ਪਿਆ ਉਸ ਦਾ ਫਿਰ ਕੀ ਚੁੱਕਣਾ?" ਵਤਨ ਸਿੰਘ ਦਾ ਪ੍ਰੇਮ ਘੱਟ ਹੀ ਸੀ। ਨਾਸਤਿਕ ਪੁਰਸ਼ਾਂ ਦੇ ਬੇੜੇ ਪਾਰ ਨਹੀਂ ਲਗਦੇ, ਗੁਰਾਂ ਨੂੰ ਜਹਾਜ਼ ਰੂਪ ਸਮਝੋ ਤਾਂ ਭਵਜਲੋਂ ਪਾਰ ਹੋਈਦਾ ਹੈ। ਮਹਾਰਾਜ ਰਾਮ ਚੰਦਰ ਜੀ ਸੰਸਾਰ ਵਿਚ ਸਾਰੇ ਕਾਰਜ ਕਰਕੇ ਜਦੋਂ ਸੱਚ ਖੰਡ ਜਾਣ ਲੱਗੇ ਸਰਜੂ ਨਦੀ ਦੇ ਕੰਢੇ ਤੇ ਖੜ੍ਹੇ ਹੋ ਕੇ ਹੋਕਾ ਦਿੱਤਾ, ਆਉ ਜਿਸ ਨੇ ਭਵਸਾਗਰ ਪਾਰ ਹੋਣਾ, ਸਾਡੇ ਨਾਲ ਸੱਚ ਖੰਡ ਜਾਣਾ ਹੈ। ਬੇਗਮਪੁਰ ਸ਼ਹਿਰ ਦੇ ਬੂਹੇ ਖੁਲ੍ਹੇ ਹਨ, ਉਸ ਵੇਲੇ ਭਾਗਾਂ ਵਾਲੇ ਹੀ ਮਹਾਰਾਜ ਜੀ ਦੇ ਨਾਲ ਚਲੇ।" ਦੀਪੋ ਨੂੰ ਕੋਲ ਬਿਠਾਕੇ ਮਹਾਰਾਜ ਜੀ ਨੇ ਆਖਿਆ, "ਦੀਪ ਕੁਰੇ! ਸਰਮੁਖ ਦੇ ਦਰਸ਼ਨ ਕਰਨੇ ਹਨ ਬੇਗਮਪੁਰਾ ਸ਼ਹਿਰ ਵਿਚ ਰਹਿੰਦਾ ਹੈ। ਉੱਥੇ ਕੋਈ ਰੋਗ ਸੋਗ ਨਹੀਂ ਇਹ ਸ਼ਹਿਰ ਸਦਾ ਸਲਾਮਤ ਰਹਿੰਦਾ ਹੈ, ਕਦੀ ਡਿੱਗਦਾ ਢਹਿੰਦਾ ਨਹੀਂ। ਇਸਦੀਆਂ ਕੰਧਾਂ, ਇਸਦੀਆਂ ਛੱਤਾਂ ਕਿਸੇ ਅੰਬਰੀ ਸ਼ੈਅ ਨਾਲ ਬਣੀਆਂ ਹੋਈਆਂ ਹਨ। ਉੱਥੇ ਕੋਈ ਚੰਦ ਸੂਰਜ ਦੀ ਰੋਸ਼ਨੀ ਨਹੀਂ ਕੋਟਾਂ ਸੂਰਜਾਂ ਅਤੇ ਬਿਜਲੀਆਂ ਦਾ ਪ੍ਰਕਾਸ਼ ਸੁੱਤੇ-ਸਿੱਧ ਹੀ ਰਹਿੰਦਾ ਹੈ, ਕੋਟਾਂ ਚੰਦਰਮਾਂ ਦੀ ਸ਼ੀਤਲਤਾ ਰਹਿੰਦੀ ਹੈ। ਇਸ ਸ਼ਹਿਰ ਦਾ ਜੋ ਰਾਜਾ ਹੈ। ਹੁਸਨ ਦੀ ਖਾਣ ਹੈ

ਸੂਰਤ ਦਾ ਸੋਹਣਾ ਮੋਹਣਾ ਖੋਹਣਾ ਦਿਲ ਦੋਸਤਾਂ ਦੇ ਦੋਸਤਾਂ ਦੇ ਬਾਬ ਦੇਖ ਘਟੇ ਘਬਰਾਉ ਹੈ॥

ਲੱਖ ਮੁਹੰਮਦਾ, ਲੱਖ ਬ੍ਰਹਮਾ, ਵਿਸ਼ਨੂੰ, ਮਹੇਸ਼ ਉਸ ਰਾਜੇ ਦੇ ਬੂਹੇ ਅੱਗੇ ਝੁਕਦੇ ਹਨ। ਲੱਖਾਂ ਹੀ ਬਿਸ਼ਨੂੰ ਸ਼ਿਵ, ਬ੍ਰਹਮਾ ਵਰਗੇ ਉਸਦੀ ਉਸਤਤ ਗਾਉਂਦੇ

ਰਹਿੰਦੇ ਹਨ। ਉਸ ਕੋਟਾਂ ਬਿਜਲੀਆਂ ਦੇ ਪ੍ਰਕਾਸ਼ ਨੂੰ ਧੁੰਦਲਾ ਦੇਣ ਵਾਲੀ ਝਲਕ ਦੇ ਰਸ ਮਾਣ ਰਹੇ ਹਨ, ਨਜ਼ਾਰੇ ਲੈ ਰਹੇ ਹਨ।" ਐਸੀ ਸ਼ੋਭਾ ਉਸ ਮਹੱਲ ਦੀ ਰਾਜਾ ਦੀ ਦੀਪੋ ਨੂੰ ਮਹਾਰਾਂਜ ਜੀ ਨੇ ਸੁਣਾਈ। ਇਹ ਬਚਨ ਸੁਣਨ ਨਾਲ ਹੀ ਦੀਪੋ ਦਾ ਮਨ ਨਾਮ ਦੇ ਰੰਗਣ ਵਿਚ ਰੰਗਿਆ ਗਿਆ। ਕੋਈ ਅਨੋਖਾ ਹੀ ਸਰੂਰ ਚੜ੍ਹ ਰਿਹਾ ਸੀ, ਬਿਜਲੀ ਕੜਕ ਰਹੀ ਸੀ, ਬੂੰਦਾਂ ਬਰਸ ਰਹੀਆਂ ਸਨ। ਰਾਤ ਕਾਫ਼ੀ ਡਰਾਉਣੀ ਬਣੀ ਹੋਈ ਸੀ। ਪਾਲੇ ਦੇ ਮਾਰੇ ਲੋਕੀਂ ਅੰਦਰ ਵੜੇ ਹੋਏ ਸਨ। ਜਾਨਵਰ ਵੀ ਖੁੱਡਾਂ ਵਿਚ ਲੁਕੇ ਹੋਏ ਸਨ। ਮਹਾਰਾਜ ਉਸ ਗ਼ੀਬੀ ਮਹਿਲ ਦੇ ਮਾਲਿਕ ਦੀਆਂ ਸਿਫ਼ਤਾਂ ਕਰਦੇ-ਕਰਦੇ ਚੁੱਪ-ਚਾਪ ਇਕ ਪਾਸੇ ਨੂੰ ਲੇਟ ਗਏ। ਇਕ ਘੰਟੇ ਬਾਅਦ ਦੀਪੋ ਨੂੰ ਹੁਕਮ ਕੀਤਾ, "ਕਰਤਾਰ ਕੌਰ! ਸਾਡੇ ਇਸ਼ਨਾਨ ਵਾਸਤੇ ਜਲ ਲਿਆਓ।"

ਪਹਿਲਾਂ ਹੁਕਮ ਪਿੰਡੋਂ ਚੜ੍ਹਦੀ ਵੱਲ੍ਹ ਸਾਰੇ ਪਿੰਡ ਦਾ ਸਾਂਝਾ ਖੂਹ ਘਿਰੜਿਆ ਵਾਲਾ ਉਸ ਵਿਚੋਂ ਗਾਗਰ ਚੁੱਕੀ ਡਿਉਢੀ ਤੋਂ ਬਾਹਰ ਹੋਈ, ਰਾਤ ਬਹੁਤ ਹਨੇਰੀ ਸੀ। ਹੱਥ ਵਸਾਰਿਆ ਨਹੀਂ ਸੀ ਦਿਸਦਾ। ਸਤਿਗੁਰਾਂ ਦੇ ਨਾਮ ਦਾ ਆਸਰਾ ਲੈ ਵਗਦੇ ਤੂਫ਼ਾਨ ਵਿਚ ਤੁਰ ਪਈ। ਉਸਦੇ ਸਿਰ ਇਕ ਪਤਲਾ ਜਿਹਾ ਦੁਪੱਟਾ ਸੀ ਉਹ ਵੀ ਬਾਰਿਸ਼ ਨਾਲ ਭਿੱਜ ਗਿਆ। ਹਵੇਲੀ ਤੋਂ ਨੱਥਾ ਸਿੰਘ ਕੋਲ ਡੋਲ ਲੈ ਕੇ ਫਰੀਦ ਵਾਲਾ ਸ਼ਬਦ ਪੜ੍ਹਦੀ ਹੋਈ ਖੇਤੋ-ਖੇਤੀ ਢੱਕੀ ਕੋਲ ਚਲੇ ਗਈ। ਇਕ ਥਾਂ ਖਲੋ ਕੇ ਬਿਜਲੀ ਦੀ ਲਿਸ਼ਕ ਨਾਲ ਇਕ ਪਾਸੇ ਜਿਹੇ ਦਰਖਤਾਂ ਦਾ ਝੁੰਡ ਨਜ਼ਰੀਂ ਪਿਆ। ਉੱਧਰ ਵਧਕੇ ਦੇਖਿਆ ਤਾਂ ਖੂਹ ਸੀ, ਗਾਗਰ ਪਾਣੀ ਦੀ ਭਰੀ ਹੋਈ ਸਿਰ ਤੇ ਰੱਖ ਕੇ ਚਲ ਪਈ। ਇਕ ਹੱਥ ਗਾਗਰ ਨੂੰ ਪਾਇਆ, ਦੂਜੇ ਹੱਥ ਨਾਲ ਡੋਲ ਚੁਕਿਆ ਹੋਇਆ

ਝਖੜ ਝਾਗੀ ਮੀਹੁ ਵਰਸੈ ਭੀ ਗੁਰ ਦੇਖਣ ਜਾਈ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥

ਇਹੋ ਜਿਹੇ ਵਗਦੇ ਤੂਫ਼ਾਨ ਨੂੰ ਚੀਰਦੀ ਹੋਈ ਆਪਣੇ ਕਾਮਿਲ ਪੀਰ ਦੇ ਇਸ਼ਨਾਨ ਵਾਸਤੇ ਜਲ ਲੈ ਕੇ ਅਬਲਾ ਮੁਟਿਆਰ ਚਿੱਕੜ ਨੂੰ ਮਿੱਧਦੀ ਹੋਈ,

ਗਾਗਰ ਲੈ ਕੇ ਸਤਿਗੁਰਾਂ ਦੇ ਬੂਹੇ ਮੋਹਰੇ ਜਾ ਕੇ ਅਵਾਜ਼ ਦਿੱਤੀ। ਅੱਗੋਂ ਸਤਿਗੁਰਾਂ ਨੇ ਅੰਦਰਲਾ ਕੁੰਡਾ ਲਾ ਕੇ ਕੋਈ ਹੁੰਗਾਰਾ ਵੀ ਨਾ ਦਿੱਤਾ। ਦੀਪੋ ਬਾਹਰ ਵਿਹੜੇ ਵਿਚ ਸਿਰ ਤੇ ਗਾਗਰ ਲੈ ਕੇ ਬੂਹੇ ਮੋਹਰੇ ਖੜ੍ਹ ਕੇ ਕਈ ਅਵਾਜ਼ਾਂ ਦਿੱਤੀਆਂ। ਮਹਾਰਾਜ ਚੁਪ ਚਾਪ ਰਹੇ, ਕੋਈ ਹੁੰਗਾਰਾ ਨਾ ਦਿੱਤਾ। ਸਿਆਲ ਦੀਆਂ ਰਾਤਾਂ, ਪਹਾੜਾਂ ਵਰਗੀਆਂ ਲੰਮੀਆਂ, ਪੋਹ ਮਾਘ ਦੀ ਸਰਦੀ, ਕਾਫ਼ੀ ਦੇਰ ਬਾਅਦ ਰਾਤ ਮੁੱਕੀ, ਜਦੋਂ ਇਕ ਪਹਿਰ ਰਾਤ ਰਹੀ, ਤਿੰਨ ਗੁਜ਼ਰ ਗਈ, ਅੰਦਰੋਂ ਮਹਾਰਾਜ ਬੋਲੇ, "ਦੀਪ ਕੌਰੇ! ਐਥੇ ਹੀ ਇਸ਼ਨਾਨ ਇਸੇ ਜਲ ਨਾਲ ਕਰ ਲੈ।" ਦੀਪੋ- "ਪਹਿਲਾਂ ਆਪ ਕਰੋ ਪਿੱਛੋਂ ਮੈਂ ਕਰ ਲਵਾਂਗੀ" ਮਹਾਰਾਜ- "ਦੀਪ ਕੌਰੇ ਹੁਕਮ ਮੰਨੀਦਾ ਝਟ ਕਰ। ਪੀਰ ਦਾ ਹੁਕਮ ਪਾ ਕੇ ਦੀਪੋ ਨੇ ਇਸ਼ਨਾਨ ਕੀਤਾ, ਫਿਰ ਬੇਹੋਸ਼ ਹੋ ਕੇ ਪੈ ਗਈ। ਇਕ ਘੰਟੇ ਬਾਅਦ ਫਿਰ ਕੁੰਡਾ ਖੋਲ੍ਹਕੇ ਅੰਦਰ ਬੁਲਾਇਆ, ਬੋਲੇ- ਦੀਪ ਕੌਰੇ ਤੈਨੂੰ ਅੱਜ ਕੀ ਦੇਈਏ। ਦੀਪੋ ਨੇ ਹੱਥ ਬੰਨ੍ਹਕੇ ਬੇਨਤੀ ਕੀਤੀ, "ਜੀ! ਹੋਰ ਕਿਸੇ ਚੀਜ ਦੀ ਲੋੜ ਨਹੀਂ, ਇਕ ਤੁਹਾਡੀ ਹੀ ਲੋੜ ਹੈ, ਚਰਨਾਂ ਵਿਚ ਹੀ ਰੱਖਿਓ।" ਫਿਰ ਹੁਕਮ ਹੋਇਆ, "ਹੋਰ ਕੁੱਝ ਮੰਗ।" ਦੀਪੋ- "ਜੀ ਹੋਰ ਕੁੱਝ ਨਹੀਂ, ਤੁਸੀਂ ਸਾਡੇ ਬਣ ਜਾਉ, ਸਾਨੂੰ ਆਪਣੇ ਬਣਾ ਲਓ।" ਫਿਰ ਵੀ ਆਖਿਆ। ਦੀਪੋ ਨੇ ਇਹੋ ਹੀ ਵਾਰ-ਵਾਰ ਮੰਗ ਮੰਗੀ। ਮਹਾਰਾਜ- "ਕਰਤਾਰ ਕੌਰੇ! ਤੈਨੂੰ ਮੰਗ-ਮੰਗਣ ਦੀ ਜਾਚ ਕਿਸ ਨੇ ਦੱਸੀ ਹੈ?" ਕਈ ਵਾਰੀ ਦੀਪੋ ਨੂੰ ਕਰਤਾਰ ਕੌਰ ਵੀ ਆਖ ਕੇ ਬੁਲਾਇਆ ਕਰਦੇ ਸਨ। ਦੀਪੋ ਕਹਿੰਦੀ, "ਤੁਸੀਂ ਹੀ ਦੱਸਣ ਵਾਲੇ ਹੋ, ਅਸੀਂ ਕੀ ਜਾਣਦੇ ਹਾਂ, ਮੰਗ ਕਿਸ ਤਰਾਂ ਮੰਗਣੀ ਹੈ?" ਮਹਾਰਾਜ ਬਹੁਤ ਖੁਸ਼ ਹੋਏ। ਇੰਨੇ ਮਿਹਰਬਾਨ ਹੋਏ ਹੁਕਮ ਕੀਤਾ, "ਅੱਜ ਦੀਪ ਕੌਰੇ! ਬਖਸ਼ੇ ਦਾ ਤੇ ਤੇਰਾ ਉਹ ਕੰਮ ਕਰ ਦਿੱਤਾ ਹੈ ਜਿਸਨੂੰ ਰਿਸ਼ੀ ਮੁਨੀ ਬਹੁਤ ਤਕਲੀਫ਼ਾਂ ਪਾ ਕੇ ਹਾਸਿਲ ਕਰਦੇ ਹਨ। ਅੱਜ ਜਨਮ ਮਰਨ ਦੇ ਸੰਕਟ ਤੁਹਾਡੇ ਕੱਟ ਦਿੱਤੇ ਹਨ।" ਮਹਾਰਾਜ ਜੀ ਦੇ ਸਿਰਹਾਣੇ ਇਕ ਲਿਫ਼ਾਫ਼ਾ ਪਿਆ ਸੀ, ਜਿਸ ਵਿਚ ਦਾਖਾਂ, ਬਦਾਮ, ਇਲਾਚੀਆਂ, ਛੁਹਾਰੇ ਵੀ ਸਨ। ਉਹ ਲਿਫ਼ਾਫ਼ਾ ਦੀਪੋ ਦੇ ਪੱਲੇ ਵਿਚ ਪਾ ਕੇ ਮੁਕਤਾ-ਭੁਗਤਾ ਦਾ ਵਰ ਦੇ ਕੇ ਰਹਿਪੇ

ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ॥

ਮਹਾਰਾਜ ਕਹਿੰਦੇ, "ਦੀਪ ਕੌਰੇ! ਸਾਨੂੰ ਜਾਣ ਦੇਹ ਅਸੀਂ ਹੁਣ ਚਲਦੇ ਹਾਂ, ਸਾਨੂੰ ਬਹੁਤ ਪਾਸੀਂ ਕੰਮ ਕਰਨੇ ਪੈਂਦੇ ਹਨ।" ਇੰਨੇ ਚਿਰ ਨੂੰ ਇਕ ਕਾਲੇ ਰੰਗ ਦਾ ਬੰਦਾ ਜਿਸ ਦੇ ਲਾਲ-ਲਾਲ ਨੇਤਰ, ਸਰੀਰ ਬਹੁਤ ਡਰਾਉਣਾ ਹੱਥ ਬੰਨ੍ਹਕੇ ਮਹਾਰਾਜ ਜੀ ਮੋਹਰੇ ਆ ਖੜ੍ਹਾ ਹੋਇਆ। ਬੇਨਤੀ ਕੀਤੀ ਇਸ ਨਗਰ ਵਿਚੋਂ ਇਕ ਬੰਦੇ ਦੀ ਜਾਨ ਲਿਜਾਣੀ ਹੈ ਆਪ ਹੁਕਮ ਦੇਵੋ। ਮਹਾਰਾਜ ਕਹਿੰਦੇ, "ਲੈ ਜਾਉ! ਰਸਤੇ ਵਿਚ ਤਕਲੀਫ਼ ਨਾ ਦੇਣੀ।" ਦੀਪੋ ਹੁਰਾਂ ਦੇ ਘਰ ਲਾਗੇ ਇਕ ਕਸਬੀ ਜੁਲਾਹਿਆਂ ਦਾ ਘਰ ਸੀ। ਦੀਪੋ ਨੇ ਦੱਸਿਆ ਉਸ ਮੁੰਡੇ ਦੇ ਮਰਨ ਤੋਂ ਪਹਿਲਾਂ ਦੋ ਬੰਦੇ ਊਠ ਉੱਤੇ ਚੜ੍ਹਕੇ ਆਏ। ਜੁਲਾਹਿਆਂ ਦੇ ਘਰ ਮੋਹਰੇ ਕਿੱਕਰਾਂ ਦੇ ਦਰਖਤ ਸਨ, ਊਠ ਦਰੱਖਤ ਨਾਲ ਬੰਨਕੇ ਪਤਾ ਨਹੀਂ ਉਸ ਮੁੰਡੇ ਨੂੰ ਕੀ ਕੀਤਾ ਜਿਵੇਂ ਤੇਲੀ ਰੂੰ ਪਿੰਜ ਸੁੱਟਦਾ ਹੈ, ਤਿੰਨ ਦਿਨ ਮੁੰਡੇ ਨੂੰ ਇਸ ਤਰਾਂ ਦੁਖੀ ਕਰਦੇ ਰਹੇ ਸਨ। ਹੁਣ ਮਹਾਰਾਜ ਦੇ ਹੁਕਮ ਨਾਲ ਉਸਦੀ ਜਾਨ ਕੱਢਕੇ ਲੈ ਗਏ। ਫ਼ਰੀਦ ਸਾਹਿਬ ਜੀ ਨੇ ਲਿਖਿਆ ਹੈ ਜਦੋਂ ਇਨਸਾਨ ਦੀ ਮੌਤ ਹੁੰਦੀ ਹੈ ਬਹੁਤ ਤਕਲੀਫ਼ ਪਹੁੰਚਾ ਕੇ ਹੱਡਾ ਨੂੰ ਕੜਕਾਕੇ ਜਾਨ ਕੱਢੀ ਜਾਂਦੀ ਹੈ।

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥

ਮੁਹੰਮਦ ਸਾਹਿਬ ਨੇ ਵੀ ਲਿਖਿਆ ਹੈ 'ਬੇਰੀ ਦੇ ਕੰਡਿਆਂ ਵਾਲੇ ਛਾਪੇ ਨੂੰ ਮੂੰਹ ਰਾਹ ਲੰਘਾ ਕੇ ਗੁਦਾ ਰਾਹ ਕੱਢਿਆ ਜਾਵੇ ਇੰਨਾਂ ਦੁਖ ਮੌਤ ਹੋਣ ਵੇਲੇ ਹੁੰਦਾ ਹੈ।' ਹੋਰ ਵੀ ਸ਼ਾਸ਼ਤਰਾਂ ਵਿਚ ਲਿਖਿਆ ਹੈ ਹਜ਼ਾਰ ਬਿੱਛੂ ਦੇ ਡੰਗ ਮਾਰਨ ਜਿੰਨਾ ਦੁੱਖ ਜਾਨ ਨਿਕਲਣ ਵੇਲੇ ਹੁੰਦਾ ਹੈ। ਉਸ ਲੜਕੇ ਦੀ ਜਾਨ ਕੱਢਕੇ ਯਮ ਲੈ ਗਏ। ਅੱਗੇ ਕਰਤਾਰ ਜਾਣੇ ਉਸ ਨਾਲ ਕੀ ਵਰਤੀ। ਇਹੋ ਜਿਹੇ ਬਹੁਤ ਸਾਰੇ ਕੌਤਕ ਜਦੋਂ ਮਹਾਰਾਜ ਜੀ ਦੇਹ ਵਿਖੇ ਹਾਜ਼ਿਰ ਸਨ, ਦੀਪੋ ਨੂੰ ਦਿਖਾਏ। ਇਕ ਵਾਰ ਸ਼ਹੀਦਾਂ ਦੀਆਂ ਫ਼ੌਜਾਂ ਦੇ ਦਰਸ਼ਨ ਕਰਵਾਏ। ਇਕ ਵਾਰ ਲੱਛਮੀ ਬਹੁਤ ਗਹਿਣੇ ਪਾਏ ਹੋਏ ਸੁੰਦਰ ਵੀ ਬਹੁਤ ਛਨ-ਛਨ ਕਰਦੀ ਮਹਾਰਾਜ ਜੀ ਦੇ

ਦਰਸ਼ਨਾਂ ਨੂੰ ਆਈ। ਬੇਨਤੀਆਂ ਕਰਨ ਲੱਗੀ, "ਸੱਚੇ ਪਾਤਸ਼ਾਹੋ, ਮੈਨੂੰ ਚਰਨਾਂ ਵਿਚ ਨਿਵਾਸ ਦੇਵੋ, ਮੇਰਾ ਭਲਾ ਕਰੋ।" ਮਹਾਰਾਜ ਜੀ ਆਖਣ ਲੱਗੇ, "ਚੱਲ ਨੱਠ! ਚਲ ਦਰਸ਼ਨ ਹੋ ਗਏ।" ਫਿਰ ਮਹਾਰਾਜ ਦੇ ਲਵ੍ਹਸ਼ੰਕਾ ਕਰਨ ਵਾਲਾ ਕਟੋਰਾ ਚੁਕਿਆ ਕਹਿੰਦੀ ਇਹੋ ਹੀ ਮੈਨੂੰ ਬਖਸ਼ ਦੇਵੋ। ਮਹਾਰਾਜ ਝਿੜਕਾਂ ਮਾਰਕੇ ਆਖਿਆ, "ਚੱਲ ਬਾਹਰ।" ਪਿੱਛੋਂ ਦੀਪੋ ਨੂੰ ਦੱਸਿਆ, "ਦੀਪ ਕੌਰੇ! ਇਹ ਲੱਛਮੀ ਸੀ।" ਇਕ ਦਿਨ ਕੰਨਾਂ ਵਿਚ ਕਲਮਾਂ ਪਾਈਆਂ ਹੋਈਆਂ ਤ੍ਰੀਮਾਨ ਰੂਪ ਵਿਚ ਦੇਵੀ ਸਰਸਵਤੀ ਦਰਸ਼ਨਾਂ ਨੂੰ ਆਈ, ਦਰਸ਼ਨ ਕਰਕੇ ਚਲੀ ਗਈ। ਦੀਪੋ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਇਹ ਕੌਣ ਸੀ?" ਮਹਾਰਾਜ ਜੀ ਕਹਿੰਦੇ, "ਦੀਪ ਕੌਰੇ! ਇਹ ਸਰਸਵਤੀ ਪਾਠਸ਼ਾਲਾ ਵਿਚ ਰਹਿੰਦੀ ਹੈ।" ਇਕ ਦਿਨ ਇਸੇ ਹੀ ਤਰਾਂ ਮਹਾਰਾਜ ਜੀ ਆਖਣ ਲੱਗੇ, "ਸੱਚ ਖੰਡ ਵਸੇ ਨਿਰੰਕਾਰ ਉਸ ਰਾਜੇਂ ਕੇ ਰਾਜੇ ਦੇ ਦਰਸ਼ਨਾਂ ਦੀ ਝਾਕੀ ਦਿਖਾਈ। ਇਹੋ ਜਿਹੀਆਂ ਹਜ਼ਾਰਾਂ ਹੀ ਰੂਹਾਂ ਦੇ ਦਰਸ਼ਨ ਦੀਪੋ ਨੂੰ ਕਰਾ ਦਿੰਦੇ ਸਨ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਠਾਕਰ ਸਿੰਘ ਦੀ ਚੱਲੀ

ਸੰਨ 1927 ਵਿਚ ਰਹਿਪੇ ਇਸਤੇਮਾਲ ਸ਼ੁਰੂ ਹੋਇਆ। ਇਸਤੇਮਾਲ ਵਿਚ ਜ਼ਿੰਮੀਦਾਰਾਂ ਦੇ ਭਾਣੇ ਤਾਂ ਸੂਰਜ ਲਹਿੰਦੇ ਪਾਸੇ ਤੋਂ ਚੜ੍ਹਨ ਲੱਗ ਪੈਂਦਾ ਹੈ। ਖੇਤਾਂ ਦਾ ਨਵਾਂ ਜਨਮ ਹੁੰਦਾ ਹੈ। ਮੇਰੇ ਪਿਤਾ ਠਾਕਰ ਸਿੰਘ ਦੇ ਦਿਲ ਵਿਚ ਬਹੁਤ ਡਰ ਸੀ ਕਿ ਕਿਤੇ ਜ਼ਮੀਨ ਮਾੜੇ ਥਾਂ ਨਾ ਪੈ ਜਾਏ। ਪਰ ਨਿੱਕੀਆਂ-ਮੋਟੀਆਂ ਗੱਲਾਂ, ਕੰਮਕਾਰ ਦਾ ਆਸਰਾ ਸਭ ਰਾਜਾ ਬਲੀ ਦੇ ਆਸਰੇ ਤੇ ਹੀ ਸਮਝਿਆ ਜਾਂਦਾ ਸੀ। ਘਰੋਂ ਇਸ ਖਿਆਲ ਨਾਲ ਚਲ ਪਿਆ ਕਿ ਵੱਡੀ ਸਰਕਾਰ ਅੱਗੇ ਅਰਜ ਗੁਜ਼ਾਰ ਆਵਾਂ, ਜਿਸਦੀ ਸ਼ਕਤੀ ਨਾਲ ਖੰਡ, ਬ੍ਰਹਿਮੰਡ, ਪ੍ਰਿਥਵੀ, ਸਮੁੰਦਰ, ਪਹਾੜਾਂ, ਚੰਦਾਂ, ਸੂਰਜ, ਪੌਣ-ਪਾਣੀ ਬੰਨ੍ਹੇ ਖੜ੍ਹੇ ਹਨ। ਉਸ ਸੱਚੀ ਦਰਗਾਹ ਵਿਚ ਗਿਆ, ਮਨ ਵਿਚ ਹੀ ਅਰਜੀਆਂ ਦਾ ਥੱਬਾ ਬੰਨ੍ਹਕੇ ਜਾ ਪੇਸ਼ ਹੋਇਆ। ਸਭ ਸ਼ਕਤੀਆਂ ਦੇ ਮਾਲਿਕ ਇੰਦਰ ਦੇ ਘਰ ਬੈਠੇ ਸਨ। ਸੰਗਤ

ਦਰਸ਼ਨ ਕਰਕੇ ਮੁੜੀ ਜਾਂਦੀ ਸੀ, ਕਾਫ਼ੀ ਭੀੜ ਬਣੀ ਹੋਈ ਸੀ। ਸਭ ਦੇ ਮਨ ਵਾਂਛਤ ਕਾਰਜ ਕਰ ਰਹੇ ਸਨ। ਇਕ ਆਦਧਰਮੀਆਂ ਦੀਆਂ ਸੰਗਤਾਂ ਦਾ ਟੋਲਾ ਆਇਆ। ਉਨ੍ਹਾਂ ਨੇ ਵੀ ਪ੍ਰੇਮ ਨਾਲ ਚਰਨਾਂ ਤੇ ਨਮਸਕਾਰ ਕੀਤੀ। ਮਹਾਰਾਜ ਕਾਫ਼ੀ ਭੀੜ ਹੋਣ ਕਰਕੇ ਸਭ ਨੂੰ ਤੋਰੀ ਜਾਂਦੇ ਸਨ। ਜਿਸ ਵੇਲੇ ਉਸ ਬੀਬੀਆਂ ਦੇ ਕਾਫਲੇ ਨੇ ਅੱਗੇ ਵੱਧਕੇ ਮੱਥਾ ਟੇਕਿਆ ਤਾਂ ਮਹਾਰਾਜ ਜੀ ਕਹਿੰਦੇ "ਹਾਂ! ਹਾਂ! ਠਾਕਰਾ ਸੌ ਤੋਂ ਇਕ ਵੱਧ ਜਾਵੇ ਤਾਂ ਉਸਨੂੰ ਵੀ ਨਾਲ ਹੀ ਗਿਣਨਾ ਪੈਂਦਾ ਹੈ। ਇਸਦਾ ਮਤਲਬ ਤੂੰ ਕਹੀਂ ਨਾ ਪਈ ਤੂੰ ਆਧਰਮੀਆਂ ਨੂੰ ਨਾਲ ਕਿਉਂ ਲੱਗਣ ਦਿੱਤਾ। ਇਹ ਵੀ ਹੋਰ ਜੀਵਾਂ ਦੇ ਨਾਲ ਹੀ ਹਨ। ਜੈਸੇ ਗੁਰੂ ਗੋਬਿੰਦ ਸਿੰਘ ਨੇ ਵੀ ਬਿਆਨਿਆ ਹੈ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ।" ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਸਭ ਜੀਵਾਂ ਦਾ ਉਧਾਰ ਕਰਨ ਲਈ ਹੀ ਇਸ ਸੰਸਾਰ ਵਿਚ ਆਏ ਸਨ। 'ਜਿਨ ਪ੍ਰੇਮ ਕੀਉ, ਤਿਨ ਹੀ ਪ੍ਰਭੁ ਪਾਇਓ' ਠਾਕਰ ਸਿੰਘ ਨੂੰ ਕੁੱਝ ਦੇਰ ਪਹਿਰੇ ਤੇ ਖੜ੍ਹਾ ਰੱਖਿਆ। ਕੁੱਝ ਦੇਰ ਬਾਅਦ ਘਰ ਜਾਣ ਵਾਸਤੇ ਹੁਕਮ ਹੋਇਆ। ਠਾਕਰ ਸਿੰਘ ਦੇ ਕੋਲ ਕਮੰਡਲ ਸੀ, ਦੁੱਧ ਲੈ ਕੇ ਗਿਆ ਸੀ, ਦੁੱਧ ਤਾਂ ਲੰਗਰ ਵਿਚ ਭੇਜ ਦਿੱਤਾ, ਹੁਕਮ ਕੀਤਾ, ਇੰਦਰ ਦੇ ਘਰ ਜੋ ਘੜੇ ਭਰੇ ਹੋਏ ਸਨ ਉਨ੍ਹਾਂ ਵਿਚੋਂ ਜਲ ਦਾ ਕਮੰਡਲ ਭਰਨ ਵਾਸਤੇ ਕਿਹਾ, ਕਮੰਡਲ ਭਰ ਕੇ ਹੁਕਮ ਕੀਤਾ ਕਹਿੰਦੇ, "ਚਲ! ਬੱਲੋਆਲ ਵੱਲ੍ਹ ਦੇ ਪਾਸੇ ਨਵਾਂ ਖੂਹ ਲਾ ਲਈਂ। ਕਲਮਾਂ ਰਾਜਾ ਦੇ ਹੁਕਮ ਨਾਲ ਵਗਦੀਆਂ ਹਨ। ਫਿਕਰ ਨਹੀਂ ਕਰੀਦਾ।" ਇੰਨਾ ਬਚਨ ਕਹਿਣ ਨਾਲ ਸਾਰਾ ਫਿਕਰ ਜਾਂਦਾ ਰਿਹਾ। ਇਸਤੇਮਾਲ ਵਿਚ ਬਹੁਤ ਚੰਗੇ ਥਾਂ ਸਾਰੀ ਮਾੜੀ ਚੰਗੀ ਜ਼ਮੀਨ ਇਕੱਠੀ ਕਰ ਦਿੱਤੀ। ਬੱਲੋਵਾਲ ਵੱਲ੍ਹ ਦੇ ਪਾਸੇ ਐਸਾ ਰਕਬਾ ਬੰਨ੍ਹਿਆ, ਤਹਿਸੀਲਦਾਰ ਨੇ ਹਰਾ ਰੰਗ ਫੇਰ ਦਿੱਤਾ। ਕਦੀ ਐਸਾ ਮੁਰੱਬਾ ਹਮਨੇ ਕਿਸੀ ਕਾ ਨਹੀਂ ਦੇਖਾ। ਸੰਨ 1933 ਵਿਚ ਸਾਹਿਬ ਮਾਡਲ ਫਾਰਮ ਰਜਿਸਟਰਡ ਹੋਇਆ। ਇਸਤੇਮਾਲ ਤੋਂ ਬਾਅਦ ਪਹਿਲਾਂ ਖੂਹ ਦੂਜੇ ਸਾਂਝੀ ਹਾਕਮ ਸਿੰਘ ਨੂੰ ਛੱਡਕੇ ਰਾਹੋਂ ਪੱਛੋਂ ਵੱਲ੍ਹ ਦੇ ਪਾਸੇ ਲਾਉਣਾ ਪਿਆ। ਉਸ ਦਿਨ ਜੋ ਕਮੰਡਲ ਜਲ ਦੀ ਬਖਸ਼ਿਸ਼ ਕੀਤੀ ਸੀ ਉਸਦਾ ਪਤਾ ਲੱਗਾ। ਕਈ ਕਈ ਸਾਲ ਪਹਿਲਾਂ ਜੋ ਜੀਵਾਂ ਦੇ ਕਰਮ ਵਿਚ ਲਿਖਿਆ ਹੁੰਦਾ ਸੀ ਉਸਦੀ ਰਮਜ਼ ਪਹਿਲਾਂ ਹੀ ਮਾਰ ਦਿੰਦੇ ਸਨ। ਠਾਕਰ ਸਿੰਘ

ਦੇ ਵੱਡੇ ਭਰਾ ਬਚਨ ਸਿੰਘ ਜਦੋਂ ਸੁਰਗਵਾਸ ਹੋ ਗਏ, ਘਰ ਦੀ ਜ਼ਿੰਮੇਵਾਰੀ ਠਾਕਰ ਸਿੰਘ ਦੇ ਸਿਰ ਆ ਪਈ। ਉਨ੍ਹਾਂ ਨੇ ਘਰ ਦਾ ਖੇਤੀ ਦਾ ਕੰਮ ਕਰ ਛਡਣਾ, ਕੁੱਝ ਮਨ ਓਦਰ ਗਿਆ। ਮਨ ਵਿਚ ਸੋਚਾਂ ਸੋਚਦਾ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਜਦੋਂ ਗਿਆ ਤਾਂ ਮਨ ਵਿਚ ਵੈਰਾਗ ਆ ਗਿਆ। ਚਰਨਾਂ ਤੇ ਨਮਸਕਾਰ ਕੀਤੀ, ਅੱਥਰੂ ਵਹਿ ਤੁਰੇ। ਮਹਾਰਾਜ ਜੀ ਕਹਿਣ ਲੱਗੇ, "ਠਾਕਰਾ ਓਦਰੀਦਾ ਨਹੀਂ, ਕੰਮ ਤਾਂ ਤੇਰੇ ਸਾਰੇ ਅਸੀਂ ਕਰ ਰਹੇ ਹਾਂ, ਤੈਨੂੰ ਕੀ ਫ਼ਿਕਰ ਹੈ? ਛੇ ਫੁੱਟ ਖ਼ਜਾਨਾ ਤੈਨੂੰ ਮਾਇਆ ਦਾ ਦਿੱਤਾ ਹੋਇਆ ਹੈ, ਸਾਰਾ ਆਪਦਾ ਹੀ ਹੈ। ਤੇਰੇ ਨਿਆਣਿਆਂ ਨੇ ਤਾਂ ਰੁਪਿਆਂ ਨਾਲ ਖੇਡਿਆ ਕਰਨਾ ਹੈ, ਸਾਰਾ ਭੱਠਾ ਸਾਈਂ ਦਾ ਖਰੀਦ ਕੇ ਚੰਗਾ ਜਿਹਾ ਮਕਾਨ ਪਾ ਲਈਦਾ ਹੈ। ਵੱਡੀਆਂ-ਵੱਡੀਆਂ ਮੱਝਾਂ ਰੱਖੀਦੀਆਂ ਹਨ, ਜਿਹੜੀਆਂ ਇਕੱਲੀਆਂ-ਇਕੱਲੀਆਂ ਚਾਰ ਚਾਰ ਸੇਰ ਮੱਖਣ ਕੱਢਣ।" ਦਾਸ ਵੀ ਨਾਲ ਸੀ। ਮਹਾਰਾਜ ਕਹਿੰਦੇ, "ਕਾਕੇ ਦਾ ਨਾਂ ਕੀ ਰੱਖਿਆ ਹੈ?" "ਜੀ ਬਖਸ਼ੀ ਰੱਖਿਆ ਹੈ।" ਮਹਾਰਾਜ ਕਹਿੰਦੇ, "ਵੱਡੇ ਵੱਡੇ ਨਾਂ ਰੱਖਣੇ ਸੀ ਐਵੇਂ ਛੋਟਾ ਜਿਹਾ ਨਾਂ ਰੱਖਿਆ ਹੋਇਆ ਹੈ। ਜਿੱਡਾ ਬੰਦਾ ਹੋਵੇ ਓਡਾ ਹੀ ਨਾਂ ਰੱਖ ਲਈਦਾ ਹੈ।" ਫਿਰ ਮੈਨੂੰ ਸ਼ਬਦ ਪੜ੍ਹਨ ਦਾ ਹੁਕਮ ਕੀਤਾ। ਗਰਮੀ ਦੇ ਦਿਨ ਸਨ। ਦਾਸ ਨੇ ਛੋਟੇ ਸਾਹਿਬਜ਼ਾਦੇ ਦੇ ਕਬਿੱਤ ਪੜ੍ਹੇ। ਮਿਲਖਾ ਸਿੰਘ ਦਾ ਪੁੱਤਰ ਲਸ਼ਕਰ ਸਿੰਘ ਵੀ ਨਾਲ ਹੀ ਬੋਲਦਾ ਸੀ। ਫਿਰ ਪੱਕੀ ਧਾਰਨਾ ਪੜ੍ਹੀ "ਚਲੋ ਸਿੰਘੋ ਚਲੋ ਦਰਸ਼ਨ ਕਰੀਏ ਗੁਰੂ ਗੋਬਿੰਦ ਸਿੰਘ ਆਏ ਨੇ।" ਮਹਾਰਾਜ ਜੀ ਬੋਲੇ ਕਹਿੰਦੇ, "ਬਖਸ਼ੇ! ਤੂੰ ਤੇ ਰਾਜਾ ਤੋਂ ਬਿਨਾਂ ਹੋਰ ਕੁੱਝ ਕਹਿਣਾ ਹੀ ਨਹੀਂ ਹੈ, ਕੰਨ ਫੜ ਤੂੰ ਰਾਜਾ ਰਾਜਾ ਕਹਿ ਇਹ ਹਦਾਇਤ ਤੇਰੇ ਵਾਸਤੇ ਹੈ।" ਗਰਮੀ ਦੇ ਦਿਨ ਸਨ ਕੁੱਝ ਗਲਾ ਖੁਸ਼ਕ ਜਿਹਾ ਹੋ ਗਿਆ ਹੈ। ਪੇਟ ਵਿਚ ਨੁਕਸ ਸੀ। ਵੱਡੇ-ਵੱਡੇ ਵੈਦਾਂ ਦੇ ਮਾਲਿਕ ਵਲੋਂ ਹੁਕਮ ਹੋਇਆ ਕਹਿੰਦੇ, "ਬਖਸ਼ਿਆ ਘਿਉ ਪੀ ਲਈਦਾ ਹੈ ਸਾਰੀ ਕਸਰ ਠੀਕ ਹੋ ਜਾਵੇਗੀ।" ਉਸੇ ਹੀ ਛਿਨ ਵਿਚ ਜੋ ਸਰੀਰ ਸੁਸਤ ਰਹਿੰਦਾ ਸੀ ਤੰਦਰੁਸਤ ਹੋ ਗਿਆ। ਹਾਲੇ ਤਾਈਂ ਕੋਈ ਸਰੀਰ ਨੁਕਸ ਹੋਵੇ ਤਾਂ ਘਿਉ ਛਕਣ ਨਾਲ ਦੂਰ ਹੋ ਜਾਂਦਾ ਹੈ। ਠਾਕਰ ਸਿੰਘ ਦੇ ਨਹੁੰ ਕਾਲੇ ਹੋ ਗਏ। ਮਾਸ ਨਹੁੰਆਂ ਨਾਲੋਂ ਜੁਦਾ ਹੋ ਗਿਆ। ਨਮਸਕਾਰ ਕਰਨ ਲੱਗੇ ਤਾਂ ਪੁੱਛਿਆ, "ਠਾਕਰਾ! ਨਹੁੰਆਂ ਨੂੰ ਕੀ ਗੱਲ ਹੈ?" ਠਾਕਰ ਸਿੰਘ- "ਜੀ!

ਪਤਾ ਨਹੀਂ ਮਾਸ ਛੱਡ ਗਏ ਹਨ, ਕਾਲੇ ਹੋ ਗਏ ਹਨ, ਕਾਫ਼ੀ ਤਕਲੀਫ਼ ਹੈ।' ਘਿਉ ਲਾਉਣ ਦਾ ਹੁਕਮ ਕੀਤਾ। ਸਭ ਠੀਕ ਹੋ ਗਏ ਘਿਉ ਲਾਉਣ ਨਾਲ। ਸਾਰੀਆਂ ਬਰਕਤਾਂ ਮਿਹਰਾਂ ਦੇ ਦਾਤੇ ਦੀ ਨਿਗਾਹ ਵਿਚ ਸਨ। ਜਿਸ ਵੱਲ੍ਹ ਜ਼ਰਾ ਰਹਿਮਤ ਭਰੀਆਂ ਨਜ਼ਰਾਂ ਨਾਲ ਤੱਕ ਲੈਂਦੇ ਸਨ, ਬੇੜੇ ਤਰ ਜਾਂਦੇ ਸਨ। ਇਕ ਵਾਰੀ ਠਾਕਰ ਸਿੰਘ ਕੋਈ ਚਲਣ ਵਾਲਾ ਬਲਦ ਜਾਂ ਊਠ ਖਰੀਦਣ ਦੇ ਖਿਆਲ ਨਾਲ ਪੈਸੇ ਵਾਸਨੀ ਵਿਚ ਪਾ ਕੇ ਲੱਕ ਨਾਲ ਬੰਨ੍ਹਕੇ ਪਹਾੜ ਵੱਲ੍ਹ ਨੂੰ ਤੁਰ ਪਿਆ। ਰਾਹ ਮਜਾਰੇ ਵਿਚ ਦੀ ਜਾਂਦਾ ਸੀ। ਮਨ ਵਿਚ ਸੋਚਣ ਲੱਗਾ ਪਈ ਜੇ ਕੋਲ ਦੀ ਦਰਸ਼ਨ ਤੋਂ ਬਿਨਾਂ ਚਲੇ ਗਿਆ ਤਾਂ ਚੰਗੀ ਗੱਲ ਨਹੀਂ ਤੇ ਲੰਘਿਆ ਵੀ ਨਹੀਂ ਜਾਂਦਾ। ਜੇ ਦਰਸ਼ਨ ਕਰਨ ਗਏ ਤਾਂ ਸਾਰੇ ਪੈਸੇ ਲੈ ਗਏ ਤਾਂ ਵੀਰੇ ਨੇ ਗੁੱਸੇ ਹੋਣੈ ਪਸ਼ੂ ਵੀ ਚਾਹੀਦਾ ਹੈ। ਪੈਸੇ ਕੋਲ ਹੋਰ ਨਹੀਂ ਹਨ। ਸੋਚਾਂ-ਸੋਚਦਾ ਦਰਸ਼ਨਾਂ ਵਾਸਤੇ ਚਲਿਆ ਗਿਆ। ਮਹਾਰਾਜ ਜੀ ਪਿੰਡੋਂ ਚੜ੍ਹਦੀ ਵੱਲ੍ਹ ਨਾਗਰਿਆਂ ਦੀ ਜੂਹ ਵਿਚ ਇਕ ਖੂਹ ਦੀ ਪੈੜ ਵਿਚ ਬੈਠੇ ਸਨ। ਜਦੋਂ ਠਾਕਰ ਸਿੰਘ ਅਜੇ ਦੂਰ ਹੀ ਸੀ, ਘਟ ਘਟ ਦੀਆਂ ਜਾਨਣਹਾਰੇ ਬੋਲੇ, ਕਹਿੰਦੇ "ਜ਼ਿਆਦਾ ਵੱਛੇ ਕੱਟੇ ਹੀ ਲੈ ਕੇ ਪਾਲ ਲਈਦੇ ਹਨ, ਜ਼ਿਆਦਾ ਰਕਮ ਨਹੀਂ ਲਈਦੀ, ਕੱਟੇ ਵੱਛੇ ਬਹੁਤ ਕੰਮ ਦਿੰਦੇ ਹੁੰਦੇ ਹਨ।" ਇਨਾ ਹੁਕਮ ਦੇ ਕੇ ਤੋਰ ਦਿੱਤਾ। ਦੋ ਖੇਤ ਦੂਰ ਗਏ ਤਾਂ ਪੈੜੇ ਵਿਚੋਂ ਉੱਠਕੇ ਅਵਾਜ਼ ਦਿੱਤੀ ਤੇ ਕਿਹਾ, "ਠਾਕਰਾ! ਨਹੀਂ ਤਾਂ ਕੋਈ ਮਧਰੀ ਜਿਹੀ ਛੱਤ ਦਾ ਊਠ ਹੀ ਲੈ ਲਈਂ। ਚੰਗਾ ਕੰਮ ਦਿੰਦੇ ਹੁੰਦੇ ਹਨ।" ਠਾਕਰ ਸਿੰਘ ਕਹਿੰਦਾ, "ਜੀ! ਸਤ ਬਚਨ, ਜੈਸਾ ਆਪਦਾ ਹੁਕਮ ਹੋਵੇ।" ਸੱਚੀ ਹੀ ਮੁਕਤਸਰ ਦੀ ਮੰਡੀ ਤੋਂ ਤਾਇਆ ਬਤਨ ਸਿੰਘ ਊਠ ਲਿਆਇਆ, ਮਧਰੀ ਜਿਹੀ ਛੱਤ ਦਾ, ਕਈ ਸਾਲ ਬਹੁਤ ਕੰਮ ਦਿੱਤਾ। ਐਸੇ ਦਿਆਲੂ ਕ੍ਰਿਪਾਲੂ ਸੱਚੇ ਸਤਿਗੁਰੂ ਸੇਵਕਾਂ ਦੇ ਕੰਮ ਸਾਰਦੇ ਸਨ। ਇਕ ਦਿਨ ਠਾਕਰ ਸਿੰਘ ਨੂੰ ਆਖਣ ਲੱਗੇ, "ਜਦੋਂ ਵੀ ਸਾਡੇ ਦਰਸ਼ਨ ਨੂੰ ਆਵੇਂ ਸੌ ਰੁਪਿਆ ਹਾਲੇ ਦਾ ਲੈ ਕੇ ਆਇਆ ਕਰ, ਨਹੀਂ ਤਾਂ ਆਇਆ ਨਾ ਕਰ।" ਠਾਕਰ ਸਿੰਘ- "ਜੀ, ਆਪਦੇ ਦਰਸ਼ਨਾਂ ਬਿਨਾਂ ਭਾਂ ਬਚ ਨਹੀਂ ਸਕਦਾ ਜਦੋਂ ਸੌ ਰੁਪਏ ਦੇ ਹਾਲੇ ਦੇ ਲਾਇਕ ਬਣਾ ਦੇਵੋਗੇ ਤਾਂ ਹਾਲਾ ਵੀ ਲਿਆਇਆ ਕਰੂੰਗਾ। 'ਜਿਉਂ ਮਛਲੀ ਬਿਨ ਪਾਣੀਏ ਕਿਉਂ ਜੀਵਨ ਪਾਵੈ' ਆਪਦੇ ਦਰਸ਼ਨਾਂ ਬਿਨਾ ਬਚ ਨਹੀਂ ਸਕਦਾ।" ਮਹਾਰਾਜ ਜੀ

ਕਹਿੰਦੇ, "ਚੰਗਾ! ਤੈਨੂੰ ਸੌ ਰੁਪਏ ਹਾਲੇ ਦਾ ਮਾਲਿਕ ਬਣਾ ਦਿੱਤਾ, ਚਾਹੇ ਰਸੋਖਾਨੇ ਆ ਕੇ ਤਾਰ ਜਾਇਆ ਕਰੀਂ, ਚਾਹੇ ਤਸੀਲੇ ਜਾ ਕੇ ਤਾਰ ਦਿੱਤਾ।" ਅਲਮਾਰੀ ਵਿਚੋਂ ਕਈ ਕਾਗਜ਼ ਠਾਕੁਰ ਸਿੰਘ ਵੱਲ੍ਹ ਲਿਆ ਕੇ ਝਾੜੀ ਜਾਣ ਨਾਲੇ ਹੱਥ ਤੇ ਲਿਖੀ ਜਾਣ। ਨਾਲੇ ਵਰ ਅਤੇ ਦਾਤਾਂ ਬਖਸ਼ੀ ਜਾਣ ਇਹੋ ਜਿਹੀਆਂ ਕਈ ਮਿਸਲਾਂ ਭਰ ਕੇ ਚਲ ਕਹਿੰਦੇ, "ਢਿੱਲਾ ਨਹੀਂ ਰਹੀਦਾ। ਤੇਰੇ ਵਿਚੋਂ ਐਨੀ ਢਿੱਲ ਕੱਢੀ ਹੈ ਹਾਲੇ ਵੀ ਢਿੱਲਾ ਚੱਲਦਾ ਰਹਿਨੈ।" ਇਹੋ ਜਿਹੇ ਹੁਕਮਨਾਮੇ ਦੇ ਕੇ ਤੋਰ ਦਿੱਤਾ। ਇਕ ਵਾਰ ਫਿਰ ਦੀ ਗੱਲ ਹੈ ਠਾਕਰ ਸਿੰਘ ਜੱਬੋਆਲ ਨੂੰ ਜਾਂਦਾ-ਜਾਂਦਾ ਮਹਾਰਾਜ ਜੀ ਦੇ ਦਰਸ਼ਨ ਵਾਸਤੇ ਪਿੰਡ ਮਜਾਰੇ ਗਿਆ। ਮਹਾਰਾਜ ਜੀ ਨਾਗਰਿਆਂ ਦੀ ਢੱਕੀ ਵਿਚ ਬੈਠੇ ਸਨ। ਅੱਗੇ ਗਿਆ ਤਾਂ ਦੋ ਬੰਦੇ ਮਹਾਰਾਜ ਜੀ ਦੇ ਕੋਲ ਖੜ੍ਹੇ ਇਉਂ ਕਹਿ ਰਹੇ ਹਨ ਸਾਨੂੰ ਕੋਈ ਕਰਾਮਾਤ ਦਿਖਾਉ। ਮਹਾਰਾਜ ਕਾਫ਼ੀ ਪਤਿਆ ਨਾਲ ਉਨ੍ਹਾਂ ਨੂੰ ਆਖ ਰਹੇ ਹਨ, "ਸਿਖੋ ਜਾਓ! ਕਰਾਮਾਤ ਦਿਖਾਉਣ ਕਹਿਰ ਦਾ ਨਾਂ ਹੈ। ਚੱਲਕੇ ਸਰਦਾਈ ਪੀਵੋ ਸਾਧੂਆਂ ਕੋਲੋਂ ਮਿਹਰ ਚਾਹੀਦੀ ਹੈ।" ਠਾਕਰ ਸਿੰਘ ਨੂੰ ਬੰਦਿਆਂ ਤੇ ਬਹੁਤ ਗੁੱਸਾ ਆਇਆ, ਮਢੇਰ ਬੰਨ੍ਹ ਕੇ ਲਾਠੀ ਨੂੰ ਥੁੱਕ ਲਾ ਕੇ ਆਖਿਆ, "ਐਧਰ ਨਿਕਲੋ! ਕਰਾਮਾਤ ਮੈਂ ਤੁਹਾਨੂੰ ਦਿਖਾਲਦਾ ਹਾਂ।" ਮਹਾਰਾਜ ਠਾਕਰ ਸਿੰਘ ਨੂੰ ਆਖਿਆ, "ਠਾਕਰ! ਚਲ ਅੱਗੇ ਜਿੱਥੇ ਜਾਣੈ, ਸਾਨੂੰ ਇਹ ਕੁੱਝ ਨਹੀਂ ਕਹਿ ਸਕਦੇ।" ਠਾਕਰ ਸਿੰਘ ਜੱਬੋਆਲ ਜਾ ਕੇ ਸ਼ਾਮ ਨੂੰ ਵਾਪਿਸ ਮੁੜਕੇ ਆਇਆ। ਇਕ ਨੱਕੇ ਮੋੜਨ ਵਾਲੇ ਮੁੰਡੇ ਨੇ ਪਹਿਲਾਂ ਹੀ ਦੱਸਿਆ ਉਹ ਦੋਵੇਂ ਬੰਦੇ ਹਾਲੇ ਮਹਾਰਾਜ ਜੀ ਦੇ ਮਗਰ ਲੱਗੇ ਹੋਏ ਹਨ। ਮਹਾਰਾਜ ਸ਼ਾਂਤੀ ਦੇ ਸਮੁੰਦਰ ਉਨ੍ਹਾਂ ਨੂੰ ਆਖਦੇ ਹਨ, "ਕਾਕਿਉ! ਜਾਉ ਪਰ ਉਹ ਜਾਂਦੇ ਨਹੀਂ।" ਸੂਰਜ ਛਿਪਣ ਵਾਲਾ ਹੈ ਸ਼ਾਇਦ ਮਹਾਰਾਜ ਜੀ ਦੇ ਨਾਲ ਕੋਈ ਨਜਾਇਜ਼ ਬਚਨ ਕਰਨ, ਤੁਸੀਂ ਉਨ੍ਹਾਂ ਨੂੰ ਤੋਰ ਜਾਵੋ। ਠਾਕਰ ਸਿੰਘ ਨੇ ਜਾ ਕੇ ਮਹਾਰਾਜ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਠਾਕਰ ਦੇ ਜਾਣ ਤੋਂ ਬਾਅਦ ਮਹਾਰਾਜ ਜੀ ਉੱਠਕੇ ਨਾਗਰਿਆਂ ਵੱਲ੍ਹ ਨੂੰ ਤੁਰ ਪਏ, ਨਾਲੇ ਆਖਿਆ, "ਆਉ ਭਾਈ! ਤੁਹਾਨੂੰ ਕਰਾਮਾਤ ਦਿਖਾ ਹੀ ਦੇਈਏ।" ਠਾਕਰ ਸਿੰਘ ਨੇ ਵੀ ਲੱਕ ਬੰਨ੍ਹਕੇ ਲਾਠੀ ਨੂੰ ਥੁੱਕ ਲਾ ਲਿਆ ਤੇ ਇਹ ਵੀ ਚੌਕੰਨਾ ਹੋ ਗਿਆ। ਜਦੋਂ ਇੰਨਾ ਬਚਨ ਆਖਿਆ, ਉਹ ਦੋਵੇਂ ਬੰਦੇ ਜੋ ਸਫੇਰ

ਦੇ ਮਗਰ ਪਏ ਹੋਏ ਖੜ੍ਹੇ ਸਨ, ਜ਼ਮੀਨ ਤੇ ਧੜੰਮ ਕਰਕੇ ਡਿੱਗ ਪਏ। ਟੱਟੀ ਪਿਸ਼ਾਬ ਕਛਹਿਰਿਆਂ ਵਿਚ ਹੀ ਨਿਕਲ ਗਿਆ। ਸਰੀਰ ਪੀਲਾ ਭੂਕ ਹੋ ਗਿਆ, ਥਰ ਥਰ ਕੰਬਣ ਲੱਗੇ, ਡੱਕਾ ਚੁੱਕਣ ਦੀ ਹਿੰਮਤ ਨਾ ਰਹੀ। ਮਹਾਰਾਜ ਕਹਿੰਦੇ, "ਚਲੋ ਬਈ, ਉਠੋ ਤੁਹਾਨੂੰ ਕੁੱਝ ਦਿਖਾਈਏ ਪਰ ਉਨ੍ਹਾਂ ਵਿਚ ਮਰੇ ਹੋਏ ਸੱਪ ਵਾਂਗ ਸਿਰੀ ਚੁੱਕਣ ਦੀ ਵੀ ਹਿੰਮਤ ਨਾ ਰਹੀ, ਸਰੀਰ ਸੁੰਨ ਪੱਥਰ ਦੀਆਂ ਮੂਰਤਾਂ ਬਣ ਗਏ। ਜਦੋਂ ਇਹ ਕੌਤਕ ਡਿੱਠਾ ਤਾਂ ਬੇਨਤੀਆਂ ਕਰਨ ਲੱਗੇ, "ਸੱਚੇ ਪਾਤਸ਼ਾਹ! ਸਾਨੂੰ ਬਖਸ਼ੋ! ਅਸੀਂ ਨਹੀਂ ਜਾਣਦੇ ਆਪਦੀ ਗਤੀ ਨੂੰ।" "ਚਲੋ ਉੱਠਕੇ ਕੁਦਾੜੇ ਵੱਟ ਜਾਓ।" ਇੰਨਾ ਹੁਕਮ ਦੇ ਕੇ ਪਿੰਡ ਨਾਗਰੀ ਇਕ ਵਾੜੇ ਵਿਚ ਜਾ ਬੈਠੇ। ਪਿੰਡ ਦੇ ਲੋਕ ਸੁਣਕੇ ਦਰਸ਼ਨ ਨੂੰ ਆਏ। ਚਰਨਾਂ ਵਿਚ ਹਾਜ਼ਿਰ ਹੋ ਕੇ ਸੇਵਾ ਵਿਚ ਬੇਨਤੀ ਕੀਤੀ ਕਹਿੰਦੇ, "ਮੇਰੇ ਪ੍ਰਾਹੁਣੇ ਨੂੰ ਪ੍ਰਸ਼ਾਦਾ ਛਕਾਉ। ਪੰਚਾਇਤ ਬੰਨ੍ਹਕੇ ਕੋਲ ਘੇਰਾ ਪਾ ਕੇ ਅਦਬ ਨਾਲ ਪ੍ਰਸ਼ਾਦਾ ਛਕਾਉ। ਇਹ ਇਕੱਲਾ ਹੀ ਲੱਖਾਂ ਵਰਗਾ ਹੈ।" ਇਕ ਦਿਨ ਫਿਰ ਦੀ ਗੱਲ ਹੈ ਠਾਕਰ ਸਿੰਘ ਨੂੰ ਪਿੰਡ ਨਾਗਰੀ ਭੇਜਿਆ, "ਜਾਓ! ਹੋਕਾ ਦੇ ਕੇ ਆਓ ਰਾਜੇ ਦਾ ਹਾਲਾ ਦੇ ਜਾਣ। ਪਿੰਡ ਜਾ ਕੇ ਵੀ ਆਖਿਆ ਕਰ ਰਾਜੇ ਦਾ ਹਾਲਾ ਦੇ ਜਾਇਆ ਕਰੋ।" ਠਾਕਰ ਸਿੰਘ ਕਹਿੰਦਾ, "ਜੀ! ਲੋਕੀ ਨਹੀਂ ਮੰਨਦੇ।" ਮਹਾਰਾਜ ਜੀ ਕਹਿੰਦੇ, "ਠਾਕਰਾ! ਚੌਕੀਦਾਰ ਦਾ ਤਾਂ ਕੰਮ ਪਹਿਰਾ ਦੇਣਾ ਹੀ ਹੈ, ਜਾਗਣਾ ਨਾ ਜਾਗਣਾ ਕਿਸੇ ਦੀ ਮਰਜੀ, ਖੱਡੀਆਂ ਸਾਰਖੀਆਂ ਵੀ ਰਾਜਾ ਦੇ ਨਾਂ ਤੇ ਹੀ ਬਣੀਆਂ ਹੋਈਆਂ ਹਨ ਹਾਂ! ਹਾਂ! ਕੁੰਨ੍ਹਾਂ ਸਾਰਖੀਆਂ, ਸੁਹਾਗੇ ਦੇ ਕੰਨੇ ਤੇ ਮੋਹਰ ਵੀ ਰਾਜਾ ਦੀ ਹੀ ਲੱਗੀ ਹੋਈ ਹੈ। ਕੀਲੀਆਂ ਸਾਰਖੀਆਂ, ਕੋਹਲੂ ਸਾਰਖੇ, ਕਾਰਖਾਨੇ ਵੀ ਰਾਜਾ ਦੇ ਨਾਂ ਤੇ ਹੀ ਬਣੇ ਹੋਏ ਹਨ। ਕਛਹਿਰੇ ਵਿਚ ਨਾਲਾ ਪਾਉਣਾ ਵੀ ਰਾਜੇ ਨੇ ਹੀ ਦੱਸਿਆ ਸੀ, ਅੰਮ੍ਰਿਤ ਵੀ ਖੰਡੇ ਦਾ ਰਾਜਾ ਨੇ ਹੀ ਤਿਆਰ ਕੀਤਾ ਸੀ। ਅੰਮ੍ਰਿਤਸਰ ਦੀ ਨੀਂਹ ਵੀ ਤੇ ਹਰਿਦੁਆਰ ਦੀਆਂ ਪਾਉੜੀਆਂ ਵੀ ਰਾਜਾ ਦੇ ਨਾਂ ਤੇ ਹੀ ਬਣੀਆਂ ਹੋਈਆਂ ਹਨ। ਚੁਲ੍ਹਿਆਂ ਨੂੰ ਵੀ ਟੈਕਸ, ਖੱਡੀਆਂ ਨੂੰ ਵੀ ਟੈਕਸ, ਸਾਈਕਲਾਂ ਨੂੰ ਵੀ ਟੈਕਸ, ਕੋਹਲੂਆਂ ਨੂੰ ਵੀ ਟੈਕਸ ਠਾਕਰਾ। ਹਮਨੇ ਲਾ ਦਿੱਤਾ ਹੈਂ।" ਉਸ ਵੇਲੇ ਕੋਈ ਨਾਂ ਨਿਸ਼ਾਨ ਨਹੀਂ ਸੀ ਹੁੰਦਾ ਚੁਲ੍ਹੇ ਟੈਕਸਾਂ ਦਾ। ਪਹਿਲਾਂ ਰੱਬ ਦੀ ਦਰਗਾਹ ਵਿਚ ਕਾਨੂੰਨ ਬਣਦਾ ਹੈ, ਪਿਛਿਉ ਮਹਾਂਪੁਰਸ਼ਾਂ ਦੇ ਰਾਹੀਂ

ਮਾਤਲੋਕ ਵਿਚ ਪ੍ਰਗਟ ਕੀਤਾ ਜਾਂਦਾ ਹੈ। ਮਹਾਂਪੁਰਸ਼ਾਂ ਦਾ ਜੋ ਵੀ ਬੋਲ ਹੁੰਦਾ ਹੈ ਦਰਗਾਹੀ ਬੋਲ ਹੁੰਦਾ ਹੈ। ਇਹੋ ਜਿਹੀਆਂ ਕਹਾਣੀਆਂ ਹਜ਼ਾਰਾਂ ਹੀ ਠਾਕਰ ਸਿੰਘ ਨਾਲ ਹੋਈਆਂ। ਇਕ ਵਾਰੀ ਦੀ ਗੱਲ ਹੈ ਠਾਕਰ ਸਿੰਘ ਦੀ ਨੂੰਹ ਬਿਮਾਰ ਹੋ ਗਈ। ਜਦੋਂ ਮਰਨ ਪਹਿਰੇ ਹੋਈ ਤਾਂ ਠਾਕਰ ਸਿੰਘ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀਆਂ ਕਰਨ ਲੱਗਾ, ਨਾਲ ਦਾਸ ਦਾ ਜਨਮ ਪੱਤਰਾ ਗੁਣਾਚੌਰ ਤੋਂ ਪਿੰਡ ਦੀਨਾ ਨਾਥ ਤੋਂ ਦਿਖਾਕੇ ਗਿਆ। ਅੱਗੋਂ ਮਹਾਰਾਜ ਜੀ ਬੋਲੇ, "ਠਾਕਰ! ਕਾਗਜ਼ ਦੇ ਅੱਖਰ ਤਾਂ ਪੜ੍ਹ ਲਿਖ ਭਾਵੇਂ ਕੋਈ ਲਵੇ ਮੋਹਰ ਤਾਂ ਉਤੇ ਰਾਜਾ ਦੀ ਲੱਗਣੀ ਹੈ? ਨਾਲੇ ਜੋ ਠਾਕੁਰ ਸਿੰਘ ਦੇ ਮਨ ਵਿਚ ਫੁਰਨਾ ਸੀ ਪਈ ਮਰੀਜ਼ ਨੂੰ ਰਾਜ਼ੀ ਕਰ ਦੇਣ ਤਾਂ ਕੀ ਮੁਸ਼ਕਿਲ ਹੈ? ਸਭ ਕੁੱਝ ਕਰ ਸਕਦੇ ਹਨ। ਮਹਾਰਾਜ ਮੱਥੇ ਤੇ ਚਿੱਟੀ ਟੱਲੀ ਬੰਨ੍ਹਕੇ ਤਾਕੀ ਖੋਲ੍ਹਕੇ ਹੁਕਮ ਕੀਤਾ- "ਚੱਲ ਠਾਕਰਾ! ਮੈਂ ਖੁਦਾ ਦੀ ਰਜ਼ਾ ਨਹੀਂ ਭੰਨਦਾ।" ਇਕ ਵਾਰ ਪਲੰਘ ਠੁਕਾਉਣ ਵਾਸਤੇ ਹੁਕਮ ਕੀਤਾ। ਇਸ ਸਿਨੋ ਕੋਲੋਂ ਬੁਣਨ ਵਾਸਤੇ ਠਾਕਰ ਸਿੰਘ ਲੈ ਗਿਆ, ਜਦੋਂ ਲਿਜਾ ਕੇ ਨਵੇਂ ਪਿੰਡ ਰੱਖਿਆ ਤਾਂ ਆਕਾਸ਼ਵਾਣੀ ਹੋਈ ਕਹਿਦੇ, "ਚੁੱਕ ਸਾਡਾ ਪਲੰਘ, ਕਿੱਥੇ ਸਿਵਿਆਂ ਵਿਚ ਆਣ ਰੱਖਿਆ?" ਕੁੱਝ ਦੇਰ ਬਾਅਦ ਸਿਨੋ ਮਰ ਗਈ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਦਾਸ ਨਾਲ ਹੋਈ

ਬਚਪਨ ਤੋਂ ਹੀ ਘਰ ਵਿਚ ਸਾਰੇ ਪਰਿਵਾਰ ਦਾ ਨਾਭ ਕੰਵਲ ਰਾਜਾ ਸਾਹਿਬ ਦੇ ਚਰਨਾਂ ਵਿਚ ਧਿਆਨ ਲੱਗਾ ਹੋਇਆ ਸੀ। ਪਿਤਾ ਅਤੇ ਬਾਬਾ, ਪੜਦਾਦਾ, ਬਾਬਾ ਬਿਸ਼ਨ ਸਿੰਘ ਵੀ ਸੰਤ ਸੇਵੀ ਅਤੇ ਬਹੁਤ ਵੱਡਾ ਦਾਨੀ ਸਨ। ਬਾਬਾ ਸਰਮੁਖ ਸਿੰਘ, ਪੂਰਨ ਭਗਤ ਨਾਭ ਕੰਵਲ ਰਾਜਾ ਸਾਹਿਬ ਦੇ ਸੇਵਕ ਸਨ। ਫਿਰ ਪਿਤਾ ਠਾਕਰ ਸਿੰਘ ਵੀ ਨਾਭ ਕੰਵਲ ਰਾਜਾ ਸਾਹਿਬ ਦੇ ਅਨਿਨ ਭਗਤ ਪ੍ਰੇਮੀ ਹੋਣ ਕਰਕੇ ਦਾਸ ਦੇ ਮਨ ਨੂੰ ਵੀ ਭਗਤੀ ਰੰਗ ਹੀ ਸਭ ਤੋਂ ਪਹਿਲਾਂ ਚੰਗੀ ਸੰਗਤ ਹੋਣ ਕਾਰਨ ਇਸੇ ਹੀ ਘਰ ਦਾ ਪ੍ਰੇਮ ਲੱਗ ਪਿਆ। ਜਦੋਂ ਮਨ ਕਿਸੇ ਪ੍ਰੇਮ ਵਿਚ ਰੰਗਿਆ ਜਾਏ ਤਾਂ ਹਰ ਸਮੇਂ ਉਸੇ ਹੀ ਪਾਸੇ ਦਾ ਝੁਕਾਉ ਬਣ ਜਾਂਦਾ ਹੈ।

ਸਭ ਚੀਜ਼ਾਂ ਨਾਲੋਂ, ਸਭ ਰਸਾਂ ਨਾਲੋਂ ਇਕ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਸ਼ਨਾਂ ਦਾ ਰਸ ਮਿੱਠਾ ਲੱਗਣ ਲੱਗਾ। ਮਨ ਵਿਚ ਹੋਰ ਕੋਈ ਖੁਹਾਇਸ਼ ਨਾ ਰਹੀ। ਜਦੋਂ ਵੀ ਕਦੀ ਕੰਮ ਵਿਚੋਂ ਸਮੇਂ ਮਿਲਣਾ ਪਿੰਡ ਮਜਾਰੇ ਬੈਠੇ ਅਰਸ਼ੀ ਪ੍ਰੀਤਮ ਦੇ ਦਰਸ਼ਨ ਨੂੰ ਇਉਂ ਨੱਠ ਪੈਣਾ ਜਿਵੇਂ ਸ਼ਮ੍ਹਾ ਤੇ ਪਰਵਾਨਾ ਆ ਡਿਗਦਾ ਹੈ। ਮਾਨਸਰੋਵਰ ਵੱਲ੍ਹ ਹੰਸ ਭੱਜੇ ਜਾਂਦੇ ਹੋਵਣ, ਪਿਆਸੇ ਮਿਰਗ ਵਗਦੇ ਦਰਿਆ ਵੱਲ੍ਹ, ਖੀਰ ਸਮੁੰਦਰ ਵੱਲ੍ਹ ਦੇਵਤੇ ਅੰਮ੍ਰਿਤ ਛਕਣ ਜਾਂਦੇ, ਭੌਰੇ ਫੁੱਲਾਂ ਵੱਲ੍ਹ ਜਾਂਦੇ, ਇਉਂ ਪ੍ਰੇਮ ਦਾ ਤੰਦ ਦਿਨ-ਬ-ਦਿਨ ਪੱਕਾ ਹੁੰਦਾ ਗਿਆ। ਮਨ ਘਰ ਦੇ ਕੰਮਾਂ ਤੋਂ ਨਫ਼ਰਤ ਕਰਨ ਲੱਗਾ। ਦਿਲ ਅੰਦਰ ਬੈਰਾਗ ਦੀ ਲਹਿਰ ਚੱਲੀ, ਮਨ ਵਿਚ ਪੱਕਾ ਸੰਕਲਪ ਬਣਾ ਲਿਆ। ਇਸ ਸੰਸਾਰ ਨੂੰ ਛੱਡਕੇ ਸੰਨਿਆਸ ਧਾਰਨ ਕਰ ਲਈਏ। ਇਸ ਫੁਰਨੇ ਨੂੰ ਮਨ ਵਿਚ ਲੈ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ। ਮਹਾਰਾਜ ਕਰਤਾਰ ਸਿੰਘ ਦੇ ਘਰ ਬੈਠੇ ਸਨ, ਅੰਦਰੋਂ ਕੁੰਡਾ ਲਾਇਆ ਹੋਇਆ ਸੀ। ਮੈਂ ਰਾਜੂ ਲੰਬੜ ਦੀ ਪੌੜੀ ਚੜ੍ਹਕੇ ਕੋਠੇ ਉੱਪਰ ਦੀ ਵਿਹੜੇ ਵਿਚ (ਜਿਸ ਥਾਂ ਝਰਨਾ ਸੁੱਟਿਆ ਹੋਇਆ ਹੈ) ਉਪਰੋਂ ਫੁੱਲਾਂ ਦਾ ਹਾਰ ਸੁੱਟ ਕੇ ਨਮਸਕਾਰ ਕੀਤੀ ਜਦੋਂ ਫੁਲ ਕਲੀਆਂ ਅਤੇ ਗੁਲਾਬ ਦਾ ਬਣਿਆ ਹੋਇਆ ਗੁਲਦਸਤਾ ਸੋਹਣੇ ਪ੍ਰੀਤਮ ਦੇ ਚਰਨਾਂ ਵਿਚ ਉੱਪਰ ਭੇਂਟ ਕੀਤਾ ਤਾਂ ਆਪ ਜੀ ਮੁਸਕਰਾਉਂਦੇ ਹੋਏ ਬੋਲੇ, "ਕਾਕਾ! ਚੱਲ ਘਰ ਹੀ ਮੁੜ ਚਲ। ਚੱਲਕੇ ਖੇਤ ਬੰਨਾ ਦੇਖੀਦਾ ਹੈ। ਕਿਤੇ ਜੰਗਲਾਂ ਵਿਚ ਜਾ ਕੇ ਤੁਹਾਨੂੰ ਸੰਨਿਆਸ ਧਾਰਨ ਦੀ ਜ਼ਰੂਰਤ ਨਹੀਂ।" ਮੇਰੇ ਮਨ ਵਿਚ ਖੁਹਾਇਸ਼ ਸੀ ਆਪਣੇ ਹੱਥੀਂ ਬਨਵਾਸੀਆਂ ਵਾਲੇ ਬਸਤਰ ਪਹਿਨਾ ਕੇ ਤੋਰ ਦੇਣ। ਕਿਤੇ ਜੰਗਲਾਂ ਵਿਚ ਜਾ ਕੇ ਤਪੱਸਿਆ ਕਰੀਏ। ਉਹ ਸੰਕਲਪ ਨੂੰ ਸਮਝ ਕੇ ਅੰਤਰਯਾਮਤਾ ਨਾਲ ਇਹ ਹੁਕਮ ਨਾਮਾ ਕੀਤਾ। ਮਤਲਬ ਘਰ ਹੀ ਰਹਿਣ ਦਾ ਹੁਕਮ ਕੀਤਾ। "ਨੱਠ! ਘਰੇ ਹੀ ਰਾਜਾ! ਰਾਜਾ! ਜਪਿਆ ਕਰ, ਤੂੰ ਤੇ ਹਮਾਰਾ ਸੁੱਚਾ ਮੋਤੀ ਹੈਂ, ਚਿੱਟੀ ਪੱਗ ਰਖੀਦੀ ਹੈ। ਸਫੈਦ ਬਸਤਰ ਰੱਖੀਦੇ ਹਨ, ਕਾਕਾ ਬੇਦਾਗ ਚਾਦਰ ਹੈ।" ਇਹ ਇਸ਼ਾਰਾ ਸੁੱਚੇ ਕਰਮ ਦਾ ਸੀ, ਮੈਲੇ ਕਰਮ ਕਰਨ ਨਾਲ ਮਨ ਮੈਲਾ ਹੋ ਜਾਂਦਾ ਹੈ। ਪਵਿੱਤਰ ਕਰਮ ਕਰਨ ਨਾਲ ਸੀਨਾ ਸਾਫ਼, ਮੁੱਖ ਉਜਲਾ ਹੋ ਜਾਂਦਾ ਹੈ। ਐਸੇ ਹਰਤਾ ਕਰਤਾ ਸਭ ਫੁਰਨਿਆਂ ਦੇ ਮਾਲਿਕ ਸਨ। ਇਕ ਦਿਨ ਦੀ ਗੱਲ ਹੈ ਅਸੀਂ ਪਿੰਡ ਖਟਕੜਾਂ ਤੋਂ ਉੱਠਕੇ

ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਮਜਾਰੇ ਗਏ। ਮਹਾਰਾਜ ਜੀ ਆਪਣੇ ਘਰ ਦਲਾਨ ਵਿਚ ਬੈਠੇ ਸਨ, ਬੂਹਾ ਬੰਦ ਸੀ ਜਦੋਂ ਬੂਹੇ ਮੋਹਰੇ ਸਰਦਣ ਨੂੰ ਨਮਸਕਾਰ ਕੀਤੀ। ਮਹਾਰਾਜ ਨੇ ਅੰਦਰੋਂ ਕੁੰਡਾ ਖੋਲ੍ਹਿਆ ਉਨ੍ਹਾਂ ਕੋਲ ਇਕ ਦੁੱਧ ਦੀ ਭਰੀ ਗੜਵੀ ਪਈ ਸੀ। ਮਹਾਰਾਜ- "ਬਖਸ਼ਿਆ! ਗੜਵੀ ਚੁੱਕ ਲਿਆਓ।" ਮੈਂ ਹੱਥਾਂ ਤੇ ਗੜਵੀ ਚੁਕ ਕੇ ਮੋਹਰੇ ਬੈਠਾ। ਬਹੁਤ ਪਿਆਰ ਨਾਲ ਆਖਿਆ, "ਦੁੱਧ ਛਕ ਲੈ।" ਅਸੀਂ ਬੇਨਤੀ ਕੀਤੀ "ਜੀ! ਪਹਿਲਾਂ ਤੁਸੀਂ ਛਕੋ।" ਦੁਬਾਰਾ ਫਿਰ ਹੁਕਮ ਹੋਇਆ ਕਹਿੰਦੇ, "ਝਟ ਹੁਕਮ ਮੰਨੀਦਾ ਹੈ। ਸਾਰੀ ਪੀ ਲੈ।" ਫਿਰ ਅਸੀਂ ਸਾਰੀ ਭਰੀ ਹੋਈ ਅੰਮ੍ਰਿਤ ਰੂਪੀ ਦੁੱਧ ਦੀ ਗੜਵੀ ਛਕ ਲਈ, ਦੁੱਧ ਪਿਲਾਕੇ ਹੁਕਮ ਕੀਤਾ, "ਕਾਕਾ! ਗਾਣਾ ਸੁਣਾ।" ਅਸੀਂ ਰੈਹਕਲਾ ਪੜਿਆ-

"ਤੇਰੇ ਅੰਦਰੇ ਰਾਮ ਮੁਰਾਰਾ ਹੈ, ਨਾਂਹੀ ਤੁਝ ਤੇ ਨੂਰੁ ਨਿਆਰਾ ਹੈ।
ਨਾਂਹੀ ਪਰਖੇਂ ਪਰਖਣਹਾਰਾ ਹੈਂ ਤੂੰ ਅਨਹਦ ਬਾਜੇ ਬੀਨੇ ਨੂੰ॥
ਮਲ ਸੀਸੇ ਸੁਰਤ ਸਮਾਈ ਹੈ ਬਿਚ ਭਰਮ ਭੁਲੇਖੇ ਛਾਈ ਹੈ
ਇਨ ਨਿਰਮਲ ਜੋਤ ਦਬਾਈ ਹੈ ਤੂੰ ਸਾਫ਼ ਕਰੀ ਆਈਨੇ ਨੂੰ॥"

ਇਹ ਰਹਿਕਲਾ ਜਦੋਂ ਹਜ਼ੂਰ ਦੇ ਸਾਹਮਣੇ ਗਾ ਕੇ ਸੁਣਾਇਆ। ਮਹਾਰਾਜ ਕਹਿੰਦੇ, ਕਾਕਾ! ਧਿਆਨ ਨਾਲ ਬੈਠ ਜਾ ਨਾਲੇ ਇਸਦਾ ਅਰਥ ਸਮਝਾਇਆ। ਅਭਿਆਸ ਕਰਨ ਦਾ ਢੰਗ ਦੱਸਿਆ। ਇਸਦੇ ਹਿਰਦੇ ਵਿਚ ਨਿਰੰਕਾਰ ਦੀ ਜੋਤ ਜਗ ਰਹੀ ਹੈ, ਕੁਕਰਮਾਂ ਦੀ ਮਲ ਲੱਗਣ ਕਰਕੇ ਉਹ ਨਿਰਮਲ ਜੋਤ ਦੱਬੀ ਹੋਈ ਹੈ। ਸ਼ਬਦ ਦੇ ਅਭਿਆਸ ਨਾਲ ਇਸਦਾ ਆਈਨਾ ਸਾਫ਼ ਹੋ ਜਾਂਦਾ ਹੈ ਤਾਂ ਅੰਦਰੋਂ ਹੀ ਖੁਦਾ ਦੇ ਦਰਸ਼ਨ ਹੋ ਜਾਂਦੇ ਹਨ। ਉਸ ਦਿਨ ਦਾਸ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਸੁਆਸ-ਸੁਆਸ ਨਾਮ ਜਪਣ ਦਾ ਢੰਗ ਦੱਸਕੇ ਦਲਾਨ ਦੇ ਪੱਛਮ ਵੱਲ੍ਹ ਦੇ ਪਾਸੇ ਪਿਛੇ ਹੱਟਕੇ ਧਿਆਨ ਲਾ ਕੇ ਬੈਠ ਜਾਣ ਦਾ ਹੁਕਮ ਕੀਤਾ। ਸਮਝਾਏ ਹੋਏ ਹਿਸਾਬ ਨਾਲ ਅਸੀਂ ਚੌਂਕੜਾ ਮਾਰਕੇ ਬੈਠ ਗਏ, ਕਾਫ਼ੀ ਦੇਰ ਬੈਠੇ ਰਹੇ। ਬੈਠੇ-ਬੈਠੇ ਦੀ ਸੁਰਤ ਅੰਦਰੋਂ ਨਿਕਲ ਕੇ ਬਾਹਰ ਖਟਕੜੀਂ ਚਲੇ ਗਈ। ਸੀਤਾ ਰੂਪੀ ਸੁਰਤ ਜਦੋਂ ਫਰਾਰ ਹੋਈ, ਇਕ ਮਿੰਟ ਵਿਚ ਉਸੇ ਹੀ ਪਲ ਹੁਕਮ ਹੋਇਆ, "ਚਲ ਬਾਹਰ ਚਲ।" ਅਸੀਂ ਬਹੁਤ ਬੇਨਤੀ ਕੀਤੀ, "ਸੱਚੇ ਪਾਤਸ਼ਾਹੋ! ਚਰਨਾਂ

ਵਿਚ ਹੋਰ ਬੈਠ ਲੈਣ ਦਿਉ।" ਕਹਿਦੇ, "ਜਿਨਾ ਸਮੇਂ ਚਰਨਾਂ ਵਿਚ ਬੈਠ ਸਕਿਆਂ ਬੈਠ ਲੈਣ ਦਿੱਤਾ, ਮਨ ਤਾਂ ਤੇਰਾ ਖਟਕੜੀਂ ਚਲਿਆ ਗਿਐ।" ਅਸੀਂ ਬਥੇਰੀਆਂ ਮਿਨਤਾਂ ਕੀਤੀਆਂ ਪਰ ਤੋਰ ਹੀ ਦਿੱਤਾ। ਇਹੋ ਜਿਹੇ ਸੂਖ਼ਮ ਫੁਰਨਿਆਂ ਦੇ ਮਾਲਿਕ ਸਨ, ਤਦੇ ਤਾਂ ਸ਼ਾਸਤਰਕਾਰਾਂ ਨੇ ਲਿਖਿਆ ਹੈ ਸਾਰੇ ਇੰਦਰੇ ਦਮਨ ਕਰੇ ਤੋਂ ਬਿਨਾਂ ਯਾਰ ਦਾ ਬੂਹਾ ਨਹੀਂ ਲੱਭਦਾ। ਗਲੀਆਂ ਦੇ ਮੋੜਾਂ ਤੇ ਹੀ ਭੁੱਲ ਜਾਂਦਾ ਹੈ। ਸਭ ਕਾਮਨਾਵਾਂ ਖ਼ਤਮ ਹੋ ਜਾਣ ਤਾਂ ਪਿਆਰੇ ਮਾਹੀ ਦਾ ਘਰ ਲੱਭਦਾ ਹੈ। ਐਸਾ ਪ੍ਰੀਤਮ ਸੁਜਾਨ, ਹਰਤਾ-ਕਰਤਾ, ਘਟ-ਘਟ ਦੀਆਂ ਜਾਨਣਹਾਰਾ ਚੌਦਾ ਤਬਕਾਂ ਦਾ ਮਾਲਿਕ ਸੇਵਕ ਨੂੰ ਜਿਵੇਂ ਲੁਹਾਰ ਸੋਨੇ ਨੂੰ ਸੰਨ੍ਹੀ ਨਾਲ ਫੜਕੇ ਉਪਰੋਂ ਹਥੌੜੇ ਦੀ ਸੱਟ ਮਾਰਕੇ ਸਿੱਧਾ ਕਰ ਦਿੰਦਾ ਹੈ, ਐਸੇ ਹੀ ਕਾਮਿਲ ਪੀਰ ਸਿੱਖਾਂ ਸੇਵਕਾਂ ਨੂੰ ਪ੍ਰੇਮ ਦੀ ਡੋਰੀ ਨਾਲ ਪਕੜ ਵੀ ਛੱਡਦਾ ਹੈ, ਉੱਪਰ ਤੋਂ ਦੋਸ਼ ਦੂਰ ਕਰਨ ਵਾਸਤੇ ਸਿੱਧਾ ਸੱਟ ਵੀ ਮਾਰਦਾ ਹੈ। ਇਕ ਵਾਰ ਫਿਰ ਦੀ ਗੱਲ ਹੈ, ਸਰਦੀਆਂ ਦੇ ਦਿਨ ਸਨ, ਗਿਆਨ ਸਿੰਘ (ਹਰੀ ਸਿੰਘ ਦਾ ਪੁੱਤਰ) ਸਾਡੇ ਨਾਲ ਸੀ। ਸਤਿਗੁਰਾਂ ਦੇ ਦਰਸ਼ਨ ਵਾਸਤੇ ਗਏ। ਦਿਨ ਦੇ ਚਾਰ ਵਜੇ ਸਨ। ਮਹਾਰਾਜ ਜੀ ਪਿੰਡ ਦੇ ਵਿਚਕਾਰ ਗੁਰਦਾਸ ਦੇ ਘਰ ਸਨ। ਸਤਿਗੁਰਾਂ ਦੇ ਦਰਸ਼ਨ ਕੀਤੇ, ਪਿਛੇ ਮੋੜ ਦਿੱਤੇ। ਬਾਹਰ ਨਿਕਲੇ ਬਰਾਂਡੇ ਵਿਚ ਇਕ ਪਾਸੇ ਹੋ ਕੇ ਬੈਠ ਗਏ। ਸੰਗਤ ਕਾਫ਼ੀ ਦਰਸ਼ਨ ਨੂੰ ਆ ਰਹੀ ਸੀ। ਇੰਨੇ ਚਿਰ ਨੂੰ ਇਕ ਨੌਜਵਾਨ ਮੁਟਿਆਰਾਂ ਦਾ ਝੁੰਡ ਦਰਸ਼ਨਾਂ ਵਾਸਤੇ ਆਇਆ। ਅੰਦਰ ਲੰਘਕੇ ਸਤਿਗੁਰਾਂ ਦੇ ਦਰਸ਼ਨ ਕੀਤੇ। ਸੱਚੇ ਪਾਤਸ਼ਾਹ ਮਿਹਰਾਂ ਦੇ ਘਰ ਵਿਚ ਬੈਠੇ ਸਨ। ਉਸ ਬੱਚੀਆਂ ਦੇ ਕਾਫਲੇ ਨੂੰ ਬਹੁਤ ਪੁਚਕਾਰ ਨਾਲ ਪਿਛੇ ਮੁੜ ਜਾਣ ਲਈ ਆਖਿਆ। ਉਸ ਮੁਟਿਆਰ ਟੋਲੇ ਨੇ ਸ਼ਬਦ ਪੜ੍ਹਨ ਦੀ ਇਜਾਜ਼ਤ ਮੰਗੀ। ਪਹਾੜੀ ਸੁਰ ਨਾਲ ਉਨ੍ਹਾਂ ਪ੍ਰੇਮ ਦੀਆਂ ਦੀਵਾਨੀਆਂ ਨੇ ਦੋ ਗੀਤ ਗਾਏ। ਮਹਾਰਾਜ ਜੀ ਨੇ ਬਹੁਤ ਮਿੱਠੀ ਅਵਾਜ਼ ਵਿਚ ਹੁਕਮ ਕੀਤਾ, "ਬੱਚੀਓ! ਜਾਓ! ਘਰ ਬੈਠ ਕੇ ਹੀ ਸਾਨੂੰ ਯਾਦ ਕਰ ਲਿਆ ਕਰੋ।" ਉਸ ਬਸੰਤ ਰੁੱਤ ਦੀ ਖਿੜੀ ਫੁਲਵਾੜੀ ਵੱਲ੍ਹ ਦੇਖ ਕੇ ਸਾਡਾ ਮਨ ਕੁੱਝ ਡੋਲ ਗਿਆ ਸ਼ਰਧਾ ਦਾ ਤੰਦ ਮਿੰਟ ਦੀ ਮਿੰਟ ਢਿੱਲਾ ਹੋਇਆ। ਕਮਜ਼ੋਰ ਮਨ ਨੇ ਝਾਉਲਾ ਖਾਧਾ। ਉਸੇ ਹੀ ਛਿਣ ਵਿਚ ਅੰਦਰ ਸਭ ਸ਼ਕਤੀਆਂ ਦੇ ਮਾਲਿਕ ਬੋਲੇ, "ਕਾਕਾ! ਇਧਰ ਆ ਓਏ।" ਅਸੀਂ ਪੇਸ਼ ਹੋਏ ਅੰਦਰ ਜਦੋਂ

ਪੈਰ ਪਾਇਆ ਕਹਿੰਦੇ, "ਚਲ ਬਾਹਰ! ਇਥੇ ਮੇਲਾ ਨਹੀਂ ਹੈ, ਚਲ ਮਾਹੌਂ ਦੇ ਘਰ ਚਲਿਆ ਜਾਹ, ਤੇਰੀ ਉਨ੍ਹਾਂ ਨਾਲ ਲਿਹਾਜ ਹੈ। ਇਕ ਨਾਲ ਹੀ ਲਿਹਾਜ ਬਥੇਰੀ ਹੈ ਤੇਰੇ ਨਾਲ ਲਿਹਾਜ ਹੀ ਨਹੀਂ ਰਖੀਂਦੀ।" ਜਦੋਂ ਇੰਨਾ ਬੋਲ ਸਤਿਗੁਰਾਂ ਦੀ ਰਸਨਾਂ ਤੋਂ ਨਿਕਲਿਆ। ਬੱਸ ਸਾਡਾ ਸਰੀਰ ਪਾਣੀਓਂ ਪਾਣੀ ਹੋ ਗਿਆ, ਸਿਰ ਚੱਕਰ ਖਾਣ ਲੱਗ ਪਿਆ, ਪੈਰ ਜ਼ਮੀਨ ਤੋਂ ਉਤਾਂਹ ਨੂੰ ਉਠਦੇ ਜਾਣ। ਕੰਬਣੀ ਲੱਗ ਗਈ, ਦਾਸ ਨੇ ਆਖਿਆ, "ਤੁਹਾਨੂੰ ਛੱਡ ਕੇ ਮੈਂ ਹੋਰ ਕਿਸੇ ਦੇ ਘਰ ਨਹੀਂ ਜਾਵਾਂਗਾ। ਭਾਵੇਂ ਜਾਨ ਤੋਂ ਹੀ ਮਾਰ ਦਿਓ।" ਅਸੀਂ ਬਹੁਤ ਕਹਿਣ ਤੇ ਵੀ ਤੁਰੇ ਨਾ, ਝਿੜਕੇ ਮਾਰ-ਮਾਰ ਕੇ ਅੰਦਰੋਂ ਬਾਹਰ ਕਰ ਦਿੱਤਾ। ਸਾਡਾ ਮਨ ਵੀ ਬਹੁਤ ਓਦਰ ਗਿਆ। ਕੋਈ ਸੁਰਤ ਨਹੀਂ ਪਾਗਲਾਂ ਵਰਗੀ ਦਸ਼ਾ ਹੋ ਗਈ। ਅੱਖਾਂ ਅੱਗੇ ਹਨੇਰਨੀ ਆ ਗਈ। ਇੰਨੇ ਚਿਰ ਨੂੰ ਫਿਰ ਅੰਦਰ ਆਉਣ ਦਾ ਹੁਕਮ ਕੀਤਾ। ਕਹਿੰਦੇ, "ਆ ਜਾਓ! ਨਿਆਣਿਆਂ ਨੂੰ ਸਮਝਾਉਣਾ ਹੀ ਪੈਂਦਾ ਹੈ।" ਕੋਲ ਬੁਲਾਕੇ ਆਖਣ ਲੱਗੇ, "ਕਾਕਾ! ਤੈਨੂੰ ਤੇ ਮੈਂ ਆਪਣਾ ਅੰਗ ਬਣਾਇਆ ਹੋਇਆ ਹੈ। ਚਾਹੇ ਖੁਦਾ ਕਹਿ ਲਿਆ ਕਰ, ਚਾਹੇ ਵੱਡਾ ਭਰਾ ਸਮਝ ਲਿਆ ਕਰ। ਜਦੋਂ ਤੀਕ ਸਤਿਗੁਰਾਂ ਦੇ ਅਹਿਰਨ ਵਰਗਾ ਭਰੋਸਾ ਨਾ ਹੋਵੇ ਉਸ ਵੇਲੇ ਤਕ ਕੜਾਹਾ ਨਹੀਂ ਬਣਾ ਸਕਦਾ। ਪੰਘੂੜੇ ਸਾਰਖੇ ਰਾਜਾ ਨੇ ਹੀ ਬਣਾਏ ਸੀ ਦੋ ਰੋਟੀਆਂ ਜਿਹੜੀਆਂ ਜਹਾਨ ਖਾਂਦਾ ਹੈ। ਇਹ ਰਾਜਾ ਨੇ ਹੀ ਦਿੱਤੀਆਂ ਹੋਈਆਂ ਹਨ।" ਸਾਹਮਣੇ ਖੜ੍ਹਾ ਕਰਕੇ ਇਹ ਸਿਖਿਆ ਦਿੱਤੀ, ਕਹਿੰਦੇ, "ਹਰੀਏ ਦੇ ਨੂੰ ਵੀ ਅੰਦਰ ਹਾਕ ਮਾਰ ਲੈ," ਗਿਆਨ ਸਿੰਘ ਅੰਦਰ ਆਇਆ। ਮੂੜ੍ਹੇ ਦੇ ਕੇ ਇਕ ਕੰਧ ਨਾਲ ਬੈਠ ਜਾਣ ਦਾ ਹੁਕਮ ਕੀਤਾ। ਚਿੰਤੀ ਨੂੰ ਆਖਿਆ, "ਲਿਆਓ! ਮੇਰੇ ਪ੍ਰਾਹੁਣਿਆਂ ਨੂੰ ਪ੍ਰਸ਼ਾਦਾ ਛਕਾ।" ਚਿੰਤੀ ਗਰਮ-ਗਰਮ ਇਕ ਪ੍ਰਸ਼ਾਦਾ ਮੱਕੀ ਦਾ ਸਾਗ ਪਾ ਕੇ ਥਾਲੀ ਵਿਚ ਰੱਖ ਕੇ ਲੈ ਆਈ। ਮਹਾਰਾਜ ਕਹਿੰਦੇ ਇਕ ਥਾਂ ਹੀ ਛੱਕ ਲਵੋ। ਇਕ ਪ੍ਰਸ਼ਾਦੇ ਵਿਚੋਂ ਤਿੰਨ ਬੁਰਕੀਆਂ ਅਸੀਂ ਜਦੋਂ ਛਕੀਆਂ ਕਹਿਣ ਲੱਗੇ, "ਬਖਸ਼ਾ! ਤੇਰੇ ਤਾਂ ਮੈਂ ਅੱਗੇ ਹੀ ਸਭ ਕਾਰਜ ਕੀਤੇ ਹੋਏ ਹਨ, ਸਭ ਕੁੱਝ ਦਿੱਤਾ ਹੋਇਆ ਹੈ। ਇਸੇ ਨੂੰ ਹੀ ਛਕ ਲੈਣ ਦੇ।" ਬਾਕੀ ਸਾਰਾ ਪ੍ਰਸ਼ਾਦਾ ਗਿਆਨ ਸਿੰਘ ਨੇ ਛਕ ਲਿਆ। ਭਾਂਡੇ ਮਾਂਜਣ ਵਾਸਤੇ ਗਿਆਨ ਸਿੰਘ ਨੂੰ ਆਖਿਆ ਕਹਿੰਦੇ "ਤੇਰਾ ਹੱਕ ਹੈ, ਪਹਿਲਾਂ ਧੋ ਕੇ ਪਿਛੋਂ ਸੁੱਕ

ਮਾਂਜ ਕਰੀਦੇ ਹਨ, ਇਹ ਸਾਧੂਆਂ ਦੀ ਮਰਯਾਦਾ ਹੈ।" ਸਾਡੇ ਬੈਠਿਆਂ ਬੈਠਿਆਂ ਰਾਜੋ ਨੈਣ ਆਈ। ਉਸਨੂੰ ਮਹਾਰਾਜ ਕਹਿੰਦੇ, "ਰਾਜੋ! ਕੁੱਝ ਸਮੇਂ ਤੋਂ ਬਾਅਦ ਐਸਾ ਸਮਾਂ ਆਵੇਗਾ ਮੁਸਲਮਾਨ-ਹਿੰਦੂ ਅਲੱਗ-ਅਲੱਗ ਕੀਤੇ ਜਾਣਗੇ। ਮੁਸਲਮਾਨਾਂ ਵਾਸਤੇ ਪਾਕਿਸਤਾਨ ਬਣਾ ਦਿੱਤਾ ਹੈ ਤੁਮਹਾਰੇ ਵਾਸਤੇ ਨਹੀਂ, ਉਸ ਸਮੇਂ ਵਿਚ ਤੁਸੀਂ ਡੋਲਣਾ ਨਹੀਂ, ਭਕੜੇ ਹੋ ਕੇ ਰਹਿਣਾ। ਸਾਰੀ ਘਟਨਾ ਖੁਦਾ ਦੇ ਹੁਕਮ ਨਾਲ ਹੀ ਵਰਤੇਗੀ।" ਸਾਨੂੰ ਰਸੋਖਾਨੇ ਵੱਲ੍ਹ ਤੋਰ ਦਿੱਤਾ। ਕਹਿੰਦੇ, "ਕਾਕਾ! ਰਸੋਖਾਨੇ ਜਾ ਆਓ।" ਅਸੀਂ ਰਸੋਖਾਨੇ ਤੋਂ ਮੁੜਕੇ ਵਾਪਿਸ ਆਏ। ਅੱਗੋਂ ਅੰਦਰਲਾ ਕੁੰਡਾ ਲੱਗਾ ਹੋਇਆ ਸੀ। ਬੂਹੇ ਮੋਹਰੇ ਨਮਸਕਾਰ ਕਰਕੇ ਅਵਾਜ਼ ਦਿੱਤੀ। ਅੰਦਰੋਂ ਬੋਲੇ, "ਰਹਿਪੀਏ!" ਗਿਆਨ ਸਿੰਘ ਕਹਿੰਦਾ, "ਜੀ ਹਾਂ।" ਮਹਾਰਾਜ ਕਹਿੰਦੇ, "ਕਿਹਦਾ ਲੜਕਾ ਹੈ?" "ਜੀ ਹਰੀ ਸਿੰਘ ਦਾ।" ਉਸ ਤੋਂ ਪਿੱਛੋਂ ਦਾਸ ਨੂੰ ਪੁੱਛਿਆ ਮੈਥੋਂ ਵੀ ਗਿਆਨ ਸਿੰਘ ਦੀ ਗੀਸੇ ਠਾਕਰ ਦਾ ਪੁੱਤਰ ਕਹਿ ਹੋ ਗਿਆ ਪਰ ਮਨ ਵਿਚ ਉਸੇ ਵੇਲੇ ਪਛਤਾਵਾ ਲੱਗ ਗਿਆ ਠਾਕਰ ਸਿੰਘ ਦਾ ਪੁੱਤਰ ਨਹੀਂ ਸੀ ਆਖਣਾ। ਆਪਦਾ ਹੀ ਪੁੱਤਰ ਆਖਣਾ ਸੀ, ਇਹ ਗੱਲ ਮਨ ਵਿਚ ਘਾਟੇ ਵਾਲੀ, ਬਹੁਤ ਕੰਡੇ ਵਾਂਗ ਚੁੱਭਣ ਲੱਗੀ। 'ਗਈ ਰੂਹ ਕਲਬੂਤੋਂ ਕਮਾਨ ਥੀਂ ਤੀਰ ਛੁਟਾ ਇਹ ਮੁੜ ਕੇ ਫੇਰ ਨਾਂ ਆਵਦੇ ਨੇ।' ਪਿੰਡ ਰਹਿਪੇ ਜਾਣ ਤੇ ਵੀ ਮਨ ਵਿਚ ਤੋੜ ਲੱਗੀ ਰਹੀ। ਕੁੱਝ ਦਿਨਾਂ ਬਾਅਦ ਸੁਫਨੇ ਵਿਚ ਦਰਸ਼ਨ ਦਿੱਤੇ ਫਿਰ ਉਸੀ ਤਰਾਂ ਪੁੱਛਿਆ, "ਕਾਕਿਆ! ਕਿਸ ਦਾ ਪੁੱਤਰ ਹੈਂ" ਫਿਰ ਦਾਸ ਨੇ ਆਖਿਆ, "ਜੀ! ਪੁੱਤਰ ਮੈਂ ਰਾਜਾ ਸਾਹਿਬ ਦਾ ਹਾਂ।" ਤਾਂ ਮਨ ਨੂੰ ਚੈਨ ਹੋਈ।

ਬੋਲੋ ਭਾਈ ਵਾਹਿਗੁਰੂ॥

ਦੂਜੀ ਸਾਖੀ ਦਾਸ ਨਾਲ ਹੋਈ

ਇਕ ਵਾਰ ਦੀ ਗੱਲ ਹੈ, ਉਸ ਦਿਨ ਖੂਹ ਦੀ ਚੱਠ ਹੋਈ ਸੀ। ਸਾਰਾ ਦਿਨ ਖੂਹ ਉੱਪਰ ਚੱਲਦਾ ਰਿਹਾ। ਦਲੀਏ ਦੇ ਕੜਾਹੇ ਬੇਅੰਤ ਬਣਾਕੇ ਵੰਡੇ। ਖਾਸ-ਖਾਸ ਪਿੰਡਾਂ ਵਿਚੋਂ ਜੋੜੀਆਂ ਲਿਆ ਕੇ ਖੂਹ ਚਲਾਇਆ। ਪਿੰਡਾਂ ਦੀ ਸੰਗਤ ਜਾਣ ਵੇਲੇ ਦਰਸ਼ਨ ਕਰਕੇ ਜਾਂਦੀ ਸੀ। ਪਿੰਡ ਰਹਿਪੇ ਦੀ ਵੀ ਸੰਗਤ

ਦਰਸ਼ਨ ਕਰਨ ਗਈ। ਸਾਰਾ ਪਿੰਡ ਇਕੱਠਾ ਹੋ ਕੇ ਆਇਆ ਹੋਇਆ ਸੀ। ਹੋਰ ਸਭ ਦੀ ਤਰਾਂ ਦਰਸ਼ਨ ਕਰਕੇ ਸੰਗਤ ਮੁੜ ਪਈ। ਸਾਰਾ ਪਿੰਡ ਇਕੱਠਾ ਹੋ ਕੇ ਆਇਆ ਹੋਇਆ ਸੀ। ਆਪ ਕਰਤਾਰ ਸਿੰਘ ਦੇ ਘਰ ਬੈਠੇ ਸਨ। ਰਹਿਪੇ ਦੀ ਸੰਗਤ ਛੁੱਟੀਆਂ ਲੈ ਕੇ ਮੁੜਕੇ ਰਸੋਖਾਨੇ ਆਈ। ਸਮੁੰਦ ਸਿੰਘ ਨਾਗਰਿਆਂ ਵਾਲੇ ਨੂੰ ਸਾਡੇ ਪਿੱਛੇ ਨਠਾਇਆ, ਆਖਿਆ, "ਜਾਓ ਹਰੀਏ ਦੇ ਲੜਕੇ ਨੂੰ ਤੇ ਬਖਸ਼ੇ ਨੂੰ ਮੋੜਕੇ ਲੈ ਆਓ।" ਦਾਸ ਦਾ ਨਾਂ ਬਖਸ਼ਾ ਸੱਦਦੇ ਹੁੰਦੇ ਸਨ। ਸਾਨੂੰ ਰਸੋਖਾਨੇ ਦੀ ਹੱਦ ਤੋਂ ਪਿੱਛੋਂ ਹੀ ਸਮੁੰਦਾ ਮੋੜਕੇ ਲੈ ਗਿਆ। ਜਦੋਂ ਘਰ ਜਾ ਕੇ ਬਾਰੀ ਮੋਹਰੇ ਲੱਖ-ਲੱਖ ਸਜਦਾ ਕੀਤਾ ਅਵਾਜ਼ ਦਿੱਤੀ, ਅੰਦਰੋਂ ਮਿਹਰਾਂ ਦੇ ਸਾਗਰ, ਬਖਸ਼ੰਦ ਪਿਤਾ ਬਹੁਤ ਮਿੱਠੀ ਅਵਾਜ਼ ਨਾਲ ਬੋਲੇ, "ਕਾਕਾ ਖੁਸ਼ ਹੈਂ?" ਅਸੀਂ ਆਖਿਆ ਜੀ! ਆਪ ਦੀ ਖੁਸ਼ੀ ਨਾਲ ਹੀ ਖੁਸ਼ੀਆਂ ਹਨ।" ਨਾਲ ਹੀ ਹੁਕਮ ਕੀਤਾ, 'ਕਾਕਾ! ਸਾਡੇ ਇਸ਼ਨਾਨ ਕਰਨੇ ਵਾਲੀ ਗਾਗਰ ਚੌੜੇ ਮੂੰਹ ਵਿਚੋਂ ਭਰਕੇ ਲਿਆਕੇ, ਸਾਡੇ ਉਪਰਲੇ ਚੁਬਾਰੇ ਵਿਚ ਰੱਖ ਕੇ ਇਸ਼ਨਾਨ ਕਰੋ। ਤੁਹਾਨੂੰ ਅੱਜ ਸਾਰੇ ਤੀਰਥਾਂ ਦਾ ਇਸ਼ਨਾਨ ਇਥੇ ਹੀ ਕਰਵਾ ਦੇਈਏ।" ਗਾਗਰ ਪਾਣੀ ਦੀ ਭਰਕੇ ਅਸਾਂ ਦੋਹਾਂ ਨੇ ਲਿਆਂਦੀ। ਉੱਪਰ ਚੁਬਾਰੇ ਵਿਚ ਲਿਜਾ ਰੱਖੀ। ਗਿਆਨ ਸਿੰਘ ਕਹਿੰਦਾ "ਯਾਰ! ਪਾਲਾ ਲੱਗਦਾ ਹੈ ਕਿਆ ਨ੍ਹਾਉਣਾ ਹੈ?" ਚਿਤੀ, ਬੰਤੋ ਦੋਵੇਂ ਕਰਾਲਾ ਦੇ ਚੱਕ ਵਾਲੀਆਂ ਸਾਨੂੰ ਆਖਣ ਲੱਗੀਆਂ "ਤੁਸੀਂ ਗ਼ਲਤੀ ਨਾ ਕਰੋ, ਪਤਾ ਨਹੀਂ ਕੀ ਕਿਸਮਤ ਬਣਾ ਰਹੇ ਹਨ ਇਸ਼ਨਾਨ ਜ਼ਰੂਰ ਕਰ ਲਵੋ।" ਮੈਂ ਤੇ ਦੋ-ਤਿੰਨ ਚੁਲੀਆਂ ਭਰ ਸਣੀਂ ਕਪੜੀਂ ਸਰੀਰ ਤੇ ਮਲ ਲਈਆਂ, ਇਕ ਚੁਲੀ ਸਿਰ ਵਿਚ ਪਾ ਲਈ। ਗਿਆਨ ਸਿੰਘ ਕਹਿੰਦਾ ਮੈਨੂੰ ਤਾਂ ਪਾਲਾ ਲੱਗਦਾ ਹੈ ਮੈਂ ਤਾਂ ਨਹੀਂ ਇਸ਼ਨਾਨ ਕਰਨਾ। ਜਿਹੜਾ ਕੰਮ ਪਾਤਸ਼ਾਹ ਨੇ ਕਰਨਾ ਹੈ ਉਹ ਤੇ ਕਰ ਹੀ ਦੇਣਾ ਹੈ। ਇਹੋ ਜਿਹੀਆਂ ਬਖਸ਼ਿਸ਼ਾਂ ਭੁਛ ਬੁੱਧੀ ਵਾਲਿਆਂ ਨੂੰ ਬਖਸ਼ ਦਿੰਦੇ ਸਨ ਪਰ ਅਸੀਂ ਇਸ਼ਨਾਨ ਨਾ ਕਰ ਸਕੇ, ਇਹ ਸੋਚ ਕੇ ਕਿ ਸਾਡੇ ਨਾਲ ਦੇ ਸਾਥੀ ਸਾਨੂੰ ਛੱਡਕੇ ਚਲੇ ਗਏ ਹਨ। ਚੁੱਪ-ਚੁਪੀਤੇ ਬਾਹਰੋਂ ਨਮਸਕਾਰ ਕਰਕੇ (ਰਸੋਖਾਨੇ ਅਸੀਂ ਊਠ ਬੰਨ੍ਹਿਆ ਹੋਇਆ ਸੀ।) ਊਠ ਤੇ ਚੜ੍ਹਕੇ ਬਾਕੀ ਸਾਥੀਆਂ ਨੂੰ ਪਿੰਡ ਜਾਣ ਤੋਂ ਪਹਿਲਾਂ-ਪਹਿਲਾਂ ਹੀ ਜਾ ਮਿਲੇ। ਇਹ ਗੱਲ ਸਮਝ ਨਾ ਸਕੇ ਪਈ ਇਹ ਉਹ ਹੀ ਘੜਾ ਅੰਮ੍ਰਿਤ ਦਾ ਜਿਹੜਾ ਦੇਵਤਿਆਂ ਤੇ ਰਾਖਸ਼ਾਂ ਨੇ ਖੀਰ

ਸਮੁੰਦਰ ਰਿੜਕ ਕੇ ਕੱਢਿਆ ਸੀ। ਬਿਨ ਭਾਗਾਂ ਕਿਛੁ ਪਾਈਏ ਨਾਹੀਂ ਜੇ ਬਹਤੇਰਾ ਧਾਵੈ। ਇਕ ਵਾਰ ਫਿਰ ਦੀ ਗੱਲ ਹੈ ਗਿਆਨ ਸਿੰਘ ਅਤੇ ਦਾਸ ਦਰਸ਼ਨ ਨੂੰ ਆਏ। ਮਹਾਰਾਜ ਕਰਤਾਰ ਸਿੰਘ ਦੇ ਘਰ ਦੀ ਡਿਉਢੀ ਵਿਚ ਬੈਠੇ। ਦਰਸ਼ਨ ਕੀਤਾ ਇਕ ਦੋ ਦਾਸ ਕੋਲੋਂ ਸ਼ਬਦ ਪੜ੍ਹਾਏ, ਉਸ ਤੋਂ ਬਾਅਦ ਘਰ ਚਲੇ ਜਾਣ ਦਾ ਹੁਕਮ ਦੇ ਕੇ ਤੋਰ ਦਿੱਤੇ। ਜਦੋਂ ਕੁੱਝ ਦੂਰ ਗਏ ਭਗਵਾਨ ਸਿੰਘ ਖਾਨਖਾਨਾਂ ਵਾਲੇ ਨੂੰ ਭੇਜਕੇ ਰਾਹ ਵਿਚੋਂ ਹੀ ਦਾਸ ਨੂੰ ਬੁਲਾਇਆ। ਜਦੋਂ ਮੁੜ ਕੇ ਚਰਨਾਂ ਵਿਚ ਨਮਸਕਾਰ ਕੀਤੀ, ਕੁੱਝ ਦੇਰ ਮੋਹਰੇ ਬਹਾਕੇ ਕਈ ਹੁਕਮਨਾਮੇ ਲਿਖੇ ਕੁੱਝ ਪਤਾ ਨਹੀਂ ਕੀ ਲਿਖਿਆ ਕਾਫ਼ੀ ਦੇਰ ਇਸ ਤਰਾਂ ਪੱਟ ਤੇ ਕਦੀ ਹੱਥ ਤੇ ਗਿਣਦੇ ਰਹੇ। ਲਿਖਣ ਤੋਂ ਬਾਅਦ ਹੁਕਮ ਹੋਇਆ, "ਕਾਕਾ! ਚਲ ਹੁਣ ਜਾਹ! ਹਾਜ਼ਰੀ ਲੱਗ ਗਈ ਹੈ।" *ਬੋਲੋ ਭਾਈ ਵਾਹਿਗੁਰੂ॥*

ਤੀਜੀ ਸਾਖੀ ਹੋਰ ਦਾਸ ਨਾਲ ਹੋਈ

ਇਕ ਵਾਰ ਦੀ ਗੱਲ ਹੈ ਕੱਤਕ ਦੇ ਦਿਨ ਸਨ। ਲੋਕੀਂ ਕਣਕਾਂ ਦੀਆਂ ਬਿਜਾਈਆਂ ਕਰ ਰਹੇ ਸਨ। ਦੀਵਾਲੀ ਦਾ ਦਿਨ ਸੀ ਘਰ ਲੱਡੂ ਬਣਾਏ, ਪਹਿਲਾਂ ਸਦਾ ਹੀ ਨਾਭ ਕੇਵਲ ਰਾਜਾ ਸਾਹਿਬ ਜੀ ਦੇ ਨਾਂ ਦੇ ਸੁੱਚੇ ਲੱਡੂ ਜਲੇਬੀਆਂ ਕੱਢਕੇ ਹਜ਼ੂਰ ਦੇ ਚਰਨਾਂ ਵਿਚ ਚੜ੍ਹਾ ਕੇ ਫਿਰ ਘਰ ਵਿਚ ਛਕੀਦੇ ਸਨ। ਇਹ ਦੀਵਾਲੀ ਦੀ ਮਠਿਆਈ ਇਕ ਲਿਫ਼ਾਫ਼ੇ ਵਿਚ ਪਾ ਕੇ ਇਕ ਕਪੜੇ ਦੇ ਲੜ ਬੰਨ੍ਹ ਕੇ ਦਾਸ ਸਤਿਗੁਰਾਂ ਦੇ ਸਾਹਮਣੇ ਪਿੰਡ ਮਜਾਰੇ ਗਿਆ। ਚਰਨਾਂ ਵਿਚ ਰੱਖ ਕੇ ਨਮਸਕਾਰ ਕੀਤੀ, ਕਾਮਿਲ ਪੀਰ ਮੁਸਕਰਾਉਂਦੇ ਹੋਏ ਕਹਿਣ ਲੱਗੇ, "ਕਾਕਿਆ, ਕੀ ਲਿਆਂਦਾ ਈ?" ਦਾਸ "ਜੀ ਅਸੀਂ ਕੀ ਲਿਆਉਣ ਜੋਗੇ ਹਾਂ, ਆਪਦਾ ਦਿੱਤਾ ਹੋਇਆ ਖਾਈ ਪਹਿਨੀ ਦਾ ਹੈ।" ਕਹਿੰਦੇ, "ਜਿਹੜੀ ਮੇਰੇ ਨਾਂ ਦੀ ਚੀਜ ਹੋਵੇ ਇਥੇ ਨਾ ਲਿਆਇਆ ਕਰ, ਪਿੰਡ ਰਹਿਪੇ ਹਮਾਰਾ ਤਖ਼ਤ ਹੈ ਉੱਥੇ ਮੱਥਾ ਟੇਕ ਕੇ ਜਾਨਵਰਾਂ ਨੂੰ ਪਾ ਦਿਆ ਕਰ, ਮੇਰੇ ਨਾਂ ਦੀ ਸਮਝ ਕੇ।" ਦਾਸ- "ਜੀ! ਤੁਸੀਂ ਐਥੇ ਹੋਵੋ ਮੇਰੇ ਪਾਸੋਂ ਇਹ ਨਹੀਂ ਹੋਣਾ।" ਕਹਿੰਦੇ, "ਚੰਗਾ! ਸ਼ਬਦ ਪੜ੍ਹ।" ਅਸੀਂ ਸ਼ਬਦ ਪੜ੍ਹਿਆ 'ਸਾਡੇ ਗੁਰੂ ਨੇ ਜਹਾਜ਼ ਬਣਾਇਆ

ਆਵੋ ਜਿਨੇ ਪਾਰ ਲੰਘਣਾ' ਦਾਸ ਨੂੰ ਕੁੱਝ ਜ਼ੁਕਾਮ ਅਤੇ ਬੁਖ਼ਾਰ ਹੋਇਆ ਸੀ ਅਵਾਜ਼ ਠੀਕ ਨਹੀਂ ਸੀ ਨਿਕਲਦੀ। ਸਤਿਗੁਰੂ ਵਲੋਂ ਹੁਕਮ ਹੋਇਆ, "ਚੱਲ! ਕਾਕਾ! ਰਹਿਪੇ ਚੱਲਕੇ ਖੂਹੀ ਤੇ ਇਸ਼ਨਾਨ ਕੇਸਾਂ ਸਣੇ ਕਰ ਲਵੀਂ। ਤੁਮਹਾਰੇ ਲੀਏ ਹਮਨੇ ਤੀਰਥ ਰਚਿਆ ਹੈ। ਹਰ ਰੋਜ਼ ਪਹਿਲਾਂ ਉੱਠਕੇ ਇਸ਼ਨਾਨ ਕਰ, ਪਕਾ ਨਿਯਮ ਬਣਾ ਲਈਂ। ਸਮੁੰਦਾ, ਭਾਨਾ, ਮੇਰੇ ਤੇ ਰਹਿਪੀਆਂ ਦਾ ਬਹੁਤ ਚਿਰਾਂ ਦਾ ਮਿੱਤਰ ਚਾਰਾ ਚਲਿਆ ਆ ਰਿਹਾ ਹੈ, ਇਹ ਹਮਾਰੇ ਪੁਰਾਤਨਵੀ ਯਾਰ ਹਨ।" ਫਿਰ ਹੁਕਮ ਕੀਤਾ, "ਚਲ ਕਾਕਾ! ਹੁਣ ਇਥੇ ਨਾ ਆਇਆ ਕਰ, ਜੇ ਰਾਜਾ ਦੇਖਣ ਦਾ ਬਹੁਤ ਚਾਅ ਹੈ ਤਾਂ ਆ ਕੇ ਰਸੋਖਾਨੇ ਦੇਖ ਲਿਆ ਕਰੀਂ।" ਅਸੀਂ ਆਖਿਆ, "ਦਰਸ਼ਨਾਂ ਬਿਨਾਂ ਨਹੀਂ ਰਿਹਾ ਜਾਂਦਾ, ਦਰਸ਼ਨਾਂ ਦੀ ਪਿਆਸ ਹਰ ਵੇਲੇ ਮਨ ਵਿਚ ਲੱਗੀ ਰਹਿੰਦੀ ਹੈ। 'ਇਕ ਘੜੀ ਨਾ ਮਿਲਤੇ ਤਾਂ ਕਲਜੁਗ ਹੋਤਾ' ਸੱਚੇ ਪਾਤਸ਼ਾਹੋ! ਐਸੀ ਦਿਸ਼ਾ ਹੋ ਜਾਂਦੀ ਹੈ।" ਫਿਰ ਕਹਿੰਦੇ, "ਚਲ ਕਾਕਾ! ਨੱਠ ਚਲ! ਜੇ ਰਾਜਾ ਸਾਹਿਬ ਦੇ ਦਰਸ਼ਨ ਦੀ ਮਨ ਵਿਚ ਬਹੁਤ ਪਿਆਸ ਰਹਿੰਦੀ ਹੈ ਤਾਂ ਰਸੋਖਾਨੇ ਹੀ ਆ ਕੇ ਦੇਖ ਲਿਆ ਕਰੀਂ।" ਉਸ ਦਿਨ ਪਿੰਡ ਰਹਿਪੇ ਜਾ ਕੇ ਜਿਹੜੀ ਖੂਹੀ ਆਪ ਜੀ ਹੱਥੀਂ ਲਾਈ ਹੋਈ ਹੈ ਉਸ ਵਿਚੋਂ ਜਲ ਲੈ ਕੇ ਇਸ਼ਨਾਨ ਕੀਤਾ ਬੁਖਾਰ ਇਸ਼ਨਾਨ ਕਰਨ ਦੇ ਨਾਲ ਹੀ ਉੱਤਰ ਗਿਆ। ਰੋਜ਼ ਇਸ਼ਨਾਨ ਕਰਨ ਦੀ ਆਦਤ ਵੀ ਪੱਕੀ ਬਣ ਗਈ। ਗੁਰਦੁਆਰਾ ਤਖ਼ਤ ਸਾਹਿਬ ਤੇ ਸੇਵਾ ਦੀ ਪੱਕੀ ਡਿਊਟੀ ਲਾ ਦਿੱਤੀ। ਬਖਸ਼ੀ ਹੋਈ ਸੇਵਾ ਕਰਵਾ ਰਹੇ ਹਨ। ਇਸੇ ਭਰਾਂ ਇਕ ਵਾਰ ਦਰਸ਼ਨ ਵਾਸਤੇ ਗਏ। ਅੱਗੋਂ ਸਤਿਗੁਰਾਂ ਨੇ ਸ਼ਬਦ ਪੜ੍ਹਨ ਦਾ ਹੁਕਮ ਕੀਤਾ। ਜਦੋਂ ਵੀ ਦੂਜੀ ਵਾਰ ਜਾਣਾ ਹੋਰ ਨਵਾਂ ਸ਼ਬਦ ਯਾਦ ਕਰਕੇ ਜਾਣਾ। ਗੁਰਬਾਣੀ ਵਿਚੋਂ ਆਪ ਜੀ ਦੇ ਰਚੇ ਹੋਏ ਭਗਵਾਨ ਬਿਲਾਸ ਸਤਿਗੁਰ ਮਹਿਮਾ ਵਿਚੋਂ ਸ਼ਬਦ ਯਾਦ ਕਰਕੇ ਜਾਣਾ। ਦੀਪੇ ਕੋਲੋਂ ਵੀ ਸ਼ਬਦ ਪੜ੍ਹਾਇਆ ਕਰਦੇ ਸਨ। ਜਦੋਂ ਵੀ ਦਰਸ਼ਨ ਵਾਸਤੇ ਜਾਣਾ ਸ਼ਬਦ ਪੜ੍ਹਾਉਣੇ ਖੜ੍ਹੇ ਹੋ ਕੇ ਸ਼ਬਦ ਪੜ੍ਹਿਆ ਕਰਦੇ ਸੀ। ਜੇ ਕਦੀ ਸੰਗਤ ਨੂੰ ਦਰਸ਼ਨ ਕਈ ਕਈ ਦਿਨ ਨਾ ਹੋਵਣ, ਜਦੋਂ ਵੀ ਅਸੀਂ ਜਾਣਾ ਸਾਰੀ ਸੰਗਤ ਨੇ ਬੋਲ ਉਠਣਾ, "ਹੁਣ ਸਭ ਨੂੰ ਦਰਸ਼ਨ ਹੋ ਜਾਣਗੇ, ਰਹਿਪੀਏ ਆ ਗਏ ਹਨ।' ਰਹਿਪੇ ਵਾਲੀ ਸੰਗਤ ਦਾ ਬਹੁਤ ਮਾਣ ਰੱਖਦੇ ਸੀ। ਬੇਨਤੀਆਂ ਦੇ ਸ਼ਬਦ ਪੜ੍ਹਨੇ ਸਾਰੀ

ਸੰਗਤ ਨੂੰ ਬਾਗੀ ਖੋਲ੍ਹ ਕੇ ਦਰਸ਼ਨ ਦੇ ਕੇ ਨਿਹਾਲ ਕਰਨਾ। ਸ਼ਬਦ ਇਹ ਪੜ੍ਹਨੇ 'ਕੰਢੇ ਉੱਤੇ ਮੈਂ ਖੜ੍ਹੀ ਹਾਂ ਗੁਰੂ ਆਵੇ ਤਾਂ ਪਾਰ ਲੰਘਾਵੇ ਮੇਰੇ ਦੀਨ ਦਿਆਲਾ ਜੀ ਸੁਣ ਲਇਓ ਬੇਨਤੀਆਂ।' ਇਕ ਦਿਨ ਇਕ ਕਬਿੱਤ ਆਪ ਜੀ ਦੇ ਸਾਹਮਣੇ ਪੜ੍ਹਿਆ ਤਾਂ ਸਤਿਗੁਰੂ ਮਿਹਰਬਾਨ ਅੰਦਰ ਬੈਠੇ ਹੀ ਬੋਲੇ, "ਹਾਂ! ਹਾਂ! ਕਾਕਿਆ! ਸਤਿਗੁਰਾਂ ਦੇ ਸਿਰ ਤੇ ਨਜ਼ਾਰੇ ਹੀ ਲੈ ਰਹੇ ਹਾਂ। ਤੇਰੀਆਂ ਦੋ ਰੋਟੀਆਂ ਦੇ ਜ਼ਿੰਮੇਵਾਰ ਅਸੀਂ ਹੀ ਹਾਂ, ਕਾਕਾ! ਤੇਰੇ ਸਿਰ ਤੇ ਸਾਡਾ ਸਦਾ ਹੀ ਹੱਥ ਰਹੇਗਾ। ਤੇਰੀ ਜ਼ਿੰਦਗੀ ਸੁੱਖਾਂ ਵਾਲੀ ਜ਼ਿੰਦਗੀ ਹੋਵੇਗੀ। ਸਵਰਗੀ ਜ਼ਿੰਦਗੀ ਕਾਕਾ ਵਸਲ ਕਰੇਂਗਾ। ਆਖਰ ਤੇਰਾ ਸਾਡੇ ਚਰਨਾਂ ਵਿਚ ਨਿਵਾਸ ਹੋਵੇਗਾ, ਸਾਡੇ ਨਾਲ ਭੇਦ ਅਭੇਦ ਹੋ ਜਾਵੇਂਗਾ ਛੋਟਾ-ਵੱਡਾ ਨਾ ਸਮਝਣਾ। ਦੌੜ ਕਰਿਆ ਕਰ ਫੇਰ ਦੇਖਣੇ ਲਾਇਕ ਜੁਆਨ ਹੋ ਜਾਵੇਂਗਾ।" ਇਹ ਦੌੜ ਦਾ ਇਸ਼ਾਰਾ ਨਾਮ ਦੀ ਕਮਾਈ ਕਰਨ ਦਾ ਕੀਤਾ। ਉਸ ਦਿਨ ਫਿਰ ਸ਼ਬਦ ਪੜ੍ਹਨ ਦਾ ਹੁਕਮ ਕੀਤਾ। ਦਾਸ ਨੇ ਇਕ ਬੈਂਤ ਆਪਦੇ ਹਜ਼ੂਰ ਗਾਇਆ। ਉਸ ਬੈਂਤ ਦੀ ਅਖੀਰਲੀ ਪੰਗਤੀ ਇਉਂ ਸੀ, 'ਕਹੇ ਨਾਨਕ ਫਕੀਰ ਚਲ ਦੇਖ ਉੱਥੇ ਬਾਝ ਰੱਬ ਤੋਂ ਕਿਸੇ ਦੀ ਜਾਤ ਨਾਹੀਂ'। ਮਹਾਰਾਜ ਕਹਿੰਦੇ, "ਕਾਕਿਆ! ਇਉਂ ਕਹਿ ਚਲ ਨਾਨਕ ਅਵਤਾਰ ਚਲ ਦੇਖ ਉੱਥੇ ਬਾਝ ਰੱਬ ਤੋਂ ਕਿਸੇ ਦੀ ਦਾਤ ਨਾਹੀਂ। ਫਕੀਰ ਤਾਂ ਇਕ ਮੰਗ ਕੇ ਖਾਣ ਵਾਲੇ ਦਾ ਨਾਂ ਹੁੰਦਾ ਹੈ, ਨਾਨਕ ਅਵਤਾਰ ਸੀ।" ਦੂਜਾ ਕਬਿੱਤ ਪੜ੍ਹਿਆ- 'ਲਾਈ ਮਠਿਆਈ ਕਿੱਕਰਾਂ ਤੇ ਝਾੜ ਪਾਈ ਚਰਨ ਛੋਹਤ ਖਾਰਾ ਪਾਣੀ ਮਿੱਠਾ ਹੋਇ ਜਾਂਵਦਾ।" ਇਹ ਕਬਿੱਤ ਸੁਣ ਕੇ ਮਹਾਰਾਜ ਕਹਿੰਦੇ "ਬਖਸ਼ਾ! ਨਾਨਕ ਨੇ ਕਿੱਕਰਾਂ ਤੋਂ ਬਰਫ਼ੀ ਲਾਹ ਕੇ ਸੰਗਤ ਨੂੰ ਛਕਾਈ ਸੀ, ਰਾਜਾ ਜਨਕ ਦੀ ਤੇ ਨਾਨਕ ਦੀ ਇਕ ਚਾਨੀ ਸੀ ਪਰ ਤੇਰੇ ਲਈ ਤਾਂ ਹਦਾਇਤ ਹੈ ਰਾਜਾ ਸਾਹਿਬ, ਰਾਜਾ ਸਾਹਿਬ ਜਪਿਆ ਕਰ।" ਇਕ ਵਾਰ ਸ਼ਬਦ ਪੜ੍ਹਦਿਆਂ ਪੜ੍ਹਦਿਆਂ ਧਾਰਨਾ ਪੜ੍ਹੀ, 'ਮੈਂ ਖੜ੍ਹੀ ਉਡੀਕਾਂ ਜੀ ਆਪਣੇ ਰਾਜੇ ਨੂੰ।' ਮਹਾਰਾਜ ਕਹਿੰਦੇ ਇਕੱਲਾ ਰਾਜਾ ਨਹੀਂ ਰਾਜਾ ਸਾਹਿਬ ਆਖੀਦਾ ਹੈ। ਰਾਜਾ ਸਾਹਿਬ ਇਕ ਦਾ ਨਹੀਂ ਸਭ ਦਾ ਮਾਲਿਕ ਹੈ। ਕੁਲ ਜਹਾਨ ਦਾ ਮਾਲਿਕ ਸਭ ਨੂੰ ਰੋਟੀ ਦੇਣ ਵਾਲਾ ਹੈ, ਸਮਝਿਆ ਕਰ, ਕਿਉਂਕਿ ਰਾਜਾ ਸਾਹਿਬ ਖੁਦਾ ਦਾ ਨਾਂ ਹੈ।"

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਹੋਰ ਚੱਲੀ

ਇਕ ਦਿਨ ਦਾਸ ਅਤੇ ਗਿਆਨ ਸਿੰਘ ਦਰਸ਼ਨ ਵਾਸਤੇ ਆਏ ਦੁੱਧ ਦੀ ਬਾਲਟੀ ਕੋਲ ਲੈ ਗਏ। ਦੁੱਧ ਲੰਗਰ ਵਿਚ ਪਾ ਕੇ ਪਿੱਛੋਂ ਪਿੰਡ ਦਰਸ਼ਨਾਂ ਵਾਸਤੇ ਗਏ। ਮਹਾਰਾਜ ਜੀ ਕਿਰਪੇ ਦੇ ਚੁਬਾਰੇ ਵਿਚ ਬੈਠੇ ਸਨ। ਬੂਹੇ ਮੋਹਰੇ ਜਾ ਕੇ ਅਵਾਜ਼ ਦਿੱਤੀ ਸਲਾਮ ਕੀਤਾ, ਅੰਦਰੋਂ ਹੁਕਮ ਹੋਇਆ, "ਕਾਕਾ! ਸ਼ਬਦ ਪੜ੍ਹ।" ਦਾਸ ਨੇ ਸ਼ਬਦ ਪੜ੍ਹਿਆ,

"ਖੁਸ਼ੀ ਮਾਣ ਲੈ ਸਵਾ ਲੈ ਚਿੱਟੇ ਕੱਪੜੇ ਦੁਨੀਆਂ ਨੂੰ ਛੱਡ ਜਾਵਣਾ"

"ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥

ਇਹ ਸ਼ਬਦ ਸੁਣਕੇ ਮਹਾਰਾਜ ਜੀ ਨੇ ਸੰਗਤ ਨੂੰ ਦਰਸ਼ਨ ਦਿੱਤੇ ਨਾਲੇ ਬਹੁਤ ਖੁਸ਼ ਹੋ ਕੇ ਬੋਲੇ- ਹਾਂ! ਹਾਂ! ਕਾਕਿਆ! ਠੀਕ ਹੈ ਦੁਨੀਆਂ ਸੱਚ ਹੀ ਛੱਡ ਜਾਣੀ ਹੈ। ਫਿਰ ਇਕ ਹੋਰ ਬੈਂਤ ਪੜ੍ਹੀ-

ਗੱਡੀ ਖੜ੍ਹੀ ਮੁਸਾਫਰਾ ਜਾਣ ਵਾਲੇ ਚੜ੍ਹ ਗਏ ਸਾਥੀ ਤੇਰੇ ਨਾਲ ਦੇ ਜੀ। ਮਹਾਰਾਜ ਕਹਿੰਦੇ, 'ਨਹੀਂ! ਨਹੀਂ! ਕਾਕਿਆ! ਇਉਂ ਆਖ-

ਗੱਡੀ ਆਈ ਮੁਸਾਫਰਾ ਜਾਣ ਵਾਲੇ ਚੜ੍ਹ ਗਏ ਸਾਥੀ ਤੇਰੇ ਨਾਲ ਦੇ ਜੀ।

ਫਿਰ ਈਸ਼ਰਦਾਰ ਦੀ ਰਚੀ ਹੋਈ ਕਾਫ਼ੀ ਪੜ੍ਹਨ ਲੱਗਾ। ਉਸ ਵਿਚ ਇਕ ਪੰਗਤੀ ਆਈ 'ਆਸ਼ਿਕ ਨੂੰ ਮੈਂ ਦੇਖਣ ਚੱਲੀ ਘਰ ਆਸ਼ਿਕ ਦਾ ਦੂਰ ਕੁੜੇ' ਮਹਾਰਾਜ ਕਹਿੰਦੇ, "ਕਾਕਿਆ! ਇਹ ਰਹਿਣ ਦੇ ਹੋਰ ਪੜ੍ਹ ਖੁਦਾ ਆਸ਼ਿਕ ਨਹੀਂ, ਬੰਦਾ ਆਸ਼ਿਕ ਹੁੰਦਾ ਹੈ। ਆਸ਼ਿਕ ਮਾਸ਼ੂਕ ਨੂੰ ਦੇਖਣ ਜਾਂਦੈ ਮਾਸ਼ੂਕ ਆਸ਼ਿਕ ਨੂੰ ਨਹੀਂ ਦੇਖਣ ਜਾਂਦੀ।" ਚਲ ਕਹਿੰਦੇ, "ਰਹਿਣ ਦੇ ਘਰ ਨੱਠ ਚੱਲ!" ਨਮਸਕਾਰ ਕਰਕੇ ਅਸੀਂ ਦੋਨੋਂ ਪਿਛੇ ਮੁੜ ਆਏ ਕੁੱਝ ਦੂਰ ਗਏ ਰਾਹ ਵੱਲ੍ਹ ਦੀ ਤਾਕੀ ਖੋਲ ਕੇ ਹੁਕਮ ਕੀਤਾ, "ਕਾਕਿਆ! ਅੱਗੇ ਵਾਸਤੇ ਰਹਿਪੇ ਤੋਂ ਆਇਆ

ਕਰੇਂਗਾ ਤਾਂ ਆਪਣੇ ਪੀਣ ਵਾਸਤੇ ਲੱਸੀ ਦੀ ਬਾਲਟੀ ਪਿੰਡੋਂ ਹੀ ਭਰਕੇ ਲੈ ਆਇਆ ਕਰੀ। (ਬਾਲਟੀ ਕੁੰਡੇ ਵਿਚ ਪਰਨਾ ਪਾ ਕੇ ਪਿੱਠ ਨਾਲ ਲਟਕਾਈ ਹੋਈ ਸੀ।) ਲੰਗਰ ਵਿਚ ਆ ਕੇ ਨਹੀਂ ਛਕਣਾ, ਕੰਨ ਫੜ ਲਓ ਪੱਕੀ ਹਦਾਇਤ ਸਮਝਣੀ ਇਹ ਹੁਕਮ ਅੱਗੇ ਆਉਣ ਵਾਲੇ ਸਮੇਂ ਲਈ ਸਦਾ ਵਾਸਤੇ ਕੀਤਾ ਪੂਜਾ ਦੀ ਚੀਜ਼ ਨਹੀਂ ਖਾਣੀ।" ਇਕ ਵਾਰ ਫਿਰ ਦੀ ਗੱਲ ਹੈ ਗਰਮੀਆਂ ਦੇ ਦਿਨ ਸਨ ਦਾਸ ਝਿਗੜੀਂ ਇਕ ਵਿਆਹ ਤੇ ਗਿਆ ਹੋਇਆ ਸੀ। ਵਿਆਹ ਵਿਚੋਂ ਸਮਾਂ ਕੱਢਕੇ ਦਰਸ਼ਨ ਕਰਨ ਆਇਆ। ਅੱਗੋਂ ਸਤਿਗੁਰੂ ਕਿਰਪੇ ਦੇ ਚੁਬਾਰੇ ਮੋਹਰੇ ਕੋਠੇ ਉੱਪਰ ਮੰਜੇ ਤੇ ਬੈਠੇ ਸਨ। ਉਸ ਦਿਨ ਆਪ ਜੀ ਦੇ ਚਿਹਰੇ ਦੀ ਤਾਬ ਝੱਲੀ ਨਹੀਂ ਸੀ ਜਾਂਦੀ। ਇੰਨਾ ਚਿਹਰੇ ਤੋਂ ਨੂਰ ਛੁੱਲ੍ਹ-ਛੁਲ੍ਹ ਪੈਂਦਾ ਸੀ ਚਿਹਰਾ ਲਾਲ ਦਗ ਦਗ ਕਰ ਰਿਹਾ ਸੀ। ਉਸ ਸਮੇਂ ਸੋਹਣੇਂ ਪ੍ਰੀਤਮ ਦੇ ਮੁੱਖੜੇ ਦੀ ਜੋਤ ਚੰਦ ਸੂਰਜ ਦੇ ਪ੍ਰਕਾਸ਼ ਨੂੰ ਵੀ ਮਾਤ ਪਾ ਰਹੀ ਸੀ। ਉਸ ਸਮੇਂ ਨੈਣਾਂ ਦੀ ਧਾਰ ਜਿਸ ਵੱਲ੍ਹ ਪੈ ਜਾਂਦੀ ਸੀ, ਖੀਵੇ ਕਰ ਜਾਂਦੀ ਸੀ, ਦੁਨੀਆਂ ਦੇ ਰਿਸ਼ਤੇ ਤੋੜ ਜਾਂਦੀ ਸੀ। ਕੰਗਾਲਾਂ ਤੋਂ ਸ਼ਾਹ ਬਣਾਉਂਦੀ ਸੀ, ਹਉਮੈ ਦਾ ਰੋਗ ਕੱਟ ਜਾਂਦੀ ਸੀ, ਖੁਸ਼ੀਆਂ ਦੇ ਜਾਮ ਪਿਲਾਉਂਦੀ ਸੀ, ਪਰੀਤਾਂ ਦੀ ਲੜੀ ਪਰੋਂਦੀ ਸੀ, ਭਵਸਾਗਰ ਤੋਂ ਪਾਰ ਕਰਦੀ ਜਾਂਦੀ ਸੀ, ਜਨਮਾਂ ਦੇ ਫੰਧ ਮੁਕਾਉਂਦੀ ਸੀ, ਚੁਰਾਸੀ ਦੇ ਗੇੜ ਮੁਕਾਉਂਦੀ ਸੀ, ਦਿੱਵ ਜੋਤ ਜਗਾਉਂਦੀ ਸੀ। ਚੰਦਰਮਾ ਦੀ ਸ਼ੀਤਲਤਾ ਪ੍ਰੀਤਮ ਦਾ ਮੁਖੜਾ ਠੰਡੀਆਂ-ਠੰਡੀਆਂ ਅੰਮ੍ਰਿਤ ਵਰਗੀਆਂ ਰਿਸ਼ਮਾਂ ਸੰਸਾਰ ਨੂੰ ਸੀਤਲਤਾ ਬਖਸ਼ ਰਹੀਆਂ ਸਨ। ਇਹੋ ਜਿਹੇ ਸਮੇਂ ਵਿਚ ਜਿਸਨੇ ਵੀ ਦਰਸ਼ਨ ਕੀਤਾ, ਸਭ ਪਾਰਗਰਾਮੀ ਹੋਏ। ਦਾਸ ਨੂੰ ਹੁਕਮ ਕੀਤਾ, "ਚਲ ਕਾਕਾ! ਮੇਰੇ ਘਰ ਚੱਲਕੇ ਪ੍ਰਸ਼ਾਦਾ ਛਕ ਲੈ, ਸਰਦਾਈ ਪੀ।" ਕੋਠੇ ਕੋਠੇ ਘਰ ਨੂੰ ਤੋਰ ਦਿੱਤਾ। ਜਦੋਂ ਦੂਸਰੇ ਕੋਠੇ ਤੇ ਦਾਸ ਗਿਆ ਪਿਛੋਂ ਅਵਾਜ਼ ਮਾਰੀ, "ਕਾਕਿਆ! ਤੂੰ ਤੇ ਅੰਬਾਂ ਤੋਂ ਪੱਛਮ ਵੱਲ੍ਹ ਉੱਚੇ ਟਿੱਬੇ ਤੇ ਚਾਰ ਪਿੱਲਰ ਬਣਾਕੇ ਉੱਪਰ ਚਾਦਰ ਲੋਹੇ ਦੀ ਪਾ ਕੇ ਇਕਾਂਤ ਵਿਚ ਬੈਠਾ ਰਿਹਾ ਕਰ, ਪਿੰਡ ਗੋਂਗੇ ਵਿਚ ਤਾਂ ਜਾਇਆ ਹੀ ਨਾ ਕਰ। ਤੇਰਾ ਤਾਂ ਅਸੀਂ ਦੁਨੀਆਂ ਨਾਲੋਂ ਰਿਸ਼ਤਾ ਤੋੜ ਦਿੱਤਾ ਹੈ, ਸਤਿਗੁਰਾਂ ਨਾਲ ਹੀ ਪੱਕਾ ਰਿਸ਼ਤਾ ਬਣਾ ਦਿੱਤਾ ਹੈ।" ਦਾਸ ਨੇ ਬੇਨਤੀ ਕੀਤੀ ਗੁਰੂ ਸਿੱਖ ਦੇ ਰਿਸ਼ਤੇ ਆਪਦੀ ਕਿਰਪਾ ਨਾਲ ਹੀ ਪੱਕੇ ਹੁੰਦੇ ਹਨ। ਫਿਰ

ਸ਼ਬਦ ਪੜ੍ਹਨ ਦਾ ਹੁਕਮ ਕੀਤਾ "ਇਕ ਤੂੰ ਮੁਖੜਾ ਨਾ ਮੋੜੀ ਜਗ ਭਾਵੇਂ ਸਾਰਾ ਮੋੜ ਲਵੇ" ਕਹਿੰਦੇ "ਹਾਂ! ਹਾਂ! ਕਾਕਿਆ ਇਉਂ ਪੜ੍ਹ

'ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥ ਜੇ ਸਿੱਖ ਗੁਰੂ ਵੱਲ੍ਹ ਇਕ ਕਦਮ ਤੁਰੇ ਸਤਿਗੁਰੂ ਸਿੱਖ ਨੂੰ ਕਰੋੜਾਂ ਕਦਮਾਂ ਨੇੜੇ ਹੋ ਕੇ ਮਿਲਦੇ ਹਨ।" ਕਹਿੰਦੇ, "ਕਾਕਿਆ! ਸਾਡਾ ਇਕ ਸਿੱਖ ਜੇ ਇਕ ਹਉਕਾ ਭਰੇ ਤਾਂ ਅਸੀ ਸੱਤ ਹਉਕੇ ਭਰਦੇ ਹਾਂ।" ਟਿੱਬਿਆਂ ਵਿਚ ਕੁੱਲੀ ਪਾ ਕੇ ਬੈਠ ਜਾਣ ਦਾ ਹੁਕਮ ਦੇ ਕੇ ਤੋਰ ਦਿੱਤਾ। ਇਕ ਵਾਰੀ ਫਿਰ ਦੀ ਗੱਲ ਹੈ ਗਿਆਨ ਸਿੰਘ ਸਾਡੇ ਨਾਲ ਸੀ, ਪੱਕੀ ਸਲਾਹ ਬਣਾਈ ਕਿ ਸਾਧੂ ਬਣ ਚੱਲੀਏ ਅਤੇ ਫਿਰ ਮਹਾਰਾਜ ਜੀ ਵੱਲ੍ਹ ਆਉਂਦਿਆਂ ਨੂੰ ਬੂਝਾ ਤੇਲੀ ਰਹਿਪੇ ਵਾਲਾ ਮਿਲਿਆ। ਉਸ ਕੋਲੋਂ ਪੁੱਛਿਆ, "ਮਹਾਰਾਜ ਨੇ ਅੱਜ ਤੇਰੇ ਨਾਲ ਕੀ ਬਚਨ ਕੀਤਾ?" ਬੂਝਾ ਕਹਿੰਦਾ ਮੈਨੂੰ ਇਹ ਬਚਨ ਕੀਤੇ, "ਲੱਡੂ ਦਿਆ! ਗੱਡੀਆਂ ਸਾਰੀਆਂ ਰਾਜਾ ਦੇ ਨਾਂ ਤੇ ਬਣੀਆਂ ਹੋਈਆਂ ਹਨ ਡਰੀਦਾ ਨਹੀਂ, ਜੇ ਕਦੀ ਬਾਹਰ ਜਾਣਾ ਹੋਵੇ, ਰਾਜਾ-ਰਾਜਾ ਗਾਉਂਦੇ ਗੱਡੀ ਚੜ੍ਹ ਜਾਈਦਾ ਹੈ ਟਿਕਟ ਤਾਂ ਲਈਦਾ ਨਹੀਂ।" ਬੂਝੇ ਤੇਲੀ ਦੇ ਰਿਸ਼ਤੇਦਾਰ ਬਾਰ ਦੇਸ਼ ਵਿਚ ਜ਼ਿਲ੍ਹਾ ਮਿੰਟਗੁਮਰੀ ਵਿਚ ਰਹਿੰਦੇ ਸਨ। ਕਈ ਵਾਰੀ ਬੂਝੇ ਨੇ ਗੱਡੀ ਜਾਣਾ ਰਾਜਾ ਸਾਹਿਬ ਦੀ ਓਟ ਲੈ ਕੇ ਬਿਨਾਂ ਟਿਕਟ ਤੋਂ ਚੜ੍ਹ ਜਾਣਾ, ਕਦੀ ਕਿਸੇ ਨੇ ਪੁੱਛਿਆ ਨਹੀਂ ਸੀ। ਇਹ ਸੀ ਸੱਚੇ ਪੀਰ ਦੀ ਬਖਸ਼ਿਸ਼ ਅਸੀਂ ਬੂਝੇ ਤੇਲੀ ਨੂੰ ਉਸ ਦਿਨ ਕਹਿ ਦਿੱਤਾ, "ਸਾਡੇ ਘਰੀਂ ਸੁਨੇਹਾ ਦੇ ਦੇਵੀਂ, ਸਾਨੂੰ ਘਰ ਦੇ ਉਡੀਕਦੇ ਨਾ ਰਹਿਣ ਅਸੀਂ ਮੁੜਕੇ ਘਰ ਨਹੀਂ ਆਉਣਾ। ਮਹਾਰਾਜ ਜੀ ਦੇ ਦਰਸ਼ਨ ਕਰਕੇ ਪਹਾੜਾਂ ਵਿਚ ਜਾ ਕੇ ਭਗਤੀ ਕਰਨੀ ਹੈ।" ਮਹਾਰਾਜ ਕਰਮੀ ਪੱਕਿਆਂ ਵਾਲੀ ਦੇ ਘਰ ਬੈਠੇ ਸਨ। ਜਦੋਂ ਅਸੀਂ ਪੇਸ਼ ਹੋਏ ਗੁਣਾਚੌਰ ਵਾਲਾ ਨੈਬ ਕਾਫੀਆਂ ਗਾ ਰਿਹਾ ਸੀ। ਬਹੁਤ ਉੱਚੀ ਸੁਰ ਨਾਲ ਗਾ ਰਿਹਾ ਸੀ। ਮਹਾਰਾਜ ਜੀ ਬੈਠੇ ਸੁਣ ਰਹੇ ਸਨ। ਕਾਫੀਆਂ ਸੁਣਕੇ ਸਾਨੂੰ ਦੋਵਾਂ ਨੂੰ ਹੁਕਮ ਕੀਤਾ, ਇਕ ਰੁਪਿਆ ਹਾਲੇ ਦਾ ਦੇਵੋ। ਗਿਆਨ ਸਿੰਘ ਦੇ ਕੋਲ ਇਕ ਰੁਪਿਆ ਸੀ। ਉਸਨੇ ਚਰਨਾਂ ਵਿਚ ਮੱਥਾ ਟੇਕ ਦਿੱਤਾ। ਦਾਸ ਕੋਲ ਕੋਈ ਪੈਸਾ ਨਹੀਂ ਸੀ। ਅਸੀਂ ਬੇਨਤੀ ਕੀਤੀ, "ਜੀ! ਪਿਛੋਂ ਲਿਆ ਕੇ ਦੇ ਦੇਵਾਂਗਾ ਕੋਲ ਤੇ ਹੈ ਨਹੀਂ।" ਕਹਿੰਦੇ, "ਭਾਵੇਂ

ਕਿਤਿਓਂ ਲਿਆਕੇ ਦੇ! ਅੱਜ ਜ਼ਰੂਰ ਲਿਆ। ਐਵੇਂ ਸੁੱਕੀ ਭਗਤੀ ਲਈ ਫਿਰਦਾ ਹੈਂ।" ਅਸੀਂ ਆਖਿਆ ਜੀ, "ਕਿਸੇ ਕੋਲੋਂ ਮੰਗਣਾ ਤੇ ਨਹੀਂ ਹੈ, ਫਿਰ ਕਿਸੇ ਦਿਨ ਘਰੋਂ ਲਿਆ ਕੇ ਦੇਵਾਂਗਾ।" ਕਹਿੰਦੇ, "ਚਲੋ! ਕੁੱਬਿਆਂ ਦੇ ਚੁਬਾਰੇ ਵਿਚ ਬੈਠ ਚਲੋ।" ਕੋਈ ਚਾਰ ਕੁ ਦਾ ਸਮੇਂ ਸੀ। ਅਸੀਂ ਚੁਬਾਰੇ ਵਿਚ ਜਾ ਕੇ ਬੈਠ ਗਏ। ਰਾਤ ਪੈ ਗਈ ਨਾ ਕੋਈ ਸਾਡੇ ਕੋਲ ਆਇਆ ਨਾ ਕਿਸੇ ਰੋਟੀ ਪੁੱਛੀ, ਨਾ ਕੋਈ ਉੱਪਰ ਵਾਸਤੇ ਕਪੜਾ ਸੀ, ਨਾ ਬੱਲੇ ਕੋਈ ਸਫ਼, ਭੁੰਵੇ ਚੁਬਾਰੇ ਵਿਚ ਬੈਠੇ ਜਿਹੜਾ ਸਾਨੂੰ ਰੋਜ਼ ਸਾਧ ਬਣਨ ਦਾ ਚਾਅ ਚੜ੍ਹਿਆ ਹੋਇਆ ਸੀ ਅੱਧੀ ਕੁ ਰਾਤ ਗਈ ਸਾਰਾ ਹੀ ਲੱਥ ਗਿਆ। ਅੱਧੀ ਰਾਤ ਉੱਠਕੇ ਮਹਾਰਾਜ ਜੀ ਦੇ ਕੋਲ ਆਏ, ਮਹਾਰਾਜ ਆਪ ਦਲਾਨ ਵਿਚ ਭੁੰਵੇ ਹੀ ਪਏ ਲੰਪ ਵੀ ਬੁਝਾਇਆ ਹੋਇਆ ਸੀ। ਕਰਤਾਰੀ ਲੰਬੜ ਰਾਜੂ ਦੀ ਮੁੱਖ ਨਾਲ ਲਗਕੇ ਖੜ੍ਹੀ ਹੈ, ਕੋਈ ਮੰਗਾਂ ਮੰਗਦੀ, ਇਕ ਲੱਤ ਭਾਰ ਖੜੀ, ਜਦੋਂ ਸਾਨੂੰ ਆਇਆਂ ਨੂੰ ਕਰਤਾਰੀ ਨੇ ਦੇਖਿਆ, ਕਰਤਾਰੀ ਨੇ ਮਹਾਰਾਜ ਜੀ ਨੂੰ ਆਖਿਆ ਜੀ ਰਹਿਪੇ ਵਾਲੇ ਮੁੰਡੇ ਗਿਆਨ ਤੇ ਬਖਸ਼ੀ ਕੋਠੇ ਤੇ ਖੜ੍ਹੇ ਹਨ, ਇਨ੍ਹਾਂ ਨੂੰ ਇਜਾਜ਼ਤ ਦੇ ਦੇਣੀ ਸੀ, ਪਿੰਡ ਜਾਣ ਦੀ। ਮਹਾਰਾਜ ਭੁੰਵੇ ਪਏ ਕਹਿੰਦੇ, "ਕੁਦਾੜੇ ਵਟ ਲੈਂਦੇ ਪਿੰਡ ਜਾ ਵੜਦੇ।" ਸਾਡੀ ਤਬੀਅਤ ਇੰਨੇ ਨਾਲ ਹੀ ਸਾਫ਼ ਹੋ ਚੁੱਕੀ ਸੀ। ਸਾਧੂ ਪੁਣੇ ਦਾ ਸੁਆਦ ਦੇਖ ਲਿਆ ਭੁੰਵੇ ਸੌਣਾ, ਸੁੱਕੇ ਟੁਕੜੇ ਖਾਣੇਂ, ਸਬਰ ਦੇ ਪੁੰਜ ਬਣਨਾ, ਹਰਖ ਸੋਗ ਤੋਂ ਨਿਆਰੇ ਹੋਣਾ। ਇਹ ਪੌੜੀ ਦੇ ਪਹਿਲੇ ਡੰਡੇ ਨੂੰ ਹੱਥ ਪਾਉਣ ਨਾਲ ਹੀ ਪਤਾ ਲੱਗਿਆ। ਇਹ ਤਕਲੀਫ਼ਾਂ ਸਾਧ ਬਣਨ ਵਿਚ ਪੇਸ਼ ਆਉਂਦੀਆਂ ਹਨ।

'ਹੋਵਣ ਫਕੀਰ ਖੋਲ ਅਟਕ ਜੰਜੀਰ ਸਿਰ ਮੰਨ ਤਕਦੀਰ ਪੀਣ ਜਹਰ ਪਿਆਲੜੀ॥

ਕਰਤਾਰੀ ਕਹਿੰਦੀ, "ਜੀ ਸੱਚੇ ਪਾਤਸ਼ਾਹ! ਆਪ ਭੁੰਜੇ ਕਿਉਂ ਪਏ ਹੋ, ਨਾਲੇ ਲੰਪ ਵੀ ਨਹੀਂ ਜਗਾਇਆ।" ਮਹਾਰਾਜ ਕਹਿੰਦੇ, "ਕਰਤਾਰੀ ਦੀਵੇ ਭਾਗਾਂ ਨਾਲ ਬਲਦੇ ਹਨ, ਭੁੰਜੇ ਪੈਣਾ ਸਾਧੂ ਦਾ ਧਰਮ ਹੈ।" ਕੋਲ ਖੜ੍ਹੇ ਦਾਸ ਤੇ ਗਿਆਨ ਸਿਘ ਦੀ ਚੰਗੀ ਨਿਸ਼ਾ ਹੋਈ ਇਹ ਬਚਨ ਸੁਣਕੇ। ਬਸ ਉਥੋਂ ਨਮਸਕਾਰ ਕਰਕੇ ਸਾਧਪੁਣੇ ਦਾ ਖਿਆਲ ਛਡਕੇ ਘਰ ਮੁੜ ਆਏ। ਫਿਰ ਕਦੀ ਸਾਧੂ ਹੋਣ ਦਾ ਨਾਂ ਨਹੀਂ ਲਿਆ।

ਪੰਜਵੀਂ ਸਾਖੀ ਦਾਸ ਨਾਲ ਹੋਈ

ਇਕ ਵਾਰ ਦੀ ਗੱਲ ਹੈ ਮੈਂ ਤੇ ਮੇਰਾ ਛੋਟਾ ਭਾਈ ਸੰਸਾਰ ਸਿੰਘ ਦੋਵੇਂ ਦਰਸ਼ਨ ਵਾਸਤੇ ਗਏ। ਮਹਾਰਾਜ ਜੀ ਦਰਵਾਜ਼ੇ ਸਾਹਮਣੇ ਦੌਲੇ ਦੇ ਘਰ ਡਿਉਢੀ ਵਿਚ ਬੈਠੇ ਸਨ। ਅਸੀਂ ਦੋਹਾਂ ਨੇ ਹੀ ਆ ਕੇ ਚਰਨਾਂ ਤੇ ਨਮਸਕਾਰ ਕੀਤੀ। ਤੇੜ ਸਾਡੇ ਤੰਬੇ ਲੱਗੇ ਹੋਏ ਸੀ ਪੱਗਾਂ ਵੀ ਜਲੇਬੀਦਾਰ ਬੰਨ੍ਹੀਆਂ ਹੋਈਆਂ ਹਨ, ਮੰਢੇਰ ਜਿਹੇ ਮਾਰੇ ਹੋਏ ਸਨ। ਮਹਾਰਾਜ ਕਹਿੰਦੇ, "ਕਾਕਿਓ! ਤਿੱਖੀਆਂ ਪੱਗਾਂ ਬੰਨ੍ਹਕੇ ਰਖਿਆ ਕਰੋ, ਤੇੜ ਚੁਸਤ ਪਜਾਮੇ ਪਾਈਦੇ ਹਨ, ਹੁਸ਼ਿਆਰ ਰਹੀਦਾ ਹੈ, ਸਰਦਾਰਾਂ ਵਾਂਗ ਬਣਕੇ ਰਹੀਦਾ ਹੈ। ਉਸ ਵੇਲੇ ਮਹਾਰਾਜ ਦੀ ਦੁਨੀਆਂ ਵਿਚ ਜੋਤੀ-ਜੋਤ ਸਮਾਉਣ ਦੀ ਰੌਲੀ ਪਈ ਹੋਈ ਸੀ। ਮੇਰੇ ਮਨ ਵਿਚ ਇਹ ਗੱਲ ਘੁੰਮਦੀ ਸੀ ਕਿ ਸੱਚੇ ਪਾਤਸ਼ਾਹ ਜੋਤੀ-ਜੋਤ ਸਮਾ ਜਾਣਗੇ। ਇਸ ਪਿਆਰ ਵਿਚ ਆ ਕੇ ਜਲਦੀ ਜਲਦੀ ਦਰਸ਼ਨ ਨੂੰ ਦਿਲ ਲੋਚਦਾ ਰਿਹਾ ਕਰੇ। ਉਸ ਦਿਨ ਵੀ ਪਾਤਸ਼ਾਹ ਨੇ ਇਹ ਰਮਜ਼ ਮਾਰੀ। "ਕਾਕਿਆ! ਸਾਡੇ ਪਿਛੋਂ ਸਾਡੀਆਂ ਯਾਦਗਾਰਾਂ ਦੇ ਹੀ ਦਰਸ਼ਨ ਕਰ ਲਿਆ ਕਰੀਂ।" ਉਸ ਦਿਨ ਦਰਸ਼ਨ ਕਰਕੇ ਪਿੰਡ ਰਹਿਪੇ ਵਿਚ ਚਲੇ ਗਏ। ਕੁੱਝ ਮਹੀਨਿਆਂ ਬਾਅਦ ਫਿਰ ਦਾਸ ਨੂੰ ਦਰਸ਼ਨ ਕਰਨ ਦਾ ਮੌਕਾ ਮਿਲਿਆ। ਮਹਾਰਾਜ ਆਪਣੇ ਘਰ ਦਲਾਨ ਵਿਚ ਜ਼ਮੀਨ ਤੇ ਕੰਧ ਨਾਲ ਢੋਅ ਲਾ ਕੇ ਬੈਠੇ ਸਨ, ਤਾਕੀ ਖੁੱਲ੍ਹੀ ਸੀ, ਬੂਹਾ ਬੰਦ ਸੀ। ਤਾਕੀ ਮੋਹਰੇ ਜਾ ਕੇ ਸਤਿਗੁਰਾਂ ਦੇ ਚਰਨਾਂ ਦਾ ਧਿਆਨ ਧਰ ਕੇ ਨਮਸਕਾਰ ਕੀਤੀ। ਅੱਗੋਂ ਪੀਰਾਂ ਦੇ ਪੀਰ ਬੋਲੇ "ਕਾਕਿਆ ਕਿਵੇਂ ਆਇਆ ਸੀ?" ਦਾਸ- "ਆਪ ਜੀ ਦੇ ਦਰਸ਼ਨਾਂ ਨੂੰ ਆਇਆ ਹਾਂ।" ਸਤਿਗੁਰੂ ਕਹਿੰਦੇ, "ਹਾਂ! ਹਾਂ! ਠੀਕ ਦਰਸ਼ਨ ਨੂੰ ਹੀ ਆਇਆ ਹੈਂ, ਐਸਾ ਹੀ ਹੋਣਾ ਚਾਹੀਦਾ ਹੈ।" ਮਹਾਰਾਜ ਉਸ ਵੇਲੇ ਬਹੁਤ ਬਿਰਧ ਰੂਪ ਵਿਚ ਹੋ ਕੇ ਦਰਸ਼ਨ ਦਿੱਤੇ, ਸਹਿਜ ਨਾਲ ਉੱਠਕੇ ਤਾਕੀ ਮੋਹਰੇ ਆਣ ਖੜ੍ਹੇ ਹੋਏ। ਖੁਲ੍ਹੇ ਦਰਸ਼ਨ ਦੇ ਕੇ ਮਨ ਦੀ ਪਿਆਸ ਬੁਝਾਈ, ਤੜਪਦੇ ਦਿਲ ਨੂੰ ਠੰਡਾ ਕੀਤਾ। ਕੁੱਝ ਮਿੰਟਾਂ ਬਾਅਦ ਹੁਕਮ ਕੀਤਾ, "ਕਾਕਿਆ! ਹੁਣ ਸਤਿਗੁਰਾਂ ਦੇ ਦਰਸ਼ਨ ਧਿਆਨ ਵਿਚ ਹੀ ਕਰ ਲਿਆ ਕਰੀਂ।" ਇਹ ਗੱਲ

ਕਹਿਦੇ ਅੰਦਰੋਂ ਬਾਰੀ ਬੰਦ ਕਰ ਲਈ। ਇਹ ਬਚਨ ਸੁਣ ਕੇ ਕਾਲਜਾ ਫੁੱਟ-ਫੁੱਟ ਕੇ ਬਾਹਰ ਨੂੰ ਆਉਣ ਲੱਗਾ, ਹਾਲਤ ਬਹੁਤ ਨਾਜੁਕ ਹੋ ਗਈ। ਇਹ ਜੋਤੀ-ਜੋਤ ਸਮਾਉਣ ਦੀ ਰਮਜ਼ ਮਾਰੀ। ਦੋ ਮਹੀਨੇ ਪਹਿਲਾਂ ਦੀ ਗੱਲ ਹੈ, ਇਹ ਬਚਨ ਸੁਣ ਕੇ ਮਨ ਬਹੁਤ ਨਿਰਾਸ਼ ਹੋਇਆ। ਫਿਰ ਤਾਕੀ ਖੋਹਲ ਕੇ ਮੋਹਰੇ ਆ ਖੜ੍ਹੇ ਹੋਏ ਸ਼ਬਦ ਪੜ੍ਹਨ ਲਈ ਹੁਕਮ ਕੀਤਾ- "ਕਾਕਿਆ! ਇਹੀ ਸ਼ਬਦ ਪੜ੍ਹ 'ਦਾਨਾਂ ਮਸਤਾਨਾ ਸੱਚਾ ਸਤਿਗੁਰ ਸੇਵਕਾਂ ਦਾ ਕੰਮ ਕਰਦਾ।" ਇਹ ਕਬਿੱਤ ਪੜ੍ਹਿਆ ਉਸਦੀ ਅਖੀਰਲੀ ਪੰਗਤੀ ਵਿਚ 'ਨਿਵੇਂ' 'ਨਵੇਂ' ਕਹੀਦਾ ਹੈ ਨਿਵੇਂ ਨਿਵੇਂ ਹਜ਼ਾਰ ਵਾਰੀ 'ਨਵੇਂ' ਨਵੇਂ' ਇਕ ਵਾਰ ਕਹਿਣ ਦਾ ਫਲ ਹਜ਼ਾਰ ਵਾਰੀ ਦੇ ਸਮਾਨ ਹੁੰਦਾ ਹੈ।" ਇਕ ਵਾਰ ਕਦੀ ਫਿਰ ਦੀ ਗੱਲ ਹੈ, ਕੁੱਝ ਦਿਨਾਂ ਬਾਅਦ ਜਦੋਂ ਦਾਸ ਦਾ ਪਹਿਲਾ ਵਿਆਹ ਹੋਇਆ, ਨਵੀਂ ਵਿਆਹੁਤਾ ਦੀ ਇੰਜੜੀ ਬੰਨ੍ਹਕੇ ਘਰ ਦੇ ਮੱਥਾ ਟਿਕਾਉਣ ਪਿੰਡ ਮਜਾਰੇ ਆਏ। ਜਦੋਂ ਸਾਹਮਣੇ ਹੋ ਕੇ ਨਮਸਕਾਰ ਕੀਤੀ, ਇੰਜੜੀ ਦਿੱਤੀ ਹੋਈ ਗੰਢ ਖੁੱਲ੍ਹਾ ਦਿੱਤੀ, ਕਹਿਦੇ, "ਮੁੰਡਾ ਤੇ ਮੇਰਾ ਹੈ ਇਸਦੇ ਰਿਸ਼ਤੇ ਦੁਨੀਆਂ ਵਾਲੇ ਸਾਰੇ ਤੋੜ ਦਿੱਤੇ ਹਨ। ਇਸ ਕੋਲੋਂ ਅਸੀਂ ਬਹੁਤ ਕੰਮ ਕਰਾਉਣੇ ਹਨ।" ਬਾਕੀ ਸਾਰੇ ਲਾਣੇ ਨੂੰ ਮੋੜ ਦਿੱਤਾ। ਦਾਸ ਨੂੰ ਹੁਕਮ ਕੀਤਾ ਇਕੱਲਾ ਹੀ ਸ਼ਬਦ ਪੜ੍ਹ ਕੋਈ ਨਾਲ ਹੋਰ ਨਾ ਬੋਲੇ, 'ਸਤਿਗੁਰ ਮਹਿਮਾ' ਦੇ ਵਿਚੋਂ ਬੇਨਤੀਆਂ ਦੇ ਸ਼ਬਦ ਪੜ੍ਹੇ। ਪਿੱਛੇ ਬੈਠੀ ਬੰਗਿਆਂ ਤੋਂ ਆਈ ਹੋਈ ਸੰਗਤ ਹੌਲੀ-ਹੌਲੀ ਨਾਲ ਬੋਲਣ ਲੱਗੀ, ਉਸੇ ਵੇਲੇ ਮਹਾਰਾਜ ਅੰਦਰੋਂ ਝਟ ਬੋਲੇ, "ਖ਼ਬਰਦਾਰ! ਕੋਈ ਨਾ ਬੋਲੇ" ਦਾਸ ਸ਼ਬਦ ਪੜ੍ਹਦਾ ਰਿਹਾ। ਫਿਰ ਹੌਲੀ-ਹੌਲੀ ਬੁੱਢੀਆਂ ਧਾਰਨਾ ਬੋਲਣ ਲੱਗ ਪਈਆਂ ਫਿਰ ਅੰਦਰੋਂ ਬਿਜਲੀ ਵਾਂਗ ਕੜਕ ਕੇ ਬੋਲੇ, "ਖ਼ਬਰਦਾਰ! ਜੇ ਕਿਸੇ ਨੇ ਨਾਲ ਅੰਜੀਲ ਭਰੀ, ਅਸੀਂ ਕਿਸੇ ਕੋਲੋਂ ਮਰਦਾਂ ਵਾਲੇ ਕੰਮ ਕਰਾਉਣੇ ਹੋਏ, ਇਸਦਾ ਨਾਵਾਂ ਉੱਘਾ ਜਹਾਨ ਵਿਚ ਕਰਨਾ ਹੋਇਆ, ਕਿਸੇ ਦਾ ਕੰਮ ਕੀ ਹੈ ਨਾਲ ਅੰਜੀਲ ਦੇਣ ਦਾ?" ਉਸ ਦਿਨ ਮਹਾਰਾਜ ਜੀ ਨੇ ਪਤਾ ਨਹੀਂ ਕੀ ਕੁੱਝ ਲਿਖਿਆ? ਬਹੁਤ ਚਿਰ ਅੰਦਰ ਬੈਠੇ ਜਿਵੇਂ ਕੋਈ ਮਿਸਲ ਲਿਖੀਦੀ ਹੋ ਇਉਂ ਲਿਖਦੇ ਗਏ। ਸ਼ਬਦ ਪੜ੍ਹਦਿਆਂ ਪੜ੍ਹਦਿਆਂ ਇਕ ਪੰਗਤੀ ਆਈ

'ਤੁਧ ਬਿਨ ਜੱਗ ਵਿਚ ਛਾਈਆਂ ਪਾਪ ਹਨ੍ਹੇਰੀਆਂ-
ਆਈਆਂ ਦੁਖਾਂ ਦੀਆਂ ਕਾਗਾਂ ਆਈਆਂ ਜ਼ਾਲਮ ਪਸਾਰਿਆ'।

ਕਹਿੰਦੇ, "ਓ-ਹੋ! ਇਹ ਪੰਗਤੀ ਤਾਂ ਵਿਚ ਬੋਲਣੀ ਨਹੀਂ ਸੀ, ਸਾਰਾ ਸ਼ਬਦ ਫਿਰ ਪੜ੍ਹ ਇਹ ਪੰਗਤੀ ਨਹੀਂ ਬੋਲਣੀ। ਫਿਰ ਸ਼ਬਦ ਪੜ੍ਹਿਆ ਦਰੋਪਤੀ ਦਾ

'ਮੇਰੀ ਕ੍ਰਿਸ਼ਨ ਬਿਨਾਂ ਪੱਤ ਜਾਂਦੀ ਸਭਾ ਬੈਠੀ ਵੈਰੀਆਂ ਦੀ।'

ਇਹ ਧਾਰਨਾ ਜਦੋਂ ਬੋਲੀ ਕਹਿੰਦੇ ਨਹੀਂ, "ਰਾਜਾ ਨੇ ਪੱਤ ਰੱਖੀ ਸੀ। ਕ੍ਰਿਸ਼ਨ ਤੇ ਨਿਆਣਾ ਹੋਇਆ, ਇਉਂ ਕਹੋ 'ਰਾਜਾ ਸਾਹਿਬ ਬਿਨਾਂ ਪੱਤ ਜਾਂਦੀ ਸਭਾ ਬੈਠੀਆਂ ਵੈਰੀਆਂ ਦੀ।" ਇਸਦਾ ਮਤਲਬ ਸੀ ਕ੍ਰਿਸ਼ਨ ਨਾਂ ਦੇ ਬੰਦੇ ਬਹੁਤ ਹਨ। ਰਾਜਾ ਸਾਹਿਬ ਇਕ ਹੀ ਹੈ ਜਿਸਦੀ ਸ਼ਕਤੀ ਸਾਰੇ ਸੰਸਾਰ ਵਿਚ ਕੰਮ ਕਰਦੀ ਹੈ। ਜਿਹੜੀ ਭਗਤਾਂ ਦੀ ਲਾਜ ਪੱਤ ਰੱਖਦੀ ਹੈ, ਉਸ ਜੋਤ ਨੂੰ ਗੁਰੂ ਗੋਬਿੰਦ ਸਿੰਘ ਨੇ ਵੀ ਪੁਕਾਰਿਆ ਹੈ

- *'ਤੁਮ ਹੋ ਸਭ ਰਾਜਨ ਕੇ ਰਾਜਾ॥ ਆਪੇ ਆਪ ਗਰੀਬ ਨਿਵਾਜਾ'*
- *'ਐਸੋ ਰਾਜਾ ਤੇਰੇ ਭਵਨ ਧਨੀ'।*

ਇਸੇ ਜੋਤ ਦਾ ਨਾਉਂ ਰਾਜਾ ਸਾਹਿਬ ਜੀ ਹੈ। ਇਹੋ ਹੀ ਰਾਜਾ ਸਾਹਿਬ ਜੀ ਦੀ ਸ਼ਕਤੀ ਜੁਗ-ਜੁਗ ਸੰਤਾਂ ਭਗਤਾਂ ਦੀ ਲਾਜ ਰੱਖਦੀ ਆਈ ਹੈ।

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

ਉਹ ਇੰਜੜੀ ਛੁਡਾਉਣ ਵਾਲੀ ਰਮਜ਼ ਸਤਿਗੁਰਾਂ ਨੇ ਮਾਰੀ ਸੀ। ਇਕ ਤੇ ਦਾਸ ਦੀ ਵਿਆਹੁਤਾ ਕੁੱਝ ਸਾਲਾਂ ਬਾਅਦ ਸੁਰਗਵਾਸ ਹੋ ਗਈ। ਉਸਦਾ ਰਿਸ਼ਤਾ ਟੁੱਟਿਆ ਹੋਇਆ ਸਮਝਕੇ ਇੰਜੜੀ ਖੁਲ੍ਹਾ ਦਿੱਤੀ ਸੀ। ਦੂਜੇ ਇਸ ਗ੍ਰਹਿਸਤ ਆਸਰਮ ਦੇ ਜਾਲ ਵਿਚੋਂ ਕੱਢਣ ਦੀ ਖਾਤਰ ਇਸ ਪਾਸਿਉਂ ਸਾਰੇ ਤੰਦ ਤੋੜ ਦਿੱਤੇ। ਅੱਗੇ ਵਾਸਤੇ ਵੀ ਇਸ ਪਾਸੇ ਨੂੰ ਤੁਰਨ ਨਹੀਂ ਦਿੱਤਾ। ਸੇਵਾ ਦੀ ਡਿਊਟੀ ਲਾਈ।

ਬੋਲੋ ਭਾਈ ਵਾਹਿਗੁਰੂ॥

ਅੱਗੇ ਛੇਵੀਂ ਸਾਖੀ ਚੱਲੀ

ਇਕ ਦਿਨ ਦੀਪੋ ਅਤੇ ਦਾਸ ਦਰਸ਼ਨਾਂ ਵਾਸਤੇ ਆਏ। ਮਹਾਰਾਜ ਆਪਣੇ ਘਰ ਦਲਾਨ ਵਿਚ ਬੈਠੇ ਸਨ, ਸਾਨੂੰ ਸ਼ਬਦ ਪੜ੍ਹਨ ਦਾ ਹੁਕਮ ਕੀਤਾ 'ਮੁਖ ਉਜਲੇ ਹੋ ਜਾਂਦੇ ਦਰਸ਼ਨ ਕਰਕੇ'

'ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥

ਇਕ ਕਬਿੱਤ ਦਾਸ ਕੋਲੋਂ ਪੜ੍ਹਾਇਆ,

'ਤੂੰ ਹੀ ਸਜਨੁ ਸਿਆਣਾਂ ਮੈਂ ਨਦਾਨ ਹਾਂ ਇਆਣਾ ਨਾਂਹੀ
ਮੰਨਦਾ ਜਾਂ ਭਾਣਾਂ ਤਾਂ ਟਕਾਣਾ ਕੈਸੇ ਪਾਵਾਂ ਮੈਂ॥

ਇਹ ਸ਼ਬਦ ਪੜ੍ਹਣ ਤੋਂ ਬਾਅਦ ਅੰਦਰ ਬੁਲਾਕੇ ਕੋਲ ਬਿਠਾਇਆ ਕੁੱਝ ਦੇਰ ਹਾਜ਼ਰੀ ਵਿਚ ਬਿਠਾ ਕੇ ਪਤਾ ਨਹੀਂ ਕੀ ਕੁੱਝ ਲਿਖਦੇ ਰਹੇ? ਬੈਠੇ-ਬੈਠੇ ਮੈਨੂੰ ਬਾਹਰ ਚਲੇ ਜਾਣ ਦਾ ਹੁਕਮ ਕੀਤਾ। ਪਿੱਛੋਂ ਦੀਪੋ ਨੂੰ ਤਿੰਨ ਚੋਲੇ, ਦੋ ਰੁਮਾਲੀਆਂ, ਇਕ ਕਛਹਿਰਾ, ਇਕ ਪਰਨਾ, ਇਕ ਘੜੀ, ਇਕ ਪੱਖੀ ਬਖਸ਼ਿਸ਼ ਕੀਤੇ ਨਾਲ ਦੋ ਰੁਪਏ ਚਾਂਦੀ ਦੇ ਵੀ ਦਿੱਤੇ। ਕਹਿਦੇ, "ਲਓ! ਤੁਹਾਨੂੰ ਮਾਇਆ ਦੇ ਦੇਈਏ, ਇਹ ਸਾਂਭ ਕੇ ਰੱਖਣੀ ਇਸ ਵਿਚ ਗੁਠਲੀਆਂ ਕੌਡੀਆਂ ਪਾ ਕੇ ਰੱਖਿਓ। ਜਦੋਂ ਵੀ ਦਿਲ ਉਦਾਸ ਹੋਵੇ ਸਾਡੇ ਇਨ੍ਹਾਂ ਬਸਤਰਾਂ ਦਾ ਦਰਸ਼ਨ ਕਰ ਲੈਣਾ, ਓਦਰਨਾ ਨਹੀਂ, ਜਦੋਂ ਵੀ ਯਾਦ ਕਰੋਗੇ ਹਾਜ਼ਿਰ ਹੋ ਕੇ ਦਰਸ਼ਨ ਦੇਵਾਂਗੇ। ਭਾਵੇਂ ਪਹਾੜਾਂ ਵਿਚ ਬਹਿ ਕੇ ਯਾਦ ਕਰਿਓ, ਭਾਵੇਂ ਘਰਾਂ ਵਿਚ ਬੈਠਕੇ ਯਾਦ ਕਰਿਓ। ਜਿਹੜੇ ਪਦ ਨੂੰ ਜੋਗੀਸਰ ਬਹੁਤ ਤਪੱਸਿਆ ਕਰ ਕੇ ਪਹੁੰਚਦੇ ਹਨ, ਤੁਹਾਡਾ ਘਰ ਬੈਠਿਆਂ ਦਾ ਹੀ ਕਾਰਜ ਬਣਾ ਦਿੱਤਾ ਹੈ, ਤੁਹਾਨੂੰ ਕਿਤੇ ਜੰਗਲਾਂ ਵਿਚ ਜਾ ਕੇ ਤਪ ਕਰਨ ਦੀ ਲੋੜ ਨਹੀਂ। ਬਖਸ਼ੇ ਨੂੰ ਵੀ ਮੇਰੇ ਵਲੋਂ ਹਦਾਇਤ ਕਰ ਦੇਣੀ, ਰੌਲੇ ਵਿਚ ਜਾਣ ਨਹੀਂ ਦੇਣਾ, ਜੇ ਕਦੀ ਜਾਵੇ ਵੀ ਤਾਂ ਰੋਕ ਦਿਆ ਕਰ।" ਦੀਪੋ ਕਹਿਣ ਲੱਗੀ, "ਤੁਸੀਂ ਆਪ ਹੀ ਕਹਿ ਦੇਣਾ।" "ਨਹੀਂ ਤੇਰਾ ਕਹਿਣਾ ਵੀ

ਮੰਨ ਹੀ ਲੈਂਦਾ ਹੈ। ਸਾਡੇ ਵਲੋਂ ਹਦਾਇਤ ਕਰ ਦੇਵੀਂ, ਸੁਚੇਤ ਹੋ ਕੇ ਰਿਹਾ ਕਰੇ, ਬਹੁਤ ਭਰੇ-ਭਰੇ ਮੇਲੇ ਸਾਂਭਣੇ ਪਿਆ ਕਰਨੇ ਹਨ। ਹੁਣ ਤੂੰ ਵੀ ਰਹਿਪੇ ਹੀ ਰਿਹਾ ਕਰ, ਪੰਜਾਂ ਪਦਾਂ ਦੀ ਬੈਠਕ ਵਿਚ ਇਕ ਸਾਡੇ ਵਾਸਤੇ ਵਿਛਾਈ ਕਰਕੇ ਇਕ ਪਾਣੀ ਦੀ ਗੜਵੀ ਰੋਜ਼ ਮਾਂਜ ਕੇ ਮੁੰਡੇ ਨੂੰ ਕਹਿਣਾ ਰੱਖ ਜਾਇਆ ਕਰੇ। ਸਾਡੇ ਇਨ੍ਹਾਂ ਬਸਤਰਾਂ ਨੂੰ ਪਲੰਘ ਤੇ ਰੱਖਕੇ ਇਨ੍ਹਾਂ ਬਸਤਰਾਂ ਨੂੰ ਧੂਫ ਦੇ ਕੇ ਸਾਨੂੰ ਯਾਦ ਕਰ ਲਿਆ ਕਰੋ। ਅਸੀਂ ਵੀ ਰਹਿਪੇ ਰਿਹਾ ਕਰਾਂਗੇ ਨਾਲੇ ਸਾਡੇ ਵਾਸਤੇ ਰਹਿਪੇ ਤੋਂ ਸਾਗ ਤੋੜ ਕੇ ਮੱਕੀ ਦਾ ਪ੍ਰਸ਼ਾਦਾ ਬਣਾ ਕੇ ਲਿਆਇਆ ਕਰ।" ਇਹ ਬਹੁਤ ਵਾਰੀ ਰਹਿਪੇ ਤੋਂ ਸਾਰਾ ਦੁੱਧ ਮੰਗਾ ਕੇ ਛੱਕਦੇ ਸਨ। ਮਜਾਰੇ ਬੈਠੇ ਹੀ ਸਭ ਕੁੱਝ ਦੱਸ ਦਿੰਦੇ ਸਨ, ਜੋ-ਜੋ ਰਹਿਪੇ ਕੰਮ ਕਾਰ ਹੁੰਦੇ ਸਨ। ਬੇਰੀਆਂ ਵਾਲੇ ਖੇਤ ਵਿਚ ਸਾਗ ਹੈ, ਗੰਦਲਾਂ ਬਹੁਤ ਹਨ। ਇਸਤੇਮਾਲ ਹੋਏ ਤੋਂ ਖੇਤਾਂ ਦੀਆਂ ਵੰਡਾਂ ਇੱਧਰ-ਉੱਧਰ ਹੋਣ ਕਾਰਣ ਬੇਰੀਆਂ ਪੁੱਟ ਸੁੱਟੀਆਂ। ਪਿੰਡੋਂ ਲੈ ਕੇ ਟਿੱਬਿਆਂ ਤਾਈਂ ਬੰਨੇ-ਬੰਨੇ ਪਾਲ ਲੱਗੀ ਹੋਈ ਸੀ। ਉਹ ਵੀ ਦੀਪੋ ਨੂੰ ਆਖਿਆ, "ਬਚਨੇ ਨੇ ਸਾਰੀਆਂ ਬੇਰੀਆਂ ਪੁਟਾ ਸੁੱਟੀਆਂ, ਚੰਗਾ ਨਹੀਂ ਕੀਤਾ। ਤੂੰ ਆਪ ਬੇਰਾਂ ਦਾ ਪਲਾ ਭਰਕੇ ਬੇਰੀਆਂ ਲਾ ਦੇਵੀਂ। ਦਰੱਖਤ ਲਾਉਣਾ ਚਾਹੀਦਾ, ਪੁੱਟਣਾ ਨਹੀਂ ਚਾਹੀਦਾ। ਫਲਾਂ ਵਾਲੇ ਦਰੱਖਤ ਲਾਉਣ ਦਾ ਬਹੁਤ ਹੀ ਪੁੰਨ ਹੈ, ਹਜ਼ਾਰਾਂ ਹੀ ਜੀਵ ਉਦਰ ਪੂਰਤੀ ਕਰਦੇ ਹਨ। ਠਾਕਰ ਸਿੰਘ ਨੂੰ ਵੀ ਬਹੁਤ ਗੁੱਸੇ ਹੋਏ, ਬੇਰੀਆਂ ਪੁੱਟਣ ਤੇ। ਇਕ ਵਾਰ ਅੰਬਾਂ ਦਾ ਬਾਗ ਪੁੱਟਣ ਦੀ ਸਲਾਹ ਘਰ ਵਿਚ ਕਰਨ ਲੱਗੇ। ਠਾਕਰ ਸਿੰਘ ਨੂੰ ਦਰਸ਼ਨ ਨੂੰ ਆਇਆ ਤਾਂ ਅੱਗੋਂ ਮਹਾਰਾਜ ਬੋਲੇ, "ਠਾਕਰਾ! ਬ੍ਰਿਛ ਤਾਂ ਪੁੱਟੀਦਾ ਨਹੀਂ ਸਗੋਂ ਹੇਠ ਬੈਠਕੇ ਸਿਫ਼ਤ ਕਰੀਦੀ ਹੈ। ਬ੍ਰਿਛ ਜਾਨਵਰਾਂ ਦੇ ਮਾਈ ਬਾਪ ਹਨ। ਇਹ ਅੰਬ ਤਾਂ ਮੈਂ ਬਹੁਤ ਉਪਾਵਾਂ ਨਾਲ ਬੈਕੁੰਠ ਧਾਮ ਤੋਂ ਸ੍ਰਿਸ਼ਟੀ ਸਾਜਣ ਤੋਂ ਬਾਅਦ ਮਾਤ ਲੋਕ ਵਿਚ ਲਿਆਂਦਾ ਸੀ।" ਹੋਰ ਸ਼ਾਸਤਰਾਂ ਵਿਚ ਵੀ ਲਿਖਿਆ ਹੈ ਅੰਬ ਤੇ ਕੇਲਾ, ਮੋਰ ਪਿਛੋਂ ਕਿਸੇ ਮਹਾਂਪੁਰਸ਼ ਨੇ ਬੈਕੁੰਠ ਧਾਮ ਤੋਂ ਮਾਤ ਲੋਕ ਵਿਚ ਲਿਆਂਦੇ ਸਨ ਤਦੋਂ ਹੀ ਇਨ੍ਹਾਂ ਚੀਜ਼ਾਂ ਨੂੰ ਬਹੁਤ ਪਵਿੱਤਰ ਮੰਨਿਆਂ ਜਾਂਦਾ ਹੈ। ਕੇਲੇ ਅਤੇ ਅੰਬ ਦੇ ਪੱਤੇ ਵੀ ਸ਼ਗਨਾਂ ਅਤੇ ਯੱਗ ਵਿਚ ਰੱਖੇ ਜਾਂਦੇ ਹਨ ਤਦੋਂ ਤੋਂ ਹੀ ਇਨ੍ਹਾਂ ਚੀਜ਼ਾਂ ਦੀ ਪੂਜਾ ਕੀਤੀ ਜਾਂਦੀ ਹੈ। ਇਹ ਸਾਰੀਆਂ ਚੀਜ਼ਾਂ ਮਹਾਰਾਜ ਜੀ ਦੀਆਂ ਬਖਸ਼ੀਆਂ ਹੋਈਆਂ

ਪਹਿਲਾਂ ਕੁੱਝ ਦੇਰ ਜਥੇਦਾਰ ਰਹੀਆਂ ਉਸ ਤੋਂ ਬਾਅਦ ਫਿਰ ਰਹਿਪੇ ਲਿਆਂਦੀਆਂ ਗਈਆਂ। ਹੁਣ ਇਨ੍ਹਾਂ ਬਸਤਰਾਂ ਦੀ ਪੂਜਾ ਕੀਤੀ ਜਾਂਦੀ ਹੈ ਤੇ ਦਰਸ਼ਨ ਕਰਾਏ ਜਾਂਦੇ ਹਨ। ਇਹ ਸੱਚ ਖੰਡ ਨੂੰ ਜਾਂਦੇ-ਜਾਂਦੇ ਆਪਣਾ ਰੂਪ ਸਮਝਕੇ ਸੇਵਾ ਦਾ ਲੜ ਫੜਾ ਗਏ, ਤਾਜ਼ਾ-ਤਾਜ਼ਾ ਵਿਛੋੜੇ ਦਾ ਸੱਲ ਕਈ ਵਾਰ ਬਸਤਰਾਂ ਦੇ ਦਰਸ਼ਨ ਕਰਕੇ ਠੰਡਾ ਕੀਤਾ ਜਾਂਦਾ ਸੀ। ਵਿਛਿਆ ਹੋਇਆ ਪਲੰਘ ਦੇਖ ਕੇ ਮਨ ਵਿਚ ਹਰ ਵਕਤ ਆਸ਼ਿਕ ਬਣਿਆ ਰਹਿੰਦਾ ਹੈ ਜਿਵੇਂ ਆਪ ਹੀ ਮਹਾਰਾਜ ਜੀ ਕੋਲ ਹੀ ਬੈਠੇ ਹਨ। ਪਹਿਲਾਂ ਇਹ ਸਭ ਚੀਜ਼ਾਂ ਜਥੋਆਲ ਸਨ ਘਰ ਵਿਚ ਨੌਂ ਨਿਧਾਂ-ਬਾਰਾਂ ਸਿਧਾਂ ਹੋਈਆਂ ਅਤੇ ਲੱਛਮੀ ਦਾ ਪਹਿਰਾ ਹੋਇਆ। ਦੀਪੇ ਦੇ ਦੋ ਭਾਈ ਇੰਗਲੈਂਡ ਵਿਚ ਚਲੇ ਗਏ, ਪਿਛੋਂ ਉਨ੍ਹਾਂ ਦੇ ਪਰਿਵਾਰ ਵੀ ਇੰਗਲੈਂਡ ਵਿਚ ਹੀ ਚਲੇ ਗਏ। ਮਾਇਆ ਦਾ ਘਰ ਵਿਚ ਹੜ੍ਹ ਚਲ ਪਿਆ, ਮਾਲੋ-ਮਾਲ ਹੋ ਗਏ ਇਹੋ ਜਿਹੇ ਸਤਿਗੁਰੂ ਵਰਾਂ ਦੇ ਦਾਤੇ ਸਨ ਜਦੋਂ ਵੀ ਦਰਸ਼ਨਾਂ ਨੂੰ ਜਾਣਾ ਕੋਈ ਨਾ ਕੋਈ ਮਰਤਬਾ ਬਖਸ਼ ਕੇ ਹੁਕਮਨਾਮੇ ਲਿਖਣੇ, ਵਰ ਦੇਣੇ। ਇਕ ਵਾਰੀ ਸਾਡੇ ਪਿੰਡ ਰਹਿਪੇ ਤੋਂ ਬਹੁਤ ਸੰਗਤ ਇਕੱਠੀ ਹੋ ਕੇ ਆਈ ਇਸ ਖਿਆਲ ਨਾਲ ਅੱਜ ਸਾਰੀ ਰਾਤ ਸਤਿਗੁਰਾਂ ਦੀ ਹਜ਼ੂਰੀ ਵਿਚ ਸ਼ਬਦ ਪੜ੍ਹਨੇ ਹਨ। ਮਹਾਰਾਜ ਆਪਣੇ ਘਰ ਬੈਠੇ ਸਨ। ਸ਼ਬਦ ਪਾਰਟੀ ਸ਼ਬਦ ਪੜ੍ਹਨ ਲੱਗੀ, ਦਾਸ ਵੀ ਨਾਲ ਹੀ ਸੀ। ਦਾਸ ਨੂੰ ਹੁਕਮ ਕੀਤਾ, "ਕਾਕਾ! ਖੜ੍ਹਾ ਹੋ ਕੇ ਸ਼ਬਦ ਸੁਣਾ।" ਉਸ ਦਿਨ ਮੈਂ ਇਹ ਸ਼ਬਦ ਪੜਿਆ 'ਦੀਵਾ ਬੱਤੀ ਨਾ ਬਲੇ ਘਰ ਤੇਰੇ ਪੁੱਤਰਾਂ ਦੀ ਫੌਜ ਵਾਲਿਆ' ਮਹਾਰਾਜ ਕਹਿੰਦੇ "ਨਹੀਂ! ਨਹੀਂ! ਕਾਕਿਆ!! 'ਬਹੁਤਿਆਂ ਦੀ ਫੌਜ ਵਾਲਿਆਂ ਦੀਵਾ ਬੱਤਾ ਨਾ ਬਲੇ ਘਰ ਤੇਰੇ' ਇਉਂ ਕਹਿ ਰਾਵਣ ਦੀਆਂ ਬਹੁਤ ਫੌਜਾਂ ਸਨ। ਲੱਖ ਤਾਂ ਕੁੱਝ ਵੀ ਨਹੀਂ।" ਅੱਧੀ ਰਾਤ ਤਾਈਂ ਸਾਰੀ ਸੰਗਤ ਨੇ ਸ਼ਬਦ ਪੜ੍ਹੇ ਫਿਰ ਘਰ ਜਾਣ ਦੀ ਛੁੱਟੀ ਦੇ ਦਿੱਤੀ। ਰਹਿਪੇ ਤੋਂ ਸ਼ਬਦ ਪੜ੍ਹਨ ਵਾਲੇ ਸੇਵਾਦਾਰ ਇਕ ਦੋ ਵਾਰੀ ਮਹੀਨੇ ਵਿਚ ਹਜ਼ੂਰ ਦੇ ਚੌਂਕੀ ਭਰਿਆ ਕਰਦੇ ਸਨ। ਇਕ ਦਿਨ ਹਜ਼ੂਰ ਦੇ ਸਾਹਮਣੇ ਇਕ ਕਬਿੱਤ ਗਾਇਆ-

ਸੁੰਦਰ ਰੂਪ ਸੂਰਜ ਸਮਾਨ ਸੋਹਣਾ।
ਦੇਖ ਮੁਖੜੇ ਦੀ ਜੋਤ ਚੰਦ ਸੂਰਜ ਸ਼ਰਮਾਂਵਦੇ।

ਸੂਰਜ ਨਾਲੋਂ ਭੂਪ ਕਹਿਣਾ ਉੱਚਾ ਹੈ ਭੂਪ ਇਕ ਵਾਰ ਕਹੀਏ ਸੂਰਜ ਹਜ਼ਾਰ ਵਾਰ ਕਹੀਏ ਤਾਂ ਇਕ ਭੂਪ ਬਣਦਾ ਹੈ। ਉਸੇ ਹੀ ਦਿਨ ਕਵਿਤਾ ਜੋੜਨ ਦਾ ਹੁਕਮ ਕੀਤਾ। ਕਹਿੰਦੇ ਆਪ ਹੀ ਕਥਾ ਲਿਖ ਲਈਦੀ ਹੈ, ਇਸ ਕਬਿੱਤ ਨਾਲ ਹੋਰ ਕਵਿਤਾ ਜੋੜ ਕੇ ਪੜ੍ਹ ਲਿਆ ਕਰੀਂ। ਸਤਿਗੁਰਾਂ ਦੀ ਮਿਹਰ ਨਾਲ ਹੀ ਤਵਾਰੀਖ ਲਿਖੀ ਗਈ ਹੈ।

ਬੋਲੋ ਭਾਈ ਵਾਹਿਗੁਰੂ॥

ਸਾਖੀ ਰਾਹੋਂ ਦੇ ਇਕ ਸੱਯਾਦ ਦੇ ਮੁੰਡੇ ਜੁਰਿੰਦਰਫਲੀ ਨਾਲ ਹੋਈ

ਇਕ ਵਾਰੀ ਦੀ ਗੱਲ ਹੈ, ਫੱਗਣ ਚੇਤਰ ਦੇ ਦਿਨ ਸਨ। ਬਸੰਤ ਰੁੱਤ ਦੇ ਰੂਪ ਦਾ ਖੇੜਾ ਕਹਿਰ ਦਾ ਖਿੜਿਆ ਹੋਇਆ ਸੀ। ਖਿੜਾ ਤੋਂ ਬਾਹਰ ਆਈ। ਅਨੇਕਾਂ ਪ੍ਰਕਾਰ ਦੇ ਫੁੱਲ ਖਿੜੇ ਹੋਏ ਸਨ। ਪ੍ਰਿਥਵੀ ਦੀ ਗੋਦ ਨੂੰ ਭਾਗ ਲੱਗੇ ਹੋਏ ਸਨ ਸਭ ਪਾਸੀਂ ਹਰਿਆਵਲ ਹੀ ਹਰਿਆਵਲ ਨਜ਼ਰੀਂ ਪੈ ਰਹੀ ਸੀ। ਮਿੱਠੀ-ਮਿੱਠੀ ਪੌਣ ਪਹਾੜ ਦੀ ਰੁਮ੍ਹਕ ਰਹੀ ਸੀ, ਆਕਾਸ਼ ਵਿਚ ਸਿਤਾਰੇ ਡਲ੍ਹਕਾਂ ਮਾਰਦੇ ਸਨ। ਸਭ ਨਰ ਨਾਰੀਆਂ ਦੇ ਦਿਲ ਵਿਚ ਖੁਸ਼ੀਆਂ ਝੂਮ ਰਹੀਆਂ ਸਨ ਐਸੇ ਰਮਣੀਕ ਅਤੇ ਸੁਹਾਵਣੇ ਸੁਨਹਿਰੀ ਸਮੇਂ ਦੀ ਸ਼ੋਭਾ ਦੇਖਦੇ-ਦੇਖਦੇ, ਸੋਹਣੇ ਪ੍ਰੀਤਮ ਜੀ ਕੁਦਰਤ ਨਾਲ ਗੱਲਾਂ ਕਰਦੇ-ਕਰਦੇ ਪਿੰਡ ਜੁਲਾਹ ਮਾਜਰੇ ਤੋਂ ਉੱਠਕੇ ਸਤਲੁਜ ਦਰਿਆ ਦੇ ਮੰਡ ਵਿਚ ਚਲੇ ਗਏ। ਦਰਿਆ ਦੇ ਕੰਢੇ ਤੇ ਜਾ ਕੇ ਪਾਣੀ ਦੀਆਂ ਛੱਲਾਂ ਦੇ ਨਜ਼ਾਰੇ ਤੱਕਦੇ ਬਰੇਤੀ ਵਿਚ ਆਸਣ ਲਾ ਦਿੱਤੇ। ਹੋਲੇ ਦਾ ਦਿਨ ਸੀ, ਚੰਦ ਵੀ ਪੂਰੀ ਜੁਆਨੀ ਤੇ ਆਇਆ ਹੋਇਆ ਸੀ, ਇਕ ਨੂਰ ਦਾ ਹੀ ਟੁਕੜਾ ਜਾਪਦਾ ਸੀ, ਕਈ ਦਿਨ ਸੱਚੇ ਪਾਤਸ਼ਾਹ ਦਰਿਆ ਦੇ ਕੰਢੇ ਬੈਠੇ ਰਹੇ। ਇਕ ਦਿਨ ਦਰਿਆ ਦੇ ਕਿਨਾਰੇ-ਕਿਨਾਰੇ ਕਸਬਾ ਰਾਹੋਂ ਵੱਲ੍ਹ ਜਾ ਨਿਕਲੇ, ਸੂਰਜ ਅਲੋਪ ਹੋ ਗਿਆ, ਚੰਦਰਮਾ ਟਹਿ-ਟਹਿ ਕਰਦਾ ਸੁਨਹਿਰੀ ਕਿਰਨਾਂ ਅਰਸ਼ਾਂ ਤੋਂ ਫਰਸ਼ ਤੇ ਖਿਲਾਰ ਰਿਹਾ ਸੀ। ਚੰਦ ਦੀ ਚਾਨਣੀ ਪ੍ਰੇਮੀਆਂ ਦੇ ਪਿਆਰ ਨੂੰ ਅਮਰ ਕਰਦੀ ਹੈ। ਸੁੱਤੀ ਆਤਮਾ ਨੂੰ ਯਾਰ ਦਾ ਰਾਹ ਦਿਖਾਉਂਦੀ ਹੈ 'ਤੂੰ ਸੁਣ ਯਾਰ ਹਮਾਰੇ ਇਕ ਬੇਨਤੀਆਂ' ਫਸਲਾਂ ਨੂੰ ਅੰਮ੍ਰਿਤ ਦਾਨ ਕਰਦੀ ਇਹੋ ਜਿਹੀ

ਰਾਤ ਸੋਹਣੇ ਪ੍ਰੀਤਮ ਜੀ ਨੇ ਕਰਤਾਰ ਨਾਲ ਲਿਵਲੀਨ ਹੋ ਕੇ ਗੁਜ਼ਾਰੀ। ਚੰਦ ਅਲੋਪ ਹੋਣ ਵਾਲਾ ਸੀ ਚੜ੍ਹਦੀ ਵਲੋਂ ਆਕਾਸ਼ ਵਿਚ ਲਾਲੀ ਦਾ ਛਤਰ ਤਣਦਾ ਜਾ ਰਿਹਾ ਸੀ। ਸਾਰੀ ਰਾਤ ਟਹਿ-ਟਹਿ ਕਰਦੇ ਤਾਰੇ ਵੀ ਅਲੋਪ ਹੋ ਗਏ। ਚਿੜੀਆਂ ਚੀਂ-ਚੀਂ ਦੇ ਸ਼ਬਦ ਗਾ ਰਹੀਆਂ ਸਨ, ਮੰਡ ਦੇ ਜਾਨਵਰ ਸਾਰੀ ਰਾਤ ਪੇਟ ਪਾਲਣਾ ਕਰਦੇ ਖੁੱਡਾਂ ਵਿਚ ਲੁਕਣ ਨੂੰ ਜਾ ਰਹੇ ਸਨ। ਬੈਠੇ ਦਿਵਜੋਤ ਮਹਾਂਬਲੀ ਜੀ ਦੇ ਦਰਸ਼ਨ ਕਰਕੇ ਟੱਪਦੇ ਸਨ। ਚੁੰਗੀਆਂ ਮਾਰ-ਮਾਰ ਕੇ ਕੌਲ ਫਿਰ ਰਹੇ ਸਨ, ਦਿਨ ਦੇ ਚੜ੍ਹਾਓ ਨਾਲ ਇਕ ਹਿਰਨਾਂ ਦੀ ਡਾਰ ਨਿਕਲੀ। ਇਹ ਜੰਗਲੀ ਜਾਨਵਰ ਆਪ ਜੀ ਦਾ ਦਰਸ਼ਨ ਕਰ ਰਹੇ ਸਨ। ਬੜੀ ਨੀਝ ਨਾਲ ਆਪਦੇ ਦਰਸ਼ਨਾਂ ਦਾ ਰਸ ਮਾਣ ਰਹੇ ਸਨ। ਇੰਨੇ ਚਿਰ ਨੂੰ ਇਕ ਰਾਹੋਂ ਦਾ ਸ਼ਿਕਾਰੀ ਜੁਗਿੰਦਰਫਲੀ ਸ਼ਿਕਾਰ ਖੇਡਦਾ-ਖੇਡਦਾ ਉੱਧਰ ਜਾ ਨਿਕਲਿਆ। ਕਈਆਂ ਤੋਂ ਪੁੱਛਣ ਤੇ ਪਤਾ ਲੱਗਿਆ ਕਿ ਇਹ ਸ਼ਿਕਾਰੀ ਜਾਫਰਪੁਰ ਦਾ ਸੀ, ਇਸ ਸ਼ਿਕਾਰੀ ਦੇ ਕੋਲ ਬੰਦੂਕ ਚੁੱਕੀ ਹੋਈ ਸੀ, ਨਾਲ ਕੁੱਤੇ ਵੀ ਸਨ, ਹਿਰਨਾਂ ਦੀ ਡਾਰ ਨੂੰ ਦੇਖਕੇ ਉਸ ਉੱਤੇ ਗੋਲੀ ਚਲਾਉਣ ਲੱਗਾ। ਮਹਾਰਾਜ ਜੀ ਨੇ ਹੱਥ ਖੜ੍ਹਾ ਕਰ ਕੇ ਆਖਿਆ, "ਸੇਖਿਆ! ਐਵੀਂ ਨਹੱਕੇ ਜਾਨਵਰ ਤੇ ਵਾਰ ਨਹੀਂ ਕਰੀਦਾ ਕਿਸੇ ਨਿਰਦੋਸ਼ੇ ਨੂੰ ਨਹੀਂ ਮਾਰੀਦਾ, ਜਾਨਵਰਾਂ ਨੂੰ ਦੁੱਖ ਨਹੀਂ ਦੇਈਦਾ।

ਆਜਿਜ਼ ਨਿਤਾਣੇਂ ਨਹੀਂ ਮਾਰੀਏ ਧਗਾਣੇ ਇਉਂ ਆਖਦੇ ਸਿਆਣੇਂ ਨਾ ਇਆਣੇ ਬਣ ਰਹੀਏ॥
ਖੁਦਾ ਜਬ ਹੁਸਨ ਦੇਤਾ ਹੈ ਨਜਾਕਤ ਆ ਹੀ ਜਾਤੀ ਹੈ।

ਉਹ ਸ਼ਿਕਾਰੀ ਮਾਇਆ ਦੇ ਨਸ਼ੇ ਵਿਚ ਅੰਨ੍ਹਾ-ਬੋਲਾ ਹੋਇਆ, ਕਿਸੇ ਦੀ ਕਦੋਂ ਸੁਣਦੈ। ਐਸਾ ਨਿਸ਼ਾਨਾ ਮਾਰਿਆ ਇਕ ਮਿਰਗ ਦੇ ਗੋਲੀ ਜਾ ਵੱਜੀ। ਮਿਰਗ ਤੜਪਦਾ ਹੋਇਆ ਚੀਕਾਂ ਮਾਰਦਾ ਹੋਇਆ ਧਰਤੀ ਉੱਪਰ ਡਿੱਗ ਪਿਆ ਆਪਣੇ ਸਾਥੀਆਂ ਨਾਲੋਂ ਸਦਾ ਲਈ ਵਿਛੜ ਗਿਆ। ਉਸ ਨਿਰਦੋਸ਼ੇ ਤੜਪਦੇ ਮਿਰਗ ਨੂੰ ਦੇਖਕੇ ਮਹਾਰਾਜ ਦੀ ਰਸਨਾ ਤੋਂ ਐਸਾ ਤੀਰ ਨਿਕਲਿਆ ਉਸ ਸੇਖੇ ਨੂੰ ਜਾ ਵੱਜਾ। ਮਹਾਰਾਜ ਕਹਿੰਦੇ, "ਸੇਖਾ! ਤੇਰੀ ਰਫ਼ਲ ਹੀ ਜਬਤ ਹੋ ਜਾਵੇਗੀ, ਅੱਗੋਂ ਵਾਸਤੇ ਜਾਨਵਰਾਂ ਨੂੰ ਦੁੱਖ ਨਾ ਦੇ ਸਕੇਂਗਾ।" ਪਤਾ ਨਹੀਂ ਤਿਰਛੀਆਂ

ਨਜ਼ਰਾਂ ਨਾਲ ਉਸ ਵੱਲ੍ਹ ਡਿੱਠਾ? ਪਤਾ ਨਹੀਂ ਮਿਹਰ ਭਰੀਆਂ ਨਜ਼ਰਾਂ ਨਾਲ ਉਸ ਵੱਲ੍ਹ ਡਿੱਠਾ? ਨਾਮ ਦੇ ਰੰਗਣ ਵਿਚ ਰੰਗ ਦਿੱਤਾ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨੈਣਾਂ ਦੇ ਵਾਰ ਨਾਲ ਸੈਦ ਖਾਂ ਜਰਨੈਲ ਨੂੰ ਮੁਰੀਦ ਬਣਾ ਲਿਆ ਸੀ। ਇਸੇ ਤਰਾਂ ਸੇਖੇ ਨੂੰ ਇਕ ਨੈਣਾਂ ਦੇ ਵਾਰ ਨਾਲ ਨਾਭ ਕੰਵਲ ਰਾਜਾ ਸਾਹਿਬ ਨੇ ਮੁਰੀਦ ਬਣਾ ਲਿਆ। ਬੱਸ ਲੱਗਾ ਫਿਰ ਰਾਜਾ ਰਾਜਾ ਜਪਣ, ਮਸਤ ਜਿਹੀ ਹਾਲਤ ਵਿਚ ਹੋ ਗਿਆ, ਕੋਈ ਪਾਗਲ ਸਮਝੇ ਕੋਈ ਮਸਤ ਦੀਵਾਨਾ ਆਖੇ। ਕੁੱਝ ਦਿਨਾਂ ਬਾਅਦ ਰਾਈਫਲ ਵੀ ਜਬਤ ਹੋ ਗਈ। ਐਸੀ ਮਹਾਂਪੁਰਸ਼ਾਂ ਦੀ ਨਿਗਾਹ ਵਿਚ ਸ਼ਕਤੀ ਅਤੇ ਬਰਕਤ ਹੁੰਦੀ ਹੈ। ਇਕ ਰਿਆਸਤ ਸੰਗਰੂਰ ਦੀ ਗੱਲ ਹੈ ਕਿ ਸੈਸ਼ਨ ਜੱਜ ਨਹਿਰ ਦੀ ਪਟੜੀ ਪਟੜੀ ਕਾਰ ਵਿਚ ਬੈਠਕੇ ਚਲਿਆ ਜਾਂਦਾ ਸੀ, ਨਹਿਰ ਦੇ ਕੰਢੇ ਪਟੜੀ ਉੱਪਰ ਇਕ ਮਸਤ ਰੂਪ ਵਿਚ ਕੋਈ ਤ੍ਰਿਕਾਲ ਦਰਸ਼ੀ ਮਹਾਂਪੁਰਸ਼ ਨਿਰੰਕਾਰ ਨਾਲ ਜੁੜਕੇ ਪਿਆ ਸੀ। ਰਸਤੇ ਵਿਚ ਪਏ ਹੋਏ ਮਸਤ ਨੂੰ ਦੇਖਕੇ ਡਰਾਈਵਰ ਨੇ ਹੌਰਨ ਦਿੱਤਾ, ਮਸਤ ਕਦੋਂ ਕਿਸੇ ਦੀ ਪਰਵਾਹ ਰੱਖਦੇ ਹਨ, ਉਹ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਪਿਆ ਰਿਹਾ। ਕਾਰ ਤੋਂ ਉਤਰ ਕੇ ਡਰਾਈਵਰ ਨੇ ਮਸਤ ਨੂੰ ਆਖਿਆ, "ਮਸਤ ਜੀ! ਰਸਤੇ ਵਿਚੋਂ ਉੱਠਕੇ ਲਾਂਭੇ ਹੋ ਜਾਓ।" ਮਸਤਾਂ ਨੇ ਫਿਰ ਵੀ ਅੱਖ ਨਾ ਪੁੱਟੀ ਸੈਸ਼ਨ ਜੱਜ ਨੇ ਕਾਰ ਵਿਚੋਂ ਨਿਕਲਕੇ ਹਕੂਮਤ ਦੇ ਨਸ਼ੇ ਵਿਚ ਅੰਨ੍ਹਾ ਹੋ ਕੇ ਮਸਤਾਂ ਦੇ ਠੁੱਡ ਮਾਰੀ। ਮਸਤਾਂ ਨੇ ਨਜ਼ਰ ਭਰ ਕੇ ਜੱਜ ਵੱਲ੍ਹ ਤੱਕਿਆ ਪਤਾ ਨਹੀਂ ਕਿਸ ਰੰਗਣ ਵਿਚ ਰੰਗ ਦਿੱਤਾ? ਸੈਸ਼ਨ ਜੱਜ ਦੇ ਕੁਆੜ੍ਹ ਖੋਲ੍ਹ ਦਿੱਤੇ। ਜਿਸ ਤਰਾਂ ਆਪ ਮਸਤ ਅਲਫ ਨਗਨ ਰਹਿੰਦੇ ਸੀ। ਜੱਜ ਨੂੰ ਕੋਈ ਸੁਧ ਬੁੱਧ ਨਾ ਰਹੀ, ਬਸ ਰੁਤਬੇ ਕਿੱਧਰੇ ਉਡ ਗਏ। ਸ਼ਹਿਰ ਦੇ ਬਾਜ਼ਾਰਾਂ ਵਿਚ ਲੋਕਾਂ ਦੇ ਸੁੱਟੇ ਹੋਏ ਜੂਠੇ ਪੱਤਲ ਚੁੱਕ ਕੇ ਖਾ ਜਾਇਆ ਕਰੇ, ਬਹੁਤ ਭਾਰੀ ਸਾਧ ਬਣ ਗਿਆ। ਐਸੀ ਨਿਗਾਹ ਮਹਾਂਪੁਰਸ਼ਾਂ ਦੀ ਜਿਸ ਵੱਲ੍ਹ ਜਿਸ ਰੂਪ ਨਾਲ ਤੱਕ ਲਵੇ ਚਾਹੇ ਪਾਪੀ ਹੋਵੇ ਚਾਹੇ ਧਰਮੀ ਹੋਵੇ ਕੰਮ ਕਰ ਜਾਂਦੀ ਹੈ। ਇਸੇ ਤਰਾਂ ਉਹ ਸ਼ਿਕਾਰੀ ਵੀ ਰਾਜਾ ਸਾਹਿਬ ਦੀਆਂ ਨਜ਼ਰਾਂ ਦਾ ਵਾਰ ਖਾ ਕੇ ਮਸਤ ਹੋ ਗਿਆ, ਭਗਤੀ ਕਰਨ ਲੱਗਾ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਉਜਾਗਰ ਸਿੰਘ ਨਾਲ ਹੋਈ

ਕਈ ਦਿਨਾਂ ਤੋਂ ਬਾਅਦ ਮਹਾਰਾਜ ਦਰਿਆ ਵਲ੍ਹੋ ਪਿੰਡ ਮਜਾਰੇ ਵੱਲ੍ਹ ਉਜਾਗਰ ਸਿੰਘ ਦੇ ਘਰ ਕੋਲ ਆਣ ਬੈਠੇ। ਜਾਗਰ ਨੂੰ ਨੌਂ ਦਸ ਦਿਨ ਹੋਏ ਬਹੁਤ ਤਾਪ ਚੜ੍ਹਿਆ ਹੋਇਆ ਸੀ। ਜਦੋਂ ਆਪ ਜੀ ਦੇ ਆਉਣ ਦਾ ਪਤਾ ਲੱਗਾ, ਜਾਗਰ ਸਿੰਘ ਕੰਧ ਨੂੰ ਫੜ-ਫੜ ਕੇ ਹੌਲੀ-ਹੌਲੀ ਸਤਿਗੁਰਾਂ ਦੇ ਚਰਨਾਂ ਵਿਚ ਜਾ ਡਿੱਗਿਆ। ਵੈਰਾਗ ਵਿਚ ਆ ਕੇ ਰੋਣ ਲੱਗਾ, "ਸੱਚੇ ਪਿਤਾ ਜੀਓ! ਮੈਂ ਤੇ ਬੁਖਾਰ ਨਾਲ ਮਰ ਚਲਿਆਂ ਮੈਨੂੰ ਰਾਜ਼ੀ ਕਰੋ।" ਮਹਾਰਾਜ ਕਹਿੰਦੇ "ਸਿੱਖਾ ਮੈਂ ਹਕੀਮ ਹਾਂ?" ਜਾਗਰ ਸਿੰਘ- "ਜੀ! ਹਕੀਮ ਡਾਕਟਰ ਵੀ ਆਪਦੇ ਬਣਾਏ ਹੋਏ ਹਨ।" ਮਹਾਰਾਜ ਜੀ ਨੇ ਹੁਕਮ ਦਿੱਤਾ, "ਚੱਲ! ਨੱਠ ਚੱਲ! ਦੋ ਚਾਰ ਸਣ ਦੇ ਫੁੱਲ ਤੋੜਕੇ ਖਾ ਲਵੀਂ।" ਜਾਗਰ ਸਿੰਘ ਨੂੰ ਕਿਹਾ ਉੱਠਕੇ ਨੱਠ ਚੱਲ ਬੁਖਾਰ ਤੇ ਉਸੇ ਵੇਲੇ ਹੀ ਤੋੜ ਦਿੱਤਾ, ਜਦੋਂ ਉੱਠਕੇ ਨੱਠਣ ਦਾ ਹੁਕਮ ਲਾਇਆ। ਸਰੀਰ ਕੰਗਣ ਵਰਗਾ ਹਲਕਾ ਹੋ ਗਿਆ। ਜਾਗਰ ਸਿੰਘ ਨੇ ਹੁਕਮ ਦੇ ਅਨੁਸਾਰ ਦੋ ਚਾਰ ਫੁੱਲ ਵੀ ਤੋੜਕੇ ਖਾਧੇ ਫਿਰ ਕਦੀ ਜ਼ਿੰਦਗੀ ਵਿਚ ਤਾਪ ਨਹੀਂ ਚੜ੍ਹਿਆ। ਮਹਾਰਾਜ ਜਿੱਥੇ ਬੈਠੇ ਸਨ ਨਾਲ ਦੀ ਰਸਤਾ ਵਗਦਾ ਸੀ। ਅਮਰ ਸਿੰਘ ਮਿਸਤਰੀ ਮਜਾਰੇ ਦਾ ਉਸਦੇ ਭਤੀਜੇ ਹੁਕਮ ਸਿੰਘ ਨੂੰ ਨਮੋਨੀਆ ਹੋ ਗਿਆ। ਅਮਰ ਸਿੰਘ ਜਲੰਧਰੋਂ ਬਰਾਂਡੀ ਸ਼ਰਾਬ ਲੈ ਕੇ ਆਇਆ। ਜਦੋਂ ਪਿੰਡ ਵੜਨ ਲੱਗਾ ਮਹਾਰਾਜ ਰਾਹ ਵਿਚ ਬੈਠੇ ਸਨ। ਅਮਰ ਸਿੰਘ ਨੇ ਨਮਸਕਾਰ ਕੀਤੀ ਮਹਾਰਾਜ ਜੀ ਨੇ ਪੁੱਛਿਆ, "ਅਮਰੂ! ਐਸ ਵੇਲੇ ਹਨ੍ਹੇਰੇ ਵਿਚ ਕਿਧਰੋਂ ਆਇਆਂ?" ਅਮਰ ਸਿੰਘ- "ਜੀ ਹੁਕਮ ਸਿੰਘ ਨੂੰ ਨਮੋਨੀਆਂ ਹੋ ਗਿਆ ਹੈ, ਦੁਆਈ ਲੈ ਕੇ ਜਲੰਧਰ ਤੋਂ ਆਇਆ ਹਾਂ।" ਮਹਾਰਾਜ ਕਹਿੰਦੇ, "ਬਨਕਸ਼ੇ ਦਾ ਪਾਣੀ ਉਬਾਲਕੇ ਦੋ ਚਮਚੇ ਦੇ ਦੇਵੀਂ।" ਘਰ ਜਾ ਕੇ ਅਮਰ ਸਿੰਘ ਨੇ ਆਪਣੇ ਘਰ ਵਾਲੀ ਨੂੰ ਮਹਾਰਾਜ ਜੀ ਦਾ ਹੁਕਮ ਸੁਣਾਇਆ, "ਜਲਦੀ ਕਰੋ ਦੋ ਚਮਚੇ ਗਰਮ ਪਾਣੀ ਦੇ ਬਨਕਸ਼ੇ ਵਿਚ ਉਬਾਲ ਕੇ ਦੇ ਦੋਵੇ।" ਜਦੋਂ ਦੋ ਚਮਚੇ ਉਬਾਲ ਕੇ ਹੁਕਮ ਸਿੰਘ ਦੇ ਮੂੰਹ ਵਿਚ ਪਾਏ ਪਤਾ ਨਹੀਂ ਦਰਦਾਂ ਕਿਧਰ ਨੱਸ ਗਈਆਂ, ਸਰੀਰ ਕੰਗਣ ਵਰਗਾ ਨਿਰੋਗ ਹੋ ਗਿਆ। ਇਕ ਵਾਰ ਅਮਰ ਸਿੰਘ ਦੇ ਘਰ ਨੂੰ

ਕਿਸੇ ਨੇ ਸ਼ਰਾਰਤ ਵਜੋਂ ਚਿੱਠੀ ਲਿਖਕੇ ਪਾ ਦਿੱਤੀ ਕਿ ਹਰਬੰਸ ਸਿੰਘ ਜੋ ਲਾਹੌਰ ਕੰਮ ਕਰਦਾ ਹੁੰਦਾ ਸੀ, ਪੈੜ ਤੋਂ ਡਿੱਗ ਕੇ ਮਰ ਗਿਆ ਹੈ। ਚਿੱਠੀ ਪੜ੍ਹਕੇ ਟੱਬਰ ਰੋਣ ਲੱਗ ਪਿਆ। ਮਹਾਰਾਜ ਰੋਣ-ਪਿੱਟਣ ਦੀ ਅਵਾਜ਼ ਸੁਣ ਕੇ ਕਿਸੇ ਕੋਲੋਂ ਪੁੱਛਿਆ, "ਅਮਰੂ ਦੇ ਘਰ ਰੋਣਾ ਪਿੱਟਣਾ ਕਿਉਂ ਹੋ ਰਿਹਾ ਹੈ?" ਕਹਿੰਦੇ ਜੀ, "ਹਰਬੰਸ ਮਰ ਗਿਆ ਹੈ, ਚਿੱਠੀ ਆਈ ਹੈ।" ਮਹਾਰਾਜ ਕਹਿੰਦੇ, "ਜਾਓ! ਉਨ੍ਹਾਂ ਨੂੰ ਆਖੋ ਰੋਣ ਨਾ, ਹਰਬੰਸ ਰਾਜ਼ੀ ਖੁਸ਼ੀ ਕੰਮ ਕਰ ਰਿਹਾ ਹੈ।" ਇਹ ਸੁਨੇਹਾ ਮਹਾਰਾਜ ਜੀ ਦਾ ਅਮਰ ਸਿੰਘ ਦੇ ਘਰ ਦਿੱਤਾ। ਮਹਾਰਾਜ ਜੀ ਦੇ ਬੋਲਾਂ ਤੇ ਬਹੁਤ ਭਰੋਸਾ ਰੱਖਦੇ ਸਨ, ਰੋਣ ਤੋਂ ਬੰਦ ਹੋ ਗਏ। ਬੰਗੀਂ ਜਾ ਕੇ ਦਿੱਤੀ ਤਾਰ ਦਾ ਜਵਾਬ ਤਾਰ ਵਿਚ ਰਾਜ਼ੀ ਖੁਸ਼ੀ ਦਾ ਹੀ ਆਇਆ। ਸਭ ਲੋਕੀਂ ਧੰਨ-ਧੰਨ ਕਹਿ ਉਠੇ, ਰਾਜਾ ਬਲੀ ਤੇਰੀ ਲੀਲ੍ਹਾ! ਚੌਦਾ ਤਬਕਾਂ ਵਿਚ ਤੇਰੀ ਨਿਗਾਹ ਕੰਮ ਕਰਦੀ ਹੈ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਕਿਸ਼ਨੇ ਮਜਾਰੇ ਵਾਲੇ ਨਾਲ ਹੋਈ

ਇਕ ਦਿਨ ਮਹਾਰਾਜ ਜੀ ਪਿੰਡੋਂ ਪੱਛਮ ਵੱਲ੍ਹ ਜਾ ਨਿਕਲੇ। ਕਿਸ਼ਨੇ ਨੇ ਮਹਾਰਾਜ ਨੂੰ ਦੇਖਕੇ ਨਮਸਕਾਰ ਕੀਤੀ। ਮਹਾਰਾਜ ਖੁਸ਼ੀ ਦੇ ਘਰ ਵਿਚ ਸਨ। ਕਿਸ਼ਨਾ ਜਦੋਂ ਸਾਹਮਣੇ ਗਿਆ ਮਹਾਰਾਜ ਕਹਿੰਦੇ, "ਬੁੱਕਣ! ਦਰਗਾਹ ਦੇਖਣੀ ਹੈ?" ਕਿਸ਼ਨਾ ਕਹਿੰਦਾ, "ਇਸਤੋਂ ਹੋਰ ਕੀ ਚੰਗਾ ਹੈ?" ਚੰਗਾ ਕਹਿੰਦੇ ਅੱਖਾਂ ਮੀਟ, ਮੁੜਦੀ ਜ਼ੁਬਾਨੇ ਕਹਿਣ ਲੱਗੇ, "ਚੱਲ ਫਿਰ ਸਹੀ, ਚਲ! ਖੂਹ ਤੇ ਚੱਲੀਏ।" ਖੂਹ ਤੇ ਜਾ ਕੇ ਇਕ ਕਮਰੇ ਵਿਚ ਬੈਠ ਗਏ। ਕਿਸ਼ਨੇ ਨੂੰ ਹੁਕਮ ਕੀਤਾ "ਸਾਡਾ ਆਸਣ ਲਾ ਛੱਡਿਆ ਕਰ, ਇਕ ਗਲਾਸ ਦੁੱਧ ਦਾ ਸਾਡੇ ਵਾਸਤੇ ਰੱਖ ਛੱਡਿਆ ਕਰ, ਅਸੀਂ ਆਪੇ ਹੀ ਛਕ ਜਾਇਆ ਕਰਾਂਗੇ, ਤੂੰ ਵੀ ਇਥੇ ਹੀ ਰਿਹਾ ਕਰ। ਇਥੇ ਬੈਠਕੇ ਬੰਦਗੀ ਕਰਿਆ ਕਰ।" ਇਹ ਉਪਦੇਸ਼ ਕਰਕੇ ਬੁੱਕਣ ਨੂੰ ਮਹਾਰਾਜ ਜੀ ਅੱਗੇ ਚਲੇ ਗਏ। ਜਿੰਨਾ ਚਿਰ ਕਿਸ਼ਨਾ ਸੁੱਚਮ ਨਾਲ ਮਹਾਰਾਜ ਜੀ ਦੀ ਕੀਤੀ ਹੋਈ ਵਿਛਾਈ ਦੀ ਸੇਵਾ ਕਰਦਾ ਰਿਹਾ, ਪ੍ਰੇਮ ਨਾਲ ਦੁੱਧ ਰੱਖਦਾ ਰਿਹਾ, ਮਹਾਰਾਜ ਜੀ ਛਕਦੇ ਰਹੇ ਬਹੁਤ ਪਰਤੱਖ ਹੋ ਕੇ ਦਰਸ਼ਨ

ਵੀ ਦਿੱਤੇ। ਕਈ ਵਾਰੀ ਮੀਆਂ ਸਾਹਿਬ ਵੀ ਮਹਾਰਾਜ ਜੀ ਦੇ ਆ ਕੇ ਦਰਸ਼ਨ ਦਿੰਦੇ ਰਹੇ। ਇਕ ਦਿਨ ਸੁਫ਼ਨੇ ਵਿਚ ਦਰਸ਼ਨ ਦਿੱਤੇ। ਪਹਿਲਾਂ ਮਹਾਰਾਜ ਆਪਣੇ ਘਰ ਪਲੰਘ ਤੇ ਬੈਠੇ ਮੀਆਂ ਸਾਹਿਬ ਨਾਲ ਸੀ। ਮਹਾਰਾਜ ਹੋਰ ਗੁਪਤ ਰੂਹਾਂ ਨਾਲ ਗੱਲਾਂ ਕਰਦੇ ਉੱਠਕੇ ਰਸੋਖਾਨੇ ਚਲੇ ਗਏ। ਰਸੋਖਾਨੇ ਜਾ ਕੇ ਇਕ ਮਿਸਲ ਲਿਖਣ ਲੱਗੇ ਕਹਿੰਦੇ ਪੰਜਾਬ ਵਿਚ ਰਾਜ ਤੇ ਸਿੱਖਾਂ ਦਾ ਹੀ ਹੋਵੇਗਾ ਸਿੱਖਾਂ ਦੀ ਕੁਰਬਾਨੀ ਬਹੁਤ ਹੈ। ਇਹ ਹੁਕਮਨਾਮਾ ਸੁਣਨ ਵਾਸਤੇ ਬਹੁਤ ਦੁਨੀਆਂ ਬਾਹਰ ਬੈਠੀ ਸੀ। ਕੁੱਝ ਲੋਕੀਂ ਇਸ ਹੁਕਮਨਾਮੇ ਨੂੰ ਸੁਣਕੇ ਖ਼ੁਸ਼, ਅਧਿਓਂ ਜ਼ਿਆਦਾ ਨਾਰਾਜ਼ ਹੋਏ। ਇੰਨੇ ਚਿਰ ਨੂੰ ਮੁਸਾਪੁਰੀਆ ਬਸੰਤ ਸਿੰਘ ਕਿਸ਼ਨੇ ਦਾ ਪਿਤਾ ਭੁੰਗਲ, ਬਾਬਾ ਮੂਲਾ ਦਰਸ਼ਨ ਕਰਨ ਵਾਸਤੇ ਆਏ। ਭੁੰਗਲ ਤੋਂ ਚੌਧਰ ਲੈ ਕੇ ਬਾਬੇ ਮੂਲੇ ਨੂੰ ਦੇ ਦਿੱਤੀ। ਕਹਿੰਦੇ ਤੇਰੇ ਕੋਲੋਂ ਨਹੀਂ ਸਾਂਭ ਹੋਣੀ। ਇਸ ਵੇਲੇ ਮੂਲੇ ਦਾ ਪੋਤਾ ਬਖਸ਼ੀਸ਼ ਸਿੰਘ ਇਲਾਕੇ ਵਿਚ ਮੰਨਿਆ ਹੋਇਆ ਬੰਦਾ ਹੈ। ਬਸੰਤ ਸਿੰਘ ਮੁਸਾਪੁਰੀਏ ਨੂੰ ਆਖਿਆ ਬਸੰਤਾ ਇਹ ਮੇਰੇ ਮੰਦਰ ਦੀ ਸੇਵਾ ਤੇਰੇ ਜਿੰਮੇ ਹੈ। ਇਹ ਹੁਕਮ ਕਰਕੇ ਆਪ ਉੱਠਕੇ ਰਸੋਖਾਨੇ ਦੀ ਹੱਦ ਤੋਂ ਬਾਹਰ ਚਲੇ ਗਏ। ਕਿਸ਼ਨਾ ਕਹਿੰਦਾ ਮੈਂ ਨਾਲ ਹੀ ਸੀ ਕਹਿੰਦੇ, "ਕਿਸ਼ਨਾ! ਆਓ ਅੱਜ ਤੈਨੂੰ ਦਰਗਾਹ ਵੀ ਦਿਖਾਲ ਦੇਈਏ।" ਦਰਗਾਹ ਵਿਚ ਚਲੇ ਗਏ। ਵੱਡੇ-ਵੱਡੇ ਬਾਜ਼ਾਰ ਉੱਥੇ ਵੀ ਲੋਕ ਰਾਜਾ ਬਲੀ ਬਾਰੇ ਹੀ ਗੱਲਾਂ ਕਰਦੇ ਸਨ। ਅੱਗੇ ਤੁਰੇ ਜਾਂਦੇ ਜਾਂਦੇ ਕਹਿਣ ਲੱਗੇ, "ਆਉ! ਤੁਹਾਨੂੰ ਤੁਹਾਡੇ ਵਡਾਰੂ ਦਿਖਾਈਏ।" ਅੱਗੇ ਜਾ ਕੇ ਦੇਖਿਆ ਸਾਡੇ ਵੱਡੇ ਵਡੇਰੇ ਜਿਵੇਂ ਸ਼ਹਿਰਾਂ ਵਿਚ ਬਾਣੀਏ ਬੈਠੇ ਹੁੰਦੇ ਹਨ ਦਿਖਾਏ। ਕੁੱਝ ਅੱਗੇ ਜਾ ਕੇ ਕਹਿੰਦੇ, "ਚਲ ਅਸੀਂ ਹੁਣ ਚਲਦੇ ਹਾਂ, ਤੂੰ ਪਿਛੇ ਮੁੜ ਚੱਲ।" ਜਦੋਂ ਕਿਸ਼ਨਾ ਪਿੱਛੇ ਮੁੜਕੇ ਦੇਖੇ ਪਿਛੇ ਬਹੁਤ ਮਾਰੂਥਲ ਜਿਹੇ ਪਏ। ਅੱਕਾਂ ਦੇ ਬੂਟੇ ਨਜ਼ਰੀਂ ਆਣ ਲੱਗੇ। ਇੰਨੇ ਚਿਰ ਨੂੰ ਇਕ ਵੱਡੇ ਸਾਰੇ ਕੱਦ ਦੀ ਜਨਾਨੀ ਵੱਡੇ-ਵੱਡੇ ਵਾਲ, ਵੱਡੇ-ਵੱਡੇ ਨੇਤਰਾਂ ਵਾਲੀ ਮੋਹਰੇ ਖੜ੍ਹੀ ਹੋਈ ਰੱਤ ਪੀਣੀ ਡੈਣ, ਕਿਸ਼ਨਾ ਦੇਖਕੇ ਬਹੁਤ ਡਰਿਆ। ਇੰਨੇ ਚਿਰ ਨੂੰ ਫਿਰ ਪਾਤਸ਼ਾਹ ਕਿਸ਼ਨੇ ਦੇ ਕੋਲ ਖੜ੍ਹੇ ਮਹਾਰਾਜ ਜੀ ਤੋਂ ਉਹ ਭਿਆਨਕ ਰੂਪ ਵਾਲੀ ਔਰਤ ਹੁਕਮ ਮੰਗਣ ਲੱਗੀ, "ਸੱਚੇ ਪਾਤਸ਼ਾਹੋ! ਮੈਨੂੰ ਇਜਾਜ਼ਤ ਦਿਓ ਮੈਂ ਭੁੱਖੀ ਹਾਂ।" ਮਹਾਰਾਜ ਕਹਿੰਦੇ, "ਚਲ! ਅਜੇ ਕੁੱਝ ਸਮੇਂ ਹੈ।" ਕਿਸ਼ਨਾ ਕਹਿੰਦਾ ਮੈਂ ਮਹਾਰਾਜ

ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਜੀ! ਇਹ ਕੌਣ ਸੀ?" ਮਹਾਰਾਜ਼ ਕਹਿੰਦੇ, "ਬੁੱਕਣ ਇਹ ਕਾਲਕਾ ਸੀ, ਜੰਗਾਂ ਯੁੱਧਾਂ ਵਿਚ ਰੱਤ ਦੇ ਖੱਪਰ ਭਰ-ਭਰ ਕੇ ਪੀਂਦੀ ਹੈ ਇਹ ਜੰਗ ਦੀ ਇਜਾਜ਼ਤ ਮੰਗਦੀ ਹੈ। ਇੰਨੀ ਗੱਲ ਕਹਿਣ ਦੇ ਨਾਲ ਕਿਸ਼ਨੇ ਨੂੰ ਹਲੂਣਾ ਜਿਹਾ ਆਇਆ, ਅੱਖ ਖੁੱਲ੍ਹ ਗਈ। ਇਹ ਮਾਇਆ ਦੀ ਖੇਡ ਗੁਰੂ ਪੰਜਵੇਂ ਅਰਜਨ ਦੇਵ ਸਾਹਿਬ ਜੀ ਨੇ ਸਕੇਤ ਮੰਡੀ ਵਾਲੇ ਰਾਜੇ ਹਰੀ ਸੈਨ ਨੂੰ ਦਿਖਾਈ ਸੀ। ਗੁਰੂ ਗੋਬਿੰਦ ਸਿੰਘ ਨੇ ਭਾਈ ਸਮੀਰ ਨੂੰ ਦਿਖਾਈ ਸੀ, ਨਾਭ ਕੰਵਲ ਰਾਜਾ ਸਾਹਿਬ ਨੇ ਕਿਸ਼ਨੇ ਨੂੰ ਦਿਖਾਈ।

ਬੋਲੋ ਭਾਈ ਵਾਹਿਗੁਰੂ॥

ਸਾਖੀ ਜੁਲਾਹਮਾਜਰੇ ਦੇ ਸਰਵਣ ਦੀ ਚੱਲੀ

ਇਹ ਸਰਵਣ ਜੁਲਾਹਮਾਜਰੇ ਦਾ ਸੀ ਇਸ ਤੇ ਕੋਈ ਨਜਾਇਜ਼ ਕੇਸ ਬਣ ਗਿਆ। ਜਿਸ ਦਿਨ ਹੁਕਮ ਦੀ ਤਰੀਕ ਸੀ, ਉਸ ਦਿਨ ਸਰਵਣ ਦਾ ਪਿਤਾ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਇਕ ਲੱਤ ਭਾਰ ਖੜ੍ਹੇ ਹੋ ਕੇ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਚਰਨਾਂ ਵਿਚ ਧਿਆਨ ਧਰਕੇ, ਪਿੰਡ ਮਜਾਰੇ ਆਇਆ। ਪੀਰ ਦੇ ਬੂਹੇ ਅੱਗੇ ਆ ਕੇ ਅਰਦਾਸ ਕੀਤੀ, "ਸੱਚੇ ਪਾਤਸ਼ਾਹੋ ਜੀਓ! ਮੇਰਾ ਲੜਕਾ ਬੇਗੁਨਾਹ ਫਸ ਰਿਹਾ ਹੈ, ਮੇਰੇ ਪੁੱਤਰ ਦੀ ਬੰਦ ਖਲਾਸੀ ਕਰੋ।" ਇਹ ਮਨ ਵਿਚ ਹੀ ਅਰਜਾਂ ਕੀਤੀਆਂ। ਅੰਦਰੋਂ ਸਭ ਘਟ-ਘਟ ਦੀਆਂ ਜਾਨਣ-ਹਾਰੇ ਬੋਲੇ "ਜੁਲਾਹਮਾਜਰੀਆ! ਚਲ ਨੱਠ ਚੱਲ! ਤੇਰਾ ਪੁੱਤਰ ਬਰੀ ਹੈ।" ਬਸ ਮਹਾਂ ਸਿੰਘ ਨੂੰ ਪੂਰਾ ਭਰੋਸਾ ਹੋ ਗਿਆ। ਖੁਸ਼ੀ ਨਾਲ ਅੱਥਰੂ ਵਹਿ ਤੁਰੇ। ਸੋਹਣੇ ਪ੍ਰੀਤਮ ਦੀ ਰਸਨਾ ਵਿਚੋਂ ਖੁਸ਼ੀ ਭਰਿਆ ਹੁਕਮਨਾਮਾ ਲੈ ਕੇ ਚਲ ਪਿਆ ਜਲੰਧਰ ਕਚਹਿਰੀ ਵਿਚ ਪੇਸ਼ ਹੋਏ। ਅੰਦਰ ਵੜਦਿਆਂ ਹੀ ਮੈਜਿਸਟਰੇਟ ਨੇ ਕਿਹਾ ਸਰਵਣ ਬਰੀ। ਸਰਵਣ ਟੱਪਦਾ ਨੱਚਦਾ ਬਾਹਰ ਆਇਆ, ਖੁਸ਼ੀ ਦੀ ਕੋਈ ਹੱਦ ਨਾ ਰਹੀ। ਧੰਨ-ਧੰਨ ਰਾਜਾ ਸਾਹਿਬ ਸੱਚ-ਝੂਠ ਨਿਤਾਰਨ ਵਾਲੇ ਆਜਿਜ ਗਰੀਬਾਂ ਦੇ ਬੰਧਨ ਤੋੜਨ ਹਾਰੇ ਤੇਰੀ ਲੀਲ੍ਹਾ ਬੇਅੰਤ ਹੈ। ਮੱਖਣ ਸ਼ਾਹ ਲੁਬਾਣੇ ਵਾਂਗ ਰੌਲੀ ਪਾਉਂਦਾ ਹੋਇਆ ਪਿੰਡ ਆਇਆ। ਪਿੰਡ ਆ ਕੇ ਦੂਜੇ

ਦਿਨ ਲੱਡੂਆਂ ਦੀ ਪਰਾਤ ਬਣਾਕੇ ਹਜ਼ੂਰ ਦੇ ਚਰਨਾਂ ਵਿਚ ਲਿਆ ਰੱਖੀ। ਸਤਿਗੁਰਾਂ ਪਹਿਲਾਂ ਲੱਡੂ ਕੁੱਤਿਆਂ ਨੂੰ ਪੁਆਏ, ਫਿਰ ਸੰਗਤ ਵਿਚ ਵਰਤਾਉਣ ਦਾ ਹੁਕਮ ਦਿੱਤਾ। ਸਰਵਣ ਨੂੰ ਘਰ ਜਾਣ ਦਾ ਹੁਕਮ ਦਿੱਤਾ।

ਬੋਲੋ ਭਾਈ ਵਾਹਿਗੁਰੂ॥

ਸਾਖੀ ਕਰਮ ਸਿੰਘ ਰਸੂਲਪੁਰੀਏ ਦੀ ਚੱਲੀ

ਕਰਮ ਸਿੰਘ ਪਿੰਡ ਰਸੂਲਪੁਰ ਦਾ ਜਾਤ ਦਾ ਜੱਟ ਖੇਤੀ ਦਾ ਕੰਮ ਕਰਨ ਵਾਲਾ ਇਸਦੇ ਘਰ ਔਲਾਦ ਨਹੀਂ ਸੀ ਹੁੰਦੀ। ਚਾਲੀ ਸਾਲ ਆਯੂ ਹੋਣ ਤੇ ਵੀ ਘਰ ਪੁੱਤਰ ਨਾ ਹੋਇਆ। ਹੋਰ ਸਾਰੇ ਪਦਾਰਥ ਘਰ ਵਿਚ ਬਹੁਤ ਸਨ, ਇਕ ਪੁੱਤਰ ਤੋਂ ਬਿਨਾਂ ਦਿਲ ਮੁਰਝਾਇਆ ਰਹਿੰਦਾ ਸੀ। ਲੋਕਾਂ ਤੋਂ ਸੁਣਦਾ ਸੀ, ਪਿੰਡ ਮਜਾਰੇ ਖ਼ੁਦਾ ਦਾ ਨੂਰ ਪ੍ਰਗਟ ਹੋ ਕੇ ਦੁਨੀਆਂ ਦੇ ਕੰਮ ਕਰ ਰਿਹਾ ਹੈ। ਉਸ ਕਾਮਿਲ ਮੁਰਸ਼ਿਦ ਦੇ ਦਰਬਾਰ ਵਿਚੋਂ ਚਾਰੇ ਪਦਾਰਥ ਮਿਲਦੇ ਹਨ। ਭੁੱਜੇ ਹੋਏ ਦਾਣੇ ਜੰਮ ਪੈਂਦੇ ਹਨ, ਸੁੱਕੇ ਹੋਏ ਖੂਹ ਮੁੜ ਸੁਰਜੀਤ ਹੋ ਜਾਂਦੇ ਹਨ। ਕਰਮ ਸਿੰਘ ਲੱਗਾ ਸੇਵਾ ਕਰਨ। ਇਕ ਦਿਨ ਮੂਸਾਪੁਰੀਆ ਸੁੰਦਰ ਸਿੰਘ, ਹੋਰ ਵੀ ਕਾਫ਼ੀ ਬੰਦੇ ਮਹਾਰਾਜ ਜੀ ਦੇ ਦਰਸ਼ਨ ਵਾਸਤੇ ਗਏ। ਰਾਹ ਵਿਚੋਂ ਕਰਮ ਸਿੰਘ ਨੂੰ ਤੋਰ ਲਿਆ। ਮਹਾਰਾਜ ਜੀ ਪਿੰਡੋਂ ਪੱਛਮ ਵੱਲ੍ਹ ਦੇ ਪਾਸੇ ਬੈਠੇ ਸਨ। ਕਰਮ ਸਿੰਘ ਆਪਣੇ ਖੇਤਾਂ ਵਿਚ ਖੂਹ ਲਾ ਰਿਹਾ ਸੀ। ਖੂਹ ਦੀ ਨਾਲੀ ਲਗਾਕੇ ਉਤਾਰਾ ਕਰਨ ਵਾਸਤੇ ਛੱਤ ਪਾਈ ਹੋਈ ਸੀ। ਕਰਮ ਸਿੰਘ ਨੇ ਜਦੋਂ ਸਲਾਮ ਕੀਤਾ, ਮਹਾਰਾਜ ਜੀ ਕਹਿੰਦੇ, "ਕਰਮ ਖੂਹ ਸਾਰਖੇ ਵੀ ਰਾਜੇ ਦੇ ਨਾਂ ਤੇ ਹੀ ਬਣੇ ਹਨ, ਕੀਲੀਆਂ ਸਾਰਖੀਆਂ ਰਾਜਾ ਸਾਹਿਬ ਦੇ ਨਾਂ ਦੀਆਂ ਬਣੀਆਂ ਹੋਈਆਂ ਹਨ ਤੇ ਉਨ੍ਹਾਂ ਤੇ ਰਾਜਾ ਸਾਹਿਬ ਦੇ ਨਾਂ ਦੀ ਹੀ ਮੋਹਰ ਲੱਗੀ ਹੋਈ ਹੈ। ਫਿਕਰ ਨਹੀਂ ਕਰਨਾ ਖੂਹ ਵਿਚ ਪਾਣੀ ਬਹੁਤ ਆਵੇਗਾ।" ਮਨ ਵਿਚ ਭਰੋਸਾ ਪੱਕਾ ਹੋ ਗਿਆ। ਰਾਜਾ ਸਾਹਿਬ ਪਿੰਡ ਮਜਾਰੇ ਸਭ ਕੁੱਝ ਅੰਦਰ ਬੈਠੇ ਦੇਖ ਰਹੇ ਹਨ। ਕਰਮ ਸਿੰਘ ਦਾ ਖੂਹ ਬਹੁਤ ਜਲਦੀ ਤਿਆਰ ਹੋ ਗਿਆ। ਕਰਮ ਸਿੰਘ ਖੂਹ ਲੱਗਣ ਤੋਂ ਬਾਅਦ ਫਿਰ ਦਰਸ਼ਨ ਕਰਨ ਆਇਆ। ਮਹਾਰਾਜ ਜੀ ਨੇ ਕਰਮ ਸਿੰਘ ਨੂੰ

ਆਖਿਆ, "ਕਰਮਾ! ਜਦੋਂ ਵੀ ਕੋਈ ਕੰਮ ਕਰਨਾ ਹੋਵੇ ਸਾਨੂੰ ਯਾਦ ਕਰਕੇ ਆਇਆ ਕਰ।" ਉਹ ਕੰਮ ਪੂਰਾ ਸਿਰੇ ਚੜ੍ਹ ਜਾਂਦਾ ਹੈ। ਕਰਮ ਸਿੰਘ ਮੁੜਕੇ ਰਸੋਖਾਨੇ ਆਇਆ। ਮਹੰਤ ਪੂਰਨ ਦਾਸ ਜੀ ਨੇ ਕਰਮ ਸਿੰਘ ਨੂੰ ਆਖਿਆ, "ਕੱਲ੍ਹ ਨੂੰ ਚਾਰ ਪੰਜ ਜੋੜੀਆਂ ਬਲਦਾਂ ਦੀਆਂ ਲਿਆਓ।" ਖੂਹ ਉਨ੍ਹਾਂ ਦਿਨਾਂ ਵਿਚ ਰਸੋਖਾਨੇ ਵਾਲਾ ਲੱਗ ਰਿਹਾ ਸੀ। ਲੰਡੀ ਕਹੀ ਖੂਹ ਦਾ ਉਤਾਰਾ ਹੁੰਦਾ ਸੀ। ਕਰਮ ਸਿੰਘ ਨੂੰ ਮਹਾਰਾਜ ਨੇ ਪਹਿਲਾਂ ਹੀ ਗਮਜ਼ ਮਾਰੀ ਸੀ। ਕਰਮ ਸਿੰਘ ਦੇ ਪਸ਼ੂ ਚੜਸ ਖਿੱਚਣ ਵਾਲੇ ਨਹੀਂ ਸਨ। ਦੂਜੇ ਤਕੜੀਆਂ ਜੋੜੀਆਂ ਬਲਦਾਂ ਦੀਆਂ ਸਨ। ਕਰਮ ਸਿੰਘ ਸੋਚਣ ਲੱਗਾ ਜੇ ਆਪਣੇ ਬਲਦ ਨਾ ਲਿਜਾਈਏ ਤਾਂ ਲੋਕਾਂ ਕਹਿਣਾ ਆਪਣੇ ਨਹੀਂ ਲਿਜਾਂਦਾ, ਸਾਡੇ ਬਲਦ ਚੜਸ ਚਲਾਉਣਾਂ ਜਾਣਦੇ ਨਹੀਂ। ਮਹਾਰਾਜ ਜੀ ਨੂੰ ਯਾਦ ਕਰਕੇ ਜਿਸ ਨੂੰ ਵੀ ਆਖਿਆ ਕਿਸੇ ਨੇ ਜਵਾਬ ਨਾ ਦਿੱਤਾ ਦਸ ਪੰਦਰਾਂ ਜੋੜੀਆਂ ਬਲਦਾਂ ਦੀਆਂ ਲਿਜਾ ਕੇ ਸਾਰਾ ਕੰਮ ਕੀਤਾ, ਕਰਮ ਸਿੰਘ ਦੀ ਕਿਸਮਤ ਦਾ ਖੇਤ ਹਰਾ ਹੋਣਾ ਸੀ। ਕਰਮ ਸਿੰਘ ਸਾਰਾ ਦਿਨ ਸੇਵਾ ਕਰਕੇ ਸ਼ਾਮ ਨੂੰ ਮਹਾਰਾਜ ਜੀ ਦੇ ਦਰਸ਼ਨ ਨੂੰ ਗਿਆ। ਜਦੋਂ ਚਰਨਾਂ ਤੇ ਨਮਸਕਾਰ ਕੀਤੀ, ਕੋਲ ਖੇਡਦੇ ਪੰਜ ਬਾਲਕ ਨਜ਼ਰੀਂ ਪਏ। ਦਰਗਾਹੀ ਫਰਮਾਨ ਹੋਇਆ, "ਚਲ ਕਾਕਾ! ਬਾਲਕ ਲੈ ਹੀ ਜਾਹ।" ਬੱਸ ਬੇੜੇ ਪਾਰ ਕਰ ਦਿੱਤੇ। ਤਿੰਨ ਲੜਕੀਆਂ ਦੋ ਲੜਕੇ ਮਹਾਰਾਜ ਜੀ ਦੇ ਬਚਨ ਨਾਲ ਕਰਮ ਸਿੰਘ ਦੇ ਘਰ ਪੈਦਾ ਹੋਏ। ਕਰਮ ਸਿੰਘ ਦਾ ਵਿਹੜਾ ਬੱਚਿਆਂ ਨਾਲ ਭਰ ਗਿਆ।

ਬੋਲੋ ਭਾਈ ਵਾਹਿਗੁਰੂ॥

ਸਾਖੀ ਭੁੱਲਾ ਸਿੰਘ ਪਿੰਡ ਕਰਨਾਣੇ ਵਾਲੇ ਦੀ ਚੱਲੀ

ਭੁੱਲਾ ਸਿੰਘ ਪਿੰਡ ਕਰਨਾਣੇ ਦੇ ਰਹਿਣ ਵਾਲਾ ਬਹੁਤ ਨਰਮ ਦਿਲ ਭਗਤ ਖਿਆਲਾਂ ਦਾ ਸੀ। ਇਸਦੇ ਘਰ ਵੀ ਕੋਈ ਔਲਾਦ ਨਹੀਂ ਸੀ। ਕਰਮ ਸਿੰਘ ਦੀ ਤਰਾਂ ਇਹ ਵੀ ਸਾਧੂ ਸੰਤਾਂ ਦੀ ਲੱਗਾ ਸੇਵਾ ਕਰਨ, ੬੦ ਸਾਲ ਦੀ ਉਮਰ ਹੋ ਗਈ। ਪੁੱਤਰ ਦੀ ਖੈਰ ਕਿਤਿਓਂ ਨਾ ਪਈ, ਬਹੁਤ ਸਾਧੂ ਸੰਤ ਮੰਨੇ, ਕਈ ਪਾਸੀਂ ਟੱਕਰਾਂ ਮਾਰੀਆਂ, ਪੁੱਤਰ ਦੀ ਪ੍ਰਾਪਤੀ ਵਾਸਤੇ ਬਹੁਤ ਕੁੱਝ ਕਰਨਾ

ਪੈਂਦਾ ਹੈ। ਮਾਤਾ ਗੰਗਾ ਜੀ ਨੇ ਪੁੱਤਰ ਪ੍ਰਾਪਤੀ ਵਾਸਤੇ ਬਾਬੇ ਬੁੱਢੇ ਜੀ ਨੂੰ ਆਪ ਆਟਾ ਪੀਸ ਕੇ ਆਪਣੇ ਹੱਥੀਂ ਲੰਗਰ ਤਿਆਰ ਕਰਕੇ ਸਿਰ ਤੇ ਚੁੱਕਕੇ ਨੰਗੇ ਪੈਰੀਂ ਬੀੜ ਵਿਚ ਜਾ ਕੇ ਭੋਜਨ ਛਕਾਇਆ ਸੀ। ਬਾਬਾ ਜੀ ਤੋਂ ਪੁੱਤਰ ਦਾ ਵਰ ਲਿਆ ਸੀ। ਮਹਾਰਾਜ ਦਸ਼ਰਥ ਜੀ ਨੇ ਪੁਤਰਿਸ਼ਟੀ ਅਨੇਕਾਂ ਹੀ ਯੱਗ ਕੀਤੇ। ਮਾਰਕੰਡੇ ਰਿਖੀ ਨੂੰ ਬਹੁਤ ਮਿੰਨਤਾਂ ਤਰਲੇ ਕਰਕੇ ਯੱਗ ਵਿਚ ਲਿਆਂਦਾ ਸੀ। ਅਤਰੇ ਰਿਖੀ ਦੀ ਪਤਨੀ ਅਨਸੂਆ ਨੇ ਲੱਛਮੀ, ਪਾਰਬਤੀ, ਬ੍ਰਹਮਾ ਦੀ ਪਤਨੀ ਅੱਗੇ ਬੇਨਤੀ ਕਰਕੇ ਪੁੱਤਰਾਂ ਦੀ ਦਾਤ ਮੰਗੀ ਸੀ। ਪੁੱਤਰ ਵਾਸਤੇ ਖੂਹੀਂ ਜਾਲ ਪਾਉਣੇ ਪੈਂਦੇ ਹਨ। ਇਕ ਦਿਨ ਕਰਮ ਸਿੰਘ ਨੇ ਆਖਿਆ, "ਭਾਈ ਭੁੱਲਾ ਸਿੰਘ! ਤੁਸੀਂ ਵੀ ਰਾਜਾ ਸਾਹਿਬ ਜੀ ਦਾ ਲੜ ਫੜੋ ਹੋਰ ਅਨੇਕਾਂ ਔਂਤਰੇ ਜਾਂਦੇ ਘਰ ਵਸਾਏ ਹਨ, ਨਿਸ਼ਚਾ ਕਰਕੇ ਸੇਵਾ ਕਰੋ, ਜ਼ਰੂਰ ਹੀ ਤੇਰੇ ਘਰ ਪੁੱਤਰ ਹੋਵੇਗਾ।" ਇਹ ਗੱਲ ਕਰਮ ਸਿੰਘ ਦੀ ਸੁਣਕੇ ਭੁੱਲਾ ਸਿੰਘ ਨੇ ਆਪਣੀ ਪਤਨੀ ਨੂੰ ਨਾਲ ਲੈ ਕੇ ਹਰ ਰੋਜ਼ ਮਹਾਰਾਜ ਜੀ ਦੇ ਲੰਗਰ ਵਿਚ ਸੇਵਾ ਕਰਨ ਦਾ ਨਿਸ਼ਚਾ ਬਣਾ ਲਿਆ। ਸੰਗਤ ਦੇ ਜੂਠੇ ਭਾਂਡੇ ਮਾਂਜਣ ਦੀ ਡਿਊਟੀ ਸੰਭਾਲਣੀਂ ਲੰਗਰ ਵਿਚ ਪਾਣੀ ਢੋਣਾਂ ਪਰਸ਼ਾਦਾ ਘਰੋਂ ਛਕਕੇ ਜਾਣਾ, ਘਰ ਹੀ ਮੁੜਕੇ ਛਕਣਾ। ਇਕ ਦਿਨ ਭੁੱਲਾ ਸਿੰਘ ਤੇ ਉਸਦੀ ਤੇ ਘਰ ਵਾਲੀ ਇਹ ਭਿਖਸ਼ੂ ਜੋੜੀ ਗਲੇ ਵਿਚ ਝੋਲੀ ਪਾਈ, ਪੁੱਤਰਾਂ ਦੀ ਦਾਤ ਲੈਣ ਵਾਸਤੇ ਆਪਣੇ ਪਿੰਡੋਂ ਰਾਹੇ-ਰਾਹ ਤੁਰੀ ਆਉਂਦੀ। ਸਤਿਗੁਰੂ ਜਾਣੀ ਜਾਣ ਸਨ, ਉਹ ਭਾਗਾਂ ਭਰੀ ਜੋੜੀ ਬੜੀ ਨੀਝ ਨਾਲ ਰਵਾਂ-ਰਵੀ ਤੁਰੀ ਜਾ ਰਹੀ ਸੀ। ਕਰਨਾਣੇ ਅਤੇ ਮਜਾਰੇ ਦੇ ਵਸੀਵੇਂ ਤੇ ਮਹਾਰਾਜ ਜੀ ਮੋਹਰੇ ਜਾ ਖੜ੍ਹੇ ਹੋਏ। ਭੁੱਲਾ ਸਿੰਘ ਤੇ ਉਸਦੀ ਘਰ ਵਾਲੀ ਭੋਲੀ ਮਾਈ ਇਸ ਸੋਹਣੇ ਪ੍ਰੀਤਮ ਦੇ ਚਰਨਾਂ ਤੇ ਢਹਿ ਪਏ। ਬੈਰਾਗ ਚਲ ਪਿਆ, ਬਸ ਉਸੇ ਹੀ ਪਲ ਭਿਖਸ਼ੂ ਜੋੜੀ ਵੱਲ੍ਹ ਤੱਕਿਆ। ਇਕ ਵਾਰ ਹੀ ਤੱਕਣ ਨਾਲ ਸੱਖਣੀ ਜੋੜੀ ਨੂੰ ਭਾਗ ਲਾ ਦਿੱਤੇ। ਦੋ ਸੰਗਤਰੇ ਆਪ ਜੀ ਦੇ ਦੋਹਾਂ ਹੱਥਾਂ ਵਿਚ ਫੜੇ ਹੋਏ ਸਨ, ਉਸ ਭਾਗ ਭਰੀ ਦੀ ਜੋੜੀ ਝੋਲੀ ਵਿਚ ਪਾ ਕੇ ਹੁਕਮ ਕੀਤਾ, "ਤੁਮਹਾਰੀ ਕਿਸਮਤ ਵਿਚ ਪੁੱਤਰ ਤਾਂ ਨਹੀਂ ਸੀ, ਸਾਡੀ ਸੰਗਤ ਦੇ ਭਾਂਡੇ ਬਹੁਤ ਪ੍ਰੇਮ ਨਾਲ ਮਾਂਜੇ, ਬਹੁਤ ਸੇਵਾ ਕੀਤੀ ਉਸਦਾ ਫਲ ਸਾਨੂੰ ਦੇਣਾ ਹੀ ਪਿਆ।" ਭੁੱਲਾ ਸਿੰਘ ਦਾ ਘਰ ਵਸ ਗਿਆ। *ਬੋਲੋ ਭਾਈ ਵਾਹਿਗੁਰੂ॥*

ਅੱਗੇ ਸਾਖੀ ਹੋਰ ਚੱਲੀ

ਇਕ ਦਿਨ ਦੀ ਗੱਲ ਹੈ ਸੰਗਰਾਂਦ ਦਾ ਦਿਨ ਸੀ, ਸੰਗਤ ਦਾ ਬਹੁਤ ਇਕੱਠ ਸੀ, ਮੇਲਾ ਲੱਗਾ ਹੋਇਆ ਸੀ। ਚੇਤਰ ਦੀ ਸੰਗਰਾਂਦ ਖਟਕੜੀਂ ਝੰਡੇ ਜੀ ਵੀ ਸੰਗਤ ਜਾ ਰਹੀ ਸੀ। ਦੂਰੋਂ ਸੰਗਤਾਂ ਦਰਸ਼ਨਾਂ ਨੂੰ ਆ ਰਹੀਆਂ ਸਨ। ਦੁੱਧ ਦੀਆਂ ਬਾਲਟੀਆਂ ਕੜਾਹ ਪ੍ਰਸ਼ਾਦ ਦੀਆਂ ਪਰਾਤਾਂ, ਕਿਸੇ ਪਾਸੇ ਲੱਡੂ ਪੇੜੇ, ਫਲਾਂ ਦੀਆਂ ਟੋਕਰੀਆਂ ਸੰਗਤ ਚੜ੍ਹਾਵੇ ਚੜ੍ਹਾ ਰਹੀ ਸੀ। ਕਈਆਂ ਨੂੰ ਲੰਗਰ ਵਿਚ ਦੁੱਧ ਪਾਉਣ ਦਾ ਹੁਕਮ ਕਰੀ ਜਾਂਦੇ। ਕਿਸੇ ਨੂੰ ਕੂਕਰਾਂ ਤੇ ਜਾਨਵਰਾਂ ਨੂੰ ਪਾਉਣ ਦਾ ਹੁਕਮ ਕਰਦੇ। ਕਿਸੇ ਕੋਲੋਂ ਭੁੰਵੇ ਹੀ ਡੁਲ੍ਹਾਈ ਜਾਂਦੇ- ਬੇਅੰਤ ਹੀ ਗੁਪਤ ਰੂਹਾਂ ਬੈਠੀਆਂ ਸਨ। ਇਕ ਈਸ਼ਰ ਸਿੰਘ, ਪਿੰਡ ਰਹਿਪੇ ਤੋਂ ਦੁੱਧ ਲੈ ਕੇ ਆਇਆ। ਈਸ਼ਰ ਸਿੰਘ ਨੂੰ ਆਖਿਆ, "ਈਸ਼ਰ! ਦੁੱਧ ਕੁੱਤਿਆਂ ਮੋਹਰੇ ਪਾ ਦੇ ਨਹੀਂ ਤਾਂ ਪੱਧਰੇ ਥਾਂ ਡੋਲ੍ਹ ਦੇ।" ਇਕ ਪਾਸੇ ਡੋਲ੍ਹਣ ਦਾ ਹੁਕਮ ਕੀਤਾ। ਈਸ਼ਰ ਸਿੰਘ ਕਹਿੰਦਾ, "ਜੀ! ਮੈਥੋਂ ਭੁੰਜੇ ਨਹੀਂ ਡੋਲ੍ਹ ਹੁੰਦਾ, ਨਹੀਂ ਤਾਂ ਆਪ ਛਕੋ, ਨਹੀਂ ਤਾਂ ਮੈਂ ਲੰਗਰ ਵਿਚ ਪਾ ਦਿੰਦਾ ਹਾਂ।" ਈਸ਼ਰ ਸਿੰਘ ਲੰਗਰ ਵੱਲ੍ਹ ਦੁੱਧ ਲੈ ਕੇ ਚਲ ਪਿਆ। ਦਸ ਕੁ ਕਦਮਾਂ ਜਦੋਂ ਅੱਗੇ ਤੁਰਿਆ, ਈਸ਼ਰ ਸਿੰਘ ਦੇ ਹੱਥ ਵਿਚ ਫੜੀ ਹੋਈ ਬਾਲਟੀ ਮੂਧੀ ਹੋ ਗਈ, ਸਾਰਾ ਦੁੱਧ ਭੁੰਵੇ ਡੁਲ੍ਹ ਗਿਆ, ਈਸ਼ਰ ਸਿੰਘ ਬਹੁਤ ਸ਼ਰਮਿੰਦਾ ਜਿਹਾ ਹੋਇਆ। ਈਸ਼ਰ ਸਿੰਘ ਡਰ ਗਿਆ ਮੈਥੋਂ ਰਾਜਾ ਸਾਹਿਬ ਦਾ ਕਹਿਣਾ ਨਹੀਂ ਮੰਨਿਆ ਗਿਆ। ਮਹਾਰਾਜ ਕਹਿੰਦੇ, "ਈਸ਼ਰ! ਚੱਲ ਨੱਠ ਚਲ! ਕਈ ਰੂਹਾਂ ਸਾਡੇ ਕੋਲੋਂ ਦੁੱਧ ਪੀਣ ਵਾਸਤੇ ਮੰਗਦੀਆਂ ਸਨ, ਸਵੇਰ ਦੇ ਬੈਠੇ ਸੀ, ਇਨ੍ਹਾਂ ਨੂੰ ਪਿਲਾਉਣਾ ਹੀ ਪੈਂਦਾ ਹੈ, ਇਹ ਵੀ ਈਸ਼ਰ! ਆ ਕੇ ਮਿੰਨਤ ਕਰਦੇ ਰਹਿੰਦੇ ਹਨ।" ਇੰਨੇ ਚਿਰ ਨੂੰ ਦੋ ਸੰਧਵਾਂ ਦੇ ਬੰਦੇ ਕਰਨੈਲ ਸਿੰਘ, ਦੀਦਾਰ ਸਿੰਘ ਆ ਗਏ। ਕਰਨੈਲ ਸਿੰਘ ਨੇ ਸਵਾ ਦੋ ਰੁਪਏ ਮਹਾਰਾਜ ਦੇ ਸੁੱਖੇ ਹੋਏ ਸਨ। ਰਾਹ ਵਿਚ ਤੁਰੇ ਜਾਂਦਿਆਂ ਨੇ ਕਰਨੈਲ ਨੂੰ ਦੀਦਾਰ ਸਿੰਘ ਕਹਿੰਦਾ, "ਸਵਾ ਦੋ ਰੁਪਇਆਂ ਦੇ ਪਕੌੜੇ ਲੈ ਕੇ ਆਪ ਹੀ ਛਕ ਲੈਂਦੇ ਹਾਂ। ਰਾਜਾ ਸਾਹਿਬ ਪੈਸੇ ਨਿਆਣਿਆਂ ਮੂਹਰੇ ਹੀ ਸੁੱਟ ਦੇਂਦੇ ਹਨ।" ਜਦੋਂ ਸਾਹਮਣੇ ਕਰਨੈਲ ਸਿੰਘ ਨੇ ਸਵਾ ਦੋ ਰੁਪਏ ਚਰਨਾਂ ਵਿਚ ਰੱਖਕੇ ਮੱਥਾ ਟੇਕਿਆ, ਅੱਗੋਂ ਸਤਿਗੁਰੂ ਬੋਲੇ,

"ਕਾਕਾ! ਚੁੱਕ ਲਿਜਾ ਅਸੀਂ ਕੀ ਕਰਨੇ ਹਨ? ਨਾਲ ਦੇ ਨੂੰ ਪਕੌੜੇ ਹੀ ਖੁਵਾ ਦੇਣੇ ਸੀ।" ਦੀਦਾਰ ਸਿੰਘ ਸ਼ਰਮਿੰਦਾ ਹੋ ਗਿਆ। ਕਰਨੈਲ ਸਿੰਘ ਕਹਿੰਦਾ, "ਜੀ! ਮੈਂ ਤਾਂ ਆਪਦੇ ਚਰਨਾਂ ਵਿਚ ਹੀ ਮੱਥਾ ਟੇਕਣਾ ਹੈ, ਤੁਸੀਂ ਜਿਸਨੂੰ ਮਰਜੀ ਦੇ ਦੇਵੋ।" ਮਹਾਰਾਜ ਕਹਿੰਦੇ, "ਕਾਕਿਆ! ਜਦੋਂ ਸਾਡੇ ਨਾਂ ਦੀ ਕੋਈ ਚੀਜ਼ ਲੈ ਕੇ ਤੁਰਦਾ ਹੈ, ਸਾਨੂੰ ਸਭ ਪਤਾ ਹੀ ਹੁੰਦਾ ਹੈ, ਜੇ ਕੋਈ ਘਰ ਬੈਠਕੇ ਹੀ ਯਾਦ ਕਰਦਾ ਹੈ ਤਾਂ ਵੀ ਸਾਨੂੰ ਪਤਾ ਹੀ ਹੈ।" ਇਨੇ ਚਿਰ ਨੂੰ ਕਰਨੈਲ ਸਿੰਘ ਦੀਦਾਰ ਸਿੰਘ ਨੂੰ ਪਿਛੇ ਮੋੜ ਦਿੱਤਾ। ਚਾਰ ਬੰਦੇ ਮੁਸਾਪੁਰ ਤੋਂ ਪਰਸ਼ਾਦ ਲੈ ਕੇ ਆਏ। ਪ੍ਰਸ਼ਾਦ ਮੋਹਰੇ ਧਰਕੇ ਮੱਥਾ ਟੇਕਿਆ। ਮਿਲਖਾ ਸਿੰਘ ਨੂੰ ਮਹਾਰਾਜ ਜੀ ਕਹਿਣ ਲੱਗੇ, "ਮਿਲਖੀ ਨਾਲ ਦਿਆਂ ਨੂੰ ਹੀ ਕਮਾਦੀ ਦੇ ਕੋਲ ਬੈਠਕੇ ਛਕਾ ਦਈਂ।" ਮਿਲਖਾ ਸਿੰਘ ਦਸ ਰੁਪਏ ਦੀ ਦੇਗ ਬਣਾ ਕੇ ਲਿਆਇਆ ਸੀ। ਇਹ ਜਦੋਂ ਪਿੱਛੇ ਦੂਰ ਹੀ ਸੀ, ਇਕ ਨਾਈਆਂ ਦਾ ਮੁੰਡਾ ਨਾਲ ਸੀ। ਉਹ ਕਹਿਣ ਲੱਗਾ, "ਰਾਜਾ ਸਾਹਿਬ ਨੇ ਕੁੱਤਿਆਂ ਨੂੰ ਹੀ ਪ੍ਰਸ਼ਾਦ ਪਾ ਦੇਣਾ ਹੈ, ਇਥੇ ਕਮਾਦੀ ਦੇ ਓਹਲੇ ਬੈਠਕੇ ਆਪਾਂ ਹੀ ਛੱਕ ਲਈਏ।" ਮਹਾਰਾਜ ਅੰਤਰਯਾਮੀ ਸਭ ਸੰਕਲਪਾਂ ਨੂੰ ਸਮਝਣ ਵਾਲੇ ਸਨ, ਮੋਹਰਿਉਂ ਉਹ ਹੀ ਗੱਲ ਸੁਣਾ ਦਿੱਤੀ ਜਿਹੜੀ ਪਿਛੇ ਕੜਾਹ ਖਾਣ ਦੀ ਕੀਤੀ ਸੀ। ਕਹਿੰਦੇ, "ਮਿਲਖੀ! ਚਲ ਪਿਛਾਂਹ ਮੁੜ ਚੱਲ ਕਮਾਦੀ ਦੇ ਬੰਨੇ ਹੀ ਬੈਠਕੇ ਨਾਲ ਦਿਆਂ ਨੂੰ ਕੜਾਹ ਪ੍ਰਸ਼ਾਦ ਛਕਾ ਦੇ।" ਮਿਲਖਾ ਸਿੰਘ ਹੱਥ ਬੰਨ੍ਹਕੇ ਬੇਨਤੀ ਕਰਨ ਲੱਗਾ, ਮਹਾਰਾਜ ਨੇ ਇਥੇ ਹੀ ਸੰਗਤ ਵਿਚ ਪ੍ਰਸ਼ਾਦ ਵਰਤਾਉਣ ਦਾ ਹੁਕਮ ਦਿੱਤਾ। ਸੰਗਤ ਵਿਚ ਪ੍ਰਸ਼ਾਦ ਵਰਤਾਅ ਕੇ ਪਾਤਸ਼ਾਹ ਪਾਸੋਂ ਖੁਸ਼ੀਆਂ ਲਈਆਂ। *ਬੋਲੋ ਭਾਈ ਵਾਹਿਗੁਰੂ॥*

ਸਾਖੀ ਇਕ ਫੋਟੋਗਰਾਫ਼ਰ ਤੇ ਜੈਲੇ ਖਾਂ ਰਾਜਪੂਤ ਨਾਲ ਹੋਈ

ਇਕ ਦਿਨ ਮਹਾਰਾਜ ਜੀ ਪਿੰਡ ਮਜਾਰੇ ਦੇ ਪੂਰਬ ਵੱਲ੍ਹ, ਰਸੋਖਾਨੇ ਦੇ ਨਾਲ ਸੁੰਦਰ ਦੇ ਖੇਤਾਂ ਵਿਚ ਬੈਠੇ ਸਨ। ਸੰਗਤ ਖੁਲ੍ਹੇ ਦਰਸ਼ਨ ਕਰ ਰਹੀ ਸੀ, ਇਕ ਪਿੰਡ ਰਟੈਂਡੇ ਤੋਂ ਫੋਟੋਗਰਾਫ਼ਰ ਤਸਵੀਰ ਲੈਣ ਦੇ ਖਿਆਲ ਨਾਲ ਹਜ਼ੂਰ ਦੇ ਪੇਸ਼ ਹੋਇਆ। ਸਾਹਮਣੇ ਬੈਠਕੇ ਉਸ ਜੋਤੀ ਸਰੂਪ ਦੀ ਸੋਹਣੇ ਪ੍ਰੀਤਮ, ਹੁਸਨ ਦੀ

ਖਾਨ ਦੀ ਫੋਟੋ ਖਿੱਚਣ ਲੱਗਾ। ਮਹਾਰਾਜ ਜੀ ਨੇ ਫੋਟੋਗਰਾਫ਼ਰ ਨੂੰ ਫੋਟੋ ਲੈਣ ਤੋਂ ਰੋਕ ਦਿੱਤਾ। ਉਸਨੂੰ ਚਲੇ ਜਾਣ ਦਾ ਹੁਕਮ ਕੀਤਾ। ਫੋਟੋਗਰਾਫ਼ਰ ਸੋਹਣੇ ਪ੍ਰੀਤਮ ਦਾ ਪੁਜਾਰੀ ਬਣ ਚੁੱਕਾ ਸੀ, ਸਾਹਮਣਿਓਂ ਉੱਠਕੇ ਕਮਾਦੀ ਦੇ ਖੇਤ ਵਿਚ ਛੁਪਕੇ ਦੂਰੋਂ ਫੋਟੋ ਲੈਣ ਲੱਗਾ, ਜਦੋਂ ਫੋਟੋ ਖਿੱਚੀ, ਫੋਟੋ ਨਾ ਆਈ, ਸਾਹਮਣੇ ਆ ਕੇ ਫੋਟੋ ਲੈਣ ਲੱਗਾ। ਮਨ ਵਿਚ ਸੋਚਿਆ ਬੇਸ਼ਕ ਗਾਲਾਂ ਵੀ ਕੱਢਣ ਫੋਟੋ ਜ਼ਰੂਰ ਲੈਣੀ ਹੈ। ਸਾਹਮਣੇ ਖੜ੍ਹਕੇ ਫੋਟੋ ਖਿੱਚੀ ਫਿਰ ਵੀ ਨਾ ਆਈ, ਆਖ਼ਿਰ ਨਮਸਕਾਰ ਕਰਕੇ ਤੁਰ ਚਲਿਆ। ਮੁੰਦਰ ਸਿੰਘ, ਕਿਸ਼ਨਾ, ਜੈਲੇ ਖਾਂ ਰਾਜਪੂਤ ਪਿੰਡ ਗੁਣਾਚੌਰ ਵਾਲਾ ਮਹਾਰਾਜ ਜੀ ਦੇ ਕੋਲ ਬੈਠੇ ਸਨ। ਕਿਸ਼ਨੇ ਨੂੰ ਮਹਾਰਾਜ ਜੀ ਨੇ ਆਖਿਆ, "ਬੁੱਕਣ! ਫੋਟੋਗਰਾਫ਼ਰ ਨੂੰ ਮੋੜ ਲੈ ਆਉ।" ਕਿਸ਼ਨਾ ਫੋਟੋਗਰਾਫ਼ਰ ਨੂੰ ਰਾਹ ਵਿਚੋਂ ਮੋੜ ਕੇ ਲੈ ਆਇਆ, ਹਾਲੇ ਨੇੜੇ ਹੀ ਸੀ। ਫੋਟੋਗਰਾਫ਼ਰ ਜਦੋਂ ਮੁੜਕੇ ਆਇਆ ਤਾਂ ਰਾਜਾ ਸਾਹਿਬ ਜੀ ਨੇ ਫੋਟੋਗਰਾਫ਼ਰ ਨੂੰ ਆਖਿਆ, "ਕਾਕਾ! ਦੇਖ ਸਾਡੀ ਛਾਂ ਹੈ?" ਦੇਖਣ ਤਾਂ ਮਹਾਰਾਜ ਜੀ ਦੀ ਛਾਂ ਨਹੀਂ ਸੀ। ਫੋਟੋਗਰਾਫ਼ਰ ਕਹਿੰਦਾ- "ਜੀ! ਆਪ ਜੀ ਛਾਂ ਤੇ ਨਹੀਂ ਹੈ।" ਮਹਾਰਾਜ ਕਹਿੰਦੇ, "ਕਾਕਾ! ਜਿਸਦੀ ਛਾਂ ਨਾ ਹੋਵੇ ਉਸਦੀ ਫੋਟੋ ਕਿੱਥੋਂ ਆਉਣੀ ਹੈ? ਨਾਲੇ ਬੁੱਤ ਪਰਸਤੀ ਤਾਂ ਹਮਨੇ ਖਤਮ ਕਰ ਦਿੱਤੀ ਹੈ। ਮੱਕੇ ਵਿਚ ਮੁਹੰਮਦ ਨੇ ਤਦੇ ਹੀ 72 ਫੋਟੋ ਪੱਥਰਾਂ ਦੇ ਬਣੇ ਹੋਏ ਢਾਹ ਦਿੱਤੇ ਸੀ, ਕਾਕਾ! ਨਿਰਗੁਣ ਦੀ ਉਪਾਸਨਾ ਕਰੀਦੀ ਹੈ, ਸਰਗੁਣ ਦੀ ਉਪਾਸਨਾ ਤਾਂ ਮਾਇਆ ਦੀ ਉਪਾਸਨਾ ਹੀ ਸਮਝੀ ਜਾਂਦੀ ਹੈ। ਫੋਟੋ ਦੇ ਤਾਂ ਦੇਈਏ, ਐਵੇਂ ਦੁਆਨੀ-ਦੁਆਨੀ ਨੂੰ ਵਿਕਦੇ ਹੁੰਦੇ ਹਨ, ਢੇਰਾਂ ਤੇ ਪਏ ਰੁਲਦੇ ਹੁੰਦੇ ਹਨ। ਅਸੀਂ ਤਦ ਨਹੀਂ ਫੋਟੋ ਦਿੰਦੇ।" ਹੋਰ ਵੀ ਬਹੁਤ ਫੋਟੋਗਰਾਫ਼ਰਾਂ ਨੇ ਭੁਲੇਖੇ ਨਾਲ ਫੋਟੋ ਲੈਣ ਦੇ ਯਤਨ ਕੀਤੇ, ਸੱਚੇ ਸਤਿਗੁਰਾਂ ਨੇ ਫੋਟੋ ਨਹੀਂ ਦਿੱਤੀ। ਇਹ ਕੌਤਕ ਦੇਖ ਕੇ ਜੈਲੇ ਖਾਂ ਰਾਜਪੂਤ ਬੈਰਾਗ ਵਿਚ ਆ ਕੇ ਵਾਰੋ-ਵਾਰ ਮਹਾਰਾਜ ਜੀ ਨੂੰ ਸਲਾਮਾਂ ਕਰਨ ਲੱਗਾ। ਮਹਾਰਾਜ ਕਹਿੰਦੇ, "ਜੈਲੇ ਖਾਂ! ਸਾਡੇ ਨਾਲ ਬਹੁਤ ਲਿਹਾਜ ਨਾ ਕਰਿਆ ਕਰ, ਤੁਹਾਡੇ ਵਾਸਤੇ ਤਾਂ ਲਾਹੌਰ ਵਿਚ ਕੋਠੀਆਂ ਬਣਾ ਦਿੱਤੀਆਂ ਹਨ।" ਜੈਲੇ ਖਾਂ ਕਹਿੰਦਾ, "ਸੱਚੇ ਪਾਤਸ਼ਾਹੋ! ਮੈਂ ਤੁਹਾਨੂੰ ਛੱਡਕੇ ਨਹੀਂ ਜਾਵਾਂਗਾ। ਮੇਰਾ ਤਾਂ ਤੁਸੀਂ ਹੀ ਸਹਾਰਾ ਹੋ, ਸਭ ਤੇਰਾ ਹੀ ਤੂਫ਼ੈਲ ਹੈ, ਤੁਸੀਂ ਤਾਂ ਸਾਡੇ ਖ਼ੁਦਾ, ਮਾਨਸ ਜਨਮ ਵਿਚ ਸਾਡਾ

ਭਲਾ ਕਰਨ ਵਾਸਤੇ ਆਏ ਹੋ।" ਮਹਾਰਾਜ ਕਹਿੰਦੇ, "ਨਹੀਂ ਜੈਲੇ ਹੁਣ ਤੇ ਜਾਣਾ ਹੀ ਪਵੇਗਾ। ਹਮਨੇ ਤੋ ਲੀਕ ਵਾਹ ਦਿੱਤੀ ਹੈ, ਤੁਮਹਾਰੇ ਲੀਏ ਪਾਕਿਸਤਾਨ ਬਨਾ ਦੀਆ ਹੈ।" ਇਹ ਹੁਕਮਨਾਮਾ 1936 ਵਿਚ ਜੈਲੇ ਖਾਂ ਨੂੰ ਕੀਤਾ ਸੀ। ਜੈਲੇ ਖਾਂ ਆਪ ਜੀ ਦਾ ਬਹੁਤ ਪ੍ਰੇਮੀ ਸੇਵਕ ਸੀ। ਸੰਨ 1947 ਦਾ ਗ਼ਦਰ ਮਚਣ ਵੇਲੇ ਜਦੋਂ ਸਭ ਮੁਸਲਮਾਨ ਉੱਠਕੇ ਕੈਂਪਾਂ ਵਿਚ ਜਾਣ ਲੱਗੇ, ਮੁਸਲਮਾਨਾਂ ਦੇ ਪਿੰਡਾਂ ਨੂੰ ਸਾੜਨਾ ਸ਼ੁਰੂ ਕੀਤਾ ਗਿਆ ਤਾਂ ਜੈਲੇ ਖਾਂ ਨੇ ਕਣਕ ਦੀਆਂ ਬੋਰੀਆਂ ਕੁੱਪ ਵਿਚ ਬੰਨ੍ਹੀਆਂ ਹੋਈਆਂ ਸਨ, ਮਹੰਤ ਪੂਰਨ ਦਾਸ ਜੀ ਨੂੰ ਆਖਿਆ, ਉਹ ਕਢਾਕੇ ਲੰਗਰ ਵਿਚ ਪਾ ਦਿਓ। ਤਿੰਨ ਦਿਨ ਪਰਿਵਾਰ ਨੂੰ ਜੈਲੇ ਖਾਂ ਲੈ ਕੇ ਮਹਾਰਾਜ ਜੀ ਦੇ ਦਰਬਾਰ ਸਮਾਧਾਂ ਮੋਹਰੇ ਬੈਠਾ ਰਿਹਾ ਉੱਠਕੇ ਜਾਵੇ ਨਾ ਧਾਹਾਂ ਮਾਰ ਕੇ ਰੋਵੇ ਇਸ ਸੱਚੇ ਮੁਰਸ਼ਿਦ ਦਾ ਦਰ ਛੱਡਕੇ ਮੈਂ ਨਹੀਂ ਕਿਤੇ ਜਾਣਾ ਪੀਰ ਦੇ ਚਰਨਾਂ ਵਿਚ ਹੀ ਜਾਨ ਦੇ ਦੇਣੀ ਹੈ, ਜਦੋਂ ਸਾਰੇ ਸਾਥੀਆਂ ਨੇ ਜੋਰ ਦੇ ਕੇ ਕਹਿ ਸੁਣ ਕੇ ਤੁਰਿਆ, ਤੁਰਨ ਲੱਗੇ ਨੇ ਮਹਾਰਾਜ ਜੀ ਦੀ ਸਮਾਧ ਮੋਹਰੇ ਸਲਾਮ ਕਰਨ ਲੱਗੇ ਤੇ ਜ਼ੋਰ ਨਾਲ ਮੱਥਾ ਮਹੱਲ ਵਿਚ ਮਾਰਿਆ, ਬਾਕੀ ਹੋਰਨਾਂ ਨੇ ਹੱਥੋਂ ਹੱਥੀਂ ਫੜ ਲਿਆ, ਫੜਕੇ ਲੈ ਗਏ ਅੱਗੇ ਖੁਦਾ ਜਾਣੇ ਜੈਲੇ ਖਾਂ ਨਾਲ ਕੀ ਵਰਤੀ। ਹੋਰ ਵੀ ਬਹੁਤ ਸਾਰੇ ਮੁਸਲਮਾਨ ਆਪ ਜੀ ਤੋਂ ਖੁਦਾ ਵਰਗੀ ਸ਼ਰਧਾ ਰੱਖਦੇ ਸਨ, ਆਪ ਜੀ ਸਭ ਹਿੰਦੂ ਸਿੱਖ, ਮੁਸਲਮਾਨਾਂ ਦੇ ਸਾਂਝੇ ਪੀਰ ਸਨ। ਸਭ ਨੂੰ ਨਿਵਾਜਦੇ ਸਨ। *ਬੋਲੋ ਭਾਈ ਵਾਹਿਗੁਰੂ॥*

ਅੱਗੇ ਸਾਖੀ ਸ਼ਾਦੀ ਖਾਂ ਦੇ ਪਰਿਵਾਰ ਦੀ ਪ੍ਰਥਾਏ ਚੱਲੀ

ਇਕ ਦਿਨ ਮਹਾਰਾਜ ਜੀ ਕਿਸ਼ਨੇ ਨੂੰ ਹੁਕਮ ਕੀਤਾ, "ਬੁੱਕਣ! ਸ਼ਾਦੀ ਖਾਂ ਦੇ ਘਰ ਕਦੀ ਕਦੀ ਜਾ ਆਇਆ ਕਰ।" ਕਿਸ਼ਨੇ ਦਾ ਰਾਜਪੂਤਾਂ ਦੇ ਘਰੀਂ ਪਹਿਲਾਂ ਵੀ ਆਉਣਾ ਜਾਣਾ ਸੀ। ਕਿਸ਼ਨਾ ਇਕ ਦਿਨ ਕੰਵਲ ਕੋਲ ਬੈਠਾ ਸੀ। ਬੇਗਮ ਕੰਵਲ ਕਿਸ਼ਨੇ ਨੂੰ ਕਹਿੰਦੀ, "ਕਿਸ਼ਨਿਆਂ! ਸ਼ਾਦੀ ਖਾਂ ਦੇ ਤਿੰਨ ਬੱਚੇ ਹਨ, ਇਕ ਸ਼ਾਦੀ ਦੀ ਭੈਣ ਇਨ੍ਹਾਂ ਦੀ ਹਾਲਤ ਬਹੁਤ ਭੈੜੀ ਹੋ ਚੁੱਕੀ ਹੈ ਗਰੀਬੀ ਦੇ ਕਾਰਨ। ਸ਼ਾਦੀ ਖਾਂ ਗਏ ਨੂੰ ਕਾਫ਼ੀ ਦੇਰ ਹੋ ਗਈ, ਬਰਮਾ ਤੋਂ ਮੁੜਿਆ ਨਹੀਂ।

ਇਸ ਕਰਕੇ ਉਸਦੇ ਬੱਚਿਆਂ ਦਾ ਕੋਈ ਰੁਜ਼ਗਾਰ ਨਹੀਂ, ਕੋਈ ਗੁਜ਼ਰ ਨਹੀਂ। ਉਨ੍ਹਾਂ ਦੀ ਕੁੱਝ ਮੱਦਦ ਕਰ।" ਕਿਸ਼ਨਾ ਉਨ੍ਹਾਂ ਦੇ ਘਰ ਗਿਆ ਜਾ ਕੇ ਸ਼ਾਦੀ ਖਾਂ ਦੀ ਭੈਣ ਨੂੰ ਆਖਿਆ, "ਬੀਬੀ! ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਦੱਸ ਦਿਆ ਕਰੋ।" ਸ਼ਾਦੀ ਖਾਂ ਦੀ ਭੈਣ ਜਨਮ ਤੋਂ ਹੀ ਅੰਨ੍ਹੀ ਸੀ ਇਸੇ ਹੀ ਕਰਕੇ ਵਿਆਹ ਨਹੀਂ ਸੀ ਕੀਤਾ। ਸ਼ਾਦੀ ਦੀ ਭੈਣ ਨੇ ਉਸ ਦੀਆਂ ਬਾਹਾਂ ਫੜ ਕੇ ਟੋਹੀਆਂ, ਮੋਢੇ ਟੋਹਕੇ ਦੇਖੇ, ਬਗਲਾਂ ਵੀ ਦੇਖੀਆਂ। ਦੇਖਕੇ ਕਹਿੰਦੀ, "ਚੰਗਾ ਕਿਸ਼ਨਿਆਂ! ਤੂੰ ਮੇਰਾ ਧਰਮ ਦਾ ਭਰਾ ਹੋਇਆ। ਇਨ੍ਹਾਂ ਨਿਆਣਿਆਂ ਦੀ ਪਾਲਣਾ ਜਿੰਨੀ ਵੀ ਤੂੰ ਕਰ ਸਕਦਾ ਹੈਂ ਕਰ।" ਉਹ ਦੋਵੇਂ ਲੜਕੇ ਕਿਸ਼ਨੇ ਦੀ ਮਦਦ ਨਾਲ ਪੜ੍ਹ ਗਏ, ਲੜਕੀ ਵੀ ਨੌਜਵਾਨ ਹੋ ਗਈ। ਨਸ਼ੀਰਾ ਵਿਆਹੁਣ ਜੋਗੀ ਹੋਈ ਗੜ੍ਹਸ਼ੰਕਰ ਇਕ ਜੱਜ ਦੇ ਲੜਕੇ ਨੂੰ ਮੰਗ ਦਿੱਤੀ। ਸ਼ਾਦੀ ਦੇ ਬਾਹਰੋਂ ਪੈਸੇ ਵੀ ਆਉਣ ਲੱਗ ਪਏ। ਗਹਿਣੇ ਰੱਖੀ ਜ਼ਮੀਨ ਵੀ ਮੁੜ ਬਹਾਲ ਹੋ ਗਈ। ਸੰਨ 1946 ਵਿਚ ਸ਼ਾਦੀ ਖਾਂ ਬਰਮਾ ਤੋਂ ਆ ਗਿਆ, ਸ਼ਾਦੀ ਦੀ ਔਰਤ ਬਰਮਾ ਵਿਚ ਹੀ ਮਰ ਗਈ, ਤਿੰਨ ਲੜਕੀਆਂ ਉੱਧਰ ਹੋਈਆਂ ਸਨ। ਉਨ੍ਹਾਂ ਨੂੰ ਨਾਲ ਲੈ ਕੇ ਆ ਗਿਆ। ਕਿਸ਼ਨਾ ਪਹਿਲਾਂ ਦੀ ਤਰਾਂ ਸ਼ਾਦੀ ਦੇ ਘਰ ਆਉਂਦਾ ਜਾਂਦਾ ਰਿਹਾ। ਸੰਨ 1947 ਦੇ ਗ਼ਦਰ ਵਿਚ ਵੀ ਨਹੀਂ ਹਟਿਆ। ਕਈ ਵਾਰ ਰਾਤ ਨੂੰ ਜਾਣਾ ਪਹਿਰੇ ਲੱਗੇ ਹੁੰਦੇ ਸੀ। ਇਕ ਦਿਨ ਸਤਾਰ ਖਾਂ, ਗੁਲਜ਼ਾਰ ਖਾਂ, ਸਰਦਾਰ ਖਾਂ ਆਖਣ ਲੱਗੇ, "ਉਇ! ਤੈਨੂੰ ਜਾਨ ਨਹੀਂ ਚਾਹੀਦੀ?" ਕਿਸ਼ਨਾ ਕਹਿੰਦਾ, "ਬਈ! ਜਾਨ ਦੀ ਕੋਈ ਪਰਵਾਹ ਨਹੀਂ ਮੈਂ ਤੇ ਮਹਾਰਾਜ ਜੀ ਦਾ ਬੋਲ ਕਿਹਾ ਹੋਇਆ ਪਾਲਣਾ ਹੈ।" ਖੈਰ ਮੁੱਕਦੀ ਗੱਲ 1947 ਦੇ ਗ਼ਦਰ ਵਿਚ ਇਹ ਸ਼ਾਦੀ ਖਾਂ ਦਾ ਸਾਰਾ ਪਰਿਵਾਰ ਲੜਕੇ ਲੜਕੀਆਂ ਔੜ ਕੈਂਪ ਵਿਚ ਚਲੇ ਗਏ। ਕਿਸ਼ਨਾ ਉੱਥੇ ਵੀ ਆਪਣੇ ਭਰਾ ਨੂੰ ਨਾਲ ਲੈ ਕੇ ਮਿਲਣ ਜਾਂਦਾ ਰਿਹਾ। ਅਖ਼ੀਰ ਉਹ ਅੰਨ੍ਹੀ ਸ਼ਾਦੀ ਖਾਂ ਦੀ ਭੈਣ ਕਿਸ਼ਨੇ ਨੂੰ ਆਖਣ ਲੱਗੀ, "ਹੁਣ ਤੂੰ ਸਾਡੇ ਕੋਲ ਨਾ ਆਇਆ ਕਰ ਪਤਾ ਨਹੀਂ ਕਿਸੇ ਦੇ ਦਿਲ ਵਿਚ ਬੇਈਮਾਨੀ ਆ ਜਾਵੇ?" ਕਿਸ਼ਨੇ ਨੇ ਔੜ ਤੋਂ ਆ ਕੇ ਰਾਜਾ ਸਾਹਿਬ ਦੀ ਸਮਾਧ ਮੋਹਰੇ ਗਲ ਵਿਚ ਪੱਲਾ ਪਾ ਕੇ ਰੋ-ਰੋ ਕੇ ਅਰਦਾਸਾਂ ਕੀਤੀਆਂ, "ਸੱਚੇ ਪਾਤਸ਼ਾਹ! ਇਹ ਸ਼ਾਦੀ ਖਾਂ ਦੇ ਪਰਿਵਾਰ ਨੂੰ ਕੋਈ ਤਕਲੀਫ਼ ਨਾ ਹੋਵੇ, ਇਨ੍ਹਾਂ ਦਾ ਵਾਲ ਵਿੰਗਾ ਨਾ ਹੋਵੇ,

ਇਨ੍ਹਾਂ ਹੁੰਦੀ ਮੈਨੂੰ ਬੇਸ਼ਕ ਕੋਈ ਤਕਲੀਫ਼ ਹੋ ਜਾਏ।" ਜਦੋਂ ਔੜ ਹਮਲਾ ਹੋਇਆ, ਜਿੱਧਰ ਕਿਸੇ ਦੇ ਪੈਰ ਵਗੇ ਜਾਨ ਬਚਾਉਣ ਦੀ ਖਾਤਰ ਭੱਜ ਗਿਆ। ਇਹ ਸ਼ਾਦੀ ਖਾਂ ਦੀਆਂ ਪੰਜੇ ਲੜਕੀਆਂ ਸ਼ਾਦੀ ਖਾਂ ਦੀ ਭੈਣ ਇਹ ਪਿੰਡ ਭਧਾਣੇ ਵੱਲ੍ਹ ਦਰਿਆ ਦੇ ਕਿਨਾਰੇ ਜਾ ਨਿਕਲੀਆਂ। ਇਕ ਭਧਾਣਿਆਂ ਦੇ ਖੂਹ ਤੇ ਜਾ ਕੇ ਘਬਰਾਈਆਂ ਹੋਈਆਂ ਬੈਠ ਗਈਆਂ। ਇਕ ਕਰਮ ਸਿੰਘ ਨਾਂ ਦਾ ਜਥੇਦਾਰ ਇਸ ਦੇ ਨਾਲ ਹੋਰ ਵੀ ਬੰਦੇ ਕਾਫ਼ੀ ਸਨ, ਬੈਠੀਆਂ ਲੜਕੀਆਂ ਨੂੰ ਦੇਖ ਕੇ ਕੋਲ ਆਏ ਜਾ ਕੇ ਦੇਖਣ ਤਾਂ ਪੰਜੇ ਲੜਕੀਆਂ ਤੋਂ ਇਕ ਬੁੱਢੀ ਜਿਸਨੂੰ ਅੱਖਾਂ ਤੇ ਨਹੀਂ ਦਿਸਦਾ, ਲੜਕੀਆਂ ਇੰਨੀਆਂ ਸੁੰਦਰ ਸਨ, ਉਰਵਸ਼ੀ ਪਰੀ ਦੇ ਰੂਪ ਨੂੰ ਮਾਤ ਪਾਉਂਦੀਆਂ ਸਨ। ਇਨ੍ਹਾਂ ਦੇ ਫੁੱਲਾਂ ਵਰਗੇ ਚਿਹਰੇ ਕੁਮਲਾਏ ਹੋਏ ਸਨ। ਇਨ੍ਹਾਂ ਆਖਿਆ, "ਪਹਿਲਾਂ ਸਾਨੂੰ ਪਾਣੀ ਪਿਲਾਓ, ਸਾਡੀਆਂ ਲਬਾਂ ਖੁਸ਼ਕ ਹੋ ਕੇ ਦਮ ਨੱਕ ਵਿਚ ਆਏ ਹੋਏ ਹਨ।" ਇਨ੍ਹਾਂ ਸਾਰੀਆਂ ਬੱਚੀਆਂ ਨੂੰ ਪਿੰਡ ਭਧਾਣੀ ਲੈ ਗਏ ਕਰਮ ਸਿੰਘ ਨੇ ਆਪਣੇ ਵਾੜੇ ਵਿਚ ਬਿਠਾਕੇ ਬੰਦ ਕਰ ਦਿੱਤੀਆਂ, ਰਾਤ ਨੂੰ ਇਨ੍ਹਾਂ ਨੂੰ ਦੱਸਿਆ, "ਦਸੋ ਤੁਹਾਨੂੰ ਕੀ ਚਾਹੀਦਾ ਹੈ? ਜੇ ਆਖੋ ਤਾਂ ਚੰਗੇ ਘਰਾਂ ਵਿਚ ਤੁਹਾਨੂੰ ਬਿਠਾ ਦੇਈਏ? ਇਨ੍ਹਾਂ ਰਾਜਪੂਤ ਬੱਚੀਆਂ ਨੇ ਆਖਿਆ, "ਭਾਈ ਸਾਹਿਬ ਜੀ! ਅਸੀਂ ਕਿਸੇ ਦੇ ਘਰ ਨਹੀਂ ਵਸਾਂਗੀਆਂ, ਆਹ ਤੁਹਾਡੀ ਖੂਹੀ ਵਿਚ ਛਾਲਾਂ ਮਾਰ-ਮਾਰ ਕੇ ਖੇਡ ਜਾਵਾਂਗੀਆਂ ਜਾਨ ਦੀ ਬਾਜ਼ੀ। ਸਾਨੂੰ ਜਿਉਣ ਦੀ ਕੋਈ ਲੋੜ ਨਹੀਂ, ਧਰਮ ਤੋਂ ਪਤਿਤ ਹੋ ਕੇ ਅਸੀਂ ਨਹੀਂ ਜੀਵਾਂਗੀਆਂ।" ਇਹੋ ਗੱਲਾਂ ਹੋ ਰਹੀਆਂ ਸਨ ਪੰਡਿਤ ਬਸੰਤ ਸਿੰਘ ਕੋਲ ਦੀ ਲੰਘੇ। ਕੰਨਾਂ ਵਿਚ ਅਵਾਜ਼ ਰੌਲੇ ਦੇ ਆਈ, ਮੁੜਕੇ ਵਾੜੇ ਵਿਚ ਜਾ ਵੜੇ ਉੱਥੇ ਮੁਸਲਮਾਨਾਂ ਦੀਆਂ ਲੜਕੀਆਂ ਫੜ ਕੇ ਆਂਦੀਆਂ ਹੋਈਆਂ ਹਨ। ਇਹ ਬਸੰਤ ਸਿੰਘ ਨਾਮਧਾਰੀ ਪੰਥ ਵਿਚ ਇਕ ਮੰਨੇ ਪ੍ਰਮੰਨੇ ਵਿਦਵਾਨ ਸਮਝੇ ਜਾਂਦੇ ਸਨ, ਇਹ ਜੁਆਨ ਵੀ ਬਹੁਤ, ਸੂਰਬੀਰ, ਨਿਧੜਕ ਸਨ। ਪੰਡਿਤ ਜੀ ਦਾ ਕੋਮਲ ਹਿਰਦਾ ਤੇ ਲੜਕੀਆਂ ਦੇ ਝੁੰਡ ਨੂੰ ਚਿੜੀਆਂ ਵਾਂਗ ਫਸੀਆਂ ਹੋਈਆਂ ਦੇਖਕੇ ਰਹਿ ਨਾ ਸਕਿਆ, ਸਾਰਿਆਂ ਨੂੰ ਪਿੱਛੇ ਹਟਾਕੇ ਆਪ ਮੋਹਰੇ ਹੋ ਕੇ ਇਨ੍ਹਾਂ ਲੜਕੀਆਂ ਨੂੰ ਪੁੱਛਿਆ, "ਦੱਸੋ ਕੀ ਚਾਹੀਦੈ? ਕਿੱਥੇ ਜਾਣੈ? ਜੋ ਆਖੋ ਉਹੀ ਕੀਤਾ ਜਾਵੇਗਾ ਹੁਣ ਕਿਸੇ ਕੋਲੋਂ ਡਰਨ ਦੀ ਜਰੂਰਤ ਨਹੀਂ, ਸਾਡੇ ਜਿਉਂਦਿਆਂ

ਹੋਇਆ ਤੁਹਾਨੂੰ ਕੋਈ ਉਂਗਲੀ ਨਹੀਂ ਲਾ ਸਕਦਾ।" ਇਨ੍ਹਾਂ ਸਾਰੀਆਂ ਨੇ ਹੀ ਆਖਿਆ ਜੇ ਸਾਡੇ ਤੇ ਰਹਿਮ ਕਰਦੇ ਹੋ, ਸਾਨੂੰ ਪਿਡ ਮਜਾਰੇ ਕਿਸ਼ਨੇ ਕੋਲ ਛੱਡ ਆਵੋ। ਪੰਡਿਤ ਬਸੰਤ ਸਿੰਘ ਜੀ ਕਿਸ਼ਨੇ ਨੂੰ ਪਹਿਲਾਂ ਹੀ ਜਾਣਦੇ ਸਨ। ਰਾਤ ਆਪਣੇ ਕੋਲ ਰੱਖਿਆ ਲੰਗਰ ਪਾਣੀ ਛਕਾਇਆ, ਦੂਜੇ ਦਿਨ ਗੱਡੀ ਜੁੜਾ ਕੇ ਪੰਡਿਤ ਜੀ ਖੂਹਾ ਲੈ ਕੇ ਆਪ ਨਾਲ ਲੈ ਕੇ ਪਿਡ ਮਜਾਰੇ ਛੱਡ ਗਏ। ਇਹ ਲੜਕੀਆਂ ਦਸ ਮਹੀਨੇ ਕਿਸ਼ਨੇ ਦੇ ਕੋਲ ਰਹੀਆਂ ਕਈ ਵਾਰੀ ਮਿਲਟਰੀ ਇਨ੍ਹਾਂ ਨੂੰ ਫੜਨ ਵਾਸਤੇ ਆਈ ਖੇਤਾਂ ਵਿਚ ਲੁਕ ਜਾਣਾ ਕਿਸ਼ਨੇ ਨੇ ਇਨ੍ਹਾਂ ਨੂੰ ਫੜ ਨਾ ਹੋਣ ਦਿੱਤਾ ਜਦੋਂ ਸ਼ਾਦੀ ਖਾਂ ਦਾ ਲੜਕਾ ਮਿਲਟਰੀ ਦੇ ਨਾਲ ਆਇਆ ਤਾਂ ਬੁਰਕੇ ਪੁਆ ਕੇ ਤੋਰ ਦਿੱਤੀਆਂ। ਸਭ ਨੂੰ ਬੁਰਕੇ ਸੰਵਾ ਕੇ ਦਿੱਤੇ ੮੦ ਰੁਪਏ ਦਾ ਕੱਪੜਾ ਇਨ੍ਹਾਂ ਨੂੰ ਜਿਹੜਾ ਲੱਗਾ ਉਸਦੇ ਪੈਸੇ ਕਿਸ਼ਨੇ ਨੇ ਦਿੱਤੇ। ਇਨ੍ਹਾਂ ਦੇ ਨਾਲ ਹੀ ਕਿਸ਼ਨੇ ਨੂੰ ਫੜਕੇ ਮਿਲਟਰੀ ਵਾਲੇ ਲੈ ਗਏ। ਜਲੰਧਰ ਜਾ ਕੇ ਲੜਕੀਆਂ ਦਾ ਮੁਲਾਹਜ਼ਾ ਕੀਤਾ ਗਿਆ। ਮਿਸ ਵਲੋਂ ਰਿਪੋਰਟ ਬਿਲਕੁਲ ਕੋਰੀ ਮਿਲੀ, ਇਸ ਬਹਾਦਰੀ ਦਾ ਇਨਾਮ ੬੦੦ ਰੁਪਿਆ ਕਿਸ਼ਨੇ ਨੂੰ ਹਾਈ ਕਮਿਸ਼ਨ ਦੇਣ ਲੱਗਾ। ਕਿਸ਼ਨਾ ਕਹਿੰਦਾ, "ਸਾਹਿਬ ਬਹਾਦਰ! ਮੇਰਾ ਤਾਂ ਟੱਬਰ ਹੀ ਇਹੋ ਹੈ, ਮੇਰੇ ਤੇ ਬੱਚੇ ਵੀ ਇਹੋ ਹਨ, ਮੈਂ ਕੋਈ ਇਨ੍ਹਾਂ ਦਾ ਮੁੱਲ ਲੈਣਾ ਹੈ। ਮੈਂ ਤਾਂ ਆਪਣੇ ਸਤਿਗੁਰੂ ਦਾ ਆਖਿਆ ਬੋਲ ਪਾਲਿਆ ਹੈ।" ਇੰਨਾ ਸੁਣਕੇ ਸਾਹਿਬ ਨੇ ਇਕ ਚਿੱਠੀ ਲਿਖ ਕੇ ਦੇ ਦਿੱਤੀ। *ਬੋਲੋ ਭਾਈ ਵਾਹਿਗੁਰੂ॥*

ਸਾਖੀ ਕਿਸ਼ਨੇ ਨਾਲ ਹੋਈ

ਇਕ ਦਿਨ ਕਿਸ਼ਨਾ ਦੁਪਹਿਰ ਦੀ ਰੋਟੀ ਖਾ ਕੇ ਮਹਾਰਾਜ ਜੀ ਦੇ ਦਰਸ਼ਨ ਵਾਸਤੇ ਹਰ ਰੋਜ਼ ਦੀ ਤਰਾਂ ਗਿਆ। ਮਹਾਰਾਜ ਕਰਤਾਰੀ ਝੀਰੀ ਦੇ ਘਰ ਬੈਠੇ ਸਨ। ਗਰਮੀ ਦੇ ਦਿਨ ਸਨ। ਗਰਮੀ ਵੀ ਕਹਿਰ ਦੀ ਪੈ ਰਹੀ ਸੀ, ਕੋਈ ਦੋ ਕੁ ਦਾ ਸਮੇਂ ਸੀ। ਮਹਾਰਾਜ ਚੁਬਾਰੇ ਵਿਚ ਬਿਰਾਜਮਾਨ ਸਨ। ਕਿਸ਼ਨਾ ਚੁਬਾਰੇ ਵਿਚ ਗਿਆ। ਸਤਿਗੁਰਾਂ ਦੇ ਚਰਨਾਂ ਵਿਚ ਨਮਸਕਾਰ ਕੀਤੀ। ਹਜ਼ੂਰ ਬੋਲੇ, "ਬੁੱਕਣਾਂ! ਦੇਖ ਪਿੰਡ ਦੇ ਕੋਠਿਆਂ ਦੇ ਬਨੇਰੇ ਭਰੇ ਹੋਏ ਹਨ। ਦੇਵਤੇ ਲੱਖਾਂ ਦੀ ਤਾਦਾਦ ਵਿਚ ਬੈਠੇ ਚਰਨਾਮਤ ਪੀਣ ਨੂੰ

ਮੰਗਦੇ ਹਨ ਬਹੁਤ ਪਿਆਸੇ ਹਨ।" ਕਿਸ਼ਨਾ ਕਹਿੰਦਾ, "ਜੀ! ਐਨੇ ਖੂਹ ਵਗਦੇ ਹਨ ਕਿਸੇ ਖੂਹ ਤੋਂ ਪਾਣੀ ਪੀ ਲੈਣ। ਐਨਿਆਂ ਨੂੰ ਕਿਵੇਂ ਪਾਣੀ ਪਿਆਵਾਂਗੇ?" ਮਹਾਰਾਜ ਕਹਿੰਦੇ, "ਕਿਸ਼ਨਾ ਕਹਿਣੇ ਲਗੀਦਾ, ਝਟ ਕਰ, ਉਹ ਪਿਆ ਘੜਾ ਚੁੱਕ।" ਕਿਸ਼ਨਾ ਘੜਾ ਚੁੱਕਣ ਲੱਗਾ ਕਹਿੰਦੇ, "ਪਹਿਲਾਂ ਕਪੜੇ ਲਾਹ ਸੁੱਟ।" ਸਾਰੇ ਗਲੋਂ ਕੱਪੜੇ ਲੁਹਾਕੇ ਤੇੜ ਦਾ ਜਾਂਘੀਆ ਵੀ ਲੁਹਾ ਦਿੱਤਾ। ਅਲਫ ਨੰਗਾ ਕਰਕੇ ਇਸ਼ਨਾਨ ਕਰਵਾ ਕੇ ਫਿਰ ਆਖਿਆ ਕਿ ਘੜਾ ਵੀ ਕਾਫ਼ੀ ਵੱਡਾ ਅਤੇ ਹੋਰ ਸ਼ਕਲ ਦਾ ਸੀ। ਕਿਸ਼ਨਾ ਸ਼ਰਮ ਦੇ ਮਾਰਿਆ ਹੋਇਆਂ ਬਾਹਰ ਨਾ ਨਿਕਲੇ ਕਹਿੰਦਾ, "ਸੱਚੇ ਪਾਤਸ਼ਾਹੋ! ਬਾਹਰ ਜਾਂਦੇ ਨੂੰ ਸ਼ਰਮ ਆਉਂਦੀ ਹੈ, ਲੋਕ ਗਾਲੀਆਂ ਦੇਣਗੇ।" ਮਹਾਰਾਜ ਕਹਿੰਦੇ, "ਜਦੋਂ ਤੈਨੂੰ ਹਮਾਰਾ ਹੁਕਮ ਹੈ ਫਿਰ ਕੀ ਡਰ ਹੈ?" ਕਿਸ਼ਨਾ ਘੜਾ ਲੈ ਕੇ ਬਾਹਰ ਨਿਕਲਿਆ। ਮੋਹਰੇ ਕਰਤਾਰੀ ਤੇ ਹੋਰ ਮਾਈਆਂ ਬੈਠੀਆਂ। ਉਨ੍ਹਾਂ ਨੇ ਕਿਸ਼ਨੇ ਨੂੰ ਆਖਿਆ, "ਬੇ-ਸ਼ਰਮਾ ਲੱਕ ਤੇ ਕੁੱਝ ਬੰਨ੍ਹ ਲੈ। ਪਿਡ ਵਿਚ ਨੰਗਾ ਫਿਰਦਾ ਚੰਗਾ ਲੱਗਦਾ ਹੈਂ।" ਉਪਰੋਂ ਮਹਾਰਾਜ ਜੀ ਬੋਲੇ, "ਕਰਤਾਰੀ! ਮੇਰਾ ਹੁਕਮ ਹੈ।" ਖੈਰ ਸਰਕਾਰ ਦੇ ਹੁਕਮ ਦੀ ਬੇ-ਅਦੂਲੀ ਕੌਣ ਕਰ ਸਕਦਾ ਸੀ? ਜੋ ਹੁਕਮ ਹੋਵੇ ਕਰਨਾ ਹੀ ਪੈਂਦਾ ਸੀ। ਕਿਸ਼ਨਾ ਪਿੰਡੋਂ ਲਹਿੰਦੇ ਪਾਸੇ ਦੇ ਇਕ ਖੂਹ ਤੋਂ ਘੜਾ ਪਾਣੀ ਦਾ ਭਰ ਕੇ ਲੈ ਆਇਆ। ਇਹ ਖੂਹ ਗੁਣਾਚੌਰ ਨੂੰ ਜਿਹੜੀ ਡੰਡੀ ਜਾਂਦੀ ਹੈ ਉਸ ਉੱਤੇ ਸੀ। ਉਥੋਂ ਪਾਣੀ ਦਾ ਘੜਾ ਲਿਆਕੇ ਸਤਿਗੁਰਾਂ ਦੇ ਹਜ਼ੂਰ ਰੱਖਿਆ। ਪਾਣੀ ਦੇ ਭਰੇ ਹੋਏ ਘੜੇ ਨੂੰ ਸੱਜੇ ਚਰਨ ਦੇ ਅੰਗੂਠੇ ਦੀ ਛੋਹ ਨਾਲ ਪਵਿੱਤਰ ਕਰਕੇ ਅੰਮ੍ਰਿਤ ਬਣਾਕੇ ਚਰਨਾਮਤ ਵਜੋਂ ਦੇਵਤਾ ਲੋਕਾਂ ਨੂੰ ਪੀਣ ਦਾ ਹੁਕਮ ਕੀਤਾ। ਚੁਬਾਰੇ ਵਿਚ ਹੀ ਘੜਾ ਪਾਣੀ ਡੋਲ੍ਹ ਦਿੱਤਾ। ਕਿਸ਼ਨੇ ਨੂੰ ਹੁਕਮ ਹੋਇਆ ਬੁੱਕਣ ਹੋਰ ਲੈ ਆਉ। ਕਿਸ਼ਨਾ ਹੱਥ ਬੰਨ੍ਹਕੇ ਕਰਨ ਲੱਗਾ, "ਸੱਚੇ ਪਾਤਸ਼ਾਹ! ਤੇੜ ਬੰਨ੍ਹਣ ਵਾਸਤੇ ਕੋਈ ਬਸਤਰ ਬਖਸ਼ੋ ਰਸਤੇ ਵਿਚ ਲੜਕੀਆਂ ਮਿਲਦੀਆਂ ਹਨ ਤਾਂ ਸ਼ਰਮ ਆਉਂਦੀ ਹੈ। ਕਿਸ਼ਨੇ ਦੀ ਉਮਰ ਉਸ ਵੇਲੇ ੨੦ ਸਾਲ ਦੀ ਸੀ। ਸਰੀਰ ਚੰਗਾ ਰਿਸ਼ਟ ਪੁਸ਼ਟ ਸੀ। ਕਿਸ਼ਨੇ ਨੇ ਬੇਨਤੀ ਮੰਨਕੇ ਪਾਤਸ਼ਾਹ ਨੇ ਆਪਣੀ ਰੁਮਾਲੀ ਖੋਹਲਕੇ ਦੇ ਦਿੱਤੀ। ਸੂਰਜ ਡੁੱਬਣ ਤਾਈਂ ਕਿਸ਼ਨਾ ਪਾਣੀ ਲਿਆਉਂਦਾ ਰਿਹਾ ਸੋ ਘੜਾ ਪੂਰਾ ਮੰਗਵਾਇਆ। ਕਿਸ਼ਨੇ ਨੂੰ ਮਹਾਰਾਜ ਜੀ ਬੁੱਕਣ ਆਖਕੇ ਬੁਲਾਇਆ ਕਰਦੇ ਸਨ, ਸੋ ਘੜਾ ਪੂਰਾ ਹੋਣ ਤੇ ਕਿਸ਼ਨੇ ਨੂੰ ਛੁੱਟੀ ਦਿੱਤੀ। ਪਹਿਲੇ ਕੱਪੜੇ ਕਿਸ਼ਨੇ ਦੇ ਮਹਾਰਾਜ ਜੀ ਨੇ ਕਰਤਾਰ ਸਿੰਘ

ਦੇ ਘਰ ਪਹੁੰਚਾ ਦਿੱਤੇ ਸੀ। ਤਿੰਨ ਦਿਨ ਕਿਸ਼ਨਾ ਨੰਗਾ ਰੁਮਾਲੀ ਸਣੇ ਹੀ ਰਿਹਾ ਤੀਜੇ ਦਿਨ ਜਦੋਂ ਦਰਸ਼ਨ ਕਰਨ ਗਿਆ ਮਹਾਰਾਜ ਕਹਿੰਦੇ, "ਕਿਸ਼ਨਾ! ਤੇਰੇ ਬਸਤਰ ਮੇਰੇ ਘਰ ਪਏ ਹਨ।" ਮੁੜਦੀ ਜ਼ੁਬਾਨੇ ਹੁਕਮ ਕੀਤਾ "ਚਲ! ਕਹਿੰਦੇ ਰੋੜੀਏ ਨੱਠ ਚਲ।" ਕਿਸ਼ਨਾ ਰੋੜੀਏ ਚਲਾ ਗਿਆ ਤਾਂ ਕੀ ਦੇਖੇ ਮਹਾਰਾਜ ਜੀ ਅੱਗੇ ਪਹਿਲਾਂ ਹੀ ਰੋੜੀਏ ਪਹੁੰਚੇ ਹੋਏ। ਇਕ ਜੋੜਾ ਭਗਤ-ਭਗਤਣੀ ਦੋਵੇਂ ਬੀਵੀ ਮੀਆਂ ਸਤਿਗੁਰਾਂ ਦੇ ਹਜ਼ੂਰ ਹੱਥ ਜੋੜ ਕੇ ਖੜ੍ਹੇ ਪਾਤਸ਼ਾਹ ਵਾਸਤੇ ਬਸਤਰ ਬਣਾ ਕੇ ਲਿਆਏ ਹੋਏ ਸੀ। ਇਹ ਬਸਤਰ ਪਹਿਨੋ ਸਾਡੇ ਮਨ ਦੀ ਇੱਛਾ ਪੂਰੀ ਹੋਵੇ। ਇੰਨੇ ਚਿਰ ਨੂੰ ਕਿਸ਼ਨਾ ਵੀ ਕੋਲ ਚਲੇ ਗਿਆ। ਉਹ ਸਫ਼ੈਦ ਰੰਗ ਦੇ ਬਸਤਰ ਲਿਆਏ ਸਨ। ਉਨ੍ਹਾਂ ਗੁਰਮੁਖਾਂ ਨੂੰ ਹੁਕਮ ਕੀਤਾ, "ਇਹ ਮੁੰਡੇ ਨੂੰ ਦੇ ਦੇਵੋ ਤੁਹਾਡੇ ਵਲੋਂ ਸਾਨੂੰ ਮਿਲ ਗਏ ਹਨ।" ਉਨ੍ਹਾਂ ਕਿਸ਼ਨੇ ਦੇ ਹੱਥਾਂ ਤੇ ਧਰਕੇ ਨਮਸਕਾਰ ਕੀਤਾ। ਸਰਕਾਰ ਤੋਂ ਖੁਸ਼ੀਆਂ ਲਈਆਂ। ਕਿਸ਼ਨੇ ਦੇ ਗਲ ਉਹ ਸੁੱਚੇ ਪਸ਼ਮੀਨੇ ਦਾ ਚੋਗਾ ਪਵਾ ਦਿੱਤਾ। ਉਥੋਂ ਅੱਗੇ ਮਹਾਰਾਜ ਗੋਸਲਾਂ ਵੱਲ੍ਹ ਦੇ ਪਾਸੇ ਨੂੰ ਜਾ ਨਿਕਲੇ। ਕੁੱਝ ਅੱਗੇ ਜਾ ਕੇ ਖੇਤਾਂ ਵਿਚ ਜਾ ਖੜ੍ਹੇ ਹੋਏ। ਇੰਨੇ ਚਿਰ ਨੂੰ ਪਿੰਡੋਂ ਮੂਲਾ ਦਰਸ਼ਨ ਕਰਨ ਦੇ ਖਿਆਲ ਨਾਲ ਆਇਆ। ਆ ਕੇ ਸਤਿਗੁਰਾਂ ਦੇ ਚਰਨਾਂ ਵਿਚ ਨਮਸਕਾਰ ਕੀਤੀ। ਮਹਾਰਾਜ ਕਹਿੰਦੇ,"ਮੂਲਾ! ਹਮਾਮ ਮਹਿੰਦੀ ਵੀ ਅਸੀਂ ਹੀ ਹੋਵਾਂਗੇ। ਨਿਰਕਲੰਕ ਹੋ ਕੇ ਅਸੀਂ ਆਵਾਂਗੇ, ਜਦੋਂ ਦੁਆਨੀ ਕਨਾਲ ਦਾ ਮਾਮਲਾ ਹੋਵੇਗਾ ਉਸ ਵੇਲੇ ਸਮਝ ਲਈ ਅਸੀਂ ਫਿਰ ਦੁਨੀਆਂ ਵਿਚ ਆਏ ਹੋਵਾਂਗੇ। ਸਾਡੇ ਇਹ ਆਉਣ ਦੀ ਨਿਸ਼ਾਨੀ ਮੂਲਾ ਪੱਕੀ ਸਮਝੀਂ। ਮੂਲਾ! ਸੂਈ ਸਾਰਖੀ ਵੀ ਰਾਜਾ ਦੇ ਨਾਂ ਤੇ ਹੀ ਬਣੀ ਹੋਈ ਹੈ। ਅਹਿਰਨ ਸਾਰਖੀ ਵੀ ਰਾਜਾ ਦੇ ਨਾਂ ਤੇ ਹੀ ਬਣੀ ਹੋਈ ਹੈ। ਇਹ ਇਸ਼ਾਰਾ ਮੂਲੇ ਨੂੰ ਕੀਤਾ, ਜਿੰਨੇ ਜੀਵ ਖੰਡ ਬ੍ਰਹਿਮੰਡ ਅਕਾਸ਼ ਪਤਾਲ ਲੋਆਂ ਸਭ ਖੁਦਾ ਦੀ ਰਜ਼ਾ ਵਿਚ ਅਤੇ ਕਾਰ ਵਿਚ ਵਸਦੇ ਹਨ। "ਸਗਲ ਸਮਗਰੀ ਤੁਮਰੇ ਸੂਤਰ ਧਾਰੀ" ਜਿਸ ਤਰਾਂ ਮਾਲਾ ਦੇ ਮਣਕੇ ਸੂਤਰ ਦੇ ਧਾਗੇ ਨਾਲ ਬੰਨ੍ਹੇ ਹੋਏ ਹੁੰਦੇ ਹਨ, ਇਸੇ ਤਰਾਂ ਕਰਤਾਰ ਦੀ ਸ਼ਕਤੀ ਨਾਲ ਸਭ ਕੁੱਝ ਬਧਾ ਹੋਇਆ ਹੈ। ਇਹ ਉਪਦੇਸ਼ ਮੂਲੇ ਨੂੰ ਕਰਕੇ ਅੱਗੇ ਨੂੰ ਚਲ ਪਏ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਹੋਰ ਮੂਲੇ ਨਾਲ ਹੋਈ

ਇਕ ਵਾਰ ਦੀ ਗੱਲ ਹੈ ਮਹਾਰਾਜ ਉਨ੍ਹਾਂ ਦਿਨਾਂ ਵਿਚ ਕਈ ਰੋਜ਼ ਸਤਲੁਜ ਦੇ ਮੰਡ ਵਿਚ ਹੀ ਬੈਠੇ ਰਹੇ। ਜੇਠ ਹਾੜ੍ਹ ਦੇ ਦਿਨ ਸਨ, ਗਰਮੀ ਕਹਿਰ ਦੀ ਪੈ ਰਹੀ ਸੀ। ਜਾਨਵਰਾਂ ਦੇ ਦਮ ਖੁਸ਼ਕ ਹੋ ਰਹੇ ਸਨ, ਨਦੀਆਂ ਨਾਲਿਆਂ ਦੇ ਪਾਣੀ ਸੁੱਕ ਗਏ ਸਨ। ਲੋਅ ਨਾਲ ਕੰਨ ਸੜਦੇ ਸਨ, ਧਰਤੀ ਤਾਂਬੇ ਵਾਂਗ ਤਪ ਰਹੀ ਸੀ। ਪੈਰ ਥਿੱਲਾਂ ਵਾਂਗ ਸੜਦੇ ਸੀ, ਆਪ ਜੀ ਇੰਨੀ ਤਪਦੀ ਰੇਤ ਵਿਚ ਬੈਠੇ। ਮੂਲਾ ਪਰਸ਼ਾਦਾ ਲੈ ਕੇ ਗਿਆ, ਅੱਗੇ ਸਤਿਗੁਰਾਂ ਨੂੰ ਧੁੱਪ ਵਿਚ ਬੈਠਿਆਂ ਨੂੰ ਦੇਖਕੇ ਬੇਨਤੀਆਂ ਕਰਦਾ, "ਸੱਚੇ ਪਾਤਸ਼ਾਹੋ! ਇਹ ਅੱਗ ਵਾਂਗ ਤਪੀ ਹੋਈ ਰੇਤ ਵਿਚ ਤੁਸੀਂ ਕਿੰਝ ਬੈਠੇ ਰਹਿੰਦੇ ਹੋ? ਤੁਹਾਡੇ ਪੈਰ ਨਹੀਂ ਸੜਦੇ। ਸਾਡੇ ਕੋਲੋਂ ਤਾਂ ਇਥੇ ਦਸ ਮਿੰਟ ਵੀ ਨਹੀਂ ਝੁਰਿਆ ਜਾਦਾ। ਮਹਾਰਾਜ ਕਹਿੰਦੇ, "ਮੂਲਾ! ਤੈਨੂੰ ਅਜੇ ਯਕੀਨ ਹੀ ਨਹੀਂ ਹੋਇਆ, ਤੂੰ ਸਮਝ ਨਹੀਂ ਸਕਿਆ।" ਮੂਲਾ- ਜੀ ਮੈਂ ਆਪਨੂੰ ਖੁਦਾ ਹੀ ਸਮਝਦਾ ਹਾਂ। ਹੌਲੀ-ਹੌਲੀ ਮੂਲੇ ਦੇ ਨਾਲ ਬਚਨ ਬਿਲਾਸ ਕਰਦੇ ਜਲਾਹ ਮਾਜਰੇ ਦੇ ਖੇਤਾਂ ਵਿਚ ਜਾ ਬੈਠੇ, ਮੂਲਾ ਵੀ ਨਾਲ ਹੀ ਸੀ। ਸ਼ਾਮ ਪੈਣ ਤੇ ਮੂਲੇ ਨੂੰ ਹੁਕਮ ਕੀਤਾ ਮੂਲਾ ਪਿੰਡੋਂ ਰਜਾਈ ਲੈ ਆਓ। ਮੂਲਾ ਕਿਸੇ ਸੇਵਕ ਦੇ ਘਰੋਂ ਰਜਾਈ ਲੈ ਗਿਆ। ਮਹਾਰਾਜ ਜੀ ਰਜਾਈ ਵਿਚ ਲਪੇਟ ਹੋ ਕੇ ਲੇਟ ਗਏ। ਮਹਾਰਾਜ ਕਹਿੰਦੇ, "ਮੂਲਾ! ਤੂੰ ਵੀ ਰਜਾਈ ਉੱਪਰ ਲੈ ਲੈਣੀ ਸੀ।" ਮੂਲਾ ਕਹਿੰਦਾ, "ਸੱਚੇ ਪਾਤਸ਼ਾਹ! ਮੈਨੂੰ ਤੇ ਕਪੜਿਆਂ ਨੂੰ ਖੋਹਿਲਆਂ ਤੇ ਵੀ ਟਿਕਾਓ ਨਹੀਂ, ਐਨੀ ਗਰਮੀ ਪੈਂਦੀ ਹੈ ਮੈਂ ਤਾਂ ਗਲ ਦੇ ਕਪੜੇ ਵੀ ਲਾਹ ਕੇ ਰੱਖੇ ਹਨ।" ਮੂਲਾ ਇਸ ਕੌਤਕ ਨੂੰ ਦੇਖਕੇ ਹੋਰ ਵੀ ਹੈਰਾਨ ਹੋਇਆ ਇਹ ਅਸਾਧ ਲੀਲ੍ਹਾ ਮੂਲੇ ਨੂੰ ਦਿਖਾਈ। ਮੂਲੇ ਦਾ ਭਰਮ ਹੋਰ ਵੀ ਦੂਰ ਕਰ ਦਿੱਤਾ। ਗਰਮੀਆਂ ਤੇ ਸਰਦੀਆਂ ਤਾਂ ਇਨ੍ਹਾਂ ਦੇ ਹੁਕਮ ਵਿਚ ਹੀ ਚਲਦੀਆਂ ਹਨ। ਮਹਾਰਾਜ ਪਿੰਡ ਘਟਾਰੋਂ ਦੇ ਖੇਤਾਂ ਵਿਚ ਆ ਕੇ ਬੈਠੇ, ਮੂਲੇ ਨੂੰ ਘਰ ਜਾਣ ਦਾ ਹੁਕਮ ਦਿੱਤਾ। ਦੂਜੇ ਦਿਨ ਮੂਲਾ ਪਰਸ਼ਾਦਾ ਲੈ ਕੇ ਗਿਆ। ਮਹਾਰਾਜ ਕਹਿਦੇ, "ਮੂਲਾ! ਚਲ ਇਥੋ ਹੀ ਮੁੜ ਚਲ ਪਰਸ਼ਾਦਾ ਕੁੱਤਿਆਂ ਨੂੰ ਪਾ ਦੇਹ। ਭਾਂਡੇ ਫਿਰ ਆ ਜਾਣਗੇ, ਰਸੋਖਾਨੇ ਜਾ ਆਓ, ਕੁੱਝ ਥੋੜ੍ਹਾ ਘਣਾ ਲੰਗਰ ਵਿਚ

ਸੀਧਾ ਪਾ ਆਓ।" ਮੂਲੇ ਦੇ ਸਰੀਰ ਵਿਚ ਗੋਡਿਆਂ ਵਿਚ ਦਰਦ ਹੁੰਦਾ ਰਹਿੰਦਾ ਸੀ। ਗੋਡੇ, ਪੈਰ ਸੁੱਜੇ ਰਹਿੰਦੇ ਸਨ। ਮੂਲੇ ਨੂੰ ਰਸੋਖਾਨੇ ਜਾ ਆਉਣ ਦਾ ਹੁਕਮ ਹੋਇਆ। ਉਹ ਮਜਾਰੇ ਗਿਆ ਨਾ, ਦੂਜੇ ਪਹਿਰ ਭਾਂਡੇ ਆਪ ਤਾਂ ਲੈਣ ਗਿਆ ਨਾ, ਪਈ ਮਹਾਰਾਜ ਆਖਣਗੇ ਸਾਡਾ ਹੁਕਮ ਨਹੀਂ ਮੰਨਿਆ ਕਿਸੇ ਹੋਰ ਨੂੰ ਭੇਜ ਦਿੱਤਾ। ਉਸ ਭਾਂਡੇ ਲਿਆਉਣ ਵਾਲੇ ਗੁਰਮੁਖ ਨੂੰ ਮਹਾਰਾਜ ਨੇ ਪੁੱਛਿਆ, "ਮੂਲਾ ਰਸੋਖਾਨੇ ਗਿਆ ਜਾਂ ਨਹੀਂ।" ਉਸ ਗੁਰਮੁਖ ਨੇ ਆਖਿਆ, "ਜੀ! ਘਰ ਹੀ ਬੈਠਾ ਹੈ, ਗਿਆ ਨਹੀਂ।" ਮਹਾਰਾਜ ਕਹਿੰਦੇ, "ਜਾਂਦਾ ਤਾਂ ਚੰਗਾ ਹੀ ਸੀ ਭਲਾ ਹੋ ਜਾਂਦਾ।" ਇਹ ਹੁਕਮ ਪਾਤਸ਼ਾਹ ਜੀ ਦਾ ਘਰ ਆ ਕੇ ਮੂਲੇ ਨੂੰ ਭਾਂਡੇ ਲਿਆਉਣ ਵਲੇ ਬੰਦੇ ਨੇ ਕਹਿ ਸੁਣਾਇਆ। ਮੂਲਾ ਉਸੇ ਹੀ ਸਮੇਂ ਥੋੜ੍ਹਾ ਜਿਹਾ ਅੰਨ ਪਾਣੀ ਇਕ ਬੋਰੇ ਵਿਚ ਬੰਨ੍ਹ ਕੇ ਲੈ ਤੁਰਿਆ। ਰਸੋਖਾਨੇ ਦੀ ਹੱਦ ਵਿਚ ਜਾਣ ਦੇ ਨਾਲ ਹੀ ਇਕ ਪਲ ਵਿਚ ਜੋ ਮੂਲੇ ਦੇ ਸਰੀਰ ਵਿਚ ਪੀੜ ਹੋ ਰਹੀ ਸੀ, ਪਤਾ ਨਹੀਂ ਕਿੱਧਰ ਉਡ ਗਈ। ਸਰੀਰ ਹਲਕਾ ਕੰਗਣ ਵਰਗਾ ਨਿਰੋਗ ਹੋ ਗਿਆ। ਫਿਰ ਕਦੀ ਦਰਦ ਨਹੀਂ ਹੋਇਆ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਤੁੰਗਲ ਨਾਲ ਹੋਈ

ਘਟਾਰੋਂ ਤੋਂ ਉੱਠਕੇ ਮਹਾਰਾਜ ਪਿੰਡ ਮੂਸਾ ਪੁਰ ਵਿਚ ਦੀ ਹੁੰਦੇ ਹੋਏ ਮਜਾਰੇ ਆ ਗਏ। ਮਜਾਰੇ ਸਿੱਖਾਂ ਸੇਵਕਾਂ ਦਾ ਭਲਾ ਕਰਦੇ ਰਹੇ, ਅਨੇਕਾਂ ਹੀ ਜੀਵ ਤਾਰੇ। ਇਕ ਵਾਰ ਦੀ ਗੱਲ ਹੈ ਨਾਗਰਿਆਂ ਦੀ ਢੱਕੀ ਵਲੋਂ ਟਹਿਲਦੇ-ਟਹਿਲਦੇ ਜੌੜੇ ਖੂਹ ਤੇ ਆਣ ਖੜ੍ਹੇ ਹੋਏ। ਪਿੰਡੋਂ ਚੜ੍ਹਦੀ ਵੱਲ੍ਹ ਤੁੰਗਲ ਚਲਾਉਂਦਾ ਸੀ, ਉਨ੍ਹਾਂ ਦਿਨਾਂ ਵਿਚ ਚੜਸ ਹੁੰਦੇ ਸਨ। ਸੂਰਜ ਛਿਪਣ ਵਾਲਾ ਸੀ, ਤੁੰਗਲ ਖੂਹ ਛੱਡਕੇ ਪਿੰਡ ਵੱਲ੍ਹ ਤੁਰਿਆ। ਮਹਾਰਾਜ ਜੀ ਨੇ ਤੁੰਗਲ ਨੂੰ ਅਵਾਜ਼ ਮਾਰੀ, "ਤੁੰਗਲ! ਸਾਡੀ ਰਜਾਈ ਚਲ੍ਹੇ ਵਿਚ ਸੁੱਟ ਕੇ ਪਾਣੀ ਨਾਲ ਭਿਉ ਦੇ।" ਤੁੰਗਲ ਕਹਿੰਦਾ, "ਸੱਚੇ ਪਾਤਸ਼ਾਹੋ! ਪਾਣੀ ਨਾਲ ਭਿੱਜੀ ਹੋਈ ਰਜਾਈ ਖਰਾਬ ਹੋ ਜਾਂਦੀ ਹੈ।" ਆਪ ਹੀ ਰਜਾਈ ਚਲ੍ਹੇ ਵਿਚ ਸੁੱਟ ਦਿੱਤੀ, ਤੁੰਗਲ ਨੂੰ ਹੁਕਮ ਕੀਤਾ,

ਇਸਨੂੰ ਚੰਗੀ ਭਰਾਂ ਭਿਉ ਕੇ ਸਾਡੇ ਉੱਪਰ ਦੇ ਦੇ ਭਿੱਜੀ ਹੋਈ ਰਜਾਈ ਤੁੰਗਲ ਤੋਂ ਚਲ੍ਹੇ ਵਿਚੋਂ ਚੁਕ ਨਾ ਹੋਵੇ, ਖਿੱਚ ਕੇ ਚਲ੍ਹੇ ਦੀ ਮੌਣ ਤੇ ਹੀ ਬੈਠ ਗਏ। ਮੱਘਰ ਦੇ ਦਿਨ ਸਨ। ਕਾਫ਼ੀ ਪਾਲਾ ਪੈਂਦਾ ਸੀ, ਲੋਕ ਰਜਾਈਆਂ ਲੈ ਕੇ ਅੰਦਰੀਂ ਸੌਂਦੇ ਸਨ ਅੰਦਰ ਵੀ ਰਜਾਈਆਂ ਵਿਚ ਠੁਰ-ਠੁਰ ਕਰਦੇ ਸਨ ਆਪ ਦੁਨੀਆਂ ਦੇ ਵਾਲੀ ਸੰਸਾਰ ਦੇ ਸੁੱਖ, ਵਾਸਤੇ ਦੁਖੀ ਜੀਵਾਂ ਦੇ ਭਲੇ ਵਾਸਤੇ ਸਾਰੀ ਰਾਤ ਖੂਹ ਦੀ ਮੌਣ ਤੇ ਠਰੀ ਹੋਈ ਰਜਾਈ ਲੈ ਕੇ ਬੈਠੇ ਰਹੇ, ਕਰਤਾਰ ਨਾਲ ਲਿਵਲੀਨ ਹੋ ਕੇ ਤੇਲਵਤ ਧਾਰ ਸਰੂਪ ਵਿਖੇ ਜੁੜ ਕੇ ਬੈਠੇ ਰਹੇ। ਪਤਾ ਨਹੀਂ ਇਹ ਤਪੱਸਵੀ ਦੇ ਹੁਕਮ ਵਿਚ ਗਰਮੀ ਸਰਦੀ ਚਲਦੀ ਹੈ ਜਦੋਂ ਤੁੰਗਲ ਤੇ ਕਿਸ਼ਨਾ ਸਵੇਰੇ ਖੂਹ ਜੋੜਨ ਗਏ ਤਾਂ ਮਹਾਰਾਜ ਉਸੇ ਹੀ ਥਾਂ ਖੂਹ ਦੀ ਮੌਣ ਤੇ ਬੈਠੇ ਕੋਈ ਪਰਵਾਹ ਨਹੀਂ ਸੀ ਪਾਲੇ ਦੀ, ਨਾ ਪਾਲਾ ਲੱਗ ਹੀ ਰਿਹਾ ਸੀ। ਅਨੰਦ ਨਾਲ ਬੈਠੇ ਭੈਅ ਵਿਚ ਪੌਣ, ਭੈਅ ਵਿਚ ਪਾਣੀ, ਭੈਅ ਵਿਚ ਦਰਿਆ ਜਾਪਦਾ ਸੀ ਐਸਾ ਕੌਤਕ ਦੇਖ ਕੇ ਲੋਕ ਹੈਰਾਨ ਹੁੰਦੇ ਸਨ ਐਸੇ ਦਸਤੂਰ ਨੂੰ ਦੇਖਕੇ ਲੋਕ ਦੰਗ ਹੋ ਰਹੇ ਸਨ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਕਰਨੈਲ ਸਿੰਘ ਖਾਨਖਾਨਾ ਵਾਲੇ ਨਾਲ ਹੋਈ

ਕਰਨੈਲ ਸਿੰਘ ਪਿੰਡ ਖਾਨਖਾਨਾ ਦੇ ਰਹਿਣ ਵਾਲਾ ਜਾਤ ਦਾ ਜੱਟ ਸੀ। ਇਕ ਦਿਨ ਕਰਨੈਲ ਸਿੰਘ ਦੇ ਮਨ ਵਿਚ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਸ਼ਨ ਦੀ ਲਹਿਰ ਉਠੀ, ਰੋਮ-ਰੋਮ ਪ੍ਰੇਮ ਵਿਚ ਝੂਮ ਉਠਿਆ। ਤਿੰਨ ਪਹਿਰ ਰਾਤ ਗੁਜਰੀ, ਇਕ ਪਹਿਰ ਰਾਤ ਰਹਿੰਦੀ ਮਨ ਨੇ ਉਛਾਲਾ ਖਾਧਾ ਪ੍ਰੇਮ ਦੀਆਂ ਡੋਰਾਂ ਖਿੱਚੀਆਂ ਗਈਆਂ। ਉੱਠਕੇ ਆਪਣੇ ਘਰ ਵਾਲੀ ਨਰੰਜਨ ਕੌਰ ਨੂੰ ਆਖਿਆ, "ਇਸ਼ਨਾਨ ਕਰਕੇ ਸਾਫ ਬਸਤਰ ਪਹਿਨ ਕੇ ਕੜਾਹ ਪ੍ਰਸ਼ਾਦ ਕਰੋ। ਪ੍ਰਸ਼ਾਦ ਦਾ ਡੱਬਾ ਲੈ ਕੇ ਅੱਜ ਸਾਰਿਆਂ ਨੇ ਹੀ ਰਾਜਾ ਸਾਹਿਬ ਦੇ ਛਕਣ ਵਾਸਤੇ ਲਿਜਾਣਾ। ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਜਾਣੈ, ਫਿਰ ਸੰਗਤ ਦੀ ਭੀੜ ਹੋ ਜਾਂਦੀ ਹੈ, ਫਿਰ ਖੁਲ੍ਹੇ ਦਰਸ਼ਨ ਨਹੀਂ ਹੁੰਦੇ।" ਸੁੱਚਾ ਪਾਣੀ ਲਿਆ ਕੇ ਕੇਸੀ ਇਸ਼ਨਾਨ ਕਰਕੇ ਸਾਫ ਬਸਤਰ ਪਹਿਨ ਕੇ ਪ੍ਰਸ਼ਾਦ ਤਿਆਰ ਕੀਤਾ। ਡੱਬੇ ਵਿਚ ਪਾਉਣ

ਲੱਗੇ ਘਰ ਵਿਚੋਂ ਇਕ ਚਾਰ ਪੰਜ ਸਾਲ ਦਾ ਬੱਚਾ ਕੜਾਹ ਪ੍ਰਸ਼ਾਦ ਦੇਖ ਕੇ ਰੋਣ ਲੱਗਾ। ਕੜਾਹ ਪ੍ਰਸ਼ਾਦ ਖਾਣ ਨੂੰ ਮੰਗੇ, ਬੱਚਾ ਬਹੁਤ ਰੋਵੇ। ਕਰਨੈਲ ਸਿਘ ਰੋਂਦੇ ਬੱਚੇ ਨੂੰ ਛਡਕੇ ਡੱਬੇ ਵਿਚ ਕੜਾਹ ਪ੍ਰਸ਼ਾਦ ਪਾ ਕੇ ਮਜਾਰੇ ਨੂੰ ਤੁਰ ਪਿਆ। ਬੜੀ ਰੀਝ ਨਾਲ ਚਰਨਾਂ ਦਾ ਧਿਆਨ ਧਰਕੇ ਮਜਾਰੇ ਪਹੁੰਚਾ, ਅੱਗੇ ਪ੍ਰੀਪੂਰਨ ਸਭਨਾਂ ਗੱਲਾਂ ਸਮਰੱਥ ਸਭ ਭੂਤ, ਭਵਿਖਤ ਨੂੰ ਜਾਨਣਹਾਰੇ ਆਪਣੇ ਘਰ ਬੈਠੇ। ਕਰਨੈਲ ਸਿਘ ਨੇ ਪ੍ਰਸ਼ਾਦ ਦਾ ਡੱਬਾ ਮੋਹਰੇ ਧਰਕੇ ਨਮਸਕਾਰ ਕੀਤੀ। ਮਹਾਰਾਜ ਕਹਿੰਦੇ, "ਕਾਕਿਆ! ਕੀ ਲਿਆਂਦਾ ਈ?" ਕਰਨੈਲ ਸਿਘ ਕਹਿੰਦਾ, "ਜੀ! ਆਪ ਵਾਸਤੇ ਕੜਾਹ ਪ੍ਰਸ਼ਾਦ ਬਣਾ ਕੇ ਲਿਆਂਦਾ ਹੈ, ਆਪ ਛਕੋ ਮੇਰੇ ਮਨ ਦੀ ਪਿਆਸ ਦੂਰ ਕਰੋ। ਮਨ ਵਿਚ ਬਹੁਤ ਸ਼ੌਕ ਹੈ ਆਪ ਪ੍ਰਸ਼ਾਦ ਜ਼ਰੂਰ ਹੀ ਛਕੋ।" ਮਹਾਰਾਜ ਕਹਿੰਦੇ, "ਜਦੋਂ ਅਸੀਂ ਮੰਗਦੇ ਸੀ ਉਦੋਂ ਦਿੱਤਾ ਨਹੀਂ। ਰੋ-ਰੋ ਕੇ ਵੀ ਬਹੁਤ ਮੰਗਿਆ ਉਸ ਵੇਲੇ ਨਾ ਦਿੱਤਾ, ਘਰ ਚੱਲਕੇ ਉਹੀ ਬੱਚਾ ਜਿਹੜਾ ਰੋ-ਰੋ ਕੇ ਕੜਾਹ ਮੰਗਦਾ ਸੀ, ਉਸੇ ਨੂੰ ਹੀ ਛਕਾ।" ਕਰਨੈਲ ਸਿਘ- "ਜੀ! ਮੇਰਾ ਮਨ ਤਾਂ ਹੀ ਖੁਸ਼ ਹੋਵੇਗਾ ਜੇ ਆਪ ਕੁੱਝ ਛਕੋਗੇ।" ਮਹਾਰਾਜ ਕਹਿੰਦੇ, "ਕਾਕਾ! ਸਾਡਾ ਹਿਰਦਾ ਤਾਂ ਖੁਸ਼ ਹੋਵੇਗਾ, ਜੇ ਉਸ ਰੋਂਦੇ ਬਾਲਕ ਨੂੰ ਛਕਾਵੇਂਗਾ, ਚਲ! ਉਸੇ ਨੂੰ ਹੀ ਛਕਾ ਉਸਦਾ ਛਕਿਆ ਹੋਇਆ ਸਾਨੂੰ ਮਿਲ ਜਾਵੇਗਾ।" ਕਰਨੈਲ ਸਿਘ ਨੇ ਮੁੜ ਬੇਨਤੀਆਂ ਕੀਤੀਆਂ ਪਾਤਸ਼ਾਹ ਮੰਨੇ ਹੀ ਨਾ ਘਰ ਆਕੇ ਬਾਲਕ ਨੂੰ ਪ੍ਰਸ਼ਾਦ ਛਕਾਇਆ ਕਿਉਂਕਿ ਮਹਾਂਪੁਰਸ਼ ਸਮਝਦੇ ਹਨ ਢੱਠੇ ਹੋਏ ਹਿਰਦੇ ਵਿਚ ਖੁਦਾ ਦਾ ਨਿਵਾਸ ਹੁੰਦਾ ਹੈ, ਕਿਸੇ ਦੀ ਆਤਮਾ ਨੂੰ ਖੁਸ਼ ਕਰਨਾ ਹੀ ਖੁਦਾ ਨੂੰ ਰਾਜ਼ੀ ਕਰਨਾ ਹੁੰਦਾ ਹੈ। ਕਿਉਂਕਿ ਇਹ ਰਿਸ਼ਤਾ ਉਸਦੇ ਨੂਰ ਤੋਂ ਬਣੀ ਹੋਈ ਹੈ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਇਸੇ ਤਰਾਂ ਇਕ ਵਾਰੀ ਮਹਾਰਾਜ ਗੁਰੂ ਗੋਬਿੰਦ ਸਿਘ ਜੀ ਵਾਸਤੇ ਪਿਸ਼ੌਰ ਤੋਂ ਇਕ ਸਿੱਖ ਫਲਾਂ ਦੀ ਟੋਕਰੀ ਲੈ ਕੇ ਆਇਆ ਜਦੋਂ ਸਤਲੁਜ ਦਰਿਆ ਦੇ ਕੰਢੇ ਗਿਆ ਇਕ ਰੋਗੀ ਪੱਤਣ ਦੇ ਰਾਹ ਵਿਚ ਬੈਠਾ ਸੀ। ਉਸ ਕੋਹੜੀ ਨੇ ਅਰਜ ਕੀਤੀ, "ਉਹ ਜਾਣੇ ਵਾਲੇ ਰਾਹੀ ਮੈਂ ਭੁੱਖਾ ਹਾਂ, ਮੈਨੂੰ ਕੁੱਝ ਖਾਣ ਨੂੰ ਦੇਹ ਜੋ ਕੁੱਝ ਵੀ ਤੇਰੇ ਕੋਲ ਹੈ।" ਉਸ ਸਿੱਖ ਨੇ ਉਸਦੀ ਦਰਦ ਭਰੀ ਬੇਨਤੀ ਤੇ ਤਾਂ ਕੋਈ ਧਿਆਨ ਨਾ ਦਿੱਤਾ। ਅੱਗੇ ਅਨੰਦਪੁਰ ਸਾਹਿਬ ਜਾ ਕੇ ਸਤਿਗੁਰਾਂ ਦੇ ਚਰਨਾਂ ਵਿਚ ਟੋਕਰੀ ਖੋਲ੍ਹੀ, ਸਾਰੇ

ਫਲਾਂ ਵਿਚ ਕਿਰਮ ਚਲ ਰਹੇ ਸਨ। ਸਤਿਗੁਰ ਜਾਣੀ ਜਾਣ ਬੋਲੇ, "ਸਿੱਖਾ! ਜਾਹ ਇਹ ਲੈ ਜਾਹ ਸੜੇ ਹੋਏ ਫਲ ਅਸੀਂ ਕੀ ਕਰਨੇ ਹਨ? ਜਦੋਂ ਅਸੀਂ ਖਾਣੇ ਨੂੰ ਮੰਗੇ ਸੀ ਉਦੋਂ ਤੂੰ ਦਿੱਤੇ ਨਹੀਂ।" ਇਸ ਤਰਾਂ ਮਹਾਂਪੁਰਸ਼ ਦੁਖੀ ਹਿਰਦਿਆਂ ਵਿਚ ਵਸਦੇ ਹਨ ਸਭ ਨੂੰ ਆਜਿਜ ਨਿਤਾਣਿਆਂ ਨੂੰ ਨਿਵਾਜਦੇ ਹਨ। ਇਕ ਵਾਰੀ ਪਿੰਡ ਰਹਿਪੇ ਤੋਂ ਚਰਨ ਸਿਘ ਆਪਦੀ ਘਰ ਵਾਲੀ ਨੂੰ ਕਹਿਣ ਲੱਗਾ, "ਪੰਜਾਂ ਰੁਪਿਆਂ ਦਾ ਕੜਾਹ ਪ੍ਰਸ਼ਾਦ ਦੀ ਦੇਗ ਮੈਂ ਸੁੱਖੀ ਹੋਈ ਹੈ, ਉਹ ਬਣਾਕੇ ਲਿਜਾਣੀ ਹੈ, ਅੱਜ ਐਤਵਾਰ ਹੈ ਦੇਗ ਬਣਾਵੋ, ਮੈਂ ਲੈ ਜਾਵਾਂ।" ਗੁਰਬਚਨ ਕੌਰ ਕਹਿਦੀ, "ਅਗਲੇ ਐਤਵਾਰ ਬਣਾ ਕੇ ਲੈ ਜਾਇਉ ਅੱਜ ਮੇਰਾ ਸਰੀਰ ਢਿੱਲਾ ਹੈ।" ਚਰਨ ਸਿਘ ਨੇ ਗੁਰਬਚਨ ਕੌਰ ਦੇ ਤਿੰਨ ਚਾਰ ਲੱਤਾਂ ਮਾਰੀਆਂ ਕੁੱਟਕੇ ਪ੍ਰਸ਼ਾਦ ਬਣਵਾਇਆ। ਘਰ ਵਿਚ ਕਲੇਸ਼ ਕਰਕੇ ਪ੍ਰਸ਼ਾਦ ਲੈ ਕੇ ਗਿਆ। ਜਦੋਂ ਉਸ ਇਲਾਹੀ ਨੂਰ ਦਰਦਮੰਦਾਂ ਦੇ ਮੋਹਰੇ ਚਰਨਾਂ ਵਿਚ ਥਾਲਟੀ ਰੱਖੀ, ਚਰਨ ਸਿਘ ਦੇ ਦੋ ਤਿੰਨ ਛਿਟੀਆਂ ਮਾਰੀਆਂ। ਚੰਗੀਆਂ ਕਹੜੀਆਂ ਗਾਲ੍ਹਾਂ ਵੀ ਕੱਢੀਆਂ। ਮਹਾਰਾਜ ਜੀ ਕਹਿੰਦੇ, "ਲਾਲੂ ਦਿਆ! ਫਿਰ ਨਹੀਂ ਸੀ ਐਤਵਾਰ ਆਉਣਾ? ਘਰ ਵਿਚ ਕਲੇਸ਼ ਕਰਕੇ ਆਈਦਾ ਹੈ, ਸੁੱਖ ਸਗੀਣੀ ਤਦੋਂ ਹੀ ਪਰਵਾਨ ਕੀਤੀ ਜਾਂਦੀ ਹੈ, ਠੰਡੇ ਦਿਲ ਚੜ੍ਹਾਈ ਜਾਵੇ। ਕਿਸੇ ਦਾ ਹਿਰਦਾ ਦੁਖੀ ਕਰਕੇ, ਦਿਲ ਢਾਹਕੇ ਕੋਈ ਵੀ ਕੰਮ ਨਹੀਂ ਕਰਨਾ। ਕਿਸੇ ਮਹਾਤਮਾ ਦਾ ਕਥਨ ਹੈ 'ਜੋ ਤੋ ਰੱਬ ਮਿਲਣ ਦੀ ਸਿਕ ਤਾਂ ਹਿਆ ਨਾਂ ਢਾਹੀਦਾ" ਖਲਕ ਖਾਲਿਕ ਕੀ ਜਾਣਕੇ ਖਾਲਿਕ ਦੁਆਵੇ ਨਾਹੀਂ ਖਲਕ ਦੁਖੇ ਜਬ ਨੰਦ ਜੀ ਖਾਲਿਕ ਕੋਪੇ ਤਾਹਿ। ਐਸਾ ਹਿਰਦਾ ਆਪ ਜੀ ਦਾ ਕੋਮਲ ਸੀ ਕਿਸੇ ਦੁਖੀ ਦੀ ਫਰਿਆਦ ਸੁਣ ਕੇ ਸਹਾਰ ਨਹੀਂ ਸਕਦੇ। *ਬੋਲੋ ਭਾਈ ਵਾਹਿਗੁਰੂ॥*

ਸਾਖੀ ਮੰਨਣਹਾਨੇ ਜਾਣ ਦੀ ਚੱਲੀ

ਸੰਨ 1939 ਦੀ ਗੱਲ ਹੈ, ਇਕ ਦਿਨ ਮਹਾਰਾਜ ਜੀ ਪਿੰਡ ਭਰੋਮਜਾਰੇ ਦੇ ਖੇਤਾਂ ਵਿਚੋਂ ਉੱਠਕੇ ਬੰਗਿਆਂ ਦੇ ਚੜ੍ਹਦੀ ਵੱਲ੍ਹ ਦੀ ਹੁੰਦੇ ਹੋਏ ਬਾਬੇ ਜਵਾਹਰ ਸਿਘ ਜੀ ਦੀ ਸਮਾਧ ਤੇ ਚਲੇ ਗਏ। ਤਿੰਨ ਚਾਰ ਦਿਨ ਇਥੇ ਰਹੇ। ਪਿੰਡ

ਗੋਬਿੰਦਪੁਰ ਦੀ ਸੰਗਤ ਦਰਸ਼ਨ ਕਰਨ ਲਈ ਆਉਂਦੀ ਰਹੀ। ਪਰਸ਼ਾਦੇ ਦਾ ਡੱਬਾ ਬਸੰਤ ਸਿੰਘ ਮੁਸਾਪੁਰੀਆ ਆਪ ਜੀ ਵਾਸਤੇ ਲਿਆਉਂਦਾ ਰਿਹਾ, ਤੀਜੇ ਦਿਨ ਉੱਠਕੇ ਮੰਨਣਹਾਨੇ ਜਨਮ ਨਗਰੀ ਦੀ ਸੰਗਤ ਨੂੰ ਜਾ ਦਰਸ਼ਨ ਦਿੱਤੇ। ਰਾਮ ਦਿੱਤਾ ਬਿਰਧ ਗਊਆਂ ਚਾਰਦਾ ਸੀ, ਉਸ ਨੂੰ ਜਾ ਮਿਲੇ, ਰਾਮ ਦਿੱਤਾ ਦਰਸ਼ਨ ਕਰਕੇ ਖੁਸ਼ੀ ਨਾਲ ਗਦ-ਗਦ ਹੋ ਗਿਆ। ਪਿਆਰ ਦੇ ਅੱਥਰੂ ਵਹਿ ਤੁਰੇ, ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ, "ਨਗਰ ਵਿਚ ਚਰਨ ਪਾਵੋ ਦੁਖੀ ਜੀਵਾਂ ਦਾ ਉਧਾਰ ਕਰੋ ਜੀ, ਤਪਦੇ ਹਿਰਦਿਆਂ ਨੂੰ ਠਾਰੋ ਜੀ। ਨਾਮ ਦਾ ਉਪਦੇਸ਼ ਦੇ ਕੇ ਆਵਾਗਉਣ ਦੇ ਚੱਕਰ ਵਿਚੋਂ ਬਾਹਰ ਕੱਢ ਲਵੋ ਜੀ। ਪਵਿੱਤਰ ਚਰਨ ਪਾ ਕੇ ਸਾਡੇ ਘਰ ਬਾਰ ਪਵਿੱਤਰ ਕਰੋ, ਜਿਸ ਤਰਾਂ ਰਾਮ ਚੰਦਰ ਜੀ ਨੇ ਅਹੱਲਿਆ ਗੌਤਮ ਦੀ ਪਤਨੀ ਨੂੰ ਸ਼ਿਲਾ ਹੋਈ ਪਈ ਨੂੰ ਚਰਨਾਂ ਦੀ ਛੂਹ ਨਾਲ ਉਦਾਰ ਕੀਤਾ ਐਸੇ ਹੀ ਸਾਡੇ ਵੀ ਬੇੜੇ ਪਾਰ ਕਰੋ ਜੀ ਅੱਜ ਦਿਨ ਭਾਗਾਂ ਵਾਲਾ ਚੜ੍ਹਿਆ ਅੱਜ ਸਾਡੀ ਨਗਰੀ ਦੇ ਭਾਗ ਜਾਗ ਪਏ। ਰਾਮ ਚੰਦਰ ਜੀ ਨੇ ਅਜੁਧਿਆ ਪੁਰੀ ਵਿਚ ਚਰਨ ਪਾਏ।" ਸਾਵਣ ਦੇ ਦਿਨ ਸਨ ਬਾਰਿਸ਼ ਰੰਗ ਲਾ ਰਹੀ ਸੀ। ਬਾਗਾਂ ਵਿਚ ਕੋਇਲਾਂ ਬੋਲ ਰਹੀਆਂ ਸਨ। ਅੰਬਾਂ ਨੂੰ ਟੱਪਕਾ ਪਿਆ ਹੋਇਆ ਸੀ, ਮੋਰ ਪਪੀਹੇ ਬੋਲ ਰਹੇ ਸਨ।

'ਮਿਠੀ ਮਿਠੀ ਪੌਣ ਬਗੁਲੇ ਅਕਾਸ ਭੌਣ ਸੌਣ ਦੀ ਸਿਫਤ ਕੋਈ ਕਹੀ ਨਾਂਹੀ ਜਾਂਵਦੀ॥

ਮਹਾਰਾਜ ਰਾਮ ਦਿਤੇ ਦੇ ਵਾੜੇ ਵਿਚ ਬੈਠ ਗਏ ਜੋ ਪਿੰਡੋਂ ਚੜ੍ਹਦੀ ਵੱਲ੍ਹ ਸੀ। ਸਾਰੇ ਪਿੰਡ ਵਿੱਚ ਮਹਾਰਾਜ ਜੀ ਦੇ ਆਉਣ ਦੀ ਖਬਰ ਬਿਜਲੀ ਦੇ ਕਰੰਟ ਵਾਂਗ ਜਾ ਫਿਰੀ। ਪਿੰਡ ਵਾਸੀ ਸੰਗਤ, ਬਾਲ, ਬੁੱਢੇ, ਬਿਰਧ, ਮਾਈਆਂ ਦਰਸ਼ਨਾਂ ਨੂੰ ਭੱਜੇ ਆਉਣ। ਸਾਰੇ ਪਿੰਡ ਵਿਚ ਸੁਖ ਤੇ ਸ਼ਾਂਤੀ ਛਾਈ ਹੋਈ ਸੀ। ਸੋਹਣੇ ਪ੍ਰੀਤਮ ਜੀ ਦਾ ਦਰਸ਼ਨ ਕਰਕੇ ਰਸ ਲੈ ਰਹੇ ਸੀ। ਜਿਵੇਂ ਰਾਸ ਮੰਡਲ ਤੇ ਗੋਕਲ ਦੀਆਂ ਗੋਪੀਆਂ ਕ੍ਰਿਸ਼ਨ ਜੀ ਦੇ ਦਰਸ਼ਨਾਂ ਦਾ ਅਨੰਦ ਮਾਣਦੇ ਸਨ। ਸਭ ਲੋਕਾਂ ਦੇ ਮਨ ਦੀਆਂ ਖੁਹਾਇਸ਼ਾਂ ਪੂਰੀਆਂ ਕੀਤੀਆਂ। ਤਿੰਨ ਦਿਨ ਰਾਮ ਦਿੱਤੇ ਦੇ ਵਾੜੇ ਵਿਚ ਬੈਠੇ ਰਹੇ ਤੀਜੇ ਦਿਨ ਆਪਣੇ ਘਰ ਗਏ। ਚਰਨ ਪਾ ਕੇ ਗ੍ਰਿਹ ਪਵਿੱਤਰ

ਕੀਤਾ। ਆਪ ਦੀ ਭਰਜਾਈ ਚਿੰਤੀ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਅਮਰ ਚੰਦ, ਚਿੰਤੀ ਨੂੰ ਆਖਿਆ, "ਕੋਈ ਫ਼ਿਕਰ ਨਹੀਂ ਕਰੀਦਾ, ਇਸ ਘਰ ਵਿਚ ਵੱਡਿਆਂ-ਵੱਡਿਆਂ ਵਿਅਕਤੀਆਂ ਦਾ ਪਹਿਰਾ ਰਹਿਣਾ ਹੈ। ਜਦੋਂ ਵੀ ਕੋਈ ਕੰਮ ਕਰਨਾ ਹੋਵੇ ਅਰਦਾਸ ਹੀ ਕਰ ਲਈਦੀ ਹੈ। ਅਸੀਂ ਹਰ ਵੇਲੇ ਤੁਹਾਡੇ ਅੰਗ-ਸੰਗ ਹੀ ਹਾਂ। ਜਦੋਂ ਵੀ ਕਦੇ ਕੋਈ ਭੀੜ ਪਵੇ ਉਸ ਵੇਲੇ ਯਾਦ ਕਰ ਲਈਦਾ ਹੈ।" ਘਰੋਂ ਉੱਠ ਕੇ ਪਿੰਡੋਂ ਚੜ੍ਹਦੀ ਵੱਲ੍ਹ ਇਕ ਉੱਚੀ ਥਾਂ ਰੇਤੇ ਦਾ ਥੜ੍ਹਾ ਸੀ, ਉਸ ਉੱਪਰ ਜਾ ਬੈਠੇ। ਇਕ ਮਹੀਨਾ ਪੂਰਾ ਇਸ ਜਗ੍ਹਾ ਉੱਪਰ ਬੈਠੇ ਰਹੋ। ਇਸ ਜਗ੍ਹਾ ਦੇ ਨਾਲ ਪਿੰਡ ਦੇ ਵਿਚਕਾਰ ਥਾਂ ਨੀਵਾਂ ਸੀ। ਇਸ ਵਿਚ ਪਾਣੀ ਕਾਫ਼ੀ ਖੜ੍ਹਾ ਸੀ। ਇਸ ਪਾਣੀ ਵਿਚੋਂ ਲੰਘ-ਲੰਘ ਲੋਕ ਦਰਸ਼ਨ ਕਰਦੇ ਰਹੇ। ਮੂਸਾਪੁਰੀਆ ਬਸੰਤ ਸਿੰਘ ਵੀ ਲੰਗਰ ਵਿਚ ਪਰਸ਼ਾਦਾ ਲਿਜਾਂਦਾ ਰਿਹਾ। ਪਿੰਡ ਵਾਸੀ ਵੀ ਲੋਕ ਸੇਵਾ ਕਰਦੇ ਰਹੇ। ਕਈ ਘਰ ਔਂਤਰੇ ਜਾਂਦੇ ਅਬਾਦ ਕੀਤੇ। ਕਈਆਂ ਨੂੰ ਨਾਮ ਦੇ ਰੰਗਣ ਵਿਚ ਰੰਗਿਆ। ਨਉਧੇ ਦਾ ਪੁੱਤਰ ਭੋਲਾ, ਭੋਲੇ ਦਾ ਸਿਬੋ, ਸਿਬੋ ਦੇ ਦੋ ਪੁੱਤਰ ਸਨ। ਭੋਲੇ ਦੇ ਮੰਗਲ ਦਾਸ ਜੀ, ਮੰਗਲ ਦਾਸ ਦੇ ਨਾਭ ਕੰਵਲ ਰਾਜਾ ਸਾਹਿਬ ਜੀ। ਸਿਬੋ ਦਾ ਪੁੱਤਰ ਰਲਾ, ਰਲੇ ਦਾ ਪੁੱਤਰ ਉਮਰੂ ਪਿੰਡ ਲਾਲਪੁਰ ਵਿਆਹਿਆ ਹੋਇਆ ਸੀ। ਉਮਰੂ ਦੀ ਉਮਰ ੪੦ ਸਾਲ ਦੀ ਹੋ ਗਈ, ਹਾਲੇ ਤੱਕ ਕੋਈ ਘਰ ਪੁੱਤਰ ਨਹੀਂ ਸੀ ਹੋਇਆ। ਇਕ ਦਿਨ ਚਿੰਤੀ ਨੇ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ। ਸੋ ਰੁਪਏ ਦਾ ਕੜਾਹ ਪ੍ਰਸ਼ਾਦ ਸੁੱਖਿਆ। ਇਹ ਅਰਦਾਸਾਂ ਕਰਦੀ ਦੁੱਧ ਦੀ ਗੜਵੀ ਲੈ ਕੇ ਦਰਸ਼ਨ ਨੂੰ ਗਈ। ਦੋ ਨਾਲ ਹੋਰ ਵੀ ਮਾਈਆਂ ਸਨ। ਪਾਤਸ਼ਾਹ ਨੇ ਦੁੱਧ ਛਕਿਆ, ਦੁੱਧ ਛਕ ਕੇ ਐਸੀ ਤੱਕਣੀ ਨਾਲ ਤੱਕਿਆ, ਮਾਈ ਚਿੰਤੀ ਦੀ ਝੋਲੀ ਪੁੱਤਰਾਂ ਧੀਆਂ ਨਾਲ ਭਰ ਦਿੱਤੀ। "ਚਲੋ ਘਰ ਚਲ ਕਰਤਾਰ ਭਲਾ ਕਰੇਗਾ, ਸਭ ਦਾਤੇ ਖੁਦਾ ਦੇ ਘਰੋਂ ਤੁਹਾਨੂੰ ਮਿਲ ਗਈਆਂ ਹਨ। ਕਰਤਾਰ ਭਲਾ ਕਰਸੀ।" ਇਸ ਵੇਲੇ ਚਿੰਤੀ ਪੰਜਾਂ ਬੱਚਿਆਂ ਦੀ ਮਾਂ ਹੈ, ਜਿਸ ਵਿਚੋਂ ਦੋ ਲੜਕੀਆਂ ਤੇ ਤਿੰਨ ਲੜਕੇ ਹਨ।

ਬੋਲੋ ਭਾਈ ਵਾਹਿਗੁਰੂ॥

ਸਾਖੀ ਮੰਨਣਹਾਨੇ ਉਜਾਗਰ ਸਿੰਘ ਦੀ ਮਾਈ ਨਾਲ ਹੋਈ

ਇਕ ਦਿਨ ਮਹਾਰਾਜ ਜਨਮ ਨਗਰੀ, ਪਿੰਡ ਮੰਨਣਹਾਨੇ ਬੈਠੇ ਸਨ। ਉਜਾਗਰ ਸਿੰਘ ਦੇ ਔਲਾਦ ਨਹੀਂ ਸੀ। ਤਿੰਨ ਸ਼ਾਦੀਆਂ ਕਰਵਾਈਆਂ, ਪੁੱਤਰ ਦਾ ਮੁੱਖੜਾ ਦੇਖਣਾ ਨਸੀਬ ਨਾ ਹੋਇਆ। ਮਹਾਰਾਜ ਦਿਆਲੂ, ਕਿਰਪਾਲੂ ਰਾਹ ਵਿਚ ਖੜ੍ਹੇ ਸੀ। ਕਰਮ ਸਿੰਘ ਦੀ ਮਾਈ ਦੁੱਧ ਦੀ ਬਾਲਟੀ ਚੋਅ ਕੇ ਘਰ ਨੂੰ ਲਈ ਜਾਂਦੀ ਸੀ। ਸਤਿਗੁਰੂ ਮਿਹਰਬਾਨ ਜੀ ਦੇ ਮਨ ਵਿਚ ਮਿਹਰ ਆਈ, ਉਜਾਗਰ ਸਿੰਘ ਦਾ ਵੀ ਦੁਨੀਆਂ ਵਿਚ ਨਾਮ ਨਿਸ਼ਾਨ ਪੈਦਾ ਕਰ ਦੇਈਏ। ਪੁੱਤਰਾਂ ਦੀ ਦਾਤ ਦੇ ਕੇ ਉਜੜਿਆ ਹੋਇਆ ਘਰ ਵਸਾ ਦੇਈਏ। ਇੰਨੇ ਚਿਰ ਨੂੰ ਕਰਮ ਸਿੰਘ ਦੀ ਮਾਈ ਕੋਲ ਆ ਗਈ। ਮਹਾਰਾਜ ਜੀ ਨੇ ਹੁਕਮ ਕੀਤਾ, "ਆਉ ਮਾਤਾ ਜੀ! ਅੱਜ ਕੁੱਝ ਤੁਹਾਨੂੰ ਵੀ ਦੇ ਦੇਈਏ ਅੱਜ ਦੁੱਧ ਪਿਲਾਓ।" ਮਾਈ ਕਹਿੰਦੀ, "ਜੀ ਮੈਂ ਘਰੋਂ ਮੁੜਕੇ ਦੁੱਧ ਲਿਆਵਾਂਗੀ।" ਉਸ ਅਭਾਗੀ ਮਾਈ ਕੋਲੋਂ ਨਾਂਹ ਨਿਕਲ ਗਹੀ। ਦੁੱਧ ਮੰਗਿਆ ਸੀ ਦੁੱਧ ਦੇ ਨਾ ਸਕੀ। ਇਕ ਦੁੱਧ ਦੇ ਪਿਆਲੇ ਬਦਲੇ ਧੀਆਂ ਪੁੱਤਰਾਂ ਦੀ ਝੋਲੀ ਭਰਦੀ ਸੀ। ਦਾਤਾਂ ਲੈ ਨਾ ਸਕੀ 'ਬਿਨ ਭਾਗਾਂ ਕਿਛੁ ਪਾਈਐ ਨਾਂਹੀ' ਮਾਈ ਨੇ ਘਰ ਆ ਕੇ ਨੂੰਹਾਂ ਨੂੰ ਦੱਸਿਆ ਰਾਜਾ ਸਾਹਿਬ ਦੁੱਧ ਮੰਗਦੇ ਸੀ, ਮੈਂ ਆਖਿਆ ਮੈਂ ਘਰੋਂ ਗਰਮ ਕਰਕੇ ਲਿਆਵਾਂਗੀ। ਲੱਗਾ ਸਾਰਾ ਪਰਿਵਾਰ ਪਛਤਾਉਣ ਇਹ ਸਾਡੀ ਬੁੱਢੀ ਮੌਕਾ ਨਾ ਸੰਭਾਲ ਸਕੀ। ਨੂੰਹਾਂ ਦੇ ਕਹਿਣ ਤੇ ਮੁੜਕੇ ਦੁੱਧ ਲੈ ਕੇ ਗਈ। ਮਹਾਰਾਜ ਜੀ ਅੱਗੋਂ ਬੋਲੇ, "ਜਾਉ ਮਾਈ! ਉਹ ਸਮਾਂ ਲੰਘ ਗਿਆ ਹੈ, ਹੁਣ ਖਾਲੀ ਹੀ ਰਹੇਂਗੀ।" ਬੱਸ ਇਸੇ ਤਰਾਂ ਰਿਹਾ ਇਹ ਘਰ ਪੁੱਤਰਾਂ ਤੋਂ ਔਤਰਾ ਚਲਿਆ ਗਿਆ, ਜਿਵੇਂ ਸ਼ਾਹ ਸਿਕੰਦਰ ਅੰਮ੍ਰਿਤ ਤੇ ਬੈਠਕੇ ਆਬੇ ਹਿਆਤ ਪੀ ਨਾ ਸਕਿਆ, ਇਸੇ ਤਰਾਂ ਹੀ ਉਜਾਗਰ ਸਿੰਘ ਦੀ ਮਾਈ ਦਾਤੇ ਦੇ ਦਰ ਤੋਂ ਦਾਤਾਂ ਦਾ ਮੀਂਹ ਵਰ੍ਹਦਾ ਸੀ, ਕੋਈ ਦਾਤ ਨਾ ਲੈ ਸਕੀ, ਜਿਵੇਂ ਕਿਸੇ ਨਿਰਧਨ ਪੁਰਸ਼ ਨੇ ਸੁਣਿਆ ਸ਼ਿਵ ਦੀ ਉਪਾਸਨਾ ਕਰਨੇ ਨਾਲ ਧਨ ਮਿਲ ਜਾਂਦਾ ਹੈ। ਇਸ ਖਿਆਲ ਨੂੰ ਮੁੱਖ ਰੱਖ ਕੇ ਸਾਰਾ ਪਰਿਵਾਰ ਜੰਗਲ ਵਿਚ ਜਾ ਕੇ ਭਗਤੀ ਕਰਨ ਲੱਗਾ। ਇਕ ਦਿਨ ਸ਼ਿਵਜੀ ਅਤੇ ਪਾਰਬਤੀ ਇਸੇ ਹੀ ਜੰਗਲ ਵਿਚ ਆਏ। ਬੈਠੇ ਭਗਤੀ ਕਰਦਿਆਂ ਨੂੰ ਪੁੱਛਿਆ,

"ਕਿਸ ਮਤਲਬ ਲਈ ਤੁਸੀਂ ਭਗਤੀ ਕਰਦੇ ਹੋ, ਸਾਨੂੰ ਯਾਦ ਕੀਤਾ? ਉਨ੍ਹਾਂ ਆਖਿਆ ਸਾਨੂੰ ਧਨ ਬਖਸ਼ੋ। ਸ਼ਿਵਜੀ ਕਹਿੰਦੇ, ਚੰਗਾ ਵਰ ਮੰਗੋ। ਪਹਿਲਾਂ ਔਰਤ ਨੇ ਵਰ ਮੰਗਿਆ ਮੇਰਾ ਰੂਪ ਬਹੁਤ ਸੁੰਦਰ ਹੋ ਜਾਵੇ ਮੈਂ ਸਦਾ ਹੀ ਯੁਵ ਅਵਸਥਾ ਵਿਚ ਰਿਹਾ। ਸ਼ਿਵਜੀ ਨੇ ਤਥਾਅਸਤੂ ਕਹਿਣ ਨਾਲ ਉਹ ਸੁੰਦਰੀ ਬਣ ਗਈ। ਸ਼ਿਕਾਰ ਖੇਡਦਾ ਖੇਡਦਾ ਇਕ ਰਾਜ ਕੁਮਾਰ ਆਇਆ, ਇਹ ਬ੍ਰਾਹਮਣੀ ਬਣਕੇ ਉਸ ਰਾਜ ਕੁਮਾਰ ਦੇ ਨਾਲ ਚਲੀ ਗਈ। ਪਿਛੋਂ ਉਸ ਬ੍ਰਾਹਮਣ ਨੂੰ ਕਿਹਾ ਤੂੰ ਵਰ ਮੰਗ। ਉਸਨੇ ਵਰ ਮੰਗਿਆ ਮੇਰੀ ਇਸਤਰੀ ਸੂਰੀ ਬਣ ਜਾਵੇ। ਸ਼ਿਵਜੀ ਕਹਿੰਦੇ ਤਥਾਅਸਤੂ ਉਹ ਸੁੰਦਰੀ ਸੂਰੀ ਬਣ ਗਈ। ਰਾਜ ਕੁਮਾਰ ਨੇ ਭੁਵੇ ਚੁਕ ਕੇ ਮਾਰੀ, ਘੁਰ-ਘੁਰ ਕਰਦੀ ਆਪਣੇ ਪਤੀ ਕੋਲ ਨੱਠ ਆਈ। ਉਨ੍ਹਾਂ ਦੇ ਲੜਕੇ ਨੂੰ ਵਰ ਮੰਗਣ ਲਈ ਆਖਿਆ। ਉਨ੍ਹੀ ਵਰ ਮੰਗਿਆ ਮੇਰੇ ਮਾਤਾ ਦਾ ਰੂਪ ਉਹੀ ਹੋ ਜਾਵੇ। ਇਸੇ ਤਰਾਂ ਇਕ ਦਿਨ ਇਕ ਚੂਹੀ ਇੱਲ੍ਹ ਦੇ ਪੰਜੇ ਵਿਚੋਂ ਨਿਕਲ ਕੇ ਇਕ ਰਿਸ਼ੀ ਦੇ ਆਸ਼ਰਮ ਤੇ ਡਿੱਗੀ। ਰਿਸ਼ੀ ਨੇ ਉਸ ਚੂਹੀ ਨੂੰ ਈਸ਼ਵਰੀ ਤਾਕਤ ਨਾਲ ਚੂਹੀ ਤੋਂ ਸੁੰਦਰ ਕੰਨਿਆ ਬਣਾ ਲਿਆ। ਕੰਨਿਆ ਵਿਆਹੁਣਯੋਗ ਹੋਈ ਰਿਸ਼ੀ ਨੇ ਆਖਿਆ, "ਦਸੋ ਪੁੱਤਰੀ! ਤੇਰਾ ਵਿਆਹ ਹਿਮਾਚਲ ਪਰਬਤ ਨਾਲ ਕਰ ਦੇਵਾਂ? ਪੌਣ ਦੇਵਤੇ ਨਾਲ ਕਰ ਦੇਵਾਂ? ਵਰੁਣ ਦੇਵਤੇ ਨਾਲ ਕਰ ਦੇਵਾਂ? ਕਹਿੰਦੀ "ਜੀ ਨਹੀਂ।" "ਕਿਸ ਨਾਲ ਵਿਆਹ ਕਰਾਉਣਾ?" ਆਖੇ "ਚੂਹੇ ਨਾਲ ਵਿਆਹ ਕਰਾਉਣਾ" 'ਕੁੰਲ ਕਲੰਕ ਤਜਿਓ ਨਾਹੀਂ ਜਾਤਿ ਸੁਭਾ ਨਾ ਜਾਇ' ਇਸ ਤਰਾਂ ਹੀ ਕਿਸਮਤ ਤੋਂ ਬਿਨਾਂ ਲੱਭੀ ਹੋਈ ਚੀਜ਼ ਵੀ ਇਨਸਾਨ ਕੋਲੋਂ ਚਲੀ ਜਾਂਦੀ ਹੈ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਉਮਰ ਚੰਦ ਮੰਨਣਹਾਨੇ ਵਾਲੇ ਨਾਲ ਹੋਈ

ਇਕ ਵਾਰ ਦੀ ਗੱਲ ਹੈ ਸੰਨ 1931 ਵਿਚ ਦੁਨੀਆਂ ਵਿਚ ਪਲੇਗ ਦੀ ਬਿਮਾਰੀ ਫੈਲ ਗਈ। ਲੱਗਾ ਪਿੰਡਾਂ ਵਿਚ ਬੰਦਿਆਂ ਦਾ ਨੁਕਸਾਨ ਹੋਣ। ਕੋਟ ਫਤੂਹੀ, ਦਾਤੇ ਚੇਲੇ, ਬਹਿਲਪੁਰ, ਇਕ ਦਿਨ ਕਈ-ਕਈ ਬੰਦੇ ਮਰੇ। ਲੋਕੀ

ਬਹੁਤ ਭੈਅ ਭੀਤ ਹੋਏ। ਅਮਰੂ ਦੇ ਮਨ ਵਿਚ ਵੀ ਬਹੁਤ ਭੈਅ ਹੋਇਆ। ਛੋਟੇ-ਛੋਟੇ ਬੱਚੇ ਮਹਾਰਾਜ ਦੀ ਕਿਰਪਾ ਨਾਲ ਕਿਤੇ ਮਿਲੇ ਹਨ, ਮੌਤ ਤੋਂ ਬਹੁਤ ਡਰ ਲੱਗਦਾ ਸੀ। ਉਮਰ ਚੰਦ ਮਹਾਰਾਜ ਜੀ ਦੇ ਤਾਏ ਦਾ ਲੜਕਾ। ਲੰਬੜਦਾਰੀ ਵੀ ਉਮਰ ਚੰਦ ਹੀ ਕਰਦਾ ਹੈ। ਉਮਰ ਚੰਦ ਦਾ ਵੇਲਣਾ ਚਲਦਾ ਸੀ। ਉਮਰੂ ਪੱਤ ਕੱਢ ਕੇ ਗੁੜ ਲਾ ਰਿਹਾ ਸੀ, ਆ ਕੇ ਕਿਸੇ ਨੇ ਗੱਲ ਕੀਤੀ, ਦਾਤੇ ਚੇਲੇ ਅੱਜ ਸੱਤ ਬੰਦੇ ਮਰ ਗਏ ਹਨ। ਬਿਮਾਰੀ ਵਧਦੀ ਜਾਂਦੀ ਹੈ। ਇਹ ਭਿਆਨਕ ਗੱਲ ਸੁਣ ਕੇ ਉਮਰ ਚੰਦ ਗੁੜੇ ਲਾਉਂਦਾ, ਵਿਚੋਂ ਹੀ ਛੱਡ ਕੇ ਗਲ ਵਿਚ ਪੱਲਾ ਪਾ ਕੇ ਇੱਕ ਮਨ ਇੱਕ ਚਿੱਤ ਹੋ ਕੇ ਮਹਾਰਾਜ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ। "ਸੱਚੇ ਪਾਤਸ਼ਾਹੋ! ਜੋ ਕੁੱਝ ਵੀ ਵਰਤਦਾ ਹੈ, ਸਭ ਆਪ ਜੀ ਦੇ ਹੁਕਮ ਵਿਚ ਵਰਤਦਾ ਹੈ। 125 ਰੁਪਏ ਦਾ ਪ੍ਰਸ਼ਾਦ ਆਪ ਜੀ ਦੇ ਦਰਬਾਰ ਵਿਚ ਵੰਡਾਂਗਾ ਸਾਡੇ ਪਿੰਡ ਬਿਮਾਰੀ ਨਾ ਆਵੇ।" 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸਿ' ਸੱਚੇ ਦਿਲ ਨਾਲ ਅਰਦਾਸ ਕੀਤੀ, ਦਰਗਾਹ ਵਿਚ ਸੁਣੀ ਗਈ। ਅਰਦਾਸ ਕਰਦੇ ਦੇ ਕੰਨਾਂ ਵਿਚ ਅਵਾਜ਼ ਆਈ, "ਕਰਤਾਰ ਭਲੀ ਕਰੇਗਾ।" ਆਈ ਸੰਗਤ ਦੀ ਗੁਰੂ ਰੂਪ ਸਮਝ ਕੇ ਸੇਵਾ ਕਰਿਆ ਕਰ। ਉਮਰ ਚੰਦ ਦੇ ਘਰ ਵਾਲੀ ਚਿੰਤੀ ਨੂੰ ਮਹਾਰਾਜ ਜੀ ਦੇ, ਘਰ ਵਿਚ ਦਰਸ਼ਨ ਹੋਏ। ਧੀਰਜ ਦਿੰਦਿਆਂ ਇਹ ਹੁਕਮ ਕੀਤਾ, ਫਿਕਰ ਨਹੀਂ ਕਰਨਾ, ਡਰੀਦਾ ਨਹੀਂ ਅਸੀਂ ਹਰ ਵੇਲੇ ਤੁਹਾਡੇ ਕੋਲ ਹੀ ਹਾਂ। ਇਸ ਘਰ ਉਤੇ ਵੱਡਿਆਂ-ਵੱਡਿਆਂ ਵਿਅਕਤੀਆਂ ਦਾ ਪਹਿਰਾ ਲੱਗਿਆ ਹੈ, ਜਿਨ੍ਹਾਂ ਦੇ ਸਰੀਰ ਸੱਤ-ਸੱਤ ਹੱਥ ਲੰਮੇ ਹਨ। ਸਾਡੀ ਯਾਦਗਾਰ ਉਮਰੂ ਦੀ ਹਵੇਲੀ ਤੋਂ ਵੀਹ ਪੱਚੀ ਕਰਮ ਦੇ ਫਾਸਲੇ ਤੇ ਇਕ ਜਗ੍ਹਾ ਸੀ, ਉਸ ਜਗ੍ਹਾ ਤੇ ਬਣਾਉਣ ਦਾ ਹੁਕਮ ਕੀਤਾ, ਜਿਥੇ ਹੁਣ ਮਹਾਰਾਜ ਜੀ ਦਾ ਗੁਰਦੁਆਰਾ ਤਰਨਤਾਰਨ ਸਾਹਿਬ ਬਣਿਆ ਹੋਇਆ ਹੈ। ਮਹੀਨੇ ਦੇ ਮਹੀਨੇ ਸਾਧਾਰਨ ਪਾਠ ਦਾ ਭੋਗ ਪਾਇਆ ਜਾਂਦਾ ਹੈ। ਇਹ ਕੌਤਕ ਮਹਾਰਾਜ ਜੀ ਨੇ ਜੋਤੀ-ਜੋਤ ਸਮਾਉਣ ਤੋਂ ਬਾਅਦ ਦਿਖਾਇਆ ਸੀ, ਆਪਣੀ ਯਾਦਗਾਰ ਬਣਾਉਣ ਦਾ ਚਿੰਤੀ ਨੂੰ ਹੁਕਮ ਕੀਤਾ ਸੀ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਪ੍ਰੀਤਮ ਦਾਸ ਦੇ ਪ੍ਰਥਾਇ ਚੱਲੀ

ਮਹਾਰਾਜ ਜੀ ਪਿੰਡ ਮੰਨਣਹਾਨੇ ਤੋਂ ਫਿਰ ਮਜਾਰੇ ਆ ਗਏ। ਲਾਗੇ ਦੇ ਪਿੰਡਾਂ ਦੀ ਸੰਗਤ ਨੂੰ ਪਤਾ ਲੱਗਾ। ਮਹਾਰਾਜ ਇਕ ਮਹੀਨੇ ਤੋਂ ਬਾਅਦ ਆਏ ਸਨ। ਸੱਚੇ ਪ੍ਰੇਮੀ ਦਰਸ਼ਨਾਂ ਨੂੰ ਆਉਣ ਲੱਗੇ। ਪਿੰਡ ਝਿਗੜਾਂ ਤੋਂ ਗੁਰਬਖਸ਼ ਸਿੰਘ ਦਰਸ਼ਨਾਂ ਵਾਸਤੇ ਆਇਆ। ਗੁਰਬਖਸ਼ ਸਿੰਘ ਨੂੰ ਹੁਕਮ ਕੀਤਾ, ਮਹਾਰਾਜ ਕਹਿੰਦੇ, "ਬਖਸ਼ਾ ਦਿਨ ਤਿਉਹਾਰ ਵਾਲੇ ਦਿਨ ਲਾਲਾ ਦੇ ਸਮਾਧੀਂ ਇਸ਼ਨਾਨ ਕਰ ਲਿਆ ਕਰ, ਜਿਹੜੀਂ ਮੇਰੇ ਨਾਂ ਦੀ ਕੋਈ ਚੀਜ਼ ਹੋਵੇ ਉਹ ਵੀ ਝਿਗੜੀਂ ਹੀ ਵੰਡ ਦਿਆ ਕਰ ਹੁਣ ਇਥੇ ਤਾਂ ਆਇਆ ਹੀ ਨਾ ਕਰ।" ਪਿੰਡ ਝਿਗੜਾਂ ਤੋਂ ਬਚਨੀ ਤੇ ਮਾਹੋਂ ਵੀ ਦਰਸ਼ਨ ਨੂੰ ਆਈਆਂ। ਮਾਹੋਂ ਨੂੰ ਮਹਾਰਾਜ ਜੀ ਨੇ ਹੁਕਮ ਕੀਤਾ, "ਮਾਹੋਂ! ਮੇਰੇ ਵਾਸਤੇ ਰਸ ਵਿਚ ਖੀਰ ਬਣਾ ਕੇ ਲੈ ਆਓ, ਰਸ ਰਲੂ ਕੋਲੋਂ ਕਢਾ ਲੈਣੀ।" ਬਚਨੀ ਤੇ ਮਾਹੋਂ ਪਿੰਡ ਜਾ ਕੇ ਰਸ ਵਿਚ ਖੀਰ ਚੌਲ ਬਣਾ ਲੈ ਆਈਆਂ। ਜਦੋਂ ਮੋਹਰੇ ਚਰਨਾਂ ਵਿਚ ਧਰ ਕੇ ਨਮਸਕਾਰ ਕੀਤੀ ਤਾਂ ਹੁਕਮ ਕੀਤਾ, "ਚੱਲ! ਝਿਗੜੀਂ ਚਲ ਕੇ ਲਾਲਾ ਦੇ ਮੱਥਾ ਟੇਕ ਕੇ ਵੰਡ ਦਿਓ, ਬਾਕੀ ਲੁਹਾਰਾਂ ਦੇ ਘਰ ਦੇ ਦੇਣੀ।" ਮਾਹੋਂ ਕਹਿੰਦੀ, "ਜੀ! ਲੁਹਾਰ ਪੂਜਾ ਦੀ ਚੀਜ਼ ਨਹੀਂ ਲੈਂਦੇ।" ਮਹਾਰਾਜ ਕਹਿੰਦੇ, "ਚਲ ਨੀ! ਕਹਿਣੇ ਲੱਗੀਦਾ ਹੈ। ਲੁਹਾਰਾਂ ਨੇ ਪੂਜਾ ਦਾ ਸਭ ਕੁੱਝ ਸੰਭਾਲਣਾ ਹੈ।" ਪ੍ਰੀਤਮ ਦਾਸ, ਬਤਨ ਸਿੰਘ ਦਾ ਵੱਡਾ ਪੁੱਤਰ ਮਾਈ ਬਸੰਤ ਕੌਰ ਦੀ ਪਵਿੱਤਰ ਕੁੱਖ ਤੋਂ ਇਨ੍ਹਾਂ ਦਾ ਜਨਮ ਹੋਇਆ। ਇਹ ਬਚਪਨ ਤੋਂ ਹੀ ਸੰਤ ਸੇਵੀ ਸਨ। ਲਾਲਾ ਹਮੀਰ ਚੰਦ, ਭਾਈ ਜਵਾਹਰ ਸਿੰਘ ਜੀ ਦੀਆਂ ਸਮਾਧਾਂ ਤੇ ਇੰਦਰ ਸਿੰਘ ਨੇ ਸੁਬ੍ਹਾ ਸ਼ਾਮ ਝਾੜੂ ਕਰਨਾ, ਇਨ੍ਹਾਂ ਦੀਆਂ ਸਮਾਧਾਂ ਤੇ ਦੀਵਾ ਜਗਾਉਣਾਂ ਇਸ ਦਾ ਪੱਕਾ ਨਿਯਮ ਸੀ। ਨਾਭ ਕੰਵਲ ਰਾਜਾ ਸਾਹਿਬ ਦੇ ਦਰਸ਼ਨ ਕਰਨ ਲਈ ਹਰ ਐਤਵਾਰ ਨੂੰ ਜਾਣਾ। ਇਕ ਦਿਨ ਮਹਾਰਾਜ ਜੀ ਦੇ ਦਰਸ਼ਨ ਕਰਨ ਗਿਆ ਅੱਗੋਂ ਸਤਿਗੁਰੂ ਆਪਣੇ ਘਰ ਬੈਠੇ ਸਨ ਪਰਸ਼ਾਦੇ ਦਾ ਡੱਬਾ ਪ੍ਰੀਤਮ ਦਾਸ ਜੀ ਨੇ ਮੋਹਰੇ ਧਰਕੇ ਨਮਸਕਾਰ ਕੀਤੀ। ਅੱਗੋਂ ਸਤਿਗੁਰੂ ਮਿਹਰਬਾਨ ਜੀ ਵਲੋਂ ਹੁਕਮ ਹੋਇਆ, "ਕਾਕਾ! ਚਲ ਸਾਡੇ ਕੋਲ ਨਾ ਆਇਆ ਕਰ, ਲਾਲਾ ਦੇ ਦਰਬਾਰ ਵਿਚ ਬੇਰੀ

ਹੇਠ ਤੇਰੇ ਧਨ ਦਾ ਖਜ਼ਾਨਾ ਦੱਬਿਆ ਹੋਇਆ ਹੈ।" ਇਹ ਗੁੱਝੀ ਗਜ਼ ਸੀ ਇਸਨੂੰ ਪ੍ਰੀਤਮ ਦਾਸ ਸਮਝ ਨਾ ਸਕਿਆ ਕਿ ਨਾਮ ਰੂਪੀ ਧਨ ਦਾ ਖਜਾਨਾ ਲਾਲਾ ਜੀ ਦੇ ਚਰਨਾਂ ਵਿਚ ਜਮ੍ਹਾਂ ਹੈ। ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਚੌਦਾਂ ਦਿਨ ਦਰ ਨਾ ਖੋਲ੍ਹੇ, ਨਾ ਅੰਨ ਛਕਿਆ। ਚੌਦਾਂ ਦਿਨ ਤੋਂ ਬਾਅਦ ਬੂਹਾ ਖੋਲ੍ਹਿਆ, ਚੱਕ ਕਰਾਲਾਂ ਵਾਲੀ ਬੰਤੋ ਪੇਸ਼ ਹੋਈ। ਕੋਈ ਰੱਬੀ ਦਰਬਾਰ ਕਰਕੇ ਉਠੇ ਸਨ, ਵੱਡੇ-ਵੱਡੇ ਵਿਅਕਤੀ ਇਸ ਮੀਟਿਗ ਵਿਚ ਸ਼ਾਮਿਲ ਸਨ। ਮਹਾਰਾਜ ਵਲੋਂ ਹੁਕਮ ਹੋਇਆ, "ਭਗੀਰਥੀ! ਇਕ ਕਾਪੀ ਬਣਾ ਲੈਣੀ ਸੀ ਕਈ ਸਾਡੇ ਬਚਨ ਨੋਟ ਕਰਨ ਵਾਲੇ ਹੁੰਦੇ ਹਨ, ਨੋਟ ਹੀ ਕਰ ਲਿਆ ਕਰ। ਸਾਡਾ ਵੱਡਾ ਇਤਿਹਾਸ ਬਣੇਗਾ। ਉਸ ਵਿਚ ਨੋਟ ਕਰਾ ਦੇਵੀਂ। ਭਗੀਰਥੀ! ਹਮਨੇ ਇਥੇ ਨਵਾਂ ਅੰਮ੍ਰਿਤਸਰ ਰਚ ਦਿੱਤਾ ਹੈ।" ਉਸ ਦਿਨ ਦਲਾਨ ਦੀ ਪੱਛੋਂ ਵੱਲ੍ਹ ਦੀ ਤਾਕੀ ਪੌੜੀ ਹੇਠਲੀ ਨੂੰ ਆਪ ਜਿੰਦਰਾ ਲਾ ਕੇ ਕਹਿੰਦੇ ਇਹ ਜਿੰਦਰਾ ਖੋਲ੍ਹਣਾ ਨਹੀਂ?" ਭਗੀਰਥੀ ਕਹਿੰਦੀ ਜੀ ਇਹ ਜੰਦਰਾ ਕੌਣ ਖੋਲ੍ਹੇਗਾ ਹੁਕਮ ਹੋਇਆ ਅਸੀਂ ਹੀ ਖੋਲ੍ਹਾਂਗੇ। ਤਿੰਨ ਵਾਰ ਭਗੀਰਥੀ ਸਾਨੂੰ ਖੁਦਾ ਕੋਲ ਜਾਣਾ ਪਿਆ ਲਾਲਾ ਦੀ ਸਿਫਾਰਸ਼ ਚੱਲ ਗਈ, ਚੀਜ਼ ਲੁਹਾਰਾਂ ਦੇ ਘਰ ਜਾਵੇਗੀ। ਚੱਲ ਅੱਜ ਕੋਠੀ ਦਾ ਜੰਦਰਾ ਖੋਹਲ ਆਉ, ਪਾਣੀ ਦਾ ਛਿੱਟਾ ਦੇ ਕੇ ਧੂਫ ਦੇ ਆਉਣਾ। ਇਥੇ ਰੋਗੀ ਰਾਜ਼ੀ ਹੋਇਆ ਕਰਨਗੇ। ਇਸ ਕੋਠੀ ਦਾ ਨਾਂ ਅੱਜ ਤੋਂ ਦੁਖ ਨਿਵਾਰਨ ਰੱਖ ਦਿੱਤਾ। ਚਾਬੀਆਂ ਪ੍ਰੀਤੂ ਨੂੰ ਦੇ ਦੇਣੀਆਂ।" ਕਈ ਵਾਰ ਇਉਂ ਕਹਿ ਦਿੰਦੇ ਸਾਡੀ ਉਮਰ ੨੨ ਸਾਲ ਹੈ। ਪ੍ਰੀਤਮ ਦਾਸ ਪਰਗਟ ਹੋਏ ਸੰਨ ੧੯੪੨ ਵਿਚ ਤਾਂ ਪ੍ਰੀਤਮ ਦਾਸ ਦੀ ਉਮਰ ੨੨ ਸਾਲ ਸੀ। ਇਕ ਵਾਰੀ ਗੁਰਬਖਸ਼ ਸਿੰਘ ਨੇ ਗੁਰਦੁਆਰੇ ਦੀਆਂ ਚਾਬੀਆਂ ਮੋਹਰੇ ਧਰਕੇ ਬੇਨਤੀ ਕੀਤੀ, "ਮਹਾਰਾਜ ਜੀ! ਮੈਥੋਂ ਸਮੇਂ ਸਿਰ ਦੀਵਾ ਬੱਤੀ ਨਹੀਂ ਕੀਤਾ ਜਾਂਦਾ, ਹੋਰ ਕਿਸੇ ਸੇਵਾਦਾਰ ਦੀ ਡਿਊਟੀ ਦੀਵੇ ਬੱਤੀ ਦੀ ਲਾ ਦਿਓ ਜੀ।" ਪਹਿਲਾਂ ਨਰਾਇਣ ਸਿੰਘ ਮੁਸਾਪੁਰੀਆ ਗੁਰਦੁਆਰੇ ਰਹਿੰਦਾ ਸੀ। ਉਸ ਦੇ ਸੁਰਗਵਾਸ ਹੋਣ ਪਿਛੋਂ ਗੁਰਬਖਸ਼ ਸਿੰਘ ਨੇ ਅਰਜ ਕੀਤੀ ਸੀ। ਮਹਾਰਾਜ ਗੁਰਬਖਸ਼ ਸਿੰਘ ਨੂੰ ਕਹਿਣ ਲੱਗੇ, "ਬਖਸ਼ਾ ਖਾਮੋਸ਼ ਰਹੀਦੈ।" ਜਦੋਂ ਮਹਾਰਾਜ ਜੀ ਜੋਤੀ-ਜੋਤ ਸਮਾਏ ਪ੍ਰੀਤਮ ਦਾਸ ਜੀ ਪਿਛੋਂ ਬਿਮਾਰ ਹੋ ਗਏ, ਬਹੁਤ ਬਿਮਾਰ ਹੋਏ। ਪ੍ਰੀਤਮ ਦਾਸ ਦੀ ਮੰਜੀ

ਚੁੱਕ ਕੇ ਲਾਲਾ ਜੀ ਦੀ ਸਮਾਧ ਮੋਹਰੇ ਰੱਖੀ। ਦੀਵਾਲੀ ਦਾ ਦਿਨ ਸੀ। ਐਸਾ ਬਿਮਾਰੀ ਨੇ ਰਿੜਕਿਆ ਨਾ ਉਮੀਦ ਹੋ ਕੇ ਘਰ ਦੇ ਚਲੇ ਗਏ। ਰਾਤ ਦੇ ੬ ਵਜੇ ਇਕ ਸਾਧੂ ਆਇਆ ਪੱਤਾ ਨਹੀਂ ਕਿਸ ਦੇਸ਼ ਦਾ ਸੀ। ਇਸ ਨੇ ਲਾਲਾ ਦੀ ਸਮਾਧ ਦੀਆਂ ਤਿੰਨ ਪਰਿਕਰਮਾ ਕੀਤੀਆਂ, ਪ੍ਰੀਤਮ ਦਾਸ ਨੂੰ ਪੁੱਛਿਆ ਕਾਕਾ ਰੋਟੀ ਹੈ? ਪ੍ਰੀਤਮ ਦਾਸ ਮਾਰੇ ਹੋਏ ਦੁੱਖਾਂ ਦੇ ਬੋਲੇ, "ਜੀ ਇਕ ਰੋਟੀ ਮੱਕੀ ਦੀ ਪਈ ਹੈ।" ਖੋਲ੍ਹ ਕੇ ਸਾਈਂ ਦੇ ਹੱਥਾਂ ਤੇ ਧਰ ਦਿੱਤੀ। ਉਸ ਮੱਕੀ ਦੇ ਸੁੱਕੇ ਟੁੱਕੜੇ ਨੂੰ ਉਸ ਮਹਾਂਬਲੀ ਤ੍ਰਿਕਾਲ ਦਰਸ਼ੀ ਦਿੱਵ ਜੋਤੀ ਜੀ ਨੇ ਜਦੋਂ ਹੱਥਾਂ ਨਾਲ ਛੁਹਾਇਆ ਬੱਸ ਅੰਮ੍ਰਿਤ ਦੀ ਕਣੀ ਬਣਾ ਦਿੱਤਾ। ਪ੍ਰੀਤਮ ਦਾਸ ਨੂੰ ਛਕਣ ਦਾ ਹੁਕਮ ਕੀਤਾ, ਜਦੋਂ ਪ੍ਰੀਤਮ ਦਾਸ ਨੇ ਪਰਸ਼ਾਦਾ ਛਕਿਆ, ਕੁਆੜ ਖੁੱਲ੍ਹ ਗਏ, ਹਿਰਦਾ ਵਿਸ਼ਾਲ ਹੋਇਆ। ਤਿੰਨ ਉੱਪਰ ਛਾਲਾਂ ਆਈਆਂ, ਤਿੰਨ ਤਵੀਤ ਅੰਦਰੋਂ ਨਿਕਲੇ, ਪਾਖਰ ਸਿੰਘ ਨੇ ਤਵੀਤ ਚੁੱਕ ਲਏ। ਮਾਈ ਚਿੰਤੀ ਵੀ ਕੋਲ ਹੀ ਬੈਠੀ ਸੀ, ਧਾਗੇ ਨਾਲ ਲਪੇਟੇ ਹੋਏ ਸਨ। ਜਦੋਂ ਰੋਸ਼ਨ ਹੋਇਆ ਉਸੇ ਹੀ ਸਮੇਂ ਉੱਠਕੇ ਖੜ੍ਹ ਗਏ ਬੋਲੇ, "ਹੋਰ ਕੁੱਝ ਨਹੀਂ ਸੀ, ਭਾਂਡਾ ਹੀ ਸਾਫ਼ ਕਰਨਾ ਸੀ।" ਸਭ ਗੁਰੂਆਂ ਦੇ ਦਰਸ਼ਨ ਹੋਏ। ਉੱਚੀ ਉੱਚੀ ਰੌਲੀ ਪਾਉਣ ਲੱਗੇ, ਉਹ ਰਾਜਾ ਸਾਹਿਬ ਜੀ ਆ ਗਏ, ਲਾਲਾ ਜੀ ਆ ਗਏ ਹਨ। ਇਕ ਮਿੰਟ ਵਿਚ ਹਿਰਦਾ ਹਲਕਾ ਫੁੱਲ ਵਰਗਾ ਹੋ ਗਿਆ। ਉੱਠੇ ਪੌਣ ਵਾਂਗ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਆ ਗਏ। ਲੱਖ-ਲੱਖ ਸਿਜਦੇ ਕੀਤੇ। ਪਤਾ ਲੱਗਣ ਤੇ ਬਹੁਤ ਸਾਰੇ ਬੰਦੇ ਇਕੱਠੇ ਹੋ ਗਏ। ਫਿਰ ਆਖਿਆ, "ਦੇਖੋ! ਰਾਜਾ ਸਾਹਿਬ ਜੀ ਦੇ ਦਰਸ਼ਨ ਕਰੋ।" ਸਰਦਾਰ ਹਰਨਾਮ ਸਿੰਘ ਕਹਿੰਦਾ, "ਜੀ! ਸਾਡੀ ਨਿਗਾਹ ਦੇਖਣ ਵਾਲੀ ਨਹੀਂ ਆਪ ਦੀ ਨਜ਼ਰ ਦਿੱਵ ਹੋ ਗਈ ਹੈ।" ਸਾਰੇ ਪਿੰਡਾਂ ਵਿਚ ਦੂਰ-ਦੂਰ ਤਾਈਂ ਖ਼ਬਰ ਜਾ ਹੋਈ। ਪ੍ਰੀਤਮ ਦਾਸ ਜੀ ਨੂੰ ਈਸ਼ਰ ਤਾਕਤ ਪ੍ਰਗਟ ਹੋ ਗਈ। ਇਹ ਖ਼ਬਰ ਸੁਣਕੇ ਗਿਆਨ ਸਿੰਘ ਅਤੇ ਦਾਸ ਵੀ ਦਰਸ਼ਨ ਵਾਸਤੇ ਪਿੰਡ ਝਿਗੜੀਂ ਆਏ, ਅਸੀਂ ਅਜੇ ਬਾਹਰ ਹੀ ਸੀ, ਇਹ ਪੰਜਾਬ ਕੌਰ ਦੇ ਚੁਬਾਰੇ ਵਿਚ ਲੰਮੇ ਪਏ ਸਨ, ਹਾਲੇ ਵੀ ਬਹੁਤ ਸੰਗਤ ਸੀ। ਪਹਿਲਾਂ ਹੀ ਉੱਚੀ-ਉੱਚੀ ਆਖਣ ਲੱਗ ਪਏ, "ਰਹਿਪੀਏ ਆਏ ਹਨ, ਨੱਠ ਚੱਲੋ, ਇਨ੍ਹਾਂ ਦੀ ਸੇਵਾ ਕਰੋ।" ਚੰਨੂੰ ਨੂੰ ਦੁੱਧ ਲਿਆਉਣ ਵਾਸਤੇ ਹੁਕਮ ਕੀਤਾ, ਇਸ ਤਰਾਂ ਅੰਤਰਯਾਮਤਾ

ਵਾਲੀਆਂ ਗੱਲਾਂ ਲੋਕਾਂ ਨੂੰ ਦੱਸ ਕੇ ਹੈਰਾਨ ਕਰਨ ਲੱਗੇ। ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਦਿੱਤਾ ਹੋਇਆ ਦੁਫੁੱਟਾ, ਇਕ ਕਾਪੀ ਝੀਰ ਬੈਤੇ ਕੋਲ ਪਈ ਸੀ। ਜਗਤ ਸਿੰਘ ਕੋਲ ਮਹਾਰਾਜ ਜੀ ਦੀ ਸੋਟੀ ਪਈ ਸੀ ਬਹੁਤ ਦੇਰ ਦੀ। ਝੀਰਾਂ ਦੇ ਘਰੋਂ ਅਲਮਾਰੀ ਵਿਚੋਂ ਕਾਪੀ ਕੱਢਵਾ ਲਈ। ਜਗਤ ਸਿੰਘ ਤੋਂ ਸੋਟੀ ਇਕ ਦੁਫੁੱਟਾ ਮਿਸਤਰੀਆਂ ਦੇ ਘਰੋਂ। ਮਹਾਰਾਜ ਦੇ ਹੱਥਾਂ ਦੀਆਂ ਦਿੱਤੀਆਂ ਹੋਈਆਂ ਚੀਜ਼ਾਂ ਕੱਢਵਾ ਲਈਆਂ। ਇਕ ਦਿਨ ਰਟੈਂਡੇ ਵੱਲ੍ਹ ਨੂੰ ਤੁਰੇ ਜਾਣ। ਸੁੱਚਾ ਸਿੰਘ ਫਲਪੋਤੇ ਵਾਲਾ ਨਾਲ ਤੁਰਿਆ ਜਾਂਦਾ ਸੀ, ਜਾਂਦੇ ਜਾਂਦੇ ਕਹਿੰਦੇ, "ਸੁੱਚਾ! ਤੇਰੇ ਤੇ ਹੋਣੀ ਵਰਤਣੀ ਹੈ, ਵਰਤਕੇ ਹੀ ਰਹੇਗੀ।" ਸੁੱਚਾ ਸਿੰਘ ਕਹਿੰਦਾ, "ਜੀ! ਤੁਹਾਡੇ ਹੁੰਦਿਆਂ ਵੀ ਹੋਣੀ ਵਰਤ ਜਾਵੇਗੀ।" ਕਹਿੰਦੇ, "ਕਈ ਕਰਮ ਅਮੇਟ ਹੁੰਦੇ ਹਨ।" ਕੁੱਝ ਦਿਨਾਂ ਬਾਅਦ ਸਰਹਾਲ ਕਾਜ਼ੀਏ ਡਾਕਾ ਪਿਆ। ਸੁੱਚਾ ਸਿੰਘ ਇਕ ਦਿਨ ਸਰਹਾਲ ਕਾਜ਼ੀਆਂ ਵਿੱਚ ਦੀ ਲੰਘਦਾ ਜਾਂਦਾ ਸੀ ਪੁਲਸ ਨੇ ਫੜਕੇ ਡਾਕੇ ਦੀ ਤਫ਼ਤੀਸ਼ ਵਿਚ ਬਹੁਤ ਕੁੱਟਿਆ। ਕਈ ਅਸਾਧ ਰੋਗੀ ਸਾਹਮਣੇ ਆਉਣ ਦੇ ਨਾਲ ਹੀ ਰਾਜ਼ੀ ਹੋ ਜਾਂਦੇ ਸਨ। ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਛੇ ਮਹੀਨੇ ਜਿਥੇ ਸਸਕਾਰ ਕੀਤਾ ਗਿਆ, ਉਸ ਥਾਂ ਨੂੰ ਦੁਫੁੱਟੇ ਨਾਲ ਨਾਪ ਕੇ ਆਖਿਆ ਇਹੋ ਸਾਡੀ ਸਮਾਧ ਹੈ। ਇਹੋ ਜਿਹੀਆਂ ਹਜ਼ਾਰਾਂ ਹੀ ਕਹਾਣੀਆਂ ਦੁਨੀਆਂ ਵਿਚ ਦਿਖਾ ਕੇ 43 ਸਾਲ ਦੀ ਉਮਰ ਪੂਰੀ ਕਰਕੇ 1961 ਅਠਾਰਾਂ ਭਾਦਰੋਂ ਨੂੰ ਜੋਤੀ-ਜੋਤ ਸਮਾ ਗਏ। ਸਸਕਾਰ ਵੇਲੇ ਪਾਲਕੀ ਬਣਾ ਕੇ ਜਲੂਸ ਕੱਢਿਆ ਗਿਆ। ਜਿਸ ਵਿਚ ਲੱਖਾਂ ਦੀ ਤਾਇਦਾਦ ਵਿਚ ਸੰਗਤ ਨੇ ਇਕੱਠੀ ਹੋ ਕੇ ਸਸਕਾਰ ਕੀਤਾ। ਕਾਫ਼ੀ ਘਿਉ, ਮੇਵਾ ਆਪ ਜੀ ਦੇ ਅੰਗੀਠੇ ਤੇ ਪਾਇਆ ਗਿਆ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਭਗਵਾਨ ਸਿੰਘ ਘਟਾਰੋਂ ਵਾਲੇ ਨਾਲ ਹੋਈ

ਭਗਵਾਨ ਸਿੰਘ ਪਿੰਡ ਘਟਾਰੋਂ ਦਾ ਆਦਿਧਰਮੀ ਸੀ। ਇਹ ਕੀਰਤਨ ਵੀ ਕਰਿਆ ਕਰਦਾ ਸੀ। ਸੰਤ ਸੇਵੀ ਅਤੇ ਮਹਾਰਾਜ ਜੀ ਦਾ ਬਹੁਤ ਪ੍ਰੇਮੀ ਸੀ। ਇਕ ਦਿਨ ਮਨ ਵਿਚ ਸ਼ੌਕ ਉਠਿਆ, ਅਨੇਕਾਂ ਹੀ ਲੋਕ ਰਾਜਾ ਸਾਹਿਬ ਜੀ

ਦੀ ਸੇਵਾ ਕਰਦੇ ਹਨ ਆਪਾਂ ਵੀ ਇਕ ਪਰਨਾ ਬਣਾ ਕੇ ਭੇਟ ਕਰੀਏ। ਇਹ ਲੁਧਿਆਣੇ ਤੋਂ ਬਣੇ ਬਣਾਏ ਹੋਏ ਪਰਨੇ ਲਿਆਕੇ ਵੇਚਦਾ ਹੁੰਦਾ ਸੀ। ਭਗਵਾਨ ਸਿੰਘ ਨੇ ਬਹੁਤ ਸੋਹਣਾ ਸੂਤ ਲਿਆਕੇ, ਆਪਣੇ ਹੱਥੀਂ ਪਰਨਾਂ ਚਾਰ ਖਾਨੇ ਦਾ ਤਿਆਰ ਕੀਤਾ। ਜਿਵੇਂ ਮਾਈ ਭਰਾਈ ਜੀ ਨੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਸਤੇ ਚੋਗਾ ਤਿਆਰ ਕੀਤਾ ਸੀ। ਭਗਵਾਨ ਸਿੰਘ ਪਰਨਾ ਤਿਆਰ ਕਰਕੇ ਇਸ਼ਨਾਨ ਕਰਕੇ ਬੜੀ ਸੁੱਚਮ ਨਾਲ ਸ਼ਰਧਾ ਦੇ ਫੁੱਲ ਲੈ ਕੇ ਘਰੋਂ ਤੁਰਿਆ, ਪਰਨਾ ਸੱਜੀ ਬਾਂਹ ਤੇ ਤਹਿ ਮਾਰਕੇ ਧਰ ਲਿਆ। ਭਗਵਾਨ ਸਿੰਘ ਕਰਨਾਣੇ ਤੇ ਮਜਾਰੇ ਦੇ ਦਰਮਿਆਨ ਵਿਚ ਰਸਤੇ ਵਿਚ ਚਲਿਆ ਜਾ ਰਿਹਾ ਸੀ। ਗੁਣਾਚੌਰ ਦਾ ਤੇਲੀ ਮੌਲਾ ਬਖਸ਼ ਤੇਲ ਦਾ ਖਾਨਗਾਰ ਚੁੱਕੀ ਕਰਨਾਣੇ ਨੂੰ ਜਾਂਦਾ ਭਗਵਾਨ ਸਿੰਘ ਨੂੰ ਰਸਤੇ ਵਿਚ ਮਿਲਿਆ। ਮੌਲੇ ਨੇ ਪੁੱਛਿਆ, "ਰਾਗੀ ਜੀ! ਕਿੱਧਰ ਜਾ ਰਹੇ ਹੋ?" ਭਗਵਾਨ ਸਿੰਘ- "ਮੈਂ ਨਾਭ ਕੰਵਲ ਰਾਜਾ ਸਾਹਿਬ ਵਾਸਤੇ ਇਕ ਤੌਲੀਆ ਬਣਾ ਕੇ ਲੈ ਜਾ ਰਿਹਾ ਹਾਂ।" ਮੌਲਾ ਕਹਿੰਦਾ, "ਭਾਈ ਸਾਹਿਬ ਜੀ! ਮੈਨੂੰ ਜ਼ਰਾ ਦਰਸ਼ਨ ਤੇ ਕਰਾਓ ਤੌਲੀਏ ਦੇ।" ਭਗਵਾਨ ਸਿੰਘ ਕਹਿੰਦਾ, "ਭਾਈ! ਤੇਰੇ ਹੱਥਾਂ ਨੂੰ ਤੇਲ ਲੱਗਾ ਹੋਇਆ ਹੈ, ਪਰਨਾ ਮੈਲਾ ਹੋ ਜਾਵੇਗਾਂ।" ਮੌਲੇ ਨੇ ਹੱਥ ਸਾਫ਼ ਕਰਕੇ ਪਰਨਾ ਖੋਹਲ ਕੇ ਦੇਖਿਆ, ਮੌਲੇ ਦੇ ਮਨ ਵਿਚ ਬੇਈਮਾਨੀ ਆਈ, "ਪਰਨਾ ਬਹੁਤ ਸੁਹਣਾ ਹੈ। ਮਹਾਰਾਜ ਜੀ ਉਰੇ ਖੇਤਾਂ ਵਿਚ ਬੈਠੇ ਹਨ। ਭਗਵਾਨ ਸਿੰਘ ਨੇ ਪਰਨਾ ਮੱਥਾ ਟੇਕ ਕੇ ਮੁੜ ਜਾਣਾ ਹੈ ਜਾਂ ਤਾਂ ਮਹਾਰਾਜ ਜੀ ਤੋਂ ਮੈਂ ਮੰਗ ਲਵਾਂਗਾ ਨਹੀਂ ਤਾਂ ਪਿਆ ਛੱਡਕੇ ਉਨ੍ਹਾਂ ਚਲੇ ਜਾਣਾ, ਪਿੱਛਿਓਂ ਚੁੱਕ ਲਵਾਂਗਾ।" ਭਗਵਾਨ ਸਿੰਘ ਅੱਗੇ ਚਲਾ ਗਿਆ। ਮੌਲਾ ਇਕ ਖੇਤ ਵਿਚ ਦਰੱਖਤ ਨਾਲ ਤੇਲ ਦਾ ਖਾਨਗਾਰ ਬੰਨ ਕੇ ਖੇਤਾਂ ਵਿਚ ਦੀ ਮੂਧਾ ਮੂਧਾ ਹੋ ਮਹਾਰਾਜ ਜੀ ਦੇ ਪਿਛਲੇ ਪਾਸੇ ਇਕ ਕਣਕ ਦੇ ਖੇਤ ਵਿਚ ਛੁਪ ਕੇ ਬੈਠ ਗਿਆ। ਭਗਵਾਨ ਸਿੰਘ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਪਰਨਾ ਰੱਖ ਕੇ ਨਮਸਕਾਰ ਕੀਤੀ। ਬਿਦਰ ਭਗਤ ਵਾਂਗ ਮਸਤਾਨਾ ਹੋ ਕੇ ਸ਼ਬਦ ਪੜ੍ਹਨ ਲੱਗ ਪਿਆ। ਮਹਾਰਾਜ ਸਿੰਘ ਜੀ ਕਹਿੰਦੇ, "ਭਾਨਿਆ! ਕੀ ਲਿਆਂਦਾ ਹੈ?" ਭਗਵਾਨ ਸਿੰਘ- "ਜੀ! ਮੈਂ ਕੀ ਲਿਆਉਣ ਜੋਗਾ ਹਾਂ, ਆਪ ਦੀ ਬਖਸ਼ੀ ਹੋਈ ਦਾਤ ਹੈ।" ਛੋਟਾ ਜਿਹਾ ਪਰਨਾ ਚੁਕ ਕੇ ਭਗਵਾਨ ਸਿੰਘ ਨੂੰ ਆਖਿਆ, "ਪਰਨਾ

ਬਹੁਤ ਚੰਗਾ ਹੈ, ਤੇਰੀ ਭੇਟ ਮਨਜ਼ੂਰ ਹੈ। ਅਸੀਂ ਕੀ ਕਰਨਾ ਹੈ ਚਲ ਕਿਸੇ ਹੋਰ ਨੂੰ ਹੀ ਦੇ ਦਿੰਦੇ ਹਾਂ। ਪਿਛੇ ਕਣਕ ਵਿਚ ਬੈਠਾ ਮੌਲਾ ਪਰਨਾ ਮੰਗਦਾ ਹੈ, ਉਸਨੂੰ ਬੁਲਾ ਲਿਆਓ।" ਭਗਵਾਨ ਸਿਘ ਪਿਛਲੇ ਪਾਸੇ ਖੇਝ ਦੇ ਬੰਨੇ ਤੇ ਗਿਆ, ਉਹ ਹੀ ਮੌਲਾ ਤੇਲੀ ਬੈਠਾ। ਭਗਵਾਨ ਸਿਘ ਕਹਿੰਦਾ, "ਮੌਲਾ ਬਖਸ਼! ਤੈਨੂੰ ਮਹਾਰਾਜ ਜੀ ਬੁਲਾ ਰਹੇ ਹਨ।" ਮੌਲਾ ਕੁੱਝ ਸ਼ਰਮਿੰਦਾ ਵੀ ਹੋਇਆ। ਮਹਾਰਾਜ ਜੀ ਦੇ ਸਾਹਮਣੇ ਹੋਇਆ, ਮਹਾਰਾਜ ਜੀ ਕਹਿੰਦੇ, "ਮੌਲਾ! ਚੁੱਕ ਲੈ ਪਰਨਾ, ਤੇਰੀ ਵਾਸਨਾ ਹੈ ਪਰਨੇ ਵਿਚ।" ਭਗਵਾਨ ਸਿਘ ਕਹਿੰਦਾ ਮੈਂ ਹੈਰਾਨ ਹੋਇਆ ਜਦੋਂ ਘਟ-ਘਟ ਦੀਆਂ ਅੰਤਰਯਾਮਤਾ ਦੀਆਂ ਕਹਾਣੀਆਂ ਡਿੱਠੀਆਂ। ਭਗਵਾਨ ਸਿਘ ਵਾਰ-ਵਾਰ ਨਮਸਕਾਰਾਂ ਕਰਨ ਲੱਗਾ। ਇੰਨੇ ਚਿਰ ਨੂੰ ਇਕ ਪਿੰਡ ਲਗੇਰੀ ਜਗੀਰਦਾਰਾਂ ਤੋਂ ਇਕ ਔਰਤ ਆਈ ਜਿਸ ਦੇ ਹੱਥਾਂ ਵਿਚ ਸੋਨੇ ਦੇ ਕੰਗਣ ਪਾਏ ਹੋਏ ਸਨ। ਨਮਸਕਾਰ ਕੀਤੀ ਮਹਾਰਾਜ ਜੀ ਨੇ ਕੰਗਣ ਲੁਹਾਕੇ ਤਲਾਅ ਵਿਚ ਸੁਟਾ ਦਿੱਤੇ। ਉਹ ਔਰਤ ਰੋਣ ਲੱਗੀ, "ਮੈਨੂੰ ਘਰ ਦੇ ਗੁੱਸੇ ਹੋਵਣਗੇ।" ਘਰ ਨੂੰ ਨਾ ਜਾਵੇ। ਦੋ ਘੰਟਿਆਂ ਬਾਅਦ ਮਹਾਰਾਜ ਜੀ ਬੁਲਾਕੇ ਆਖਿਆ, "ਜਾਓ! ਦੂਜੇ ਕੰਢੇ ਤੇ ਆਪਣੇ ਕੰਗਣ ਜਾ ਕੇ ਚੁੱਕ ਲੈ।" ਉਸ ਬੀਬੀ ਨੇ ਦੂਸਰੇ ਕੰਢੇ ਤੋਂ ਜਾ ਕੇ ਆਪਣੇ ਕੰਗਣ ਚੁੱਕ ਲਏ। ਸ਼ੁਕਰ-ਸ਼ੁਕਰ ਕਰਦੀ ਘਰ ਨੂੰ ਚਲੇ ਗਈ। ਪੌਣ-ਪਾਣੀ ਆਪ ਜੀ ਦੇ ਹੁਕਮ ਵਿਚ ਚਲਦੇ ਸੀ, ਕਈ ਵਾਰੀ ਗਹਿਣੇ ਲੁਹਾ-ਲੁਹਾ ਕੇ ਖੂਹਾਂ ਵਿਚ ਸੁਟਾ ਦੇਣੇ। ਪਿਛੋਂ ਮੁੰਡਿਆਂ ਨੇ ਖੂਹਾਂ ਵਿਚ ਵੜ-ਵੜ ਕੇ ਟੋਲ੍ਹਣੇ ਤਾਂ ਹੱਥ ਕੁੱਝ ਵੀ ਨਾ ਆਉਣਾ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਨੰਤੇ ਨਾਲ ਹੋਈ

ਇਕ ਦਿਨ ਦੀ ਗੱਲ ਹੈ ਨੰਤਾ ਪਿੰਡ ਹੇੜੀਆਂ ਤੋਂ, ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਇਆ। ਮਹਾਰਾਜ ਜੀ ਇਕ ਟਿੱਬੇ ਤੇ ਬੈਠੇ ਸਨ। ਦਸ ਕੁੱਤੇ ਆਪ ਜੀ ਦੇ ਚਾਰੋਂ ਗਿਰਦ ਬੈਠੇ ਰਹਿੰਦੇ ਸਨ। ਨੰਤੇ ਨੇ ਗਲ ਪੱਲਾ ਪਾ ਕੇ ਨਮਸਕਾਰ ਕੀਤਾ, ਪਿੱਛੇ ਹਟ ਕੇ ਖੜ੍ਹ ਗਿਆ। ਮਹਾਰਾਜ ਜੀ ਦੀ

ਸਮਾਧੀ ਲੱਗੀ ਹੋਈ ਸੀ। ਨੰਤਾ ਚੁੱਪ-ਚਾਪ ਸੋਹਣੇ ਪ੍ਰੀਤਮ ਜੀ ਦੇ ਨੂਰੀ ਮੁਖੜੇ ਦਾ ਰਸ ਮਾਣ ਰਿਹਾ ਸੀ। ਨੰਤਾ ਚਕੋਰ ਵਾਂਗ ਇਕ ਧਿਆਨ ਹੋ ਕੇ ਭੱਕ ਰਿਹਾ ਸੀ, ਮਨ ਚਰਨਾਂ ਵਿਚ ਜੁੜ ਗਆ। ਨੰਤੇ ਦੇ ਦੇਖਦੇ-ਦੇਖਦੇ ਤੋਂ ਹੀ ਪਤਾ ਨਹੀਂ ਦਸ ਦੇ ਦਸੇ ਕੁੱਤੇ ਤੇ ਆਪ ਇਕ ਪਲਕ ਵਿਚ ਅਲੋਪ ਹੋ ਗਏ। ਨੰਤਾ ਇਕੱਲਾ ਖੜ੍ਹਾ ਰਹਿ ਗਿਆ, ਕਾਫ਼ੀ ਦੂਰ ਤਾਈਂ ਖੇਤ ਵਿਹਲੇ ਸਨ। ਪਤਾ ਨਹੀਂ ਬਿਜਲੀ ਦੀ ਲਿਸ਼ਕ ਵਾਂਗ ਦਰਸ਼ਨ ਦੀ ਝਲਕ ਦੇ ਕੇ ਕਿੱਧਰ ਛੁਪ ਗਏ? ਇਕ ਵਾਰ ਫਿਰ ਦੀ ਗੱਲ ਹੈ ਨੰਤਾ ਹੋੜੀਆਂ ਤੋਂ ਪਿੰਡ ਮਜਾਰੇ ਦਰਸ਼ਨ ਨੂੰ ਗਿਆ। ਕਾਫ਼ੀ ਸੰਗਤ ਬੂਹੇ ਮੋਹਰੇ ਬੈਠੀ ਗੀਤ ਗਾ ਰਹੀ ਸੀ। ਬੂਹਾ ਖੁੱਲ੍ਹਾ ਸੰਗਤ ਅੰਦਰ ਲੰਘ ਕੇ ਦਰਸ਼ਨ ਕਰ ਰਹੀ ਸੀ। ਕਮਰੇ ਨੂੰ ਹੋਰ ਕੋਈ ਕਿਸੇ ਪਾਸੇ ਤਾਕੀ ਰੌਸ਼ਨਦਾਨ ਨਹੀਂ ਸੀ। ਸੰਗਤ ਸਾਰੀ ਦਰਸ਼ਨ ਕਰਨ ਤੋਂ ਬਾਅਦ ਬਾਹਰ ਬਿਠਾ ਦਿੱਤੀ। ਨੰਤੇ ਨੂੰ ਹੁਕਮ ਕੀਤਾ, "ਨੰਤਾ, ਬੂਹਾ ਬੰਦ ਕਰ ਦੇ।" ਨੰਤਾ ਦਰਵਾਜਾ ਬੰਦ ਕਰਕੇ ਸੰਗਤ ਵਿਚ ਬੈਠ ਗਿਆ। ਇੰਨੇ ਚਿਰ ਨੂੰ ਇਕ ਹੋਰ ਸੰਗਤ ਦਾ ਕਾਫਲਾ ਆਇਆ, ਨਮਸਕਾਰ ਕਰਕੇ ਬੈਠ ਗਏ। ਹੋਰ ਬੈਠੀ ਸੰਗਤ ਮੋਹਰੇ ਬੇਨਤੀ ਕਰਨ ਲੱਗੇ, ਅਸੀਂ ਜੰਡਿਆਲੇ ਤੋਂ ਆਏ ਹਾਂ, ਸਾਨੂੰ ਦਰਸ਼ਨ ਕਰਾਵੋ, ਨੰਤਾ ਕਹਿੰਦਾ, "ਭਾਈ ਜੀ! ਪਹਿਲਾਂ ਤਾਂ ਬੂਹਾ ਖੁਲ੍ਹਾ ਸੀ, ਥੋੜ੍ਹੀ ਦੇਰ ਹੋਈ ਹੈ ਬੂਹਾ ਬੰਦ ਕੀਤੇ ਨੂੰ। ਜੇ ਤੁਸੀਂ ਸਾਰੇ ਆਖੋ ਤਾਂ ਮੈਂ ਅਵਾਜ਼ ਦਿੰਦਾ ਹਾਂ।" ਸਾਰਿਆਂ ਨੇ ਆਖਿਆ, "ਮਲਕ ਦੇਣੀ ਬੂਹਾ ਖੋਲ੍ਹਕੇ ਇਨ੍ਹਾਂ ਨੂੰ ਦਰਸ਼ਨ ਕਰਾ ਦੇਵੋ। ਨੰਤੇ ਨੇ ਬੂਹਾ ਖੋਲ੍ਹਿਆ ਅੰਦਰ ਦੇਖਣ ਤਾਂ ਕੁੱਝ ਵੀ ਨਾ ਮੰਜੀ ਖਾਲੀ ਪਈ। ਸਾਰੀ ਸੰਗਤ ਇਹ ਕੌਤਕ ਦੇਖ ਕੇ ਹੈਰਾਨ ਹੋਈ ਦੋ ਘੰਟਿਆਂ ਤੋਂ ਬਾਅਦ ਅੰਦਰੋਂ ਹੀ ਸੰਗਤ ਨੂੰ ਦਰਸ਼ਨ ਹੋਏ। ਗੁਪਤ-ਪ੍ਰਗਟ ਹੋ ਕੇ ਸਿੱਖਾਂ ਸੇਵਕਾਂ ਨੂੰ ਦਰਸ਼ਨ ਦੇ ਦਿੰਦੇ ਸਨ। ਇਕ ਛਿਣ ਵਿਚ ਸਿੱਖਾਂ ਸੇਵਕਾਂ ਨੂੰ ਦਰਸ਼ਨ ਦੇ ਦਿੰਦੇ ਸਨ। ਐਸਾ ਮੇਰਾ ਚੋਜੀ ਪ੍ਰੀਤਮ, ਸ਼ਕਤੀਆਂ ਦਾ ਮਾਲਿਕ ਸੀ। ਇੰਨੇ ਚਿਰ ਨੂੰ ਪ੍ਰੀਤਮ ਸਿਘ, ਪਿੰਡ ਮੁਕੰਦਪੁਰ ਤੋਂ ਆਇਆ। ਸਤਿਗੁਰਾਂ ਦੇ ਚਰਨਾਂ ਵਿਚ ਨਮਸਕਾਰ ਕੀਤੀ। ਮਹਾਰਾਜ ਜੀ ਨੇ ਇਕ ਮੁੱਠ ਪੈਸਿਆਂ ਦੀ ਚੁੱਕ ਕੇ ਪ੍ਰੀਤਮ ਸਿਘ ਦੇ ਪੱਲੇ ਪਾ ਦਿੱਤੀ, "ਲੈ ਸਿੱਖਾ! ਤੈਨੂੰ ਮਾਇਆ ਦੇਈਏ।" ਪ੍ਰੀਤਮ ਸਿਘ ਪੱਲੇ ਵਿਚ ਪਾ ਕੇ ਘਰ ਲੈ ਗਿਆ। ਅੱਜ ਪ੍ਰੀਤਮ ਸਿਘ ਮਾਇਆ ਵਿਚ ਖੇਡ ਰਿਹਾ ਹੈ। ਸਾਰੇ

ਪਰਿਵਾਰ ਸਮੇਤ ਇੰਗਲੈਂਡ ਵਿਚ ਰਹਿੰਦਾ ਹੈ, ਉਸੇ ਹੀ ਦਿਨ ਪ੍ਰੀਤਮ ਸਿੰਘ ਤੋਂ ਮੇਹਰ ਸਿੰਘ ਦਾ ਹਾਲ ਪੁੱਛਿਆ। ਮਿਹਰ ਸਿੰਘ ਉਨ੍ਹਾਂ ਦਿਨਾਂ ਵਿਚ ਇਕ ਕਤਲ ਦੇ ਕੇਸ ਵਿਚ ਜੇਲ੍ਹ ਵਿਚ ਸੀ, ਪ੍ਰੀਤਮ ਸਿੰਘ ਕਹਿੰਦਾ, "ਜੀ! ਉਹ ਤਾਂ ਜੇਲ੍ਹ ਵਿਚ ਹੈ।" ਮਹਾਰਾਜ ਕਹਿੰਦੇ, "ਕਾਕਿਆ! ਮਿਹਰ ਸਿੰਘ ਨੂੰ ਕੋਈ ਜੇਲ੍ਹ ਕਰਨ ਵਾਲਾ ਨਹੀਂ, ਉਹ ਤਾਂ ਹਮਾਰਾ ਬੰਦਾ ਹੈ।" ਮਿਹਰ ਸਿੰਘ ਸੱਚਮੁਚ ਹੀ ਬਰੀ ਹੋ ਗਿਆ। ਇੰਨੇ ਚਿਰ ਨੂੰ ਮਜ਼ਾਰੀ ਤੋਂ ਪਰੀਤਾ ਜੋ ਪਹਿਲਾਂ ਵੀ ਮਹਾਰਾਜ ਜੀ ਦੇ ਨਾਲ ਹਰ ਰੋਜ ਸਾਰੰਗੀ ਵਜਾ ਕੇ ਗਾਉਂਦਾ ਹੁੰਦਾ ਸੀ, ਇਕ ਦੋ ਦਿਨ ਲੋਕਾਂ ਦਿਆਂ ਮਿਹਣਿਆਂ ਤੋਂ ਡਰਦਾ ਗਿਆ ਨਾ। ਉਸ ਦਿਨ ਤਿੰਨ ਚਾਰ ਦਿਨ ਤੋਂ ਬਾਅਦ ਗਿਆ ਸੀ। ਮਹਾਰਾਜ ਕਹਿੰਦੇ, "ਪਰੀਤਿਆ! ਅੱਜ ਕਈ ਦਿਨੀਂ ਆਇਆਂ।" ਪਰੀਤਾ ਐਵੇਂ ਪੈਰ ਮਲਦਾ ਹੋਇਆ ਕਹਿੰਦਾ, "ਜੀ! ਐਵੀਂ ਆ ਨਹੀਂ ਹੋਇਆ?" ਮਹਾਰਾਜ ਕਹਿੰਦੇ, "ਨਹੀਂ! ਲੋਕਾਂ ਦਿਆਂ ਮਿਹਣਿਆਂ ਤੋਂ ਡਰਦਾ ਨਹੀਂ ਆਇਆ ਲੈ! ਅੱਜ ਤੇਰੀ ਕੰਗਾਲੀ ਵੀ ਦੂਰ ਕਰ ਦਿੰਦੇ ਹਾਂ। ਹਾਂ! ਅੱਜ ਤੈਨੂੰ ਦੁੱਧ, ਪੁੱਤ, ਸਾਰੀਆਂ ਦਾਤਾਂ ਬਖਸ਼ ਦਿੱਤੀਆਂ ਹਨ।" ਉਹ ਅੱਜ ਲੱਖਾਂ ਹੀ ਰੁਪਇਆਂ ਵਿਚ ਖੇਡਦੇ ਹਨ। ਕਈ ਬੰਦੇ ਇੰਗਲੈਂਡ ਵਿਚ ਗਏ ਹੋਏ ਹਨ। ਇਹ ਸਨ ਬਰਕਤਾਂ ਸੱਚੇ ਪ੍ਰੀਤਮ ਦੀ ਨਿਗਾਹ ਵਿਚ।

ਬੋਲੋ ਭਾਈ ਵਾਹਿਗੁਰੂ॥

ਸਾਖੀ ਠਾਕਰ ਸਿੰਘ ਖਟਕੜ ਕਲਾਂ ਵਾਲੇ ਨਾਲ ਹੋਈ

ਸੋਹਣੀ, ਸੋਹਣੀ, ਪਿਆਰੀ, ਪਿਆਰੀ ਪੌਣ ਰੁਮੁਕ ਰਹੀ ਸੀ। ਸੂਰਜ ਡੁੱਬਣ ਵਾਲਾ ਸੀ। ਜਾਨਵਰ ਟਿਕਾਉ ਵਿਚ ਆ ਰਹੇ ਸਨ। ਢੱਕੀ ਦੇ ਬ੍ਰਿਛਾਂ ਉੱਤੇ ਪੰਛੀ ਖੁਸ਼ੀ ਦੇ ਗੀਤ ਗਾ ਰਹੇ ਸਨ। ਆਪ ਜੀ ਨਾਗਰਿਆਂ ਦੀ ਢੱਕੀ ਵਿਚ ਪੱਧਰੀ ਜਿਹੀ ਥਾਂ ਚੌਕੜਾ ਲਾ ਕੇ ਬੈਠੇ, ਚੰਦ ਦੀਆਂ ਰਿਸ਼ਮਾਂ ਆਪ ਜੀ ਦੇ ਚਿਹਰੇ ਉਤੇ ਪੈ ਰਹੀਆਂ ਸਨ। ਅਕਾਸ਼ ਵਿਚੋਂ ਤਾਰੇ ਅਗਸ਼ੀ ਪ੍ਰੀਤਮ ਦਾ ਦਰਸ਼ਨ ਕਰ ਰਹੇ ਸਨ। ਇਸ ਪੂੰਨਿਆਂ ਵਾਲੀ ਰਾਤ ਦੀ ਸ਼ੋਭਾ ਲਿਖਣ ਤੋਂ ਪਰ੍ਹੇ ਹੈ। ਉਸੇ ਹੀ ਰਾਤ ਦੇਵਤਿਆਂ ਨੇ ਆਪ ਜੀ ਤੇ ਫੁੱਲਾਂ ਦੀ ਵਰਖਾ ਕੀਤੀ ਸੀ।

ਫੁੱਲ ਬੜੇ ਖੁਸ਼ਬੂ ਵਾਲੇ ਸਨ। ਦੇਵਤਿਆਂ, ਗੰਧਰਵਾਂ ਤੇ ਰਾਸ ਮੰਡਲੀਆਂ ਨੇ ਖੁਸ਼ੀ ਦੇ ਗੀਤ ਗਾਏ। ਦਿਨ ਦੇ ਚੜ੍ਹਾਅ ਨਾਲ ਆਪ ਜੀ ਉੱਠ ਕੇ ਪਿੰਡ ਮਜਾਰੇ ਕਰਤਾਰ ਸਿੰਘ ਦੇ ਘਰ ਜਾ ਬੈਠੇ। ਸਮੁੰਦਾ ਨਾਗਰਿਆਂ ਵਾਲਾ ਹਰ ਰੋਜ਼ ਦਰਸ਼ਨ ਕਰਦਾ। ਸਤਿਗੁਰਾਂ ਵਲੋਂ ਹੁਕਮ ਹੋਇਆ, "ਸਮੁੰਦਾ! ਜਾਓ! ਪਿੰਡ ਖਟਕੜਾਂ ਤੋਂ ਠਾਕਰ ਸਿੰਘ ਨੂੰ ਬੁਲਾ ਕੇ ਲਿਆਉ। ਸਾਡਾ ਪੁਰਾਣਾ ਸੇਵਕ ਹੈ, ਅੱਜ ਉਸਨੂੰ ਅਗਲੀਆਂ, ਪਿਛਲੀਆਂ ਮਿਹਨਤਾਂ ਦੀ ਮਜ਼ਦੂਰੀ ਦੇ ਹੀ ਦੇਈਏ।" ਜਿਵੇਂ ਗੁਰੂ ਨਾਨਕ ਜੀ ਨੇ ਸੁਦੇਹ ਸੈਣ, ਇੰਦਰ ਸੈਣ ਦਾ ਉਧਾਰ ਕੀਤਾ। ਪਿਛਲੇ ਮਿੱਤਰ ਸਮਝ ਕੇ ਐਸੇ ਹੀ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਠਾਕਰ ਸਿੰਘ ਨੂੰ ਤਾਰਿਆ, ਸਮੁੰਦ ਸਿੰਘ ਨੇ ਠਾਕਰ ਸਿੰਘ ਨੂੰ ਜਾ ਆਖਿਆ। "ਭਾਈ ਸਾਹਿਬ ਜੀ! ਤੁਹਾਨੂੰ ਰਾਜਾ ਸਾਹਿਬ ਜੀ ਬੁਲਾ ਰਹੇ ਹਨ।" ਠਾਕਰ ਸਿੰਘ ਸੁਨੇਹਾ ਸੁਣਦੇ ਸਾਰ ਹੀ ਚਲ ਪਿਆ। ਠਾਕਰ ਸਿੰਘ ਸਾਫ ਦਿਲ, ਸਿੱਧਾ-ਸਾਦਾ ਖੇਤੀਬਾੜੀ ਦਾ ਕੰਮ ਕਰਿਆ ਕਰਦਾ ਸੀ, ਜ਼ਿੰਦਗੀ ਵਿਚ ਕਦੀ ਕੋਈ ਬੁਰਾ ਕੰਮ ਨਹੀਂ ਕੀਤਾ। ਨਾ ਕਦੇ ਸਾਧੂ ਸੰਤ ਦੀ ਸੇਵਾ ਕੀਤੀ, ਦਸਾਂ ਨੌਹਾਂ ਦੀ ਕਿਰਤ ਕਰਕੇ ਰੋਟੀ ਖਾਂਦਾ। ਅੰਦਰ ਧੂਣੀ ਪ੍ਰੇਮ ਦੀ ਲੱਗੀ ਹੋਈ ਸੀ, ਕੋਈ ਫੂਕ ਮਾਰ ਕੇ ਜਗਾਉਣ ਵਾਲਾ ਨਹੀਂ ਸੀ ਮਿਲਿਆ।

ਗੁਰੁ ਬਿਨੁ ਘੋਰੁ ਅੰਧਾਰੁ, ਗੁਰੁ ਬਿਨੁ ਸਮਝ ਨਾ ਆਵੈ।

ਪ੍ਰੇਮ ਤੋਂ ਬਿਨਾਂ ਖਾਲੀ ਹਿਰਦਾ ਸ਼ੋਭਾ ਨਹੀਂ ਦਿੰਦਾ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ

ਸਾਚ ਕਹੂੰ ਸੁਨ ਲੇਉ ਸਭਹਿ ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਓ॥

ਇਕ ਪ੍ਰੇਮ ਹੀ ਰੱਬ ਦਾ ਸਰੂਪ ਹੈ ਪ੍ਰਭੂ ਦੇ ਮਿਲਾਪ ਦਾ ਵਕੀਲ ਹੈ। ਫਰੀਦ ਜੀ ਨੇ ਵੀ ਆਖਿਆ ਹੈ

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨ ਬਿਰਹੁ ਨ ਊਪਜੈ ਸੋ ਤਨਿ ਜਾਣੁ ਮਸਾਨ॥

ਇਕ ਵਿਛੋੜਾ ਹੀ ਪ੍ਰਭੂ ਦੇ ਮਿਲਾਪ ਦਾ ਸੇਤੂ ਹੈ। ਸੁੱਤੇ ਹੋਏ ਠਾਕਰ ਸਿੰਘ ਨੂੰ ਜਗਾਇਆ। ਠਾਕਰ ਸਿੰਘ ਨੇ ਆਪ ਜੀ ਦੇ ਚਰਨਾਂ ਵਿਚ ਗਲ ਵਿਚ ਪੱਲਾ ਪਾ ਕੇ ਨਮਸਕਾਰ ਕੀਤੀ। ਪਿਛਲੀਆਂ ਸਾਂਝਾਂ ਦਰਸ਼ਨ ਪਾ ਕੇ ਜਾਗ ਉੱਠੀਆਂ, ਮਨ ਬੈਰਾਗ ਨਾਲ ਉਛਲ ਪਿਆ। ਪ੍ਰੇਮ ਦੀਆਂ ਘਟਾ ਚੜ੍ਹ ਪਈਆਂ ਸਾਵਣ ਦੇ ਬੱਦਲਾਂ ਵਾਂਗ ਹੰਝੂਆਂ ਦੀ ਝੜੀ ਲਾ ਦਿੱਤੀ। ਸਤਿਗੁਰੂ ਮਿਹਰਬਾਨ ਬੋਲੇ, "ਠਾਕਰ! ਕੋਲ ਬੈਠਾ ਹੀ ਭੁੱਲਾ ਰਿਹਾ। ਜਾਗ ਨਹੀਂ ਕੀਤੀ, ਇੰਨੇ ਸੁਸਤ ਨਹੀਂ ਰਹੀਦਾ। ਵਗਦੇ ਦਰਿਆ ਉੱਪਰ ਬੈਠ ਕੇ ਰੱਜ ਕੇ ਪਾਣੀ ਨਾ ਪੀਤਾ, ਪਿਆਸ ਨਾ ਬੁਝਾਈ ਤਾਂ ਕਿਸੇ ਦਾ ਕੀ ਕਸੂਰ। ਜਿਨ੍ਹਾਂ ਸਤਿਗੁਰੂ ਨੂੰ ਜਹਾਜ ਰੂਪ ਜਾਣਿਆ ਉਹ ਭਾਵ ਸਾਗਰ ਤੋਂ ਪਾਰ ਹੋ ਗਏ।" ਠਾਕਰ ਸਿੰਘ ਨੇ ਕਿਹਾ, "ਜੀ! ਸਾਨੂੰ ਕੀ ਪਤਾ! ਅਗਿਆਨਤਾ ਦੀ ਨੀਂਦੇ ਸੁੱਤੇ ਪਏ ਹਾਂ, ਆਪ ਦੀ ਮਿਹਰ ਨਾਲ ਰਹਿਮਤ ਨਾਲ ਸੋਝੀ ਪੈਂਦੀ ਹੈ। ਗਿਆਨ ਰੂਪੀ ਚਿਰਾਗ਼ ਜਗੇ ਤਾਂ ਹਨ੍ਹੇਰਾ ਦੂਰ ਹੁੰਦਾ ਹੈ।" ਕੋਲ ਬਿਠਾ ਕੇ ਸਿਰ ਉਤੇ ਹੱਥ ਧਰਿਆ। ਸਭ ਅਗੰਮ ਨਿਗਮ ਦੀ ਸੋਝੀ ਹੋਈ,

ਬਲਿਆ ਗੁਰ ਗਿਆਨੁ ਅਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ

ਠਾਕਰ ਸਿੰਘ ਨੂੰ ਨਿਹਾਲ ਕੀਤਾ, ਜਨਮ ਮਰਨ ਦੇ ਦੁਖ ਨਵਿਰਤ ਕੀਤੇ ਪਿਛਲੇ ਮਿੱਤਰ ਦੇ ਸ਼ੁਭ ਕਾਰਜ ਰਾਸ ਕੀਤੇ। ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਦੇ ਕੇ ਤੋਰ ਦਿੱਤਾ। ਇੰਨੇ ਚਿਰ ਨੂੰ ਦੋ ਬੰਦੇ ਹੋਰ ਪਿੰਡ ਖਟਕੜਾਂ ਤੋਂ ਤੇਜਾ ਸਿੰਘ, ਦੂਜਾ ਚਮਾਰ ਬੰਸੀਆਂ ਤੋਂ ਦੋਹਾਂ ਨੇ ਨਮਸਕਾਰ ਕੀਤੀ। ਬੰਸੀਆਂ ਵਾਲੇ ਦੀ ਲੜਕੀ ਦਾ ਰਿਸ਼ਤਾ ਪਿੰਡ ਬੱਲੋਵਾਲ ਦੇ ਮੇਲੂ ਪੁੱਤਰ ਮਿਲਖੀ ਨੂੰ ਤੇਜਾ ਸਿੰਘ ਕਰਾਉਣ ਚੱਲਿਆ ਸੀ। ਤੇਜਾ ਸਿੰਘ ਦਾ ਮਿਲਖੀ ਭਾਣਜਾ ਸੀ। ਸਤਿਗੁਰੂ ਘਟ-ਘਟ ਦੇ ਜਾਨਣਹਾਰੇ ਤੇਜਾ ਸਿੰਘ ਨੇ ਮੁਸਕਰਾ ਕੇ ਕਹਿਣ ਲੱਗੇ, "ਮੇਲੂ ਦੇ ਪੁੱਤਰ ਨੂੰ ਰਿਸ਼ਤਾ ਨਹੀਂ ਹੋਣਾ, ਛੱਜੂ ਦੇ ਪੁੱਤਰ ਨੂੰ ਰਿਸ਼ਤਾ ਕਰਾ ਦੇਣਾ।" ਗੁਪਤ ਗੱਲ ਸੀ, ਸੁਣ ਕੇ ਹੈਰਾਨ ਹੋਏ। ਜਦੋਂ ਪਿੰਡ ਬੱਲੋਵਾਲ ਆ ਕੇ ਰਿਸ਼ਤੇ ਦੀ ਗੱਲ ਚਲਾਈ। ਮੇਲੂ ਨੇ ਜਵਾਬ ਦੇ ਦਿੱਤਾ, "ਮੈਂ ਚਮਾਰ ਬੰਸੀਏ ਮੁੰਡਾ ਨਹੀਂ ਵਿਆਹੁਣਾ, ਕੁਆਰਾ ਬੇਸ਼ਕ ਰਹਿ ਜਾਵੇ।" ਤੇਜਾ ਸਿੰਘ ਛੱਜੂ ਦੇ ਪੁੱਤਰ ਪ੍ਰਕਾਸ਼

ਨੂੰ ਰਿਸ਼ਤਾ ਕਰਵਾ ਦਿੱਤਾ। ਮਹਾਰਾਜ ਜੀ ਨੇ ਤਾਂ ਪਹਿਲਾਂ ਹੀ ਆਤਮ ਸ਼ਕਤੀ ਨਾਲ ਜੋ ਦਰਗਾਹ ਵਿਚ ਸੰਯੋਗ ਲਿਖੇ ਹੋਏ ਸਨ ਹੁਕਮ ਕਰ ਦਿੱਤਾ ਸੀ ਪ੍ਰਕਾਸ਼ ਦਾ ਵਿਆਹ ਬੰਸੀਏ ਹੋਇਆ। ਇਕ ਦਿਨ ਦੀ ਗੱਲ ਹੈ ਪਿੰਡ ਮੰਜਾਰੇ ਇਕ ਝਿੰਝਣ ਵਿਚ ਚਲੇ ਗਏ। ਕੁੜੀਆਂ ਗਾਉਂਦੀਆਂ ਸਨ, ਆਪ ਜੀ ਦੇ ਸਾਹਮਣੇ ਆਉਣ ਨਾਲ ਚੁੱਪ ਹੋ ਗਈਆਂ। ਵਾਰੋ-ਵਾਰੀ ਸਭ ਨੇ ਨਮਸਕਾਰ ਕੀਤੀ, ਹੁਕਮ ਹੋਇਆ ਗਾਵੋ। ਕੁੜੀਆਂ ਬੋਲੀਆਂ ਪਾ ਰਹੀਆਂ ਸਨ। ਇਸ ਤਰਾਂ ਗਾਵੋ,

ਧੋਬੀਆ ਦੇ ਦੇਹ ਛੱਟਣਾਂ ਮੁੰਡਾ ਰੰਗ ਦਾ ਸੁਣੀਂਦਾ ਕਾਲਾ।
ਧੋਬੀਆਂ ਨੇ ਛੱਟ ਸੁਟਿਆ ਮੁੰਡਾ ਨਿਕਲਿਆ ਚਿੱਟਾ ਦੁੱਧ ਵਰਗਾ।

ਇਹ ਇਨਸਾਨ ਦਾ ਕਰਮਾਂ ਵੱਲ ਇਸ਼ਾਰਾ ਸੀ। ਪਾਪ ਕਰਨ ਨਾਲ ਇਸ ਦਾ ਜਾਮਾ ਮੈਲਾ ਹੋ ਜਾਂਦਾ ਹੈ ਕਾਲਾ ਹੋ ਜਾਂਦਾ ਹੈ। ਗੁਰੂ ਜੀ ਦੀ ਸੰਗਤ ਸੇਵਾ ਕਰਨ ਨਾਲ, ਨਾਮ ਜਪਣ ਨਾਲ ਮੁੱਖ ਉਜਲਾ ਹੋ ਜਾਂਦਾ ਹੈ, ਸੀਨਾ ਸਾਫ਼ ਹੋ ਜਾਂਦਾ। ਧੋਬੀ ਰੂਪੀ ਗੁਰੂ ਇਸ ਜੀਵ ਦੇ ਪਾਪ ਖੰਡਣ ਕਰ ਦਿੰਦਾ ਹੈ।

- *ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ*
- *ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ*
  ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥

ਪਿੰਡ ਮਜਾਰਾ ਰਾਜਾ ਸਾਹਿਬ ਜੀ ਦੀ ਕਰਮੀ ਸਪੁੱਤਰੀ ਸ..ਪਾਲ ਸਿੰਘ ਨੂੰ ਹੁਕਮ ਕੀਤਾ, "ਪੇਕੇ ਘਰ ਬੈਠ ਕੇ ਗੁਜਾਰਾ ਕਰ ਲਈਦੈ, ਚਿੱਟਾ ਕੱਪੜਾ ਰੱਖੀਦੈ।" ਇਹ ਲੜਕੀ ਪਿੰਡ ਪਲਾਹੀ ਵਿਆਹੀ ਹੋਈ ਸੀ। ਸਹੁਰੇ ਘਰ ਨਾਲ ਅਣਬਣ ਹੋ ਗਈ, ਪੇਕੇ ਘਰ ਬੈਠ ਰਾਜਾ ਜੀ ਦਾ ਨਾਮ ਜਪ ਕੇ ਉਸਦੇ ਆਸਰੇ ਹੀ ਗੁਜ਼ਾਰਾ ਕਰ ਲਿਆ। ਇੱਕ ਦਿਨ ਪਿੰਡ ਮਜਾਰੇ ਦਾ ਪਰਤਾਪੂ ਇਕ ਗਊ ਲਿਆਇਆ। ਇਕ ਦਿਨ ਟਹਿਲਦੇ-ਟਹਿਲਦੇ ਇਸਦੇ ਵਾੜੇ ਨੂੰ ਚਲੇ ਗਏ। ਗਊ ਦਾ ਰੱਸਾ ਖੁਲ੍ਹਾ ਕੇ ਹੁਕਮ ਕੀਤਾ ਇਸਨੂੰ ਬੰਨ੍ਹਣਾ ਨਹੀਂ ਇਹਦਾ ਤੇਰਾ ਹਿਸਾਬ ਮੁੱਕ ਚੁੱਕਾ ਹੈ। ਆਪ ਜੀ ਦਾ ਹੁਕਮ ਮੰਨਕੇ ਪਰਤਾਪੂ ਨੇ ਗਊ ਛੱਡ

ਦਿੱਤੀ। ਪਿੱਛੋਂ ਫਿਰ ਬੰਨ੍ਹ ਲਈ ਤਿੰਨ ਵਾਰ ਛੁਡਵਾਈ ਪਰਤਾਪੂ ਫਿਰ ਬੰਨ੍ਹ ਲਿਆ ਕਰੇ। ਗਊ ਸੁਣ ਤੋਂ ਕੁੱਝ ਦਿਨ ਪਹਿਲਾਂ ਮਰ ਗਈ। ਇਕ ਦਿਨ ਪੰਡਿਤ ਬਸੰਤ ਸਿੰਘ ਗੜ੍ਹ ਭਧਾਣੇ ਵਾਲਾ ਦਰਸ਼ਨ ਨੂੰ ਆਇਆ। ਦੋ ਆਦਮੀ ਹੋਰ ਸਨ ਇਕ ਨੂੰ ਹੁਕਮ ਕੀਤਾ, ਅਲੱਗ ਹੋ ਕੇ ਖੜ੍ਹ ਜਾਉ। ਤੀਜੇ ਦਿਨ ਜਿਸਨੂੰ ਹੁਕਮ ਕੀਤਾ ਸੀ ਉਸ ਦੀ ਦੇਹ ਛੁੱਟ ਗਈ। ਸਾਰੇ ਰਿਸ਼ਤੇ, ਮਿੱਤਰ, ਭੈਣ, ਭਾਈ, ਪੁੱਤਰ, ਧੀਆਂ ਛੱਡ ਕੇ ਇਕੱਲਾ ਹੋ ਗਿਆ। ਆਖ਼ਿਰੀ ਸਮਾਂ ਨੇੜੇ ਆਇਆ ਅਲੱਗ ਹੋ ਜਾਣ ਦਾ। ਹੁਕਮ ਕਰ ਦਿੱਤਾ ਸੀ। ਪਿੰਡ ਭੁਖੜੀ ਤੋਂ ਕਰਮੀ ਨਾਮ ਦੀ ਇਕ ਲੜਕੀ, ਉਸ ਨੂੰ ਵੀ ਕਿਹਾ ਕਿ ਭਰਾ ਕੋਲ ਰਹਿ ਕੇ ਦਿਨ ਕੱਟ ਲਈਏ ਹਨ ਸਹੁਰੇ ਤਾਂ ਜਾਈਦਾ ਨਹੀਂ। ਗਹਿਣੇ ਸਾਰੇ ਲੁਹਾ ਦਿੱਤੇ। ਇਕ ਵਾਰ ਮੁਕਲਾਵੇ ਜਾਣ ਤੋਂ ਬਾਅਦ ਉਸ ਦਾ ਪਤੀ ਸਦਾ ਲਈ ਉਸਦਾ ਸਾਥ ਛੱਡ ਗਿਆ। ਪੇਕੇ ਘਰ ਭਰਾ ਕੋਲ ਚੁਬਾਰੇ ਵਿਚ ਦਿਨ ਕੱਟਣੇ ਪਏ। ਲੰਗਰ ਦੀ ਸੇਵਾ ਕਰਕੇ ਸਤਿਗੁਰਾਂ ਦੇ ਦਰਸ਼ਨ ਕਰਕੇ ਅਤੇ ਨਾਮ ਜਪ ਕੇ ਜ਼ਿੰਦਗੀ ਨੂੰ ਸਫ਼ਲ ਕੀਤਾ। ਗੁਰੂ ਘਰ ਦੀ ਬਹੁਤ ਪ੍ਰੇਮਣ ਬਣ ਗਈ। ਐਸੇ ਆਤਮਿਕ ਸ਼ਕਤੀ ਦੇ ਧਨੀ ਸਨ। ਕੁਦਰਤ ਆਪ ਜੀ ਦੇ ਅੱਗੇ ਨੱਚਦੀ ਫਿਰਦੀ। ਗਾਉਂਦੀ ਫਿਰਦੀ, ਈਸ਼ਵਰ ਦੀ ਰਚੀ ਹੋਈ ਦੁਨੀਆਂ ਆਕਾਸ਼ਾਂ ਪਤਾਲਾਂ ਵਿਚ ਆਪ ਜੀ ਦੀ ਨਜ਼ਰ ਕੰਮ ਕਰਦੀ ਸੀ। ਕਰਤਾਰ ਦੇ ਗੁਣ ਅਤੇ ਸ਼ਕਤੀ ਆਪ ਜੀ ਦੀ ਮੁੱਠੀ ਵਿਚ ਬੰਦ ਸੀ। ਇਕ ਦਿਨ ਦੀ ਗੱਲ ਹੈ ਆਪ ਜੀ ਬਹੁਤ ਖੁਸ਼ ਖੁਸ਼ ਆਪਣੇ ਘਰ ਬੈਠੇ ਸਨ। ਕਰਤਾਰ ਨਾਲ ਲਿਵ ਜੁੜੀ ਹੋਈ ਸੀ, ਜੀਵਾਂ ਦਾ ਭਲਾ ਕਰਨ ਦਾ ਫਰਮਾਨ ਜਾਰੀ ਹੋ ਰਿਹਾ ਸੀ। ਰਿਧੀਆਂ-ਸਿੱਧੀਆਂ ਹੱਥ ਜੋੜ ਕੇ ਖੜ੍ਹੀਆਂ ਸਨ, ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਹਰ ਵਕਤ ਹਾਜ਼ਿਰ ਰਹਿੰਦੇ ਸਨ। ਸੰਗਤਾਂ ਵਰਾਂ ਦੀਆਂ ਝੋਲੀਆਂ ਭਰ ਕੇ ਜਾਂਦੀਆਂ ਸਨ। ਇਕ ਬੀਬੀ ਮੀਰਾ ਬਾਈ ਦੀ ਤਰਾਂ ਨਾਮ ਦੇ ਨਸ਼ੇ ਵਿਚ ਰੰਗੀ ਹੋਈ ਜਿਸ ਦੇ ਕੇਸ ਗਲੇ ਵਿਚ ਪਏ ਹੋਏ ਸਨ,

- *'ਮੈਨੂੰ ਵਰਜ ਨਾ ਭੋਲੀਏ ਮਾਏ ਪੀਆ ਰੰਗੇ ਮੈਂ ਰੱਤੀ ਹਾਂ*
- *ਧੁੜੀ ਵਿਚ ਲੋੜਦੀਆਂ ਸੋਹਾਂ ਨਾਨਕ ਸੁਹਿ ਤੈਂ ਨਾਲੇ'*

ਇਹ ਗਾਉਂਦੀ ਆਪ ਜੀ ਦੇ ਚਰਨਾਂ ਵਿਚ ਗਲ ਪੱਲਾ ਪਾ ਕੇ ਆਣ ਡਿੱਗੀ। ਸਤਿਗੁਰੂ ਮਿਹਰਬਾਨ ਨੇ ਰਹਿਮਤ ਭਰੀਆਂ ਨਜ਼ਰਾਂ ਨਾਲ ਤੱਕਿਆ। ਇਕ ਬੇਰ ਖਾਣ ਵਾਸਤੇ ਦਿੱਤਾ, ਇਹ ਅੰਮ੍ਰਿਤ ਫਲ ਸੀ। ਬੀਬੀ ਦੇ ਕੁਆੜ ਖੁੱਲ੍ਹ ਗਏ, ਅੰਤਰਯਾਮਤਾ ਹੋ ਗਈ, ਅਜ਼ਰ ਜਰਨਾਂ ਬਹੁਤ ਮੁਸ਼ਕਿਲ ਹੈ, ਚੌਦਾਂ ਤਬਕਾਂ ਦੀ ਖਬਰ ਹੋ ਗਈ। ਨਾਮ ਦਾ ਨਸ਼ਾ ਝੱਲਿਆ ਨਾ ਗਿਆ, ਝੱਲੀ ਹੋ ਗਈ।

ਵਸਤੂ ਅੰਦਰਿ ਵਸਤੁ ਸਮਾਵੈ, ਦੂਜੀ ਹੋਵੈ ਪਾਸਿ। ਸ਼ੇਰਨੀ ਦਾ ਦੁੱਧ ਸੋਨੇ ਦੇ ਬਰਤਨ ਵਿਚ ਹੀ ਪੈਂਦਾ, ਹੋਰ ਬਰਤਨ ਵਿਚ ਪਾਇਆ ਫਿਟ ਜਾਂਦਾ ਹੈ। ਸਭ ਕੁੱਝ ਨਜ਼ਰੀਂ ਆਉਣ ਲੱਗਾ, ਲੱਗੀ ਕਰਾਮਾਤ ਦਿਖਾਉਣ, ਕਹਿਰ ਕਰੇ ਭਾਂ ਕਰਾਮਾਤ ਦਿਖਾਵੇ। ਕਰਾਮਾਤ ਦਿਖਾਉਣੀਂ ਕਹਿਰ ਦਾ ਨਾਮ ਹੈ, ਖੁਦਾ ਦੀ ਰਜਾ ਤੋਂ ਵਿਰੁੱਧ ਹੈ। ਕੁੱਝ ਸਮਾਂ ਇਸ ਤਰਾਂ ਰਹੀ ਇਕ ਦਿਨ ਦਰਸ਼ਨ ਕਰਨ ਆਈ। ਸਿਰ ਸੋਟੀ ਰੱਖੀ ਸਾਰੀ ਕਰਾਮਾਤ ਖਿੱਚ ਲਈ। ਗਿਆਨ ਚਿਰਾਗ ਗਵਾ ਕੇ ਫਿਰ ਵਕਤ ਨੂੰ ਭਾਲਦੀ ਮਰ ਗਈ।

ਵਕਤ ਲੰਘਿਆ ਫਿਰ ਹੱਥ ਨਾ ਆਵੇ, ਕਈ ਸੂਰਮੇ ਵਕਤ ਨੂੰ ਭਾਲਦੇ ਜੀ।
ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥

ਨਾਮ ਰੂਪੀ ਧਨ ਸੀਨਾ ਸਾਫ਼ ਹੋਵੇ ਤਾਂ ਹੀ ਟਿਕਦਾ ਹੈ। ਨਹੀਂ ਤਾਂ ਆਦਮੀ ਪਾਗਲ ਹੋ ਜਾਂਦਾ ਹੈ। ਸਾਰੇ ਪਦਾਰਥ ਮੁੱਠੀ ਵਿਚ ਆ ਜਾਂਦੇ ਹਨ, ਐਸੇ ਹੀ ਇਕ ਸਮੇਂ ਆਪ ਜੀ ਸੰਗਤਾਂ ਦਾ ਭਲਾ ਕਰਦੇ, ਉਧਾਰ ਕਰਦੇ। ਜ਼ਿਲ੍ਹਾ ਹੁਸ਼ਿਆਰਪੁਰ ਗੜ੍ਹਸ਼ੰਕਰ ਦੇ ਲਾਗੇ ਪਿੰਡ ਕਾਲੇਆਲ ਲੱਲੀਆਂ ਵਿਚ ਜਾ ਬੈਠੇ। ਆਪ ਜੀ ਜਿੱਥੇ ਜਾ ਬੈਠਦੇ ਸਨ, ਦਰਸ਼ਨ ਵਾਸਤੇ ਸੰਗਤਾਂ ਦੀਆਂ ਵਹੀਰਾਂ ਪੈ ਜਾਂਦੀਆਂ ਸਨ। ਸੰਗਤ ਦੀ ਭੀੜ ਦੇਖਕੇ ਕੁੱਝ ਮਰਦ ਔਰਤਾਂ ਪੁੱਛਣ ਲੱਗੇ, ਇਹ ਲੋਕੀ ਕਿੱਥੇ ਨੂੰ ਜਾਂਦੇ ਹਨ? ਕਿੱਥੋਂ ਆਉਂਦੇ ਹਨ? ਸੰਗਤਾਂ ਨੇ ਦੱਸਿਆ ਨਾਭ ਕੰਵਲ ਰਾਜਾ ਸਾਹਿਬ ਜੀ ਬਸੂਟੀ ਦੇ ਝਾੜਾਂ ਵਿਚ ਬੈਠੇ ਹਨ, ਲੋਕ ਦਰਸ਼ਨ ਨੂੰ ਜਾਂਦੇ ਹਨ। ਇਹ ਮਰਦ ਔਰਤਾਂ ਦਰਸ਼ਨ ਨੂੰ ਮੁੜ ਪਏ, ਕਿਸੇ ਅਫ਼ਸੋਸ ਤੋਂ ਮੁੜ

ਕੇ ਆਏ ਸਨ। ਮਾਈਆਂ ਕਹਿਣ ਲੱਗੀਆਂ ਸਾਡੇ ਕੋਲੋਂ ਝੁਰਿਆ ਨਹੀਂ ਜਾਂਦਾ ਭੁੱਖ ਬਹੁਤ ਲੱਗੀ ਹੋਈ ਹੈ ਜੇ ਕੁੱਝ ਖਾਣ ਨੂੰ ਦੇਣ ਤਾਂ ਜਾਵਾਂਗੇ। ਸਭ ਨੇ ਜਾ ਕੇ ਨਮਸਕਾਰ ਕੀਤੀ ਮਾਂਈਆਂ ਦੀ ਦਿਲ ਦੀ ਗੱਲ ਬੁੱਝ ਕੇ ਬਸ਼ੂਟੀ ਦੇ ਜਾੜਾਂ ਨਾਲੋਂ ਦਾਖਾਂ ਤੋੜ ਕੇ ਖਾਣ ਦਾ ਹੁਕਮ ਕੀਤਾ। ਸੰਗਤ ਨੇ ਜਦੋਂ ਬੂਟਿਆਂ ਵੱਲ੍ਹ ਦੇਖਿਆ ਤਾਂ ਦਾਖਾਂ ਨਾਲ ਭਰੇ ਹੋਏ ਸੀ ਸਾਰੀ ਸੰਗਤ ਨੇ ਰੱਜ-ਰੱਜ ਕੇ ਦਾਖਾਂ ਖਾਧੀਆਂ।

ਬੋਲੋ ਭਾਈ ਵਾਹਿਗੁਰੂ॥

ਸਾਖੀ ਕੇਸਰੀ ਗੁਣਾਚੌਰ ਵਾਲੀ ਨਾਲ ਹੋਈ

ਮਾਈ ਕੇਸਰੀ ਪਿੰਡ ਗੁਣਾਚੌਰ ਦੇ ਰਹਿਣ ਵਾਲੀ ਕਿਸ਼ਨ ਚੰਦ ਦੀ ਪਤਨੀ ਸੀ ਜਿਸਦਾ ਸਾਰਾ ਪਰਿਵਾਰ ਆਪ ਜੀ ਦੀ ਬਹੁਤ ਸ਼ਰਧਾ ਰੱਖਦਾ ਸੀ। ਹਰ ਰੋਜ਼ ਦਰਸ਼ਨ ਨੂੰ ਜਾਂਦੇ। ਸਤਿਗੁਰੂ ਮਿਹਰਬਾਨ ਸਿੱਖਾਂ ਸੇਵਕਾਂ ਦੇ ਕਾਰਜ ਸਵਾਰਦੇ।

'ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ' ਕੇਸਰੀ ਨੂੰ ਇੱਕ ਦਿਨ ਇੱਕ ਰੁਪਿਆ ਦਿੱਤਾ। ਨਾਲ ਹੁਕਮ ਕੀਤਾ ਗਾਉਂਦੀ ਜਾ 'ਗਲੇ ਵਿਚ ਗੋਟਾ ਗਜੇ ਦਾ' ਇਹ ਰੁਪਿਆ ਬੰਤੋ ਕੋਲੋਂ ਲੈ ਕੇ ਦਿੱਤਾ ਸੀ। ਬਾਹਰ ਜਾ ਕੇ ਬੰਤੋ ਨੂੰ ਰੁਪਿਆ ਮੋੜ ਦਿੱਤਾ। ਸਤਿਗੁਰੂ ਜਾਣੀ ਜਾਣ ਨੇ ਇਕ ਸੇਵਕ ਨੂੰ ਭੇਜ ਕੇ ਉਹ ਰੁਪਿਆ ਮੋੜ ਲਿਆ। ਫਿਰ ਕੇਸਰੀ ਨੂੰ ਦਿੱਤਾ ਕਹਿੰਦੇ ਸਗਨ ਦਾ ਰੁਪਿਆ ਦਿੱਤਾ। ਰਿਸ਼ਤੇਦਾਰਾਂ ਵਿਚੋਂ ਹੀ ਸਾਕ ਲੈ ਲਈਦਾ ਬੱਗੇ ਨੂੰ ਕਹਿਣਾ ਗੱਲ ਵਿਚੋਂ ਜਨੇਊ ਲਾਹ ਦੇਵੇ। ਜਦੋਂ ਕੇਸਰੀ ਘਰ ਗਈ ਅੱਗੇ ਪ੍ਰਾਹੁਣੇ ਘਰ ਬੈਠੇ ਸਨ ਬੱਗੇ ਨੂੰ ਰਿਸ਼ਤਾ ਕਰਨ ਲਈ ਆਏ ਹੋਏ ਸੀ। ਪਹਿਲਾਂ ਖੜਕੂਆਲ ਤੋਂ ਰਿਸ਼ਤਾ ਹੁੰਦਾ ਸੀ। ਇਹ ਰਿਸ਼ਤੇਦਾਰਾਂ ਵਿਚੋਂ ਸੀ ਰਾਮ ਸਰੂਪ ਨੂੰ ਰਿਸ਼ਤਾ ਕਰ ਲਿਆ। ਇਕ ਦਿਨ ਕੇਸਰੀ ਨੂੰ ਹੁਕਮ ਹੋਇਆ ਸ਼ਿਵਦੁਆਲੇ ਵੀ ਰਾਜਾ ਦੇ ਨਾਮ ਤੇ ਬਣੇ ਹੋਏ ਹਨ, ਨਾਮ ਸਾਰਖੇ ਵੀ ਰਾਜਾ ਦੇ ਬਣਾਏ ਹੋਏ ਨੇ। ਬੱਗੇ ਨੂੰ ਕਿਹਾ ਭਗੀਦਾ ਨਹੀਂ ਬੱਗੇ ਦਾ ਨਾਮ ਘਰ ਵਾਲਿਆਂ ਨੂੰ ਰਾਮ ਸਰੂਪ ਰੱਖਿਆ ਸੀ। ਆਪ

ਬੱਗਾ ਆਖਕੇ ਬੁਲਾਇਆ ਕਰਦੇ ਸਨ। ਬੱਗਾ ਮੰਦਰ ਵਿਚ ਪਾਠ ਪੂਜਾ ਕਰਨ ਗਿਆ। ਅਚਾਨਕ ਹੀ ਸੱਪ ਨਿਕਲ ਆਇਆ। ਬੱਗਾ ਡਰ ਕੇ ਬਾਹਰ ਨਿਕਲ ਗਿਆ, ਸੱਪ ਝਲਕਾ ਦੇ ਕੇ ਛਪਨ ਹੋ ਗਿਆ। ਇਹ ਕੋਈ ਇਮਤਿਹਾਨ ਸੀ, ਜਿਸ ਵਿਚੋਂ ਪਾਸ ਨਾ ਹੋ ਸਕਿਆ। ਕੇਸਰੀ ਦੇ ਘਰ ਕੋਈ ਕਾਰਜ ਸੀ, ਪੈਸੇ ਦੀ ਜਰੂਰਤ ਸੀ, ਫਿਕਰ ਵਿਚ ਰੋਟੀ ਨਾ ਖਾਧੀ। ਮਹਾਰਾਜ ਜੀ ਦੇ ਦਰਸ਼ਨ ਨੂੰ ਹਰ ਰੋਜ਼ ਦੀ ਤਰਾਂ ਗਈ। ਅੱਗੋਂ ਸਤਿਗੁਰੂ ਬੋਲੇ, "ਰੋਟੀ ਖਾ ਲਈਦੀ ਹੈ।" ਪ੍ਰਸ਼ਾਦਾ ਛਕਾ ਕੇ ਦੁੱਧ ਪਲਾਇਆ। ਇਕ ਅੰਬ ਛੋਟਾ ਜਿਹਾ, ਐਸਾ ਅੰਬ ਕਦੀ ਦੇਖਿਆ ਨਹੀਂ ਸੀ। ਨਾ ਅੰਬਾਂ ਦੀ ਰੁੱਤ ਸੀ, ਅੰਬ ਦਾ ਸੁਆਦ ਵੀ ਅਨੋਖਾ ਹੀ ਸੀ, ਕਿਸੇ ਹੋਰ ਦੇਸ਼ ਤੋਂ ਆਪ ਜੀ ਅੱਗੇ ਦੇਵਤਿਆਂ ਨੇ ਭੇਟਾ ਕੀਤਾ ਹੋਇਆ ਸੀ। ਕੇਸਰੀ ਨੂੰ ਜਦੋਂ ਛਕਾਇਆ। ਅਨੋਖਾ ਹੀ ਸਰੂਰ ਆ ਗਿਆ, ਸਰੀਰ ਫੁੱਲਾਂ ਵਾਂਗ ਹਲਕਾ-ਹਲਕਾ ਹੋ ਗਿਆ, ਰੋਮ-ਰੋਮ ਨਾਮ ਦੇ ਰੰਗ ਵਿਚ ਰੰਗਿਆ ਗਿਆ। ਹੋਰ ਵੀ ਬਹੁਤ ਸਾਰੀਆਂ ਸੰਗਤਾਂ ਕੇਸਰੀ ਦੇ ਨਾਲ ਸਨ। ਮਾਈ ਭਾਗਵੰਤੀ ਕੋਲੋਂ ਘਰ ਦੀਆਂ ਚਾਬੀਆਂ ਲੈ ਕੇ ਨਾਮੇ ਦੀ ਮਾਈ ਨੂੰ ਦੁਆ ਦਿੱਤੀਆਂ। ਇਹ ਗੁਣਾਚੌਰ ਦੀਆਂ ਮਾਈਆਂ ਸਨ। ਭਾਗਵੰਤੀ ਆਪਣੀ ਲੜਕੀ ਨੂੰ ਨਾਲ ਲੈ ਕੇ ਖੂਹ ਵਿਚੋਂ ਪਾਣੀ ਭਰਨ ਗਈ। ਘੜਾ ਭਰ ਕੇ ਲੜਕੀ ਨੂੰ ਚੁਕਾ ਦਿੱਤਾ, ਆਪ ਪਿਛੇ ਡੋਲ ਭਰ ਕੇ ਖਿੱਚਣ ਲੱਗੀ। ਡੋਲ ਖਿਚਦੀ ਦੇ ਹੀ ਪਰਾਣ ਪੂਰੇ ਹੋ ਗਏ। ਮਹਾਰਾਜ ਜੀ ਇਹੋ ਜਿਹੇ ਹਜ਼ਾਰਾਂ ਭਵਿੱਖਤ ਬਚਨ ਦੱਸ ਦਿੰਦੇ ਸਨ। ਇਕ ਦਿਨ ਕੇਸਰੀ ਨੂੰ ਕਿਹਾ ਮੇਰਾ ਮਹੰਤ ਪੂਰਨ ਤੇਰਾ ਪਿਛਲੇ ਜਨਮ ਵਿਚ ਭਰਾ ਸੀ। ਇਸ ਨਾਲ ਦੁੱਖ-ਸੁਖ ਦੀ ਗੱਲ ਕਰ ਲਿਆ ਕਰ ਜੇ ਪੈਸੇ ਦੀ ਜ਼ਰੂਰਤ ਸੀ ਬੱਗੇ ਨੂੰ ਸੱਦ ਲੈਣਾ। ਬੱਗਾ ਨਵੇਂ ਸ਼ਹਿਰ ਆੜ੍ਹਤ ਦੀ ਦੁਕਾਨ ਕਰਦਾ ਸੀ। ਕੇਸਰੀ ਘਰ ਆਈ ਤਾਂ ਬੱਗਾ ਘਰ ਪੈਸੇ ਲੈ ਕੇ ਬੈਠਾ ਸੀ। ਇਸ ਪਰਿਵਾਰ ਉਤੇ ਮਹਾਰਾਜ ਜੀ ਦੀ ਬੜੀ ਕ੍ਰਿਪਾ ਸੀ। ਕੇਸਰੀ ਦੇ ਸਾਰੇ ਬੱਚਿਆਂ ਦੇ ਨਾਮ ਬਦਲ ਕੇ ਰੱਖੇ ਹੋਏ ਸਨ।

ਬੋਲੋ ਭਾਈ ਵਾਹਿਗੁਰੂ॥

ਸਾਖੀ ਦੁਰਗਾ ਦਾਸ ਪਿੰਡ ਗੁਣਾਚੌਰ ਵਾਲੇ ਨਾਲ ਹੋਈ

ਦੁਰਗਾ ਦਾਸ ਪਿੰਡ ਗੁਣਾਚੌਰ ਦਾ ਰਹਿਣ ਵਾਲਾ ਜਾਤ ਦਾ ਬ੍ਰਾਹਮਣ ਸੀ। ਇਸ ਦਾ ਪਿਤਾ ਲੰਬੂ ਰੋਜ਼ ਦਰਸ਼ਨ ਨੂੰ ਜਾਂਦਾ। ਮੀਂਹ ਹਨ੍ਹੇਰੀ ਕੁੱਝ ਵੀ ਹੋਵੇ ਗੁਣਾਚੌਰ ਤੋਂ ਹੋਰ ਵੀ ਬਹੁਤ ਸੰਗਤ ਨਿੱਤ ਨੇਮ ਨਾਲ ਦਰਸ਼ਨ ਕਰਨ ਜਾਂਦੀ। ਮੁਸਲਮਾਨ, ਰਾਜਪੂਤ, ਹਿੰਦੂ ਆਪ ਜੀ ਦੇ ਬਹੁਤ ਸੇਵਕ ਸਨ। ਸਾਰੇ ਲੋਕ ਆਪ ਜੀ ਨੂੰ ਖੁਦਾ ਦਾ ਹੀ ਰੂਪ ਸਮਝਦੇ ਸਨ। ਦੁਰਗਾ ਦਾਸ ਦੀਵਾਲੀ ਤੋਂ ਦੂਜੇ ਦਿਨ ਸਵੇਰ ਦੇ ਸਮੇਂ ਰਾਤ ਦੀ ਸੁੱਚੀ ਰੱਖੀ ਹੋਈ ਮਠਿਆਈ ਲੈ ਕੇ ਬੈਠਾ ਸੀ। ਜਦੋਂ ਬੈਠੇ ਨੂੰ ਅੱਧਾ ਘੰਟਾ ਹੋਇਆ, ਇਕ ਬੀਬੀ ਮੰਜਕੀ ਤੋਂ (ਰੁੜਕੇ ਤੋਂ) ਆਈ। ਇਕ ਗੜਵੀ ਦੁੱਧ ਦੀ, ਅੱਠ ਲੱਡੂ ਚਰਨਾਂ ਵਿਚ ਧਰ ਕੇ ਗਲ ਵਿਚ ਪੱਲਾ ਪਾ ਕੇ ਬਹੁਤ ਪ੍ਰੇਮ ਨਾਲ ਮੱਥਾ ਟੇਕਿਆ। ਬੇਨਤੀਆਂ ਕਰਦੀ "ਸਤਿਗੁਰੂ ਸਭਨਾਂ ਦਾ ਸਹਾਈ ਹੋਈਂ, ਆਪ ਜੀ ਦੇ ਚਰਨਾਂ ਦਾ ਪ੍ਰੇਮ ਬਖਸ਼ੋ।" ਬੀਬੀ ਕਰਮੀ ਨੂੰ ਨਾਮ ਦਾਨ ਦੇ ਗੱਫੇ ਬਖਸ਼ ਕੇ ਨਿਹਾਲ ਕੀਤਾ। ਲੱਡੂ ਦੁਰਗੇ ਨੂੰ ਛਕਣ ਵਾਸਤੇ ਆਖਿਆ। ਸਾਰੇ ਲੱਡੂ ਛਕਾ ਕੇ ਦੁੱਧ ਦੀ ਗੜਵੀ ਪਿਲਾ ਦਿੱਤੀ। ਦੁਰਗਾ ਘਰੋਂ ਵੀ ਛੱਕ ਕੇ ਗਿਆ ਸੀ, ਦੁਰਗੇ ਦੇ ਮਨ ਵਿਚ ਆਈ ਕਿ ਇੰਨਾ ਪਦਾਰਥ ਛਕਾ ਦਿੱਤਾ ਹੁਕਮ ਮੋੜ ਨਾ ਸਕਿਆ। ਦੁਰਗੇ ਨੂੰ ਘਰ ਜਾਣ ਦਾ ਹੁਕਮ ਕੀਤਾ, ਦੁਰਗੇ ਦੇ ਮਨ ਵਹਿਮ ਹੋ ਗਿਆ ਇੰਨਾ ਕੁੱਝ ਖਾਣ ਨਾਲ ਬਿਮਾਰ ਹੋ ਜਾਵਾਂਗਾ। ਹਾਲੇ ਘਰ ਨਹੀਂ ਪਹੁੰਚਾ ਰਸਤੇ ਵਿਚ ਹੀ ਬਹੁਤ ਭੁੱਖ ਲੱਗੀ। ਇਕ ਵਾਰੀ ਦੁਰਗਾ ਆਪ ਜੀ ਵਾਸਤੇ ਭੱਲੇ ਬਣਾ ਕੇ ਲਿਆਇਆ, ਅੱਗੇ ਸੰਗਤਾਂ ਆਪ ਜੀ ਵਾਸਤੇ ਕੋਈ ਕੁੱਝ, ਕੋਈ ਕੁੱਝ ਲੈ ਕੇ ਆਈਆਂ ਸਨ। ਸਭ ਭੇਟਾਂ ਸੰਗਤਾਂ ਵਿਚ ਵਰਤਾਈ ਗਏ। ਆਪ ਜੀ ਨੇ ਕੁੱਝ ਨਾ ਛਕਿਆ। ਭਗਵਾਨ ਸਿੰਘ ਖਾਨਖਾਨਾਂ ਵਾਲੇ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਆਪ ਵੀ ਕੁੱਝ ਛਕੋ।" ਅੱਗੋਂ ਹੁਕਮ ਹੋਇਆ ਸਾਡੇ ਵਾਸਤੇ ਦੁਰਗਾ ਭੱਲੇ ਲੈ ਕੇ ਆ ਰਿਹਾ ਹੈ। ਇੰਨੇ ਚਿਰ ਨੂੰ ਦੁਰਗਾ ਭੱਲੇ ਲੈ ਕੇ ਹਾਜ਼ਿਰ ਹੋਇਆ ਆਪ ਜੀ ਨੇ ਕੋਲ ਫੜ੍ਹ ਕੇ ਛਕੇ। ਇਕ ਵਾਰ ਫਿਰ ਦੀ ਗੱਲ ਹੈ ਮਾਘ ਦੇ ਦਿਨ ਸਨ, ਉਹ ਖੂਹ ਦੀ ਮੌਣ ਉੱਪਰ ਇਕ ਛੋਟੀ ਜਿਹੀ ਖੇਲ ਬਣੀ ਹੋਈ ਸੀ, ਪਾਣੀ ਦੀ ਭਰੀ ਹੋਈ ਸੀ। ਦੁਰਗੇ ਨੂੰ ਹੁਕਮ ਕੀਤਾ, ਕਾਕਾ! ਇਸ ਖੁਰਲੀ ਦੇ ਪਾਣੀ ਨਾਲ ਇਸ਼ਨਾਨ ਕਰ।" ਦੁਰਗਾ ਕਹਿੰਦਾ ਇਸ਼ਨਾਨ ਮੈਂ ਕਰ ਆਇਆ

ਹਾਂ। ਮਹਾਰਾਜ- ਹੁਕਮ ਮੰਨੀਦਾ ਹੈ।" ਦੁਰਗੇ ਨੇ ਖੁਰਲੀ ਵਿੱਚ ਇਸ਼ਨਾਨ ਕੀਤਾ, ਉਸ ਪਾਣੀ ਵਿਚੋਂ ਅਨੋਖੀ ਹੀ ਮਹਿਕ ਆਈ, ਪਤਾ ਨਹੀਂ ਇਸ ਖੁਰਲੀ ਵਿਚ ਕੁੰਭ ਲੱਗਾ ਹੋਇਆ ਸੀ, ਸਾਰੀ ਦੁਨੀਆਂ ਦੇ ਤੀਰਥ ਇਕੱਠੇ ਕੀਤੇ ਹੋਏ ਸਨ। ਇਸ਼ਨਾਨ ਕੀਤਾ, ਮਨ ਸ਼ਾਂਤ ਹੋ ਗਿਆ। ਅੱਖਾਂ ਨਾਮ ਦੇ ਸਰੂਰ ਨਾਲ ਭਰ ਆਈਆਂ। ਦੁਰਗੇ ਦਾ ਚੋਲਾ ਬਸੰਤੀ ਰੰਗ ਵਿਚ ਰੰਗਿਆ ਗਿਆ। ਇਕ ਪੈਨਸਿਲ ਦੇ ਕੇ ਤੋਰ ਦਿੱਤਾ। ਤੇਰੀ ਸਰਕਾਰ ਦੇ ਘਰ ਨੌਕਰੀ ਲਾ ਦਿੱਤੀ। ਘਰ ਆਵੇ ਤਾਂ ਚਿੱਠੀ ਆਈ ਹੋਈ ਸੀ, ਰੇਲਵੇ ਵਿਚ ਅਪਲਾਈ ਕੀਤਾ ਹੋਇਆ ਸੀ। ਸਾਰੀ ਜ਼ਿੰਦਗੀ ਰੇਲਵੇ ਵਿਚ ਨੌਕਰੀ ਕੀਤੀ। ਇੰਨੇ ਚਿਰ ਨੂੰ ਬੀਬੀ ਬੰਤੀ ਦੁਰਗੇ ਦੀ ਭਰਜਾਈ ਆਪਣੇ ਪੁੱਤਰ ਹਜਾਰੇ ਨੂੰ ਨਾਲ ਲੈ ਕੇ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਿਰ ਹੋਈ। ਹਜਾਰਾ ਸੱਤਵੀਂ ਜਮਾਤ ਵਿਚ ਪੜ੍ਹ ਰਿਹਾ ਸੀ, ਕਲਮ ਕਾਗਜ ਦੇ ਕੇ ਪਟਵਾਰੀ ਬਣਨ ਦਾ ਵਰ ਦਿੱਤਾ। ਦਸਵੀਂ ਪਾਸ ਕਰਕੇ ਹਜਾਰਾ ਸਿੰਘ ਪਟਵਾਰੀ ਬਣਿਆ। ਸਾਰੀ ਜ਼ਿੰਦਗੀ ਪਟਵਾਰ ਦਾ ਕੰਮ ਕੀਤਾ, ਇਸ ਸਮੇਂ ਵਿਚ ਜਿਸ ਜਿਸ ਨੇ ਵੀ ਦਰਸ਼ਨ ਕੀਤੇ, ਉਸਦੇ ਬੇੜੇ ਪਾਰ ਕੀਤੇ। ਸੰਸਾਰੇ ਅਮਲੀ ਨੇ ਪਿੰਡ ਦੀ ਸਾਰੀ ਜਾਇਦਾਦ ਵੇਚ ਕੇ ਖਾ ਲਈ, ਸਰੀਰ ਫੁੱਲਿਆ ਹੋਇਆ ਸੀ। ਐਸੀ ਮਿਹਰ ਦੀ ਨਜ਼ਰ ਨਾਲ ਤੱਕਿਆ ਸਾਰੇ ਅਮਲ ਛੱਡ ਦਿੱਤੇ, ਨਾਲ ਹੀ ਹੁਕਮ ਕੀਤਾ ਸੌਣ ਮੱਲ ਦੇ ਖੇਤਾਂ ਦਾ ਤੈਨੂੰ ਮਾਲਿਕ ਬਣਾ ਦਿੱਤਾ। ਕਿਸਮਤ ਦਾ ਸੂਰਜ ਚਮਕ ਉਠਿਆ। ਜ਼ਿਆਦਾ ਮਿਹਨਤ ਕਰਨ ਅਤੇ ਰਾਜਾ ਸਾਹਿਬ ਜੀ ਦੇ ਅਸ਼ੀਰਵਾਦ ਨਾਲ ਸੌਣ ਮਲ ਦੇ ਖੇਤ ਮੁੱਲ ਲੈ ਲਏ। ਜੈਸਾ ਵੀ ਕਿਸੇ ਨੂੰ ਹੁਕਮ ਕੀਤਾ ਸਭ ਸੱਤ ਹੋਇਆ।

ਬੋਲੋ ਭਾਈ ਵਾਹਿਗੁਰੂ॥

ਸਾਖੀ ਰਤਨੇ ਦਾ ਕੋਹੜ ਦੂਰ ਕਰਨ ਦੀ ਚੱਲੀ

ਰਤਨਾ ਪਿੰਡ ਗੁਣਾਚੌਰ ਦਾ ਰਹਿਣ ਵਾਲਾ ਸੀ। ਇਸਦੇ ਫੋੜੇ ਬਹੁਤ ਨਿਕਲਿਆ ਕਰਦੇ ਸਨ। ਸਰੀਰ ਵਿਚੋਂ ਹਰ ਸਮੇਂ ਪਾਕ ਚਲਦੀ ਰਹਿੰਦੀ ਸੀ। ਇਸ ਦੁੱਖ ਨਾਲ ਹਰ ਵੇਲੇ ਦੁਖੀ ਰਹਿੰਦਾ ਇਲਾਜ ਕਰਨ ਤੇ ਵੀ ਕਿਤੋਂ ਆਰਾਮ ਨਾ ਆਇਆ। ਦੁੱਖ ਭੰਜਨ ਸਤਿਗੁਰੂ ਪਿੰਡ ਗੁਣਾਚੌਰ ਦੇ ਚੜ੍ਹਦੇ ਪਾਸੇ ਨਾਈਆਂ

ਵਾਲੇ ਛੱਪੜ ਦੇ ਕੰਢੇ ਜਾ ਬੈਠੇ। ਨਗਰ ਨਿਵਾਸੀ ਸੰਗਤ ਦਰਸ਼ਨ ਕਰਦੀ ਹੈ। ਇੰਨੇ ਨੂੰ ਹਾਏ! ਹਾਏ! ਕਰਦਾ ਰੁੜ੍ਹਦਾ-ਖੁੜ੍ਹਦਾ ਰਤਨਾ ਵੀ ਚਰਨਾਂ ਵਿਚ ਆ ਡਿੱਗਿਆ, ਦੁੱਖ ਨਾਲ ਪੀੜਤ ਹੋ ਰਿਹਾ ਸੀ। ਰੋਣ ਲੱਗਾ, ਅਰਜਾਂ ਕਰਦਾ, "ਸੱਚੇ ਪਾਤਸ਼ਾਹੋ! ਲੱਖਾਂ ਕੋਹੜੀ ਰਾਜ਼ੀ ਕੀਤੇ ਮੇਰੇ ਗਰੀਬ 'ਤੇ ਮਿਹਰ ਕਰੋ। ਜਿਵੇਂ ਰਜਨੀ ਦੇ ਪਿੰਗਲੇ ਨੂੰ ਛੱਪੜੀ ਵਿਚ ਇਸ਼ਨਾਨ ਕਰਾ ਕੇ ਰਾਜ਼ੀ ਕੀਤਾ, ਮੇਰਾ ਦੁੱਖ ਵੀ ਦੂਰ ਕਰੋ।" ਸਤਿਗੁਰੂ ਮਿਹਰਵਾਨ, ਪਾਪੀ ਜੀਵਾਂ ਦਾ ਉਧਾਰ ਕਰਨ ਵਾਲਿਆਂ ਦਾ ਹੁਕਮ ਮੰਨ ਕੇ ਰਤਨੇ ਨੇ ਇਸ਼ਨਾਨ ਕੀਤਾ, ਸਰੀਰ ਅਰੋਗ ਕੰਚਨ ਵਰਗਾ ਹੋ ਗਿਆ। ਫਿਰ ਸਾਰੀ ਉਮਰ ਵਿਚ ਕੋਈ ਬਿਮਾਰੀ ਨਹੀਂ ਹੋਈ। ਇਸ ਛੱਪੜ ਵਿਚ ਹੋਰ ਬਹੁਤ ਅਸਾਧ ਰੋਗੀ ਇਸ਼ਨਾਨ ਕਰਾ ਕੇ ਰਾਜ਼ੀ ਕੀਤੇ। ਫੋੜੇ-ਫਿਣਸੀਆਂ, ਖਾਰਿਸ਼, ਪਾਅ, ਦੱਦਰ, ਚੰਬਲ ਇਹ ਜੋ ਬਿਮਾਰੀਆਂ ਹਨ, ਕੋਹੜ ਦੀ ਬਿਮਾਰੀ ਹੈ ਬਹੁਤ ਸਾਰੇ ਰੋਗੀ ਪੰਡਿਤ ਦੀਨਾ ਨਾਥ ਦੇ ਖੂਹ ਤੇ ਇਸ਼ਨਾਨ ਕਰਾ ਕੇ ਰਾਜ਼ੀ ਕੀਤੇ। ਕਈ ਆਦਿਧਰਮੀ, ਬਾਲਮੀਕੀਏ ਮਹਾਰਾਜ ਦੇ ਹੁਕਮ ਨਾਲ ਪੰਡਿਤ ਦੀਨਾ ਨਾਥ ਦੇ ਖੂਹ ਉੱਪਰ ਇਸ਼ਨਾਨ ਕਰਨ ਵਾਸਤੇ ਜਾਣ, ਗੰਡੂ, ਫੰਡੂ ਖੂਹ ਉੱਤੇ ਚੜ੍ਹਨ ਨਾ ਦੇਣ। ਦੀਨਾ ਨਾਥ ਨੇ ਚੂੜ੍ਹਿਆਂ ਨੂੰ ਆਖ ਦਿੱਤਾ। ਰਾਜਾ ਸਾਹਿਬ ਜੀ ਦੇ ਹੁਕਮ ਨਾਲ ਮੇਰੇ ਖੂਹ ਉਤੇ ਇਸ਼ਨਾਨ ਕਰੋ। ਬ੍ਰਾਹਮਣ ਨੂੰ ਆਖ ਦਿੱਤਾ, ਰਾਜਾ ਨੇ ਤਾਂ ਦੁਨੀਆਂ ਦਾ ਭਲਾ ਕਰਨਾ ਹੈ, ਇਸ਼ਨਾਨ ਦਾ ਤਾਂ ਬਹਾਨਾ ਰੱਖਿਆ ਹੋਇਆ ਹੈ। ਅਨਾਥਾਂ ਦੇ ਨਾਥ ਦੁੱਖ ਭੰਜਨ ਹਾਰੇ, ਪਰਉਪਕਾਰੀ, ਸਭਨਾਂ ਵਿਚ ਭਗਵਾਨ ਦਾ ਰੂਪ ਜਾਣ ਕੇ ਕੀਤੀ। ਬੜੀ ਸੇਵਾ ਨਾਲ ਖੁਸ਼ ਹੋ ਕੇ ਦੁੱਖ ਦੂਰ ਕਰ ਦਿੰਦੇ ਸਨ।

ਬੋਲੋ ਭਾਈ ਵਾਹਿਗੁਰੂ॥

ਸਾਖੀ ਪੰਡਿਤ ਦੀਨਾ ਨਾਥ ਨਾਲ ਹੋਈ

ਪੰਡਿਤ ਦੀਨਾ ਨਾਥ ਪਿੰਡ ਗੁਣਾਚੌਰ ਦੇ ਰਹਿਣ ਵਾਲਾ ਸੀ। ਇਸ ਦਾ ਪਿਤਾ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਅਨਿਨ ਸੇਵਕ ਸੀ। ਦੀਨਾ ਨਾਥ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਲਾਹੌਰ ਡੀ.ਏ.ਵੀ. ਕਾਲਜ ਵਿਚ ਪੜ੍ਹਿਆ,

ਸੰਸਕ੍ਰਿਤ ਅੰਮ੍ਰਿਤਸਰ ਵਿਚ ਪੜ੍ਹੀ। ਪੜ੍ਹਾਈ ਵਿਚ ਇਕ ਨੁਕਸ ਹੈ ਹਉਮੈ ਦਾ ਰੋਗ ਪੈ ਜਾਂਦਾ ਹੈ। ਸਿਆਸੀ ਪੜ੍ਹਾਈ ਨਾਲ ਬ੍ਰਹਮ ਦੀ ਵਿਚਾਰ ਵੀ ਜਰੂਰੀ ਹੈ। ਜੇ ਬ੍ਰਹਮ ਦੀ ਵਿਚਾਰ ਨਾ ਕੀਤੀ ਜਾਵੇ ਤਾਂ ਉਹ ਖ਼ੁਦਾ ਦੀ ਸ਼ਕਤੀ ਨੂੰ ਨਹੀਂ ਮੰਨਦਾ, ਕਿਸੇ ਗੁਰੂ ਪੀਰ ਨੂੰ ਨਹੀਂ ਮੰਨਦਾ, ਭਰੋਸਾ ਨਹੀਂ ਰੱਖਦਾ ਕਿ ਰੱਬ ਦੀ ਸ਼ਕਤੀ ਦੁਨੀਆਂ ਵਿਚ ਕੰਮ ਕਰਦੀ ਹੈ। ਜੋ ਅੰਦਰ ਬਾਹਰ ਪ੍ਰਕਾਸ਼ ਪ੍ਰਭੂ ਦੀ ਜੋਤ ਦਾ ਹੀ ਹੈ। ਇਕ ਦਿਨ ਲਾਹੌਰੋਂ ਪਿੰਡ ਆਇਆ। ਰਾਤ ਸੁੱਤੇ ਪਏ ਨੂੰ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਦਰਸ਼ਨ ਦੀ ਝਲਕ ਪਈ। ਰੋਮ-ਰੋਮ ਵਿਚ ਪ੍ਰੇਮ ਜਾਗ ਪਿਆ, ਸੁੱਤੀ ਕਿਸਮਤ ਜਾਗ ਉੱਠੀ। ਦੂਜੇ ਦਿਨ ਉਹ ਸਵੇਰੇ ਪੀਰਾਂ ਦੇ ਪੀਰ ਸਭ ਦੇ ਸਾਂਝੇ ਸਤਿਗੁਰੂ ਦੇ ਚਰਨਾਂ ਵਿਚ ਜਾ ਹਾਜ਼ਿਰ ਹੋਇਆ। ਆਪ ਜੀ ਡੇਰਾ ਦੇ ਕੋਠੇ ਉੱਪਰ ਬੈਠੇ ਸਨ। ਜਮਾਲ ਡਿੱਠਾ ਦੀਦਾਰ ਪਾਇਆ ਤੇ ਐਸਾ ਝਲਕਾਰਾ ਵੱਜਾ ਕਿ ਕੋਈ ਸੁੱਧ ਨਾ ਰਹੀ, ਐਸਾ ਪ੍ਰੇਮ ਦਾ ਜਾਮ ਪੀਤਾ ਕਿ ਰੋਮ-ਰੋਮ ਵਿਚ ਪਿਆਰ ਦੀ ਲਹਿਰ ਜਾਗ ਉੱਠੀ। ਪੰਡਿਤ ਜੀ ਪ੍ਰੇਮ ਦੀ ਦਾਤ ਸਤਿਗੁਰੂ ਕੋਲੋਂ ਲੈ ਕੇ ਮੁੜ ਫਿਰ ਪੜ੍ਹਨ ਜਾ ਲੱਗੇ। ਇਕ ਦਿਨ ਪ੍ਰਿੰਸੀਪਲ ਨੇ ਸਾਰੇ ਵਿਦਿਆਰਥੀ ਇਕੱਠੇ ਕਰਕੇ, ਆਖਿਆ ਗੌਰਮਿੰਟ ਦਾ ਆਰਡਰ ਆਇਆ ਹੈ ਕਿ ਮੁਲਤਾਨ ਵਿਚ ਬਿਮਾਰੀ ਫੈਲ ਗਈ ਹੈ, ਸਫ਼ਾਈ ਵਾਸਤੇ, ਮਰੀਜਾਂ ਦੀ ਸੇਵਾ ਸੰਭਾਲ ਵਾਸਤੇ ਜਿਹੜਾ ਵਿਦਿਆਰਥੀ ਖੁਸ਼ੀ ਨਾਲ ਜਾਣਾ ਚਾਹੁੰਦਾ ਹੈ, ਹੱਥ ਖੜ੍ਹਾ ਕਰੇ। ਸਭ ਤੋਂ ਪਹਿਲਾਂ ਦੀਨਾ ਨਾਥ ਜੀ ਨੇ ਹੱਥ ਖੜ੍ਹਾ ਕੀਤਾ। ਪੰਡਿਤ ਜੀ ਨੂੰ ਮੁਲਤਾਨ ਭੇਜਿਆ ਗਿਆ। ਕੁੱਝ ਦਿਨ ਤੋਂ ਬਾਅਦ ਦੀਨਾ ਨਾਥ ਬਿਮਾਰ ਹੋ ਗਿਆ, ਘਰ ਜਾਣ ਦੀ ਆਗਿਆ ਮੰਗੀ ਛੁੱਟੀ ਮਿਲ ਗਈ। ਘਰ ਆ ਕੇ ਕੁੱਝ ਦਿਨ ਰਹੇ। ਇਕ ਦਿਨ ਸਤਿਗੁਰੂ ਦੇ ਦਰਸ਼ਨ ਕਰਨ ਗਿਆ ਹਾਲੇ ਦੂਰ ਹੀ ਸੀ। ਸਤਿਗੁਰਾਂ ਨੇ ਹੁਕਮ ਕੀਤਾ "ਕਾਕਾ! ਨੱਠ ਚਲ! ਮੁਲਤਾਨ ਚੱਲ ਨੱਠ ਦੁਖੀ ਰੋਗੀਆਂ ਦੀ ਸੇਵਾ ਕਰ। ਇਨਸਾਨ ਦੀ ਸੇਵਾ ਭਗਵਾਨ ਦੀ ਸੇਵਾ ਹੈ, ਇਸੇ ਵਿਚ ਭਲਾ ਹੈ। ਭਗਤੀ ਹੈ।" ਜਿਵੇਂ ਗੁਰੂ ਦਸਵੇਂ ਨੇ ਵੈਦ ਸੁਜਾਨ ਸਿੰਘ ਨੂੰ ਹੁਕਮ ਕੀਤਾ ਸੀ। ਪੰਡਿਤ ਜੀ ਹੁਕਮ ਪਾ ਕੇ ਸੇਵਾ ਕਰਨ ਜਾ ਲੱਗੇ। ਵਿਦਿਆ ਹਾਸਿਲ ਕਰ ਕੇ ਘਰ ਵਾਪਿਸ ਆ ਗਏ। ਦਿੱਲੀ ਕਿਸੇ ਨੌਕਰੀ ਉੱਤੇ ਲੱਗਣਾ ਹੈ, ਆਗਿਆ ਲੈਣ ਸਤਿਗੁਰਾਂ ਕੋਲ ਗਿਆ। ਅੱਗੋਂ ਸਤਿਗੁਰੂ ਬੋਲੇ,

"ਰਾਜਾ ਦਾ ਨੌਕਰ ਹੋ ਕੇ ਕਿਸੇ ਹੋਰ ਦਾ ਨੌਕਰ ਨਹੀਂ ਹੋਈਦਾ, ਘਰ ਵਿਚ ਗੱਦੀ ਲਾ ਕੇ ਬੈਠੇ ਰਹੀਦੈ, ਜੋਤਸ਼ ਹਿਕਮਤ ਦਾ ਕੰਮ ਘਰ ਬੈਠਿਆਂ ਹੀ ਬਹੁਤ ਚਲ ਪਿਆ। ਇਕ ਵਾਰ ਦਿੱਲੀ ਡਾਕਟਰ ਨੇ ਕੋਈ ਮਰੀਜ਼ ਦੇਖਣ ਲਈ ਬੁਲਾਇਆ। ਮਰੀਜ਼ ਨੂੰ ਦੇਖ ਕੇ ਜਵਾਬ ਦੇ ਦਿੱਤਾ, ਜੁਆਬ ਦੇ ਕੇ ਜਾਮਾ ਮਸਜਿਦ ਦੇਖਣ ਜਾ ਰਿਹਾ ਸੀ। ਇਕ ਫ਼ਕੀਰ ਨੇ ਅਵਾਜ਼ ਦਿੱਤੀ, ਅਵਾਜ਼ ਰਾਜਾ ਸਾਹਿਬ ਜੀ ਦੀ ਸੀ, ਗ਼ੈਬੀ ਅਵਾਜ਼ ਕੰਨਾਂ ਵਿਚ ਗੂੰਜ ਉੱਠੀ। ਮਰੀਜ਼ ਦਾ ਇਲਾਜ ਕਰ ਦੇਣਾ ਸੀ। ਮੁੜ ਕੇ ਉਸੇ ਮਰੀਜ਼ ਨੂੰ ਦੁਆਈ ਦੇ ਦਿੱਤੀ। ਰੋਗੀ ਰਾਜ਼ੀ ਹੋ ਗਿਆ। ਦੀਨਾ ਨਾਥ ਘਰ ਆ ਕੇ ਕੰਮ ਕਰਦੇ ਰਹੇ। ਕਈ ਵਾਰ ਜ਼ਿੰਦਗੀ ਵਿਚ ਚੰਗੇ ਮਾੜੇ ਦਿਨ ਆ ਜਾਂਦੇ ਹਨ। ਪੈਸਿਆਂ ਵਲੋਂ ਕੁੱਝ ਹੱਥ ਤੰਗ ਹੋ ਗਿਆ। ਮਨ ਵਿਚ ਸਤਿਗੁਰਾਂ ਨਾਲ ਿਹਰਖ ਕਰਨ ਲੱਗਾ ਕੋਈ ਨੌਕਰੀ ਨਹੀਂ ਕਰਨ ਦਿੱਤੀ, ਪੈਸੇ ਵਲੋਂ ਤੰਗੀ ਆ ਰਹੀ ਹੈ। ਇਕ ਦਿਨ ਦਰਸ਼ਨ ਨੂੰ ਜਦੋਂ ਗਿਆ ਸਤਿਗੁਰੂ ਜਾਣੀ ਜਾਣ ਕਹਿੰਦੇ, "ਪੰਡਿਤ! ਤੈਨੂੰ ਕੀ ਫ਼ਿਕਰ ਹੈ?" ਤੂੰ ਤਾਂ ਮੁਣਸ਼ੀ ਦਾ ਕੰਮ ਕਰੀ ਜਾ। ਕਾਰਜ ਤਾਂ ਤੇਰੇ ਅਸੀਂ ਕਰ ਰਹੇ ਹਾਂ, ਕੁੱਝ ਦਿਨਾਂ ਬਾਅਦ ਇਕ ਰੁਪਿਆ ਝੰਡੂ ਲੋਹਾਰ ਕੋਲ ਦੇ ਕੇ ਆਖਿਆ, "ਪੰਡਿਤ ਨੂੰ ਦੇਣਾ।" ਝੰਡੂ ਘਰ ਆਇਆ ਤਾਂ ਪੰਡਿਤ ਘਰ ਨਹੀਂ ਸੀ। ਝੰਡੂ ਨੇ ਰੁਪਿਆ ਭਾਗੇ ਨੂੰ ਦੇ ਕੇ ਪਾਤਸ਼ਾਹ ਦਾ ਹੁਕਮ ਸੁਣਾਇਆ। ਭਾਗਾ ਵੀ ਮਹਾਰਾਜ ਜੀ ਦਾ ਪ੍ਰੇਮੀ ਪੂਰਨ ਭਗਤ ਸੀ। ਭਾਗੇ ਨੇ ਦੀਨਾ ਨਾਥ ਨੂੰ ਰੁਪਿਆ ਦਿੱਤਾ। ਦੀਨਾ ਨਾਥ ਨੇ ਰੁਪਿਆ ਮੋੜ ਦਿੱਤਾ ਕਹਿੰਦਾ, "ਕੀ ਕਰਨਾ ਹੈ ਇਕ ਰੁਪਿਆ?" ਭਾਗੇ ਨੇ ਦੂਜੇ ਦਿਨ ਉਹੀ ਰੁਪਿਆ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਇਹ ਪੰਡਿਤ ਦੀਨਾ ਨਾਥ ਨੇ ਰੁਪਿਆ ਨਹੀਂ ਲਿਆ। ਮਹਾਰਾਜ ਜੀ ਕਹਿੰਦੇ, "ਭਾਗਾ! ਇਹ ਰੁਪਿਆ ਉਸਨੂੰ ਦੇ.ਦੇਵੀਂ ਖੂਹ ਲਾਉਣ ਦੀ ਅਸੀਂ ਸਾਈ ਭੇਜੀ ਹੈ।" ਫਿਰ ਪੰਡਿਤ ਜੀ ਨੇ ਰੁਪਿਆ ਘਰ ਰੱਖ ਲਿਆ। ਖੂਹ ਲਾਉਣ ਦੀ ਤਿਆਰੀ ਕਰ ਲਈ। ਸਭ ਚੀਜ਼ਾਂ ਇੱਟਾਂ ਆਦਿਕ ਉਧਾਰ ਮਿਲ ਗਈਆਂ, ਖੂਹ ਲੱਗ ਗਿਆ। ਗੀਤਾ ਆਸ਼ਰਮ ਪਿੰਡ ਵਿਚ ਕਾਫ਼ੀ ਵੱਡੀ ਬਿਲਡਿੰਗ ਬਣਾ ਕੇ ਖੋਲ੍ਹੀ ਗਈ। ਧਰਮ ਦਾ ਪ੍ਰਚਾਰ ਸ਼ੁਰੂ ਕੀਤਾ ਗਿਆ, ਮਰੀਜਾਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ। 1400 ਰੁਪਿਆ ਪੰਡਿਤ ਜੀ ਦੇ ਸਿਰ ਉਧਾਰ ਹੋ ਗਿਆ ਪੰਡਿਤ ਜੀ

ਫਿਰ ਫ਼ਿਕਰ ਕਰਨ ਲੱਗ ਪਏ। ਬਹਾਦਰ ਪੰਡਿਤ ਨਰਾਇਣ ਦਾਸ ਇਸ ਦੀ ਘਰ ਵਾਲੀ ਦਰੋਪਤੀ, ਪੁਸ਼ ਰੋਡ ਕਰੋਲ ਬਾਗ ਨਵੀਂ ਦਿੱਲੀ ਮਕਾਨ ਨੰਬਰ ੨ ਵਿਚ ਰਹਿੰਦੇ ਸਨ। ਇਹ ਵੀ ਰਾਜਾ ਸਾਹਿਬ ਜੀ ਦਾ ਬਹੁਤ ਪ੍ਰੇਮੀ ਸੀ। ਦੀਨਾ ਨਾਥ ਨਾਲ ਵੀ ਇਨ੍ਹਾਂ ਦਾ ਬਹੁਤ ਪਿਆਰ ਸੀ। ਦਰੋਪਤੀ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਈ, ਚਰਨਾਂ ਵਿਚ ਨਮਸਕਾਰ ਕਰਕੇ ਬੈਠ ਗਈ। ਸਤਿਗੁਰਾਂ ਦੇ ਦਰਸ਼ਨ ਕਰਕੇ ਮਨ ਸ਼ੀਤਲ ਹੋ ਗਿਆ। ਸਤਿਗੁਰੂ ਬੋਲੇ, "ਦਰੋਪਤੀ! ਪੰਡਿਤ ਦੀਨਾ ਨਾਥ ਨੂੰ ਮਿਲ ਕੇ ਜਾਣਾ!" ਪੰਡਿਤ ਦੀਨਾ ਨਾਥ ਕੋਲ ਆ ਗਈ, ਸੁੱਖ-ਸਾਂਦ ਪੁੱਛੀ। ਮਹਾਰਾਜ ਜੀ ਦੇ ਆਖੇ ਹੋਏ ਬਚਨ ਪੰਡਿਤ ਜੀ ਨੂੰ ਸੁਣਾਏ। ਪੰਡਿਤ ਜੀ ਨੇ ਸਾਰੀ ਗੱਲ ਖੋਲ੍ਹ ਕੇ ਦੱਸੀ 1400 ਰੁਪਿਆ ਕਰਜਾ ਸਿਰ ਹੈ, ਨੀਂਦ ਨਹੀਂ ਆਉਂਦੀ ਮਨ ਬੇਚੈਨ ਰਹਿੰਦਾ ਹੈ। ਦਰੋਪਤੀ ਪੰਡਿਤ ਦੀ ਗੱਲ ਸੁਣ ਕੇ ਚੁੱਪ ਕਰ ਰਹੀ ਦਿੱਲੀ ਜਾ ਕੇ ੨੦੦੦ ਰੁਪਇਆ ਭੇਜ ਦਿੱਤਾ। ਪੰਡਿਤ ਜੀ ਦਾ ਸਾਰਾ ਕਰਜਾ ਉੱਤਰ ਗਿਆ। ਇਕ ਦਿਨ ਪੰਡਿਤ ਜੀ ਦਰਸ਼ਨ ਨੂੰ ਗਏ ਤਾਂ ਕੀ ਦੇਖਿਆ ਕਿ ਲੱਛਮੀ ਗਲ ਵਿਚ ਪੱਲਾ ਪਾ ਕੇ ਖੜ੍ਹੀ ਬੇਨਤੀਆਂ ਕਰਦੀ ਦੇਖੀ ਪੰਡਿਤ ਜੀ ਨੂੰ ਨਿਸਚਾ ਹੋਇਆ ਜਿੰਨੇ ਵੀ ਦੇਵੀ ਦੇਵਤੇ ਹਨ, ਸਮੇਤ ਲੱਛਮੀ, ਆਪ ਜੀ ਦੇ ਚਰਨਾਂ ਦੇ ਦਾਸ ਹਨ, ਇਕ ਵਾਰ ਆਪ ਜੀ ਕਹਿੰਦੇ ਇੰਨੀ ਮਾਇਆ ਆਇਆ ਕਰੇਗੀ, ਸੰਭਾਲ ਨਹੀਂ ਹੋਵੇਗੀ।

ਬੋਲੋ ਭਾਈ ਵਾਹਿਗੁਰੂ॥

ਅੱਗੇ ਸਾਖੀ ਇੰਦਰ ਨਾਲ ਹੋਈ

ਇੰਦਰ, ਪਿੰਡ ਮਜਾਰੇ ਵਾਲਾ, ਆਪ ਜੀ ਉਤੇ ਬੜੀ ਸ਼ਰਧਾ ਰੱਖਦਾ ਸੀ। ਇਸ ਉੱਪਰ ਸਤਿਗੁਰਾਂ ਦੀ ਬਹੁਤ ਮਿਹਰ ਸੀ। ਪਿੰਡ ਮਜਾਰੇ ਤੋਂ ਕਾਫ਼ੀ ਸਾਰੀ ਸੰਗਤ ਹਰਿਦੁਆਰ ਦਾ ਕੁੰਭ ਦਾ ਮੇਲਾ ਦਿਖਾਉਣ ਵਾਸਤੇ ਗੰਗਾ ਮਾਈ ਤੇ ਇਸ਼ਨਾਨ ਕਰਾਉਣ ਲੈ ਗਿਆ। ਕੁੰਭ ਲੱਗਾ ਹੋਇਆ ਝਾਕੀਆਂ ਨਿਕਲ ਰਹੀਆਂ ਸਨ। ਪਹਿਲਾਂ ਸੰਨਿਆਸੀਆਂ ਦੀ, ਬੈਰਾਗੀਆਂ ਦੀ, ਉਦਾਸੀਆਂ ਦੀ, ਨਿਰਮਲੀਆਂ ਦੀ ਇਕ-ਦੂਜੇ ਤੋਂ ਵਧ ਚੜ੍ਹ ਕੇ ਹਾਥੀ ਸ਼ਿਗਾਰ ਕੇ ਜਲੂਸ ਨਿਕਲ

ਰਹੇ ਸਨ, ਰਣ ਸਿੰਗੇ ਵੱਜ ਰਹੇ ਸਨ। ਮਹੰਤਾਂ ਦੇ ਸਿਰ ਤੇ ਚੌਰੀਆਂ ਹੋ ਰਹੀਆਂ ਸਨ। ਮਹੰਤਾਂ ਦੇ ਚਿਹਰੇ ਸੂਰਜ ਵਾਂਗ ਚਮਕ ਰਹੇ ਸਨ। ਗੰਗਾ ਦਰਿਆ ਦੇ ਪਾਣੀ ਦੀਆਂ ਲਹਿਰਾਂ ਸੂਰਜ ਦੀਆਂ ਰਿਸ਼ਮਾਂ ਨਾਲ ਟਕਰਾਉ ਖਾਂਦੀਆਂ ਸਨ। ਪਾਣੀ ਦੀਆਂ ਲਹਿਰਾਂ ਦੇ ਨਜ਼ਾਰੇ ਦੇਖਣ ਲਾਇਕ ਸਨ, ਹਾਥੀ ਫ਼ੁਕਾਰੇ ਮਾਰ ਰਹੇ ਸਨ, ਗਲ ਵਿਚ ਟੱਲ ਖੜਕ ਰਹੇ ਸੀ। ਐਸੀ ਸੋਭਾ ਬਣੀ ਹੋਈ ਸੀ, ਇੰਦਰ ਦੀ ਸ਼ਾਹੀ ਸਵਾਰੀ ਨੂੰ ਮਾਤ ਪਾ ਰਹੀਆਂ ਸਨ। ਹਰਿਦੁਆਰ ਦੇ ਚਾਰੇ ਪਾਸੇ ਬਾਗ ਬਗੀਚੇ ਇੰਦਰ ਦੇ ਨੰਦਨ ਬਾਗ ਨੂੰ ਮਾਤ ਪਾ ਰਹੇ ਸਨ, ਦੇਵਤੇ, ਪਰੀਆਂ ਦੇਵ ਪੁਰੀ ਵਿਚੋਂ ਮਹਾਂਪੁਰਸ਼ਾਂ ਤੇ ਫੁੱਲ ਵਰਸਾ ਰਹੇ ਸੀ। ਗੰਗਾ ਨਦੀ ਦਾ ਵਹਾਉ ਮਹਾਂਪੁਰਸ਼ਾਂ ਦੇ ਚਰਨ ਚੁੰਮ ਕੇ ਜਾ ਰਿਹਾ ਸੀ, ਠੰਡੀ-ਠੰਡੀ, ਮਿੱਠੀ-ਮਿੱਠੀ ਪੌਣ ਪਹਾੜਾਂ ਵਿਚੋਂ ਦੀ ਹੁੰਦੀ ਹੋਈ ਰੂਮ੍ਹਕ ਰਹੀ ਸੀ। ਰਿਸ਼ੀ ਕੇਸ਼ ਦਿਆਂ ਟਿੱਬਿਆਂ ਵਿਚ ਬੈਠੇ ਸਾਧੂ ਤਪ ਕਰ ਰਹੇ ਸਨ, ਜੜਾਵਾਂ ਵਿਚ ਜਾਨਵਰਾਂ ਦੇ ਆਲ੍ਹਣੇ ਪਾਏ ਹੋਏ ਸਨ। ਅੱਖਾਂ ਦੇ ਭਰਵੱਟੇ ਧੂੰਨੀ ਤੇ ਪੈ ਰਹੇ ਸਨ ਸੁੱਕ ਕੇ ਮਜਨੂੰ ਵਾਂਗ ਤਵੀਤ ਹੋਏ ਪਏ ਸਨ। ਐਸੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਪਿੰਡ ਮਜਾਰੇ ਆਉਂਦੇ ਹੀ ਇੰਦਰ ਪਾਤਸ਼ਾਹ ਦੇ ਮੱਥਾ ਟੇਕਣ ਗਿਆ। ਸਾਰੀ ਸੰਗਤ ਨਾਲ ਸੀ। ਆਪ ਜੀ ਕਹਿਣ ਲੱਗੇ "ਇੰਦਰ! ਤੁਹਾਨੂੰ ਕਿਤੇ ਜਾਣ ਦੀ ਲੋੜ ਨਹੀਂ, ਭਾਨੇਆਲ (ਰਾਜਾ ਸਾਹਿਬ ਦੇ ਮਜਾਰੇ) ਵਿਚ ਸਾਰੇ ਤੀਰਥ ਲਿਆਂਦੇ ਹੋਏ ਹਨ। "ਜਿੰਨੇ ਤੀਰਥ ਲੋਚੇ ਧੂੜ ਸਾਧੂ ਕੀ ਤਾਈਂ" ਮਜਾਰੇ ਦਾ ਤਾਂ ਬੱਚਾ-ਬੱਚਾ, ਬਹੂਆਂ ਦਾ ਵੀ ਉਦਾਰ ਹੋ ਜਾਵੇਗਾ, ਤੀਰਥ ਤਾਂ ਇੰਦਰ ਰੋਜ਼ ਇਥੇ ਆਉਂਦੇ ਹਨ।" ਐਸਾ ਉਪਦੇਸ਼ ਪਿੰਡ ਮਜਾਰੇ ਸੰਗਤ ਨੂੰ ਕੀਤਾ, "ਧਰਮ ਦੀ ਕਿਰਤ ਕਰਨੀ ਵੰਡ ਕੇ ਛਕਣਾ, ਆਏ ਸਾਧੂ ਦੀ ਸੇਵਾ ਕਰਨੀ ਸੀਲ, ਸੰਜਮ, ਦਇਆ, ਧਰਮ ਦੀ ਪਾਲਣਾ ਕਰਨੀ, ਨਾਮ ਜਪਣਾ, ਦਾਨ ਕਰਨਾ, ਇਨਸਾਨ ਦਾ ਮੁੱਖ ਧਰਮ ਹੈ। ਚੋਰੀ, ਯਾਰੀ, ਬਦੀ, ਵਿਰੋਧ, ਨਿੰਦਿਆ, ਚੁਗਲੀ, ਖੋਟੀ ਸੰਗਤ ਤੋਂ ਹਮੇਸ਼ਾ ਦੂਰ ਰਹਿਣਾ। "ਮੂਰਖ ਕੀ ਸੰਗਤ ਕੀਏ ਪੰਡਿਤ ਵੀ ਦੁਖ ਪਾਏ।"

ਬੋਲੋ ਭਾਈ ਵਾਹਿਗੁਰੂ॥

ਸਾਖੀ ਸੰਤ ਘੁੰਗਰੂ ਦਾਸ ਦੇ ਪ੍ਰਥਾਇ ਚੱਲੀ

ਸੰਤ ਘੁੰਗਰੂ ਦਾਸ ਇਸਦਾ ਜਨਮ ਪੂਰਬ ਦੇਸ਼ ਦਾ ਸੀ। ਇਹ ਸੰਨ 1931 ਵਿਚ ਪਿੰਡ ਰਹਿਪੇ ਆਏ। ਇਹ ਧੂਣੀਆਂ ਲਾ ਕੇ ਤਪ ਕਰਿਆ ਕਰਦੇ ਸਨ। ਰਿਧੀਆਂ-ਸਿਧੀਆਂ ਵਿਖਾ ਕੇ ਆਪਣੇ ਮਗਰ ਲੋਕਾਂ ਨੂੰ ਲਾ ਲੈਂਦੇ ਸੀ। ਸੱਤ ਘੁਮਾਂ ਜ਼ਮੀਨ ਰਹਿਪੇ ਦੇ ਲੋਕਾਂ ਨੇ ਨਾਂ ਲੁਆ ਦਿੱਤੀ। ਹਕੀਮਪੁਰ ਦੀ ਸੰਗਤ ਨੇ ਖੂਹ ਨਾਂ ਲੁਆ ਦਿੱਤਾ। ਥੋੜ੍ਹੀ ਦੇਰ ਵਿਚ ਮਕਾਨ ਸੰਗਤਾਂ ਨੇ ਬਣਾ ਦਿੱਤਾ, ਕਈ ਯੱਗ ਕਰਵਾਏ, ਮੇਲੇ ਲੱਗਣ ਲੱਗ ਪਏ। ਰਹਿਪਾ, ਹਕੀਮਪੁਰ, ਚਾਹਲਾਂ ਤੋਂ ਬਹੁਤ ਸਾਰੀ ਸੰਗਤ ਰਾਜਾ ਜੀ ਦੇ ਦਰਸ਼ਨ ਨੂੰ ਜਾਂਦੀ। ਮਜਾਰੇ ਜਾਣ ਤੋਂ ਸੰਗਤ ਨੂੰ ਰੋਕਣ ਲੱਗਾ। ਘੁੰਗਰੂ ਦਾਸ ਈਰਖਾ ਦੀ ਅੱਗ ਵਿਚ ਸੜਨ ਲੱਗਾ। ਮੈਂ ਰਾਜਾ ਸਾਹਿਬ ਜੀ ਨਾਲੋਂ ਘੱਟ ਨਹੀਂ, ਮੇਰੇ ਕੋਲੋਂ ਸਾਰੀਆਂ ਮੁਰਾਦਾਂ ਮਿਲਦੀਆਂ ਹਨ। ਇਕ ਠਾਕਰ ਸਿੰਘ, ਸਰਮੁਖ ਸਿੰਘ ਦਾ ਪੁੱਤਰ ਇਹ ਘੁੰਗਰੂ ਦਾਸ ਕੋਲ ਨਹੀਂ ਜਾਂਦਾ, ਇਸਦਾ ਅਕੀਦਾ ਰਾਜਾ ਸਾਹਿਬ ਤੇ ਪੱਕਾ। ਘੁੰਗਰੂ ਦਾਸ ਨੇ ਕਈ ਤਰਾਂ ਦੇ ਡਰਾਵੇ ਦਿੱਤੇ। ਜਿਵੇਂ ਗੁਰੂ ਅਮਰਦਾਸ ਜੀ ਤੀਜੇ ਪਾਤਸ਼ਾਹ ਦੀ ਸੰਗਤ ਨਾਲ ਤਪਾ ਈਰਖਾ ਕਰਦਾ ਸੀ, ਇਸ ਤਰਾਂ ਘੁੰਗਰੂ ਦਾਸ ਠਾਕਰ ਸਿੰਘ ਨਾਲ ਈਰਖਾ ਕਰਦਾ ਠਾਕਰ ਸਿੰਘ ਆਪਣੇ ਸਤਿਗੁਰਾਂ ਕੋਲੋਂ ਪੁੱਛਣਾ ਚਾਹੁੰਦਾ ਸੀ। ਘੁੰਗਰੂ ਦਾਸ ਦੇ ਜਾਵਾ ਕਿ ਨਾ ਜਾਵਾਂ? ਠਾਕਰ ਸਿੰਘ ਸਤਿਗੁਰਾਂ ਦੇ ਦਰਸ਼ਨ ਕਰਨ ਗਿਆ ਮਨ ਵਿਚ ਫੁਰਨਾ ਸੀ। ਜੋ ਹੁਕਮ ਹੋਵੇ ਸੋ ਕਰਾਂ। ਸਤਿਗੁਰੂ ਕਹਿਣ ਲੱਗੇ, "ਠਾਕਰਾ! ਆਪਣੇ ਮਕਾਨੀਂ ਆਈਦਾ, ਕਿਸੇ ਦੇ ਮਕਾਨ ਵਿਚ ਤਾਂ ਪੈਰ ਨਹੀਂ ਪਾਈਦਾ। ਨੱਠ ਚੱਲ ਢਿੱਲੇ ਨਹੀਂ ਰਹੀਦਾ। ਪੂਰਬ ਤੋਂ ਦੁਨੀਆਂ ਲਿਆ ਕੇ ਵਸਾ ਦਿੱਤੀ, ਜ਼ਮੀਨ ਖੂਹੀ ਨਾਮ ਲੁਆ ਦਿੱਤੀ। ਉਸ ਸੰਤ ਨੂੰ ਕਹਿਣਾ ਸੀ ਸਾਡਾ ਹਾਲਾ ਦੇਵੇ ਜੇ ਹਾਲਾ ਨਹੀਂ ਦਿੰਦਾ, ਤਾਂ ਕਹਿਣਾ ਉੱਠ ਕੇ ਚਲਾ ਜਾਵੇ।" ਘੁੰਗਰੂ ਦਾਸ ਚਾਰ ਪੰਜ ਸਾਲ ਰਹਿ ਕੇ ਆਪਣੇ ਛੋਟੇ ਭਰਾ ਹਰੀ ਦਾਸ ਦੇ ਨਾਮ ਜ਼ਮੀਨ ਲਵਾ ਕੇ ਚਲਾ ਗਿਆ। ਆਪ ਜੀ ਨੇ ਠਾਕਰ ਸਿੰਘ ਨੂੰ ਪਹਿਲਾਂ ਹੁਕਮ ਕੀਤਾ ਸੀ। ਜੇ ਹਾਲਾ ਨਹੀਂ ਦਿੰਦਾ ਤਾਂ ਉੱਠ ਕੇ ਚਲਾ ਜਾਵੇ ਤਾਂ ਬਚਨ ਸੱਤ ਹੋ ਗਿਆ ਸ਼ੇਰ ਇਕੱਲਾ ਬਣਾਂ ਦਾ ਮਾਲਿਕ ਹੁੰਦਾ ਹੈ। ਹੋਰ ਕੋਈ

ਜਾਨਵਰ ਉਸਦਾ ਸ਼ਰੀਕ ਬਣ ਕੇ ਨਹੀਂ ਰਹਿ ਸਕਦਾ। ਇਕ ਵਾਰੀ ਘੁੰਗਰੂ ਦਾਸ ਇਸ ਖਿਆਲ ਨਾਲ ਗਿਆ ਕਿ ਮੈਂ ਪੁੱਛਣਾ ਹੈ ਸਾਧੂ ਹੋ ਕੇ ਰਾਜਾ ਕਿਉਂ ਕਹਾਉਂਦੇ ਹੋ? ਜਦੋਂ ਸਾਹਮਣੇ ਗਿਆ ਐਸਾ ਦਸਤੂਰ ਡਿੱਠਾ ਚੜ੍ਹਦੇ ਸੂਰਜ ਵਾਂਗ ਦਗ-ਦਗ ਕਰਦਾ ਚਿਹਰਾ ਆਤਮਿਕ ਬਲ ਦੀ ਤਾਬ ਨਾ ਸਹਾਰ ਸਕਿਆ। ਪੁੱਛਣਾ ਤਾਂ ਕੀ ਰੰਗ ਪੀਲਾ ਹੋ ਗਿਆ, ਲੱਤਾਂ ਬਿੜਕ ਗਈਆਂ, ਸਰੀਰ ਥਰ-ਥਰ ਕੰਬਣ ਲੱਗ ਪਿਆ। ਸੋਹਣੇ ਪ੍ਰੀਤਮ ਆਖਣ ਲੱਗੇ, "ਸਾਧੂ! ਸਰਦਾਈ ਪੀ।" ਘੁੰਗਰੂ ਦਾਸ ਬਾਹਰ ਨਿਕਲ ਗਿਆ। ਹੋਰ ਕਈ ਸਾਧੂ ਵੀ ਇਸ ਖਿਆਲ ਨਾਲ ਆਉਂਦੇ ਸਨ, ਸਭ ਦੀ ਨਿਸ਼ਾ ਹੋ ਜਾਂਦੀ ਸੀ। ਇੱਕ ਵਾਰ ਇੱਕ ਸਾਧੂ ਨੂੰ ਪਿਡ ਦੇ ਮੁੰਡੇ ਕੁੱਟਣ ਲੱਗੇ ਧਨੂੰ ਹਲਟ ਚਲਾ ਰਿਹਾ ਸੀ। ਦੋ ਕਿਆਰੇ ਹੋਰ ਭਰਨੇ, ਧਨੂੰ ਨੂੰ ਐਸੀ ਖਿੱਚ ਪਾਈ ਕਿ ਦੋ ਕਿਆਰੇ ਸੁੱਕੇ ਛੱਡ ਕੇ ਆਪ ਜੀ ਕੋਲ ਆ ਗਿਆ। ਧਨੂੰ ਨੂੰ ਹੁਕਮ ਕੀਤਾ, "ਸਾਧੂ ਨੂੰ ਰਸੋਖਾਨੇ ਲਿਜਾਓ, ਲੰਗਰ ਵਿਚ ਸਰਦਾਈ ਪਿਲਾਓ ਆਏ ਸਾਧੂ ਦੀ ਸੇਵਾ ਕਰੀਦੀ ਹੈ, ਮਾਰੀਦਾ ਨਹੀਂ।" ਧਨੂੰ ਬਾਹਰ ਛੱਡ ਆਇਆ ਮੁੜ ਕੇ ਨਮਸਕਾਰ ਕੀਤੀ ਬੂਹੇ ਤੋਂ ਬਾਹਰ ਖੜ੍ਹਾ ਸੀ ਕਹਿੰਦੇ, "ਚਲ ਧਨੂੰ! ਬਾਕੀ ਰਹਿੰਦੇ ਕਿਆਰੇ ਸਿੰਜ ਲੈ ਤੈਨੂੰ ਆਪ ਹੀ ਬੁਲਾਇਆ ਸੀ।" ਆਪ ਜੀ ਭੋਗਰ ਦੇ ਘਰ ਬੈਠੇ ਸਨ, ਇਕ ਛੋਟੇ ਖਟਕੜਾਂ ਤੋਂ ਬਜ਼ੁਰਗ ਸ਼ੱਕਰ ਲੈ ਕੇ ਆਇਆ, ਜਾਨਵਰਾਂ ਨੂੰ ਪੁਆ ਦਿੱਤੀ। ਬਜ਼ੁਰਗ ਕਹਿਣ ਲੱਗਾ, "ਤੁਸੀਂ ਆਪ ਨਹੀਂ ਛਕੀ", ਕਾਫ਼ੀ ਜਾਨਵਰ ਇੱਕੱਠੇ ਹੋ ਕੇ ਖਾ ਰਹੇ ਸਨ। ਮਹਾਰਾਜ ਕਹਿੰਦੇ, "ਗੁਰਮੁਖਾ! ਦੇਖ ਕਿੰਨਿਆਂ ਦੇ ਮੂੰਹ ਪਈ ਹੈ ਜੇ ਅਸੀਂ ਇਕੱਲੇ ਹੀ ਛੱਕਦੇ ਤਾਂ ਇਹ ਜੀਵ ਕਿੱਥੋਂ ਛਕਦੇ, ਸਭ ਵਿਚ ਆਪ ਹੀ ਵਸਦਾ ਹੈ। ਇਕ ਆਤਮਾ ਖੁਸ਼ ਹੋ ਜਾਵੇ ਤਿੰਨੇ ਲੋਕ ਖੁਸ਼ ਹੋ ਜਾਂਦੇ ਹਨ, ਆਤਮਾ ਨੂੰ ਖੁਸ਼ ਕਰਨ ਨਾਲ ਪ੍ਰਮਾਤਮਾ ਖੁਸ਼ ਹੋ ਜਾਂਦਾ ਹੈ। "ਜਲ ਥਲ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥" ਰਾਬੀਆ ਨੇ ਇਕ ਪਿਆਸੀ ਕੁੱਤੀ ਨੂੰ ਆਪਣੇ ਸਿਰ ਦੇ ਵਾਲ ਪੁੱਟ ਕੇ ਡੋਰੀ ਵਟ ਕੇ ਸਿਰ ਦਾ ਕੱਪੜਾ ਭਿਉਂਕੇ ਖੂਹ ਵਿਚੋਂ ਪਾਣੀ ਕੱਢ ਕੇ ਪਿਲਾਇਆ। ਮੱਕੇ ਦੇ ਹੱਜ ਨੂੰ ਜਾ ਰਹੀ ਸੀ ਰੇਗਿਸਤਾਨ ਦੇ ਮਾਰੂਥਲਾਂ ਵਿਚ ਬੈਠੀ ਨੂੰ ਹੀ ਸੈਂਕੜੇ ਮੀਲ ਮੱਕਾ ਅੱਗੇ ਸੀ। ਮੱਕੇ ਦੇ ਦਰਸ਼ਨ ਹੋ ਗਏ। ਇਸੇ ਹੀ ਤਰਾਂ ਇਕ ਦਿਨ ਕਰਤਾਰ ਸਿੰਘ ਨੂੰ ਹੁਕਮ

ਕੀਤਾ, "ਕਰਤਾਰਾ! ਜਾਓ ਧੜੀ ਆਟੇ ਦੀਆਂ ਰੋਟੀਆਂ ਪਕਾ ਕੇ ਲਿਆਓ।" ਕਰਤਾਰਾ ਪਰਸ਼ਾਦੇ ਬਣਵਾ ਕੇ ਲੈ ਆਇਆ। ਪਰਸ਼ਾਦਿਆਂ ਦੇ ਛੋਟੇ ਛੋਟੇ ਟੁਕੜੇ ਕਰਵਾ ਕੇ ਜਾਨਵਰਾਂ ਨੂੰ ਪਵਾ ਦਿੱਤੇ। ਕਹਿੰਦੇ, "ਕਰਤਾਰਾ! ਜੇ ਗ੍ਰਹਿਸਥੀ ਇਸ ਚਾਲੀ ਤੇ ਚੱਲਦਾ ਰਹੇ ਤਾਂ ਇਸਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।" ਉਸ ਦਿਨ ਕਰਤਾਰ ਸਿੰਘ ਨੂੰ ਭਵਿੱਖ ਬਾਣੀ ਸੁਣਾਈ ਅਤੇ ਕਹਿਣ ਲੱਗੇ, "ਕਰਤਾਰਾ! ਬੇਗੀਂ ਜਾ ਕੇ ਡੌਂਡੀ ਕਰ ਆਉ ਟੋਪੀ ਵਾਲੇ ਨੂੰ ਕਹਿਣਾ ਹਿੰਦੋਸਤਾਨ ਛੱਡ ਕੇ ਚਲਾ ਜਾਵੇ।" (ਅੰਗਰੇਜ ਵੱਲ੍ਹ ਇਸ਼ਾਰਾ ਸੀ) ਜਵਾਹਰ ਲਾਲ ਚੰਗਾ ਬੰਦਾ ਹੈ, ਉਸ ਨੂੰ ਰਾਜ ਦੇ ਦਿਓ। ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਚ ਕੋਠੇ ਉੱਪਰ ਚੜ੍ਹਕੇ ਆਖਿਆ ਸੀ ਟੋਪੀ ਵਾਲੇ ਸਿੱਖ ਨੂੰ ਦੇਖ ਰਹੇ ਸੀ। ਇਹ ਇਸ਼ਾਰਾ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਜਾਣ ਦਾ ਕੀਤਾ। ਜਵਾਹਰ ਲਾਲ ਜੀ ਨੂੰ ਹਿੰਦੋਸਤਾਨ ਦੀ ਵਾਗਡੋਰ ਸੰਭਾਲਣ ਦਾ ਹੁਕਮ ਕੀਤਾ। ਸੰਨ 1947 ਵਿਚ ਅੰਗਰੇਜ ਦੇ ਚਲੇ ਜਾਣ ਤੋਂ ਬਾਅਦ ਪੰਡਿਤ ਜਵਾਹਰ ਲਾਲ ਜੀ ਭਾਰਤ ਦੇ ਪ੍ਰਧਾਨ ਮੰਤਰੀ ਬਣੇ। ਇਹੋ ਜਿਹੇ ਭਵਿੱਖਤ ਬਚਨ ਬਹੁਤ ਸਾਰੇ ਹਨ।

ਬੋਲੋ ਭਾਈ ਵਾਹਿਗੁਰੂ॥

ਸਾਖੀ ਬੀਬੀ ਕਰਮੀ ਨਾਲ ਹੋਈ

ਇਕ ਦਿਨ ਦੀ ਗੱਲ ਹੈ ਨਾਭ ਕੰਵਲ ਰਾਜਾ ਸਾਹਿਬ ਜੀ ਆਪਣੇ ਘਰ, ਜਿੱਥੇ ਆਪ ਜੀ ਦਾ ਪਲੰਘ ਸਦਾ ਵਿਛਿਆ ਰਹਿੰਦਾ ਸੀ, ਉਸ ਕਮਰੇ ਵਿਚ ਬੈਠੇ ਸਨ। ਕਰਮੀ ਨੇ ਬੇਨਤੀ ਕੀਤੀ ਚੈਨ ਨੂੰ ਤਾਪ ਚੜ੍ਹਿਆ ਹੋਇਆ ਹੈ। ਮਹਾਰਾਜ ਜੀ ਨੇ ਇਕ ਲੱਡੂ ਦੇ ਕੇ ਹੁਕਮ ਕੀਤਾ। ਕਰਮੀ ਨੇ ਬਖਸ਼ਿਆ ਹੋਇਆ ਲੱਡੂ ਚੈਨ ਦੇ ਮੂੰਹ ਪਾਇਆ ਤਾਪ ਉੱਤਰ ਗਿਆ। ਤਾਪ ਉਤਰਿਆ ਸਤਿਗੁਰੂ ਪੂਰੇ ਆਪਣੀ ਕ੍ਰਿਪਾ ਧਾਰ। ਆਪ ਜੀ ਨੇ ਬੂਹਾ ਬੰਦ ਕਰ ਲਿਆ। ਸੱਤ ਦਿਨ ਬੂਹਾ ਨਾ ਖੋਲ੍ਹਿਆ, ਨਾ ਕੁੱਝ ਖਾਧਾ ਪੀਤਾ ਅੰਦਰ ਗੁਪਤ ਰੂਹਾਂ ਨਾਲ ਬਚਨ ਕਰਦੇ ਰਹੇ। ਇਹ ਕੌਤਕ ਦਾਸ ਨੇ ਵੀ ਦੇਖਿਆ। ਨਲਕੇ ਵੱਲ੍ਹ ਦੇ ਪਾਸੇ ਕੰਧ

ਵਿਚ ਮੋਰੀਆਂ ਸਨ। ਇਨ੍ਹਾਂ ਮੋਰੀਆਂ ਥਾਣੀਂ ਦਰਸ਼ਨ ਕੀਤੇ, ਜਿਵੇਂ ਕਿਸੇ ਸਭਾ ਵਿਚ ਗੱਲਾਂ ਕਰੀਦੀਆਂ ਹਨ, ਇਸ ਤਰਾਂ ਕਰਦੇ ਸਨ। ਦੂਜੇ ਦਿਨ ਮੋਰੀਆਂ ਬੰਦ ਕਰਵਾ ਦਿੱਤੀਆਂ। ਸੱਤਵੇਂ ਦਿਨ ਬੂਹਾ ਖੋਹਲਿਆ। ਕਰਮੀ ਕਰਤਾਰ ਸਿੰਘ ਦੀ ਭੈਣ ਜੀ ਨੂੰ 'ਵਾਜ ਮਾਰੀ, ਕਰਮੀ ਗਲ ਪੱਲਾ ਪਾ ਕੇ ਹਾਜ਼ਿਰ ਹੋਈ। ਮਿੱਟੀ ਦੀਆਂ ਸੱਤ ਟੋਕਰੀਆਂ ਮੰਗਵਾ ਕੇ ਲਹਿੰਦੇ ਪਾਸੇ ਕੰਧ ਨਾਲ ਸੁਟਵਾ ਕੇ ਇਕ ਥੜ੍ਹਾ ਬਣਾ ਦਿੱਤਾ। ਉੱਪਰ ਆਪਣੇ ਹੱਥੀਂ ਇੱਟਾਂ ਲਾ ਕੇ ਕਹਿਣ ਲੱਗੇ, ਇਹ ਜਗ੍ਹਾ ਅੱਜ ਮੰਨਣਯੋਗ ਬਣਾ ਦਿੱਤੀ, ਇਥੇ ਨਮਸਕਾਰ ਕਰਿਆ ਕਰੋ। ਚਾਰ ਦੋਰੀਆਂ ਮਿੱਟਾਂ ਦੀਆਂ ਇਕ ਵੱਡੀ ਤਿੰਨ ਛੋਟੀਆਂ ਮੰਗਵਾ ਕੇ ਹੁਕਮ ਕੀਤਾ ਪਾਣੀ ਨਾਲ ਭਰ ਦਿਓ। ਇਹ ਅਸੀਂ ਚਾਰ ਸਰੋਵਰ ਰਚੇ ਹਨ, ਨਾਲ ਹੀ ਕਰਤਾਰ ਸਿੰਘ ਨੂੰ ਅਵਾਜ਼ ਮਾਰ ਕੇ ਆਖਿਆ ਲਿਆਉ ਨਲਕੇ ਦਾ ਪਾਣੀ ਪਵਿੱਤਰ ਕਰ ਦੇਈਏ। ਕਰਤਾਰ ਸਿੰਘ ਨੇ ਗੜਵਾ ਪਾਣੀ ਦਾ ਭਰਕੇ ਚਰਨਾਂ ਵਿਚ ਰੱਖ ਦਿੱਤਾ ਹੈ। ਪਵਿੱਤਰ ਚਰਨਾਂ ਦੀ ਛੋਹ ਨਾਲ ਨਲਕੇ ਦਾ ਪਾਣੀ ਪਵਿੱਤਰ ਕਰ ਦਿੱਤਾ। ਪਹਿਲਾਂ ਆਪ ਜੀ ਨੇ ਕਦੇ ਵੀ ਨਲਕੇ ਦਾ ਪਾਣੀ ਨਹੀਂ ਸੀ ਪੀਤਾ। ਸਰੋਵਰ ਗਾਗਰ ਮੱਲ ਮਾਰਵਾੜ ਤੋਂ ਆ ਕੇ ਇਕੱਲਾ ਹੀ ਬਣਾ ਦੇਵੇਗਾ। ਸਵਾ ਮਣ ਲੂਣ ਮੇਰੇ ਲੰਗਰ ਵਿਚ ਪਿਆ ਕਰੇਗਾ। ਸੰਗਮਰਮਰ ਦੇ ਤਪੱਚਿਆਂ ਵਿਚ ਆਟਾ ਗੁੰਨ ਹੋਇਆ ਕਰੇਗਾ, ਪਿੰਡ ਰਸੋਖਾਨੇ ਨੂੰ ਰਸਤਾ ਜਾਂਦਾ ਸੀ। ਕਈ ਵਾਰੀ ਪਰਤਾਪੂ ਨੇ ਛਿੰਗਾਂ ਲਾ ਦੇਣੀਆਂ। ਇਕ ਦਿਨ ਪਾਤਸ਼ਾਹ ਨੇ ਹੁਕਮ ਕੀਤਾ ਇਥੇ ਸੜਕਾਂ ਬਣਨਗੀਆਂ, ਨਹਿਰਾਂ ਵੀ ਚਲਣਗੀਆਂ, ਬਿਜਲੀ ਦੀਆਂ ਲਾਈਟਾਂ ਵੀ ਚਮਕਣਗੀਆਂ। ਇਹ ਬਚਨ ਪਾਤਸ਼ਾਹ ਜੀ ਕਰਤਾਰ ਸਿੰਘ, ਕਿਸ਼ਨਾ, ਧਨੂੰ ਤੇ ਬੀਬੀ ਕਰਮੀ ਨੂੰ ਸੁਣਾ ਰਹੇ ਸਨ। ਇਸ ਸਮੇਂ ਪੂਰਨ ਸਿੰਘ ਰਸੂਲਪੁਰੀਆ ਜ਼ਿਲ੍ਹਾ ਲੁਧਿਆਣਾ ਮਾਲਵੇ ਤੋਂ ਆਏ ਸਨ। ਨਾਜਰ ਸਿੰਘ ਦੇ ਬਚਾਉ ਵਾਸਤੇ ਬੇਨਤੀ ਕਰਨੀ ਚਾਹੁੰਦਾ ਸੀ। ਅੱਗੋਂ ਸਤਿਗੁਰੂ ਜਾਣੀ ਜਾਣ ਬੋਲੇ ਪੂਰਨ ਸਿੰਘ ਦਾ ਨਾਮ ਕ੍ਰਿਪਾ ਆਖ ਕੇ ਬੁਲਾਇਆ ਕਰਕੇ ਸੀ। "ਕ੍ਰਿਪਾ! ਇਹੋ ਜਿਹੀਆਂ ਸਿਫ਼ਾਰਸ਼ਾਂ ਨਹੀਂ ਕਰਵਾਈ ਦੀਆਂ।" ਪੂਰਨ ਸਿੰਘ ਨੇ ਦੁਬਾਰਾ ਬੇਨਤੀ ਕੀਤੀ, "ਇਸਦਾ ਬਚਾਉ ਜ਼ਰੂਰ ਕਰਨਾ ਹੈ।" ਆਪਣੇ ਪਿਆਰੇ ਭਗਤ ਦੀ ਬੇਨਤੀ ਸੁਣ ਕੇ ਹੁਕਮ ਕਰ ਦਿੱਤਾ,

"ਜਾਓ! ਕਰਤਾਰ ਭਲਾ ਕਰੇਗਾ।" ਨਾਜਰ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ। ਨਾਜਰ ਸਿੰਘ ਦੇ ਦੂਜੇ ਸਾਥੀ ਨੂੰ ਮੌਤ ਦੀ ਸਜ਼ਾ ਹੋਈ ਸੀ। ਨਾਜਰ ਸਿੰਘ ਬਰੀ ਹੋ ਗਿਆ ਪਿੰਡ ਰਸੂਲ ਪੁਰ ਦੇ ਲੋਕ ਆਪ ਜੀ ਦੇ ਬਹੁਤ ਪ੍ਰੇਮੀ ਸਨ। ਫੌਗਾ ਸਿੰਘ ਜਿਸ ਨੂੰ ਮਹਾਰਾਜ ਜੀ ਮੁਣਸ਼ਾ ਸਿੰਘ ਆਖ ਕੇ ਬੁਲਾਇਆ ਕਰਦੇ ਸਨ। ਖੁੰਡਾ ਸਿੰਘ, ਦਲੀਪ, ਸਰਦਾਰਾ ਸਿੰਘ ਮੁੱਖ ਸੇਵਕ ਸਨ। ਇਨ੍ਹਾਂ ਸਿੱਖਾਂ ਸੇਵਕਾਂ ਦੇ ਬਹੁਤ ਸਾਰੇ ਕਾਰਜ ਕੀਤੇ। ਆਪ ਜੀ ਦੀ ਬਰਸੀ ਤੇ ਆ ਕੇ ਅਖੰਡ ਪਾਠ ਖੁਲ੍ਹਵਾਉਂਦੇ ਹਨ।

ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਜੋਤੀ-ਜੋਤ ਸਮਾਉਣ ਦੀ ਚੱਲੀ

ਮਹਾਰਾਜ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਬੇਅੰਤ ਹੀ ਕੌਤਕ ਕੀਤੇ। ਬੇਅੰਤ ਜੀਵਾਂ ਦਾ ਉਧਾਰ ਕੀਤਾ। 1939 ਕੱਤਕ ਦੇ ਦਿਨਾਂ ਵਿਚ ਐਸੀ ਹਵਾ ਚੱਲੀ ਰੌਲਾ ਪੈ ਗਿਆ। ਇਕ ਦੂਜੇ ਨੂੰ ਪੁੱਛਣ ਲੱਗੇ ਕਹਿੰਦੇ ਰਾਜਾ ਸਾਹਿਬ ਜੀ ਨੇ ਸਮਾ ਜਾਣਾ ਹੈ। ਇਕ ਮਹੀਨਾ ਰੌਲਾ ਪੈ ਕੇ ਬੰਦ ਹੋ ਗਿਆ। ਇਕ ਦਿਨ ਦੀਪ ਸਰਮੁੱਖ ਦੀ ਦੋਹਤੀ ਨੇ ਪੁੱਛਿਆ ਮਹਾਰਾਜ ਜੀ ਬਹੁਤ ਰੌਲਾ ਪੈ ਰਿਹਾ ਹੈ ਇਹ ਕੀ ਗੱਲ ਹੈ? ਆਪ ਜੀ ਕਹਿੰਦੇ ਇਹ ਵੀ ਇਕ ਕੌਤਕ ਸੀ। ਇਹ ਗੱਲ ਸੁਣ ਕੇ ਜਿਹੜਾ ਸਾਡਾ ਬੰਦਾ ਸੀ ਸਾਡੇ ਪਾਸ ਆ ਗਿਆ। ਦੂਜੇ ਸਾਲ ੧੯੪੦ ਈ. ਵਿੱਚ ਇੱਕ ਢਲੀ ਰਾਤ ਕਰਤਾਰ ਸਿੰਘ ਨੂੰ ਅਵਾਜ਼ ਮਾਰੀ। ਮਹਾਰਾਜ ਜੀ ਆਪਣੇ ਘਰ ਬੈਠੇ ਸਨ, ਹੁਕਮ ਹੋਇਆ ਕਰਤਾਰਾ ਵਿਹੜੇ ਵਿਚ ਝਰਨਾ ਪਵਾ ਲੈਂਦੇ ਤਾਂ ਚੰਗਾ ਰਹਿਣਾ ਸੀ, ਤੇਰੇ ਕੋਲੋਂ ਪੈਣਾ ਨੀਂ। ਆਪਣਾ ਆਪ ਸੰਭਾਲੀ ਭਲੇ ਕਰਮ ਕਰੀਂ, ਭਲਾ ਕਰਨ ਨਾਲ ਹੀ ਭਲਾ ਹੁੰਦਾ ਹੈ। ਨਸ਼ੀਲੀ ਚੀਜ ਦੀ ਵਰਤੋਂ ਨਾ ਕਰੀਂ ਜਿਹੜਾ ਗੁਜਰ ਜਾਵੇ ਪਿੱਛੋਂ ਗਰੰਥ ਖੁੱਲ੍ਹਵਾ ਦੇਈਦਾ ਹੈ। ਅਸੀਂ ਚਲਦੇ ਹਾਂ ਕਰਤਾਰ ਸਿੰਘ ਦਾ ਵੈਰਾਗ ਫੁੱਟ ਪਿਆ- ਸਿਰ ਚੱਕਰ ਖਾਣ ਲੱਗਾ, ਪੈਰ ਜ਼ਮੀਨ ਤੋਂ ਉੱਠਦੇ ਜਾ ਰਹੇ ਸਨ। ਸਰੀਰ ਕੰਬਣ ਲੱਗ ਪਿਆ- ਥਿੜਕਦੀ ਜ਼ੁਬਾਨ ਨਾਲ ਆਖਣ ਲੱਗਾ, ਸਾਡਾ ਕੋਈ ਟਿਕਾਣਾ ਹੈ? ਅਸੀਂ ਕਿਧਰ ਨੂੰ

ਜਾਵਾਂਗੇ? ਆਪ ਜੀ ਬਿਨਾਂ ਸਾਡਾ ਕੋਈ ਸਹਾਰਾ ਨਹੀ ਸਾਨੂੰ ਕਿਸਦਾ ਲੜ ਫੜਾ ਚਲੇ ਹੋ। ਸਤਿਗੁਰਾਂ ਦਾ ਹੁਕਮ ਹੋਇਆ ਜੇ ਆਖੋ ਤਾਂ ਤੈਨੂੰ ਕੁੱਝ ਬਣਾ ਦੇਈਏ? ਕਰਤਾਰ ਸਿੰਘ ਕਹਿਦਾ ਜੀ ਮੈਂ ਗ੍ਰਹਿਸਥੀ ਹਾਂ ਮੇਰੇ ਕੋਲੋਂ ਨਹੀਂ ਚੀਜ ਸਹਾਰੀ ਜਾਣੀ ਬਾਹਰ ਬੈਠੇ ਹਨ, ਇਨ੍ਹਾਂ ਨੂੰ ਮੰਨਦਾ ਰਹੀ। ਸੰਤ ਅਵਧੂਤ ਜੀ ਲਹਿੰਦੇ ਕਮਰੇ ਵਿਚ ਬੈਠੇ ਸਨ। ਗੁਰਦਾਸ ਖਾਨਖਾਨਾ ਵਾਲਾ ਪੌੜੀ ਥੱਲੇ ਬੈਠਾ ਸੀ, ਕਰਤਾਰ ਦਾਸ ਮਸਤਾਂ ਦੀ ਜਗ੍ਹਾ ਵਿਚ ਬੈਠਾ ਸੀ। ਪਾਣੀ ਦੀ ਭਰੀ ਹੋਈ ਗਾਗਰ, ਜਗਦਾ ਹੋਇਆ ਲੈਂਪ ਗੁਰਦਾਸ ਦੇ ਅੱਗੇ ਰਖਾ ਦਿੱਤਾ। ਇਕ ਪਹਿਰ ਰਾਤ ਰਹਿੰਦੀ ੪ ਵਜੇ ਤੜਕੇ ਮਾਈ ਜੱਸੀ ਦੇ ਘਰ ਚਲੇ ਗਏ। ਜੱਸੀ ਦੇ ਪੁੱਤਰ ਕਰਤਾਰ ਸਿੰਘ ਤੇ ਉਸਦੀ ਪਤਨੀ ਨੰਦੀ ਆਪ ਜੀ ਦੇ ਪੂਰਨ ਸੇਵਕ ਸਨ। ਜੱਸੀ ਰਾਤ ਨੂੰ ਸੌਣ ਲੱਗੀ ਆਪਣੇ ਗਲ ਦੇ ਕਪੜੇ ਨਹੀਂ ਸੀ ਉਤਾਰਦੀ। ਹਰ ਵਕਤ ਸੇਵਾ ਵਾਸਤੇ ਤਿਆਰ ਰਹਿੰਦੀ। ਜਦੋਂ ਆਪ ਜੀ ਦੀ ਬਲ-ਬਲ ਦੀ ਅਵਾਜ਼ ਕੰਨੀਂ ਪਈ ਨੰਦੀ ਨੇ ਜਾ ਕੁੰਡਾ ਖੋਲ੍ਹਿਆ। ਜਿਵੇਂ ਬਿਦਰ ਦੀ ਇਸਤਰੀ ਨੇ ਭਗਵਾਨ ਕ੍ਰਿਸ਼ਨ ਦੀ ਅਵਾਜ਼ ਸੁਣ ਕੇ ਪ੍ਰੇਮ ਵਿਚ ਮਸਤਾਨੀ ਹੋ ਕੇ ਬੂਹਾ ਖੋਲ੍ਹਿਆ ਸੀ। ਐਸੇ ਨੰਦੀ ਨੇ ਬੂਹਾ ਖੋਲ੍ਹਿਆ ਸੇਵਾ ਵਾਸਤੇ ਬੇਨਤੀ ਕੀਤੀ। ਹੁਕਮ ਹੋਇਆ ਇਸ਼ਨਾਨ ਕਰਨਾ ਹੈ, ਇਸ਼ਨਾਨ ਕਰਕੇ ਅੰਦਰ ਚਲੇ ਗਏ। ਘਰ ਦੇ ਚੜ੍ਹਦੇ ਵੱਲ੍ਹ ਦੇ ਕਮਰੇ ਵਿਚ ਆਸਣ ਲਾ ਦਿੱਤੇ, ਜਿੱਥੇ ਪਹਿਲਾਂ ਆ ਕੇ ਬੈਠਦੇ ਸਨ। ਇਕ ਬਾਗੀ ਥਾਣੀਂ ਸੰਗਤਾਂ ਦਰਸ਼ਨ ਕਰਦੀਆਂ ਰਹੀਆਂ, ਕੀਰਤਨ ਹਰ ਵਕਤ ਸੰਗਤਾਂ ਬੂਹੇ ਅੱਗੇ ਕਰਦੀਆਂ ਰਹਿੰਦੀਆਂ ਸਨ, ਬੋਲਦੇ ਬਹੁਤ ਘੱਟ ਸੀ। ਪ੍ਰਸ਼ਾਦਾ ਛਕਣਾ ਵੀ ਬੰਦ ਕਰ ਦਿੱਤਾ, ਕੁੱਝ ਦਿਨ ਇਸ ਵਿਚ ਰਹਿੰਦਿਆਂ ਨੂੰ ਹੋਏ। 30 ਅਗਸਤ 1940 (੧੫ ਭਾਦੋਂ ਸੰਮਤ ੧੯੯੭) ਨੂੰ ਜੋਤੀ ਜੋਤ ਸਮਾਏ ਅਤੇ ੧੭ ਭਾਦੋਂ ਦੀ ਮੱਸਿਆ ਨੂੰ ਸੰਸਕਾਰ ਕੀਤਾ ਗਿਆ।

ਤੜਕੇ ੪ ਵਜੇ ਅੰਦਰੋਂ ਬਾਹਰ ਨਿਕਲੇ, ਜੱਸੀ ਨੂੰ ਆਖਿਆ ਸਾਨੂੰ ਕਿਹੜੀ ਜਗ੍ਹਾ ਦੇਣੀ ਹੈ। ਲੇਪਣ ਕਰਕੇ ਆਸਣ ਲਾਉਣਾ ਹੈ, ਜੱਸੀ ਕਹਿੰਦੀ, ਸਾਰਾ ਘਰ ਆਪਦਾ ਹੀ ਹੈ, ਜਿੱਥੇ ਜੀ ਕਰਦੈ ਆਸਣ ਲਾ ਲਉ। ਕਈ ਵਾਰ ਆਖਿਆ ਜੱਸੀ ਸਮਝੀ ਨਾ ਐਸਾ ਮਨ ਵਿਚ ਆਇਆ ਹੀ ਨਹੀਂ ਕਿ ਦੇਹ ਕਰਕੇ ਸਾਡੇ ਨਾਲ ਸਦਾ ਵਿਛੜ ਜਾਣਗੇ, ਅੰਦਰ ਚਲੇ ਗਏ, ਬਾਹਰੋਂ ਜੱਸੀ ਕੋਲੋਂ

ਤਾਲਾ ਲਗਵਾ ਦਿੱਤਾ। ਆਪ ਜੀ ਨੇ ਅੰਦਰੋਂ ਕੁੰਡਾ ਲਾ ਲਿਆ। ਜਿਸ ਕਮਰੇ ਵਿਚ ਸਦਾ ਬੈਠਦੇ ਸਨ, ਚਿੱਟੀ ਚਾਦਰ ਲੈ ਕੇ ਲੇਟ ਗਏ, ਚੋਲਾ ਛੱਡ ਕੇ ਸੱਚਖੰਡ ਚਲੇ ਗਏ। ਕੋਟਾਂ ਸੂਰਜ ਦੇ ਸਮਾਨ ਰੌਸ਼ਨੀ ਹੋਈ, ਅਵਤਾਰ ਮਾਤ ਲੋਕ ਤੋਂ ਚੋਲਾ ਛੱਡ ਕੇ ਜਦੋਂ ਸੱਚਖੰਡ ਜਾਂਦੇ ਹਨ ਤਾਂ ਅਕਾਲ ਪੁਰਖ ਨਾਲ ਹੁੰਦਾ ਹੈ, ਵੱਡੀਆਂ ਸ਼ਕਤੀਆਂ ਨਾਲ ਹੁੰਦੀਆਂ ਹਨ। ਵੱਡੇ-ਵੱਡੇ ਦੇਵਤੇ ਸਿਤਾਰੇ ਅਕਾਸ਼ਾਂ ਵਿਚੋਂ ਦਰਸ਼ਨ ਕਰਦੇ ਹਨ। ਆਪ ਜੀ ਉਸ ਸ਼ੁੱਧ ਸਰੂਪ ਵਿਖੇ ਜਾ ਸਮਾਏ

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਤਿੰਨ ਦਿਨ ਕੋਈ ਪਤਾ ਨਹੀ ਲੱਗਾ ਪਈ ਆਪ ਜੀ ਜੋਤੀ-ਜੋਤ ਸਮਾ ਗਏ ਹਨ, ਤੀਜੇ ਦਿਨ ਕੁੱਝ ਭਰਮ ਪੈਣ ਲੱਗਾ। ਬੂਹੇ ਦੀਆਂ ਝੀਤਾਂ ਵਿਚ ਸੰਗਤ ਦੇਖਣ ਲੱਗੀ, ਮਹਾਰਾਜ ਹਿਲਦੇ ਨਹੀਂ ਪਿੰਡ ਦੇ ਲੋਕ ਇਕੱਠੇ ਹੋ ਕੇ ਜੱਸੀ ਨੂੰ ਕਹਿਣ ਲੱਗੇ, "ਤਾਲਾ ਖੋਲ੍ਹੋ।" ਜੱਸੀ ਨੇ ਤਾਲਾ ਨਾ ਖੋਲ੍ਹਿਆ ਕਹਿੰਦੀ ਮੈਨੂੰ ਤਾਲਾ ਖੋਲ੍ਹਣ ਦਾ ਹੁਕਮ ਨਹੀਂ। ਝਿਗੜੀਂ, ਰਹਿਪੇ ਹੋਰ ਪਿੰਡਾਂ ਵਿਚ ਵੀ ਸੁਨੇਹੇ ਭੇਜ ਦਿੱਤੇ। ਰਹਿਪੇ ਤੋਂ ਮੀਹਾਂ ਸਿੰਘ, ਠਾਕਰ ਸਿੰਘ, ਗਿਆਨ ਸਿੰਘ, ਝਿਗੜਾਂ ਤੋਂ ਹਰਨਾਮ ਸਿੰਘ, ਗੁਰਬਖਸ਼ ਸਿੰਘ, ਚਰਨ ਸਿੰਘ ਹੋਰ ਜਿਹੜਾ ਵੀ ਸੁਣਦਾ ਰਾਤ ਨੂੰ ਮਜਾਰੇ ਪਹੁੰਚ ਗਏ। ਇਹ ਸਾਰੇ ਮੁਖੀ ਸੇਵਕ ਸੰਤ ਕਰਤਾਰ ਦਾਸ ਕੋਲ ਗਏ। ਕਰਤਰ ਦਾਸ ਅੱਗੋਂ ਬੋਲਿਆ, ਨਹੀਂ! ਫਿਰ ਸੰਤ ਅਵਧੂਤ ਜੀ ਕੋਲ ਗਏ, ਸੰਤ ਜੀ ਕਹਿਣ ਲੱਗੇ "ਮਹਾਰਾਜ ਜੀ ਸੈਰ ਨੂੰ ਗਏ ਹੋਏ ਹਨ। ਜੋਤੀ-ਜੋਤ ਨਹੀਂ ਸਮਾਏ।" ਦੇਹ ਛੱਡ ਕੇ ਅੱਗੇ ਵੀ ਕਈ ਵਾਰ ਸੈਰ ਨੂੰ ਚਲੇ ਜਾਂਦੇ ਸੀ। ਕਈ ਕਈ ਦਿਨ ਕੁੰਡਾ ਨਹੀਂ ਸੀ ਖੋਲ੍ਹਦੇ, ਨਾ ਕੁੱਝ ਖਾਂਦੇ ਪੀਂਦੇ ਸਨ, ਨਿਰਧਾਰ ਹੀ ਰਹਿੰਦੇ ਸਨ। ਇਸ ਖਿਆਲ ਨਾਲ ਸੰਤਾਂ ਨੇ ਆਖਿਆ। ਗੁਰਦਾਸ ਮਸਤ ਹਾਲਤ ਵਿਚ ਸੀ ਇਸ ਨੇ ਆਪ ਹੀ ਉੱਚੀ ਅਵਾਜ਼ ਨਾਲ ਕਰਤਾਰ ਸਿੰਘ ਨੂੰ ਆਖਿਆ, "ਕਰਤਾਰਿਆ! ਭਾਣਾ ਵਰਤ ਚੁਕਾ ਹੈ ਸ਼ੇਰ ਬਣ ਖਾਲੀ ਕਰ ਗਿਆ, ਸ਼ੇਰ ਚਲਾ ਗਿਆ ਬਾਪੂ ਜੀ ਜੋਤੀ-ਜੋਤ ਸਮਾ ਗਏ ਹਨ।" ਸਭ ਨੇ ਇਕੱਠੇ ਹੋ ਕੇ ਬਾਗੀ ਪੁੱਟੀ। ਜਦੋਂ ਅੰਦਰ ਲੰਘ ਕੇ ਵੇਖਣ ਤਾਂ ਮਹਾਰਾਜ ਜੀ ਜੋਤੀ-ਜੋਤ ਸਮਾਏ ਹੋਏ ਸਨ। ਇਸ਼ਨਾਨ ਕਰਵਾ ਕੇ ਬਰਾਂਡੇ ਵਿਚ ਪਲੰਘ

ਵਿਛਾ ਕੇ ਮਹਾਰਾਜ ਦੀ ਦੇਹ ਨੂੰ ਰੱਖਿਆ। ਰਾੜੋ-ਰਾਤ ਪਿੰਡਾਂ ਵਿਚ ਦੂਰ-ਦੂਰ ਤੱਕ ਪਤਾ ਜਾ ਲੱਗਾ। ਸਤਾਰਾਂ ਭਾਦਰੋਂ, ਦਿਨ ਐਤਵਾਰੀ ਪਾਲਕੀ ਤਿਆਰ ਕਰਕੇ, ਸਸਕਾਰ ਦੀ ਤਿਆਰੀ ਕੀਤੀ ਗਈ। ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਕੱਠੀਆਂ ਹੋਈਆਂ, ਪਾਲਕੀ ਦਾ ਜਲੂਸ ਨਿਕਲਿਆ। ਜਿਸ ਤੇ ਦੇਵਤਿਆਂ ਨੇ ਫੁੱਲਾਂ ਦੀ ਵਰਖਾ ਕੀਤੀ, ਆਕਾਸ਼ ਵਿਚੋਂ ਸਿਤਾਰੇ ਬੜੀ ਰੀਝ ਨਾਲ ਦਰਸ਼ਨ ਕਰ ਰਹੇ ਸਨ। ਬਹੁਤ ਭਾਰਾ ਜਲੂਸ ਪਿੰਡ ਦੇ ਚਾਰੇ ਪਾਸੇ ਦੀ ਹੁੰਦਾ ਹੋਇਆ ਜਿੱਥੇ ਆਪ ਜੀ ਪਹਿਲਾਂ ਪੰਜਾਬ ਦੇ ਖੂਹ ਤੇ ਬੈਠਿਆਂ ਨੇ ਰਸੋਖਾਨੇ ਦੀ ਜਗ੍ਹਾ ਵਿਚ ਇਕ ਕਮਰਾ ਪਵਾ ਕੇ ਇਕ ਪਲੰਘ ਰਖਵਾਇਆ ਸੀ। ਉਸ ਥਾਂ ਆਪ ਜੀ ਦਾ ਸਸਕਾਰ ਕੀਤਾ। ਬੇਅੰਤ ਘਿਉ ਦੇ ਪੀਪੇ, ਸੈਂਕੜੇ ਮਣ ਮੇਵਾ, ਲੱਖਾਂ ਰੁਪਏ, ਪੈਸੇ ਆਪ ਜੀ ਦੀ ਅੰਗੀਠੇ ਵਿਚ ਪਾਏ। ਤਿੰਨ ਦਿਨ ਆਪ ਜੀ ਦਾ ਅੰਗੀਠਾ ਜਗਦਾ ਰਿਹਾ। ਇਸੇ ਹੀ ਜਗ੍ਹਾ ਵਿਚ ਆਪ ਜੀ ਦੀ ਸਮਾਧ ਬਣੀ ਹੋਈ ਹੈ। ਅੰਗੀਠੇ ਵਿਚੋਂ ਝਿਗੜਾਂ ਦੀ ਸੰਗਤ ਨੇ ਰਾਖ ਚੁੱਕ ਕੇ ਗੁਰਦੁਆਰਾ ਦੁੱਖ ਨਿਵਾਰਨ ਵਿਚ ਸਮਾਧ ਬਣਾ ਦਿੱਤੀ। ਹਿੰਦੂ, ਸਿੱਖ, ਮੁਸਲਮਾਨ ਆਪ ਜੀ ਨੂੰ ਸਾਂਝਾ ਪੀਰ ਮੰਨਦੇ ਸਨ। ਬਹੁਤ ਸਾਰੇ ਪਿੰਡਾਂ ਦੀਆਂ ਸੰਗਤਾਂ ਆਪ ਜੀ ਦੀ ਦੇਹ ਨੂੰ ਆਪਣੇ ਪਿੰਡਾਂ ਵਿਚ ਲਿਜਾਣਾ ਚਾਹੁੰਦੀਆਂ ਸਨ। ਇਸੇ ਕਰਕੇ ਆਪ ਜੀ ਨੇ ਜੋਤੀ-ਜੋਤ ਸਮਾਉਣ ਦਾ ਕਿਸੇ ਨੂੰ ਭੇਤ ਨਹੀਂ ਦਿੱਤਾ। ਆਪ ਜੀ ਨੇ ਆਪਣੇ ਗਰੰਥ ਵਿਚ ਲਿਖਿਆ ਵੀ ਹੈ:

ਬੁਦੋਬਾਸ ਵਲਾਇਤ ਛੋੜ ਦਈ ਅਬ ਪਾਇ ਲੀਆ ਈਹਾਂ ਆਇ ਮਜਾਰਾ॥
ਰੈਹ ਜਨ ਬੀਚ ਸਕੂਨਤ ਦਾਖਲ ਸਮਝ ਚੱਲੀ ਕੁਝ ਐ ਦਿਲਦਾਰਾ॥
ਏਹ ਬੰਦੋਬਸਤ ਹੋ ਕੋਸਸ ਸੇ ਨਾਂਹੀ ਸੋਰੁ ਪਵੇ ਕਭੀ ਆਇ ਕਰਾਰਾ॥
ਦਾਸ ਭਗਵਾਨ ਨਾ ਹੋਹ ਨਦਾਨ ਲੈ ਰਮਜ ਪਛਾਨ ਹੈ ਕੀ ਗੁਫਤਾਰਾ॥

(ਸ੍ਰੈਯਾ ੧੬੬, ਭਗਵਾਨ ਬਲਾਸ)

ਅਸੀਂ ਆਪਣੇ ਰਹਿਣ ਦੀ ਥਾਂ (ਜੋ ਪਰਦੇਸ ਦੀ ਨਿਆਈਂ ਹੈ) ਛੱਡ ਦਿੱਤੀ ਹੈ। ਆਪਣਾ ਸਾਰਾ ਕੁਝ ਛੱਡ ਕੇ ਹੁਣ ਆ ਕੇ ਮਜਾਰੇ ਨੂੰ ਆਪਣਾ ਟਿਕਾਣਾ ਬਣਾ ਲਿਆ ਹੈ। ਪਰ ਹੇ ਪਿਆਰੇ! ਇਸ ਗੁੱਝੇ ਭੇਤ ਨੂੰ ਜ਼ਰਾ

ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕਰ ਕਿਉਂਕਿ ਇਥੇ ਇਕ ਦਿਨ ਲੁਟੇਰੇ ਆ ਦਾਖਿਲ ਹੋਣਗੇ। ਇਹ ਸਮਾਂ ਬਹੁਤ ਕੋਸ਼ਿਸ਼, ਬਹੁਤ ਕਠਿਨਾਈ ਨਾਲ ਸਾਂਭਿਆ ਜਾਵੇਗਾ ਕਿਉਂਕਿ ਬਹੁਤ ਸ਼ੋਰ ਸ਼ਰਾਬਾ ਹੋਣ ਦਾ ਡਰ ਹੈ। ਰਾਜਾ ਸਾਹਿਬ ਜੀ ਫਿਰ ਸੁਚੇਤ ਕਰਦਿਆ ਕਹਿੰਦੇ ਹਨ ਕਿ ਇਸ ਗੁੱਝੇ ਭੇਦ ਨੂੰ ਅਕਲ ਅਤੇ ਚਤੁਰਾਈ ਨਾਲ ਸਮਝਣ ਦਾ ਯਤਨ ਕਰ।

ਇਸੇ ਕਰਕੇ ਆਪ ਜੀ ਨੇ ਭੇਤ ਰਖਿਆ ਰਾਖ ਚੁੱਕਣ ਤੇ ਝਿਗੜਾਂ ਵਾਲੀ ਸੰਗਤ ਨਾਲ ਸ਼ੋਰ ਕਾਫ਼ੀ ਪਿਆ। ਇਹ ਨੂਰੀ ਕਿਰਨਾਂ ਸ੍ਰੀ ਹਜ਼ੂਰ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਜੀਵਨ ਲੀਲ੍ਹਾ ਜਨਮ ਸਾਖੀ ਜੋ ਵੀ ਪੜ੍ਹੇਗਾ ਅਤੇ ਸੁਣੇਗਾ ਸਭ ਦਾ ਉਧਾਰ ਹੋਵੇਗਾ। ਸਭ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇਗਾ। ਅਥੰਮ ਸ੍ਰੀ ਜਨਮ ਸਾਖੀ ਅਧਿਆਏ ਸੰਪੂਰਨ।

ਬੋਲੋ ਭਾਈ ਵਾਹਿਗੁਰੂ ਨਾਭ ਕੰਵਲ ਰਾਜਾ ਸਾਹਿਬ ਜੀ ਸਹਾਇ ॥

ਨੂਰੀ ਕਿਰਨਾਂ ਦਾ ਸਾਰ

ਆਪ ਜੀ ਦਾ ਜਨਮ ਪਿੰਡ ਬੱਲੋਵਾਲ ਨਾਨਕੇ ਘਰ ਸੰਨ 1862 ਨੂੰ ਹੋਇਆ। ਆਪ ਜੀ ਦਾ ਜੱਦੀ ਪਿੰਡ ਮੰਨਣਹਾਨਾ (ਜ਼ਿਲ੍ਹਾ ਹੁਸ਼ਿਆਰਪੁਰ) ਸੀ। ਆਪ ਜੀ ਨੇ ਪਿੰਡ ਮੂਸਾਪੁਰ ਮੌਲਵੀ ਸ਼ਾਹ ਦੀਨ ਕੋਲੋਂ ਵਿਦਿਆ ਪ੍ਰਾਪਤ ਕੀਤੀ। ਚੌਦਾਂ ਸਾਲ ਦੀ ਉਮਰ ਵਿੱਚ ਪਿੰਡ ਮਹਿਰਮ ਪੁਰ ਗਰਚੇ ਸੰਤ ਗੰਗਾ ਦਾਸ ਦੇ ਡੇਰੇ ਵਿਚ ਸੰਤ ਮੰਡਲੀ ਨਾਲ ਕੁੱਝ ਸਮਾਂ ਰਹੇ। ਇਸੇ ਹੀ ਸਾਲ ਬੂਟਾ ਸਿੰਘ ਤੇ ਵਰਿਆਮ ਸਿੰਘ ਪਿੰਡ ਝਿਗੜਾਂ ਵਾਲੇ ਦੀ ਪ੍ਰੇਰਨਾ ਨਾਲ ਝਿਗੜੀਂ ਸੰਤ ਮੰਡਲੀ ਦੇ ਨਾਲ ਆਏ। ਇਥੇ ਭਾਈ ਜਵਾਹਰ ਜੀ ਨਾਲ ਮਿਲਾਪ ਹੋਇਆ। ਇਥੇ ਹੀ ਰਹਿੰਦਿਆਂ ਹੋਇਆਂ ਬਾਹਰ ਪਿੰਡਾਂ ਵਿਚ ਆਪ ਜੀ ਦੇ ਕਾਫ਼ੀ ਸੇਵਕ ਬਣ ਗਏ। ਬਾਬਾ ਸਰਮੁਖ ਸਿੰਘ ਦੀ ਪ੍ਰੇਰਨਾ ਨਾਲ ਪਿੰਡ ਰਹਿਪੇ ਆ ਗਏ। ਸੰਨ ੧੯੦੫ ਨੂੰ ਰਹਿਪੇ ਸਾਵਣ ਦੇ ਮਹੀਨੇ ਤਖ਼ਤ ਦੀ ਰਚਨਾ ਕੀਤੀ। ਸੰਨ ੧੯੦੬ ਚੇਤਰ ਦੀ ਸੰਗਰਾਂਦ ਨੂੰ ਪਿੰਡ ਝਿਗੜੀਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੀ ਨੀਂਹ ਰਖਵਾਈ। ਕੱਤਕ ਦੇ ਮਹੀਨੇ ਵਿਚ ਸੰਨ ੧੯੦੭ ਨੂੰ ਪਿੰਡ ਗੋਸਲਾਂ ਵਿਖੇ ਗੁਰਦੁਆਰਾ ਥੜ੍ਹਾ ਸਾਹਿਬ ਬਣਾਇਆ। ਪੋਹ ਮਾਘ ਦੇ ਦਿਨਾਂ ਵਿਚ ਆਪ ਜੀ ਪਟਿਆਲੇ ਅਤੇ ਨਾਭੇ ਚਲੇ ਗਏ, ਉੱਥੇ ਮਸਤ ਸਾਹਿਬ ਦਾਸ ਜੀ ਨਾਲ ਮੁਲਾਕਾਤ ਹੋਈ। ਉਸ ਵੇਲੇ ਆਪ ਜੀ ਦੀ ਉਮਰ ੪੦-੪੨ ਸਾਲ ਦੀ ਸੀ। ਮਸਤਾਂ ਦੀ ਸੰਗਤ ਕਰਨ ਨਾਲ ਅਲਫ਼ ਨਗਨ ਹੋ ਕੇ ਬਾਰ ਦੇਸ਼ ਮੁਲਤਾਨ, ਨਨਕਾਣਾ ਸਾਹਿਬ, ਗੁਜਰਾਤ ਆਦਿ ਸ਼ਹਿਰ ਦੀ ਝਾਕੀ ਲੈਂਦੇ ਹੋਏ ੧੯੦੯ ਵਿਚ ਭਾਦਰੋਂ ਦੇ ਦਿਨ ਆਪ ਜੀ ਪਿੰਡ ਰਹਿਪੇ ਵਿਖੇ ਆ ਗਏ। ਜਦੋਂ ਰਹਿਪੇ ਤੋਂ ਉੱਠ ਕੇ ਪਿੰਡ ਝਿਗੜੀਂ ਆਏ ਤਾਂ ਸੰਗਤ ਨੇ ਮੁੜਕੇ ਆਪ ਜੀ ਨੂੰ ਬਸਤਰ ਪਹਿਨਾਏ। ੧੯੧੦ ਨੂੰ

ਮਾਘ ਦੇ ਦਿਨਾਂ ਵਿਚ ਪਿੰਡ ਸੁੱਜੋਂ ਜਾ ਬੈਠੇ। ਇਥੇ ਆਪ ਜੀ ਨੇ ਬੰਗਲਾ ਸਾਹਿਬ ਗੁਰਦੁਆਰਾ ਬਣਵਾਇਆ। ੧੯੧੩ ਨੂੰ ਆਪ ਜੀ ਮੱਘਰ ਦੇ ਦਿਨਾਂ ਵਿਚ ਮੁੜ ਪਿੰਡ ਮਜਾਰੇ ਪੰਜਾਬ ਸਿੰਘ ਦੇ ਖੂਹ ਤੇ ਆ ਬੈਠੇ, ਦੋ ਸਾਲ ਇਸ ਖੂਹ ਉਤੇ ਬੈਠੇ ਕਰਤਾਰ ਸਿੰਘ ਮੂਸਾਪੁਰੀਆ ਕੋਲੋਂ ਲੰਗਰ ਦਾ ਨਕਸ਼ਾ ਬਣਵਾ ਕੇ ਪਾੜ ਦਿੱਤਾ। ਸੰਨ ੧੯੧੬ ਵਿਚ ਆਪ ਜੀ ਨੇ ਪਿੰਡ ਮਜਾਰੇ ਪਿੰਡੋਂ ਪੂਰਬ ਵੱਲ੍ਹ ਪਾਸੇ ਜਿੱਥੇ ਅੱਜ ਕਲ੍ਹ ਆਪ ਜੀ ਦੀ ਸਮਾਧ ਅਤੇ ਲੰਗਰ ਚੱਲ ਰਿਹਾ ਹੈ ਰਸੋਖਾਨਾ ਸਾਹਿਬ ਦੀ ਸਿਰਜਣਾ ਕੀਤੀ ਅਤੇ ਬਾਬੇ ਮਾਨੇ ਨੇ ਝਿਗੜਾਂ ਵਾਲੇ ਭਾਈ ਜਵਾਹਰ ਸਿੰਘ ਦੇ ਲੜਕੇ ਇੰਦਰ ਸਿੰਘ ਨੂੰ ਇਕ ਰੀਸ ਜਾਂ ਗਰੂਨਾਂ ਦੇ ਬੂਟੇ ਹੇਠ ਲੰਗਰ ਤਿਆਰ ਕਰਕੇ ਛਕਾਉਣ ਦਾ ਹੁਕਮ ਕੀਤਾ। ਜਿਥੇ ਜਿਥੇ ਵੀ ਆਪ ਜੀ ਨੇ ਚਰਨ ਪਾਏ, ਵੱਡੇ-ਵੱਡੇ ਗੁਰਦੁਆਰੇ ਬਣੇ ਹੋਏ ਹਨ। ਹਰ ਵਕਤ ਲੰਗਰ ਚਲਦੇ ਰਹਿੰਦੇ ਹਨ, ਸੰਗਤ ਵਲੋਂ ਅਖੰਡ ਪਾਠ ਬੇਅੰਤ ਖੁਲ੍ਹੇ ਰਹਿੰਦੇ ਹਨ। ਹਜ਼ਾਰਾਂ ਹੀ ਜੀਵਾਂ ਦੀ ਸੇਵਾ ਕਰਦੇ ਜਨਮ ਸਫ਼ਲਾ ਕਰ ਰਹੇ ਹਨ। ਹਜ਼ਾਰਾਂ ਹੀ ਰੋਗੀ ਸੇਵਾ ਕਰਨ ਨਾਲ, ਲੰਗਰ ਦੇ ਭਾਂਡੇ ਮਾਂਜਣ ਨਾਲ ਤੰਦਰੁਸਤ ਹੁੰਦੇ ਹਨ। ਆਪ ਜੀ ਦੇ ਰਚੇ ਹੋਏ ਤੀਰਥਾਂ ਦੇ ਰੂਪ ਵਿਚ ਸੰਗਤਾਂ ਦੇ ਭਲੇ ਵਾਸਤੇ ਖੂਹੀਆਂ ਵਿਚ ਅੰਮ੍ਰਿਤ ਦੇ ਰੂਪ ਜਲ ਨਾਲ ਇਸ਼ਨਾਨ ਕਰਨ ਨਾਲ ਰਾਜ਼ੀ ਹੋ ਜਾਂਦੇ ਹਨ। ਬਹੁਤ ਸਾਰੀਆਂ ਮਿਸਾਲਾਂ ਹਨ। ਕੋੜ੍ਹੀ ਰਾਜ਼ੀ ਹੋ ਕੇ ਜਾਂਦੇ ਹਨ, ਹਜ਼ਾਰਾਂ ਜੀਵ ਨਾਮ ਦੇ ਰੰਗ ਵਿਚ ਰੰਗੇ ਹੋਇਆਂ ਦੇ ਕੁਆੜ ਖੋਲ੍ਹ ਦਿੰਦੇ ਹਨ। ਹਜ਼ਾਰਾਂ ਔਂਤਰੇ ਜਾਂਦੇ ਹੋਏ ਘਰ ਆਬਾਦ ਕਰ ਦਿੱਤੇ, ਐਸੀ ਸ਼ਕਤੀ ਸੀ।

ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ। ਆਪ ਜੀ ਸਦਾਚਿਤ, ਸਦਾ ਅਨੰਦ ਵਿਭੁ ਰੂਪ ਦੀਪਾਂ, ਲੋਆਂ, ਖੰਡਾਂ, ਬ੍ਰਹਿਮੰਡਾਂ ਦੇ ਮਾਲਿਕ ਸਰਬ ਸ਼ਕਤੀਮਾਨ ਸੰਨ ੧੯੪੦,੧੫ ਭਾਦਰੋਂ ਨੂੰ ਜੋਤੀ-ਜੋਤ ਸਮਾ ਗਏ।

ਸੰਸਾਰ ਇਕ ਸੁਫ਼ਨਾ ਹੈ

ਨਰਪਤ ਏਕ ਸਿੰਘਾਸਨ ਸੋਇਆ
ਸੁਫ਼ਨੇ ਭਯਾ ਭਿਖਾਰੀ

ਬਲੀ ਪ੍ਰਿਥਮਾ ਮਾਨ ਧਾੜਾ
ਮਹੀ ਪਮ ਜਿਨ ਰਥ ਚੈਂਕਰ ਕੀਏ ਸਤ ਦੀ ਪੰਗ
ਭੁਜੋ ਭੀਮ, ਭ੍ਰਥ ਅੰਤ ਕੇ ਅੰਤ ਕਾਲ ਖੰਡੰਗ
ਤਹਿ ਕਰ ਦਲ ਕਰਨ ਮਹਾਬਲੀ ਤਿਨ ਆਸੰ।

ਮਹਾਂਭਾਰਤ ਦੇ ਯੁੱਧ ਵਿਚ ਕਰਨ ਮੂਰਛਿਤ ਹੋ ਗਿਆ। ਡੇਰੇ ਜਾ ਕੇ ਕ੍ਰਿਸ਼ਨ ਜੀ ਨੇ ਇਕ ਲੰਬਾ ਹਾਉਕਾ ਲੈ ਕੇ ਅਰਜਨ ਜੀ ਨੂੰ ਆਖਿਆ, "ਅੱਜ ਸੰਸਾਰ ਵਿਚੋਂ ਦਾਨ ਰੂਪੀ ਸੂਰਜ ਕਰਨ ਛਿਪ ਜਾਵੇਗਾ।" ਅਰਜਨ ਕਹਿੰਦਾ, "ਮਹਾਰਾਜ! ਦਾਨ ਮੈਂ ਵੀ ਕਰਦਾ ਹਾਂ, ਤੁਸੀਂ ਕਰਨ ਦੀ ਉਪਮਾ ਕਰਦੇ ਰਹਿੰਦੇ ਹੋ।" ਭਗਵਾਨ ਕਹਿੰਦੇ, "ਚਲ! ਪ੍ਰੀਖਿਆ ਕਰ ਲੈ।" ਬ੍ਰਾਹਮਣ ਬਣ ਕੇ ਕਰਨ ਕੋਲ ਗਏ ਜਾ ਕੇ ਦਾਨ ਮੰਗਿਆ। ਕਰਨ ਕਹਿੰਦਾ, "ਮੈਂ ਤੇ ਮੌਤ ਦੀ ਸੇਜ ਤੇ ਪਿਆ ਹਾਂ, ਮੇਰੇ ਕੋਲ ਇਸ ਵੇਲੇ ਕੁੱਝ ਨਹੀਂ ਹੈ।" ਭਗਵਾਨ ਕਹਿਣ ਲੱਗੇ, "ਤੇਰੇ ਦੰਦਾਂ ਨੂੰ ਸੋਨਾ ਲੱਗਾ ਹੋਇਆ ਹੈ, ਤੋੜ ਕੇ ਦੇ ਦੇ।" ਕਰਨ ਕਹਿੰਦਾ, "ਪੱਥਰ ਲੈ ਕੇ ਦੰਦ ਭੰਨ ਕੇ ਲੈ ਜਾਹ।" ਭਗਵਾਨ ਕਹਿਣ ਲੱਗੇ, "ਦਾਨ ਤੂੰ ਕਰਨਾ ਅਸੀਂ ਕਿਉਂ ਭੰਨੀਏ? ਤੂੰ ਆਪ ਭੰਨ ਕੇ ਦੇਹ।" ਕਰਨ ਰਿੜਕੇ ਪੱਥਰ ਚੁੱਕ ਦੰਦ ਭੰਨ ਕੇ ਭਗਵਾਨ ਕ੍ਰਿਸ਼ਨ ਦੇ ਹੱਥ ਫੜਾ ਦਿੱਤੇ। ਭਗਵਾਨ ਪ੍ਰਗਟ ਹੋ ਕੇ ਕਹਿੰਦੇ, "ਕਰਨ! ਮੰਗ ਜੋ ਕੁੱਝ ਤੂੰ ਮੰਗਣਾ।" ਕਰਨ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਆਖ਼ਿਰੀ ਸਮੇਂ ਆਪ ਜੀ ਦੇ ਦਰਸ਼ਨ ਹੋ ਗਏ। ਆਪ ਜੀ ਦੇ ਚਰਨਾਂ ਵਿਚ ਨਿਵਾਸ ਹੋਵੇ।" ਭਗਵਾਨ ਜੀ ਨੇ ਉਸ ਦਾ ਆਪਣੇ ਹੱਥੀਂ ਸਸਕਾਰ ਕੀਤਾ ਅਤੇ ਜਨਮ ਮਰਨ ਦੇ ਚੱਕਰ ਤੋਂ ਰਹਿਤ ਕਰ ਦਿੱਤਾ। ਪ੍ਰਿਥਵੀ ਦੇ ਵੱਡੇ-ਵੱਡੇ ਯੋਧੇ, ਵੱਡੇ ਮਹਾਂਬਲੀ ਕਾਲ ਦਾ ਗ੍ਰਾਸ ਬਣਦੇ ਹਨ ਜਿਵੇਂ ਮਦਾਰੀ ਕਈ ਕੁੱਝ ਦਿਖਾਉਂਦਾ ਰਹਿੰਦਾ ਹੈ ਪਰ ਉਹ ਸਭ ਅਸਲ ਵਿਚ ਨਹੀਂ ਹੁੰਦਾ ਹੈ ਇਸੇ ਤਰ੍ਹਾਂ ਜਗਤ ਦੇ ਸਾਰੇ ਪਸਾਰੇ ਮਾਇਆ ਦਾ ਹੀ ਖੇਡ ਹੈ। ਜਿਵੇਂ ਲਾਹੌਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਲਤਾਨੀ ਰਾਗ ਨੂੰ ਮਾਇਆ ਦਿਖਾਈ ਸੀ। ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਦਿਖਾਈ ਸੀ ਅਤੇ ਵਿਸ਼ਨੂੰ ਨੇ ਨਾਰਦ ਨੂੰ ਦਿਖਾਈ ਸੀ। ਇਸ ਲਈ ਚੰਗੇ ਕਰਮ ਕਰਨੇ

ਚਾਹੀਦੇ ਹਨ। ਚੰਗੇ ਮਾੜੇ ਕਰਮ ਇਸ ਦੇ ਸੁੱਖ ਅਤੇ ਦੁੱਖ ਦੇ ਕਾਰਣ ਬਣਦੇ ਹਨ। ਤਿੰਨ ਤਰਾਂ ਦੇ ਕਰਮ ਸ਼ਾਸਤਰਕਾਰਾਂ ਨੇ ਲਿਖੇ ਹਨ।

1. ਪ੍ਰਾਰਭਦ ਕਰਮ:- ਜੋ ਅਸੀਂ ਪਿਛਲੇ ਕੀਤੇ ਭੋਗ ਰਹੇ ਹਾਂ।

2. ਸੰਚ ਕਰਮ:- ਜਿਹੜੇ ਜਮ੍ਹਾਂ ਹੋ ਰਹੇ ਹਨ, ਜੋ ਅਗਲੇ ਜਨਮ ਵਿਚ ਸੁੱਖ ਦੁੱਖ ਦਾ ਫਲ ਦੇਣਗੇ।

3. ਕਿਰੇਮਾਨ ਕਰਮ:- ਜੋ ਅਸੀਂ ਰੋਜ਼ ਕਰਦੇ ਹਾਂ, ਇਨ੍ਹਾਂ ਨਾਲ ਸਾਡੇ ਵਿਚਾਰ ਚੰਗੇ ਮਾੜੇ ਬਣਦੇ ਹਨ। ਸੁਫਨਾ ਵੀ ਕਿਰੇਮਾਨ ਕਰਮਾਂ ਦਾ ਹੀ ਫਲ ਹੈ। ਜੈਸੇ ਰਾਜਾ ਜਨਕ ਨੂੰ ਸੁਫ਼ਨਾ ਆਇਆ, ਸਾਰੇ ਸ਼ਹਿਰ ਅਤੇ ਦਰਬਾਰੀ ਲੋਕ ਨਫ਼ਰਤ ਦੀ ਨਿਗਾਹ ਨਾਲ ਦੇਖ ਰਹੇ ਹਨ। ਕਿਸੇ ਹੋਰ ਬਾਦਸ਼ਾਹ ਨੇ ਮਿਸਲਾ ਪੁਰੀ ਦੇ ਤਖ਼ਤ ਪੁਰ ਕਬਜ਼ਾ ਕਰਕੇ ਰਾਜੇ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਰਾਜਾ ਭੁੱਖ ਨਾਲ ਪਾਗਲ ਹੋਇਆ ਜੰਗਲ ਵਿਚ ਜਾ ਰਿਹਾ ਸੀ, ਖਿਚੜੀ ਦਾ ਲੰਗਰ ਵਰਤ ਰਿਹਾ ਸੀ। ਮਿੱਟੀ ਦੇ ਪਿਆਲੇ ਚੁੱਕ ਕੇ ਲੋਕੀਂ ਖਿਚੜੀ ਪੁਆਕੇ ਖਾ ਰਹੇ ਸਨ। ਰਾਜਾ ਵੀ ਉਨ੍ਹਾਂ ਲੋਕਾਂ ਵਾਂਗ ਖਿਚੜੀ ਲੈ ਕੇ ਛਕਣ ਲੱਗਾ,ਦੋ ਲੋਕ ਭਿੜਦੇ ਹੋਏ ਰਾਜਾ ਵੱਲ੍ਹ ਨੂੰ ਆਏ। ਜਨਕ ਜੀ ਡਰਦੇ ਭੱਜੇ ਤੇ ਹੱਥੋਂ ਪਿਆਲਾ ਡਿੱਗ ਪਿਆ ਤੇ ਨਾਲ ਹੀ ਰਾਜੇ ਜਨਕ ਨੂੰ ਜਾਗ ਆ ਗਈ। ਅਗਲੇ ਦਿਨ ਦਰਬਾਰ ਲਾ ਕੇ ਜੋਤਸ਼ੀਆਂ ਪੰਡਿਤਾਂ ਤੋਂ ਪੁੱਛਿਆ ਇਹ ਸੱਚਾ ਹੈ ਕਿ ਉਹ ਸੱਚਾ ਹੈ। ਕਿਸੇ ਤੋਂ ਵੀ ਰਾਜੇ ਜਨਕ ਦੇ ਸਵਾਲ ਦਾ ਜਵਾਬ ਨਾ ਦਿੱਤਾ ਗਿਆ। ਅਸ਼ਟਾ ਬੱਕਰ ਜਿਸ ਦੇ ਸਰੀਰ ਨੂੰ ਅੱਠ ਵਲ ਸਨ, ਨੇ ਰਾਜੇ ਦੀ ਸ਼ੰਕਾ ਦੂਰ ਕੀਤੀ, ਨਾ ਇਹ ਸੱਚਾ ਹੈ ਨਾ ਉਹ ਸੱਚਾ, ਤੁਸੀਂ ਦਾਨੀ ਹੋ ਖੋਟੇ ਕਰਮ ਦਾ ਫਲ ਸੁਫ਼ਨੇ ਵਿਚ ਹੀ ਭੁਗਤਿਆ ਗਿਆ। ਜੈਸੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸ਼ਮੀਰ ਦੇ ਸੱਤਰ ਜਨਮਾਂ ਦਾ ਖੋਟਾ ਫਲ ਕੱਟ ਦਿੱਤਾ ਸੀ। ਹਰੀ ਜੈਨ ਸਕੇਤ ਮੰਡੀ ਵਾਲੇ ਰਾਜੇ ਦੇ ਵੀ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਉਸ ਦੇ ਕਰਮ ਸੁਫ਼ਨੇ ਵਿਖੇ ਹੀ ਭੁਗਤ ਦਿੱਤੇ ਸਨ। ਸਾਧੂ ਦੀ ਸੇਵਾ ਦਾਨ ਸਤ ਸੰਗਤ ਦਾ ਐਸਾ ਫ਼ਲ ਹੈ।

"ਜੋ ਕੋਇ ਜੀਓ ਕਹੇ ਉਨ੍ਹਾਂ ਕੋ
ਜਮ ਕੀ ਤਲਬ ਨਾ ਹੋਇ"

ਐਸਾ ਪ੍ਰਤਾਪ ਸਾਧ ਸੰਗਤ ਦਾ ਹੈ। ਮਨ ਪਾਣੀ ਦੀ ਤਰਾਂ ਹੈ ਜੈਸਾ ਰੰਗ ਪਾਣੀ ਵਿਚ ਪਾਓ ਉਸੇ ਤਰ੍ਹਾਂ ਦਾ ਰੰਗ ਪਾਣੀ ਦਾ ਹੋ ਜਾਂਦਾ ਹੈ। ਚੰਗੇ ਮਾੜੇ ਖਾਣੇ ਅਤੇ ਗਾਣੇ ਦਾ ਅੱਠ ਪਹਿਰ ਅਸਰ ਰਹਿੰਦਾ ਹੈ। ਮਲਣ ਆਹਰ ਨਹੀ ਕਰਨਾ ਚਾਹੀਦਾ। ਜੀਵ ਹਿੰਸਾ ਕਰਨਾ ਵੀ ਪਾਪ ਹੈ। ਮੁਹੰਮਦ ਸਾਹਿਬ ਜੀ ਨੇ ਕੁਰਾਨ ਵਿਚ ਲਿਖਿਆ ਹੈ :-

"ਹੇ ਇਨਸਾਨ ਅਪਣੇ ਪੇਟ ਮੇਂ ਹੈਵਾਨੋਂ ਕੀ ਕਬਰ ਬਨਾਨਾ ਛੋਡ ਦੇ"

ਜਦੋਂ ਇਨਸਾਨ ਕਰਮ ਕਰਦਾ ਹੈ ਤਾਂ ਸੁਤੈਂਤਰ ਹੁੰਦਾ ਹੈ, ਜਿੰਨਾ ਜੀਅ ਕਰੇ ਪਾਪ ਕਰਮ ਕਰ ਲੈਂਦਾ ਹੈ। ਜਦੋਂ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ, ਕਲਮ ਕਿਸੇ ਹੋਰ ਦੇ ਹੱਥ ਹੁੰਦੀ ਹੈ। ਉਸ ਵੇਲੇ ਉਹ ਬੋਲ ਨਹੀਂ ਸਕਦਾ। ਅਠਾਰਾਂ ਨਰਕ ਸਸ਼ਤਰਕਾਰਾਂ ਨੇ ਲਿਖੇ ਹਨ, ੧੭ ਨਰਕ ਪੁਰੀ ਵਿਖੇ ਹਨ। ਜਿਥੇ ਸਖ਼ਤ ਤੋਂ ਸਖ਼ਤ ਸਜ਼ਾ ਪਾਪੀ ਭੁਗਤਦੇ ਹਨ, ੧੮ਵਾਂ ਨਰਕ ਮਾਤ ਲੋਕ ਵਿਖੇ ਹੈ। ਹਸਪਤਾਲ, ਜੇਲ੍ਹਾਂ, ਕੋਹੜ, ਸੰਕਟ ਆਦਿਕ ਹਨ। ਮਹਾਂਭਾਰਤ ਦੇ ਯੁੱਧ ਵਿਚ ਦੁਨੀਆਂ ਭਰ ਦੇ ਯੋਧੇ ਮਾਰੇ ਗਏ, ਧ੍ਰਿਤਰਾਸ਼ਟਰ ਨੇ ਵਿਆਸ ਜੀ ਨੂੰ ਪੁੱਛਿਆ, "ਮਹਾਰਾਜ, ਮੈਂ ਕਿਹੜਾ ਐਡਾ ਪਾਪ ਪਿਛਲੇ ਜਨਮ ਵਿਚ ਕੀਤਾ? ਇਹ ਤਾਂ ਮੇਰਾ ਸਰੀਰ ਹਰ ਵਕਤ ਜਲਦਾ ਰਹਿੰਦਾ ਹੈ। ਜਨਮ ਤੋਂ ਅੰਨ੍ਹਾ ਹਾਂ, ੧੦੦ ਪੁੱਤਰ ਮੇਰਾ ਯੁੱਧ ਵਿਚ ਮਾਰਿਆ ਗਿਆ, ਭੀਮ ਸੈਨ ਨੇ ਦੁਸ਼ਾਸ਼ਨ ਦੀਆਂ ਬਾਹਾਂ ਜੜ੍ਹਾਂ ਤੋਂ ਪੁੱਟ ਕੇ ਦੁਰਯੋਧਨ ਦੇ ਰੱਥ ਵਿਚ ਸੁੱਟੀਆਂ, ਮੈਂ ਬਹੁਤ ਸਦਮਾ ਝੱਲ ਰਿਹਾ ਹਾਂ।" ਵਿਆਸ ਜੀ ਨੇ ਦੱਸਿਆ "ਮਹਾਰਾਜ ਪਿਛਲੇ ਜਨਮ ਵਿਚ ਤੁਸੀਂ ਰਾਜੇ ਸੀ। ਇਕ ਦਿਨ ਤੁਸੀਂ ਸ਼ਿਕਾਰ ਖੇਡ ਰਹੇ ਸੀ, ਆਪ ਦੇ ਅੱਗੇ ਇਕ ਹਿਰਨੀ ਅਤੇ ਦੋ ਉਸ ਦੇ ਬੱਚੇ ਨਿਕਲੇ। ਤੁਸੀਂ ਉਸਦੇ ਪਿੱਛੇ ਪਏ ਹਿਰਨੀ ਇਕ ਗੀਸ ਦੇ ਬੂਟੇ ਵਿਚ ਜਾ ਲੁਕੀ। ਤੁਸੀਂ ਹੁਕਮ ਕਰਕੇ ਚਾਰੇ ਪਾਸੇ ਅੱਗ ਲੁਆ ਦਿੱਤੀ। ਅੱਗ ਦੇ ਸੇਕ ਨਾਲ ਹਿਰਨੀ ਅਤੇ

ਬੱਚੇ ਅਤੇ ਸੌ ਬੱਚਾ ਸੱਪਣੀ ਦਾ ਸਾਰੇ ਸੇਕ ਨਾਲ ਅੰਨ੍ਹੇ ਹੋ ਕੇ ਮਰੇ, ਉਹ ਕੀਤਾ ਪਾਪ ਤੁਸੀਂ ਭੋਗ ਰਹੇ ਹੋ।"

"ਜੈਸਾ ਬੀਜੇ ਸੌ ਲੁਣੇ
ਕਰਮਾ ਸੰਦੜਾ ਖੇਤ"

ਪ੍ਰਾਰਭਧ ਕਰਮ ਭੋਗੇ ਬਿਨਾਂ ਖ਼ਤਮ ਨਹੀਂ ਹੁੰਦਾ

ਸ਼ਾਸਤਰਕਾਰਾਂ ਨੇ ਤਿੰਨ ਤਰਾਂ ਦੇ ਪਾਪ ਲਿਖੇ ਹਨ। ਸਰੀਰ ਕਰਕੇ, ਬਾਣੀ ਕਰਕੇ, ਮਨ ਕਰਕੇ। ਸਰੀਰ ਕਰਕੇ ਜਿਵੇਂ ਸ਼ਿਵਜੀ ਨੇ ਬ੍ਰਹਮਾ ਦਾ ਪੰਜਵਾਂ ਸਿਰ ਕੱਟਿਆ, ਸ਼ਿਵ ਜੀ ਨੂੰ ਬ੍ਰਹਮ ਹੱਤਿਆ ਲੱਗੀ। ਦੁਖੀ ਹੋ ਕੇ ਤੀਰਥਾਂ ਤੇ ਭ੍ਰਮਦਾ ਫਿਰਿਆ। ਗੁਪਾਲ ਮੋਚਨ ਤੀਰਥ ਤੇ ਨਹਾਕੇ ਸ਼ਿਵਜੀ ਦਾ ਪਾਪ ਲੱਥਾ। ਭ੍ਰਿਗੂ ਦੀ ਇਸਤਰੀ ਮਰ ਗਈ। ਭ੍ਰਿਗੂ ਰੋ ਰਿਹਾ ਸੀ। ਵਿਸ਼ਨੂੰ ਜੀ ਨੇ ਭ੍ਰਿਗੂ ਨੂੰ ਮਖ਼ੌਲ ਕੀਤਾ "ਕਿਉਂ ਝੂਠੀ ਮਾਇਆ ਪਿਛੇ ਪਾਗਲਾਂ ਦੀ ਤਰਾਂ ਰੋ ਰਿਹਾ ਹੈਂ?" ਭ੍ਰਿਗੂ ਨੇ ਵਿਸ਼ਨੂੰ ਨੂੰ ਸਰਾਪ ਦੇ ਦਿੱਤਾ, "ਜਾਹ ਤੂੰ ਵੀ ਮਾਤ ਲੋਕ ਵਿਖੇ ਜਨਮ ਲੈ ਕੇ ਇਸੇ ਮਾਇਆ ਰੂਪੀ ਇਸਤਰੀ ਪਿਛੇ ਰੋਂਦਾ ਫਿਰੇਂਗਾ।"

"ਰੋਵੇ ਰਾਮੁ ਨਿਕਾਲਾ ਭਇਆ।
ਸੀਤਾ, ਲਖਮਣੁ ਵਿਛੁੜਿ ਗਇਆ॥

ਵਿਸ਼ਨੂੰ ਨੂੰ ਰਾਮ ਚੰਦਰ ਜੀ ਦਾ ਰੂਪ ਧਾਰਨ ਕਰਨਾ ਪਿਆ, ਬਾਣੀ ਨਾਲ ਕੀਤੇ ਕਰਮ ਦਾ ਫਲ ਭੁਗਤਣਾ ਪਿਆ। ਇਸੇ ਤਰਾਂ ਸ਼ਾਸ਼ਤਰਕਾਰਾਂ ਨੇ ਪੰਜ ਮਾਵਾਂ ਲਿਖੀਆਂ ਹਨ। ਆਪਣੀ ਮਾਂ, ਘਰ ਵਾਲੀ ਦੀ ਮਾਂ, ਮਿੱਤਰ ਦੀ ਮਾਂ, ਗੁਰੂ ਦੀ ਇਸਤਰੀ, ਰਾਜੇ ਦੀ ਇਸਤਰੀ ਪੰਜਾਂ ਨੂੰ ਮਾਂ ਦੇ ਬਰਾਬਰ ਸਮਝਣਾਂ ਚਾਹੀਦਾ ਹੈ। ਆਪਣੀ ਇੱਜ਼ਤ, ਆਪਣੇ ਮਿੱਤਰ ਦੀ ਇੱਜਤ, ਮਿੱਤਰ ਦੇ ਮਿੱਤਰ ਦੀ ਇੱਜਤ, ਆਪਣੀ ਇੱਜਤ ਸਮਝਣੀ ਚਾਹੀਏ। ਕਿਸੇ

ਦੇ ਸਾਥ ਵਿਸਾਹ ਘਾਤ ਨਹੀਂ ਕਰਨਾ ਚਾਹੀਏ, ਇੰਦਰ ਗੌਤਮ ਦੇ ਘਰ ਪਾਪ ਕਰਮ ਕਰਕੇ ਪਛਤਾਇਆ। ਦੇਵਤਿਆਂ ਨੂੰ ਵੀ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਇਕ ਦਿਨ ਰਾਜਾ ਭੋਜ ਸ਼ਿਕਾਰ ਖੇਡਦਾ-ਖੇਡਦਾ ਜੰਗਲ ਵਿਚ ਦੂਰ ਜਾ ਨਿਕਲਿਆ, ਅੱਗੋਂ ਸ਼ੇਰ ਨਿਕਲ ਆਇਆ। ਰਾਜਾ ਘੋੜਾ ਛੱਡ ਕੇ ਦਰੱਖਤਾਂ ਤੇ ਜਾ ਚੜ੍ਹਿਆ। ਬਿਰਛ ਤੇ ਰਿੱਛ ਬੈਠਾ ਦੇਖ ਕੇ ਰਾਜਾ ਡਰਿਆ। ਰਿੱਛ ਕਹਿਣ ਲੱਗਾ, "ਡਰ ਨਾ! ਮੇਰੇ ਘਰ ਤੂੰ ਆਇਆਂ, ਮੈਂ ਤੈਨੂੰ ਮਿੱਤਰ ਕਹਿ ਦਿੱਤਾ, ਰਾਤ ਪੈ ਗਈ। ਪਹਿਲਾਂ ਤੁਸੀਂ ਸੌਂਵੋ ਮੈਂ ਪਹਿਰਾ ਦੇਵਾਂਗਾ। ਫਿਰ ਮੈਂ ਸੌਵਾਂਗਾ, ਤੁਸੀਂ ਪਹਿਰਾ ਦਿਉਗੇ।" ਜਦੋਂ ਰਿੱਛ ਸੁੱਤਾ ਸ਼ੇਰ ਰਾਜੇ ਨੂੰ ਕਹਿਣ ਲੱਗਾ, "ਰਿੱਛ ਨੂੰ ਧੱਕਾ ਦੇ ਕੇ ਥੱਲੇ ਸੁੱਟ ਦੇ ਮੈਂ ਮਾਰ ਕੇ ਚਲਾ ਜਾਵਾਂਗਾ, ਤੂੰ ਆਪਣੇ ਘਰ ਚਲੇ ਜਾਈਂ, ਮੈਂ ਵੀ ਆਪਣੇ ਘਰ ਚਲੇ ਜਾਵਾਂਗਾ। ਇਹ ਮੇਰੇ ਡਰ ਕਰਕੇ ਤੈਨੂੰ ਨਹੀਂ ਖਾਂਦਾ, ਮੇਰੇ ਜਾਣ ਤੋਂ ਬਾਅਦ ਇਹ ਤੈਨੂੰ ਮਾਰ ਕੇ ਖਾਵੇਗਾ।" ਰਾਜੇ ਨੇ ਸੁੱਤੇ ਪਏ ਰਿੱਛ ਨੂੰ ਧੱਕਾ ਮਾਰਿਆ। ਰਿੱਛ ਡਿੱਗਿਆ ਨਾ। ਰਾਜਾ ਬਹੁਤ ਡਰਿਆ। ਭਾਲੂ ਫਿਰ ਕਹਿਣ ਲੱਗਾ, "ਤੂੰ ਡਰ ਨਾ ਮੈਂ ਤੈਨੂੰ ਮਿੱਤਰ ਕਹਿ ਦਿੱਤਾ ਹੈ।" ਰਿੱਛ ਨੇ ਰਾਜੇ ਨੂੰ ਕਿਹਾ 'ਬਿਸ਼ਮਰਾ' ਰਾਜਾ ਘਰ ਆਇਆ ਦਰਬਾਰ ਲਾ ਕੇ ਇਸ ਦਾ ਅਰਥ ਪੁੱਛਿਆ ਕਿਸੇ ਨੂੰ ਨਾ ਆਇਆ। ਕਾਲੀ ਦਾਸ ਵਜੀਰ ਨੂੰ ਦੇਸ਼ ਨਿਕਾਲਾ ਦਿੱਤਾ ਹੋਇਆ ਸੀ। ਇਕ ਵਾਰੀ ਬਾਦਸ਼ਾਹ ਖੇਡਦਾ-ਖੇਡਦਾ ਆਪਣੀ ਰਾਣੀ ਤੋਂ ਬਿਨਾਂ ਖਾਣਾ ਨਾ ਖਾਵੇ, ਕਾਲੀ ਦਾਸ ਨੇ ਰਾਣੀ ਦੀ ਫੋਟੋ ਰਾਜੇ ਦੇ ਸਾਹਮਣੇ ਖਿੱਚ ਦਿੱਤੀ, ਇਕ ਪੱਟ ਤੇ ਗੁਪਤ ਤਿਣ ਸੀ। ਉਹ ਵੀ ਲਾ ਦਿੱਤਾ। ਇਸ ਤੇ ਬਾਦਸ਼ਾਹ ਨੂੰ ਸ਼ੰਕਾ ਹੋਈ ਤੇ ਕਾਲੀ ਦਾਸ ਨੂੰ ਦੇਸ਼ ਨਿਕਾਲਾ ਦਿੱਤਾ। ਕਾਲੀ ਦਾਸ ਨੂੰ ੧੪ ਵਿਦਿਆ ਦਾ ਗਿਆਨ ਸੀ ਦੇਵੀ ਦਾ ਵਰ ਸੀ। ਸਵਾਲ ਦਾ ਜਵਾਬ ਕੋਈ ਨਾ ਦੇ ਸਕਿਆ। ਰਾਜੇ ਨੇ ਕਾਲੀ ਦਾਸ ਬਾਰੇ ਐਲਾਨ ਕਰ ਦਿੱਤਾ, ਉਹ ਜਿੱਥੇ ਵੀ ਹੈ ਹਾਜ਼ਿਰ ਹੋਵੇ, ਉਸ ਦੇ ਸਾਰੇ ਦੇਸ਼ ਮੁਆਫ਼ ਕਰ ਦਿੱਤੇ ਗਏ। ਕਾਲੀ ਦਾਸ ਛੁਪਕੇ ਸ਼ਹਿਰ ਵਿਚ ਹੀ ਬੈਠਾ ਸੀ, ਦੋ ਤੰਬੂ ਲੁਆ ਕੇ ਵਿਚਕਾਰ ਕਨਾਤਾਂ ਲੁਆ ਕੇ ਇਕ ਤੰਬੂ ਵਿੱਚ ਆਪ ਬੈਠਾ ਤੇ ਦੂਜੇ ਵਿਚ ਰਾਜੇ ਨੂੰ ਬਿਠਾ ਲਿਆ। ਕਾਲੀ ਦਾਸ ਨੇ ਪੁੱਛਿਆ, "ਦੱਸੋ! ਬਾਦਸ਼ਾਹ ਆਪ ਦਾ ਕੀ

ਸੁਆਲ ਹੈ?" ਬਾਦਸ਼ਾਹ ਕਹਿਣ ਲੱਗਾ, "ਬਿਸ਼ਮਰ ਦਾ ਕੀ ਅਰਥ ਹੈ?" ਕਾਲੀ ਦਾਸ ਕਹਿੰਦਾ "ਇਹ ਕੋਈ ਜੰਗਲ ਦੀ ਬਾਤ ਰਾਤ ਕੇ ਸਮੇਂ ਕਿਸੇ ਜਾਨਵਰ ਕੇ ਸਬੰਧ ਮੇਂ ਹੋਈ ਹੈ। ਬਿਸ਼ਮਰਾ ਕਾ ਅਰਥ ਤੂੰ ਕਿਸੇ ਨਾਲ ਵਿਸਾਹਘਾਤ ਕੀਤਾ ਹੈ।" ਸਾਸ਼ਤਰਕਾਰੋ ਨੇ ਛੇ ਹੱਤਿਆ ਲਿਖੀਆਂ ਹਨ। ਜਿਹਨਾਂ ਵਿਚ ਵਿਸਾਹਖਾਤ ਸਭ ਤੋਂ ਵੱਡਾ ਹੈ। ਵਿਸਾਹਘਾਹ ਵੱਡਾ ਪਾਪ ਹੈ। ਵਿਸਾਹਘਾਤੀ ਬਖਸ਼ਿਆ ਨਹੀਂ ਜਾਂਦਾ, ਭਾਵੇਂ ਸੋਨੇ ਦੇ ਪਹਾੜ ਦਾਨ ਕਰੇ। ਇਸ ਕਰਕੇ ਗਿਆਨਵਾਨ ਯੋਧੇ ਐਸਾ ਕਰਮ ਨਹੀਂ ਕਰਦੇ। ਜਦੋਂ ਮਹਾਂਭਾਰਤ ਦਾ ਯੁੱਧ ਹੋ ਰਿਹਾ ਸੀ। ਕਰਨ ਕੋਲ ਨਾਗ ਆਇਆ। ਕਰਨ ਨੂੰ ਕਹਿੰਦਾ, "ਅਰਜਨ ਤੱਕ ਆਪਣਾ ਬਾਣ ਪੁਚਾ ਦੇਹ, ਮੈਂ ਤੇਰੇ ਤੀਰ ਵਿਚ ਪ੍ਰਵੇਸ਼ ਹੋ ਕੇ ਅਰਜਨ ਨੂੰ ਮਾਰ ਦੇਵਾਂਗਾ, ਮੈਨੂੰ ਇਸ ਨੇ ਖੰਡਣ ਬਣ ਵਿਚ ਸਾੜ ਦਿੱਤਾ ਸੀ।" ਕਰਨ ਕਹਿੰਦਾ, "ਇਥੋਂ ਨੱਠ ਜਾਹ! ਮੈਂ ਕਿਸੇ ਦੇ ਬਲ ਨਾਲ ਨਹੀਂ ਲੜਾਂਗਾ ਕਿਸੇ ਨਾਲ ਵਿਸ਼ਵਾਸਘਾਤ ਨਹੀਂ ਕਰਾਂਗਾ। ਇਹ ਯੋਧਿਆਂ ਦਾ ਧਰਮ ਨਹੀਂ ਹੈ।" ਇਸੇ ਤਰਾਂ ਦਸਵੇਂ ਦਿਨ ਦੀ ਲੜਾਈ ਵੇਲੇ ਯੁਧਿਸ਼ਟਰ ਭੀਸ਼ਮ ਨੂੰ ਮਿਲੇ ਬੇਨਤੀ ਕੀਤੀ, "ਸਾਡੀ ਫੌਜ ਦੇ ਦਸ ਹਜ਼ਾਰ ਫ਼ੌਜੀ ਤੁਸੀਂ ਰੋਜ਼ ਮਾਰ ਦਿੰਦੇ ਹੋ। ਸਾਡੀ ਫਤਿਹ ਕਿਵੇਂ ਹੋਵੇਗੀ?" ਭੀਸ਼ਮ ਕਹਿੰਦਾ, "ਕੱਲ੍ਹ ਨੂੰ ਮੇਰੇ ਮੁਕਾਬਲੇ ਧਰੁਪਦ ਦੇ ਲੜਕੇ ਸ਼ਕੰਡੀ ਨੂੰ ਭੇਜ ਦੇਣਾ। ਉਹ ਹਿਜੜਾ ਤ੍ਰੀਮਤ ਰੂਪ ਹੈ। ਯੋਧੇ ਦਾ ਧਰਮ ਨਹੀਂ ਇਸਤਰੀ ਤੇ ਵਾਰ ਕਰੇ। ਮੈਂ ਪਿੱਠ ਦੇ ਦੇਵਾਂਗਾ। ਪਿਛੋਂ ਮੈਨੂੰ ਜਿਹਦਾ ਜੀਅ ਕਰੇ ਮਾਰ ਦੇਣਾਂ।" ਇਹ ਹੈ ਯੋਧਿਆਂ ਦਾ ਧਰਮ। ਜੈਸੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਰਤਾਰ ਪੁਰ ਦੀ ਜੰਗ ਵਿਖੇ ਪੈਂਦੇ ਖਾਂ ਨੂੰ ਜ਼ਖਮੀ ਕਰਕੇ ਘੋੜੇ ਸੁੱਟਿਆ। ਪੈਂਦੇ ਖਾਂ ਸਹਿਕਦਾ ਸੀ, ਸਤਿਗੁਰੂ ਘੋੜੇ ਤੋਂ ਉੱਤਰਕੇ ਪੈਂਦੇ ਖਾਂ ਦਾ ਮੂੰਹ ਸੂਰਜ ਵੱਲ ਸੀ ਸੂਰਜ ਵੱਲ੍ਹ ਆਪਣੀ ਢਾਲ ਕਰਕੇ ਖੜ੍ਹ ਗਏ ਅਤੇ ਬੋਲੇ, "ਆਖ਼ਿਰੀ ਸਮਾਂ ਹੈ ਕਲਮਾ ਪੜ੍ਹ" ਪੈਂਦੇ ਖਾਂ ਕਹਿਣ ਲੱਗਾ, "ਜੀ! ਆਪ ਦੀ ਰਹਿਮਤ ਭਰੀ ਨਜ਼ਰ ਹੀ ਕਲਮਾ ਹੈ।" ਇਹ ਹੈ ਸੱਚੇ ਮਿਤਰਾਂ ਦੇ ਗੁਣ ਐਸੇ ਹੋਣੇ ਚਾਹੀਦੇ ਹਨ।

"ਨਾਨਕ ਕੱਚੜਿਆ ਸਿਓ ਤੋੜ,
ਢੁੰਡ ਸੱਜਣ ਪਕਿਆਂ,

ਉਹ ਜੀਵਦੇ ਵਿਛੜੇ,'
ਮੋਇਆਂ ਨ ਜਾਈ ਵਿਛੋੜ'

ਸਾਬਾਰ ਹੱਥੋਂ ਪਾਪੀ ਵੀ ਮਰਿਆ ਜਾਵੇ ਪ੍ਰਮਗਤੀ ਪਾ ਜਾਂਦਾ ਹੈ। ਚਿੱਕੜ ਭਰਿਆਂ ਨੂੰ ਗਲ ਲਾਉਣ ਦਾ ਮਾਣ ਦਿੰਦਿਆਂ ਦਾ ਸੱਚੇ ਮਿੱਤਰਾਂ (ਮਹਾਂਪੁਰਸ਼) ਮਰਨ ਤੋਂ ਬਾਅਦ ਵੀ ਦਰਗਾਹ ਵਿਚ ਸਹਾਈ ਹੁੰਦੇ ਹਨ।

ਜਿੱਥੇ ਲੇਖਾ ਮੰਗੀਏ ਤਿਥੇ ਖੜ੍ਹੇ ਦਿਸਨ। ਪੁਰਸ਼ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ, ਦੁਰਯੋਧਨ, ਕੰਸ, ਹਰਨਾਖਸ਼, ਰਾਵਣ ਸਭ ਦਾ ਹੰਕਾਰ ਨੇ ਹੀ ਨਾਸ਼ ਕੀਤਾ ਹੈ। ਹੰਕਾਰੀ ਪੂਰੀ ਉਮਰ ਨਹੀਂ ਭੋਗ ਸਕਦਾ। ਸੁਲੇਮਾਨ ਪੁਰੀ ਨੇ ਕੋਈ ਝੀਰ ਦੀ ਲੜਕੀ ਨੂੰ ਦੇਖ ਕੇ ਹੰਕਾਰ ਨਾਲ ਕਿਹਾ, "ਇਸ ਦੇ ਹੱਥੋਂ ਕੋਈ ਰੋਟੀ ਵੀ ਖਾ ਲਵੇਗਾ? ਇਸ ਨਾਲ ਕੋਈ ਵਿਆਹ ਨਹੀਂ ਕਰਾ ਸਕਦਾ।" ਕਿਉਂਕਿ ਉਹ ਕਰੂਪ ਸੀ। ਸੁਲੇਮਾਨ ਦੇ ਹੱਥ ਵਿਚ ਇਕ ਮੁੰਦੀ ਸੀ ਕਈ ਜੰਤਰਾਂ-ਮੰਤਰਾਂ ਨਾਲ ਮੜ੍ਹੀ ਹੋਈ ਸੀ। ਇਸ ਕਰਕੇ ਇਸ ਦਾ ਤਖ਼ਤ ਪਰੀਆਂ ਚੁੱਕੀ ਫਿਰਦੀਆਂ ਸਨ। ਮੁੰਦੀ ਨਦੀ ਵਿਚ ਡਿੱਗ ਪਈ, ਪਰੀਆਂ ਤਖ਼ਤ ਸੁੱਟ ਕੇ ਚਲੀਆਂ ਗਈਆਂ। ਸੁਲੇਮਾਨ ਨੂੰ ਉਸੇ ਭੱਠੀ ਤੇ ਆ ਕੇ ਰੇੜਾਂ ਚੱਬ ਕੇ ਰਾਤ ਕੱਟਣੀ ਪਈ। ਉਸ ਝੀਰਾਂ ਦੀ ਕੁੜੀ ਦੇ ਹੱਥੋਂ ਰੋਟੀ ਖਾਣੀ ਪਈ, ਉਸ ਨਾਲ ਹੀ ਵਿਆਹ ਕਰਵਾ ਕੇ ਭੱਠੀ ਝੋਕਦਾ ਰਿਹਾ।

ਹਰਿ ਜੀਉ ਅਹੰਕਾਰ ਨਾ ਭਾਵਈ
ਵੇਦ ਕੂਕਿ ਸੁਣਾਵਹਿ॥

ਉਸ ਦੇ ਬਣ ਜਾਈਏ ਤਾਂ ਲਾਜ ਪੱਤ ਰੱਖ ਹੀ ਲੈਂਦੇ ਹਨ ਜਿਵੇਂ ਦਰੋਪਤੀ ਰੱਖੀ।

ਆਤਮ ਵਿਚਾਰ ਗਿਆਨੁ ਸਾਗਰ

ਬਲਿਹਾਰੀ ਗੁਰ ਆਪਣੇ ਜਿਨ ਸਤਿਗੁਰ ਦੀਆਂ ਮਿਲਾਇ
ਨਾਭ ਪਵਨ ਘਰਿ ਆਸਣ ਬੈਸੇ

ਆਤਮਿਕ ਗਿਆਨ ਬਾਰੇ ਵੀ ਲਿਖਣਾ ਜ਼ਰੂਰੀ ਹੈ ਕਿਉਂਕਿ ਬਹੁਤ ਲੋਕ ਆਪਣੇ ਅਸਲੀ ਸਰੂਪ, ਜੱਦ ਨੂੰ ਭੁੱਲ ਕੇ ਦੇਵੀ-ਦੇਵਤਿਆਂ ਬੁੱਤਾਂ ਦੀ

ਪੂਜਾ ਕਰ ਰਹੇ ਹਨ। ਜਿਹੜੇ ਵੀ ਦੇਵਤਾ ਦੀ ਕੋਈ ਪੂਜਾ ਭਗਤੀ ਕਰਦਾ, ਉਸ ਦੇਵਤੇ ਦੀ ਪੁਰੀ ਵਿਚ ਜਾਵੇਗਾ। ਬਾਣੀ ਵਿਚ ਲਿਖਿਆ ਹੈ। *ਬ੍ਰਹਮ ਪੁਰੀ ਕਾ ਹੋਇਗਾ ਕਾਲਾ।* ਅਕਾਲ ਪੁਰਖੁ ਤੋਂ ਬਿਨਾਂ ਸਭ ਦਾ ਸਮਾਂ ਮਿਥਿਆ ਹੋਇਆ ਹੈ। ਸਾਰੇ ਦੇਵਤੇ ਓਂਕਾਰ ਦੀ ਭਗਤੀ ਕਰਨ ਨਾਲ ਪੂਜੇ ਜਾਂਦੇ ਹਨ। ਓਂਕਾਰ ਦਾ ਸਿਮਰਨ ਕਰਨ ਦਾ ਵੱਡਾ ਮਹਾਤਮ ਹੈ। ਬਾਣੀ ਵਿਚ, ਵੇਦਾਂ ਵਿਚ, ਜਿੰਨੇ ਵੀ ਦੇਵੀ, ਦੇਵਤੇ ਲਿਖੇ ਹਨ ਸਾਰਿਆਂ ਨੇ ਪ੍ਰਭੂ ਦਾ ਸਿਮਰਨ ਕੀਤਾ। ਈਸ਼ਵਰ ਦੀ ਜੋਤ ਸਭ ਜੀਵਾਂ ਦੇ ਅੰਦਰ ਹੈ। ਜਿਵੇਂ ਦੁੱਧ ਵਿਖੇ ਘਿਉ, ਅਫੀਮ ਵਿਚ ਨਸ਼ਾ, ਫੁਲਾਂ ਵਿਚ ਖੁਸ਼ਬੂ, ਅੰਦਰ ਬਾਹਰ ਨਿਰੰਕਾਰ ਦਾ ਹੀ ਨੂਰ ਹੈ।

ਇਹ ਜਗ ਸਚੇ ਕੀ ਹੈ ਕੋਠੜੀ, ਸਚੇ ਕਾ ਵਿਚ ਵਾਸੁ।

ਜਦੋਂ ਬ੍ਰਹਮਾ, ਵਿਸ਼ਨੂੰ, ਮਹੇਸ਼ ਕੋਈ ਨਹੀ ਸੀ ਛੱਤੀ ਜੁਗ ਧੁੰਦਕਾਰਾ ਰਿਹਾ। ਜਦੋਂ ਨਾਂ ਜਲ ਸੀ ਨਾਂ ਸੂਰਜ, ਨਾ ਪਾਉਣ, ਨਾ ਕੋਈ ਹੋਰ ਉੱਥੇ ਖੁਦਾ ਆਪ ਨਿਰਾਮਲ ਬਾਲਕ ਰੂਪ ਹੋ ਕੇ ਬੋਹੜ ਦੇ ਪੱਤੇ ਤੇ ਅੰਗੂਠਾ ਚੂੰਘਦਾ ਰਿਹਾ। ਜਦੋਂ ਫੁਰਨਾ ਹੋਇਆ ਬਹੁਤ ਰੂਪ ਹੋਵਣ ਤਾਂ ਆਪਣੀ ਸ਼ਕਤੀ ਨਾਲ ਤਿੰਨ ਦੇਵਤੇ ਥਾਪੇ।

ਇਕ ਸੰਸਾਰੀ, ਇਕ ਭੰਡਾਰੀ, ਇਕ ਲਾਏ ਦੀਬਾਣੁ। ਚੁਰਾਸੀ ਲੱਖ ਜੂਨ ਉਪਾਈ ਸੱਤ ਦੀਪ, ਨੌ ਖੰਡ, ਤਿੰਨ ਲੋਕਾਂ ਵਿੱਚ ਆਪ ਹੀ ਰਮ ਰਿਹਾ ਹੈ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤ ਰਖੀ ਤਾ ਤੂੰ ਜਗ ਮੇਂ ਆਇਆ।
ਪੰਚ ਤੱਤ ਕਾ ਪੁਤਲਾ ਵਾਜਾ ਪਵਣ ਵਜਾਇਆ
ਅਮੋਲਕ ਵਸਤੂ ਦੇਹੀ ਅੰਦਰ ਪਾ ਕੇ ਗੁਪਤ ਰੱਖੀ।

ਦਿਲ ਤੇ ਦਿਮਾਗ ਦੀ ਦਰੁਸਤੀ ਦੇ ਨਾਲ ਯਾਰ ਬਗਲ ਮੇਂ ਸੂਰਤ ਪਛਾਣ ਦਿਲ ਦਾਰ ਦੀ।

ਜਿਵੇਂ ਬੁੱਲ੍ਹੇ ਸ਼ਾਹ ਕਹਿੰਦੇ ਹਨ ਕਿ ਯਾਰ ਤਾਂ ਬਗਲ ਵਿਚ ਹੀ ਬੈਠਾ ਹੈ ਰਾਜਾ ਸਾਹਿਬ ਜੀ ਵੀ ਫਰਮਾਨ ਕਰਦੇ ਹਨ।

ਹੈ ਘਟ ਅੰਤਰ ਸਰਬ ਨਿਰੰਤਰ ਹੋਇ ਇਕੰਤ੍ਰ ਬਾਤ ਬਚਾਰੀ
ਸਤਗੁਰ ਬਾਝ ਨਹੀਂ ਹਥ ਆਵਤ ਮਿਲਕਰ ਉਨਹਨ ਕਾਜ ਸਵਾਰੀ
ਸਬਦ ਕੀ ਕੁੰਜੀ ਕੌ ਲੈਕਰ ਬਾਲਕ ਤੌ ਗੜ ਕਾਂਇਆਂ ਕੇ ਕੁਲਫ ਉਤਾਰੀ।
ਦਾਸ ਭਗਵਾਂਨ ਖੁਲ੍ਹੇ ਖਟ ਚੱਕ੍ਰ ਜ ਗਗੁਨੰਤ੍ਰ ਸੁਰਤਿ ਸਿਧਾਰੀ।

ਹਰ ਇਕ ਸਰੀਰ ਦੇ ਸੱਜੇ ਪਾਸੇ ਨਾਭੀ ਤੋਂ ਦਸ ਉਂਗਲਾਂ ਸੁਖਮਨਾ ਨਾੜੀ ਹੈ। ਦਸ ਉਂਗਲਾਂ ਤੇ ਕਮਲ ਵਿਖੇ ਅੰਗੂਠੇ ਦੇ ਪੋਟੇ ਸਮਾਨ ਸਤਿਆ ਦਾ ਵਾਂਗ ਹੈ। ਗੁਪਤ ਹੈ। ਅਭਿਆਸ ਕਰਨੇ ਨਾਲ ਕਮਲ ਸਿਧਾ ਹੋ ਜਾਂਦਾ ਹੈ।

'ਰਿਦ ਕਮਲ ਖਿੜੇ ਜੈਸੇ ਭਾਨ ਉਦੈ।' ਕੋਟਾਂ ਸੂਰਜਾ ਕੇ ਸਮਾਨ ਅੰਦਰ ਹੀ ਪ੍ਰਕਾਸ਼ ਹੋ ਜਾਂਦਾ ਹੈ। ਅੰਦਰੋਂ ਹੀ ਜੋਤੀ ਦੇ ਦਰਸ਼ਨ ਹੋ ਜਾਂਦੇ ਹਨ।

ਤੀਨ ਤਬਾਦਸ ਪੌਣ ਇਕਾਗਰ ਪ੍ਰਾਂਨ ਉਪਾਂਨ ਕੀ ਗਤ ਬਿਚਾਰੋ
ਦਾਸ ਭਗਵਾਨ ਨ ਫਰਕ ਰਹੇ ਜਬ ਸ੍ਰੈ ਪ੍ਰਕਾਸਕ ਹੈ ਨਿਰਕਾਰੋ।

ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਲਿਖਿਆ ਹੈ, ਸਵਾਸ ਹੀ ਪ੍ਰਾਣ ਹੈ, ਸਵਾਸਾਂ ਦੇ ਵੀ ਦੋ ਹਿਸੇ ਹਨ, ਉੱਪਰਲਾ ਹਿੱਸਾ ਨਾਭੀ ਤਕ ਜਾਂਦਾ ਹੈ। ਅੰਦਰਲਾ ਹਿੱਸਾ ਸਤਿਆ ਤਕ ਜਾਂਦਾ ਹੈ।

'ਹੇ ਹੋਂਵਦਾ ਰੱਜ ਜਮਾਲ ਉਸਨੂ ਲੈਂਦਾ ਉਸ ਹੀ ਤਰਫ਼ਂ ਦਾ ਸਾਸ ਜੇਹੜਾ।' ਵੇਦਾਂ ਵਿਖੇ ਓਂਕਾਰ ਹੀ (ਮੰਤਰ) ਪ੍ਰਭੂ ਦਾ ਨਾਮ ਲਿਖਿਆ ਹੈ। ਗੁਰੂ ਕੀ ਕਿਰਪਾ ਨਾਲ ਸਵਾਸ-ਸਵਾਸ ਸਿਮਰਨ ਕਰਨ ਨਾਲ ਅੰਦਰ ਹੀ ਨਾਮ ਧੁੰਨ ਉੱਠ ਪੈਂਦੀ ਹੈ। ਜਿਸਨੂੰ ਅਜਪਾ ਜਾਪ ਬਾਣੀ ਵਿਚ ਲਿਖਿਆ ਹੈ।

'ਗੁਰਮੁਖ ਰੋਮ-ਰੋਮ ਹਰਿ ਧਿਆਵੇ' ਇਸ ਦਾ ਬੇਅੰਤ ਫਲ ਹੈ। ਇਕ ਵਾਰ ਜਪਣ ਦਾ ਫਲ ੬੦ ਹਜ਼ਾਰ ਦੇ ਬਰਾਬਰ ਹੈ। ਸੁਆਸ ਅੰਦਰ ਜਾਣ ਸਮੇਂ ਰੋਮ ਬਾਹਰ ਆਉਣ ਸਮੇਂ ਅਕਸਰ ਇਹ ਮਾਲਾ ਦਾ ਕੰਮ ਵੀ ਦਿੰਦਾ ਰਹਿੰਦਾ ਹੈ। ਇਹ ਭਗਤੀ ਮੋਖ ਦਾਤੀ ਹੈ। ਪਰ ਇਸ ਰਹੱਸ ਨੂੰ ਉਹੀ ਸਮਝ ਸਕਦਾ ਹੈ ਜਿਸ ਤੇ ਗੁਰੂ ਦੀ ਕਿਰਪਾ ਹੋ ਜਾਵੇ। ਜਿਸਨੂੰ ਆਤਮਿਕ ਗਿਆਨ

ਹੋ ਜਾਏ ਉਸ ਨੂੰ ਸਾਰੇ ਦੇ ਸਾਰੇ ਪੁੰਨ ਮਿਲ ਜਾਂਦੇ ਹਨ। ਜਿਸਨੂੰ ਆਤਮਿਕ ਗਿਆਨ ਨਹੀਂ ਉਸ ਨੂੰ ਸਾਰੇ ਪਾਪ ਲੱਗ ਜਾਂਦੇ ਹਨ। ਵਿਆਸ ਜੀ ਨੇ ਸਾਰੇ ਵੇਦਾਂ ਪੁਰਾਣਾਂ ਦਾ ਸਾਰ ਲਿਖਿਆ ਹੈ। ਆਤਮ ਗਿਆਨ ਦੀ ਪ੍ਰਾਪਤੀ ਸਾਰੇ ਭੇਖਾਂ ਤੋਂ, ਵਰਨਾਂ ਤੋਂ ਉੱਪਰ ਉੱਠ ਕੇ ਪ੍ਰਾਪਤ ਹੁੰਦੀ ਹੈ।

"ਨਾ ਕੋ ਬੈਰੀ ਨਹੀ ਬਿਗਾਨਾ।
ਸਗਲ ਸੰਗਿ ਹਮ ਕੌ ਬਨਿ ਆਈ॥

ਜਦੋਂ ਇਸ ਅਵਸਥਾ ਵਿਚ ਜਗਿਆਸੂ ਪਹੁੰਚ ਜਾਏ ਇਸ ਦੇ ਅੰਦਰ ਹੀ ਅੰਮ੍ਰਿਤ ਦਾ ਸੋਮਾ ਪ੍ਰਗਟ ਹੋ ਜਾਂਦਾ ਹੈ। ਅੰਦਰ ਕਈ ਪ੍ਰਕਾਰ ਦੇ ਸ਼ਬਦਾਂ ਦੀਆਂ ਧੁੰਨਾਂ ਉੱਠ ਪੈਂਦੀਆਂ ਹਨ। ਸੈਂਕੜੇ ਘੜਿਆਲ ਅੰਦਰੋਂ ਹੀ ਗੰਭੀਰ ਅਵਾਜ਼ਾਂ ਸੁਣਨ ਲੱਗ ਪੈਂਦੀਆਂ ਹਨ। ਸਾਰੀਆਂ ਇੰਦਰੀਆਂ ਨਾਮ ਵਿਚ ਮਸਤ ਹੋ ਕੇ ਝੂਮ ਪੈਂਦੀਆਂ ਹਨ।

'ਪੰਚ ਸਬਦ ਧੁੰਨ ਅਨਹਦ ਵਾਜੈ' ਇਸੇ ਹੀ ਅਵਸਥਾ ਵਿਚ ਜਾ ਕੇ ਸਾਰੇ ਮਾਇਕ ਪਦਾਰਥ ਝੂਠੇ ਅਤੇ ਜ਼ਹਿਰ ਲਗਦੇ ਹਨ।

"ਫ਼ਰੀਦਾ ਸਕਰ ਖੰਡੁ ਨਿਵਾਤ ਗੁੜੁ
ਮਾਖਿਓ ਮਾਂਝਾ ਦੁਧੁ
ਸਭੇ ਵਸਤੂ ਮਿਠੀਆਂ
ਰਬ ਨ ਪੂਜਨਿ ਤੁਧੁ॥

ਜਿਵੇਂ ਹੰਸ ਪਾਣੀ ਵਿਚੋਂ ਦੁੱਧ ਅਲੱਗ ਕਰ ਲੈਂਦਾ ਹੈ। ਦੁੱਧ ਵਿਚੋਂ ਮੱਖਣ ਮਥ ਕੇ ਕੱਢ ਲਈਦਾ ਹੈ। ਉਸੇ ਤਰਾਂ ਹੀ ਆਤਮ ਗਿਆਨੀ ਦੇਹੀ ਵਿਚੋਂ ਜੋਤ ਪ੍ਰਗਟ ਕਰ ਲੈਂਦਾ ਹੈ। ਸਾਸ਼ਤਰ ਕਾਰਾਂ ਨੇ ੬ ਚੱਕਰ ਇਸ ਦੇਹ ਵਿੱਚ ਲਿਖੇ ਗਏ ਹਨ। ਸ਼ਾਸ਼ਤਰਕਾਰ ਲਿਖਦੇ ਹਨ "ਇਕ ਚਕਰ ਗੁਦਾ ਮੇਂ ਜਹਾ ਇਸ ਦੇਹੀ ਮੇਂ ਹੈ। ਜਹਾਂ ਉੱਪਰ ਵਾਯੂ ਕਾ ਨਿਕਾਸ ਹੈ। ਮੂਲਾ ਧਾਰ ਚਕਰ ਚਾਰ ਪੰਖੜੀਆਂ ਵਾਲਾ ਪੀਲੇ ਰੰਗ ਦਾ ਕਮਲ ਹੈ। ਜਹਾਂ ਕੁੰਡਲੀ ਨਾੜੀ ਹੈ। ਦੂਜਾ ਚੱਕਰ ਛੇ ਦਲ ਕਾ ਇੰਦਰੀ ਕੇ ਮੂਲ ਮੇਂ ਹੈ। ਇਸ ਕੇ ਲਾਲ ਰੰਗ

ਉਰਦ ਮੁਖ ਹੈ। ਤੀਜਾ ਚਕਰ ਨਾਭੀ ਮੇਂ ਹੈ ਨੀਲੇ ਰੰਗ ਕਾ ਉਦਰ ਦਸ ਪੱਤੀਆਂ ਵਾਲਾ ਕੰਵਲ ਹੈ। ਚੌਥਾ ਚਕਰ ਬਾਰਾਂ ਦਲ ਕਾ ਸਵਰਨ ਜੈਸੇ ਰੰਗ ਜੇ ਹਿਰਦੇ ਮੇਂ ਹੈ। ਪੰਜਵਾਂ ਚਕਰ ਧੂਰਮ ਬੰਨ ਕਾ ਉਦਰ ਮੁਖ ੧੬ ਦਲ ਦਾ ਕੰਵਲ ਕੰਠ ਮੇਂ ਹੈ। ੬ ਵਾਂ ਚਕਰ ਭਾਵੇ ਕੇ ਦੋ ਪਖੜੀਆਂ ਕਾ ਉਰਦ ਮੁਖ-ਚੰਦਰ ਕੇ ਸਮਾਨ ਕੰਵਲ ਹੈ। ਇਨ ਛੇ ਚਕਰ ਕੇ ਉੱਪਰ ਦਸਵਾਂ ਦੁਆਰ ਹੈ। ਹਜਾਰ ਦਲ ਦਾ ਸਫ਼ੈਦ ਕੰਵਲ ਹੈ। ਦਸਵਾ ਦੁਆਰ ਜਬ ਖੁਲ੍ਹੇ ਤਾਂ ਦਿਆਲ ਕਾ ਦਰਸ਼ਨ ਕੀਜ।''

ਸੂਰਜ ਚੰਦ ਜਾ ਏਕ ਜਗਾ ਤਹਾ ਕਾਮਲ ਪੀਰ ਪੁਵਾਦੀ ਝਾਕੀ।

ਆਤਮਿਕ ਗਿਆਨ ਭਗਤੀ ਦਾ ਫਲ ਇਕ ਤਾਂ ਮੋਖਸ਼ ਦਿੰਦਾ ਹੈ। ਦੂਜਾ ਧਰਮ ਰਾਜ ਮਾਨਸ ਦੇਹ ਦਿੰਦਾ ਜਾਵੇਗਾ ਟਿੱਡੀ ਜੂਨ ਵਿਚ ਆਤਮਾ ਨਹੀਂ ਜਾਵੇਗੀ, ਸ਼ਬਦ ਦੀ ਤਲਾਸ਼ ਨਾਲ ਪੂਰੇ ਗੁਰੂ ਦੀ (ਆਤਮਿਕ ਗਿਆਨੀ) ਦੀ ਭਾਲ ਕਰਕੇ ਸ਼ਬਦ ਦੀ ਕਮਾਈ ਹੀ ਕਰੇਗਾ। ਆਪ ਨਿਰੰਕਾਰ ਪ੍ਰੇਰਨਾ ਕਰਕੇ ਕਾਮਿਲ ਗੁਰੂ ਦਾ ਮਿਲਾਪ ਕਰਾ ਦੇਵੇਗਾ। ਜਨਮ ਮਰਨ ਦਾ ਤ੍ਰਾਸ ਮਿਟ ਜਾਵੇਗਾ। ਸਿਮਰਨ ਦੇ ਨਾਲ ਨਾਲ ਕਰਮ ਕਾਂਡ ਵੀ ਜਰੂਰੀ ਹੈ। ਸੇਵਾ, ਇਸ਼ਨਾਨ, ਦਾਨ ਇਹ ਸਭ ਭਗਤੀ ਦੇ ਅੰਗ ਹਨ। ਇਨ੍ਹਾਂ ਕਰਮਾਂ ਨਾਲ ਅੰਤਹ ਕਰਨ ਦੀ ਸ਼ੁਧੀ ਹੁੰਦੀ ਹੈ। ਜਿਵੇਂ ਕਮਰੇ ਦੀ ਸਫ਼ਾਈ ਰੋਜ਼ ਹੋਵੇ ਤਾਂ ਹੀ ਸਾਫ਼ ਰਹਿੰਦਾ ਹੈ। ਬੇਸ਼ਕ ਉਹ ਬੰਦ ਹੀ ਹੋਵੇ ਫਿਰ ਵੀ ਅੰਦਰ ਘੱਟਾ ਜਮ੍ਹਾਂ ਹੋ ਜਾਂਦਾ ਹੈ। ਇਸੇ ਕਰਕੇ ਮਹਾਂਪੁਰਸ਼ ਜਿੰਨੇ ਵੀ ਹੋਏ ਹਨ, ਸਾਰੇ ਢਲੀ ਰਾਤ ਉੱਠ ਕੇ ਇਸ਼ਨਾਨ ਕਰਦੇ ਰਹੇ ਹਨ। ਗੁਰੂ ਨਾਨਕ ਦੇਵ ਜੀ ਰਾਵੀ ਦਰਿਆ ਵਿਚ, ਗੁਰੂ ਅੰਗਦ ਜੀ ਨੇ ਸਤ ਵਾਦੀ ਹੋ ਕੇ ਸੇਵਾ ਕੀਤੀ। ਗੁਰੂ ਅਮਰਦਾਸ ਜੀ ਬਿਆਸਾ ਵਿਖੇ ਇਸ਼ਨਾਨ ਕਰਦੇ ਰਹੇ ਅਤੇ ਆਪਣੇ ਗੁਰੂ ਨੂੰ ਵੀ ਇਸ਼ਨਾਨ ਕਰਵਾਉਂਦੇ ਰਹੇ। ਗੁਰੂ ਰਾਮ ਦਾਸ ਜੀ ਨੇ ਲੋਕ ਲਾਜ ਛੱਡ ਕੇ ਆਪਣੇ ਸਹੁਰੇ ਘਰ ਜਾ ਕੇ ਟੋਕਰੀ ਚੁੱਕ ਕੇ ਸੇਵਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਮਾਤਾ ਗੰਗਾ ਜੀ ਨੂੰ ਨਾਲ ਲੈ ਕੇ ਆਪ ਸਿਰ ਪ੍ਰਸ਼ਾਦੇ ਚੁੱਕ ਕੇ ਪਿੰਪਲੀ ਸਾਹਿਬ ਵਿਖੇ ਸੰਗਤਾਂ ਦੀ ਸੇਵਾ ਕੀਤੀ। ਭਗਵਾਨ ਕ੍ਰਿਸ਼ਨ ਜੀ ਨੇ ਪਾਂਡਵਾਂ ਦੇ ਯੱਗ

ਵੇਲੇ ਸੰਗਤ ਦੇ ਜੂਠੇ ਬਰਤਨ ਚੁੱਕੇ। ਚਰਨ ਧੋਤੇ।

ਜਗਿਆਸੂ ਨੂੰ ਧਿਆਨ ਕੂੰਜ ਦੀ ਤਰਾਂ ਸਿਮਰਨ ਕਰਨ ਦੀ ਲੋੜ ਹੈ। ਪ੍ਰੇਮਾ-ਭਗਤੀ, ਸਿਮਰਨ-ਭਗਤੀ, ਸੇਵਾ-ਭਗਤੀ ਜਦੋਂ ਇਹ ਗੁਣ ਜਗਿਆਸੂ ਵਿਚ ਪੂਰਨ ਤੌਰ ਤੇ ਆ ਜਾਂਦੇ ਹਨ, ਇਸਦੇ ਸਰੀਰ ਦੇ ਚਿੰਨ੍ਹ ਬਦਲ ਜਾਂਦੇ ਹਨ। ਰਹਿਣੀ-ਬਹਿਣੀ ਬਦਲ ਜਾਂਦੀ ਹੈ। ਨੌਂ ਨਿਸ਼ਾਨੀਆਂ ਆਸ਼ਿਕਾਂ ਦੀਆਂ ਸਾਸ਼ਤਰਕਾਰਾਂ ਨੇ ਲਿਖੀਆਂ ਹਨ। ਰੰਗ ਪੀਲੇ ਪੈ ਜਾਣਾ, ਆਹੋ ਜਰਦ, ਚਸ਼ਮ ਤਰ, ਥੋੜ੍ਹਾ ਖਾਣਾ, ਪੀਣਾ ਥੋੜ੍ਹਾ, ਸੌਣਾ ਥੋੜ੍ਹਾ, ਬੋਲਣਾ ਥੋੜ੍ਹਾ, ਇੰਤਜ਼ਾਰੀ, ਬੇਕਾਰੀ, ਬੇਚੈਨ ਰਹਿਣਾ ਸਿਰ ਨੀਵਾ ਕਰਕੇ ਬੈਠੇ ਰਹਿਣਾ।

- *ਜੋ ਆਸ਼ਿਕ ਹੋਗਾ ਗ਼ਿਫ਼ਤਾਰੀ ਇਸ਼ਕ ਮੇਂ ਖੜਾ ਹੋਗਾ।*
  ਅਜਰਾਈਲ ਕੇ ਆਨੇ ਸੇ ਪਹਿਲੇ ਮਰਾ ਹੋਗਾ।
  ਜਬ ਅਜਰਾਈਲ ਆਏਗਾ ਤੋ ਆਸ਼ਿਕ ਹਸ ਕੇ ਬੋਲੇਗਾ।
  ਗਲੀ ਮਹਿਬੂਬ ਕੀ ਹੋਗੀ ਬਾਹਰ ਆਸ਼ਕ ਖੜਾ ਹੋਗਾ।
- *ਆਸ਼ਿਕ ਦਾ ਕੀ ਮਾਰਨਾ ਜਿਹੜਾ ਝਿੜਕ ਦਿਤਿਆਂ ਮਰ ਜਾਏ।*
- *ਬਸ ਬੁਲਾਉ ਨਹੀਂ ਹਮ ਕੋ ਕੋਈ ਨੋਸ ਨਸਾ ਕੀਆ ਹੈ ਹਮ ਨੇ।*

ਭੁੱਜੇ ਹੋਏ ਦਾਣਿਆਂ ਦੀ ਤਰਾਂ ਆਸ਼ਿਕ ਲੋਕ ਜਿਉਂਦੇ ਹੀ ਮਰੇ ਹੁੰਦੇ ਹੋਏ ਹਨ। ਇਕ ਦਿਨ ਹੀਰ ਸਲੇਟੀ ਚੂਚਕ ਦੀ ਜਾਈ ਝੰਗ ਸ਼ਹਿਰ ਦੇ ਨਾਲ ਛੋਟੀ ਜਿਹੀ ਨਦੀ ਬਹਿ ਰਹੀ ਸੀ। ਸਾਉਣ ਦੇ ਦਿਨ ਸਨ, ਪ੍ਰਿਥਵੀ ਹਰ ਤਰਾਂ ਦੇ ਫੁੱਲਾਂ, ਬੂਟਿਆਂ ਨਾਲ ਭਰੀ ਹੋਈ ਸੀ। ਬਾਰਿਸ਼ ਪੈ ਕੇ ਬੰਦ ਹੋ ਚੁੱਕੀ ਸੀ। ਬੱਦਲ ਚਾਲ ਪਈ ਹੋਈ ਸੀ। ਠੰਡੀ-ਠੰਡੀ ਪੌਣ ਪਹਾੜ ਦੀ ਕੁਮਕ ਰਹੀ ਸੀ, ਚਾਰ ਕੁ ਵਜੇ ਹੀਰ ਉੱਠ ਕੇ ਸਹੇਲੀਆਂ ਨੂੰ ਨਾਲ ਲੈ ਕੇ ਨਦੀ ਦੇ ਕੰਢੇ ਸੈਰ ਕਰਨ ਗਈ। ਇਸੇ ਨਦੀ ਦੇ ਕੰਢੇ ਇਕ ਛੋਟੇ ਜਿਹਾ ਮਕਾਨ ਆਪਣੇ ਆਨਾਮ ਵਾਸਤੇ ਪੁਆਇਆ ਹੋਇਆ ਸੀ ਜਿਸ ਵਿਚ ਸਦਾ ਸੇਜ ਵਿਛੀ ਰਹਿੰਦੀ ਸੀ। ਇਥੇ ਹੀ ਪਹਿਲਾਂ-ਪਹਿਲ ਰਾਂਝੇ ਨਾਲ ਮਿਲਾਪ ਹੋਇਆ ਸੀ। ਨਦੀ ਦਾ ਪਾਣੀ ਨੱਚਦਾ, ਟੱਪਦਾ, ਕੁੱਦਦਾ, ਉਛਲਦਾ ਆਪਣੇ ਅਸਲੀ ਸਰੂਪ ਸਮੁੰਦਰ ਵੱਲ੍ਹ ਜਾ ਰਿਹਾ ਸੀ। ਸਭ ਕੁੜੀਆਂ ਆਪਣੇ ਆਪਣੇ ਖਿਆਲ ਦੇ

ਮੁਤਾਬਿਕ ਨਦੀ ਦੇ ਕੰਢੇ ਖੁਦਾ ਦੇ ਕ੍ਰਿਸ਼ਮੇ ਦੇਖਦੀਆਂ ਜਿੱਧਰ ਕਿਸੇ ਦਾ ਜੀਅ ਕਰਦਾ ਸੀ ਫਿਰਨ ਲੱਗੀਆਂ। ਹੀਰ ਰਾਂਝੇ ਦੀ ਯਾਦ ਵਿਚ ਦੂਰ ਚਲੇ ਗਈ। ਕੁੜੀਆਂ ਨੇ ਪਿਛੋਂ ਹੀਰ ਹੀਰ ਕਹਿ ਕੇ ਹਾਕਾਂ ਮਾਰੀਆਂ। ਅੱਗੋਂ ਹੀਰ ਨੇ ਆਖਿਆ,

- *ਰਾਂਝਾ ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ।*
  ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।
- *ਹਾਜੀ ਲੋਕ ਮੱਕੇ ਵੱਲ੍ਹ ਜਾਂਦੇ ਮੇਰਾ ਰਾਂਝਣ ਮਾਹੀ ਮੱਕਾ।*

ਇਕ ਦਿਨ ਹੀਰ ਰਾਂਝੇ ਵਾਸਤੇ ਚੂਰੀ ਕੁੱਟ ਕੇ ਬੁੱਕਲ ਵਿਚ ਛੰਨਾ ਲੁਕੋ ਕੇ ਜਾ ਰਹੀ ਸੀ। ਇਕ ਬੋਹੜ ਦੇ ਥ੍ਰਿਛ ਥੱਲੇ ਕਾਜ਼ੀ ਨਮਾਜ਼ ਪੜ੍ਹਦਾ ਸੀ। ਅੱਗੋਂ ਦੀ ਹੀਰ ਜਦੋਂ ਲੰਘੀ ਕਾਜ਼ੀ ਨੇ ਉੱਠਕੇ ਹੀਰ ਦੇ ਛਮਕਾਂ ਮਾਰੀਆਂ। ਅੱਗੋਂ ਦੀ ਹੀਰ ਨੇ ਕਾਜ਼ੀ ਨੂੰ ਆਖਿਆ, "ਮੀਆਂ ਜੀ! ਮੈਂ ਤਾਂ ਆਪਣੇ ਨਿਸ਼ਾਨੇ ਵੱਲ੍ਹ ਜਾ ਰਹੀ ਸੀ। ਮੈਂ ਆਪ ਨੂੰ ਨਹੀਂ ਦੇਖਿਆ। ਮੈਂ ਆਪ ਨੂੰ ਨਹੀਂ ਦੇਖ ਸਕੀ ਤਾਂ ਤੁਹਾਡੀ ਨਜ਼ਰ ਮੇਰੇ ਤੇ ਕਿਵੇਂ ਪਈ। ਇਸ ਦਾ ਮਤਲਬ ਇਹ ਹੋਇਆ ਕਿ ਆਪ ਦਾ ਧਿਆਨ ਪੱਕਾ ਨਹੀਂ ਸੀ ਆਪ ਦੀ ਨਿਮਾਜ਼ ਵਿਚ ਕਜ਼ਾ ਸੀ।"

ਅਗ ਵਾਂਗ ਤਪੇ ਰੇਤ ਸਸੀ ਨੂੰ ਨ ਸੋਚ ਹੋਰ ਕਰਕੇ ਝਰਾਣਾ ਹੈ ਥਲੋਂਚ ਵਾਲਾ ਮਰਦੀ।
ਕੇਹੀ ਹੈ ਪਰੀਤਿ ਸੋਹਣੀ ਕਚਾ ਘੜਾ ਦੇਖ ਕੇ ਠਿੱਲਦੀ ਹੈ।
ਨਦੀ ਵਿਚ ਮਰਨੋਂ ਨਾ ਡਰਦੀ।
ਹੀਰ ਦੇ ਨਿਕਾਹ ਵੇਲੇ ਦੋਜਖਾਂ ਦੇ ਡਰਾਵੇ ਦਿੱਤੇ।
ਹੀਰ ਨੇ ਇਕ ਗੱਲ ਨਾਲ ਸਭ ਦੀ ਨਿਸ਼ਾ ਕਰ ਦਿੱਤੀ।
ਜਿਨ੍ਹਾਂ ਇਕ ਮਹਿਬੂਬ ਤੇ ਜਾਨ ਵਾਰੀ ਤਿਨ੍ਹਾਂ ਦੋਜਖਾਂ ਨਾਲ ਕੀ ਵਾਸ਼ਤਾ ਈ।
ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭੁ ਪਾਇਓ।

ਇਕ ਦਿਨ ਦਸਵੇਂ ਗੁਰੂ ਨੇ ਸਿੱਖਾਂ ਨੂੰ ਹੁਕਮ ਕੀਤਾ ਅੱਜ ਅੱਧੀ ਰਾਤ ਕੜਾਹ ਪ੍ਰਸਾਦਿ ਬਣਾ ਕੇ ਵਰਤਾਇਆ ਜਾਵੇਗਾ, ਅੱਧੀ ਰਾਤ ਵੇਲੇ ਸਭ ਨੇ

ਹਾਜ਼ਿਰ ਹੋਣਾ ਸਰਦੀ ਦਾ ਮੌਸਮ ਸੀ, ਜ਼ੋਰ ਦੀ ਬਾਰਿਸ਼ ਸ਼ੁਰੂ ਹੋ ਗਈ। ਨਾਲ ਠੱਕਾ ਬਹੁਤ ਜ਼ੋਰ ਦਾ ਵਗ ਪਿਆ। ਕੋਈ ਵੀ ਸਿੱਖ ਨਾ ਆਇਆ। ਸਵੇਰੇ ਬਾਰਿਸ਼ ਬੰਦ ਹੋਈ, ਹੌਲੀ-ਹੌਲੀ ਸਿੱਖ ਆਉਣ ਲੱਗੇ, ਸਾਰੇ ਇਕੱਠੇ ਹੋਏ ਤੇ ਆਪ ਜੀ ਨੇ ਸਭ ਨੂੰ ਪੁੱਛਿਆ, "ਅੱਧੀ ਰਾਤ ਸਮੇਂ ਦਿੱਤਾ ਸੀ ਆਪ ਕਿਉਂ ਨਹੀਂ ਆਏ?"

ਸਾਰੇ ਕਹਿਣ ਲੱਗੇ, "ਰਾਤੀ ਤਾਂ ਜੀ ਬਾਰਿਸ਼ ਬਹੁਤ ਜ਼ੋਰ ਦੀ ਸੀ ਆਉਣਾ ਮੁਸ਼ਕਿਲ ਸੀ।"

ਸਤਿਗੁਰੂ ਕਹਿਣ ਲੱਗੇ, "ਸੋਹਣੀ ਦਾ ਸਿਦਕ ਪੱਕਾ ਸੀ ਜਾਂ ਤੁਹਾਡਾ? ਸਾਰੇ ਚੁੱਪ ਰਹੇ ਕੋਈ ਜਵਾਬ ਨਾ ਦੇ ਸਕਿਆ।"

ਮਹਾਰਾਜ ਕਹਿਣ ਲੱਗੇ, "ਸੋਹਣੀ ਰੋਜ਼ ਹਨੇਰੀਆਂ ਰਾਤਾਂ ਮੰਡ ਨੂੰ ਚੀਰਦੀ ਹੋਈ ਝਨਾਂਵ ਨੂੰ ਪਾਰ ਕਰਕੇ ਮਹੀਂਵਾਲ ਨੂੰ ਜਾ ਮਿਲਦੀ ਸੀ।"

ਸਾਰੇ ਸਿਰ ਨੀਵਾਂ ਕਰਕੇ ਬੈਠੇ ਰਹੇ ਕੋਈ ਨਾ ਬੋਲਿਆ। ਦੇਹ ਦਾ ਖਿਆਲ ਇਨ੍ਹਾਂ ਆਸ਼ਕਾਂ ਦਾ ਖ਼ਤਮ ਹੋ ਚੁੱਕਾ ਹੁੰਦਾ ਹੈ। ਤਦੇ ਸਮਸ ਤਬਰੇਜ਼ ਨੇ ਹੱਥੀਂ ਪੁੱਠੀ ਖੱਲ ਲਾਹ ਦਿੱਤੀ ਸੀ। ਮਨਸੂਰ ਨੇ ਸੂਲੀ ਤੇ ਝੂਟੇ ਜਾ ਲਏ ਸਨ। ਮਤੀ ਦਾਸ, ਭਾਈ ਦਿਆਲਾ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਵਰਗੇ ਸੱਚੇ ਆਸ਼ਿਕਾਂ ਨੇ ਹੱਸ ਹੱਸ ਕੇ ਸ਼ਹੀਦੀਆਂ ਪਾਈਆਂ। ਇਨ੍ਹਾਂ ਆਸ਼ਿਕਾਂ ਦੀ ਗੱਲ ਕਹਿਣ ਸੁਣਨ ਤੋਂ ਪਰ੍ਹੇ ਹੈ। ਇਹ ਮੌਤ ਦਾ ਜਾਮ ਪਹਿਲਾਂ ਹੀ ਪੀ ਚੁੱਕੇ ਹੁੰਦੇ ਹਨ। ਇਹ ਰਹਿੰਦੀ ਦੁਨੀਆਂ ਤੱਕ ਅਮਰ ਹੋ ਜਾਂਦੇ ਹਨ।

ਆਸ਼ਿਕ, ਆਸ਼ਕ ਸਭ ਕੋਈ ਆਖੇ। ਟੇਢੀ ਪਗੜੀ ਧਰ ਕੇ,
ਸਿਰ ਤੋਂ ਪਰ੍ਹੇ ਇਸ਼ਕ ਦਾ ਡੇਰਾ ਜਿਥੇ ਬੰਦਾ ਪਹੁੰਚੇ ਮਰ ਕੇ
ਮਾਂ ਸਮਝਾਵੇ ਮੁੜ ਜਾ ਹੀਰੇ ਕਲਾਂ ਜਗਾ ਨਾ ਸੁਤੀਆਂ
ਨਹੀਂ ਤਾਂ ਪੁਠੀ ਖਲ ਲੁਹਾ ਕੇ ਤੇਰਾ ਮਾਸ ਖਲਾਸਾਂ ਕੁਤੀਆਂ।
ਹੱਸ ਕੇ ਅੱਗੋਂ ਹੀਰ ਪਈ ਆਖੇ ਖਲੜੀ ਲਹਿਸੀ ਤਾਂ ਕੀ ਹੋਸੀ?
ਮੇਰਾ ਚਾਕ ਸਵਾਸੀ ਜੁਤੀਆਂ"

ਮੇਰੀ ਖੱਲੋਂ ਮੋਜੜੇ ਗੁਰੂ ਸਿੱਖ ਹੰਢਾਏ ਕੁਬਜਾਂ, ਸੁਦਾਮਾ, ਊਦਵ ਅਰਜਨ, ਬਧਕ, ਕੁੰਚਰ, ਸਦਨਾ ਸੈਨ, ਭੀਲਣੀ, ਭਵੀਖਣ, ਹਨੂੰਮਾਨ, ਭਾਈ ਲਾਲੋ, ਝੰਡਾ ਵਾਢੀ ਨਾਮਦੇਵ, ਕਬੀਰ, ਧੰਨਾ, ਪੀਪਾ, ਰਵਿਦਾਸ ਇਹ ਸਾਰੇ ਪ੍ਰੇਮਾ ਭਗਤੀ ਸੇਵਾ ਕਰਕੇ ਤਰੇ ਹਨ।

ਬੋਲੋ ਭਾਈ ਵਾਹਿਗੁਰੂ॥

ਬਿਨ ਵੈਰਾਗ ਨਾ ਛੂਟਸ ਮਾਇਆ

ਵੈਰਾਗ ਤੋਂ ਬਿਨਾਂ ਮਾਇਆ ਦੇ ਸੰਗਲ ਨਹੀਂ ਟੁੱਟਦੇ। ਜਨਮ-ਮਰਨ ਦਾ ਚੱਕਰ ਨਹੀਂ ਖ਼ਤਮ ਹੁੰਦਾ। ਵੈਰਾਗ ਵੀ ਸ਼ਾਸਤਰ ਕਾਰਾਂ ਨੇ ਤਿੰਨ ਤਰਾਂ ਲਿਖਿਆ ਹੈ।

ਤਰਤੀਬਰ ਵੈਰਾਗ : ਪੂਰਬਲੇ ਸੰਸਕਾਰਾਂ ਦੇ ਅਨੁਸਾਰ ਹੁੰਦਾ ਹੈ। ਜਿਵੇਂ ਗੁਰੂ ਨਾਨਕ ਦੇ ਜੀ ਨੂੰ, ਰਾਮ ਚੰਦਰ ਜੀ ਨੂੰ, ਗੁਰੂ ਤੇਗ ਬਹਾਦਰ ਜੀ ਨੂੰ, ਦਤਾਤਰੇ ਜੀ ਨੂੰ, ਗੋਰਖ ਨਾਥ ਜੀ ਨੂੰ ਸੀ।

ਕਾਰਨ ਵੈਰਾਗ : ਜੈਸੇ ਭਰਥਰੀ ਜੀ, ਧਰੂ ਭਗਤ ਜੀ ਨੂੰ ਹੋਇਆ। ਭਰਥਰੀ ਉਜੈਨ ਦਾ ਬਾਦਸ਼ਾਹ ਸੀ, ਧਰਮਾਤਮਾ ਸੀ। ਇਸ ਦੇ ਰਾਜ ਵਿਚ ਪਰਜਾ ਬਹੁਤ ਸੁਖੀ ਵਸਦੀ ਸੀ, ਇਕ ਰਿਖੀ ਨੇ ਭਰਥਰੀ ਜੀ ਨੂੰ ਅੰਮ੍ਰਿਤ ਫਲ ਦਿੱਤਾ। ਭਰਥਰੀ ਨੇ ਆਪਣੀ ਰਾਣੀ ਪਿੰਗਲਾਂ ਨੂੰ ਦਿੱਤਾ। ਪਿੰਗਲਾਂ ਨਾਲ ਰਾਜੇ ਦਾ ਬਹੁਤ ਪਿਆਰ ਸੀ। ਰਾਣੀ ਦਾ ਅੱਗੇ ਮਹਾਵਤ ਦੇ ਨਾਲ ਪਿਆਰ ਸੀ, ਰਾਣੀ ਨੇ ਆਪ ਨਾ ਖਾਧਾ ਮਹਾਵਤ ਨੂੰ ਦੇ ਦਿੱਤਾ। ਮਹਾਵਤ ਦਾ ਅੱਗੇ ਵੇਸਵਾ ਦੇ ਨਾਲ ਪਿਆਰ ਸੀ ਮਹਾਵਤ ਨੇ ਵੇਸਵਾ ਨੂੰ ਦੇ ਦਿੱਤਾ। ਵੇਸਵਾ ਨੇ ਉਸੇ ਫਲ ਨੂੰ ਧਰਮੀ ਰਾਜਾ ਜਾਣ ਕੇ ਭਰਥਰੀ ਨੂੰ ਦੇ ਦਿੱਤਾ। ਰਾਜਾ ਨੇ ਫਲ ਪਛਾਣ ਕੇ ਵੇਸਵਾ ਨੂੰ ਸਖਤੀ ਨਾਲ ਪੁੱਛਿਆ, "ਸੱਚ ਦੱਸੋ ਇਹ ਫਲ ਕਿੱਥੋਂ ਲਿਆ? ਜੇ ਝੂਠ ਬੋਲੀ ਤਾਂ ਮੌਤ ਦੀ ਸਜ਼ਾ ਦਿੱਤੀ ਜਾਵੇਗੀ।" ਵੇਸਵਾ ਭਰਦੀ ਨੇ ਸੱਚ-ਸੱਚ ਦੱਸ ਦਿੱਤਾ। ਉਸੇ ਵਕਤ ਮਹਾਵਤ ਨੂੰ ਫੜ ਲਿਆ ਉਸੇ ਨੇ ਵੀ ਸੱਚ-ਸੱਚ ਦੱਸ ਦਿੱਤਾ ਕਿ ਆਪ ਦੀ ਰਾਣੀ ਨੇ ਦਿੱਤਾ ਸੀ।

ਰਾਣੀ ਦੇ ਇਹੋ ਜਿਹੇ ਗੰਦੇ ਇਖਲਾਕ ਦਾ ਜਦੋਂ ਰਾਜੇ ਨੂੰ ਪਤਾ ਲੱਗਾ ਤਾਂ ਰਾਜੇ ਦਾ ਦਿਲ ਛਾਣਨੀ-ਛਾਣਨੀ ਹੋ ਗਿਆ। ਸਾਰੇ ਰਾਜੇ ਦੇ ਸੁੱਖ, ਰਿਸ਼ਤੇਦਾਰਾਂ ਦਾ ਪਿਆਰ ਅੰਮ੍ਰਿਤ ਵਰਗਾ ਸੋਮਾਂ ਫੁਲਵਾੜੀ ਦੀ ਤਰਾਂ ਖੁਸ਼ਬੂ ਦੇ ਰਿਹਾ ਸੀ, ਸਾਰਾ ਹੀ ਜ਼ਹਿਰ ਰੂਪ ਹੋ ਗਿਆ, ਹਿਰਦਾ ਕੋਲੇ-ਕੋਲੇ ਹੋ ਗਿਆ। ਰਾਜ ਛੱਡ ਕੇ ਸਾਧੂ ਹੋ ਕੇ ਸਿਮਰਨ ਕੀਤਾ। ਵੈਰਾਗ ਸਤਕ ਗ੍ਰੰਥ ਲਿਖਿਆ ਜਿਸ ਵਿਚ ਦੁਨੀਆਂ ਦੇ ਸੁੱਖ, ਦੁਨੀਆਂ ਦਾ ਪਿਆਰ ਕੁੰਭੀ ਨਰਕ ਲਿਖਿਆ। ਜਦੋਂ ਭਰਥਰੀ ਜੀ ਸਾਧੂ ਹੋ ਗਏ, ਗੋਪੀ ਚੰਦ ਜੀ ਦੀ ਮਾਂ ਮੈਨਾਵੰਤੀ ਨੇ ਗੋਪੀ ਚੰਦ ਨੂੰ ਉਪਦੇਸ਼ ਦਿੱਤਾ, "ਪੁੱਤਰ! ਤੇਰਾ ਮਾਮਾ ਭਰਥਰੀ ਹਰੀ ਸਾਧੂ ਹੋ ਗਿਆ, ਤੂੰ ਵੀ ਸਾਧੂ ਬਣ ਕੇ ਸਿਮਰਨ ਕਰ।" ਗੋਪੀ ਚੰਦ ਜਦੋਂ ਜੋਗੀ ਬਣ ਕੇ ਗਲ ਅਲਫੀ ਪਾ, ਕੰਨ ਵਿਚ ਮੁੰਦਰਾਂ ਪਾ ਕੇ ਹੱਥ ਵਿਚ ਖੱਪਰ ਫੜ ਕੇ ਨਾਦ ਵਜਾ ਕੇ ਆਪਣੇ ਹੀ ਘਰ ਵਿੱਚ ਭਿਖਿਆ ਮੰਗੀ ਤਾਂ ਮਾਂ ਮੋਹ ਵਸ ਹੋ ਕੇ ਰੋਣ ਲੱਗੀ, "ਪੁੱਤਰ ਘਰ ਵਿਚ ਰਹਿ ਕੇ ਹੀ ਘਰ ਦੇ ਸੁੱਖ ਭੋਗੋ, ਇਹ ਫ਼ਕੀਰੀ ਬਹੁਤ ਔਖੀ ਹੈ।" ਇਸ ਕਰਕੇ ਸੰਸਾਰ ਵਿਚ ਸਾਢੇ ਤਿੰਨ ਮਾਵਾਂ ਰਹਿ ਗਈਆਂ ਧਰੂ ਦੀ ਮਾਂ, ਫਰੀਦ ਦੀ ਮਾਂ ਮੰਦਾਲਸਾ, ਰਾਜੇ ਨਿਰਵੋਹ ਦੀ ਮਾਂ ਇਨ੍ਹਾਂ ਤਿੰਨਾਂ ਨੇ ਆਪਣੇ ਪੁੱਤਰਾਂ ਨੂੰ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਇਸ ਕਰਕੇ ਇਹ ਪੂਰੀਆਂ ਮਾਵਾਂ ਹੋਈਆਂ ਹਨ, ਗੋਪੀ ਚੰਦ ਦੀ ਮਾਂ ਅੱਧੀ ਰਹਿ ਗਈ। ਸਾਧੂ ਹੋਣਾਂ ਵੀ ਚੰਗੇ ਖ਼ਾਨਦਾਨ ਵਾਲਿਆਂ ਦਾ ਹੀ ਕੰਮ ਹੈ।

ਮਾੜੇ ਖ਼ੂਨ ਵਾਲੇ ਸਾਧੂ ਨਹੀਂ ਹੋ ਸਕਦੇ, ਯੋਧੇ ਸੂਰਬੀਰ ਵੀ ਪਰਖ ਕਰਨ ਨਾਲ ਹੀ ਪਛਾਣੇ ਜਾਂਦੇ ਹਨ। ਕਰਣ ਪਰਸ ਰਾਮ ਕੋਲੋਂ ਬ੍ਰਾਹਮਣ ਬਣ ਕੇ ਸ਼ਸਤਰ ਵਿਦਿਆ ਸਿੱਖਦਾ ਰਿਹਾ। ਇਕ ਦਿਨ ਕਰਣ ਦੇ ਪੱਟ ਤੇ ਸਿਰ ਰੱਖ ਕੇ ਪਰਸ ਰਾਮ ਸੁੱਤਾ ਪਿਆ ਸੀ। ਸੱਪ ਨੇ ਕਰਣ ਦੇ ਪੈਰ ਤੇ ਡੰਗ ਮਾਰਿਆ ਜਦੋਂ ਪਰਸ ਰਾਮ ਜੀ ਉੱਠੇ ਖ਼ੂਨ ਵਗਦਾ ਦੇਖ ਕੇ ਪੁੱਛਿਆ, "ਇਹ ਖ਼ੂਨ ਕਿਵੇਂ ਵਗ ਰਿਹਾ ਹੈ?" ਕਰਣ ਕਹਿੰਦਾ, "ਮੇਰੇ ਪੈਰ ਦੇ ਅੰਗੂਠੇ ਤੇ ਸੱਪ ਨੇ ਡੰਗ ਮਾਰਿਆ ਸੀ, ਆਪ ਜੀ ਸੁੱਤੇ ਪਏ ਸੀ, ਇਸ ਕਰਕੇ ਮੈਂ ਪੈਰ ਨਹੀਂ ਹਿਲਾਇਆ।" ਪਰਸ ਰਾਮ ਜੀ ਕਹਿਣ ਲੱਗੇ, "ਤੁਸੀਂ ਬ੍ਰਾਹਮਣ ਨਹੀਂ ਹੋ ਬ੍ਰਾਹਮਣ ਵਿਚ ਇੰਨੀ ਸਹਿਣ-ਸ਼ਕਤੀ ਨਹੀਂ ਹੋ ਸਕਦੀ, ਪਰਸ ਰਾਮ ਜੀ

ਕ੍ਰੋਧ ਵਿਚ ਆ ਕੇ ਕਹਿੰਦੇ, "ਸੱਚ ਦੱਸ! ਨਹੀਂ ਤਾਂ ਸਰਾਪ ਦੇ ਦੇਵਾਂਗਾ? ਕਰਣ ਨੇ ਦੱਸ ਦਿੱਤਾ, "ਮੈਂ ਕਰਣ ਹਾਂ ਤੁਸੀਂ ਖੱਤਰੀ ਨੂੰ ਸ਼ਸਤਰ ਵਿਦਿਆ ਨਹੀਂ ਸੀ ਦਸਦੇ ਇਸ ਲਈ ਮੈਂ ਬ੍ਰਾਹਮਣ ਬਣ ਕੇ ਆਇਆ ਸੀ, ਪਰਸ ਰਾਮ ਨੇ ਆਖਿਆ, "ਤੂੰ ਛਲ ਨਾਲ ਵਿਦਿਆ ਸਿੱਖੀ ਹੈ, ਜਦੋਂ ਤੇਰੇ ਵਰਗੇ ਯੋਧੇ ਨਾਲ ਤੇਰਾ ਮੁਕਾਬਲਾ ਹੋਵੇਗਾ, ਤੇਰੇ ਅਸਤਰ ਸ਼ਸਤਰ ਨਿਸਫਲ ਹੋ ਜਾਣਗੇ।" ਜਦੋਂ ਮਹਾਂਭਾਰਤ ਦੇ ਯੁੱਧ ਵਿਚ ਅਰਜਨ ਨਾਲ ਮੁਕਾਬਲਾ ਹੋਇਆ ਤਾਂ ਇਸੇ ਤਰ੍ਹਾਂ ਹੀ ਹੋਇਆ। ਇਸ ਕਰਕੇ ਆਪਣੇ ਗੁਰੂ-ਉਸਤਾਦ ਕੋਲ ਝੂਠ ਨਹੀਂ ਬੋਲਣਾ ਚਾਹੀਦਾ। ਉੱਤਮ ਪੁਰਸ਼ ਆਪਣੇ ਵੱਡਿਆਂ ਦਾ ਆਦਰ ਕਰਦੇ ਹਨ। ਅਰਜਨ ਨੂੰ ਜਦੋਂ ਵੀ ਆਪਣੇ ਬਾਬਾ ਭੀਸ਼ਮ ਨਾਲ, ਦਰੋਣਾਚਾਰੀਆ ਗੁਰੂ ਨਾਲ ਯੁੱਧ ਕਰਨਾ ਪਿਆ ਤਾਂ ਸ਼ਤਰੂ ਹੋਣ ਦੇ ਨਾਲ ਵੀ ਐਸਾ ਸਤਿਕਾਰ ਕਰਦੇ ਰਹੇ, ਇਕ-ਇਕ ਤੀਰ ਦੋਹਾਂ ਦੇ ਚਰਨਾਂ ਵਿਚ ਨਮਸਕਾਰ ਵਜੋਂ ਛੱਡਦੇ ਰਹੇ, ਇਕ-ਇਕ ਤੀਰ ਇਜਾਜ਼ਤ ਲੈਣ ਵਾਸਤੇ ਕੰਨਾਂ ਕੋਲੋਂ ਦੀ ਸਾਂ-ਸਾਂ ਕਰਦਾ ਛੱਡਦੇ ਰਹੇ ਹਨ, ਗੱਦਾਰ ਅਤੇ ਅਕ੍ਰਿਤਘਣ ਆਪਣੇ ਮਾਤਾ-ਪਿਤਾ ਦਾ ਵੀ ਸਤਿਕਾਰ ਨਹੀਂ ਕਰਦੇ। ਜਦੋਂ ਰਾਮ ਚੰਦਰ ਜੀ ਲੰਕਾ ਫਤਹਿ ਕਰਕੇ ਅਯੁੱਧਿਆ ਵਿਖੇ ਆਏ ਤਾਂ ਇਕ ਦਿਨ ਰਾਤ ਦੇ ਸਮੇਂ ਵੀਰ ਯਾਤਰਾ ਕਰ ਰਹੇ ਸਨ। ਇਕ ਧੋਬੀ ਆਪਣੀ ਪਤਨੀ ਨਾਲ ਲੜ ਰਿਹਾ ਸੀ। ਧੋਬਣ ਕਹਿਣ ਲੱਗੀ, "ਸੰਭਾਲ ਨਿਆਣੇ, ਮੈਂ ਚੱਲੀ ਹਾਂ।" ਧੋਬੀ ਕਹਿੰਦਾ, "ਜਾਹ ਇਥੇ ਰਾਮ ਚੰਦਰ ਨਹੀਂ ਜਿਹੜਾ ਨਿਕਲੀ ਹੋਈ ਸੀਤਾ ਨੂੰ ਆਪਣੇ ਘਰ ਵਸਾ ਲਵੇਗਾ।" ਇਹ ਮਿਹਣਾ ਸੁਣ ਕੇ ਆਪਣੀ ਨਿੰਦਾ ਸੁਣ ਕੇ ਲਛਮਣ ਜੀ ਨੂੰ ਹੁਕਮ ਕੀਤਾ ਸਾਡੀ ਲੋਕੀਂ ਨਿੰਦਾ ਕਰਦੇ ਹਨ, ਸੀਤਾ ਨੂੰ ਜੰਗਲ ਵਿਖੇ ਛੱਡ ਕੇ ਮਹਾਰਾਜ ਜੀ ਦਾ ਹੁਕਮ ਸੁਣਾ ਕੇ ਮੁੜ ਆਏ। ਮਾਤਾ ਜੀ ਦਾ ਹਾਲ ਉਸ ਵੇਲੇ ਬਹੁਤ ਹੀ ਦਰਦਨਾਕ ਸੀ।

ਇੱਥੇ ਹੀ ਲਵ-ਕੁਸ਼ ਦਾ ਜਨਮ ਹੋਇਆ। ਜਦੋਂ ਬਾਲਮੀਕ ਜੀ ਨੇ ਸੀਤਾ ਅਤੇ ਰਾਮ ਚੰਦਰ ਜੀ ਦੀ ਸੁਲਹ ਕਰਾ ਦਿੱਤੀ ਮੁੜ ਆਪਣੀ ਰਾਜਧਾਨੀ ਵਿਖੇ ਰਹਿ ਰਹੇ ਸਨ, ਇਕ ਦਿਨ ਹੋਰ ਰਾਣੀਆਂ ਨੇ ਮਾਤਾ ਸੀਤਾ ਜੀ ਨੂੰ ਪੁੱਛਿਆ, "ਰਾਵਣ ਦੀ ਸੂਰਤ ਕਿਹੋ ਜਿਹੀ ਸੀ?" ਸੀਤਾ ਜੀ ਨੇ ਇਕ ਕੰਧ

ਉੱਪਰ ਰਾਵਣ ਦੀ ਫੋਟੋ ਬਣਾ ਦਿੱਤੀ। ਇੰਨੇ ਚਿਰ ਨੂੰ ਭਗਵਾਨ ਰਾਮ ਚੰਦਰ ਜੀ ਆਏ। ਰਾਵਣ ਦੀ ਫੋਟੋ ਦੇਖ ਕੇ ਕਹਿਣ ਲੱਗੇ ਤੇਰੇ ਦਿਲ ਵਿੱਚੋਂ ਅਜੇ ਵੀ ਰਾਵਣ ਦਾ ਪਿਆਰ ਨਹੀਂ ਜਾਂਦਾ, ਇਹ ਗੱਲ ਸੁਣ ਮਾਤਾ ਸੀਤਾ ਜੀ ਧਰਤੀ ਤੇ ਹੱਥ ਮਾਰ ਕੇ ਅਰਦਾਸ ਕੀਤੀ, "ਜੇ ਮੇਰਾ ਸੱਚ ਕਾਇਮ ਹੈ ਤਾਂ ਮੈਨੂੰ ਆਪਣੇ ਵਿਚ ਸਮਾ ਲੈ।" ਮਾਤਾ ਜੀ ਸੱਚ ਮੁਚ ਹੀ ਧਰਤੀ ਵਿਚ ਸਮਾ ਗਏ। ਇਹ ਹੈ ਸੱਚੇ-ਸੁੱਚੇ ਹੋਣ ਦੀ ਨਿਸ਼ਾਨੀ ਲੱਜਿਆ ਵਾਲੇ ਪੁਰਸ਼ ਇੰਨੀ ਗੱਲ ਨਹੀਂ ਸਹਾਰ ਸਕਦੇ, ਆਪਣੇ ਆਪ ਨੂੰ ਖ਼ਤਮ ਕਰ ਜਾਂਦੇ ਹਨ। ਬੇ-ਲੱਜ ਲੋਕਾਂ ਤੇ ਐਸੀ ਗੱਲ ਦਾ ਕੋਈ ਅਸਰ ਨਹੀਂ ਹੁੰਦਾ, ਢੀਠ ਬਣਾ ਕੇ ਦਿਨ ਕੱਟ ਜਾਂਦੇ ਹਨ।

ਬੋਲੋ ਭਾਈ ਵਾਹਿਗੁਰੂ!

ਮੱਧਮ ਵੈਰਾਗ

ਚੋਰੀ ਕਰਕੇ, ਡਾਕੇ ਮਾਰਕੇ, ਕਤਲ ਕਰਕੇ, ਮੌਤ ਦੀ ਸਜ਼ਾ ਤੋਂ ਡਰਦੇ ਸਾਧੂ ਹੋ ਜਾਂਦੇ ਹਨ, ਇਹ ਹੈ ਮੱਧਮ ਵੈਰਾਗ ਚੰਗੀ ਮਾੜੀ ਦਿਮਾਗੀ ਸ਼ਕਤੀ ਪਿਛਲੇ ਪੂਰਬਲੇ ਕਰਮਾਂ ਦੇ ਅਨੁਸਾਰ ਹੀ ਹੋਇਆ ਕਰਦੀ ਹੈ।

ਜਿਨ੍ਹਾਂ ਵਿਚ ਦੈਵੀ ਗੁਣ ਹੁੰਦੇ ਹਨ, ਐਸੇ ਪੁਰਖ ਸਵਰਗਾਂ ਦੇ ਸੁਖ ਭੋਗ ਕੇ ਮਾਤ-ਲੋਕ ਤੋਂ ਆਏ ਹੁੰਦੇ ਹਨ। ਇਹ ਖੂਬਸੂਰਤ ਵੀ ਹੁੰਦੇ ਹਨ, ਦਇਆਵਾਨ ਵੀ ਹੁੰਦੇ ਹਨ, ਜਿਹੜੇ ਨਰਕਾਂ ਦੀ ਸਜ਼ਾ ਭੋਗ ਕੇ ਮਾਤ-ਲੋਕ ਵਿਚ ਆਉਂਦੇ ਹਨ, ਉਨ੍ਹਾਂ ਦੀ ਮੱਤ ਮੈਲੀ ਅਤੇ ਰਾਖਸ਼ਾਂ ਵਰਗੀ ਹੋਇਆ ਕਰਦੀ ਹੈ, ਨੀਚ ਕੁੱਲਾਂ ਵਿਚ ਹੀ ਉਨ੍ਹਾਂ ਦਾ ਜਨਮ ਹੋਇਆ ਕਰਦਾ ਹੈ। ਰੂਪ ਵੀ ਉਨ੍ਹਾਂ ਦਾ ਬਹੁਤ ਕੋਝਾ ਹੋਇਆ ਕਰਦਾ ਹੈ। ਡਰਾਉਣੀਆਂ ਸ਼ਕਲਾਂ ਹੋਇਆ ਕਰਦੀਆਂ ਹਨ, ਦਇਆ ਧਰਮ ਇਨ੍ਹਾਂ ਵਿਚ ਨਹੀਂ ਹੁੰਦਾ, ਹਰ ਇਕ ਜੀਵ ਨੂੰ ਮਾਰ ਕੇ ਖਾ ਜਾਂਦੇ ਹਨ। ਇਕ ਬੰਦੇ ਦੇ ਚਾਰ ਪੁੱਤਰ ਸਨ, ਚਾਰੇ ਹੀ ਨੰਬਰਦਾਰੀ ਚਾਹੁੰਦੇ ਸਨ, ਅਦਾਲਤ ਨੇ ਸ਼ਰਤ ਰੱਖ ਦਿੱਤੀ ਚਾਰਾਂ ਨੂੰ ਖਾਣਾ ਬਣਾ ਕੇ ਦਿੱਤਾ ਜਾਵੇਗਾ। ਖਾਣੇ ਦੀ ਪਰਖ ਪੂਰੀ ਜਿਹੜਾ ਦੱਸੇਗਾ ਉਸ ਨੂੰ

ਨੰਬਰਦਾਰੀ ਦਿੱਤੀ ਜਾਵੇਗੀ। ਚਾਰੇ ਤਰਾਂ ਦੇ ਖਾਣੇ ਬਣਾ ਕੇ ਲਿਆਂਦੇ ਗਏ, ਮਾਸ ਵਾਲੇ ਨੇ ਮਾਸ ਖਾ ਕੇ ਦੱਸਿਆ ਇਸ ਬੱਕਰੇ ਨੇ ਕੁੱਤੀ ਦਾ ਦੁੱਧ ਚੁੰਘਿਆ ਹੋਵੇਗਾ, ਖੀਰ ਵਾਲੇ ਨੇ ਦੱਸਿਆ ਭੇਡਾਂ ਦੇ ਦੁੱਧ ਵਿਚ ਖੀਰ ਬਣੀ ਹੋਵੇਗੀ, ਸ਼ਰਾਬ ਵਾਲੇ ਨੇ ਦੱਸਿਆ ਸ਼ਰਾਬ ਸਿਵੇ ਦੀ ਅੱਗ ਨਾਲ ਕੱਢੀ ਹੋਈ ਹੈ, ਚੌਥੇ ਨੇ ਖਾਣ ਤੋਂ ਬਿਨਾਂ ਹੀ ਦੱਸ ਦਿੱਤਾ, ਉਸ ਨੂੰ ਨੰਬਰਦਾਰੀ ਦਿੱਤੀ ਗਈ।


ਬਿਕਰਮਾ ਜੀਤ ਦੇ ਸਮੇਂ ਦੀ ਗੱਲ ਹੈ ਚਾਰ ਲੜਕੀਆਂ ਇਕ ਰਾਜਕੁਮਾਰ ਨਾਲ ਵਿਆਹ ਕਰਵਾਉਣਾ ਚਾਹੁੰਦੀਆਂ ਸਨ। ਰਾਜਕੁਮਾਰ ਵਲੋਂ ਸ਼ਰਤ ਰੱਖੀ ਗਈ ਜਿਹੜੀ ਦੇਖ ਕੇ ਜਾਤ ਦੱਸ ਦੇਵੇਗੀ, ਉਸ ਨਾਲ ਸ਼ਾਦੀ ਕਰਾਵਾਂਗਾ। ਬਹੁਤ ਸਾਰੇ ਮਰਦ ਔਰਤ ਇਕੱਠੇ ਕੀਤੇ ਗਏ। ਇਕ ਨੇ ਸਭ ਜਾਤਾਂ ਦੇਖ ਕੇ ਦੱਸ ਦਿੱਤੀਆਂ ਇਹ ਹੈ ਪਵਿੱਤਰ ਆਤਮਾ ਦੇ ਗੁਣ।

ਜਦੋਂ ਪਾਂਡਵ ਵਿਰਾਟ ਨਗਰ ਵਿਖੇ ਗਏ। ਦਰੋਪਤੀ ਵੀ ਨਾਲ ਸੀ ਸੁਦੇਸ਼ਨਾ ਰਾਣੀ ਨੇ ਕੋਲ ਬੁਲਾ ਕੇ ਪੁੱਛਿਆ, "ਭੁਸੀਂ ਕੌਣ ਹੋ?" ਦਰੋਪਤੀ ਨੇ ਕਿਹਾ, "ਮੈਂ ਸੁਰੈਦਰੀ ਦਰੋਪਤੀ ਦੀ ਦਾਸੀ ਹਾਂ, ਉਹ ਬਣ ਵਿਚ ਚਲੇ ਗਏ, ਮੈਂ ਕੁੱਝ ਸਮਾਂ ਆਪ ਕੋਲ ਰਹਿਣ ਆਈ ਹਾਂ।" ਨਾਲ ਸ਼ਰਤ ਇਹ ਹੈ ਕਿ ਮੈਂ ਕਿਸੇ ਦੇ ਪੈਰ ਨਹੀਂ ਧੋਵਾਂਗੀ, ਜੂਠੇ ਭਾਂਡੇ ਨਹੀਂ ਮਾਂਜਾਗੀ, ਮੇਰੇ ਪੰਜ ਪਤੀ ਗੰਧਰਵ ਹਨ, ਜੋ ਕੋਈ ਮੇਰੇ ਵੱਲ ਭੈੜੀਆਂ ਨਜ਼ਰਾਂ ਨਾਲ ਤੱਕੇਗਾ ਉਸ ਨੂੰ ਉਹ ਮਾਰ ਦੇਣਗੇ। ਇਹ ਹੈ, ਚੰਗੇ ਖਾਨਦਾਨ ਦੀ ਨਿਸ਼ਾਨੀ। ਨੀਚ ਪੁਰਸ਼ਾਂ ਨੂੰ ਕੋਈ ਵਾਧਾ ਘਾਟਾ ਨਹੀਂ ਹੋਇਆ ਕਰਦਾ। ਥੋੜ੍ਹੇ ਹੀ ਲੋਭ ਪਿਛੇ ਆਪਣਾ ਧਰਮ ਛੱਡ ਜਾਂਦੇ ਹਨ, ਆਪਣੀ ਮਿਸਲ ਨਹੀਂ ਦੇਖਦੇ। ਨੀਚ ਪੁਰਸ਼ਾਂ ਨਾਲ ਬੈਠ ਕੇ ਖਾਣ ਲੱਗ ਜਾਂਦੇ ਹਨ।

ਧਰਮੀ ਲੋਕ ਹੀ ਮੁਲਕ ਦੀ ਅਤੇ ਆਪਣੀ ਰਾਖੀ ਕਰ ਸਕਦੇ ਹਨ, ਅਧਰਮੀ ਪੁਰਸ਼ ਨਹੀਂ ਕਰ ਸਕਦੇ।

ਬੋਲੋ ਭਾਈ ਵਾਹਿਗੁਰੂ॥

•••••



ਨੂਰੀ ਕਿਰਨਾਂ